ਪੰਜਾਬੀ ਬੋਲੀ ਤੇ ਪੰਜਾਬੀਅਤ ਨੂੰ ਸਮਰਪਿਤ

# ਵਾਹਗਾ

*ਸੰਪਾਦਕ :*
ਚਰਨਜੀਤ ਸੋਹਲ
ਸੁਖਚੈਨ ਢਿੱਲੋਂ

'
ਬੁੱਧੀਜੀਵੀ ਚੰਗੇ ਕ੍ਰਾਂਤੀਕਾਰੀ
ਨਹੀਂ ਬਣ ਸਕਦੇ
ਬੁੱਧੀਜੀਵੀ ਸਿਰਫ਼ ਕਤਲ ਹੀ
ਕਰ ਸਕਦੇ ਹਨ।

*-ਸਾਰਤਰ*
'

ਅਕਤੂਬਰ-ਦਸੰਬਰ 2017 • ਮੁੱਲ : 80/-

# ਵਾਹਗਾ 6

ਈ-ਮੇਲ : **wahga2015@gmail.com**

*ਸੰਪਾਦਕ*
**ਚਰਨਜੀਤ ਸੋਹਲ**
7, ਐੱਸ.ਸੀ.ਐੱਫ਼, ਰਣਜੀਤ ਐਵੀਨਿਊ
ਸੀ-ਬਲਾਕ ਮਾਰਕੀਟ, ਅਮ੍ਰਿਤਸਰ-143001
ਮੋਬਾ : (+91) 78374-12401
ਈ-ਮੇਲ : charanjit.sohal@yahoo.com

**ਸੁਖਚੈਨ ਢਿੱਲੋਂ**
62, Ashbrook Way, BRAMPTON
ON, L6Y 4R4, CANADA
Mob : +1-647-774-1870

*

ਇੰਗਲੈਂਡ ਵਿਚ ਸੰਪਰਕ :
**ਐੱਸ. ਬਲਵੰਤ**
Mob : +44 7448 441008

*

**ਖ਼ਤ ਪੱਤਰ**
7, ਐੱਸ.ਸੀ.ਐੱਫ਼, ਰਣਜੀਤ ਐਵੀਨਿਊ
ਅਮ੍ਰਿਤਸਰ-143001

*

**ਮੁੱਲ** : ਡਾਕ ਰਾਹੀਂ : 500 ਰੁਪਏ
5000 ਰੁਪਏ (ਜੀਵਨ ਸਾਥ)

*

**ਵਿਦੇਸ਼** : 20 ਡਾਲਰ * 500 ਡਾਲਰ (ਜੀਵਨ ਸਾਥ)

'ਵਾਹਗਾ' ਦਾ ਬੈਂਕ ਅਕਾਊਂਟ :
WAHGA
Bank : HDFC Bank
Account No. : 50200016152542
IFS Code : HDFC0001407
Branch : Central One Mall, Old Jail Road
Opp. Distt Shopping Complex
Ranjit Avenue, Amritsar

*

**ਪ੍ਰਕਾਸ਼ਕ** : ਚਰਨਜੀਤ ਸੋਹਲ

*

ਰੂਪ ਸੱਜਾ : **ਮਨਤੇਜ ਗ੍ਰਾਫ਼ਿਕਸ**, ਅਮ੍ਰਿਤਸਰ
ਮੋਬਾ : 98781-77812

*

ਛਾਪਕ : **ਪ੍ਰਿੰਟਵੈੱਲ**, ਅਮ੍ਰਿਤਸਰ

*ਕਾਰਜਕਾਰੀ ਸੰਪਾਦਕ*
**ਤੇਜਿੰਦਰ ਬਾਵਾ**
ਮੋਬਾ : 98781-77812

**ਸਹਿਯੋਗੀ ਸੰਪਾਦਕ**
ਤੇਜਵੰਤ ਸਿੰਘ ਗਿੱਲ
ਸਤ੍ਯਪਾਲ ਗੌਤਮ
ਭਗਵਾਨ ਜੋਸ਼
ਪਰਮਿੰਦਰ ਸਿੰਘ
ਕੇਵਲ ਧਾਲੀਵਾਲ
ਸਤਿੰਦਰ ਔਲਖ
ਪਰਮਜੀਤ ਜੱਜ
ਬਲਬੀਰ ਮਾਧੋਪੁਰੀ
ਜਤਿੰਦਰ ਸਿੰਘ
ਮੋਨੀਕਾ ਕੁਮਾਰ
ਨਵਸ਼ਰਨ
ਅਤੁਲ ਸੂਦ
ਬਲਰਾਜ ਧਾਰੀਵਾਲ
ਅਮਨਪ੍ਰੀਤ ਗਿੱਲ
ਹਰਵਿੰਦਰ ਸਿੰਘ
ਸੁਖਪਾਲ
ਸਵਰਾਜਬੀਰ

•

**ਕਲਾ** : ਸੰਦੀਪ ਸਿੰਘ • ਹਰਦੀਪ • ਮੰਨੂੰ

**ਕਾਨੂੰਨੀ ਸਲਾਹਕਾਰ** :
ਡਾ. ਸੁਸ਼ੀਲ ਬਲਵਾਦਾ

•

'ਵਾਹਗਾ' ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਕੋਈ ਵੀ ਕਾਨੂੰਨੀ ਕਾਰਵਾਈ ਅਮ੍ਰਿਤਸਰ ਦੀ ਅਦਾਲਤ ਵਿਚ ਹੀ ਹੋਵੇਗੀ।

**Wahga is an international peer-reviewed research journal.**

ਸੰਪਾਦਕ ਚਰਨਜੀਤ ਸੋਹਲ ਦੀਆਂ ਘਰੇਲੂ ਜ਼ਿੰਮੇਵਾਰੀਆਂ ਕਰਕੇ
ਪਰਚਾ ਲੇਟ ਹੋ ਗਿਆ। ਖ਼ਿਮਾ ਦੇ ਜਾਚਕ ਹਾਂ।

# *ਤਰਤੀਬ*


*ਕਵਿਤਾਵਾਂ :*
ਅਹਿਮਦ ਸਲੀਮ / 4 • ਮ੍ਰਿਤਯੁੰਜਯ ਅਵਸਥੀ / 28 • ਪ੍ਰਦੀਪ ਬੋਸ / 69
ਸਿਧਾਰਥ / 75 • ਮੋਹਨਜੀਤ / 78 • ਸੁਖਪਾਲ / 100
ਭੁਪਿੰਦਰ ਕੌਰ ਪ੍ਰੀਤ / 112 • ਸਤਿੰਦਰ/ 158

11 *ਲਾਮ ਕਲਾਮ*
ਵੈਨੀਸਾ ਗ਼ੈਬੀ, ਅਮਰਜੀਤ ਚੰਦਨ, ਮ੍ਰਿਤਯੁੰਜਯ ਅਵਸਥੀ, ਅਮਰਜੀਤ ਕਸਕ, ਭੁਪਿੰਦਰ ਕੌਰ ਪ੍ਰੀਤ, ਤੇਜਨਜਿਨ ਸੁੰਦੂ, ਵਿਸਲਾਵਾ ਸੰਜੀਬੋਰਸਕਾ, ਸਰਾਮ-ਅੱਲ-ਮਾਸਰੀ, ਵਲਿਅਮ ਮਾਰ, ਗੁਲਜ਼ਾਰ, ਨਿਦਾ ਫ਼ਾਜ਼ਲੀ, ਨਰੇਸ਼ ਸਕਸੇਨਾ

19 ਹਾਲ ਮੁਰੀਦਾਂ ਦਾ : ਪੰਚਕੂਲਾ ਤੋਂ ਦਿਸਦਾ ਪੰਜਾਬ
*ਸੁਮੇਲ ਸਿੰਘ*

25 ਕਯਾ ਮਲਤਬ *-ਅਮਰਜੀਤ ਚੰਦਨ*

29 ਸਵੈ-ਬਿਰਬਾਂਤ : ਚੰਡੀਗੜ੍ਹ : ਦਿਨ-ਪ੍ਰਤੀਦਿਨ-1
*-ਗੁਰਬਚਨ*

42 ਡਾਇਰੀ : ਰੋਜ਼ ਵਾਲੀ ਔਰਤ
*-ਸਪਨਾ ਚਮੜੀਆ, ਅਨੁ : ਨੀਤੂ ਅਰੋੜਾ*

46 ਪਿਛਲਝਾਤ : ਕੁੜੀ ਮੁੰਡੇ ਨਾਲੋਂ ਸੋਹਣੀ ਐ
*-ਜਿੰਦਰ*

61 ਰੂਸੀ ਇਨਕਲਾਬ : ਪਰਖ, ਪੜਚੋਲ ਤੇ ਮੁੱਲ ਮੁਲਾਂਕਣ
*-ਤੇਜਵੰਤ ਸਿੰਘ ਗਿੱਲ*

70 ਪੰਜਾਬੀ ਸਿਨੇਮਾ ਦਾ ਇਨਸਾਈਕਲੋਪੀਡੀਆ
*-ਬਲਬੀਰ ਸਿੰਘ ਕੰਵਲ*

72 ਵਾਹਗਾ : ਪੰਜਾਬੀ ਚਿੰਤਨ ਅਤੇ ਕਾਵਿ-ਸ਼ਾਸਤਰੀ ਪਰੰਪਰਾ
*-ਅਮਰਜੀਤ ਸਿੰਘ*

82 ਸਮਿਆਂ ਦੀ ਵੀਣੀ 'ਤੇ ਲਾਲ ਧਾਗਾ ਬੰਨ੍ਹਣ ਦਾ ਯਤਨ
*-ਸਵਰਾਜਬੀਰ*

86 ਕਹਾਣੀ : ਯਾਦਾਂ ਦਾ ਵੱਗ
*-ਜ਼ੁਬੈਰ ਅਹਿਮਦ*

91 ਮੁਲਾਕਾਤ : ਮੈਂ ਆਪਣੇ ਆਪ ਨਾਲ ਨਹੀਂ ਲੜਦਾ –ਪਰਮਿੰਦਰ ਸੋਢੀ
*-ਮੁਲਾਕਾਤੀ : ਦਰਸ਼ਨ ਦਰਵੇਸ਼*

114 ਕਿਤਾਬਾਂ *-ਐੱਸ. ਬਲਵੰਤ*

120 ਪੰਜਾਬੀ ਸਾਹਿਤਕਾਰੀ : ਮੰਤਵਹੀਣਤਾ ਦਾ ਸੰਕਟ ਤੇ ਮੇਰਾ ਲਿਖਣ ਮੰਤਵ
*-ਬਲਬੀਰ ਮਾਧੋਪੁਰੀ*

124 ਕਹਾਣੀ : ਪ੍ਰਸ਼ਨ ਚਿੰਨ੍ਹ
*-ਸਰਵਣ ਮਿਨਹਾਸ*

131 ਸ਼ਬਦ ਚਿੱਤਰ : ਸਾਗਰ ਦਾ ਸੁੱਚਾ ਮੋਤੀ
*-ਭੋਲਾ ਸਿੰਘ ਸੰਘੇੜਾ*

147 ਇਕ ਪਾਤਰੀ ਨਾਟਕ : ਕਦੋਂ ਤਕ
*-ਸ਼ਿਆਮ ਸੁੰਦਰ ਦੀਪਤੀ*

156 ਨਾਲੀ ਵਗਦੀ ਭਲੀ, ਮਨ ਠਹਿਰਿਆ ਭਲਾ
*-ਮੋਨੀਕਾ ਕੁਮਾਰ*

160 ਪਾਕਿਸਤਾਨੀ ਕਹਾਣੀ : ਕਾਇਮ ਦੀਨ
*-ਅਲੀ ਅਕਬਰ ਨਾਤਿਕ*

168 ਮੀਨਮੇਖ.ਕਾੱਮ : ਰਾਵਣ ਦਾ ਸ਼ਹੀਦੀ ਦਿਹਾੜਾ
*-ਰਮਨ*

170 ਪੁਸਤਕ ਪੜਚੋਲ :
ਜਿਉਣ ਲਈ ਜ਼ਿੰਦਗੀ ਦੇ ਗਲ ਵਿਚ ਪਟਾ ਪਾਉਣਾ ਪੈਂਦਾ ਹੈ
*-ਭਗਵਾਨ ਜੋਸ਼*

176 ਸਿਨੇਮਾ : ਸੈਂਸਰ ਬੋਰਡ ਦਾ ਤਰਕ ਤੇ ਵਿਤਰਕ
*-ਜਤਿੰਦਰ ਸਿੰਘ*

179 ਪ੍ਰਤੀਕਰਮ : 'ਪੰਜਾਬ' ਦੇ ਉਜਾੜੇ ਬਾਰੇ ਮੇਰੀ ਕਹਾਣੀ...
*-ਪ੍ਰੇਮ ਪ੍ਰਕਾਸ਼*

182 ਪ੍ਰਤੀਕਰਮ : ਕਵਿਤਾ ਦੀ ਅਰਦਾਸ
*-ਸੁਖਦੇਵ ਸਿੱਧੂ*


**ਸਰਵਰਕ ਤਸਵੀਰ :**

ਲੰਡਨ ਦੀ 'ਮਾਰਕਸ ਮੈਮੋਰੀਅਲ ਲਾਇਬ੍ਰੇਰੀ' ਦੀ ਪਹਿਲੀ ਮੰਜ਼ਲ 'ਤੇ ਬਣੇ ਕੰਧ-ਚਿਤਰ ਦੇ ਇਕ ਹਿੱਸੇ ਦੀ ਫੋਟੋ ਹੈ। ਡੀਗੋ ਰਿਵੈਰਾ ਦੇ ਚੇਲੇ *ਵਿਸਕਾਊਂਟ ਹੇਸਟਿੰਗਜ਼* ਨੇ ਇਹ ਕੰਧ-ਚਿਤ੍ਰ "ਅਜੋਕੇ ਯੁੱਗ ਦੀਆਂ ਆਰਥਿਕ ਉਲਝਣਾਂ ਸੁਲਝਾਉਂਦੇ, ਆਉਂਦੇ ਸਮਿਆਂ ਦੇ ਕਾਮੇ" 1934 'ਚ ਬਣਾਇਆ। ਮਾਰਕਸ ਮੈਮੋਰੀਅਲ ਲਾਇਬ੍ਰੇਰੀ ਬਰਤਾਨਵੀ ਕਾਮਿਆਂ ਦੀ ਜੱਦੋਜ਼ਹਿਦ ਦਾ ਮਰਕਜ਼ ਰਹੀ ਹੈ ਅਤੇ 1902-03 ਵਿਚ ਜਲਾਵਤਨੀ ਵੇਲੇ ਲੈਨਿਨ ਏਥੇ ਰਹਿੰਦਾ ਰਿਹਾ ਹੈ।

ਸਰਵਰਕ ਉਪਰਲੀਆਂ ਸਤਰਾਂ : *ਪ੍ਰੋ.ਫ਼ੈਸਰ ਮੋਹਨ ਸਿੰਘ (ਜੈ ਮੀਰ 'ਚੋਂ)*

ਟਾਈਟਲ ਫ਼ੋਟੋ : *ਅਮਰਜੀਤ ਚੰਦਨ*

# ਅਹਿਮਦ ਸਲੀਮ
ਦੀਆਂ ਚਾਰ ਕਵਿਤਾਵਾਂ



## ਸਜ਼ਾ

ਸਾਡੀ ਦੋਸਤੀ ਦੀ ਲਾਸ਼
ਦੋ ਦੇਸਾਂ ਦੀ ਸਰਹੱਦ 'ਤੇ ਨੰਗਾ ਨਾਚ ਨੱਚਦੀ ਪਈ
ਏਸ ਲਾਸ਼ ਦਾ ਸੋਨੇਵੰਨਾ ਪਿੰਡਾ
ਸੈਂਸਰ ਦੀਆਂ ਭੁੱਖੀਆਂ ਨਜ਼ਰਾਂ ਨਾਲ਼ ਵਿੰਨ੍ਹਿਆ ਜਾ ਰਿਹੈ

ਹਵਾ ਦੇ ਵੈਣ
ਏਧਰ ਓਧਰ ਕੁਰਲਾ ਰਹੇ
ਤੇ ਕੋਈ ਚੀਖ ਹਵਾ ਦੇ ਹੋਠਾਂ ਤੋਂ ਤਿਲ੍ਹਕ ਤਿਲ੍ਹਕ ਪੈਂਦੀ

ਤੂੰ ਲਿਖਿਆ ਸੀ: 'ਮੈਂ ਤੁਹਾਡੀ ਅਪਣੀ'
ਮੈਂ ਲਿਖਿਆ ਸੀ: 'ਤੂੰ ਮੇਰਾ ਚੰਨ'

ਤੇ ਧਰਮ ਉਹ ਪਾਲਤੂ ਜਾਨਵਰ
ਜਿਹੜਾ ਲੁਟੇਰਿਆਂ ਦੇ ਘਰ ਦੀ ਰਾਖੀ ਕਰਦਾ
ਤੇ ਪਿਆਰ ਕਰਨ ਵਾਲ਼ਿਆਂ ਦੇ ਜਿਸਮਾਂ 'ਤੇ ਪਲ਼ਦਾ

ਅੱਧਾ ਪੰਜਾਬ
ਮੇਰੀਆਂ ਅੱਖਾਂ ਵਿਚ ਰੋਂਦਾ
ਅੱਧਾ ਪੰਜਾਬ

ਤੇਰੇ ਹੋਠਾਂ 'ਤੇ ਵਿਲਕਦਾ
ਤੇ ਹੰਝੂ ਗੀਤਾਂ ਵਿਚ ਵਿਚਰਦੇ
ਤੇ ਗੀਤ ਹੰਝੂ ਬਣਦੇ

ਇਹ ਖ਼ਤ ਇਕ ਸਜ਼ਾ ਮੇਰੇ ਅਣਕੀਤੇ ਗੁਨਾਹਾਂ ਦੀ
ਨਹੀਂ, ਐਹ ਖ਼ਤ ਮੇਰਾ ਅਸਲੋਂ ਨਵਾਂ ਗੁਨਾਹ
ਜਿਹਦੀ ਸਜ਼ਾ ਤੂੰ ਭੁਗਤ ਰਹੀ
ਕਿ ਸਾਡੇ ਸਮਾਜ ਵਿਚ ਮਰਦ ਦੇ ਹਰ ਗੁਨਾਹ ਦੀ ਸਜ਼ਾ
ਸਿਰਫ਼ ਔਰਤ ਭੁਗਤਦੀ ਏ

## ਅਮ੍ਰਿਤਸਰ

ਜ਼ਿੰਦਗੀ ਔਰਤ 'ਤੇ ਗਈ ਏ
ਤੇ ਔਰਤ ਦੀ ਤਸ਼ਰੀਹ ਲਫ਼ਜ਼ਾਂ ਤੋਂ ਨਹੀਂ
ਜ਼ਖ਼ਮਾਂ ਤੋਂ ਹੁੰਦੀ ਏ

ਔਰਤ ਜ਼ਮੀਨ 'ਤੇ ਗਈ ਏ
ਤੇ ਜ਼ਮੀਨ ਦੀ ਤਸ਼ਰੀਹ ਝੰਡਿਆਂ ਤੋਂ ਨਹੀਂ
ਕਰੋੜਾਂ ਬੂਟਾਂ ਦੇ ਭਾਰ ਤੋਂ ਹੁੰਦੀ ਏ
ਤੇ ਖ਼ੂਨ ਦੀ ਓਸ ਲਕੀਰ ਤੋਂ
ਜਿਹੜੀ ਉਹਨੂੰ ਟੋਟਿਆਂ ਵਿਚ ਵੰਡ ਦਿੰਦੀ

ਜ਼ਮੀਨ ਦਾ ਇਕ ਟੋਟਾ
ਮੇਰੇ ਦਿਲ ਵਿਚ ਵੀ ਸੀ
ਪਰ ਮੇਰਾ ਹੱਥ ਉਹਦੇ ਤਕ ਨਹੀਂ ਸੀ ਪਹੁੰਚਦਾ

ਸਰਹੱਦਾਂ 'ਤੇ ਪਹਿਰਾ ਦਿੰਦੇ ਸਿਪਾਹੀ ਦੀ ਸੰਗੀਨ ਆਖਦੀ ਏ
ਤੇਰਾ ਰਿਸ਼ਤਾ ਏਥੋਂ ਤੀਕ ਸੀ
ਅਗਲਾ ਕ਼ਦਮ ਮੌਤ ਦੀ ਵਾਦੀ ਦਾ ਹੋਵੇਗਾ

ਸਰਚਲਾਈਟਾਂ ਦੀ ਤੇਜ਼ ਰੋਸ਼ਨੀ ਵਿਚ
ਗੋਲ਼ੀਆਂ ਮੈਨੂੰ ਵਿੰਨ੍ਹ ਗਈਆਂ
ਮੈਂ ਡਿਗਦਿਆਂ ਕੰਡਿਆਲ਼ੇ ਤਾਰਾਂ ਦੇ ਓਸ ਪਾਰ ਵੇਖਿਆ –
ਇਕ ਹੋਰ ਸੰਗੀਨ ਦੀ ਨੋਕ 'ਤੇ
ਮੇਰਾ ਜਿਸਮ ਟੰਗਿਆ ਸੀ
ਲਹੂ ਦੀ ਲਕੀਰ ਸਾਨੂੰ ਵੱਖ ਕਰਦੀ ਪਈ ਸੀ
ਤੇ ਸਾਡੇ ਸਿਰਾਂ 'ਤੇ ਦੋ ਪਰਚਮ ਲਹਿਰਾ ਰਹੇ ਸਨ

## ਮਾਂ ਨੀ ਮਾਂ

ਮਾਂ ਨੀ ਮਾਂ
ਮੁੜ ਪੁੱਤਰਾਂ ਰਾਣੀ ਮਾਂ ਦੇ ਮਹਿਲ ਉਜਾੜੇ

ਮਾਂ ਨੀ ਮਾਂ
ਮੁੜ ਵੀਰਾਂ ਅਪਣੇ ਵੀਰਾਂ ਦੇ ਸਿਰ ਪਾੜੇ

ਮਾਂ ਨੀ ਮਾਂ
ਮੁੜ ਸਾਡਾ ਵਿਹੜਾ ਮਾਂ ਜਾਇਆਂ ਨੂੰ ਸਹਿਕੇ

ਮਾਂ ਨੀ ਮਾਂ
ਮੁੜ ਸਾਡੇ ਬਾਗੀਂ ਹੰਝੂਆਂ ਦੇ ਫੁੱਲ ਮਹਿਕੇ

ਮਾਂ ਨੀ ਮਾਂ
ਮੁੜ ਮੇਰੀ ਚੁੰਨੀ ਹੋ ਗਈ ਲੀਰਾਂ ਲੀਰਾਂ

ਮਾਂ ਨੀ ਮਾਂ
ਅੱਜ ਰਾਂਝਿਆਂ ਆਪੇ ਘੇਰ ਕੇ ਲੁੱਟੀਆਂ ਹੀਰਾਂ

ਮਾਂ ਨੀ ਮਾਂ
ਅਣਹੋਣੀ ਅੱਜ ਮੁੜ ਹੋਣੀ ਬਣਦੀ ਜਾਵੇ

ਮਾਂ ਨੀ ਮਾਂ
ਅੱਜ ਕਿਹੜਾ ਸਾਡੇ ਦੁੱਖ ਨੂੰ ਹਾਵੀਂ ਲਾਵੇ

ਮਾਂ ਨੀ ਮਾਂ
ਮੁੜ ਗੱਭਰੂ ਫਿਰਦੇ ਪਾ ਕੇ ਭੈੜੀ ਵਰਦੀ

ਮਾਂ ਨੀ ਮਾਂ
ਮੁੜ ਖ਼ਲਕਤ ਸਾਰੀ ਜੰਗਾਂ ਦੀ ਗੱਲ ਕਰਦੀ

ਮਾਂ ਨੀ ਮਾਂ
ਮੁੜ ਰੋਣ ਚੁਬਾਰੇ ਚੀਕਣ ਢਾਰੇ ਗਲ਼ੀਆਂ

ਮਾਂ ਨੀ ਮਾਂ
ਨਫ਼ਰਤ ਦੀਆਂ ਕੰਧਾਂ ਅਸਮਾਨਾਂ ਸੰਗ ਰਲ਼ੀਆਂ

ਮਾਂ ਨੀ ਮਾਂ
ਐਹ ਵੈਰੀ ਕੰਧਾਂ ਦਸ ਨੀ ਦਸ ਕਦ ਢਹਿਸਣ

ਮਾਂ ਨੀ ਮਾਂ
ਕਿਸ ਪਾਕ ਦਿਹਾੜੇ ਵਿਛੜੇ ਰਲ਼ਕੇ ਬਹਿਸਣ ਵ

ਅਹਿਮਦ ਸਲੀਮ, ਲੰਦਨ 2009.



ਫ਼ੋਟੋਕਾਰ : ਅਮਰਜੀਤ ਚੰਦਨ

1914–1918 ਦੀ ਪਹਿਲੀ ਵੱਡੀ ਲਾਮ ਵਿਚ 60 ਹਜ਼ਾਰ ਤੋਂ ਵੱਧ ਪੰਜਾਬੀ (ਸਿੱਖ, ਮੁਸਲਮਾਨ ਤੇ ਹਿੰਦੂ) ਫ਼ੌਜੀ ਮਾਰੇ ਗਏ ਸਨ। ਫ਼ਰੰਗੀਆਂ ਨੇ ਦਸੰਬਰ 1919 ਵਿਚ ਜੰਗ ਮੁੱਕਣ ਤਕ 14 ਲੱਖ 40 ਹਜ਼ਾਰ ਤੋਂ ਵੱਧ ਹਿੰਦੁਸਤਾਨੀ ਭਰਤੀ ਕੀਤੇ ਸਨ। ਇਨ੍ਹਾਂ 'ਚੋਂ ਅੱਧੀ ਭਰਤੀ ਪੰਜਾਬ ਵਿਚ ਹੋਈ ਸੀ।

ਐਨਾ ਵੱਡਾ ਦੁਖਾਂਤ ਸਾਡੀ ਸਾਂਝੀ ਚੇਤਨਾ ਦਾ ਅੰਗ ਨਹੀਂ ਬਣਿਆ। ਇਸ ਲਈ ਇੰਗਲੈਂਡ ਤੇ ਯੂਰਪ ਦੇ ਹੋਰ ਦੇਸਾਂ ਵਾਂਗ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਪਹਿਲੀ ਜੰਗ ਦੀ ਸ਼ਤਾਬਦੀ ਨਹੀਂ ਮਨਾਈ ਜਾ ਰਹੀ। ਉਸ ਵੇਲੇ ਪੰਜਾਬ ਵਿਚ ਖ਼ਾਸ ਕਰਕੇ ਪੋਠੋਹਾਰ ਵਿਚ ਲੋਕ ਗੀਤ ਤਾਂ ਬਹੁਤ ਬਣੇ ਸਨ। ਫੇਰ ਕੁਝ ਕਹਾਣੀਆਂ (ਜਿਵੇਂ ਅਮ੍ਰਿਤਸਰੀ ਚੰਦਰਧਰ ਸ਼ਰਮਾ ਗੁਲੇਰੀ ਦੀ ਕਹਾਣੀ *ਉਸ ਨੇ ਕਹਾ ਥਾ*), ਨਾਵਲਾਂ (*ਉਦਾਸ ਨਸਲੇਂ*–ਅਬਦੁੱਲਾ ਹੁਸੈਨ, *ਐਕਸਰੌਸ ਦ' ਬਲੈਕ ਵਾਟਰਜ਼*–ਮੁਲਕ ਰਾਜ ਆਨੰਦ, *ਲੰਘ ਗਏ ਦਰਿਆ*—ਮੋਹਨ ਕਾਹਲੋਂ) 'ਚ ਇਹਦਾ ਜ਼ਿਕਰ ਹੋਇਆ। ਹੁਣੇ ਆਤਮਜੀਤ ਇਸ ਬਾਰੇ ਪੂਰਾ ਨਾਟਕ ਲਿਖ ਕੇ ਹਟਿਆ ਹੈ। ਅਸੀਂ ਪਹਿਲੀ ਲਾਮ ਬਾਰੇ ਦੋ ਕਵਿਤਾਵਾਂ ਛਾਪ ਰਹੇ ਹਾਂ : ਅਮਰਜੀਤ ਦੀ ਪੰਜਾਬੀ ਵਿਚ ਲਿਖੀ ਹੋਈ ਤੇ ਇਨ੍ਹਾਂ ਦੀ ਹੀ ਅੰਗਰੇਜ਼ੀ ਤੋਂ ਉਲਥਾਈ ***ਵੈਨੇਸਾ ਗ਼ੈਬੀ*** ਦੀ ਕਵਿਤਾ। ਸੋਨੇ 'ਤੇ ਸੁਹਾਗ ਓਸੇ ਕਵਿਤਾ ਦਾ ***ਮ੍ਰਿਤਯੁੰਜਯ ਅਵਸਥੀ*** ਵੱਲੋਂ ਸਾਧ ਭਾਸ਼ਾ 'ਚ ਅਨੁਵਾਦ ਹੈ।



*Venessa Gabbie*

**Hydrology**
*or, the final journeys of Sukha the cleaner (an Untouchable) who died (somewhat inconveniently) in*
*Hampshire, during WW1*

'We rather thought', the British said, 'you might consider cremating him
on the Patcham *ghãt* – him being Hindu, and all that?'

It was explained to the British that Sukha was Untouchable
for excellent reasons, to do with grave misdemeanours

on the part of an ancestor. Even his ash-motes, mixing
(inadvertently of course) with those of a twice-born, was

unthinkable. Did the British not know? For the shadow
of an Untouchable to fall upon a Brahmin (for example)

caused the said Brahmin to require a bath.

Thus it was that an Untouchable was laid to rest
in a Hampshire churchyard, from where, over time, thanks

to the action of plentiful rain, the minerals that made up
Sukha the cleaner made their way through the aquifers

to the ocean, from where, over time, thanks
to the action of the sun (without which

life would not exist), he was lifted up and transformed
into rain.
Rain which, over time, and thanks

to the action of the winds, fell as monsoon,
over not only his own *mohulla* of Gangapur,

in the great city of Bareilly, but over what would become
the entire province of Uttar Pradesh.

## • *ਪਾਣੀ ਫੇਰੁ ਭਏ*

*(ਅਮਰਜੀਤ ਭਾ ਜੀ ਲਈ, ਜਿਨ੍ਹਾਂ ਕੋਲੋਂ ਮੈਂ ਮੁੜ ਪੰਜਾਬੀ ਸਿੱਖੀ)*

ਸੋਚਣਹਾਰਿ ਫ਼ਰੰਗੀ ਫੁਰਮਾਇ। ਮੀਤਾ ਕੀਤੋ ਕਰਉ ਉਪਾਉ॥
ਸੁੱਖਾ ਪੰਚਮ-ਘਾਟ ਸਮਾਵੇ। ਜਹ ਦਰ ਸਭ ਕੋਇ ਹਿੰਦੂ ਜਾਵੇ॥

ਦਾਨਾ ਪੰਡਿਤ ਕਹਿਹ ਵਿਚਾਰ। ਭੰਗੂ ਚੰਡਾਲ ਅਧਮ ਸਨਾਤਿ॥
ਜਨ ਕੁਲੁ ਦਾਤਿ ਕਰੇ ਦਾਤਾਰਿ॥

ਸੁੱਖਾ ਜਨਮਹਿ ਦਾਤਿ ਕਾ ਭੰਗਾ। ਵਰਨ-ਜਾਤ ਪਿਤਰੇ ਕੀ ਦਾਤਿ॥
ਛੋਡੀ ਜਾਹ, ਜਾਹ ਨਾ ਮੰਗਾ॥

ਤਿਨੁ ਕੀ ਛਾਂਓਂ ਭਿਟੇ ਸਵਰਨਾ। ਭਿਟੈ ਜਿਨਹ ਕਾ ਜਨੰਮਾ-ਮਰਨਾ॥
ਤਿਨ੍ਹਾਂ ਕੀ ਖਾਕੁ ਭਿਟੀ ਭੀ ਜਾਨਓ। ਧੁਰ ਕਾ ਹੁਕਮ, ਧੁਰੋ ਧੁਰ ਮਾਨਓ॥
ਦਵਿਜ ਮਿਹਤਾਰੀ ਛਾਇਆ ਪਾਹਿ। ਕਰਿ ਇਸਨਾਨ ਪਾਪ ਕੋ ਲਾਹਿ॥

ਇਆ ਨਾ ਕੋ ਸੋਚਿ-ਵਿਚਾਰੁ। ਸੁੱਖਾ ਖਸਮ ਸਰੀ ਕਰਤਾਰ।
ਦਵਿਜ-ਵਿਰਾਜੇ ਪੰਚਮ-ਘਾਟੁ। ਸੁੱਖਾ ਸੂਖਨ ਪੰਚਮ ਬਾਹਰਿ॥

ਆਕਲ ਹੂਆ ਸੋਚਣਹਾਰ। ਪੰਡਿਤ ਸੰਗਿ ਕੀਓ ਵਿਚਾਰੁ।
ਹੈਂਪਸ਼ਰ ਗਿਰਜਾ ਘਰੁ ਪਿਛਹੁ ਵਾੜੁ। ਤਹਾਂ ਵਸਿਐ ਸੁੱਖੇ ਯਾਰੁ।
ਜਿਨ੍ਹਾਂ ਕੇ ਕਰਤਾ ਸਤਿ ਕਰਤਾਰੁ॥

ਤਿਹਾਂ ਸਮਾਸੀ ਸੁੱਖਾ ਯਾਰੁ। ਪਰ ਪੰਚਮ ਘਾਟੁ ਕੇ ਬਾਹਰਿ॥

ਜੋ ਬ੍ਰਹਿਮੰਡ ਸੋਈ ਤਨ ਭੰਗੀ। ਜਿਨ ਕੇ ਰਸ ਰੰਗਿ ਖ਼ਲਕਤ ਰੰਗੀ।
ਜਿਨ ਦੇਹੁ ਦੀਨੀ, ਤਿਨਹੁ ਦੇਹੁ ਮੰਗੀ॥
ਗਗਨ ਆਕਾਸ ਬਜੇ ਮਰਦੰਗਾ॥
ਰਿਮਝਿਮ ਬਾਜੈ ਭੰਗੀ ਸੰਗਾ। ਮੇਘਲੁ ਧਰਤੁ ਏਕੋ ਰੰਗ ਰੰਗਾ॥

ਪਾਣੀ ਪਾਵਨ ਲੇਹਾ ਉਡਾਇ। ਮਾਨੁਸ ਮੇਘ-ਸਮੁੰਦਰ ਮਿਲਾਇ॥
ਰਵਿ ਜਲ ਛੋਹਿ ਸਮੁੰਦਰ ਘਰੁ ਜਾਏ। ਹਰਿਜਨ ਹਰਜਨਿ ਪਰ ਬਰਸਾਏ॥

•

ਵੈਨੇਸਾ ਗੈਬੀ ਦੀ ਕਵਿਤਾ 'ਜਲਵਿਗਿਆਨ' Hydrology ਦਾ
ਮ੍ਰਿਤਯੁੰਜਯ ਅਵਸਥੀ ਦਾ ਕੀਤਾ *ਸਾਧ ਭਾਖਾ* ਵਿਚ ਅਨੁਵਾਦ

•

ਕਵਿਤਾ : *ਅਮਰਜੀਤ ਚੰਦਨ*

## ਪਹਿਲੀ ਵੱਡੀ ਲਾਮ ਵੇਲੇ ਫ਼ੌਜੀ ਰੁਲ਼ਦਾ ਸਿੰਘ ਬਸਰਿਓਂ ਘਰ ਚਿੱਠੀ ਲਿਖਦਾ ਹੈ. ਉਹਨੂੰ ਪਤਾ ਨਹੀਂ ਕਿ ਇਹ ਰਸਤੇ ਚ ਸਰਕਾਰ ਨੇ ਰੋਕ ਲੈਣੀ ਹੈ

ਮੈਂ ਏਥੇ ਠੀਕ ਆਂ ਤੇ ਤੁਸੀਂ ਸਾਰੇ ਠੀਕ ਹੋਣੇ, ਸਭਨਾਂ ਦੀ ਸੁੱਖ ਰੱਬ ਕੋਲ਼ੋਂ ਮੰਗਦਾ।
ਜੰਗ ਦਾ ਮਦਾਨ ਜਮਾਦੂਤ ਘਮਾਸਾਨ ਜੁੜੇ, ਕਿਵੇਂ ਦੱਸਾਂ ਝੱਟ ਕਿੰਨਾ ਔਖਾ ਲੰਘਦਾ॥

ਨੱਚਦਾ ਕਲਹਿਰੀ ਮੋਰ ਚੇਤੇ ਆਵੇਂ ਹੋਰ ਹੋਰ, ਹੁੰਦਾ ਜਾਵੇ ਮਨ ਮੇਰਾ ਡੌਰ-ਭੌਰੀਆ।
ਘੁੱਟ ਸੀਨੇ ਲਾਵਾਂ ਕਦਿ ਚੁੰਮਾਂ ਮੈਂ ਤੇ ਕਦਿ ਸੁੰਘਾਂ, ਹੱਥ ਵਿਚ ਲੈ ਕੇ ਨਿਸ਼ਾਨੀ ਡੋਰੀਆ॥

ਮੌਤ ਦੀਆਂ ਅੱਖਾਂ ਵਿਚ ਆਰ-ਪਾਰ ਦੇਖਿਆ ਮੈਂ, ਕਿਸੇ ਦੀ ਨਾ ਸਕੀ, ਇਹ ਕਿਸੇ ਦੀ ਮਿਤ ਨਾ।
ਆਪ ਵੀ ਮਰੇ ਤੇ ਸਾਰਿਆਂ ਨੂੰ ਮਾਰ ਜਾਵੇ ਭੈੜੀ, ਜਗ ਸਾਰਾ ਜਿਤ ਕੇ ਵੀ ਹੁੰਦੀ ਜਿਤ ਨਾ॥

ਮੋਰਚੇ ਦਾ ਸੰਗੀ ਮੇਰਾ ਬੋਝੇ ਵਿਚ ਤਹਿ ਲਾ ਕੇ ਘਰੋਂ ਆਈ ਚਿੱਠੀ ਰੱਖੀ ਨਿਤ ਵੇਖਦਾ।
ਬਾਂਹ 'ਤੇ ਤਾਵੀਜ਼ ਬੱਝਾ ਉੱਤੋਂ ਆਣ ਗੋਲ਼ਾ ਡਿੱਗਾ ਇਤਨਾ ਸੀ ਲੇਖਾ ਲਿਖੇ ਹੋਏ ਲੇਖ ਦਾ॥

ਦਿਲ ਦੀ ਨਦੀ ਦੇ ਵਿਚ ਡੁੱਬ ਗਿਆ ਗੋਤੇ ਖਾਂਦਾ, ਜਾਣਿਆ ਕਿਸੇ ਵੀ ਨਾ ਪਤਾ ਜਿਸਦਾ।
ਸਾਹ ਜਦ ਮੁੱਕਦਾ ਤਾਂ ਆਂਵਦਾ ਖ਼ਿਆਲ ਕਿਹੜਾ, ਕੌਣ ਜਾਣੇ ਅੰਤ ਵੇਲੇ ਕੀ ਹੈ ਦਿਸਦਾ:

ਪਿੰਡ ਦਾ ਬਰੋਟੜਾ ਜੀ ਹੋ ਕੇ ਦੋਫਾੜ ਡਿੱਗਾ
ਗੋਲ਼ੀ ਤਿੱਖੀ ਘੋੜੇ ਦੀ ਅੱਖ ਚੋਭ ਗਈ
ਹਿੱਲਦੀਆਂ ਮਾਂ ਦੀਆਂ ਕੰਨਾਂ ਦੀਆਂ ਵਾਲ਼ੀਆਂ
ਅੱਪਣੀ ਦੀ ਨੱਥ ਹੈ ਜਾਂ ਹੱਥ ਆਰਸੀ
ਦ੍ਹਾੜੀ ਕੰਬੇ ਰੋਈ ਜਾਂਦੇ ਬਾਪ ਦੀ ਨਜ਼ਰ ਆਵੇ
ਬਾਲ ਦੀ ਤੜਾਗੀ ਵੱਜੇ ਨਿੱਕਾ ਘੁੰਗਰੂ

ਕੌਣ ਜਾਣੇ ਕਿੰਨੇ ਮਾਰੇ, ਜਿਹੜੇ ਮਰੇ ਕੌਣ ਸਨ, ਨਾਲ਼ ਉਨ੍ਹਾਂ ਮੇਰਾ ਕਾਹਦਾ ਪਿਆ ਵੈਰ ਸੀ।
ਉਹ ਵੀ ਸੀਗੇ ਪਿਓ ਭਾਈ ਲੱਗਦੇ ਕਿਸੇ ਦੇ ਪੁੱਤ, ਕਿਹੜਾ ਸੀਗਾ ਅਪਣਾ ਤੇ ਕਿਹੜਾ ਗੈਰ ਸੀ॥

ਸਾਡਾ ਕੀ ਸਵਾਰਨਾ ਫਰੰਗੀਆਂ ਬੇਗਾਨਿਆਂ ਨੇ, ਕੱਖ ਵੀ ਨਾ ਜਿਨ੍ਹਾਂ ਛੱਡਿਆ ਜਹਾਨ ਦਾ।
ਨ ਕੋਈ ਦੇਸ ਸਾਡਾ ਪੈਲ਼ੀ ਤੇ ਖੱਤਾ ਕੋਈ, ਨਾ ਹੀ ਮਾਣ ਪਰਮਾਣ ਖ਼ਾਨਦਾਨ ਦਾ॥

ਟੁੱਟੀ ਜੁੱਤੀ ਸੁੱਕੀ ਰੋਟੀ ਗਲ਼ ਵਿਚ ਫਟੇ ਲੀੜੇ, ਕ੍ਹੈੜੇ ਕ੍ਹੈੜੇ ਵਖਤਾਂ ਨੇ ਸਾਨੂੰ ਮਾਰਿਆ।
ਪੈਂਟ ਕੋਟ ਸੂਟ ਬੂਟ, ਫੋਕੀ ਸ਼ਾਨ ਝੂਠ-ਮੂਠ ਸਾਨੂੰ ਦੇ ਕੇ ਗੋਰਿਆਂ ਨੇ ਬੁਰਾ ਚਾਰਿਆ॥

ਮੇਰੇ ਤਾਂ ਖ਼ਿਆਲਾਂ ਵਿਚ ਓਥੇ ਈ ਖਲੋਤੀ ਰੇਲ, ਪਿੰਡ ਸਾਰਾ ਚਲ ਮੇਰੇ ਨਾਲ਼ ਆ ਗਿਆ।
ਖੈਰੀਂ ਮਿਹਰੀਂ ਦੇਖਣਾ – ਇਹ ਵੀ ਜਾਣਾ ਵੇਲਾ ਲੰਘਜਿਹਨੀਂ ਪੈਰੀਂ ਗਿਆ ਓਹਨੀਂ ਪੈਰੀਂ ਆ ਗਿਆ॥

ਕਵਿਤਾ : *ਅਮਰਜੀਤ ਕਸਕ*

## *ਸਰੂਰ*

ਕਲ ਕਲ ਕਰਦੀ ਨਦੀ
ਜੰਮੀ ਪਈ
ਫ਼ੌਜੀ ਦੇ ਅਹਿਸਾਸਾਂ 'ਚ
ਜੀਹਦਾ ਹੱਥ
ਬੰਦੂਕ ਦੇ ਘੋੜੇ 'ਤੇ ਹੀ ਰਹਿੰਦੈ

ਦੇਵਦਾਰਾਂ ਚਿਨਾਰਾਂ 'ਚੋਂ ਆਉਂਦੀ ਹਵਾ
ਨਹੀਂ ਛੇੜਦੀ
ਕੋਈ ਤਰੰਗ ਕੋਈ ਵਲਵਲਾ

ਪਹਾੜੀ ਰਸਤੇ ਤੁਰਦਿਆਂ
ਬਾਜ਼ ਵਰਗੀ ਹੋ ਗਈ ਨਿਗਾਹ
ਦਰੱਖ਼ਤਾਂ ਪੱਥਰਾਂ ਦੀ ਓਟ 'ਚੋਂ
ਲੱਭਦੀ ਮੌਤ ਦੇ ਸਾਏ

ਬਾਰੂਦ ਹੈ ਜਾਂ ਨਹੀਂ
ਬਾਰੂਦ ਦੀ ਹੀ ਗੰਧ ਆਉਂਦੀ
ਜਿਸ ਨੂੰ ਸੁੰਘਦਿਆਂ
ਲੱਗਦਾ ਕਿ ਜਿਵੇਂ
ਸਰਚ ਸੈੱਲ ਵਾਲਿਆਂ ਦੇ
ਖੋਜੀ ਕੁੱਤੇ ਹੋਣ

ਉੱਡੀ ਜਾ ਰਹੀ ਜੇਹਲਮ ਐਕਸਪ੍ਰੈੱਸ
ਤਾਸ਼ ਖੇਡਦੀ ਯਾਤਰੂ ਕੁੜੀ ਤੋਂ
ਜਾਣ ਬੁਝ ਕੇ
ਵਾਰ ਵਾਰ ਹਾਰ ਰਿਹਾ ਫ਼ੌਜੀ
ਉਹਦੀਆਂ ਅੱਖਾਂ 'ਚ ਵੇਖਦਾ

ਜਿੱਤ ਕਿੰਨੀ ਨਸ਼ੀਲੀ ਹੁੰਦੀ ਐ !

ਕਵਿਤਾ : *ਭੁਪਿੰਦਰ ਕੌਰ ਪ੍ਰੀਤ*

## *ਵੰਡ*

ਮੇਰੀ ਮਾਂ ਨੂੰ ਲੋੜ ਸੀ
ਆਪਣੀ ਮਾਂ ਦੀ
ਤੇ ਮੈਨੂੰ
ਆਪਣੀ ਮਾਂ ਦੀ

ਮੇਰੀ ਮਾਂ ਦੀ ਮਾਂ
ਵੰਡ ਦੀ ਭੇਟਾਂ ਚੜ੍ਹ ਗਈ
ਉਸਦੇ ਸੰਘ ਵਿੱਚ ਪਾਈ
ਜ਼ਹਿਰ ਦੀ ਪੁੜੀ
ਮੇਰੀ ਮਾਂ ਦੇ ਬਾਲ ਮਨ 'ਤੇ
ਸਦਾ ਲਈ ਖੜ੍ਹ ਗਈ

ਮਾਰ ਗਿਆ
ਉਸਦੀ ਬੁੱਕਲ ਦਾ ਨਿੱਘ
ਸਦਾ ਲਈ

ਹੁਣ ਜਦ ਵੀ
ਮਾਂ-ਸੌਂਦੀ ਹੈ
ਬਾਲਾਂ ਵਾਂਗੂ ਰੋਂਦੀ ਹੈ
ਆਖਦੀ ਹੈ
ਮਾਂ ਤੂੰ ਆ ਜਾ !
ਮਾਂ ਤੂੰ ਨਾ ਜਾ !

ਹੁਣ ਸਭ ਠੀਕ-ਠਾਕ ਹੈ !
ਹੁਣ ਸਭ ਠੀਕ-ਠਾਕ ਹੈ !

ਤਿੱਬਤੀ ਕਵਿਤਾਵਾਂ : *ਤੇਨਜਿਨ ਸੁੰਦੂ*

## *ਵਿਸਥਾਪਤ ਦਾ ਘਰ*

ਚੋ ਰਹੀ ਸੀ ਸਾਡੇ ਖਪਰੈਲ ਵਾਲੀ ਛੱਤ
ਚਾਰੋਂ ਕੰਧਾਂ ਢਹਿ ਜਾਣ ਦੀ ਧਮਕੀ ਦੇ ਰਹੀਆਂ ਸਨ
ਪਰ ! ਅਸੀਂ ਬਹੁਤ ਜਲਦੀ ਹੀ ਮੁੜ ਜਾਣਾ ਸੀ ਆਪਣੇ ਘਰ

ਅਸੀਂ ਆਪਣੇ ਘਰਾਂ ਦੇ ਬਾਹਰ
ਪਪੀਤੇ ਬੀਜ਼ੇ
ਬਗੀਚਿਆਂ ਵਿੱਚ ਮਿਰਚਾਂ ਬੀਜੀਆਂ
ਅਤੇ ਵਾੜ ਲਈ ਚੰਗਮਾ
ਉਦੋਂ ਫੂਸ ਨਾਲ ਢਕੀ ਹੋਈ ਛੱਤ 'ਤੇ
ਲਮਕਣ ਲੱਗੇ ਕੱਦੂ
ਤਬੇਲਿਆਂ ਵਿੱਚੋਂ ਲੜਖੜਾਉਂਦੇ ਨਿੱਕਲੇ ਵੱਛੇ
ਛੱਤ ਉੱਤੇ ਘਾਹ
ਫਲੀਆਂ ਵਿੱਚ ਭਰ ਆਏ ਦਾਣੇ
ਅਤੇ ਵੱਲਾਂ ਦਰਵਾਜਿਆਂ ਉੱਤੇ ਚੜ੍ਹਨ ਲੱਗੀਆਂ
ਬਾਰੀਆਂ ਕੋਲੋਂ ਦੀ ਹੋ ਸਰਕਣ ਲੱਗੇ ਮਨੀ ਪਲਾਂਟ
ਇੰਝ ਲੱਗਦਾ ਹੈ ਸਾਡੇ ਘਰਾਂ ਦੀਆਂ ਜੜ੍ਹਾਂ ਉਗ ਆਈਆਂ ਹੋਣ

ਵਾੜਾਂ ਹੁਣ ਬਦਲ ਚੁੱਕੀਆਂ ਹਨ ਜੰਗਲ ਵਿੱਚ
ਹੁਣ ਮੈਂ ਕਿਵੇਂ ਦੱਸਾਂ ਆਪਣੇ ਬੱਚਿਆਂ ਨੂੰ
ਕਿ ਕਿੱਥੋਂ ਆਏ ਸਾਂ ਅਸੀਂ।

### *ਸ਼ਰਨਾਰਥੀ*

ਜਦ ਮੈਂ ਜੰਮਿਆਂ
ਮੇਰੀ ਮਾਂ ਨੇ ਕਿਹਾ
ਤੂੰ ਇੱਕ ਸ਼ਰਨਾਰਥੀ ਹੈ
ਸੜਕ ਦੇ ਕੰਢੇ ਉੱਤੇ ਸਾਡਾ ਤੰਬੂ
ਬਰਫ਼ ਵਿੱਚ ਢਕਿਆ

ਤੇਰੇ ਮੱਥੇ ਉੱਤੇ
ਤੇਰੇ ਭਰਵਟਿਆਂ ਵਿਚਕਾਰ
ਇੱਕ ‘R’ ਖੁਣਿਆ ਹੈ
ਇੰਝ ਕਿਹਾ ਮੇਰੇ ਅਧਿਆਪਕ ਨੇ,
ਮੈਂ ਉਸ ਨੂੰ ਖੁਰਚ ਕੇ ਕੱਢਣਾ ਚਾਹਿਆ
ਪਰ ਮੇਰੇ ਮੱਥੇ ’ਤੇ ਖੁਣ ਗਈ
ਇੱਕ ਲਾਲ ਰੰਗ ਦੀ ਝਰੀਟ

ਮੈਂ ਜਨਮ ਜਾਤ ਸ਼ਰਨਾਰਥੀ ਹਾਂ
ਮੇਰੇ ਪਾਸ ਤਿੰਨ ਭਾਸ਼ਾਵਾਂ ਹਨ।

ਕਵਿਤਾ : ***ਵਿਸਲਾਵਾ ਸੰਜੀਬੋਰਸਕਾ***

### *ਬੀਤੇ ਸਮੇਂ ਦੀ ਲੜਾਈਓ ਮੈਨੂੰ ਮਾਫ਼ ਕਰ ਦੇਣਾ*

ਬੀਤੇ ਸਮੇਂ ਦੀ ਲੜਾਈਓ ਮੈਨੂੰ ਮਾਫ਼ ਕਰ ਦੇਣਾ
ਕਿ ਮੈਂ ਫੁੱਲਾਂ ਨਾਲ ਘਰ ਵਾਪਸ ਆ ਰਹੀ ਹਾਂ

ਰਿਸਦੇ ਜ਼ਖਮੋਂ ਮੈਨੂੰ ਮਾਫ਼ ਕਰ ਦੇਣਾ
ਕਿ ਮੈਂ ਆਪਣੀ ਉਂਗਲ ਵਿੱਚ ਸੂਈ ਚੋਭ ਕੇ ਆਈ ਹਾਂ,
ਮੈਂ ਮਾਫ਼ੀ ਚਾਹੁੰਦੀ ਹਾਂ ਉਨ੍ਹਾਂ ਤੋਂ
ਜੋ ਇੱਕ ਧੀਮੇ ਨ੍ਰਿਤ ਦੀ ਧੁਨ ਦੇ ਰਿਕਾਰਡ ਲਈ
ਮੈਨੂੰ ਬੁਲਾ ਰਹੇ ਹਨ,
ਰੇਲਵੇ ਸਟੇਸ਼ਨ ਦੇ ਲੋਕਾਂ ਤੋਂ ਮਾਫ਼ੀ ਚਾਹੁੰਦੀ ਹਾਂ
ਸਵੇਰੇ ਪੰਜ ਵਜੇ ਸੌਣ ਲਈ,

ਮੈਨੂੰ ਮਾਫ਼ ਕਰ ਦੇਣਾ ਟੁੱਟੀਓ ਉਮੀਦੋ
ਕਿ ਮੈਂ ਕਦੇ-ਕਦੇ ਮੁਸਕੁਰਾ ਦਿੰਦੀ ਹਾਂ,
ਮੈਨੂੰ ਮਾਫ਼ ਕਰ ਦੇਣਾ ਰੇਗਿਸਤਾਨੋ

ਕਿ ਇੱਕ ਚਮਚ ਪਾਣੀ ਵੀ ਲੈ ਕੇ ਨਾ ਆ ਸਕੀ,

ਵੱਢ ਦਿੱਤੇ ਗਏ ਬਿਰਖੋ
ਮੈਂ ਤੁਹਾਡੇ ਤੋਂ ਮਾਫ਼ੀ ਚਾਹੁੰਦੀ ਹਾਂ
ਮੇਜ਼ ਦੇ ਚਾਰ ਪਾਵਿਆਂ ਲਈ,
ਵੱਡੇ ਵੱਡੇ ਸਵਾਲੋ, ਮੈਂ ਤੁਹਾਡੇ ਤੋਂ ਮਾਫ਼ੀ ਚਾਹੁੰਦੀ ਹਾਂ

## ਕਵਿਤਾ : *ਸਰਾਮ ਆੱਲ-ਮਾਸਰੀ*

–1–
ਤੁਸੀਂ ਤੱਕਿਆ ਹੈ ਉਸਨੂੰ ?
ਉਹ ਬੁੱਕਲ ਵਿੱਚ ਆਪਣੇ ਬੱਚੇ ਨੂੰ ਲੈ ਕੇ ਜਾ ਰਿਹਾ ਸੀ
ਤੇਜ ਕਦਮਾਂ ਨਾਲ ਪੂਰੀ ਕਰ ਰਿਹਾ ਸੀ ਵਾਟ
ਮੱਥਾ ਉੱਚਾ
ਪਿੱਠ ਸਿੱਧੀ
ਇੰਝ ਆਪਣੇ ਪਿਤਾ ਦੀ ਬੁੱਕਲ ਵਿੱਚ
ਕਿੰਨਾ ਖੁਸ਼ ਹੋ ਸਕਦਾ ਸੀ ਉਹ
ਬੱਚਾ !
ਬਸ ਜੇਕਰ ਉਹ ਜਿਉਂਦਾ ਹੁੰਦਾ

ਆਪਣੀ ਮਾਂ ਦੇ ਗਰਭ ਵਿੱਚੋਂ ਨਹੀਂ
ਧਰਤੀ ਦੇ ਗਰਭ ਵਿੱਚੋਂ ਕੱਢਿਆ ਗਿਆ
ਉਹ ਬਾਲ
ਕੋਈ ਇਤਿਹਾਸਕ ਮੂਰਤੀ ਨਹੀ
ਬੱਚਾ ਹੈ...ਸਫੇਦ ਕੱਪੜੇ ਵਿੱਚ ਵਲੇਟਿਆ
ਬੰਬ ਨਾਲ ਢਕਿਆ
ਮਾਂ ਦੀ ਛਾਤੀ ਵਿਚੋਂ ਪਹਿਲਾ ਦੁੱਧ ਪੀਣ ਦਾ ਵੀ
ਮੌਕਾ ਨਹੀਂ ਨਸੀਬ ਹੋਇਆ ਉਸਨੂੰ।

ਆਪਣੇ ਤਬੂਤਾ ਵਿੱਚ ਵਲੇਟੇ ਪਏ ਹਨ ਸੀਰੀਆ ਦੇ ਬੱਚੇ
ਜਿਵੇਂ ਟਾਫ਼ੀ ਵਲੇਟੀ ਹੁੰਦੀ ਹੈ ਰੈਪਰ ਵਿੱਚ
ਪਰ ਖੰਡ ਤੋਂ ਨਹੀਂ
ਮਾਸ ਪਰੇਮ ਅਤੇ ਸੁਪਨਿਆਂ ਤੋਂ ਬਣੇ ਹਨ ਇਹ ਬਾਲ !
ਸੜਕਾਂ ਤੁਹਾਨੂੰ ਉਡੀਕਦੀਆਂ
ਬਗੀਚੇ ਤੁਹਾਨੂੰ ਉਡੀਕਦੇ
ਸਕੂਲ ਅਤੇ ਚੌਰਸਤੇ
ਤੁਹਾਨੂੰ ਉਡੀਕਦੇ
ਸੀਰੀਆਂ ਦੇ ਬੱਚਿਓ
ਸਵਰਗ ਦੇ ਪੰਛੀ ਬਣ ਅੰਬਰ ਵਿੱਚ ਖੇਡਣ ਦੀ
ਹਾਲੇ ਕੋਈ ਉਮਰ ਹੈ ਤੁਹਾਡੀ ।

-2-
ਆਜ਼ਾਦੀ ਦੇ ਬੱਚੇ
ਲਾਈਟ ਕੰਪਨੀਆਂ ਦੀਆਂ ਪੋਸ਼ਾਕਾਂ ਨਹੀਂ ਪਾਉਂਦੇ
ਉਨ੍ਹਾਂ ਦੀ ਚਮੜੀ ਨੂੰ ਆਦਤ ਪੈ ਜਾਂਦੀ ਹੈ
ਖੁਰਦਰੇ ਕੱਪੜੇ ਪਾਉਣ ਦੀ

ਆਜ਼ਾਦੀ ਦੇ ਬੱਚੇ
ਕੱਪੜੇ ਦੀ ਜੁੱਤੀ ਪਾਉਂਦੇ ਹਨ
ਉਨ੍ਹਾਂ ਦੀ ਜੁੱਤੀ ਇੰਨੀ ਵੱਡੀ ਹੁੰਦੀ ਹੈ
ਕਿ ਅਗਲੇ ਸਾਲ ਵੀ ਆ ਸਕੇ ਪੂਰੀ
ਤੇ ਜ਼ਿਆਦਾਤਰ ਉਹ
ਆਪਣੇ ਨੰਗੇਜ਼ ਅਤੇ ਜ਼ਖ਼ਮਾਂ ਦੇ ਨਿਸ਼ਾਨ ਹੀ ਪਾਉਂਦੇ ਹਨ

ਆਜ਼ਾਦੀ ਦੇ ਬੱਚਿਆਂ ਨੂੰ
ਕੇਲੇ ਜਾਂ ਸਟ੍ਰਾਬੇਰੀ ਦੇ ਸਵਾਦ ਦਾ ਪਤਾ ਨਹੀਂ ਹੁੰਦਾ
ਉਹ ਚਾਕਲੇਟ ਵਾਲੇ ਬਿਸਕੁਟ ਨਹੀਂ
ਬਸ ਸਬਰ ਦੇ ਪਾਣੀ ਵਿੱਚ ਡੁਬੀਆਂ
ਸੁੱਕੀਆਂ ਰੋਟੀਆਂ ਹੀ ਖਾਂਦੇ ਹਨ
ਸ਼ਾਮ ਨੂੰ
ਆਜ਼ਾਦੀ ਦੇ ਬੱਚੇ ਗਰਮ ਪਾਣੀ ਨਾਲ ਨਹੀਂ ਨਹਾਉਂਦੇ
ਨਾ ਹੀ ਸਾਬਣ ਦੀਆਂ ਰੰਗਦਾਰ ਗੇਂਦਾ ਨਾਲ ਖੇਡਦੇ ਹਨ
ਉਹ ਰਬੜ ਦੇ ਟਾਇਰਾਂ
ਅਤੇ ਦਾਗੇ ਹੋਏ ਬੰਬਾਂ ਨਾਲ ਖੇਡਦੇ ਹਨ
ਸੌਣ ਤੋਂ ਪਹਿਲਾਂ
ਆਜ਼ਾਦੀ ਦੇ ਬੱਚੇ
ਬੁਰਸ਼ ਨਹੀਂ ਕਰਦੇ
ਨਾਂ ਹੀ ਰਾਜਕੁਮਾਰ ਅਤੇ ਰਾਜਕੁਮਾਰੀਆਂ ਦੇ ਕਿਸੇ ਸੁਣਦੇ ਹਨ

ਸਾਰੇ ਬੱਚਿਆਂ ਵਾਂਗ
ਸੜਕ ਦੇ ਕੰਢਿਆਂ ’ਤੇ
ਰਿਫਯੂਜ਼ੀ ਕੈਂਪਾਂ ਵਿੱਚ
ਜਾਂ ਕਬਰਾਂ ਵਿੱਚ
ਆਜ਼ਾਦੀ ਦੇ ਬੱਚੇ
ਆਪਣੀ ਪਿਆਰੀ ਮਾਂ ਦਾ ਇੰਤਜ਼ਾਰ ਕਰਦੇ ਹਨ।

-3-
ਸੀਰੀਆ ਦੇ ਪਹਾੜਾਂ ਅਤੇ ਮਦਾਨਾਂ ਵਿੱਚੋਂ ਰਿਫਯੂਜ਼ੀ ਕੈਂਪਾਂ ਵਿੱਚ
ਉਹ ਆਈ ਨਿਰਵਸਤਰ
ਪੈਰ ਚਿੱਕੜ ਨਾਲ ਲਿਬੜੇ
ਹੱਥ ਠੰਢ ਨਾਲ ਪਾਟੇ ਹੋਏ
ਪਰ ਉਹ ਅੱਗੇ ਵੱਧਦੀ ਰਹੀ
ਉਹ ਤੁਰਦੀ ਰਹੀ
ਉਸ ਦੇ ਬੱਚੇ ਤਿਲਕ ਰਹੇ ਸਨ ਉਸ ਦੀਆਂ ਬਾਹਾਂ ਵਿੱਚੋਂ

ਜਦ ਉਹ ਭੱਜ ਰਹੀ ਸੀ ਹੇਠਾਂ ਡਿਗ ਗਏ ਸਨ ਉਹ
ਪੀੜ ਨਾਲ ਰੋ ਪਈ ਉਹ
ਪਰ ! ਅੱਗੇ ਤੁਰਦੀ ਰਹੀ
ਉਸ ਦੇ ਪੈਰ ਟੁੱਟ ਗਏ
ਉਹ ਅੱਗੇ ਤੁਰਦੀ ਰਹੀ
ਉਸ ਦੀ ਧੌਣ ਚੀਰ ਦਿੱਤੀ ਗਈ
ਪਰ ! ਉਹ ਗਾਉਂਦੀ ਰਹੀ

ਇੱਕ ਬਲਾਤਕਾਰ ਹੋਈ ਔਰਤ ਦੇ
ਸੀਰੀਆ ਦੀ ਜੇਲ ਵਿੱਚ ਜੰਮੇ ਬੱਚੇ ਨੇ ਕਿਹਾ
ਮੈਨੂੰ ਇੱਕ ਕਹਾਣੀ ਸੁਣਾਂ ਮਾਂ !

ਕਵਿਤਾ : ***ਵਲਿਅਮ ਮਾਰ***

## *ਗੱਲਬਾਤ*

ਕਿਸ ਤੋਂ ਭੱਜ ਰਹੀ ਹੈ ਬੁੱਢੀ ਮਾਈ
ਫੌਜ ਤੋਂ
ਕਿਹੜੀ ਫੌਜ ? ਲਾਲ ਜਾਂ ਸਫੇਦ ਫੌਜ ?
ਕਿਸ ਤੋਂ ਲੁੱਕਦੀ ਫਿਰ ਰਹੀ ਹੈ ਤੂੰ ਜਵਾਨ ਮਾਂ ?
ਬੰਬਾਂ ਤੋਂ
ਕਿਹੜੇ ਬੰਬਾਂ ਤੋਂ ? ਪੂਰਬ ਵਾਲੇ ਜਾਂ ਪੱਛਮ ਵਾਲੇ ?
ਤੇਰੇ ਰੋਣ ਦਾ ਕੀ ਸਬੱਬ ਹੈ ਨਿੱਕੀ ਬੱਚੀ ?
ਲਹੂ
ਕਿਸਦਾ ਲਹੂ ? ਆਦਮੀਂ ਦਾ ਜਾਂ ਜਾਨਵਰ ਦਾ ?

ਕਵਿਤਾ : ***ਗੁਲਜ਼ਾਰ***

## *ਸਰਹੱਦ 'ਤੇ ਇਹ ਤਣਾਅ ਕਿਉਂ ਹੈ*

ਸਰਹੱਦ 'ਤੇ ਇਹ ਤਣਾਅ ਕਿਉਂ ਹੈ
ਇਸ ਬਰਫ਼ ਵਰਗੀ ਚੁੱਪ ਤੋਂ ਡਰ ਲੱਗਦਾ ਹੈ !

ਇਹ ਚੁੱਪ ਚਲਾਕ ਬਹੁਤ ਹੈ
ਇੱਕ ਲੱਤ 'ਤੇ ਧਿਆਨ ਲਾ
ਦੂਜੀ ਅੱਖ ਖੁੱਲ੍ਹੀ ਰੱਖਦੀ ਹੈ
ਜਦ ਵੀ ਕੋਈ ਹਿਲਜੁਲ ਹੁੰਦੀ ਹੈ ਤਾਂ
ਸਰਹੱਦ ਦੇ ਦੋਵੇਂ ਪਾਸੇ ਹੀ
ਕੰਢੇਦਾਰ ਆਵਾਜ਼ਾਂ ਦੇ ਕੁਝ ਕੈਕਟਸ ਉੱਗਣ ਲੱਗਦੇ ਹਨ

ਸਰਹੱਦ ਦੇ ਰੇਗਿਸਤਾਨਾਂ ਵਿੱਚ ਇਹ ਚੁੱਪ

ਸਾਹ ਨੱਪ ਕੇ ਤੁਰਦੀ ਹੈ ਹਵਾ
ਰੇਤ ਜ਼ਮੀਨ ਤੋਂ ਗਰਦਨ ਨਾਲੋਂ ਘਿਸੜ ਕੇ ਉੱਡਦੀ ਹੈ

ਸਰਹੱਦ 'ਤੇ ਤਣਾਅ ਭਾਰੀ ਹੈ
ਸਰਹੱਦ ਦੀ ਬਰਫ਼ ਵਰਗੀ ਚੁੱਪ ਤੋਂ ਡਰ ਲੱਗਦਾ ਹੈ।

ਕਵਿਤਾ : *ਨਿਦਾ ਫ਼ਾਜ਼ਲੀ*

## *ਮੰਟੋ ਦਾ ਪਾਗਲਖਾਨਾ*

(**ਮੰਟੋ ਦੀ ਕਹਾਣੀ ਟੋਭਾ ਟੇਕ ਸਿੰਘ ਪੜ੍ਹਦਿਆਂ**)

ਇੱਕ ਸਾਡਾ ਤੁਸੀਂ ਮਾਰਿਆ
ਇੱਕ ਤੁਹਾਡਾ ਅਸੀਂ ਮਾਰਿਆ
ਜੇਲ ਦੇ ਅੰਦਰ
ਜੇਲ ਦੇ ਬਾਹਰ
ਉਹੀ ਮੌਸਮ
ਉਹੀ ਨਜ਼ਾਰਾ
ਮੰਟੋ ਦੇ ਪਾਗਲਖਾਨੇ ਤੋਂ
ਨਿਕਲਿਆ ਨਹੀ
ਹਾਲੇ ਬਟਵਾਰਾ

ਕਵਿਤਾ : ***ਨਰੇਸ਼ ਸਕਸੇਨਾ***

## *ਰੇਤ ਉੱਡ ਰਹੀ ਹੈ*

ਰੇਤ ਉੱਡ ਰਹੀ ਹੈ
ਉਡ ਰਿਹਾ ਹੈ...ਡੁੱਲ੍ਹਿਆ ਖ਼ੂਨ
ਕੈਦੀਆਂ ਦੇ ਪੈਰਾਂ ਅਤੇ ਫੌਜੀਆਂ ਦੇ ਬੂਟਾਂ ਦੇ ਨਿਸ਼ਾਨ
ਨਾਲ-ਨਾਲ ਉੱਡ ਰਹੇ ਹਨ
ਗੋਰੇ ਅਤੇ ਕਾਲੇ ਬੱਚਿਆਂ ਦੇ ਬਣਾਏ ਘਰ -
ਸਰਹੱਦਾਂ ਉੱਡ ਰਹੀਆਂ ਹਨ ਮੁਲਕਾਂ ਦੀਆਂ
ਲਿਬੀਆ ਦੀ ਰੇਤ, ਮਿਸਰ ਦੀ ਰੇਤ ਦੇ ਨਾਲ ਉੱਡ ਰਹੀ ਹੈ

ਕੰਢੇਦਾਰ ਤਾਰਾਂ ਨਾਲ ਟਕਰਾਉਂਦੀ
ਖਾਈਆਂ ਅਤੇ ਬੰਕਰਾਂ ਨੂੰ ਪਾੜਦੀ
ਉਨ੍ਹਾਂ ਦੀਆਂ ਤੋਪਾਂ ਅਤੇ ਬੰਦੂਕਾਂ ਦੇ
ਮੂੰਹਾਂ ਵਿੱਚ ਭਰ ਰਹੀ ਹੈ

ਰੇਤ ਸਾਫ ਕਰਦਿਆਂ ਫੌਜੀ
ਝੁੰਝਲਾਉਂਦੇ ਹਨ

ਗਾਲ੍ਹਾਂ ਸੁਣਾਉਂਦੇ ਹਨ
ਪਰ ਲਿਬੀਆ ਦੀ ਰੇਤ ਨੂੰ
ਮਿਸਰ ਦੀ ਰੇਤ ਤੋਂ ਅੱਡ ਨਹੀਂ ਕਰ ਸਕਦੇ।

ਕਵਿਤਾ : ***ਅਰੁਣ ਚੰਦਰ ਰਾਏ***


## *ਇਕ ਅਮਰੀਕੀ ਫ਼ੌਜੀ ਦਾ ਪ੍ਰੇਮ-ਪੱਤਰ*

ਪਿਆਰੀ !
ਮੈਨੂੰ ਜਿਨ੍ਹਾਂ ਧੱਕਿਆ ਹੈ ਇਸ ਯੁੱਧ ਵਿੱਚ
ਉਨ੍ਹਾਂ ਨਹੀਂ ਲੜੀ ਕੋਈ ਲੜਾਈ
ਉਨ੍ਹਾਂ ਦੇ ਸਫ਼ਰ ਤੋਂ ਪਹਿਲਾਂ ਹੀ ਹੁੰਦੇ ਹਨ ਰਸਤੇ ਖਾਲੀ
ਪਰੀਦਿੰਆਂ ਦੇ ਵੀ ਖੰਭ ਵੱਢ ਦਿੱਤੇ ਜਾਂਦੇ ਹਨ
ਇੱਕ ਵੱਡੇ ਲੋਕਤੰਤਰ ਦੀ ਪ੍ਰਧਾਨਗੀ ਕਰਣ ਵਾਲੇ ਦੇ
ਰਸਤੇ ਵਿੱਚ ਨਹੀਂ ਆਉਂਦੇ ਲੋਕ
ਇਨ੍ਹਾਂ ਤੱਕਿਆ ਨਹੀਂ ਕਦੇ ਜੰਗ ਦਾ ਮੈਦਾਨ
ਨਹੀਂ ਜਾਣਦੇ ਉਹ
ਕਿਸੇ ਰੇਗਿਸਤਾਨ ਵਿੱਚ ਤੇਹ ਨਾਲ ਹਾਰੇ ਹੋਏ ਨੂੰ ਉੜਾ ਦੇਣਾ ਗੋਲੀ ਨਾਲ
ਕਿੰਨਾ ਪੀੜ ਭਰਿਆ ਹੈ !
ਥੱਕ ਗਿਆ ਹਾਂ ਮੈਂ ਇਸ ਅਨਾਮ ਮੁਲਕ ਵਿੱਚ
ਆਪਣੇ ਵਰਗੇ ਹੀ ਮਨੁੱਖਾਂ ਖ਼ਿਲਾਫ਼ ਨਾ ਖਤਮ ਹੋਣ ਵਾਲੇ ਯੁੱਧ ਤੋਂ

ਬਿਨਾ ਉਦੇਸ਼ ਦੀ ਮੇਰੀ ਜ਼ਿੰਦਗੀ
ਕਦੋਂ ਹੋ ਜਾਵੇ ਖ਼ਤਮ ਕੋਈ ਪਤਾ ਨਹੀ
ਪਰ ! ਮੈਨੂੰ ਪਸੰਦ ਨਹੀਂ ਕਿ
ਮੇਰੇ ਮਗਰੋਂ ਦਿੱਤਾ ਜਾਵੇ ਤੈਨੂੰ ਮੋਟਾ ਮੁਆਵਜ਼ਾ
ਜਾਂ ਕਰੇਂ ਤੂੰ ਹਿਰਦੇ ਨੂੰ ਚੀਰ ਦੇਣ ਵਾਲਾ ਵਿਰਲਾਪ
ਜਾਂ ਸ਼ਾਮਿਲ ਹੋਣ ਮੇਰੇ ਦੋਸਤ ਕੈਂਡਲ ਮਾਰਚ ਵਿੱਚ
ਕਿਉਂਕਿ ਮੈਂ ਜੇ ਮਰਾਂਗਾ ਤਾਂ
ਕਿਸੇ ਨੂੰ ਮਾਰਨ ਦੇ ਹੀ ਕੰਮ ਵਿੱਚ ਹੀ
ਕਿਸੇ ਅੱਤਵਾਦੀ ਵਾਂਗ !
ਮੈਂ ਇੱਕ ਫੌਜੀ ਤੋਂ
ਬਣਾ ਦਿੱਤਾ ਗਿਆ ਹਾਂ ਆਪੂ ਹੀ ਚੱਲਣ ਵਾਲਾ ਹਥਿਆਰ
ਪਿਆਰੀ !
ਨਹੀਂ ਰਿਹਾ ਮੈਂ ਪਿੱਤਲ ਦੀਆਂ ਅੱਖਾਂ ਵਾਲਾ
ਤੇਰਾ ਚਾਰਮਿੰਗ ਡਾਰਲਿੰਗ
ਵੀਕੇਂਡ ਥੀਏਟਰ ਦੇ ਕਿਸੇ ਰੋਮਾਂਟਿਕ ਨਾਟਕ ਦੇ ਪਾਤਰ ਵਰਗਾ।

◆

(ਪਹਿਲੀਆਂ ਤਿੰਨ ਕਵਿਤਾਵਾਂ ਨੂੰ ਛੱਡ ਕੇ ਬਾਕੀ ਸਾਰੀਆਂ ਕਵਿਤਾਵਾਂ ਭੁਪਿੰਦਰ ਕੌਰ ਪ੍ਰੀਤ ਵੱਲੋਂ ਪੇਸ਼ਕਸ਼ ਹਨ।)



ਹਾਲ ਮੁਰੀਦਾਂ ਦਾ

# ਪੰਚਕੂਲਾ ਤੋਂ ਦਿਸਦਾ ਪੰਜਾਬ

*-ਸੁਮੇਲ ਸਿੰਘ*

ਕੋਈ ਚਾਲੀ ਕੁ ਬੰਦੇ—ਬੰਦੇ ਨਹੀਂ, ਸਗੋਂ ਪ੍ਰੇਮੀ—ਪੁਲਿਸ ਦਸਤਿਆਂ ਦੀ ਗੋਲੀ ਦਾ ਸ਼ਿਕਾਰ ਹੋਏ ਹਨ। ਲੋਥ ਬਣ ਚੁੱਕੇ ਮਨੁੱਖਾਂ—ਮਨੁੱਖਾਂ ਨਹੀਂ, ਪ੍ਰੇਮੀ—ਦੇ ਮੋਬਾਇਲ ਉਨ੍ਹਾਂ ਦੀਆਂ ਜੇਬਾਂ ਵਿਚ ਵੱਜਦੇ ਰਹੇ। ਉਨ੍ਹਾਂ ਦੇ ਪਰਿਵਾਰ ਸੁੱਖ-ਸਾਂਦ ਲਈ, ਹਾਲਾਤ ਜਾਣਨ ਲਈ ਜਾਂ ਮਾੜੀਆਂ ਖ਼ਬਰਾਂ ਤੋਂ ਡਰੇ ਹੋਏ ਵਾਪਸ ਮੁੜ ਆਉਣ ਲਈ ਕਹਿਣਾ ਚਾਹੁੰਦੇ ਹੋਣਗੇ।

ਕੋਈ ਕਹਿਰ ਵਾਪਰ ਗਿਆ ਲੱਗਦਾ ਹੈ। ਦੇਖੋ, ਸਾਰਾ ਮਾਲਵਾ ਕਰਫਿਊ ਹੇਠ ਹੈ, ਜਿਵੇਂ ਜੂਨ 84 ਵੇਲੇ ਸੀ। ਕੜੀਆਂ ਵਰਗੇ ਪੰਜਾਬੀ ਗੱਭਰੂ ਇਕ ਤਾਂ ਘਰੇ ਬਿਠਾ ਦਿੱਤੇ ਤੇ ਦੂਜਾ ਇੰਟਰਨੈਟ ਤੋਂ ਵਿਰਵੇ ਹਨ। ਇਨ੍ਹਾਂ ਮਾਸੂਮਾਂ ਦੀ ਹਾਅ ਲੱਗੀ ਐ ਤੇ ਚਾਲੀ ਮਨੁੱਖ-ਕਿਹੜੇ ਮਨੁੱਖ, ਸਗੋਂ ਪ੍ਰੇਮੀ—ਮਾਰੇ ਹੀ ਜਾਣੇ ਸਨ।

ਸਰਬੰਸ-ਦਾਨੀ ਦਸ਼ਮੇਸ਼ ਪਿਤਾ ਦਾ ਸਵਾਂਗ ਧਾਰਨ ਵਾਲੇ ਢਿੱਡਲ ਪਿਤਾ ਨੂੰ ਆਖਣ ਵਾਲਿਆਂ ਨੇ ਸਾਡੀ ਜਵਾਨੀ ਦੇ ਕੀਮਤੀ ਗਹਿਣੇ—ਮੋਬਾਇਲ ਫ਼ੋਨ, ਸੈਲਫੀਆਂ, ਲਾਈਕ, ਸ਼ੇਅਰ, ਫ਼ਾਰਵਰਡ, 'ਅੱਤ', 'ਘੈਂਟ' ਵਗੈਰਾ-ਵਗੈਰਾ—ਨਕਾਰਾ ਕਰ ਦਿੱਤੇ ਹਨ। ਇਸ ਇਕੱਲ ਵਿਚੋਂ ਜੇ ਭਲਾ ਕੋਈ ਖੁਦਕਸ਼ੀ ਕਰ ਜਾਂਦਾ! ਕੋਈ ਚਾਲੀ ਜੀਅ—ਜੀਅ ਨਹੀਂ, ਪ੍ਰੇਮੀ ਮਾਰੇ ਗਏ ਹਨ।

ਸ਼ਾਇਦ ਹੁਣ ਪੰਜਾਬ ਦੇ ਸਾਰੇ ਸੰਕਟ ਟਲ ਜਾਣਗੇ। ਨਵੀਂ ਹਵਾ ਰੁਮਕੇਗੀ। ਸਾਡਾ ਭਾਈਚਾਰਾ ਮੁੜ ਤੋਂ ਜੁੜ ਜਾਵੇਗਾ। ਸਨਦ ਰਹੇ ਕਿ ਸਾਕਾ ਨੀਲਾ ਤਾਰਾ ਪਿੱਛੇ ਵੀ ਸਰਕਾਰ ਵਲੋਂ ਇਹੀ ਤਰਕ ਦਿੱਤਾ ਜਾ ਰਿਹਾ ਸੀ।

ਵੈਸੇ ਪੰਚਕੂਲਾ ਵਿਚ ਡੇਰਾ ਸੱਚਾ ਸੌਦਾ ਦੇ ਮੁਖੀ ਦੇ ਬਲਾਤਕਾਰ ਦੇ ਦੋਸ਼ ਹੇਠ ਚੱਲ ਰਹੇ ਮੁਕੱਦਮੇ 'ਤੇ ਸੀ.ਬੀ.ਆਈ, ਦੀ ਵਿਸ਼ੇਸ਼ ਅਦਾਲਤ ਦੇ ਪਤਿਤ ਸਿੱਖ ਜਾਂ ਗ਼ੈਰ-ਸਿੱਖ ਜੱਜ ਜਗਦੀਪ ਸਿੰਘ ਨੇ ਸਾਰੇ ਸਿਆਸੀ ਦਬਾਅ ਨੂੰ ਪਰ੍ਹੇ ਧੱਕਦਿਆਂ, ਭਾਰਤੀ ਨਿਆਂਪਾਲਿਕਾ ਦੀ ਲਾਜ ਰੱਖਦਿਆਂ ਵੀਹ ਸਾਲਾਂ ਦੀ ਕੈਦ ਬੋਲ ਦਿੱਤੀ। ਦੋ ਕਤਲਾਂ ਦੇ ਮੁਕੱਦਮੇ ਪਹਿਲੋਂ ਹੀ ਚੱਲ ਰਹੇ ਹਨ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀ ਮੁਸਲਸਲ ਨਜ਼ਰਸਾਨੀ ਨੇ ਵੀ ਮਿਸਾਲੀ ਰੋਲ ਅਦਾ ਕੀਤਾ ਹੈ। ਕੇਂਦਰ ਉੱਤੇ ਸੂਬਾ ਸਰਕਾਰਾਂ ਨੇ ਜਦੋਂ ਪੀੜਤ ਸਾਧਵੀਆਂ ਦੀ ਚਿੱਠੀ 'ਤੇ ਸਾਲਾਂ ਬੱਧੀ ਗ਼ੌਰ ਨਾ ਕੀਤਾ ਤਾਂ ਦੋ ਵਿਅਕਤੀਆਂ—ਇਕ ਹਿੰਦੂ ਹੈ ਅਤੇ ਦੂਜਾ ਪਤਿਤ ਸਿੱਖ ਹੈ—ਨੇ ਹਾਈਕੋਰਟ ਵਿਚ ਲੜਾਈ ਲੜ ਕੇ ਕੇਸ ਦਰਜ ਹੋਣ ਵਿਚ ਭੂਮਿਕਾ ਨਿਭਾਈ। ਇਨਕੁਆਰੀ ਅਫ਼ਸਰ ਵੀ ਗ਼ੈਰ-ਸਿੱਖ ਹੀ ਸੀ।

ਸਾਧਵੀਆਂ ਵਲੋਂ ਆਪਣੇ ਨਾਲ ਹੋਏ ਦੁਸ਼ਕਰਮ ਨੂੰ ਬਿਆਨ ਕਰਨ ਦਾ ਹੌਂਸਲਾ ਸਾਡੇ ਸਮਾਜ ਵਿਚ ਦੁਰਲੱਭ ਹੈ, ਜਿਨ੍ਹਾਂ ਨੇ ਸ਼ਰਮ, ਲਾਜ, ਪਰਦਾਦਾਰੀ ਦੀ ਦਲਦਲ ਨੂੰ ਪਾਰ ਕੀਤਾ। ਪਰ ਕੋਈ ਅਦਾਰਾ ਜਾਂ ਅਖ਼ਬਾਰ ਉਨ੍ਹਾਂ ਦੇ ਮਸਲੇ ਨੂੰ ਸੰਜੀਦਗੀ ਨਾਲ ਲੈਣ ਨੂੰ ਤਿਆਰ ਨਹੀਂ ਸੀ। ਨਿਓਟੇ, ਨਿਆਸਰੇ, ਨਿਥਾਵੇਂ ਪੀੜਤਾਂ ਨੂੰ ਹਿੰਦੂ ਮਿਥਿਹਾਸ ਦੇ ਪਾਤਰ, ਸਾਰੇ ਭਾਰਤੀਆਂ ਵਿਚ ਸਤਿਕਾਰੇ ਜਾਂਦੇ, ਭਗਵਾਨ ਵਿਸ਼ਨੂੰ ਦੇ ਸੱਤਵੇਂ ਅਵਤਾਰ ਸ੍ਰੀ ਰਾਮ ਚੰਦਰ ਦੇ ਨਾਂ ਵਾਲੇ ਪੱਤਰਕਾਰ ਨੇ ਆਪਣੇ ਛੋਟੇ ਜਿਹੇ ਅਖ਼ਬਾਰ 'ਪੂਰਾ ਸੱਚ' ਵਿਚ ਛਾਪਣ ਦਾ ਹੀਆ ਕੀਤਾ।

ਪੀੜਤਾਂ ਦੇ ਦਮਨ ਖਿਲਾਫ਼ ਲਗਾਤਾਰ ਪੰਦਰਾਂ ਸਾਲ ਉਨ੍ਹਾਂ ਪਰਿਵਾਰਾਂ ਨੂੰ ਹੌਂਸਲਾ ਦਿੰਦਿਆਂ ਇਨਸਾਫ਼ ਦੀ ਲੜਾਈ ਲੜਨ ਲਈ ਪਤਿਤ-ਸਿੱਖ ਜਾਂ ਗ਼ੈਰ ਸਿੱਖ ਹੀ ਅੱਗੇ ਆਏ। ਦਮਨ ਝੱਲਿਆ। ਸ਼ਹੀਦੀ ਹਾਸਲ ਕੀਤੀ। ਸਮੇਂ ਦੀਆਂ ਸਰਕਾਰਾਂ ਦੇ ਦਬਾਅ ਅੱਗੇ ਈਨ ਨਹੀਂ ਮੰਨੀ। ਸਿੱਖੀ ਸਪਿਰਟ ਦੇ ਦਰਸ਼ਨ ਜੇ ਗ਼ੈਰ-ਸਿੱਖ ਤੇ ਪਤਿਤ ਸਿੱਖਾਂ ਦੇ ਹੌਂਸਲੇ 'ਚੋਂ ਹੋਏ ਤਾਂ ਦੂਜੇ ਪਾਸੇ ਸਿੱਖ ਪੰਥ ਦੇ ਮੁਹਰੈਲ, ਕੁਰਬਾਨੀਆਂ ਨਾਲ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਇਸ ਮਸਲੇ ਨੂੰ ਸਿੱਖਾਂ ਦਾ ਮਸਲਾ ਹੀ ਨਾ ਹੋਣ ਦਾ ਐਲਾਨ ਕਰ ਦਿੱਤਾ। ਕਈ ਬਹੁਤ ਸੁਹਿਰਦ ਸਿੱਖਾਂ ਨੇ ਸਾਰੇ ਪੰਥ ਨੂੰ ਸ਼ਾਂਤ ਰਹਿ ਕੇ 'ਤਮਾਸ਼ਾ' ਦੇਖਣ ਨੇਕ ਸਲਾਹ ਸੋਸ਼ਲ ਮੀਡੀਆ ਰਾਹੀਂ ਪੁੱਜਦੀ ਕੀਤੀ। ਕਿਸੇ ਅਦਿੱਖ ਸਾਂਝ ਦੀ ਪੀਡੀ ਡੋਰ ਨਾਲ ਬੱਝਾ ਪੰਥ ਹੁਲਾਰੇ ਲੈਂਦਾ ਦਿੱਸਦਾ ਸੀ। ਪੀੜਤਾਂ ਦੀ ਲੜਾਈ ਜਾਂ ਇਨਸਾਫ਼ ਹੋਣ ਨਾਲੋਂ ਆਪਣੇ 'ਪਰਮ ਪਿਤਾ' ਦਾ ਸਵਾਂਗ ਧਾਰਨ ਵਾਲੇ ਪਾਖੰਡੀ ਸਾਧ ਦਾ ਨਾਸ਼ ਹੋਣਾ ਪੰਥ ਲਈ ਵਡੇਰੀ ਹਸਤੀ ਰੱਖਦਾ ਸੀ। ਆਖਰ ਭਾਜਪਾ ਦੇ ਸੰਸਦ ਮੈਂਬਰ ਸਾਕਸ਼ੀ ਮਹਾਰਾਜ ਦਾ ਇਹ ਕਥਨ ਪੰਥ 'ਤੇ ਕਿੰਨਾ ਸਹੀ ਢੁੱਕਦਾ ਹੈ : 'ਕਰੋੜਾਂ ਲੋਕਾਂ ਦੀ ਭਾਵਨਾ ਸਾਹਮਣੇ ਇਕ ਵਿਅਕਤੀ ਦੇ ਬਿਆਨ/ਸ਼ਿਕਾਇਤ/ਪੀੜਾ ਦਾ ਕੀ ਮੁੱਲ ਹੈ ?"

ਪੜ੍ਹਾਈ ਵਿਚ ਹੋਣਹਾਰ ਲੜਕੀ ਨੂੰ ਉਸ ਦੇ ਭਰਾ ਰਣਜੀਤ ਸਿੰਘ ਵਲੋਂ ਸੱਚਾ ਸੌਦਾ ਡੇਰੇ ਨਾਲ ਜੋੜਿਆ ਗਿਆ। ਇਹ ਲੜਕਾ 2002 ਵਿਚ ਡੇਰੇ ਦੇ ਪ੍ਰਬੰਧ ਦਾ ਮੈਨੇਜਰ ਸੀ। ਇਨ੍ਹਾਂ ਪੰਦਰਾਂ ਸਾਲਾਂ ਵਿਚ ਜਦੋਂ ਡੇਰੇ ਦਾ ਬਹੁਤ ਫੈਲਾਅ ਹੋਇਆ ਹੈ ਤਾਂ ਆਈ.ਈ.ਐਸ.ਟੀ.ਐਸ ਦੇ ਸੱਤ ਬੈਂਡ ਹਾਸਲ ਕਰਨ ਵਾਲਿਆਂ ਵਾਂਗ ਉਸ ਦਾ ਕੈਰੀਅਰ 'ਬ੍ਰਾਈਟ' ਸੀ। ਜਦੋਂ ਬਹੁਤੇ ਲੋਕ ਡੇਰੇ ਦੇ ਪੈਰੋਕਾਰਾਂ ਨੂੰ ਗੁੰਡੇ, ਬਦਮਾਸ਼, ਹਿੰਸਕ, ਜਨੂੰਨੀ, ਅੰਨ੍ਹੇ ਆਦਿਕ ਆਖ ਰਹੇ ਹਨ ਤਾਂ ਓਪਰੀ ਨਜ਼ਰੇ ਕਤਲ ਹੋਇਆ ਰਣਜੀਤ ਸਿੰਘ ਵੀ ਇਸੇ ਚੌਖਟੇ ਵਿਚ ਫਿੱਟ ਹੁੰਦਾ ਹੈ, ਜਿਸ ਨੇ ਆਪਣੀ ਸ਼ਰਧਾ-ਵੱਸ ਸਕੀ ਭੈਣ ਨੂੰ ਸਾਧਵੀ ਬਣ ਜਾਣ ਲਈ ਤਿਆਰ ਕੀਤਾ। ਸੋ ਸਿੱਖੀ ਵਰਗੇ ਮਹਾਨ ਧਰਮ ਤੋਂ ਬੇਮੁੱਖ ਹੋ ਕੇ 'ਪ੍ਰੇਮੀ' ਬਣ ਗਏ ਡੇਰੇ ਦੇ ਹੋਰਨਾਂ ਸਧਾਰਨ, ਮੂਰਖ ਪੈਰੋਕਾਰਾਂ ਵਾਂਗ ਇਨ੍ਹਾਂ ਨਾਲ ਦਮਨ, ਧੱਕਾ ਹੋਣਾ ਤਾਂ ਤੈਅ ਹੀ ਸੀ। ਨਵਾਂ ਕੀ ਹੋਇਆ ? ਉਦੋਂ ਡੇਰੇ ਵਲੋਂ ਦੋ ਜਣਿਆਂ ਦਾ ਕਤਲ ਹੋਇਆ ਦੱਸੀਦਾ ਹੈ ਅਤੇ ਹੁਣ 25 ਅਗਸਤ ਨੂੰ ਡੇਰੇ 'ਕਰ ਕੇ' ਕੋਈ 40 ਜਣਿਆਂ ਦੀ ਜਾਨ ਗਈ ਹੈ। ਨਵਾਂ ਕੀ ਹੋਇਆ ? ਜਾਤ ਦੇ ਪ੍ਰੇਮੀਆਂ ਨੇ ਜੇ ਸ਼ਤੀਰਾਂ ਨੂੰ ਜੱਫੇ ਪਾਉਣ ਦਾ ਵਿੱਢ ਵਿੱਢਿਆ ਹੈ ਤਾਂ ਇਹ ਤਾਂ ਹੋਣਾ ਈ ਸੀ। ਨਵਾਂ ਕੀ ਹੋਇਆ ?

ਨਵਾਂ ਇਹ ਹੋਇਆ ਕਿ ਆਪਣੀ ਭੈਣ ਨਾਲ ਹੋਏ ਦਮਨ ਨੂੰ ਉਸ ਦੇ ਭਰਾ ਨੇ ਬੇਪਰਦ ਕਰਨ ਦਾ ਧਰਮ ਯੁੱਧ ਵਿੱਢ ਲਿਆ। ਆਪਣੀ ਭੈਣ ਨਾਲ ਸੁਨੇਹ, ਰੱਖਣੀ ਬੰਨ੍ਹੀ ਦੀ ਹੋਣਦੀ ਲੱਜ ਪਾਲਦਿਆਂ ਉਸ ਨੇ ਨਿਗੂਣੇ ਸਾਧਨਾਂ ਨਾਲ ਐਡੀ ਵੱਡੀ ਮੂੰਹਜ਼ੋਰ ਤਾਕਤ ਨਾਲ ਭਿੜਨ ਦਾ ਜੇਰਾ ਕਰ ਲਿਆ। ਹਿੰਦੀ ਕਵੀ ਆਲੋਕ ਧਨਵਾ ਦੇ ਕਹਿਣ ਵਾਂਗ 'ਇਹ ਇਕ ਛੋਟੀ ਜਿਹੀ ਪਰ ਮਹਾਨ ਵਾਰਤਾ ਹੈ।' ਉਂਝ ਜੇ ਉਹ ਘਰ-ਬਾਰ ਦੀ ਕਮਾਈ ਇੱਜ਼ਤ ਦਾ ਹਵਾਲਾ ਦੇ ਕੇ, ਆਪਣਾ ਹੀ ਢਿੱਡ ਨੰਗਾ ਹੋਣ ਦਾ ਵਾਸਤਾ ਪਾ ਕੇ, 'ਤਮਾਸ਼ਾ ਦੇਖਣ ਵਾਲਿਆਂ ਦਾ ਮਨੋਰੰਜਨ ਹੋਣ ਦੀ ਬਾਤ ਪਾਉਂਦਾ ਤਾਂ ਸ਼ਾਇਦ ਉਹ ਆਪਣੀ ਭੈਣ ਨੂੰ ਇਸ ਬਦਨਾਮੀ ਖੱਟਣ ਵਾਲੇ ਰਾਹ ਪੈਣੋਂ ਰੋਕ ਵੀ ਸਕਦਾ ਸੀ। ਨਾਲੇ ਇਨਸਾਫ਼ ਕਿਹੜਾ ਧਰਿਆ ਪਿਆ ਹੁੰਦੈ, ਉਮਰਾਂ ਬੀਤ ਜਾਂਦੀਆਂ ਨੇ, ਕੱਖ ਪੱਲੇ ਨਹੀਂ ਪੈਂਦਾ। ਛੇਤੀ ਵਿਆਹ ਵੀ ਧਰਿਆ ਜਾ ਸਕਦਾ ਸੀ, ਸਾਰੀ

ਗੱਲ ਠੱਪ-ਮੁੱਕ ਜਾਣੀ ਸੀ। ਪਰ੍ਹੇ-ਪੰਚਾਇਤ ਜਾਂ ਭਾਈਚਾਰਾ ਇਸ ਗੱਲ ਵਿਚ ਬਹੁਤ ਸਹਾਈ ਹੁੰਦਾ ਆਇਆ ਹੈ, ਆਖਰ ਉਨ੍ਹਾਂ ਨੇ ਵੀ ਆਪਣੀਆਂ ਕੁੜੀਆਂ ਦੇ ਹੱਥ ਪੀਲੇ ਕਰ ਕੇ ਸੁਰਖ਼ਰੂ ਹੋਣਾ ਹੁੰਦਾ ਹੈ। ਇਕ ਲੜਕੀ ਕਰ ਕੇ ਬਾਕੀਆਂ ਦਾ ਭਵਿੱਖ ਵੀ ਗ੍ਰਹਿਣਿਆ ਜਾ ਸਕਦਾ ਹੈ। ਨਾਲ ਹੀ ਰਣਜੀਤ ਸਿੰਘ ਦੀ ਡੇਰੇ ਦੇ ਕਾਰ-ਵਿਹਾਰ ਵਿਚ ਹੋਰ ਤਰੱਕੀ ਹੋ ਜਾਣੀ ਸੀ। ਪਰ ਜਿਵੇਂ ਕਿ ਪ੍ਰੇਮੀ ਅਕਲ ਦੇ ਅੰਨ੍ਹੇ ਹੁੰਦੇ ਹੀ ਨੇ, ਉਸ ਨੇ ਵਿਹਾਰਕ ਹੋਣ ਨਾਲੋਂ ਸਿਦਕਵਾਨ ਭਰਾ ਹੋਣ ਨੂੰ ਪਹਿਲ ਦਿੱਤੀ। ਅਖੀਰ ਮਾਰਿਆ ਗਿਆ। 'ਤਮਾਸ਼ਾ ਦੇਖਣ ਵਾਲਿਆਂ ਨੂੰ ਇਹ ਪਹਿਲੋਂ ਹੀ ਪਤਾ ਹੁੰਦਾ ਹੈ।'

ਆਪਣੇ ਭਾਈ ਵਰਗੀ ਅਕਲ ਦੀ ਦੁਸ਼ਮਣ ਤੇ ਪ੍ਰੇਮੀਆਂ ਵਰਗੀ ਜਨੂੰਨੀ ਹੀ ਉਹਦੀ ਭੈਣ ਸੀ, ਉਤੋਂ ਸਹੇਲੀ ਵੀ ਨਾਲ ਰਲ ਗਈ। ਆਪਣੇ ਦਮਨ ਦੀ ਦੁਹਾਈ ਦੇ ਕੇ ਪਹਿਲਾਂ ਭਾਈ ਮਰਵਾ ਲਿਆ ਤੇ ਫਿਰ ਕਮਲੀ ਨੇ ਆਪ ਬਲਦੀ 'ਚ ਛਾਲ ਮਾਰ ਦਿੱਤੀ। ਅਖੇ ਉਹਦੀ ਮੌਤ ਅਜਾਈਂ ਨਾ ਚਲੀ ਜਾਵੇ। ਭੈਣ-ਭਾਈ ਦਾ ਪਿਆਰ ਤਾਂ ਚਲੋ ਹੁੰਦਾ ਈ ਐ, ਪਰ ਇਹ ਤਾਂ ਬੀਅ-ਨਾਸ ਵੱਲ ਤੁਰ ਪਏ! ਤਕੜਿਆਂ ਦੇ ਰਾਜ-ਭਾਗ ਵਿਚ ਇਨਸਾਫ਼ ਦੀ ਦੁਹਾਈ ਦੇਣ ਨਾਲ, ਆਪਣਾ ਢਿੱਡ ਨੰਗਾ ਕਰਨ ਨਾਲ ਐਵੇਂ ਜਗ-ਹਸਾਈ ਤੇ ਬਦਨਾਮੀ ਝੋਲੀ 'ਚ ਪੈਣ ਦਾ ਬਹਾਨਾ ਬਣ ਜਾਂਦੈ। ਕੁੜੀਆਂ-ਚਿੜੀਆਂ ਇਹ ਕਰਦੀਆਂ ਚੰਗੀਆ ਨਹੀਂ ਲੱਗਦੀਆਂ। 'ਤਮਾਸ਼ਬੀਨਾਂ' ਦੇ ਭਾਈਚਾਰੇ 'ਚ ਇਸੇ ਕਰਮੇ ਮੁੰਡਿਆਂ ਦੀ ਸੁੱਖ ਸੁੱਖੀ ਜਾਂਦੀ ਹੈ। ਹੋਰ ਸਾਰਿਆਂ ਫ਼ਿਰਕਿਆਂ ਨਾਲੋਂ 'ਤਮਾਸ਼ਾ ਦੇਖਣ' ਵਾਲਿਆਂ ਦੇ ਭਾਈਚਾਰੇ ਵਿਚ ਹਜ਼ਾਰ ਮਰਦਾਂ ਪਿੱਛੇ ਔਰਤਾਂ ਦੀ ਗਿਣਤੀ ਸਭ ਤੋਂ ਘੱਟ ਪਾਈ ਜਾਂਦੀ ਹੈ।

ਸਿੱਖ ਭਾਈਚਾਰਾ ਪਿਛਲੇ ਕੁਝ ਅਰਸੇ ਤੋਂ ਆਪਣੀ ਵਿਲੱਖਣ ਪਛਾਣ ਦੀ ਘਾੜਹਤ ਦੇ ਆਹਰ ਵਿਚ ਤਨਦੇਹੀ ਨਾਲ ਜੁਟਿਆ ਹੋਇਆ ਹੈ। ਨਾਨਕਸ਼ਾਹੀ ਕੈਲੰਡਰ ਅਪਣਾ ਕੇ ਤਰੀਕਾਂ ਅੱਗੇ-ਪਿੱਛੇ ਕਰੀ ਰੱਖਦਾ ਹੈ। ਪਹਿਲਾਂ ਸੈਂਕੜੇ ਸਾਲਾਂ ਤੋਂ ਦੀਵਾਲੀ ਨੂੰ ਦੀਵਾਲੀ ਹੀ ਕਹਿੰਦਾ ਆਇਆ ਹੈ, ਨਾਲ ਇਹ ਜੋੜ ਕੇ ਕਿ ਕਿ ਇਸੇ ਦਿਨ ਗੁਰੂ ਹਰਿਗੋਬਿੰਦ ਸਾਹਿਬ ਜਦੋਂ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਅ ਹੋ ਕੇ ਆਏ ਤਾਂ ਰਾਮਦਾਸਪੁਰ ਵਿਚ ਦੀਪਮਾਲਾ ਹੋਈ। ਹੁਣ ਪਰ ਦੀਵਾਲੀ ਵੀ ਕਹਿਣਾ ਛੱਡ ਕੇ ਇਸ ਦਿਨ ਨੂੰ 'ਬੰਦੀਛੋੜ ਦਿਵਸ' ਕਹਿਣ ਦਾ ਸਿਲਸਿਲਾ ਚਾਲੂ ਕਰ ਲਿਆ ਹੈ। ਆਨੀ ਬਹਾਨੀਂ ਦੀਵਾਲੀ ਮੌਕੇ ਕਿਸੇ ਦਰਘਟਨਾ ਦਾ ਹਵਾਲਾ ਦੇ ਕੇ ਇਸ ਤਿਉਹਾਰ ਨੂੰ ਮਨਾਉਣੋਂ ਰੋਕਣ ਦਾ ਸੂਖ਼ਮ ਦਬਾਅ ਬਣਾਇਆ ਜਾਂਦਾ ਹੈ। ਜੇ ਕੋਈ ਮਨਾ ਲਵੇ ਤਾਂ ਹਿੰਦੂ ਭਾਈਚਾਰੇ ਅੰਦਰਲੀ ਮੰਦਭਾਵਨਾ ਦਾ ਇਸ਼ਤਿਹਾਰ ਬਣ ਜਾਂਦਾ ਹੈ ਅਤੇ ਸਿੱਖ ਹਿਰਦੇ ਛਲਣੀ-ਛਲਣੀ ਹੋਣ ਲਈ ਤਿਆਰ-ਬਰ-ਤਿਆਰ ਮਿਲਦੇ ਹਨ।

ਇਹੋ ਜਿਹੇ ਹੋਰ ਮੁੱਦਿਆਂ ਦੀ ਓਟ-ਆਸਰੇ ਨੰਗੀਆਂ ਤਲਵਾਰਾਂ, ਸ਼ੂਕਦੇ ਮੋਟਰਸਾਈਕਲ, ਸਿੱਖਾਂ ਨਾਲ ਵਿਤਕਰਾ, ਹਿੰਦੂਵਾਦ ਤੋਂ ਖ਼ਤਰਾ, ਸਿੱਖ ਵਿਰਾਸਤ ਦਾ ਸਵਾਲ, ਨੂੰਹਾਂ-ਧੀਆਂ ਬਚਾਉਣ ਦੇ ਹਵਾਲੇ, ਆਦਿ ਦਾ ਅਤੁੱਟ ਲੰਗਰ ਵਰਤਣ ਲੱਗਦਾ ਹੈ। ਜਥਿਆਂ ਵਲੋਂ ਉਗਰਾਹੀ, ਕਾਫ਼ਲਿਆਂ ਵਲੋਂ ਮਾਰਚ, ਪੰਥਕ ਕਨਵੈਨਸ਼ਨਾਂ, 'ਸਿੱਖ ਵਿਦਵਾਨਾਂ' ਦੀਆਂ ਇਕੱਤਰਤਾਵਾਂ, ਗੁਰਮਤੇ, ਵਿਚਾਰਾਂ, ਪ੍ਰੈੱਸ ਕਾਨਫ਼ਰੰਸਾਂ, ਕਥਾਂ-ਕੀਰਤਨ ਦਰਬਾਰਾਂ, ਵੱਖ-ਵੱਖ ਸੰਤਾਂ ਦੀਆਂ 'ਫ਼ੌਜਾਂ' ਪੰਜਾਬ ਵਿਚ ਸਰਗਰਮੀ ਵਿੱਢ ਲੈਂਦੀਆਂ ਹਨ। ਵਿਚੇ-ਵਿਚ ਰਾਮਦੇਵ ਕੌਡੀ ਪਾ ਜਾਂਦਾ ਹੈ। 'ਸੌਦਾ ਸਾਧ' ਮਨਭਾਉਂਦਾ ਵਿਸ਼ਾ ਹੋ ਨਿੱਬੜਦਾ ਹੈ।

ਸਾਰੇ ਪੰਥ ਦੀ ਏਕਤਾ ਕਾਇਮ ਰੱਖਣ ਲਈ ਕਿਸੇ ਸਾਂਝੇ ਦੁਸ਼ਮਣ ਦਾ ਹਊਆ ਖੜ੍ਹਾ ਕਰੀ ਰੱਖਣਾ ਲਾਜ਼ਮੀ ਹੋ ਗਿਆ ਹੈ। ਖਾੜਕੂ ਸਿੱਖ ਲਹਿਰ ਨੇ ਇਹ ਭੱਖੜਾ ਆਪਣੀ ਵਿਰਾਸਤ ਵਜੋਂ ਅਗਲੇਰੀਆਂ ਪੁਸ਼ਤਾਂ ਲਈ ਬੀਜ ਰੱਖਿਆ ਹੈ। ਮੇਘਾਲਿਆ ਵਿਚ ਇਸਾਈ ਫ਼ਿਰਕੇ ਦੇ ਪ੍ਰਭਾਵਸ਼ਾਲੀ ਤਬਕੇ ਨੇ ਵੀ ਇਹੋ ਤਕਨੀਕ ਅਪਣਾਈ ਹੋਈ ਹੈ। ਜਿਵੇਂ ਮੁਸਲਮਾਨਾਂ ਨੂੰ ਜਨੂੰਨੀ, ਬਲਾਤਕਾਰੀ, ਲਵ-ਜਿਹਾਦੀ, ਗਾਂ ਖਾਣ ਵਾਲੇ, ਆਦਿਕ ਆਖ ਕੇ ਦੰਗਾ ਜਾਂ ਕਤਲਾਮ ਹੁੰਦਾ ਆ ਰਿਹਾ ਹੈ, ਉਵੇਂ ਹੀ ਪੰਜਾਬ ਵਿਚ ਪ੍ਰੇਮੀਆਂ ਦਾ ਸਮਾਜਿਕ ਬਾਈਕਾਟ, 'ਨਾਮ ਚਰਚਾ' 'ਤੇ ਪਾਬੰਦੀ ਦੀ ਮੰਗ, ਦਸ਼ਮੇਸ਼ ਪਿਤਾ ਦਾ ਸਵਾਂਗ ਧਾਰ ਕੇ ਕੀਤੀ ਬੇਅਦਬੀ ਆਦਿ ਮੁੱਦੇ ਬਣੇ ਰਹੇ ਹਨ। ਯਾਦ ਰਹੇ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਦੋਸ਼ ਸਭ ਤੋਂ ਪਹਿਲਾਂ ਪ੍ਰੇਮੀਆਂ ਤੇ ਹੀ ਲਾਇਆ ਜਾ ਰਿਹਾ ਸੀ, ਪਰ ਸੰਗਤ ਨੇ ਵਿਵੇਕ ਕਾਇਮ ਰੱਖਦਿਆਂ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ।

ਖਾੜਕੂ ਲਹਿਰ ਦਾ ਦੌਰ ਖਤਮ ਹੋਇਆ ਤਾਂ ਦੇਹਧਾਰੀ ਗੁਰੂਆਂ ਦੀ ਸਰਗਰਮੀ ਵੱਧਦੀ ਗਈ। ਦਮਦਮੀ ਟਕਸਾਲ ਦੀ ਚੜ੍ਹਾਈ ਤੇ ਫਿਰ ਉਤਰਾਈ ਨੇ ਅਜਿਹੇ ਸੰਪਰਦਾਵਾਂ, ਟਕਸਾਲਾਂ, ਦਰਬਾਰਾਂ, ਡੇਰਿਆਂ ਨੂੰ ਕੁਝ ਜ਼ਰੂਰੀ ਸਬਕ ਦਿੱਤੇ। ਪਹਿਲਾ ਆਪਣੀ ਤਾਕਤ ਨੂੰ, ਪ੍ਰਭਾਵ ਨੂੰ, ਸੰਪਰਕਾਂ ਨੂੰ ਵਧਾਇਆ ਵੀ ਜਾਵੇ ਅਤੇ ਦੂਜਾ ਸਰਕਾਰਾਂ, ਦਰਬਾਰਾਂ, ਅਹਿਲਕਾਰਾਂ ਨਾਲ ਰਿਸ਼ਤਾ ਗੰਢ ਕੇ ਰੱਖਿਅ ਜਾਵੇ। ਡੇਰਾ ਸੱਚਾ ਸੌਦਾ ਇਸ ਵਰਤਾਰੇ ਦੀ ਨੁਮਾਇਆਂ ਮਿਸਾਲ ਬਣ ਗਿਆ।

ਇਕ ਹੋਰ ਵਰਤਾਰਾ ਵੀ ਇਸ ਵਿਚ ਰਲ ਗਿਆ। ਹਰੇ ਇਨਕਲਾਬ ਦੀ ਜੋਗ 90ਵਿਆਂ ਵਿਚ ਹੰਭ ਕੇ ਖੜ੍ਹ ਗਈ। ਖਾੜਕੂ ਦੌਰ ਦੀ ਹਿੰਸਾ-ਪ੍ਰਤਿਹਿੰਸਾ ਦੇ ਸਾਂਝੇ ਪੜ੍ਹੱਲ ਨੇ ਸਾਰਾ ਸੰਸਥਾਈ ਅਤੇ ਪ੍ਰਸ਼ਾਸਕੀ ਢਾਂਚਾ ਭੁਰਭੁਰਾ ਕਰ ਦਿੱਤਾ। ਸਰਕਾਰ ਨੂੰ ਛੁਟਕਾਰਾ ਮਿਲ ਗਿਆ। ਨਾਗਰਿਕਾਂ ਨੂੰ ਮਿਲਣ ਵਾਲੀਆਂ ਸੇਵਾਵਾਂ-ਸਿੱਖਿਆ, ਸਿਹਤ, ਰੋਜ਼ਗਾਰ ਦੀ ਕਾਇਮੀ, ਆਦਿ-ਐਨ ਖੰਡਰ ਬਣ ਗਈਆਂ। ਖਾਂਦੇ-ਹੰਢਾਉਂਦੇ ਤੇ ਗਰੀਬ ਲੋਕਾਂ ਦਾ ਪਾੜਾ ਵੱਧ ਗਿਆ ਸੀ। ਪ੍ਰਾਈਵੇਟ ਅੰਗਰੇਸੀ ਸਕੂਲ, ਮਹਿੰਗੀ ਸਿੱਖਿਆ ਦੇ ਕਾਰੋਬਾਰ ਨੇ ਕਿਸੇ ਸਾਂਝੇ ਅਨੁਭਵ ਜ਼ਮੀਨ ਬਣਾ ਸਕਣ ਦੀ ਸੰਭਾਵਨਾ ਦਾ ਵੀ ਬਲਾਤਕਾਰ ਕਰ ਦਿੱਤਾ। ਪਰੰਪਰਕ ਕਿਸਮ ਦਾ ਜਾਤ-ਪਾਤੀ ਦਮਨ ਤਾਂ ਸਭਿਆਚਾਰ ਆਖਿਆ ਹੀ ਜਾਂਦਾ ਹੈ, ਪਰ ਹੁਣ ਇਸ ਦਾ ਪੇਂਡੂ ਸਮਾਜ ਵੀ ਵਿਰੋਧ ਜ਼ਰਾ ਮਜ਼ਬੂਤੀ ਨਾਲ ਹੋਣਾ ਸ਼ੁਰੂ ਹੋ ਗਿਆ। ਸਿੱਖ ਪੰਥ ਜਦੋਂ ਖਾਲਸਾ ਸਾਜਣ ਦੇ 300 ਸਾਲਾਂ ਦਾ ਜਸ਼ਨ ਮਨਾਉਣ ਲਈ ਕਮਰਕੱਸਾ ਕੱਸ ਰਿਹਾ ਸੀ ਤਾਂ ਪਤਾ ਲੱਗਾ ਕਿ ਸ੍ਰੀ ਅਨੰਦਪੁਰ ਸਾਹਿਬ ਵਿਚ ਸਾਰੇ ਨਗਰ ਨੂੰ ਚਿੱਟਾ ਰੰਗ ਕਰਦਿਆਂ ਭਾਈ ਜੈਤਾ ਵਾਲੀ ਯਾਦਗਾਰ ਨੂੰ ਛੱਡ ਦਿੱਤਾ ਗਿਆ ਸੀ। ਮਗਰੋਂ ਪ੍ਰੈਸ ਵਿਚ ਰੌਲਾ ਪੈਣ ਕਰ ਕੇ ਰੰਗ ਹੋਇਆ। ਪਿੰਡੋ-ਪਿੰਡੀ ਜਾਤਾਂ ਦੇ ਆਪੋ-ਆਪਣੇ ਗੁਰਦੁਆਰੇ, ਸ਼ਮਸ਼ਾਨਘਾਟ, ਧਰਮਸ਼ਾਲਵਾਂ ਡੱਟ ਕੇ ਬਣਦੀਆਂ ਗਈਆਂ। ਹੁਣੇ ਹੀ ਦਿੱਲੀ ਸਿੱਖ ਗੁਰਦੁਆਰਾ ਮੈਨਜਮੈਂਟ ਕਮੇਟੀ ਦੇ ਅਧੀਨ ਚੱਲਣ ਵਾਲੇ ਅਤੇ ਸਭ ਤੋਂ ਵੱਧ ਫ਼ੀਸਾਂ ਉਗਰਾਹੁਣ ਵਾਲੇ ਕਾਲਜਾਂ ਨੂੰ ਜਦੋਂ ਘੱਟ-ਗਿਣਤੀ ਅਦਾਰੇ ਹੋਣ ਦਾ ਹੱਕ ਮਿਲਿਆ ਤਾਂ ਇਸ ਵਿਚ ਦਲਿਤ ਵਿਦਿਆਰਥੀਆਂ ਨੂੰ ਦਾਖ਼ਲੇ ਦਾ ਸੰਵਿਧਾਨਕ ਅਧਿਕਾਰ ਗਾਇਬ ਹੈ।

ਇਸ ਸਭ ਨੂੰ ਸਿੱਖ ਪੰਥ ਨੇ ਦੇਖ ਕੇ ਅਣਡਿੱਠ ਕਰ ਦਿੱਤਾ। ਸਾਡੇ ਸਮਾਜ ਵਿਚ ਮਨੁੱਖ ਹਸਤੀ ਦਾ ਬੁਨਿਆਦੀ ਸਵਾਲ ਖੜ੍ਹਾ ਹੋਇਆ ਤਾਂ ਪੰਥ ਨੇ ਇਸ ਨੂੰ ਸਿੱਖੀ ਦੇ ਭਵਿੱਖ ਲਈ ਕੇਂਦਰੀ ਸਵਾਲ ਹੀ ਨਾ ਮੰਨਿਆ। ਇਤਿਹਾਸ ਦੀ ਜਾੜ੍ਹ ਥੱਲੇ ਆ ਕੇ ਤ੍ਰੇੜਿਆ ਜਾ ਰਿਹਾ ਭਾਈਚਾਰਾ ਆਪਣੇ ਲਈ ਰਾਹ ਲੱਭਦਾ-ਲੱਭਦਾ ਵੱਖੋ-ਵੱਖਰੇ ਡੇਰਿਆਂ ਨੂੰ ਤੁਰ ਪਿਆ ਤਾਂ ਇਸ ਵਿਚ ਸਿੱਖੀ ਦੀਆਂ ਕ੍ਰਾਂਤੀਕਾਰੀ ਕਦਰਾਂ-ਕੀਮਤਾਂ ਨੂੰ ਸਿੱਖਾਂ ਦੇ ਵਡੇਰੇ ਤਬਕੇ ਵਲੋਂ ਪਿੱਠ ਦੇ ਕੇ ਖੜ੍ਹ ਜਾਣ ਪ੍ਰਤੀ ਰੋਹ ਵੀ ਸੀ। ਮੌਜੂਦਾ ਧਨਾਢਾਂ ਦੀ ਲਿਸ਼ਕੀ-ਪੁਸ਼ਕੀ ਸਿੱਖੀ ਦਾ ਨਕਾਰ ਵੀ ਸੀ। ਪਰ ਸਭ ਤੋਂ ਵੱਧ ਆਪਣੀ ਸਨਮਾਨਯੋਗ ਸ਼ਨਾਖ਼ਤ  ਖੜ੍ਹੀ ਕਰਨ ਦਾ ਦ੍ਰਿੜ੍ਹ ਇਰਾਦਾ ਵੀ ਸੀ। ਨਵੇਂ ਨਸ਼ਿਆਂ, ਇੰਟਰਨੈਟ ਪੈਕਾਂ, ਹੇਅਰ ਸਟਾਈਲਿੰਗ ਜੈੱਲਾਂ, ਗੈਂਗਸਟਰਾਂ ਦੀ ਚੜ੍ਹਾਈ ਵੀ ਵਿੰਗੇ ਟੇਢੇ ਢੰਗ ਨਾਲ ਇਹੋ ਬਾਤ ਪਾ ਰਹੀ ਹੈ। ਪੰਥਕ ਵਿਚਾਰਾਂ ਇਸ ਸਾਰੇ ਵਰਤਾਰੇ ਸਾਹਮਣੇ ਮੂੰਹ ਹਿਲਾਉਂਦੀਆਂ ਰਹੀਆਂ ਪਰ ਕਿਸੇ ਢੁੱਕਵੀਂ ਸਰਗਰਮੀ ਤੱਕ ਨਾ ਪੁੱਜੀਆਂ। ਸਾਂਝੇ ਦੁਸ਼ਮਣ ਘੜ੍ਹਣ ਦੀ ਸੌਖੀ, ਸਸਤੀ ਅਤੇ ਟਿਕਾਊ ਹਿੰਦੂਤਵੀ ਡੋਨਾਲਡ ਟਰੰਪ ਦੀ ਰਣਨੀਤੀ ਦੀ ਨਕਲ ਕਰਦਿਆਂ ਸਾਰੀ ਸਿੱਖੀ ਦਾ ਸਿੱਦਕ ਪ੍ਰੇਮੀਆਂ ਨੂੰ ਸਬਕ ਸਿਖਾਉਣ ਦੇ ਮੁੱਦੇ ’ਤੇ ਕੇਂਦਰਿਤ ਹੁੰਦਾ ਰਿਹਾ ਹੈ। ਸਿੱਖ ਪੰਥ ਦੀ ਇਸ ਅਦੁੱਤੀ ਘਾਲਣਾ ਨੂੰ ਲੰਘੀ 25 ਅਗਸਤ ਨੂੰ ਬੂਰ ਪੈ ਗਿਆ ਜਦੋਂ ਪਤਿਤ ਸਿੱਖਾਂ ਤੇ ਗ਼ੈਰ-ਸਿੱਖਾਂ ਨੇ, (ਹਿੰਦੂ-ਪੱਖੀ?) ਨਿਆਂਪਾਲਕਾ ਅਤੇ (ਬਲੈਕਮੇਲੀਏ ?) ਛੋਟੇ ਅਖ਼ਬਾਰਾਂ ਨੇ ਡੇਰਾ ਮੁਖੀ ਦਾ ਭਾਂਡਾ ਭੰਨ ਕੇ ਰੱਖ ਦਿੱਤਾ।

‘ਤਮਾਸ਼ਾ ਦੇਖਣ’ ਵਾਲਿਆਂ ਤੋਂ ਉਲਟ ਸਧਾਰਨ ਲੋਕਾਂ ਨੇ ਆਪਣੀ ਏਕਤਾ ਰੱਖਦਿਆਂ, ਸਿੱਦਕ ਧਾਰ ਕੇ ਡੇਰੇ ਵਿਚਲੇ ਦਮਨ ਤੰਤਰ ਅਤੇ ਸ਼ੋਸ਼ਣ ਦੇ ਸਾਮਰਾਜ ਨਾਲ ਹੱਕੀ ਲੜਾਈ ਲੜਨ ਦਾ ਨਿਸ਼ਚਾ ਕਰ ਲਿਆ। ਪਤਿਤ ਸਿੱਖਾਂ ਤੇ ਗ਼ੈਰ-ਸਿੱਖਾਂ ਨੇ ਗਰੀਬ ਸਧਾਰਨ ਪਰਿਵਾਰ ਦੀ ਬਾਂਹ ਫੜੀ। ਡਾਢਿਆਂ ਹੱਥੋਂ ਮਾਸੂਮ ਲੜਕੀਆਂ ਦੇ ਸਰੀਰਕ ਸ਼ੋਸ਼ਣ ਨੂੰ ਗੰਭੀਰਤਾ ਨਾਲ ਲਿਆ। ਪਰਿਵਾਰਕ ਮੈਂਬਰ ਅਤੇ ਗਵਾਹ ਅਡੋਲ ਰਹੇ। ਆਪਣੀ ਜਾਨ ਵਾਰ ਦਿੱਤੀ। ਸ਼ਤਾਬਦੀਆਂ ਮਨਾਉਣ ਵਿਚ ਮਸਰੂਫ਼ ਕਿਸੇ ਸਿੱਖ ਜਥੇਬੰਦੀ ਨੇ, ਕਿਸੇ ਸਿੱਖ ਵਿਦਵਾਨ ਲੇ, ਕਥਾਕਾਰ-ਕੀਰਤਨੀਏ ਨੇ, ਫ਼ੌਜਦਾਰਾਂ ਨੇ ਡੱਕਾ ਦੂਹਰਾ ਨਹੀਂ ਕੀਤਾ। ਸਿੱਖੀ ਦੀ ਰੌਸ਼ਨ ਵਿਰਾਸਤ ਨੂੰ ਇੰਝ ਦਾਗ਼ਦਾਰ ਕਰਨ ਵਾਲਿਆਂ ਦੀ ਮਾਨਸਿਕਤਾ ਵਿਚ ਡੇਰਿਆਂ, ਧਾਮਾਂ ਆਦਿ ਵਿਚ ਔਰਤਾਂ ਦਾ ਸਰੀਰਕ ਸ਼ੋਸ਼ਣ ਜਾਂ ਇਨਸਾਫ਼-ਪਸੰਦ ਸਭਿਆਚਾਰ ਖੜ੍ਹਾ ਕਰਨਾ ਗੰਭੀਰ ਮੁੱਦਾ ਨਹੀਂ ਹੈ। ਤਕੜੇ ਇਵੇਂ ਕਰਦੇ ਆਏ ਹਨ। ਗਰੀਬ ਬੰਦਾ ਬੋਲਦਾ ਹੈ, ਫਿਰ ਹਾਰ ਕੇ ਚੁੱਪ ਕਰ ਜਾਂਦਾ ਹੈ। ਕੋਈ ਪਹਿਲੀ ਵਾਰ ਤਾਂ ਹੋਇਆ ਨਹੀਂ। ਹੁੰਦਾ ਆਇਆ ਹੈ। ਇਹਦੇ ਲਈ ਕੀ ਲੜਾਈ ਬਣਦੀ ਐ ? ਮੁੱਦਾ ਤਾਂ ਸਵਾਂਗ ਧਾਰਨ ਕਰਨ ਵਾਲਾ ਹੀ ਬਣਦਾ ਐ।

ਅਜੋਕਾ ਪੰਥ ਇਨਸਾਫ਼ ਦੀ ਗਾਰੇ-ਮਿੱਟੀ ਨਾਲ ਲਿੱਬੜੀ ਲੜਾਈ ਤੋਂ ਦੂਰੀ ਬਣਾ ਕੇ ਆਪਣੀ ਚਿੱਟੀ ਚਾਦਰ ਦੇ ਚਾਨਣ ਵਿਚ ਕਿਸੇ ਤਮਾਸ਼ੇ ਨੂੰ ਵੇਖ ਰਿਹਾ ਹੈ। ਇਹ ਪੰਥ ਹੁਣ ਸਿਰਫ਼ ਆਪਣੇ ਭਾਈਚਾਰਕ ਹਿੱਤਾਂ ਦੀ ਸੌੜੀ ਸਿਆਸਤ ਕਰਨ ਜੋਗਾ ਹੀ ਬਚਿਆ ਰਹਿ ਗਿਆ ਹੈ। ਹੱਥਲੇ ਮਸਲੇ ਵਿਚ ਪੰਥ ਦਰਅਸਲ ਕਹਿ ਇਹ ਰਿਹਾ ਹੈ ਕਿ ਗਰੀਬ ਹੀ ਨਾ ਹੋਵੇ। ਨਾ ਗਰੀਬੀ ਹੋਵੇ, ਨਾ ਲੜਕੀਆਂ ਨੂੰ ਇਓਂ ਬਿਗਾਨੀਆਂ ਥਾਵਾਂ ’ਤੇ ਜਾ ਕੇ ਜ਼ਲੀਲ ਹੋਣਾ ਪਵੇ। ਹੁਣ ਗਰੀਬੀ

ਕਿਵੇਂ ਦੂਰ ਹੋਵੇ ? ਸੌਖਾ, ਸਸਤਾ ਤੇ ਟਿਕਾਊ ਰਾਹ ਹੈ। ਬਾਹਰਲੇ ਦੇਸੋਂ ਆਏ ਪੱਕੀ ਉਮਰ ਦੇ ਮਰਦਾਂ ਨਾਲ ਆਪਣੀ ਜਵਾਨ ਧੀ-ਭੈਣ ਤੋਰ ਦਿਉ। ਅੱਗੋਂ ਉਹਦੀ ਪੌੜੀ ਬਣਾ ਕੇ ਸਾਰਾ ਟੱਬਰ ਬਾਹਰ ਜਾ ਕੇ ਗਰੀਬੀ ਤੋਂ ਖਹਿੜਾ ਛੁਡਾ ਲਵੇ। ਮੁੜ ਗੁਰੂ ਮਾਹਰਾਜ ਦੀ ਅਪਾਰ ਕਿਰਪਾ ਦਾ ਸ਼ੁਕਰਾਨਾ ਕਰਨ ਲਈ ਅਖੰਡ ਪਾਠਾਂ ਦੀ ਲੜੀ ਰਖਵਾਵੇ, ਦਰਬਾਰ ਸਾਹਿਬ ਮੱਥਾ ਟੇਕੇ ਅਤੇ ਬਾਰਾਮਾਸੀ ਚੱਲਣ ਵਾਲੀ ਕਾਰ ਸੇਵਾ ਲਈ ਸੋਨਾ-ਚਾਂਦੀ ਜਾਂ ਮਾਇਆ ਭੇਟ ਕਰ ਕੇ ਆਪਣਾ ਜਨਮ ਸਫ਼ਲਾ ਕਰੇ। ਜੇ ਡੇਰੇ ਵਿਚ ਇਹ ਕੁਕਰਮ ਹੁੰਦਾ ਹੀ ਆਇਆ ਹੈ ਤਾਂ ਬਾਕੀ ਦੇ ਪੰਜਾਬੀ ਵੀ ਆਪਣੀਆਂ ਧੀਆਂ-ਭੈਣਾਂ ਨੂੰ ਪਰਿਵਾਰ ਦੀ ਤਰੱਕੀ ਲਈ ਯੋਜਨਾਬੱਧ ਢੰਗ ਨਾਲ ਸਰੀਰਕ ਸ਼ੋਸ਼ਣ ਲਈ ਤਿਆਰ ਕਰਦੇ ਆ ਰਹੇ ਹਨ।

ਰਣਜੀਤ ਸਿੰਘ ਨੇ ਇਸ ਵੇਸ਼ਵਾਗਮਨੀ ਦੀ ਸ਼ਤਰੰਜ ਵਾਲੀ ਬਿਸਾਤ ਨੂੰ ਖਿਲਾਰ ਕੇ ਰੱਖ ਦਿੱਤਾ ਹੈ। ਇਸ ਵਾਰਤਾ 'ਚੋਂ ਮੇਰੀ ਜਾਚੇ ਇਕ ਅਹਿਮ ਸਿੱਟਾ ਇਹ ਨਿਕਲਦਾ ਹੈ ਕਿ ਪ੍ਰੇਮੀ ਮੂਰਖ ਜਾਂ ਅੰਨ੍ਹੇ ਸ਼ਰਧਾਲੂ ਨਹੀਂ ਸਗੋਂ ਲੱਜਪਾਲ, ਬੁਲੰਦ ਕਿਰਦਾਰ ਵਾਲੇ ਲੋਕ ਹਨ। ਅਜਿਹੇ ਦਲੇਰ ਲੋਕ ਜੇ ਪਤਿਤ ਸਿੱਖ ਹਨ ਜਾਂ ਸਿੱਖੀ ਦੀਆਂ ਮਹਾਨ ਰਵਾਇਤਾਂ ਤੋਂ ਮੂੰਹ ਭੁਵਾਂ ਕੇ ਖੜ੍ਹੇ ਹਨ ਜਾਂ ਡੇਰਿਆਂ ਵੱਲ ਗਏ ਹਨ ਤਾਂ ਸਾਨੂੰ ਆਪਣੇ 'ਤੇ ਸ਼ੱਕ ਕਰਨਾ ਚਾਹੀਦਾ ਹੈ। ਥੋੜ੍ਹੀ ਸ਼ਰਮ ਮੰਨਣੀ ਚਾਹੀਦੀ ਹੈ। ਸ਼ਤਾਬਦੀਆਂ ਮਨਾਉਣ ਦੀ ਪੰਥਕ ਜ਼ਿੰਮੇਵਾਰੀ ਤੋਂ ਵਿਹਲੇ ਹੋ ਗਏ ਤਾਂ ਫਿਰ ਸ਼ਾਇਦ ਇਹ ਕੰਮ ਵੀ ਸਿਰੇ ਚੜ੍ਹ ਜਾਵੇਗਾ। ਗੁਰੂ ਭਲੀ ਕਰਨਗੇ ?

ਸਿੱਖ ਪੰਥ ਵਿਚ ਪਸਰ ਚੁੱਕੀ, ਅਣਮਨੁੱਖੀ ਹੱਦ ਤੱਕ ਜਾ ਪਹੁੰਚੀ ਅੰਨ੍ਹੀ ਸ਼ਰਧਾ ਅਤੇ ਜਨੂੰਨੀ ਧਾਰਮਿਕਤਾ ਨੇ ਵਿਵੇਕ ਸਿੰਜਣ ਦੀ ਮੁਸ਼ੱਕਤ ਤੋਂ ਨਿਜਾਤ ਹਾਸਲ ਕਰ ਕੇ ਹਿੰਸਾ ਦੇ ਸਭਿਆਚਾਰ ਨਾਲ ਗੰਢ ਚਿਤਰਾਵਾ ਕਰ ਲਿਆ ਹੈ। 'ਅਸੀਂ ਬਨਾਮ ਬਿਗਾਨੇ' ਦਾ ਅਸ਼ਲੀਲ ਤਰਕ ਸਿੱਖ ਭਾਈਚਾਰੇ ਦੀ ਮਾਨਸਿਕਤਾ ਨੂੰ ਘੁਣ ਵਾਂਗ ਲੱਗ ਗਿਆ ਹੈ। ਇਸ ਵਿਚੋਂ 'ਸਾਂਝੀਵਾਲਤਾ', 'ਸਗਲਿ ਸੰਗ', 'ਸਰਬੱਤ ਦਾ ਭਲਾ', 'ਸਚ ਆਚਾਰ' ਆਦਿਕ ਸੰਕਲਪ ਬੋਲ ਵਿਚ ਤਾਂ ਆ ਜਾਂਦੇ ਹਨ ਪਰ ਇਨ੍ਹਾਂ ਦੀ ਸੇਧ ਮੁਤਾਬਿਕ ਨਿਆਂਕਾਰੀ, ਕਰੁਣਾਧਰਮੀ, ਸਹਿਜਭਾਵੀ, ਇਨਸਾਨੀ ਬਰਾਬਰੀ ਵਾਲਾ 'ਨਿਰਭਉ ਨਿਰਵੈਰ' ਸਮਾਜਰ ਸਿਰਜਣ ਦੀ ਜਦੋ-ਜਹਿਦ ਕਰਨ ਦਾ ਇਖ਼ਲਾਕੀ ਇਕਰਾਰ ਮੁਕੰਮਲ ਤੌਰ 'ਤੇ ਗਾਇਬ ਹੈ। ਆਪੋ-ਆਪਣੇ ਕਰਮ ਖੇਤਰ ਵਿਚ ਸਾਡਾ ਕਿਰਦਾਰ ਡੇਰਾ ਮੁਖੀ ਨਾਲੋਂ ਬਹੁਤਾ ਫ਼ਰਕ ਨਹੀਂ ਹੈ। ਆਪਣੇ ਸੰਕਟ ਦੀ ਸਹੀ ਪਛਾਣ ਹੀ ਨਾ ਕਰ ਸਕਣ ਕਰ ਕੇ ਇਸ ਭਾਈਚਾਰੇ ਦਾ ਹਾਲ ਵੀ ਐਨ ਪ੍ਰੇਮੀਆਂ ਵਾਲਾ ਹੀ ਹੈ। ਉਨ੍ਹਾਂ ਵਿਚਲੇ ਕੁਝ ਜੁਝਾਰੂਆਂ ਨੇ ਇਨਸਾਫ਼ ਦੀ ਲੜਾਈ ਲੜ ਕੇ, ਜਾਨ ਵਾਰ ਕੇ ਆਪਣੇ ਕੱਚ-ਸੱਚ ਨੂੰ ਚੌਰਾਹੇ ਲਿਆ ਧਰਿਆ ਹੈ। ਕੀ ਸਿੱਖਾਂ ਵਿਚ ਵੀ ਅਜਿਹੇ ਸ਼ਖਸ ਮੌਜੂਦ ਹਨ ਜੋ ਪੰਥ ਨੂੰ ਆਪਣੇ ਕੱਚ-ਸੱਚ ਬਾਬਤ ਪਾਰਦਰਸ਼ੀ ਹੋਣ ਦੀ ਚੁਣੌਤੀ ਨਾਲ ਜੁੜਦਾ ਸਵਾਲ ਖੱਬੇ-ਪੱਖੀਆਂ ਲਈ ਵੀ ਹੈ। ਇਹ ਸਾਰੇ ਪ੍ਰੇਮੀ ਬੁਨਿਆਦੀ ਤੌਰ 'ਤੇ ਥੁੜ੍ਹੇ-ਟੁੱਟੇ ਤਬਕੇ ਨਾਲ ਸੰਬੰਧਿਤ ਹਨ ਜੋ ਖੱਬੇ-ਪੱਖੀਆਂ ਦੀ ਕੁਦਰਤੀ ਧਿਰ ਹੋਣੇ ਚਾਹੀਦੇ ਸਨ। ਡੇਰੇ ਦੇ ਪ੍ਰਤੀ ਪ੍ਰੇਮੀਆਂ ਦੀ ਰੂਹਾਨੀ-ਇਖ਼ਲਾਕੀ-ਸਮਾਜੀ ਪ੍ਰਤੀਬੱਧਤਾ ਨੂੰ ਸਿਰਫ਼ 'ਧਾਰਮਿਕ ਜਨੂੰਨ ਜਾਂ 'ਅੰਨ੍ਹੀ ਸ਼ਰਧਾ ਦੇ ਕੈਦੀ' ਆਖ ਕੇ ਡੰਗ ਤਾਂ ਟਪਾਇਆ ਜਾ ਸਕਦਾ ਹੈ ਪਰ ਨਾਲ ਹੀ ਇਹ ਕਿਸੇ ਲੋਕ-ਪੱਖੀ ਧਿਰ ਦੀ ਡੂੰਘੀ ਰਣਨੀਤਕ-ਵਿਚਾਰਧਾਰਕ ਸ਼ਿਕਸਤ ਦਾ ਵੀ ਨਿਸ਼ਾਨ ਹੈ।

ਆਪਸ ਵਿਚ ਲੱਖ ਲੜਾਈ ਦੇ ਹੁੰਦਿਆਂ-ਸੁੰਦਿਆਂ ਇਹ ਹਾਰ ਸਿੱਖ ਪੰਥ ਵਾਲਿਆਂ ਦੀ ਤੇ ਖੱਬੇ-ਪੱਖੀਆਂ ਦੇ ਸਾਂਝੇ ਲੱਛਣ, ਵਿਹਾਰ ਅਤੇ ਅਭਿਆਸ ਵੱਲ ਇਸ਼ਾਰਾ ਕਰਦੀ ਹੈ। ਮਿਸਾਲ ਵਜੋਂ ਦੋਵਾਂ ਧਿਰਾਂ ਨੂੰ ਆਪਣੀ ਸਿਧਾਂਤਕ ਪਕਿਆਈ ਦੇ ਸਰੋਤਾਂ 'ਤੇ ਜਾਇਜ਼ ਵਿਸ਼ਵਾਸ ਹੈ। ਆਪਣੇ ਲੋਕਾਂ ਦੀ ਜਾਂ ਪੰਥ ਦੀ ਅੰਤਿਮ ਜਿੱਤ ਬਾਰੇ ਵੀ ਕੋਈ ਦੋ-ਰਾਵਾਂ ਨਹੀਂ। ਸਿੱਖਾਂ ਲਈ ਗੁਰੂ ਦੇ ਕਲਿਆਣਕਾਰੀ ਮਾਰਗ ਤੋਂ ਵਿੱਛੜ ਕੇ ਦੇਹਧਾਰੀ ਬਾਬਿਆਂ ਦੇ ਸਸਤੇ ਪ੍ਰਵਚਨਾਂ ਅਤੇ ਆਡੰਬਰ ਕਰਨ ਵਾਲੇ ਕੁਕਰਮੀ ਸਾਧਾਂ ਦੇ ਲੜ ਲੱਗਣ ਵਾਲਿਆਂ ਦੀ ਲਗਾਤਾਰ ਵਧਦੀ ਗਿਣਤੀ ਰਹੱਸ ਬਣੀ ਹੋਈ ਹੈ। ਐਨੇ ਮਜ਼ਬੂਤ ਸਿਧਾਂਤ, ਸ਼ਾਨਾਮੱਤੇ ਇਤਿਹਾਸ ਵਾਲੇ ਪੰਥ ਦਾ ਵਰਤਮਾਨ ਅਤੇ ਨੇੜ-ਭਵਿੱਖ ਐਸਾ ਬਣਸ਼ਕਲ ਕਿਉਂ ? ਸਿੱਖਾਂ ਲਈ ਇਹ ਸਵਾਲ ਬਿਪਤਾ ਬਣਿਆ ਹੋਇਆ ਹੈ। ਕਦੇ ਹਥਿਆਰਾਂ ਨਾਲ, ਕਦੇ ਵੋਟਾਂ ਆਸਰੇ, ਕਦੇ ਰੈਣ-ਸਬਾਈ ਕੀਰਤਨ ਦਰਬਾਰਾਂ ਨਾਲ, ਕਦੇ ਅੰਮ੍ਰਿਤ ਸੰਚਾਰ ਸਦਕਾ, ਕਦੇ 24-ਘੰਟੇ ਦੇ ਗੁਰਬਾਣੀ ਪ੍ਰਸਾਰਨ ਨਾਲ, ਕਦੇ ਇੰਟਰਨੈਟ ਨਾਲ—ਉਹ ਇਸ ਮੂੰਹ ਵਿਚ ਆਈ ਕੋਹੜ-ਕਿਰਲੀ ਨਾਲ ਨਜਿੱਠਣ ਲਈ ਤਤਪਰ ਹਨ। ਕੋਈ ਪੇਸ਼ ਨਹੀਂ ਜਾ ਰਹੀ।

ਇਵੇਂ ਹੀ ਖੱਬੇ-ਪੱਖ ਦੀਆਂ ਸਿਧਾਂਤਕ ਬੁਨਿਆਦਾਂ ਦੀ ਪਕਿਆਈ, ਲੱਖ ਚੁਣੌਤੀਆਂ ਦੇ ਬਾਵਜੂਦ, ਇਕ ਇਤਿਹਾਸਕ ਪ੍ਰਾਪਤੀ ਹੈ। ਲੋਕਾਈ ਨੇ ਇਸ ਸਿਧਾਂਤ ਨੂੰ ਅਭਿਆਸ ਵਿਚ ਢਾਲ ਕੇ, ਜਥੇਬੰਦ ਹੋ ਕੇ, ਸ਼ਹੀਦੀਆਂ ਨਾਲ ਸਿੰਝ ਕੇ ਵੱਡੀਆਂ ਮੱਲਾਂ ਮਾਰੀਆਂ ਹਨ। ਅਜਿਹੀ ਇਕ ਪ੍ਰਾਪਤੀ 1917 ਦਾ ਬਾਲਸ਼ਵਿਕ ਇਨਕਲਾਬ ਹੈ, ਜਿਸ ਦੀ ਪਹਿਲੀ ਸ਼ਤਾਬਦੀ ਇਸੇ ਸਾਲ 2017 ਵਿਚ ਢੁੱਕੀ ਹੈ। ਪੰਜਾਬ ਵਿਚ ਖੱਬੇ-ਪੱਖੀਆਂ ਦੀ ਅਜੋਕੀ ਸ਼ਿਕਸਤਾ ਹਾਲਤ ਦੇ

ਬਾਵਜੂਦ ਇਨ੍ਹਾਂ ਦਾ ਪੰਜਾਬ ਵਿਚ ਬੇਮਿਸਾਲ ਯੋਗਦਾਨ ਹੈ। ਸਿੱਖੀ ਦੀਆਂ ਲੋਕ-ਹਿੱਤੂ, ਕ੍ਰਾਂਤੀਕਾਰੀ ਰਵਾਇਤਾਂ ਨੂੰ ਪੰਜਾਬ ਦੇ ਖੱਬੇ-ਪੱਖੀਆਂ ਦੇ ਕਿਰਦਾਰ, ਕੁਰਬਾਨੀ ਅਤੇ ਕਰਮਸ਼ੀਲਤਾ ਰਾਹੀਂ ਵੀ ਸਾਕਾਰ ਕੀਤਾ ਗਿਆ ਹੈ। ਪਰ ਇਨ੍ਹਾਂ ਦੇ ਆਗੂਆਂ ਅਤੇ ਹੁਣ ਦੇ ਵਿਚਾਰਕਾਂ ਲਈ ਵੀ ਮੁੱਦਿਆਂ ਦੀ ਵੰਡ ਤੱਤ ਰੂਪ ਵਿਚ ਸਿੱਖ ਪੰਥ ਦੇ ਲੀਡਰਾਂ ਵਾਂਗ ਹੀ ਰਹੀ ਹੈ। ਜੋ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਲਈ ਡੇਰੇ ਦੇ ਪੈਰੋਕਾਰਾਂ ਦਾ ਮਸਲਾ ਸਿੱਖ ਮਸਲਾ ਨਹੀਂ ਤਾਂ ਖੱਬੇ-ਪੱਖੀਆਂ ਲਈ ਵੀ ਇਹ ਕੋਈ ਲੋਕ ਮਸਲਾ ਨਹੀਂ ਹੈ। ਲੈ ਦੇ ਕੇ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਸ਼ੁਭ-ਭਾਵਨਾ ਦੇ ਪੈਗ਼ਾਮ ਤੋਂ ਬਿਨਾਂ ਖੱਬੇ-ਪੱਖ ਕੋਲ ਕੋਈ ਢੁਕਵੀਂ ਲੀਹ ਨਹੀਂ ਹੈ।

ਖੱਬੇ-ਪੱਖੀ ਵੀ ਸਿੱਖਾਂ ਵਾਂਗ ਹੈਰਾਨ ਹਨ ਕਿ ਲੋਕ ਵਾਰ-ਵਾਰ ਵਰਗਲਾਏ ਜਾ ਰਹੇ ਹਨ। ਕਦੇ ਭਿੰਡਰਾਂਵਾਲੇ ਦੇ ਮਗਰ, ਫਿਰ ਬਾਦਲਾਂ ਦੇ ਮਗਰ, ਕਦੇ ਕੈਪਟਨ, ਕਦੇ ਬਸਪਾ ਅਤੇ ਹੁਣ ਆਮ ਆਦਮੀ ਪਾਰਟੀ ਦੇ ਠੱਗਾਂ ਨੇ ਲੋਕ ਚੋਅ ਲਏ ਹਨ। ਲੋਕ ਖੱਬੇ-ਪੱਖ ਦੇ ਸਿਧਾਂਤ, ਕਿਰਦਾਰ ਅਤੇ ਅਭਿਆਸ 'ਤੇ ਬਿਲਕੁਲ ਹੀ ਕਾਂਟਾ ਕਿਉਂ ਫੇਰੀ ਬੈਠੇ ਹਨ? ਕਦੇ ਸਿਸਟਮ 'ਚੋਂ ਆਟਾ-ਦਾਲ ਰਾਹੀਂ, ਕਦੇ ਕਾਲੇ ਧਨ ਨੂੰ ਵਾਪਸ ਲਿਆਉਣ ਨਾਲ ਅਮੀਰ ਹੋ ਜਾਣ ਦੇ ਸੁਪਨੇ ਰਾਹੀਂ, ਕਦੇ ਨੋਟਬੰਦੀ ਰਾਹੀਂ ਭ੍ਰਿਸ਼ਟਾਚਾਰ ਦੇ ਖਾਤਮੇ ਰਾਹੀਂ, ਕਦੇ ਪਾਕਿਸਤਾਨ ਨਾਲ ਜੰਗ ਕਰ ਕੇ ਗੱਲ ਕੀ ਕੋਈ ਰਾਹ ਹੀ ਨਹੀਂ ਛੱਡਿਆ। ਨਵੀਆਂ ਪਾਰਟੀਆਂ, ਨਵੇਂ ਨਾਅਰੇ ਜਾਂ ਨਵੇਂ ਚਿਹਰੇ ਖੱਬੇ-ਪੱਖ ਦੀ ਸਿਆਸਤ ਨੂੰ ਭੁਆਟਣੀਆਂ ਦੇਈ ਫਿਰਦੇ ਹਨ, ਹਾਲਾਂਕਿ ਅੰਤਿਮ ਜਿੱਤ ਇਨ੍ਹਾਂ ਦੀ ਹੀ ਹੋਣੀ ਹੈ।

ਸਿੱਖਾਂ ਅਤੇ ਖੱਬੇ-ਪੱਖੀਆਂ ਦੀ ਆਪਾ ਪੜਚੋਲ ਨਾ ਕਰ ਸਕਣ ਦੀ ਮਜ਼ਬੂਰੀ 'ਚੋਂ ਨਿੱਸਰੀ ਸਾਂਝੀ ਵਿਉਂਤਬੰਦੀ ਹੈ। ਦੋਵੇਂ ਧਿਰਾਂ ਆਪਣੇ ਅੰਦਰਲੇ ਵਿਰੋਧੀਆਂ ਨੂੰ ਚਿੱਤ ਕਰਨ ਲਈ ਇਕੋ ਜਿਹੇ ਤਰੀਕਾਕਾਰ ਅਪਣਾਉਂਦੀਆਂ ਹਨ। ਦੋਵਾਂ ਦਾ ਆਪੋ-ਆਪਣੇ ਦਾਇਰੇ ਦੀਆਂ ਹੱਦਾਂ ਦੀ ਰਾਖੀ ਲਈ ਬੇਹੱਦ ਚੌਕਸੀ ਰੱਖਣ ਦਾ ਲੰਬਾ ਅਭਿਆਸ ਹੈ। ਦੋਵਾਂ ਨੇ ਇਕ ਦੂਜੇ ਨਾਲ ਸਾਰਥਿਕ ਸੰਵਾਦ ਦਾ ਰਾਹ ਤਿਆਗਿਆ ਹੋਇਆ ਹੈ, ਸਗੋਂ ਨਕਾਰਨ ਦੇ ਕਾਰਨਾਂ ਦੀ ਸੂਚੀ ਨੂੰ ਹਰ ਨਾਜ਼ੁਕ ਮਰਹਲੇ 'ਤੇ ਸਿਮਰਿਆ ਜਾਂਦਾ ਹੈ। ਪਰ ਦੋਵੇਂ ਮਾਯੂਸ ਵੀ ਹਨ। ਅੰਦਰੋਂ ਸੱਚੀ ਪੀੜ ਵੀ ਮੰਨਦੇ ਹਨ। ਦੇਹ ਨੂੰ ਅਸਲੀ ਵੈਲ ਇਹ ਲੱਗਾ ਹੋਇਆ ਹੈ ਕਿ ਆਪਣੇ ਹਾਸ਼ੀਏ 'ਤੇ ਚਲੇ ਜਾਣ ਦੇ ਕਾਰਨਾਂ ਦੀ ਇਖ਼ਲਾਕੀ ਪੜਚੋਲ ਕਿਤੇ ਕੋਈ ਨਵਾਂ ਚੰਦ ਨਾ ਚਾੜ੍ਹ ਦੇਵੇ। ਡੇਰੇ ਵੀ ਇਨ੍ਹਾਂ ਧਿਰਾਂ ਦੀ ਇਸੇ ਨੈਤਿਕ ਕਾਇਤਰਾ ਵਿਚੋਂ ਆਪਣੇ ਜੋਗੀ ਆਕਸੀਜਨ ਖਿੱਚ ਲੈਂਦੇ ਹਨ ਅਤੇ ਆਮ ਆਦਮੀ ਪਾਰਟੀ ਵਰਗੇ ਲੋਕ-ਉਭਾਰ ਵੀ ਅਖੀਰ ਨੂੰ ਪਾਰਟੀ (ਡੇਰਾ) ਪ੍ਰਧਾਨ (ਪਿਤਾ ਜੀ) ਦੀ ਜੇਬ ਵਿਚ ਤਕੀਆ ਲਾ ਲੈਂਦੇ ਹਨ। ਸਰਬੱਤ ਲਈ ਚਾਨਣ-ਮੁਨਾਰੇ ਰੂਸੀ ਇਨਕਲਾਬ ਦੀ ਸ਼ਤਾਬਦੀ ਇਸੇ ਵਜ੍ਹਾ ਕਰ ਕੇ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਤੋਂ ਬਾਹਰ ਕਿਸੇ ਨੂੰ ਰੜਕੇਗੀ ਵੀ ਨਹੀਂ।

ਪੰਜਾਬੀ ਇਤਿਹਾਸ ਵਿਚ ਵੱਡਾ ਉਸਾਰੂ ਰੋਲ ਨਿਭਾਉਣ ਵਾਲੀਆਂ ਇਹ ਧਿਰਾਂ ਸਿੱਖ ਪੰਥ ਅਤੇ ਖੱਬੇ-ਪੱਖੀ ਜਦੋਂ ਲਗਭਗ ਤਮਾਸ਼ਾ ਦੇਖਣ ਤੱਕ ਸੁੰਗੜ ਗਏ ਹੋਣ, ਤਾਂ ਫਿਰ ਕੀ ਬਣੇ? ਸਾਧਨਹੀਣ ਆਮ ਆਦਮੀ, ਭਾਸ਼ਾਈ ਮੀਡੀਆ ਦੇ ਛੋਟੇ ਅਖ਼ਬਾਰ, ਜਾਂਚ ਅਫ਼ਸਰ ਅਤੇ ਛੋਟੇ ਜੱਜਾਂ ਨੇ ਵੱਡੇ ਖੱਬੀਖਾਨ ਤੇ ਜਿੰਨ ਮੁੜ ਬੋਤਲ ਵਿਚ ਪਾ ਲਏ ਹਨ। ਕਈ ਪ੍ਰੇਮੀਆਂ ਬਾਰੇ ਖ਼ਬਰ ਆਈ ਕਿ ਪੰਚਕੂਲੇ ਜਾਣ ਤੋਂ ਪਹਿਲਾਂ ਆਪਣੇ ਪਿੰਡਾਂ ਦੀਆਂ ਹੱਟੀਆਂ 'ਤੇ ਜਾ ਕੇ ਦੇਣਦਾਰੀ ਮੁਕਾ ਆਏ, ਇਹ ਕਹਿ ਕੇ ਕਿ, 'ਹੁਣ ਪਤਾ ਨਹੀਂ ਮੁੜਾਂਗੇ ਕਿ ਨਹੀਂ।'

ਅੱਗਾਂ ਲਾਉਣ ਵਾਲੇ ਅਤੇ ਪੁਲਿਸ ਦੀ ਗੋਲੀ ਨਾਲ ਮਰਨ ਵਾਲੇ ਅਕਸਰ ਅੱਡ-ਅੱਡ ਹੁੰਦੇ ਹਨ। ਹਿੰਸਾ ਜਦੋਂ ਖਾਂਦੇ-ਪੀਂਦੇ ਲੋਕਾਂ ਦੇ ਨੇੜੇ ਆ ਜਾਂਦੀ ਹੈ ਤਾਂ ਪ੍ਰਤਿਹਿੰਸਾ ਦਾ ਸਰਕਾਰੀ ਦਮਨ-ਤੰਤਰ ਆਪਣੇ ਜੋਬਨ 'ਤੇ ਆ ਜਾਂਦਾ ਹੈ। ਪੰਜਾਬੀਆਂ ਨੇ ਇਹ ਦਮਨ ਹੰਢਾਇਆ ਹੈ। ਕਸ਼ਮੀਰੀ ਹੰਢਾ ਰਹੇ ਹਨ। ਅਤੇ ਹੁਣ ਕੋਈ ਚਾਲੀ ਕੁ ਬੰਦੇ-ਬੰਦੇ ਨਹੀਂ, ਸਗੋਂ ਪ੍ਰੇਮੀ ਮਾਰ ਗਏ ਹਨ...ਉਨ੍ਹਾਂ ਦੇ ਸਨੇਹੀ ਉਨ੍ਹਾਂ ਨੂੰ ਫ਼ੋਨ ਕਰ ਰਹੇ ਹਨ। ਲੋਥਾਂ, ਲੋਥਾਂ ਨਹੀਂ ਪ੍ਰੇਮੀ, ਕਿਸੇ ਗਹਿਰੀ ਖ਼ਾਮੋਸ਼ੀ 'ਚ ਹਨ। ਅੱਜ ਨਹੀਂ ਤਾਂ ਕੱਲ੍ਹ—ਉਹ ਬੋਲਣਗੇ, ਜ਼ਰੂਰ ਬੋਲਣਗੇ।

ਸ਼ਾਇਦ ਪੀੜਤ ਸਾਧਵੀਆਂ ਅਤੇ ਰਾਮਚੰਦਰ ਛਤਰਪਤੀ ਦੇ ਬੇਟੇ ਅੰਸ਼ੁਲ ਛਤਰਪਤੀ ਦੇ ਜ਼ਖਮਾਂ ਅਤੇ ਦੁੱਖ ਨੂੰ ਦਿਲੋਂ ਮਹਿਸੂਸ ਕਰ ਕੇ ਕਿਸੇ ਨਰੋਏ ਵਿਵੇਕ ਦਾ ਨਿਰਮਾਣ ਕਰ ਕੇ ਹੀ ਪ੍ਰੇਮੀ ਆਪਣੀ ਆਸਥਾ ਦੇ ਸੰਕਟ ਅਤੇ ਗਹਿਰੇ ਦੁੱਖ ਤੋਂ ਪਾਰ ਜਾ ਸਕਣਗੇ। ਪੰਜਾਬੀਆਂ ਦੀ ਪੱਥਰ ਹੁੰਦੀ ਜਾਂਦੀ ਸੰਵੇਦਨਾ, ਇਹਦੀਆਂ ਜ਼ਿੰਮੇਵਾਰ ਧਿਰਾਂ ਦੇ ਸੰਕੀਰਣ ਅਤੇ ਸੰਪਰਦਾਈ ਵਿਹਾਰ ਵਾਲੇ ਸੱਜੇ-ਖੱਬਿਆਂ ਨੂੰ ਉਹ ਕਹਿ ਗਏ ਹਨ: 'ਭੱਠ ਖੇੜਿਆਂ ਦਾ ਰਹਿਣਾ'

# ਕਯਾ ਮਲਤਬ

## ਅਮਰਜੀਤ ਚੰਦਨ



ਮ੍ਰਿਤਯੁੰਜਯ ਅਵਸਥੀ

ਮੇਰੇ ਦਿਲਦਾਰ ਉਹ ਲੋਕ ਹਨ, ਜਿਹੜੇ ਅਪਹੁੰਚ ਹੁੰਦੇ ਹਨ; ਬਹੁਤੀਆਂ ਅਕਲਾਂ ਵਾਲ਼ੇ ਨਹੀਂ ਹੁੰਦੇ;
ਰਤਾ ਹਿੱਲੇ ਹੋਏ; ਜਨੂਨੀ ਜਿਵੇਂ ਉਨ੍ਹਾਂ ਨੂੰ ਕੁਝ ਚਿੰਬੜਿਆ ਹੋਇਆ ਹੋਵੇ। – ਗੋਰਕੀ

ਮੈਂ ਸਵਾਹਾ ਕਿਤਾਬ ਦੀ ਪਾਂਡੂਲਿੱਪੀ ਦੋ-ਤਿੰਨ ਵਾਰ ਅੱਖਰ-ਅੱਖਰ ਪੜ੍ਹੀ ਹੈ। ਪੰਡਤ ਮ੍ਰਿਤਯੁੰਜਯ ਅਵਸਥੀ (ਨਿੱਕਾ ਨਾਂ ਮਨੂ) ਦੀ ਲਿਖਤ ਦਾ ਮੁਹਾਂਦਰਾ ਇਕ-ਮੂੰਹਾਂ ਨਹੀਂ। ਇਹ ਪੜ੍ਹਦਿਆਂ ਇਹ ਅਚੰਭਾ ਹੁੰਦਾ ਰਿਹਾ ਕਿ ਬੰਦਾ ਪਹੁੰਚਿਆ ਹੋਇਆ ਹੈ; ਪਤੇ ਦੀਆਂ ਗੱਲਾਂ ਕਰਦਾ ਹੈ; ਬਿਰਤੀ ਲੱਗੀ ਹੋਈ ਹੈ (ਜਾਂ ਉੱਖੜੀ ਹੋਈ ਕਹਿ ਲਓ)। ਇਹ ਬਿਰਤੀ ਕਿਹੜੇ ਦਰਸ਼ਨ ਦੀ ਹੈ; ਇਹ ਬੋਲਦਾ ਕਿੱਥੋਂ ਹੈ? ਨ੍ਰਿਤਯ ਕਥਕ ਦਾ ਅਰਥ ਵੀ ਕਥਾਵਾਚਕ ਹੈ। ਏਸ ਨ੍ਰਿਤਕ ਦੀ ਪਾਈ ਬਾਤ ਕੀ ਕਹਿੰਦੀ ਹੈ? ਮਨੂ ਪੰਡਤ ਬੜਬੋਲਾ ਪ੍ਰਚਾਰਕ ਹੁੰਦਾ, ਤਾਂ ਗੱਲ ਸਮਝਣ ਨੂੰ ਦੇਰ ਨਾ ਸੀ ਲੱਗਣੀ। ਮੈਂ ਪੰਡਤ ਦਾ ਤਰਲਾ ਕੀਤਾ ਕਿ ਭਾਈ ਮੈਨੂੰ ਅਪਣੀਆਂ ਰਮਜ਼ਾਂ ਸੈਨਤਾਂ ਤਾਂ ਸਮਝਾ ਛੱਡ।ਅੱਗੋਂ ਇਸ ਲਿਖ ਘੱਲਿਆ:

> ਤੱਤ-ਪਦਾਰਥ ਦੀ ਸਹੂਲਤ ਨਾਲ਼ ਬੰਦਾ ਨਿੱਕੀ-ਜਿੰਨੀ ਉਮਰ ਚ ਬਹੁਤਾ ਜੀਅ ਲੈਂਦਾ ਏ। ਇਹਦਾ ਅਸਰ ਇਹ ਵੀ ਹੋਂਦਾ ਏ ਕਿ ਜੀਉਣਾ ਜੀਉਣ ਦਾ ਸਵਾਂਗ ਬਣ ਜਾਂਦਾ। ਬੋਧ ਖੋਜ ਦਾ ਸੰਦ ਵੀ ਹੋ ਸਕਦਾ; ਅਪਣੇ ਪੈਰੀਂ ਮਾਰਿਆ ਕੁਹਾੜਾ ਵੀ। ਪੰਜਾਬੀ ਸਾਹਿਤ ਅਮਲੀ ਦਾ ਖੇਸ ਏ। ਏਸ ਖੇਸ ਚ ਪਿਆ ਅਮਲੀ ਦੂਰ ਦੇਸ ਦੀ ਸੈਰ ਕਰਦਾ ਏ। ਉਹ ਸਭਨਾਂ ਦੇ ਪੈਰ ਚੁੰਮਦਾ ਤੇ ਸਭ ਉਹਦੇ। ਦੁਨੀਆ ਭਰ ਚ ਆਮ ਬੰਦੇ ਤਕ ਨੇ ਸੂਈ ਦੇ ਨੱਕੇ ਥਾਣੀਂ ਲੰਘ ਬਾਤ ਪਾਈ, ਜਿਹਨੂੰ ਸਾਹਿਤ ਕਰ ਜਾਣਿਆ ਗਿਆ। ਸਾਡੇ ਅਮਲੀ ਨੂੰ ਪਤਾ ਸਾ ਕਿ ਸੌਦਾ ਮਹਿੰਗਾ ਏ। ਹੁਣ ਪੱਛਮ ਦੇ ਲੋਕ ਵੀ ਅਮਲੀ ਦੇ ਖੇਸ ਵਲ ਤੱਕਦੇ ਨੇ: ਭਾਈ ਇਹ ਖੇਸ ਕਿੱਥੋਂ ਮਿਲ਼ਦਾ? ਮੇਰਾ ਕੋਈ ਮਨ ਨਹੀਂ ਇਹ ਚੁੱਕ ਦੇਣ ਦਾ। ਮੈਂ ਤਾਂ ਆਪ ਪੁਆਂਦ ਵਾਲ਼ੇ ਪਾਸੇ ਪੈਣ ਲੱਗਾ ਵਾਂ।
> ਪੁੱਠਾ।

ਨਾ ਕਮਲ਼ਾ; ਨਾ ਸਿਆਣਾ।ਪਹੁਤੇ ਪਾਂਧੀ ਨੇ ਬੁਝਾਰਤ ਦੀ ਅੱਗਿਓਂ ਹੋਰ ਬੁਝਾਰਤ ਪਾ ਘੱਤੀ। ਜਦ ਮੈਂ ਫੈਲਸੂਫੀਆਂ (1995) ਚ ਪੁੱਠਾ ਲੱਲਾ ਪਾਇਆ, ਤਾਂ ਮੈਨੂੰ ਚਾਨਣ ਹੋਇਆਸੀ ਕਿ ਇਸ ਸ਼ਬਦ ਚ ਕੱਲਾ ਲੱਲਾ ਸਿੱਧਾ ਹੈ, ਬਾਕੀ ਸਾਰੇ ਅੱਖਰ ਪੁੱਠੇ ਹਨ। ਪੰਜਾਬੀ ਸਾਹਿਤ ਦੇ ਅਮਲੀਆਂ ਨੇ ਅੱਗੋਂ ਇਹ ਗੱਲ ਪ੍ਰਵਾਨ ਤਾਂ ਕੀ ਕਰਨੀ ਸੀ, ਕੋਈ ਸੰਸਾ ਵੀ ਨਾ ਕੀਤਾ। ਆਪ-ਸਜੇ

ਜੰਤਰਜੋਗੀ ਸੋਹਨ ਕਾਦਰੀ ਨਾਲ਼ ਬਹਿ ਕੇ ਮੇਰਾ-ਕੀਤਾ ਪੰਦਰਾਂ ਘੰਟਿਆਂ ਦਾ ਬਚਨ-ਬਿਲਾਸ ਹੁਣ-ਖਿਣ (2000) ਪੜ੍ਹ ਕੇ ਸੁਰਜੀਤ ਹਾਂਸ ਗਿਆਨੀ ਨੇ ਲਿਖਿਆ ਸੀ ਕਿ ਦੋ ਕਮਲ਼ੇ ਬੈਠੇ ਗੱਲਾਂ ਕਰੀ ਜਾਂਦੇ ਆ।

ਮੇਰੇ ਤੇ ਮਨੂ ਪੰਡਤ ਕੋਲ਼ ਫੋਲਣ ਨੂੰ ਦੁੱਖ ਬਹੁਤਾ ਹੈ; ਸੁੱਖ ਥੋਹੜਾ ਹੈ। ਉਹ ਵੀ ਪੂਰਾ ਨਹੀਂ ਬੋਲਿਆ ਜਾਂਦਾ; ਲਿਖਣ ਦੀ ਗੱਲ ਹੀ ਛੱਡੋ।ਮ੍ਰਿਤਯੁੰਜਯ ਦੀ ਸਾਰੀ ਲਿਖਤ ਪ੍ਰੇਮ ਪ੍ਰਕਾਸ਼ ਦੀਆਂ ਕੁਝ ਕਹਾਣੀਆਂ ਦੇ ਪਾਤਰਾਂ ਦਾ ਏਕਾਲਾਪ ਲਗਦਾ ਹੈ; ਖ਼ਾਸ ਕਰਕੇ ਇਹਦੀ ਕਹਾਣੀ ਖ਼ੂਨਬਹਾ ਦੇ ਵਾਚਕ ਦਾ।

***

ਅਸੀਂ ਬਹੁਤ ਸਾਰੇ ਸ਼ਬਦ ਉਨ੍ਹਾਂ ਦੇ ਅਸਲ ਅਰਥ ਜਾਣੇ ਬਿਨਾਂ ਈ ਬੋਲੀ ਜਾਂਦੇ ਹਾਂ। ਕੋਈ ਵਿਰਲਾ ਈ ਹਰ ਸ਼ਬਦ ਦੀ ਜੜ੍ਹ-ਤਾਸੀਰ ਜਾਣਨ ਦਾ ਜਗਿਆਸੂ ਹੁੰਦਾ ਹੈ। ਬਹੁਤਿਆਂ ਨੂੰ ਅਪਣੇ ਨਾਂ ਦਾ ਮਤਲਬ ਨਹੀਂ ਪਤਾ ਹੁੰਦਾ। ਸੰਸਕ੍ਰਿਤ ਦਾ ਸ਼ਬਦ ਸਵਾਹਾ ਈ ਹੈ। ਸਵਾਹ ਦੀ ਧੁਨੀ ਇਹਦੇ ਜਾਣੇ-ਜਾਂਦੇ ਅਰਥ ਜਿੰਨੀ ਹੀ ਭਿਆਵਹ ਹੈ। ਸੁਣਦੇ-ਸਾਰ ਮੱਥਾ ਠਣਕਦਾ ਜਾਂ ਕੰਨ ਫਟਦੇ ਨੇ – ਸੜ ਕੇ ਸਵਾਹ ਹੋਣਾ; ਸੱਤਾਂ ਚੁੱਲ੍ਹਿਆਂ ਦੀ ਸਵਾਹ; ਸਿਰ ਸਵਾਹ। ਪਰ ਇਹਦਾ ਅਸਲ ਭਾਵ ਬੜਾ ਸਹਿਜ ਹੈ: ਮੰਤ੍ਰ ਦਾ ਅੰਤ। ਆਹੂਤੀ ਦੇਵਣ ਵੇਲੇ ਕਿਹਾ ਜਾਂਦਾ: ਸੁ+ਆਹਾ; ਭਾਵ: ਠੀਕ ਕਿਹਾ। ਤਿੱਬਤੀ ਭਾਖਾ ਵਿਚ ਸਵਾਹਾ ਦਾ ਅਰਥ ਹੈ – ਇੰਵ ਹੀ ਹੋਵੇ, ਯਾਨੀ ਪ੍ਰਵਾਨ ਏ। ਸਵਾਹਾ ਅਗਨਿ ਦੀ ਪਤਨੀ ਦਾ ਨਾਂ ਵੀ ਹੈ।

ਇਸ ਹਿਸਾਬ ਨਾਲ਼ਸਵਾਹਾ ਲੇਖ ਕਿਤਾਬ ਦੇ ਅੰਤ ਵਿਚ ਹੋਣਾ ਚਾਹੀਦਾ ਸੀ, ਕਿਉਂ ਜੁ ਸਵਾਹਾ ਦਾ ਅਰਥ ਹੈ: ਮੰਤ੍ਰ ਦਾ ਅੰਤ। ਆਰੰਭ ਚ ਹੀ ਲਿਖਤ ਜੜਨ ਦਾ ਭਾਵ ਇਹ ਹੋਣਾ ਕਿ ਕੰਮ ਦੀ ਗੱਲ ਮੁੱਕਣ ਮਗਰੋਂ ਕਹਿਣ ਕਰਨ ਨੂੰਰਹਿ ਕੀ ਜਾਂਦੈ? ਜੋ ਮੂੰਹ ਚ ਆਉਂਦਾ, ਬੋਲੀ ਜਾਓ। ਬੋਲਣ ਜੋਗਾ ਕੀਹਨੇ ਛੱਡਿਆ ਭਲਾ? ਕੌਣ ਕਿਸੇ ਦੀ ਸੁਣਦਾ? ਪੀਰਾਂ-ਪਕੰਬਰਾਂ ਦੀ ਨਹੀਂ ਸੁਣੀ ਕਿਸੇ।

ਅਮਲੀ ਨੂੰ ਨਾਲ਼-ਦਾ ਅਮਲੀ ਪੁੱਛਦਾ: "ਹੋਰ ਫੇਰ?" ਅੱਗੋਂ ਜਵਾਬ ਮਿਲ਼ਦਾ: "ਹੁਣ ਫੇਰਨਾ ਫਰਾਉਣਾ ਕੀ ਆ?!"

ਮਨੂ ਪੰਡਤ ਦਾਦੀ ਵਾਂਙੂੰ ਆਪ ਘੁੰਮਿਆ-ਘੁੰਮਿਆ ਲਗਦਾ। ਦਾਦੀ ਤਾਂ ਕ੍ਰਿਸ਼ਣ ਲੀਲਾ ਵਿਚ ਬ੍ਰਿੰਦਾਬਨ ਵਿਚ ਘਨੱਈਏ ਦੀ ਵੱਜਦੀ ਮੁਰਲੀ ਸੁਣ ਘੁੰਮ ਗਈ ਸੀ। ਕਾਕਾ ਮਨੂ ਕੀ ਸੁਣ ਬੈਠਾ ਕਿ ਏਨਾ ਵੈਰਾਗ ਜਾਗ ਪਿਆ? ਛੱਡੋ ਪਰੇ, ਕਾਹਨੂੰ ਜਾਨਣਾ। ਧਰਵਾਸ ਦੇਣ ਨੂੰ ਗੁਰਬਾਣੀ ਜੁ ਹੈ:

> ਬੰਦੇ ਖੋਜ ਹਰ ਰੋਜ ਨ ਫਿਰ ਪਰੇਸਾਨੀ ਮਾਹਿ।
> ਇਹੁ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ॥ – ਤਿਲੰਗ – ॥ਕਬੀਰ॥

ਯਾਨੀ ਬੰਦਿਆ, ਜਾਦੂ-ਭਰੇ ਇਸ ਮੇਲੇ ਵਿਚ ਤੇਰੀ ਬਾਂਹ ਫੜਨੇ ਵਾਲ਼ਾ ਕੋਈ ਨਹੀਂ। ਪਰੇਸ਼ਾਨ ਹੋਇਆ ਕਾਸਨੂੰ ਤੁਰਿਆ ਫਿਰਦੈਂ; ਅਪਣਾ ਮਨ ਖੋਜ ਲੈ; ਮਰ ਲੈ।

ਮੱਲਪੁਰ ਨੂੰ ਬਖ਼ਸ਼ਿਸ਼ ਹੋਣੀ। ਓਥੇ ਦਾ ਤਾਂ ਬੁੱਢਾ ਖੁਸਰਾ ਵੀ ਮਹਾਗਿਆਨੀ ਸੀ; ਅੱਡੀ ਮਾਰ ਕੇ ਨੱਚਦਾ ਗਾਉਂਦਾ ਸੀ:

> ਬਾਤ ਬਾਤ ਪਰ ਕੁਸ ਨਹੀਂ ਕਰਨਾ / ਸਭ ਕੁਸ ਕਰਨਾ ਕਯਾ ਮਲਤਬ?
> ਸੰਤ ਮਹੰਤ ਭਗਵੰਤ ਅੰਤ / ਸਾਧੂ ਬਣ ਜਾਣਾ ਕਯਾ ਮਲਤਬ?

ਤੇ ਦੇਸ਼ਭਗਤ ਪੱਪੂ ਜੱਲ੍ਹੇ ਦਾ ਇਹ ਨਾਅਰਾ: "ਦੇਸ਼ ਬਰਸ਼ਕਾ ਕੌਣ ਕੈਂਕਾ? ਹਮ ਕੈਂਕਾ ! ਤੁਮ ਕੈਂਕਾ!!" (ਦੇਸ਼ ਕੀ ਰਕਸ਼ਾ ਕੌਨ ਕਰੇਗਾ-ਹਮ ਕਰੇਂਗੇ-ਤੁਮ ਕਰੋਗੇ)।

***

ਇਹ ਬੰਦਾ ਕਿੱਥੋਂ ਬੋਲਦਾ?

ਮਨੂ ਪੰਡਤ ਦੀ ਲਿਖੀ ਬੋਲੀ ਨਿਵੇਕਲ਼ੀ ਹੈ। ਪਠਾਣਕੋਟ ਕੰਢੀ ਵਲ ਦੀ ਡੋਗਰੀ ਤੇ ਪੁਆਧੀ ਦੀ ਮਿਸੀ ਬੋਲੀ ਪੰਜਾਬੀ ਸਾਹਿਤ ਵਿਚ ਪਹਿਲੀ ਵਾਰ ਦਰਜ ਹੋਈ ਹੈ। ਇਹਦਾ ਜੁਗਰਾਫ਼ੀਆ ਲੇਖਾਰੀ ਆਪ ਦਸਦਾ ਏ:

> ਪਿੰਡ ਮੱਲਪੁਰ (ਸਾਡੇ ਵੱਡੇ ਜ਼ਮੀਦਾਰਾਂ ਦੇ ਵੱਗ ਚਰਾਉਂਦੇ ਸਨ ਇੱਥੇ)। ਇਸ ਥਾਂ ਵਸਦਾ ਬਿਰਧ ਜੋੜਾ ਧਾਮ-ਯਾਤ੍ਰਾ ਕਰਨ ਗਿਆ ਚਿਰਾਂ ਤਕ ਨਾ ਮੁੜਿਆ। ਸਾਡੇ ਵੱਡਿਆਂ ਇਸ ਥਾਂ ਵਾਸਾ ਕਰ ਲਿਆ। ਦਸਦੇ ਕਈ ਸਾਲਾਂ ਬਾਅਦ ਬਿਰਧ ਜੋੜਾ ਮੁੜਿਆ, ਤਾਂ ਇਨ੍ਹਾਂ ਜਗ੍ਹਾ ਛੱਡਣ ਤੋਂ ਨਾਂਹ ਦੇ ਦਿੱਤੀ; ਮੱਲ (ਪੁਰ) ਲਈ)। ਪਿੰਡ ਚ ਸੌ-ਕੁ ਘਰ ਨੇ। ਤਿੰਨ ਪਿੰਡਾਂ ਦੀ ਪੰਚਾਇਤ ਨੂੰ ਮੱਲਪੁਰ ਸਦਦੇ (ਮੱਲਪੁਰ, ਬੱਗੜ ਤੇ ਸ਼ੇਰ ਦਾ ਝੁੰਬਰ/ਲਾੜ੍ਹਾ)। ਨੇੜਲਾ ਸ਼ਹਿਰ ਪਠਾਣਕੋਟ 16 ਕਿਲੋਮੀਟਰ, ਪਿੰਡ ਦੇ ਬਹੁਤੇ ਲੋਕਾਂ ਨੇ ਅਜੇ ਵੀ ਨਹੀਂ ਵੇਖਿਆ। ਪੱਛਮ ਚ ਦੋ ਕੁ ਕਿਲੋਮੀਟਰ 'ਤੇ ਰਾਵੀ ਵਗਦੀ। ਪਾਕਿਸਤਾਨ ਸਰਹੱਦ 10 ਕੁ ਕਿਲੋਮੀਟਰ (ਪੱਛਮ)। ਪਿੰਡ ਦੇ ਪੂਰਬ ਚ ਰਾਵੀ ਦਾ ਭਤਈਯਾ ਵਗਦਾ, ਪਿੰਡ ਭਤਈਏ ਪਾਰ ਪਿੰਡਾਂ ਤੋਂ ਵੱਖਰਾ।
>
> ਪਿਤਾ ਦੇ ਨਿੱਕੇ-ਹੋਂਦਿਆਂ ਮੇਰਾ ਦਾਦਾ ਜਮੀਤ ਰਾਏ ਪੂਰਾ ਹੋ ਗਿਆ (ਦਸਦੇ ਰਾਜਪੂਤਾਂ ਦਾ ਹਾਲ਼ੀ ਹੋਂਦਾ ਸਾ)। ਦਾਦੀ ਰਾਜਪੂਤਾਂ ਘਰ ਭਾਂਡੇ ਕਰਦੀ। ਪਿਤਾ ਸਕੂਲ ਘੱਟ ਗਿਆ (ਸਮਝੋ ਗਿਆ ਈ ਨਹੀਂ); ਰਾਜਪੂਤਾਂ ਦੇ ਨਿਆਣਿਆਂ ਨੂੰ ਘੋੜੀ 'ਪਰ ਸਕੂਲ ਛੱਡਣ ਜਾਂਦਾ ਰਿਹਾ। ਘਰ ਪੜ੍ਹਿਆ, ਬੀ.ਐੱਡ. ਕੀਤੀ; ਮਾਸਟਰ

ਲੱਗਿਆ। ਮਾਂ ਲਾਹੌਰੋਂ ਆਏ ਵਕੀਲਾਂ ਦੀ ਵੱਡੀ ਕੁੜੀ। ਪਿਤਾ ਉਨ੍ਹਾਂ ਦੇ ਪਿਤਾ ਕੋਲ਼ ਟਿਊਸ਼ਨ ਪੜ੍ਹਦਾ ਰਿਹਾ। ਮਾਂ ਦੇ ਪਿਤਾ ਨੇ ਆਪ ਰਿਸ਼ਤਾ ਮੰਗਿਆ। ਨਾਨੀ ਅਸਾਂ ਵੇਖੀ ('ਬੇਜੀ' ਕਹਿੰਦੇ ਸਾਂ)। ਸੁਹਣੀ ਲਾਹੌਰ ਆਲ਼ੀ ਪੰਜਾਬੀ ਬੋਲਦੀ ਸੀ। ਸਾਡੇ ਪਿੰਡ ਮੇਰਾ ਘਰ ਛੱਡ, ਸਭ ਡੋਗਰੀ ਬੋਲਦੇ ਨੇ। ਮੇਰੇ ਮਾਪੇ ਕਿਤਾਬੀ-ਜਿਹੀ ਪੰਜਾਬੀ ਬੋਲਦੇ ਨੇ। ਮਾਂ ਵੀ ਪੜ੍ਹਾਉਂਦੀ ਸੀ, ਹੁਣ ਦੋਵੇਂ ਸੇਵਾ-ਮੁਕਤ ਨੇ।

ਪੰਜਾਬੀ ਵਿਚ ਐਬਸਰਡਿਟੀ ਦੇ ਬਰਾਬਰ ਦਾ ਸ਼ਬਦ ਨਹੀਂ ਬਣਿਆ; ਭਾਵੇਂ ਕਿ ਅਸੀਂ ਕਿਸੇ ਨਾਲ਼ੋਂ ਘਟ ਐਬਸਰਡ ਨਹੀਂ ਹਾਂ। ਊਲਜਲੂਲ ਨਾਲ਼ ਈ ਹੁਣ ਤਕ ਗੁਜ਼ਾਰਾ ਚੱਲੀ ਜਾਂਦਾ ਹੈ। ਸੰਸਕ੍ਰਿਤ ਵਿਚ ਕਈ ਸ਼ਬਦ ਹਨ: ਅਸੰਗਤਿ, ਵਿਸੰਗਤਿ, ਨਿਯਾਯਵ੍ਰਿਧ, ਅਸੰਬੱਧ, ਬਾਧਿਤ, ਅਯੁਕਤ, ਅਵਿਚਾਰੇਣ, ਅਨਰਥਕ, ਮ੍ਰਸ਼ਾਰਥਕ, ਅਸ਼ੰਖਕਸ਼ੀਰ। ਅਰਬੀ: ਲਾਮਾ'ਕੂਲ, ਮੁਹਾਲ। ਫ਼ਾਰਸੀ ਵਿਚ: ਪੋਚ। ਸਾਡੀ ਬੌਧਿਕ ਕੰਗਾਲੀ ਦਾ ਇਹ ਹਾਲ ਹੈ ਕਿ ਆਇਡੀਅਲਿਜ਼ਮ ਨੂੰ ਆਦਰਸ਼ਵਾਦ ਤੇ ਕੌਨਸੈਪਟ ਨੂੰ ਸੰਕਲਪ ਆਖੀ ਜਾਂਦੇ ਹਨ। ਜਦ ਕਿ ਸਹੀ ਸ਼ਬਦ ਵਿਚਾਰਵਾਦ ਤੇ ਸੰਬੋਧ ਹਨ। ਸੰਕਲਪ ਤਹੱਈਆ ਹੁੰਦਾ ਹੈ।

ਪੰਜਾਬ ਵਿਚ ਵੀਹਵੀਂ ਸਦੀ ਵਿਚ ਬੌਧਿਕ ਰੀਤ ਨਾ ਬਣਨ ਦੀ ਮ੍ਰਿਤਯੂੰਜਯ ਅਵਸਥੀ ਦੀ ਪੀੜ ਬਜਾਨਿਬ ਹੈ। ਇਹ ਦਸਦਾ ਹੈ ਕਿ ਇਸ ਮੁਹਾਲ ਹਾਲਤ ਦਾ ਧਿਆਨ ਮੁਹਾਲ ਹੋ ਕੇ ਹੀ ਕੀਤਾ ਜਾ ਸਕਦਾ ਹੈ। ਇਸ ਹੋਏ ਘਾਣ ਦਾ ਤਾਂ ਵਿਅੰਗ ਵੀ ਨਹੀਂ ਕੀਤਾ ਜਾ ਸਕਦਾ। ਸੰਨ 80 ਬਾਅਦ ਕੁੱਲ ਪੰਜਾਬੀ ਸਾਹਿਤ ਵਿਚ ਵੀਰਾਨੀ ਛਾਈ ਹੋਈ ਹੈ। ਨਾਨਕ ਦੀ ਗੋਸ਼ਟਿ ਰੀਤ ਰੁਲ਼ ਚੁੱਕੀ ਹੈ। ਪੰਜਾਬੀ ਭਾਸ਼ਾ ਦਾ ਸੱਤਿਆਨਾਸ ਲਿਖਾਰੀ, ਪਤ੍ਰਕਾਰ ਤੇ ਆਲੋਚਕ ਰਲ਼ ਕੇ ਜਿੰਨਾ ਕੁ ਕਰ ਸਕਦੇ ਸੀ; ਕਰ ਚੁੱਕੇ ਹਨ। ਇਸ ਖਿਝ-ਜਿਹੀ ਚ ਮਨੂ ਪੰਡਤ ਪੈਂਤੀ ਪੱਤਿਆਂ ਦੀ ਏਕਲ (ਸੌਲੇਟੇਅਰ) ਤਾਸ਼ ਖੇਡਣ ਲਗਦਾ ਹੈ। ਐਸੀ ਖੇਡ ਕਿ ਸ਼ੁਰੂ ਵਿਚ ਹੀ ਸਾਰੇ ਪੱਤੇ ਦਿਖਾ



ਰਾਵੀ ਕੰਢੇ ਪੰਡਤਾਂ ਕੇ ਮਨੂ ਦੇ ਨਾਨਕੇ ਘਰ ਦੇ ਜੀਅ:ਪਿੰਡ ਮੰਘਿਆਲ਼ ਦੀ ਸੰਨ 1960 ਦੇ ਨੇੜੇ ਦੀ ਤਸਵੀਰ। ਧੁਰ ਖੱਬੇ ਮ੍ਰਿਤਯੂੰਜਯ ਅਵਸਥੀ ਦੀ ਮਾਤਾ ਅਨੁਰਾਧਾ। ਧੁਰ ਸੱਜੇ ਸ਼ਿਵ ਕੁਮਾਰ, ਜੋ ਮਗਰੋਂ ਬਟਾਲ਼ਵੀ ਕਰਕੇ ਮਸ਼ਹੂਰ ਹੋਇਆ

## ਕਵਿਤਾ : ਮ੍ਰਿਤਯੁੰਜਯ ਅਵਸਥੀ

### ਕਲੋਲਾਂ

ਕੰਮ ਵੱਤਰ ਦਾ ਸੋਚ ਕੇ ਪਾ ਬੈਠੇ
ਇਹ ਤਾਂ ਖਾ ਗਿਆ ਉਮਰਾ-ਸਾਲ ਮੀਆਂ।
ਦਾਖ ਉੱਚੀ ਤੇ ਖੋਰੇ ਟੀਰ-ਖੱਟੀ
ਕਿੱਥੇ ਲੂੰਬੜ ਤੇ ਕਿੱਥੇ ਜੰਜਾਲ ਮੀਆਂ॥

ਵੱਡ ਵੱਡਾ ਤੇ ਕਾਰੇ ਵੱਡੇ ਨੇ ਪਰ
ਇਹਦਾ ਛੋਹਰੂਆਂ ਵਰਗਾ ਹਾਲ ਮੀਆਂ।
ਮੂੰਹੋਂ ਮੰਗਦੇ ਦਾ ਮੰਗਤਿਓਂ ਹਾਲ ਕਰਦਾ
ਭਾਣਾ ਮੰਨੋ ਤਾਂ ਹੋਵੇ ਦਿਆਲ ਮੀਆਂ॥

ਤੈਂਡਾ ਨੇੜ ਮੁਲਾਹਜ਼ਾ ਕੀ ਕਰਨਾ
ਅਸੀਂ ਹੋਏ ਨਾ ਅਪਣੇ ਖ਼ਿਆਲ਼ ਮੀਆਂ।
ਅਸੀਂ ਹੋਏ ਨਾ ਅਪਣੇ ਜਗ-ਜਿਉਂਦੇ
ਅਸਾਂ ਜਾਣਾ ਨਾ ਅਪਣੇ ਨਾਲ਼ ਮੀਆਂ॥

ਜਾਣੇ ਵਿਰਲਾ ਇਹ ਵਣਜ ਜੋ ਇਸ਼ਕੇ ਦਾ
ਸੌਦਾ ਕੀਤੋ ਈ ਸੌਦਿਆਂ ਨਾਲ਼ ਮੀਆਂ।
ਉਹਦੇ ਹੱਥਾਂ ਚ ਸਾਡੀ ਸ਼ਾਹਰਗ ਤੇ
ਸਾਡੀ ਅੱਖ ਚ ਉਹਦਾ ਵਾਲ਼ ਮੀਆਂ॥

ਸਾਡੇ ਕਾਸੇ ਚ ਧਰ ਦਿਓ ਪਰਦਾ-ਨਸ਼ੀਨ
ਸਾਨੂੰ ਪੁੱਛੋ ਨਾ ਕਾਹਦੀ ਕਾਹਲ਼ ਮੀਆਂ।
ਸ਼ੌਕ ਜਿਉਣੇ ਦਾ ਚੜ੍ਹਿਆ ਕੇਸ ਉਮਰੇ
ਲੁੰਡਾ ਭਖਿਆ ਜੋ ਟੁੱਟ ਗਈ ਮਾਲ਼੍ਹ ਮੀਆਂ॥

ਯਖ ਅੱਖਾਂ ਨੂੰ ਛੋਹ ਕਰ ਕੋਸੀ ਕੋਈ
ਮੱਤਾਂ ਦੇਵਣ ਦਾ ਕਰ ਨਾ ਹਾਲ ਮੀਆਂ।
ਬੱਤੀ ਦੀਵੇ ਨਾ ਸਾਡੇ ਕੰਮ ਆਸਨ
ਕੱਕਰ ਝੰਬੇ ਜੋ ਵਿਚ ਹੁਨਾਲ ਮੀਆਂ॥

ਭਾਂਡਾ ਸਬਰ ਸੰਤੋਖ ਦਾ ਕਰ ਜਿੰਦੇ
ਨਿੱਕੇ ਸੇਕ 'ਤੇ ਰਿਝਦੀ ਦਾਲ਼ ਮੀਆਂ।
ਉਨ੍ਹੇ ਕੋਤਰ ਸੌ ਹੂਰਾਂ ਸੱਦਣੀਆਂ ਨੇ
ਫੜੇ ਜਾਣਾ ਜੇ ਡਿਗ ਗਈ ਰਾਲ਼ ਮੀਆਂ॥॥

ਪੈਰ ਧਰੀਏ ਮੜਕ ਨਾਲ਼ ਜਗ ਉੱਤੇ
ਅੱਪਾ ਟੱਪੀਏ ਜੇ ਮਾਰੀਏ ਛਾਲ ਮੀਆਂ।
ਪੈਂਡਾ ਹਾਸਿਲ ਏ, ਨੱਸਣਾ ਕਾਸ ਗੱਲੋਂ
ਕੱਛੂ ਤੁਰਿਆ ਏ ਮੀਸਣੀ ਚਾਲ ਮੀਆਂ॥

ਦਿੰਦਾ ਹੈ। ਇਹ ਖੇਡ ਪੁੱਗਣ ਜਿੱਤਣ ਦੀ ਨਹੀਂ।

ਨਾਨਕਤਾ ਰੁਲਣ ਦੇ ਕਈ ਕਾਰਣ ਹੋਣਗੇ, ਪਰ ਸਭ ਤੋਂ ਵੱਡਾ ਕਾਰਣ ਫ਼ਰੰਗੀ ਹਾਕਮਾਂ ਦੇ ਢੱਏ ਚੜ੍ਹੀ ਪੰਜਾਬੀ ਫ਼ਿਰਕਾਪ੍ਰਸਤੀ ਸੀ। ਸਭਨਾਂ ਪੰਜਾਬੀਆਂ ਅਪਣੀ ਮਾਂ-ਬੋਲੀ ਨੂੰ ਨਾ ਦੁਰਕਾਰਿਆ ਹੁੰਦਾ, ਤਾਂ ਸ਼ਾਇਦ ਸਾਨੂੰ ਆਹ ਦਿਨ ਨਾ ਦੇਖਣੇ ਪੈਂਦੇ। ਅਜੋਕੀ ਪੰਜਾਬੀ ਸੋਚ 'ਤੇ ਪੱਛਮ ਦੇ ਫ਼ਲਸਫ਼ੇ ਦੀ ਰੀਤ ਦੀ ਪਿਉਂਦ ਤਿੰਨ ਪੰਜਾਬੀਆਂ ਨੇ ਲਾਈ ਸੀ: ਭਾਈ ਸੰਤੋਖ ਸਿੰਘ (ਮਾਰਕਸਵਾਦ), ਧਰਮਾਨੰਤ ਸਿੰਘ (ਅਫ਼ਲਾਤੂਨ) ਤੇ ਪੂਰਨ ਸਿੰਘ (ਨਿਤਸ਼ੇ)। ਝਟ ਹੀ ਪੰਜਾਬੀ ਮਾਰਕਸਵਾਦ ਨੂੰ ਸਤਾਲਿਨਵਾਦ ਦੇ ਤੰਦੂਏ ਨੇ ਜਕੜ ਲਿਆ। ਜੇ ਨਵੀਂ ਸੋਚ ਦੀ ਪਿਉਂਦ ਪੱਲਰ ਜਾਂਦੀ, ਤਾਂ ਫ਼ਰਾਂਸ ਦੇ 16 ਵੀਂ ਸਦੀ ਦੇ ਮੌਨਤੇਨ ਤੇ ਵੀਹਵੀਂ ਸਦੀ ਦੇ ਕਾਮੂ; ਰੂਸ ਦੇ ਤੋਲਸਤੋਇ, ਦੋਸਤੋਇਵਸਕੀ, ਗੋਰਕੀ ਤੇ ਇੰਗਲੈਂਡ ਦੇ ਬੇਕਨ, ਲੈਂਬ ਤੇ ਬਰਜਰ ਦੀ ਲਿਖਤ ਵਾਲ਼ੀ ਰੀਤ ਖੌਰੇ ਸਾਡੇ ਵੀ ਬਣ ਜਾਂਦੀ।

ਅੰਗਰੇਜ਼ੀ ਸ਼ਬਦ 'ਐੱਸੇ' ਫ਼ਰਾਂਸੀਸੀ ਦਾ ਉਧਾਰ ਹੈ। ਇਹਦੇ ਬਰਾਬਰ ਦਾ ਵੀ ਪੰਜਾਬੀ ਵਿਚ ਕੋਈ ਸ਼ਬਦ ਨਹੀਂ। ਸੰਸਕ੍ਰਿਤ ਦੇ 'ਨਿਬੰਧ' ਨਾਲ਼ ਗੁਜ਼ਾਰਾ ਚਲ ਜਾਂਦਾ ਹੈ। ਲਹੌਰੀਏ ਫ਼ਰਾਂਸੀਸੀ ਸ਼ਬਦ ਬੈੱਲ ਲੈਟ(Belle Lettre)ਦਾ ਉਲਥਾ 'ਕੋਮਲ-ਲੇਖ' ਕਰਦੇ ਨੇ; ਉਰਦੂ ਵਾਲ਼ੇ ਇਨਸ਼ਾਈਆ। ਨਿਬੰਧਕਾਰੀ ਦਾ ਕੰਮ ਪੂਰਨ ਸਿੰਘ, ਤੇਜਾ ਸਿੰਘ ਤੇ ਹੋਰ ਮੋਢੀਆਂ ਦੇ ਕਰਨ ਦਾ ਸੀ। ਤੇਜਾ ਸਿੰਘ ਦੇ ਗ਼ੁਸਲਖ਼ਾਨਾ ਵਰਗੇ ਕੁਝ ਕੁ ਬੁੱਤਾਸਾਰੂ ਲੇਖ ਮਿਲ਼ਦੇ ਹਨ। ਮੁਸ਼ਕਿਲ ਇਹ ਹੈ ਕਿ ਸਾਹਿਤ ਆਲੋਚਨਾ (ਸੇਖੋਂ, ਅਤਰ ਸਿੰਘ, ਹਰਿਭਜਨ ਸਿੰਘ, ਨਜਮ ਹੁਸੈਨ ਸੱਯਦ ਤੇ ਹੋਰ), ਸਫ਼ਰਨਾਮਾ (ਕਮਲੇ ਅਕਾਲੀ ਤੋਂ ਲੈ ਕੇ ਹੁਣ ਤਕ); ਯਾਦਾਂ ਜਾਂ ਆਤਮ ਕਥਾ (ਗੁਰਚਰਨ ਸਿੰਘ ਸਹਿੰਸਰਾ, ਬਲਰਾਜ ਸਾਹਣੀ, ਜਗਜੀਤ ਸਿੰਘ ਆਨੰਦ ਵਗ਼ੈਰਾ), ਕਹਾਣੀਨੁਮਾ ਖ਼ਾਕਾ ਤੇ ਵਿਅੰਗ (ਗਿਆਨੀ ਗੁਰਦਿੱਤ ਸਿੰਘ, ਸੂਬਾ ਸਿੰਘ, ਬਲਵੰਤ ਗਾਰਗੀ ਤੇ ਪਟਿਆਲ਼ਵੀ ਪ੍ਰੀਤਮ ਸਿੰਘ) ਨਿਬੰਧ ਲੇਖਨ ਕਤੱਈ ਨਹੀਂ ਹੈ।ਗੁਰਬਖ਼ਸ਼ ਸਿੰਘ ਨੂੰ ਸਾਰੇ ਵੀਹਵੀਂ ਸਦੀ ਦੀ ਵਾਰਤਕ ਦਾ ਪਿਤਾਮਾ ਆਖਦੇ ਹਨ। ਇਨ੍ਹਾਂ ਦਾ ਇਕ ਵੀ ਨਿਬੰਧ ਨਹੀਂ ਮਿਲ਼ਦਾ। ਮਹਿੰਦਰ ਸਿੰਘ ਰੰਧਾਵਾ, ਸਹਿੰਸਰਾ, ਹਰਿਭਜਨ ਸਿੰਘ ਹੁਰੀਂ ਠੇਠ ਬੋਲੀ ਲਿਖਦੇ ਸਨ; ਪਰ ਇਨ੍ਹਾਂ ਦਾ ਕੋਈ ਕੋਮਲ-ਲੇਖ ਨਹੀਂ। ਵਾਹਗੇ ਪਾਰ ਦੇ ਪੰਜਾਬੀ ਸਾਹਿਤ ਵਿਚ ਇਕ ਵੀ ਕੰਮ ਦਾ ਕੋਮਲ-ਲੇਖ ਨਹੀਂ।

ਮ੍ਰਿਤਯੁੰਜਯ ਅਵਸਥੀ ਦੀ ਲਿਖਤ ਪੰਜਾਬੀ ਨਿਬੰਧਰਚਨਾ ਦੀ ਕਸਰ ਪੂਰੀ ਕਰਦੀ ਹੈ। ਇਹਦੀ ਵੇਲ ਅਗਾਂਹ ਵਧਣ ਦੇ ਲੱਛਣ ਤਾਂ ਨਹੀਂ ਦਿਸਦੇ; ਪਰ ਕੀ ਪਤਾ।ਸਦੀਆਂ ਪਹਿਲਾਂ ਤਾਂਤਰਿਕੀਏ ਸ਼ੀਸ਼ਾ ਦੇਖਣ ਦਾ ਤਪ ਕਰਦੇ ਸੀ। ਸ਼ੀਸ਼ਾ ਬਣਨ ਤੋਂ ਪਹਿਲਾਂ ਕੁੱਜੇ ਵਿਚ ਪਾਏ ਪਾਣੀ ਚ ਮੁੱਖ ਤੱਕਦੇ ਰਹਿੰਦੇ। ਜਦ ਗਿਆਨ ਹੋਣਾ, ਕੁੱਜਾ ਭੰਨ ਦੇਣਾ। ਸੰਦੂਕ, ਚਰਖ਼ੇ, ਪਲੰਘ, ਓੜ੍ਹਨੀ ਤੇ ਅੰਗੀ 'ਤੇ ਸ਼ੀਸ਼ਾ ਚਿਰ ਮਗਰੋਂ ਲੱਗਾ। ਬਾਂਦਰ ਸ਼ੀਸ਼ਾ ਭੰਨ ਦਿੰਦਾ; ਹਾਰੀ-ਸਾਰੀ ਨਹੀਂ ਭੰਨ ਸਕਿਆ। ਪਰ ਮਨੂ ਬਾਂਦਰ ਨਹੀਂ, ਪੰਡਤ ਹੈ। ਇਹਨੂੰ ਸ਼ੀਸ਼ਾ ਭੰਨਣਾ ਆਉਂਦੈ; ਭੰਨ ਵੀ ਚੁੱਕੈ – ਇਸ ਅਪਣੀ ਕਵਿਤਾ ਦੀ ਕਿਤਾਬ ਅਗਨਿ ਭੇਟ ਕਰ ਦਿੱਤੀ ਸੀ। (ਲੇਖ: ਤੰਦੂਰ)।ਸਵਾਹਾ॥



# ਚੰਡੀਗੜ੍ਹ : ਦਿਨ ਪ੍ਰਤੀ ਦਿਨ-1

## ਗੁਰਬਚਨ

ਹੁਲਾਸੇ ਹੋਏ ਚਿੱਤ ਨਾਲ ਮੈਂ ਯੂਨੀਵਰਸਟੀ ਕੈਂਪਸ ਤੋਂ ਬਾਹਰ ਨਿਕਲ ਪੰਦਰਾਂ ਸੈਕਟਰ ਵਿਚਲੀ ਸੜਕ ਵਲ ਵੱਧਦਾ ਹਾਂ। ਦਿਨ ਐਤਵਾਰ, ਅਪ੍ਰੈਲ ਮਹੀਨੇ ਦੀ 28 ਤ੍ਰੀਕ (ਸਾਲ 1965), ਵਕਤ ਬਾਅਦ ਦੁਪਹਿਰ ਚਾਰ ਵਜੇ। ਗਰਮੀ ਹੈ, ਸਹਿਣਯੋਗ। ਖਾਲਮ-ਖਾਲੀ ਬਾਜ਼ਾਰ। ਕੋਈ ਸਾਈਕਲ ਸਵਾਰ ਜਾਂ ਰਿਕਸ਼ਾ ਦਿਖਦਾ ਹੈ।

ਕੁਝ ਸਾਲ ਪਹਿਲਾਂ ਹੀ ਤਾਂ ਚੰਡੀਗੜ੍ਹ ਵਸਣਾ ਸ਼ੁਰੂ ਹੋਇਆ ਹੈ।

1958 ਵਿਚ ਪਹਿਲੀ ਵੇਰ ਯੂਨੀਵਰਸਟੀ ਕੈਂਪਸ ਆਇਆ। ਇਮਾਰਤਾਂ ਦੀ ਉਸਾਰੀ ਤੇਜ਼ੀ ਨਾਲ ਜਾਰੀ ਸੀ। ਸੀਮੰਟ ਗਾਰੇ ਦੇ ਢੇਰਾਂ ਦੇ ਢੇਰ; ਗੜਗੜ ਮਸ਼ੀਨਾਂ ਦੀ ਆਵਾਜ਼। ਘਟਾ ਮਿਟੀ। ਵਾਈਸ ਚਾਂਸਲਰ ਦਾ ਦਫ਼ਤਰ ਬਣ ਰਿਹਾ ਸੀ। ਪ੍ਰਬੰਧਕੀ ਬਲਾੱਕ ਨਹੀਂ ਬਣਿਆ ਸੀ। ਸਾਇੰਸ ਵਿਭਾਗਾਂ ਦੀਆਂ ਕੁਝ ਕੁ ਇਮਾਰਤਾਂ ਮੁਕੰਮਲ। ਆਰਟਸ ਬਲਾੱਕ ਨਹੀਂ ਸੀ ਉੱਸਰਿਆ। ਉਦੋਂ ਮੈਂ ਸਾਹਿਤ ਅਕਾਦਮੀ ਵਲੋਂ ਪ੍ਰਕਾਸ਼ਿਤ ਦੋ ਕਿਤਾਬਾਂ ਨੂੰ ਯੂਨੀਵਰਸਟੀ ਦੇ ਕਿਸੇ ਕੋਰਸ ਵਿਚ ਲੱਗਣ ਲਈ ਪ੍ਰਬੰਧਕੀ ਦਫ਼ਤਰ ਵਿਚ ਜਮ੍ਹਾਂ ਕਰਾਉਣ ਆਇਆ ਸੀ। ਤਦ ਦਫ਼ਤਰ ਦਾ ਕੰਮ ਕਾਜ ਕੁਝ ਕਮਰਿਆਂ ਵਿਚ ਚਲਦਾ ਸੀ, ਉਸ ਪਾਸੇ ਜਿੱਥੇ ਬਾਅਦ ਵਿਚ ਪ੍ਰਕਾਸ਼ਨ ਬਿਓਰੋ ਬਣਿਆ। ਯੂਨੀਵਰਸਟੀ ਦੇ ਮਾਨਵ ਵਿਗਿਆਨ ਦੇ ਵਿਭਾਗ ਹੁਸ਼ਿਆਰਪੁਰ ਕਾਲਜ ਵਿਚ ਸਨ।

ਉਦੋਂ ਮੈਂ ਹੁਸ਼ਿਆਰਪੁਰ ਗੌਰਮਿੰਟ ਕਾਲਜ ਵਿਚ ਕਿਸੇ ਮਿਤਰ ਨੂੰ ਮਿਲਣ ਗਿਆ। ਹੋਰ ਪ੍ਰੋਫੈਸਰਾਂ ਤੋਂ ਇਲਾਵਾ ਇਕਨਾਮਿਕਸ ਵਿਭਾਗ ਦੇ ਪ੍ਰੋਫੈਸਰ ਮਨਮੋਹਨ ਸਿੰਘ ਦਾ ਨਾਂ ਵੀ ਲਿਆ ਜਾਂਦਾ ਸੀ, ਜਿਸ ਨੇ ਦਹਾਕਿਆਂ ਬਾਅਦ ਦੇਸ ਦਾ ਪ੍ਰਧਾਨ ਮੰਤਰੀ ਬਨਣਾ ਸੀ। ਯੂਨੀਵਰਸਟੀ ਦਾ ਅੰਗਰੇਜ਼ੀ ਵਿਭਾਗ ਵੀ ਉੱਥੇ ਸੀ। ਹੈੱਡ ਡੀ. ਸੀ. ਸ਼ਰਮਾ ਹੁੰਦਾ ਸੀ – ਕਾਂਗਰਸੀ। ਇਹ ਸ਼ਰਮਾ ਮੈਂਬਰ ਪਾਰਲੀਮੈਂਟ ਬਣਿਆ। ਇਹ ਲੰਮੇ ਸਮੇਂ ਤੱਕ ਪੰਜਾਬ ਯੂਨੀਵਰਸਟੀ ਦੀ ਸੈਨੇਟ/ਸਿੰਡੀਕੇਟ ਵਿਚ ਘੜੰਮ ਚੌਧਰੀ ਰਿਹਾ।

ਸੱਤ ਸਾਲ ਗੁਜ਼ਰ ਚੁੱਕੇ ਹਨ ਤੇ ਯੂਨੀਵਰਸਟੀ ਕੈਂਪਸ ਆਨ-ਸ਼ਾਨ ਨਾਲ ਉੱਸਰ ਚੁੱਕਾ ਹੈ। ਤਦ 15-ਸੈਕਟਰ ਦੀ ਮਾਰਕਿਟ, ਜਿਸ ਵੱਲ ਮੈਂ ਹੁਣ ਪੈਦਲ ਵਧ ਰਿਹਾਂ, ਦਾ ਨਾਮੋ-ਨਿਸ਼ਾਨ ਨਹੀਂ ਸੀ। ਹੁਣ ਮੈਂ ਆਲਾ ਦੁਆਲਾ ਨਿਹਾਰਦਾ ਖੱਬੇ

ਪਾਸੇ ਦੇਖਦਾਂ ਤਾਂ ਪੰਜ ਨੰਬਰ ਕੋਠੀ ਦੇ ਬਾਹਰ ਪਛਾਣਿਆ ਚਿਹਰਾ ਦਿਖਾਈ ਦੇਂਦਾ। ਸਿਰ ਉੱਤੇ ਪਗ ਨਹੀਂ, ਵਾਲਾਂ ਦੀ ਜੂੜੀ ਕੀਤੀ ਹੋਈ, ਲੱਗਦਾ ਇਹ ਬੰਦਾ ਇਥੇ ਹੀ ਰਹਿੰਦਾ। ਵਾਹ, ਇਹ ਤਾਂ ਹਰਚਰਨ ਸਿੰਘ ਨਿਰਮਾਨ ਹੈ। ਦੇਖਦਿਆਂ ਉਹ ਮੈਨੂੰ ਜੱਫੀ ਵਿਚ ਲੈ ਲੈਂਦਾ, ਜਿਵੇਂ ਮੇਰੀ ਹੀ ਉਡੀਕ ਕਰ ਰਿਹਾ ਹੋਵੇ। ਇਸ ਨਿਰਮਾਨ ਨੂੰ ਮੈਂ ਪੰਜਾਬੀ ਸਾਹਿਤ ਅਕਾਦਮੀ ਦੇ ਦਿਨਾਂ ਤੋਂ ਜਾਣਦਾਂ। ਉਦੋਂ ਇਹ ਜਾਲੰਧਰ ਦੇ ਲਾਇਲਪੁਰ ਖਾਲਸਾ ਕਾਲਜ ਵਿਚ ਬੀ. ਏ. (ਪੰਜਾਬੀ ਆਨਰਜ਼) ਕਰਦਾ ਸੀ ਅਤੇ ਕਾਲਜ ਦੇ ਹੋਸਟਲ ਵਿਚ ਰਹਿੰਦਾ ਸੀ। ਇਹ ਲੇਖਕ ਨਹੀਂ ਸੀ ਪਰ ਸਾਹਿਤ ਦੇ ਆਸਰੇ ਆਪਣੀ ਪਛਾਣ ਬਨਾਣਾ ਚਾਹੁੰਦਾ ਸੀ। ਇਹਨੇ ਅਕਾਦਮੀ ਦੇ *ਆਲੋਚਨਾ* ਵਿਚ ਛਪਣ ਲਈ ਲੇਖ ਭੇਜਿਆ : "ਸੱਸੀ ਹਾਸ਼ਮ ਵਿਚ ਭਾਗਵਾਦ" – ਅਕਾਦਮਿਕ ਜਿਹਾ ਲੇਖ ਸੀ। ਪ੍ਰੋਫ਼ੈਸਰ ਗੁਲਵੰਤ ਸਿੰਘ, ਜੋ *ਆਲੋਚਨਾ* ਦਾ ਸੰਪਾਦਕ ਸੀ, ਨੇ ਇਸ ਲੇਖ ਨੂੰ ਛਪਣ ਲਈ ਸਵੀਕਾਰ ਕਰ ਲਿਆ। ਚਿੱਠੀ ਵਿਚ ਮੈਂ ਨਿਰਮਾਨ ਨੂੰ ਇਸ ਬਾਰੇ ਲਿਖਿਆ ਤਾਂ ਇਹ ਨਿਹਾਲ ਹੋ ਗਿਆ। ਲੇਖ ਛਪਣ ਦੇ ਦੋ ਕੁ ਮਹੀਨਿਆਂ ਬਾਅਦ ਮੈਂ ਇਹਨੂੰ ਹੋਸਟਲ ਦੇ ਪਤੇ ਉੱਤੇ ਮਿਹਨਤਾਨੇ ਦਾ ਮਨੀ ਆਰਡਰ ਭੇਜਿਆ। ਇਹਨੇ ਨਿੱਜੀ ਚਿੱਠੀ ਰਾਹੀਂ ਮੇਰਾ ਧੰਨਵਾਦ ਕੀਤਾ ਤੇ ਲਿਖਿਆ ਕਿਸੇ ਦਿਨ ਜਾਲੰਧਰ ਆਵਾਂ ਤੇ ਉਸ ਕੋਲ ਰਹਵਾਂ।

ਇਕ ਦਿਨ ਮੈਂ ਅਤੇ ਜਗਜੀਤ ਸਿੰਘ ਛਾਬੜਾ ਸਾਹਿਤਕ ਦੋਸਤਾਂ ਨੂੰ ਮਿਲਣ ਜਾਲੰਧਰ ਲਈ ਰਵਾਨਾ ਹੁੰਦੇ ਹਾਂ। ਇਹ ਦਸੰਬਰ 1958 ਦੀ ਗੱਲ ਹੈ। ਜਾਲੰਧਰ ਛਾਉਣੀ ਲੰਘ ਕੇ ਕੰਡਕਟਰ ਨੂੰ ਲਾਇਲਪੁਰ ਕਾਲਜ ਦੇ ਬਾਹਰ ਬਸ ਰੋਕਣ ਲਈ ਕਹਿੰਦੇ ਹਾਂ। ਸਿੱਧਾ ਹੋਸਟਲ ਪਹੁੰਚਦੇ ਹਾਂ। ਰਾਤ ਪੈ ਚੁੱਕੀ ਹੈ। ਸੁਖਪਾਲਵੀਰ ਸਿੰਘ ਹਸਰਤ ਪੰਜਾਬੀ ਐਮ. ਏ. ਦਾ ਵਿਦਿਆਰਥੀ ਹੈ ਤੇ ਕਾਲਜ ਹੋਸਟਲ ਵਿਚ ਰਹਿੰਦਾ ਹੈ। ਇਹ ਕਵਿਤਾ ਲਿਖਦਾ ਅਤੇ ਆਪ ਹੀ ਆਪਣੇ ਉੱਤੇ ਲੇਖ ਲਿਖ ਕੇ ਕਿਸੇ ਹੋਰ ਨਾਂ ਹੇਠ ਛਪਵਾਂਦਾ। ਇਹੀ ਹਸਰਤ ਆਉਂਦੇ ਕਿਸੇ ਸਾਲ ਸਾਹਿਤ ਅਕਾਦਮੀ ਦਾ ਐਵਾਰਡ ਲਵੇਗਾ। (ਮਹਤਵ–ਅਕਾਂਖੀ ਤੇ ਠੱਗ ਬਿਰਤੀ ਵਾਲੇ ਬੰਦੇ ਆਉਂਦੇ ਸਮਿਆਂ ਵਿਚ ਪੰਜਾਬੀ ਸਾਹਿਤ ਭੂਮੀ ਨੂੰ ਪਲੀਤ ਕਰਨਗੇ, ਉਸ ਦੇ ਨਿਸ਼ਾਨ ਹੁਣ ਤੋਂ ਮਿਲਣੇ ਸ਼ੁਰੂ ਹੋ ਗਏ ਹਨ।) ਹਸਰਤ ਦੇ ਹੋਸਟਲ ਕਮਰੇ ਦੇ ਨਾਲ ਵਾਲੇ ਕਮਰੇ ਵਿਚ ਨਿਰਮਾਨ ਵਾਸਾ ਕਰਦਾ ਹੈ। ਉਸ ਤੋਂ ਅਗਲੇ ਕਮਰੇ ਵਿਚ ਤਰਸੇਮ ਸਿੰਘ ਨਾਂ ਦਾ ਵਿਦਿਆਰਥੀ ਹੈ ਜੀਹਦੇ ਬਾਰੇ ਨਿਰਮਾਨ ਕਹਿੰਦਾ ਇਹ ਕਹਾਣੀਆਂ ਲਿਖਦਾ ਹੈ। (ਇਹੀ ਤਰਸੇਮ ਬਾਅਦ ਵਿਚ ਸਾਊਥਾਲ ਜਾ ਕੇ ਸੈਟਲ ਹੋ ਜਾਵੇਗਾ ਤੇ ਫਗਵਾੜੇ ਤੋਂ ਕਿਸੇ ਦੋਸਤ ਦੇ ਜ਼ਰੀਏ *ਨੀਲਗਿਰੀ* ਨਾਂ ਦਾ ਪਰਚਾ ਕੱਢੇਗਾ। ਫਿਰ ਆਪ ਇਹ ਤਰਸੇਮ ਨੀਲਗਿਰੀ ਵਜੋਂ ਜਾਣਿਆ ਜਾਵੇਗਾ।)

ਉਨ੍ਹਾਂ ਦਿਨਾਂ ਵਿਚ ਲੁਧਿਆਣੇ ਤੋਂ ਬਾਅਦ ਜਾਲੰਧਰ ਪੰਜਾਬੀ ਸਾਹਿਤਕਾਰੀ ਦਾ ਗੜ੍ਹ ਸੀ। ਮੋਹਨ ਸਿੰਘ *ਪੰਜ ਦਰਿਆ* ਰਸਾਲਾ ਕਢਦਾ ਅਤੇ ਹਿੰਦ ਪਬਲਿਸ਼ਰਜ਼ ਵਾਲਾ ਪ੍ਰਕਾਸ਼ਨ ਘਰ ਚਲਾਂਦਾ ਸੀ। ਕਮਿਊਨਿਸਟ ਪਾਰਟੀ ਅਤੇ ਇਹਦੇ ਅਖਬਾਰ *ਨਵਾਂ ਜ਼ਮਾਨਾ* ਦਾ ਹੈੱਡ ਕੁਆਟਰ ਜਾਲੰਧਰ ਹੋਣ ਕਰਕੇ ਇਹ ਸ਼ਹਿਰ ਪ੍ਰਗਤੀਆਂ ਦਾ ਗੜ੍ਹ ਮੰਨਿਆ ਜਾਂਦਾ ਸੀ। ਗਿਆਨੀ ਹੀਰਾ ਸਿੰਘ ਦਰਦ ਇਸੇ ਜਗ੍ਹਾ ਆਬੋ–ਤਾਬ ਨਾਲ ਕਾਇਮ ਸੀ। ਹਰਕਿਸ਼ਨ ਸਿੰਘ ਸੁਰਜੀਤ ਤੇ ਸੋਹਨ ਸਿੰਘ ਜੋਸ਼ ਨੇ ਕਮਿਊਨਿਸਟਾਂ ਦੇ ਜ਼ਿਕਰਾਂ ਨੂੰ ਕਾਇਮ ਰੱਖਿਆ ਹੋਇਆ ਸੀ। ਜਗਜੀਤ ਸਿੰਘ ਆਨੰਦ ਨੇ ਪੰਜਾਬੀ ਸਾਹਿਤ ਨੂੰ ਸੋਵੀਅਤਮੁਖ ਪਹੇ ਉੱਤੇ ਤੋਰਨ ਦਾ ਚਾਰਜ ਸੰਭਾਲ ਰੱਖਿਆ ਸੀ। ਨਵੇਂ ਉਭਰ ਰਹੇ ਲੇਖਕਾਂ ਚੋਂ ਜਸਵੰਤ ਸਿੰਘ ਵਿਰਦੀ ਦਾ ਨਾਂ ਵਜਦਾ ਸੀ। ਪਰੇਮ ਪਰਕਾਸ਼ ਨੂੰ ਖੰਨਵੀ ਕਿਹਾ ਜਾਂਦਾ; ਉਹਨੇ ਕਹਾਣੀਆਂ ਵਿਚ ਜਲਵਾ ਅਜੇ ਦਿਖਾਣਾ ਸੀ। ਖੰਨਵੀ ਦੀ ਪ੍ਰਤਿਭਾ ਅਤੇ ਪ੍ਰਤਿ–ਚਿੰਤਨ ਨੇ ਜਾਲੰਧਰੀ ਕਾਮਰੇਡਾਂ ਨੂੰ ਅਵਾਜ਼ਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਸੋਹਨ ਸਿੰਘ ਮੀਸ਼ਾ ਉਦੈ ਨਹੀਂ ਸੀ ਹੋਇਆ ਪਰ ਕੁਲਵੰਤ ਸਿੰਘ ਵਿਰਕ ਦੀ ਜਾਲੰਧਰ ਵਿਚ ਪਬਲਿਕ ਰਿਲੇਸ਼ਨ ਅਫਸਰ ਵਜੋਂ ਮੌਜੂਦਗੀ ਅਤੇ ਮੋਹਨ ਸਿੰਘ ਦੇ *ਪੰਜ ਦਰਿਆ* ਕਰਕੇ ਸਾਹਿਤਕ ਖੇਤਰ ਵਿਚ ਜਾਲੰਧਰ ਨੇ ਲੁਧਿਆਣੇ ਨੂੰ ਮਾਤ ਪਾ ਦਿੱਤਾ ਸੀ। ਸੰਤ ਸਿੰਘ ਸੇਖੋਂ ਹਰ ਬੁੱਧਵਾਰ ਦੁਪਹਿਰ ਵੇਲੇ ਲੁਧਿਆਣੇ ਤੋਂ ਜਾਲੰਧਰ ਲਈ ਰਵਾਨਾ ਹੁੰਦਾ ਤੇ ਲਾਇਲਪੁਰ ਖਾਲਸਾ ਕਾਲਜ ਦੇ (ਪੰਜਾਬੀ) ਪੋਸਟ ਗ੍ਰੈਜੁਏਟ ਵਿਦਿਆਰਥੀਆਂ ਨੂੰ ਆਪਣੀ ਬੌਧਿਕਤਾ ਦੇ ਜਲਵੇ ਦਿਖਾਂਦਾ। ਉਦੋਂ ਹੀ ਅਕਤੂਬਰ 1958 ਵਾਲੇ *ਪੰਜ ਦਰਿਆ* ਵਿਚ ਮੇਰੀ ਇਕ ਬੋਗਸ ਕਹਾਣੀ ਨੂੰ ਮੋਹਨ ਸਿੰਘ ਨੇ ਛਾਪਿਆ ਤੇ ਤਾਰੀਫ਼ ਦੀ ਚਿੱਠੀ ਮੇਰੇ ਵਲ ਲਿਖੀ। ਉਸੇ ਅੰਕ ਵਿਚ ਤਰਸੇਮ ਨੀਲਗਿਰੀ ਦੀ ਕਹਾਣੀ ਤਰਸੇਮ ਸਿੰਘ ਨਾਂ ਹੇਠ ਛਪੀ ਸੀ।

ਰਾਤ ਮੈਂ ਹੋਸਟਲ ਵਿਚ ਨਿਰਮਾਨ ਦੇ ਕਮਰੇ ਵਿਚ ਅਤੇ ਛਾਬੜਾ ਨੇ ਹਸਰਤ ਦੇ ਕਮਰੇ ਵਿਚ ਗੁਜ਼ਾਰੀ। ਸਾਲ ਕੁ ਬਾਅਦ ਮੈਂ ਅਕਾਦਮੀ ਦੀ ਨੌਕਰੀ ਛੱਡ ਕੇ ਅੰਮ੍ਰਿਤਸਰ ਆ ਗਿਆ ਤਾਂ ਨਿਰਮਾਨ ਨੇ ਚਿੱਠੀ ਵਿਚ ਮੈਨੂੰ ਲਿਖਿਆ ਕਿ ਉਹਨੇ ਇਕ ਸਾਹਿਤਕ ਸੰਸਥਾ ਬਣਾਈ ਹੈ ਜਿਸ ਦਾ ਨਾਂ ਹੈ : ਆਲ ਇੰਡੀਆ ਲਿਟਰੇਰੀ ਕੌਂਸਲ। ਇਸ ਸੰਸਥਾ ਵਲੋਂ ਉਹਨੇ *ਲਿਖਾਰੀ* ਨਾਂ ਦਾ ਮਿੰਨੀ ਪਰਚਾ ਪ੍ਰਕਾਸ਼ਿਤ ਕੀਤਾ। ਇਹ ਪਰਚਾ ਉਹਨੇ ਮੈਨੂੰ ਭੇਜਿਆ।

ਹੁਣ ਉਹੀ ਨਿਰਮਾਨ ਮੈਨੂੰ ਪੰਦਰਾਂ ਸੈਕਟਰ ਦੀ ਇਸ ਸੜਕ ਤੇ ਮਿਲਦਾ ਤੇ ਬੜੇ ਤਪਾਕ ਨਾਲ ਕੋਠੀ ਦੇ ਫਰੰਟ ਰੂਮ ਵਿਚ ਲਿਜਾਂਦਾ ਹੈ। ਕਹਿੰਦਾ, "ਇਹ ਕਮਰਾ ਮੈਂ ਕਿਰਾਏ ਉੱਤੇ ਲਿਆ ਹੋਇਆ।" ਉਹ ਦਸਦਾ – ਕੋਠੀ ਦਾ ਬਾਕੀ ਦਾ ਹਿੱਸਾ

ਜੋਗਿੰਦਰ ਸਿੰਘ ਰਮਦੇਵ ਕੋਲ ਹੈ ਜੋ ਪੰਜਾਬ ਯੂਨੀਵਰਸਟੀ ਵਿਚ ਅਸਿਸਟੈਂਟ ਲਾਇਬਰੇਰੀਅਨ ਹੈ। ਪਤਾ ਚਲਦਾ ਨਿਰਮਾਨ ਨੇ ਪੰਜਾਬੀ ਦੀ ਐਮ. ਏ. ਕਰਕੇ ਪਤਰਕਾਰੀ ਦਾ ਡਿਪਲੋਮਾ ਕੀਤਾ ਤੇ ਅੱਜ ਕੱਲ੍ਹ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵਿਚ ਪਬਲਿਕ ਰਿਲੇਸ਼ਨ ਅਫਸਰ ਹੈ। ਮੈਂ ਉਹਨੂੰ ਆਪਣੇ ਬਾਰੇ ਦਸਦਾਂ ਤਾਂ ਉਹ ਕਹਿੰਦਾ, "ਤੂੰ ਮੇਰੇ ਕੋਲ ਆ ਜਾ। ਸਾਥ ਹੋ ਜਾਵੇਗਾ।" ਮੈਂ ਉਹਨੂੰ ਆਪਣੀ ਦੋ ਦਿਨ ਪਹਿਲਾਂ ਸ਼ੁਰੂ ਹੋਈ ਜਾਅਲੀ ਤਰਜ਼ ਦੀ ਐਡੀਟਰੀ ਬਾਰੇ ਦਸਦਾਂ। ਉਹ ਕਹਿੰਦਾ, "ਗਿਆਨੀ ਗੁਰਦਿਤ ਸਿੰਘ ਨਾਲ ਤੇਰੀ ਨਿਭਣ ਨਹੀਂ ਲੱਗੀ, ਮੈਂ ਉਹਨੂੰ ਜਾਣਦਾਂ।" ਮੈਂ ਆਖਦਾਂ : "ਮੇਰੇ ਕੋਲ ਰੋਜ਼ਾਨਾ ਖਰਚੇ ਲਈ ਪੈਸੇ ਨਹੀਂ।" ਉਹ ਕਹਿੰਦਾ : "ਇਹ ਮਸਲਾ ਹਲ ਹੋ ਜਾਵੇਗਾ। ਮੈਂ ਇਕ ਕਿਤਾਬ ਦਾ ਅਨੁਵਾਦ ਕਰ ਰਿਹਾਂ। ਉਹ ਤੂੰ ਕਰ ਦੇਈਂ। ਇਸ ਕੋਠੀ ਦੇ ਨਾਲ ਅੰਬਾਂ ਵਾਲੀ ਮਾਰਕਿਟ ਹੈ, ਉਹ ਦੇਖ। ਏਥੇ ਦਿਨੇ ਰਾਤ ਆਲੂ ਦੇ ਪਰੌਂਠੇ, ਦਹੀ, ਲੱਸੀ, ਚਾਹ ਸਭ ਕੁਝ ਮਿਲਦਾ। ਹੁਧਾਰ ਖਾ ਲਿਆ ਕਰੀਂ। ਮਹੀਨੇ ਬਾਅਦ ਅਨੁਵਾਦ ਦੇ ਪੈਸਿਆਂ ਵਿਚੋਂ ਦੇ ਦੇਈਂ।"

ਘੰਟੇ ਬਾਅਦ ਨਿਰਮਾਨ ਸਾਈਕਲ ਚਲਾ ਰਿਹਾ, ਮੈਂ ਪਿੱਛੇ ਬੈਠਾਂ। ਮੈਂ ਅਠਾਰਾਂ ਸੈਕਟਰ ਪਰੈੱਸ ਵਿਚੋਂ ਆਪਣਾ ਸਮਾਨ ਚੁੱਕਦਾਂ। ਨਿੱਕੇ ਕੰਪੋਜ਼ਿਟਰ ਨੂੰ ਆਖਦਾਂ ਕਿ ਗਿਆਨੀ ਜੀ ਨੂੰ ਕਹਿ ਦੇਵੇ ਕਿ ਮੈਂ ਜਾ ਰਿਹਾਂ, ਮੇਰਾ ਹੋਰ ਪ੍ਰਬੰਧ ਹੋ ਗਿਆ।" ਕੰਪੋਜ਼ਿਟਰ ਮੁਸਕ੍ਰਾਂਦਿਆਂ ਕਹਿੰਦਾ, "ਐਡੀਟਰੀ ਤੋਂ ਅਸਤੀਫ਼ਾ ਦੇ ਰਹੇ ਹੋ – ਏਨੇ ਵੱਡੇ ਔਹੁਦੇ ਤੋਂ? ਚੰਗਾ ਹੋਇਆ ਤੁਸੀਂ ਗਿਆਨੀ ਜੀ ਤੋਂ ਦਸ ਰੁਪਏ ਅਡਵਾਂਸ ਲੈ ਲਏ। ਵਰਨਾ ਦੋ ਦਿਨ ਦੀ ਤਨਖਾਹ ਤੁਹਾਨੂੰ ਕੀਹਨੇ ਦੇਣੀ ਸੀ? "

ਰਾਤ ਨੂੰ 15 ਸੈਕਟਰ ਦੀ ਕੋਠੀ ਵਿਚ ਨਿਰਮਾਨ ਵਾਲੇ ਕਮਰੇ ਦੇ ਬਾਹਰ ਖੁੱਲ੍ਹੀ ਜਗ੍ਹਾ ਵਿਚ ਮੰਜੀ ਡਾਹ ਕੇ ਸੌਂਦਾ ਹਾਂ। ਅੱਧੀ ਰਾਤ ਦੇ ਕਰੀਬ ਹਲਕੀ ਜਿਹੀ ਠੰਢ ਹੋ ਜਾਂਦੀ ਹੈ। ਮੇਰੇ ਕੋਲ ਲੋਈ ਹੈ, ਇਹਨੂੰ ਮੈਂ ਆਪਣੇ ਮੁਖ਼ਤਸਰ ਸਮਾਨ ਦੇ ਨਾਲ ਰੱਖਦਾਂ। ਤੇਜ਼ ਹਵਾ ਚਲਣ ਕਰਕੇ ਨਾਲ ਵਾਲੇ ਅੰਬਾਂ ਦੇ ਦਰਖਤਾਂ ਦੀਆਂ ਟਹਿਣੀਆਂ/ਪੱਤੇ ਲਹਿਰਾਂਦੇ ਸ਼ਾਂਸ਼ਾਂ ਕਰਦੇ ਹਨ। ਜਾਗ ਖੁੱਲ੍ਹਦੀ ਹੈ। ਯੂਨੀਵਰਸਟੀ ਕੈਂਪਸ ਦੀ ਦੀਵਾਰ ਤੋਂ ਤੀਹ ਕੁ ਕਦਮਾਂ ਉੱਤੇ ਮੈਂ ਲੇਟਿਆ ਹਾਂ। ਸਾਹਮਣੇ ਕੁੜੀਆਂ ਦੇ ਹੋਸਟਲ ਦੀ ਇਮਾਰਤ ਹੈ। ਮੈਨੂੰ ਲੱਗ ਰਿਹਾ ਮੈਂ ਮੰਜ਼ਿਲ ਦੇ ਨਿਕਟ ਪੁੱਜ ਗਿਆ ਹਾਂ। ਮੰਜ਼ਿਲ ਕੀ ਹੈ, ਪਤਾ ਨਹੀਂ।

•

ਹਰਚਰਨ ਸਿੰਘ ਨਿਰਮਾਨ ਦੇ ਕਮਰੇ ਵਿਚ ਰਹਿਣ ਲੱਗ ਪਿਆ ਹਾਂ। ਕੋਠੀ ਦੇ ਨਾਲ ਹੀ ਜੋ ਖੁੱਲ੍ਹੇ ਮੈਦਾਨ ਵਿਚ ਬਾਰਾਂ ਜਾਂ ਪੰਦਰਾਂ ਅੰਬ ਦੇ ਦਰੱਖ਼ਤ ਹਨ, ਉਥੇ ਪੰਜ ਸਤ ਚਾਹ ਅਤੇ ਪਰੌਂਠੇ ਦੀਆਂ ਰੇੜ੍ਹੀਆਂ ਹਨ। ਇਹਨੂੰ ਅੰਬਾਂ ਵਾਲੀ ਮਾਰਕਿਟ ਕਿਹਾ ਜਾਂਦਾ। ਯੂਨੀਵਰਸਟੀ ਦੇ ਮੁੰਡੇ ਜਾਂ ਬਿਨਾ ਘਰ ਘਾਟ ਵਾਲੇ, ਏਥੇ ਆਲੂ ਵਾਲੇ ਪਰੌਂਠੇ ਖਾਣ ਆਉਂਦੇ ਹਨ। ਮਈ ਦਾ ਮਹੀਨਾ ਸ਼ੁਰੂ ਹੋ ਚੁੱਕਾ ਹੈ। ਇਮਤਿਹਾਨ ਖਤਮ ਹੋਣ ਵਾਲੇ ਹਨ। ਵਿਦਿਆਰਥੀ ਹੋਸਟਲ ਖਾਲ੍ਹੀ ਕਰਕੇ ਘਰਾਂ ਨੂੰ ਜਾ ਚੁੱਕੇ ਹਨ। ਸਾਇੰਸ ਮਜ਼ਮੂਨਾਂ ਦੇ ਵਿਦਿਆਰਥੀ ਏਨੀ ਜਲਦੀ ਵਿਹਲੇ ਨਹੀਂ ਹੁੰਦੇ। ਉਹ ਹੋਸਟਲਾਂ ਵਿਚ ਡੇਰੇ ਜਮਾਈ ਬੈਠੇ ਹਨ। ਕੁਝ ਇਕ ਵਿਦਿਆਰਥੀ ਬਾਹਰ ਕਮਰਾ ਕਿਰਾਏ ਤੇ ਲੈ ਕੇ ਰਹਿੰਦੇ ਹਨ। ਕਿਰਾਏ ਸਸਤੇ ਹਨ। ਪੱਚੀ ਰੁਪਏ ਮਹੀਨੇ ਵਿਚ ਪੰਦਰਾਂ ਸੈਕਟਰ ਵਿਚ ਕਮਰਾ ਮਿਲ ਜਾਂਦਾ ਹੈ। ਚਾਰ ਕਮਰਿਆਂ ਵਾਲੀ ਦਸ ਮਰਲਿਆਂ ਦੀ ਕੋਠੀ ਦਾ ਕਿਰਾਇਆ ਸੌ ਰੁਪਏ ਜਾਂ ਸਵਾ ਸੌ ਰੁਪਏ ਹੈ। ਯੂਨੀਵਰਸਟੀ ਦੇ ਜੋ ਵਿਦਿਆਰਥੀ ਰਿਸਰਚ ਕਰਦੇ ਹਨ, ਉਹ ਪਰੌਂਠੇ ਖਾਣ ਅੰਬਾਂ ਵਾਲੀ ਮਾਰਕਿਟ ਵਿਚ ਆਉਂਦੇ ਹਨ। ਦੁਪਹਿਰ ਤੱਕ ਖ਼ੂਬ ਰੌਣਕ ਰਹਿੰਦੀ ਹੈ। ਐਤਵਾਰ ਵਾਲੇ ਦਿਨ ਸਵੇਰੇ ਤੋਂ ਦੁਪਹਿਰ ਬਾਅਦ ਤੱਕ ਭੀੜ ਨਜ਼ਾਰੇਦਾਰ ਹੁੰਦੀ ਹੈ। ਏਹੋ ਜਿਹੇ ਮਾਹੌਲ ਨੂੰ ਦੇਖ ਨਿਹਾਰ ਕੇ ਮੈਨੂੰ ਲੁਤਫ਼ ਆਉਂਦਾ ਹੈ। ਜ਼ਿੰਦਗੀ ਦੀ ਧੜਕਣ ਅਜਿਹੇ ਲਮਹਿਆਂ ਵਿਚ ਹੁੰਦੀ ਹੈ। ਮੁੰਬਈ ਵਿਚ ਵੀ ਮੈਂ ਅੱਧੀ ਰਾਤ ਨੂੰ ਕਾਲਬਾ ਦੇਵੀ ਰੋਡ ਦੇ ਉਸ ਇਲਾਕੇ ਵਿਚ ਜਾ ਨਿਕਲਦਾ ਜਿੱਥੇ ਨਿਊਯੌਰਕ ਸਟਾੱਕ ਅਕਸਚੇਂਜ ਦੇ ਸੱਟੇ ਦਾ ਨੰਬਰ ਨਿਕਲਦਾ ਸੀ; ਇਸ ਨੰਬਰ ਉੱਤੇ ਜੁਆਰੀ ਪੈਸੇ ਲਗਾਂਦੇ। ਉਸ ਬਾਜ਼ਾਰ ਵਿਚ ਅੱਧੀ ਰਾਤ ਬਾਅਦ ਕੋਈ ਇਕ ਦੋ ਵਜੇ ਖ਼ੂਬ ਗਹਿਮਾ ਗਹਿਮ ਹੁੰਦੀ; ਰੌਲਾ ਪਿਆ ਰਹਿੰਦਾ। ਪਾਉ ਭਾਜੀ ਤੇ ਕੜਕ ਸਪੈਸ਼ਲ ਚਾਹ ਦੀਆਂ ਰੇੜ੍ਹੀਆਂ ਲੱਗੀਆਂ ਹੁੰਦੀਆਂ; ਰੇੜ੍ਹੀਆਂ ਵਾਲੇ ਤਵੇ ਉੱਤੇ ਫੈਂਟਾ ਖੜਾਈ ਜਾਂਦੇ। ਵੱਡੇ ਗੈਸ ਵਾਲੀਆਂ ਲਾਈਟਾਂ ਨਾਲ ਬਾਜ਼ਾਰ ਜਗਮਗ ਹੋਇਆ ਰਹਿੰਦਾ। ਮੈਂ ਬਾਜ਼ਾਰ ਵਿਚ ਲਟੋਰੀ ਮਾਰਦਾ, ਕੜਕ ਚਾਹ ਪੀਂਦਾ, ਇਰਦ ਗਿਰਦ ਦੇਖਦਾ। ਘੰਟੇ ਡੇਢ ਬਾਅਦ ਇਕ ਇਮਾਰਤ ਦੀ ਪੰਜਵੀਂ ਮੰਜ਼ਿਲ ਉੱਤੇ ਬਣੇ ਆਪਣੇ ਦਫਤਰ ਦੇ ਫਰਸ਼ ਉੱਤੇ ਵਿਛੀ ਦਰੀ ਉੱਤੇ ਜਾ ਸੌਂਦਾ।

ਪੰਦਰਾਂ ਸੈਕਟਰ ਦੀ ਇਸ ਮਾਰਕਿਟ ਦਾ ਲੁਤਫ਼ ਲੈਂਦਿਆਂ ਮੈਂ ਦੇਖਦਾਂ ਕਿ ਰੇੜ੍ਹੀ ਦੇ ਇਕ ਮੁੰਡਾ ਪੇੜੇ ਵਿਚ ਆਲੂ ਠੋਕੀ ਜਾਂਦਾ ਤੇ ਰੋਟੀ ਵੇਲ ਕੇ ਤਵੇ ਉੱਤੇ ਸੁੱਟੀ ਜਾਂਦਾ। ਰੇੜ੍ਹੀ ਦਾ ਮਾਲਕ ਨਿੱਕੀ ਸੋਟੀ ਨਾਲ ਵਲੇਟੀ ਲੀਰ ਨੂੰ ਘਿਉ ਵਾਲੀ ਪੀਪੀ ਵਿਚ ਗਿੱਲਾ ਕਰਦਾ ਅਤੇ ਤਵੇ ਉੱਤੇ ਪਏ ਪਰੌਂਠੇ ਨੂੰ ਤੇਜ਼ੀ ਨਾਲ ਚੋਪੜੀ ਜਾਂਦਾ। ਤਵਾ ਧੂੰਆਂ ਛੱਡਦਾ, ਖਾਣ ਵਾਲਾ ਪਲੇਟ ਅੱਗੇ ਕਰਦਾ ਤੇ ਪਟਾਕ ਦੇਣੀ ਪਲੇਟ ਵਿਚ ਪਰੌਂਠਾ ਆ ਡਿਗਦਾ। ਚਾਹ ਬਨਾਣ ਵਾਲਾ ਮੁੰਡਾ ਪਤੀਲੇ ਵਿਚ ਦੁੱਧ ਪੱਤੀ ਸੁੱਟ ਫਿਰ ਉਬ੍ਹਾਲੇ ਖਾਂਦੀ ਚਾਹ ਨੂੰ ਹੱਥ ਵਿਚ ਫੜੀ ਪਲੀ ਨਾਲ ਉਪਰ ਹੇਠ ਕਰਕੇ ਚਾਹ ਨੂੰ ਕੜਕ ਬਣਾਂਦਾ। ਗਿਲਾਸ ਉੱਤੇ ਲੰਮੇ

ਹੈਂਡਲ ਵਾਲੇ ਪਤੀਲੇ ਚੋਂ ਚਾਹ ਸੁੱਟਦਾ। ਗਾਹਕ ਹੱਥ ਅੱਗੇ ਕਰਕੇ ਧੂੰਆਂ ਛੱਡਦੀ ਚਾਹ ਦਾ ਗਿਲਾਸ ਫੜਦਾ। ਰੇੜ੍ਹੀ ਦਾ ਮਾਲਕ ਪੈਸੇ ਲੈਣ, ਬਕਾਇਆ ਮੋੜਨ ਦਾ ਕੰਮ ਵੀ ਕਰਦਾ ਅਤੇ ਨਿੱਕੇ ਮੁੰਡੂ ਨੂੰ ਸਾਫ਼ ਕੀਤੀਆਂ ਪਲੇਟਾਂ ਜਲਦੀ ਲਿਆਣ ਲਈ ਆਵਾਜ਼ ਮਾਰਦਾ।

ਮੈਂ ਸਵੇਰੇ ਉੱਠ ਕੋਈ ਪੰਜ ਸਤ ਫੁੱਟ ਦੂਰ ਖੜੀ ਰੇੜ੍ਹੀ ਵਾਲੇ ਨੂੰ ਚਾਹ ਭੇਜਣ ਲਈ ਆਖਦਾਂ। ਕੋਠੀ ਦੇ ਬਾਹਰ ਵਾਲੇ ਥਮ੍ਹਲੇ ਉੱਤੇ ਟਪੂਸੀ ਮਾਰ ਬੈਠ ਜਾਨਾਂ। ਚਾਹ ਪੀਣ ਦਾ ਲੁਤਫ਼ ਆਈ ਜਾਂਦਾ। ਤੰਗੀ ਤੁਰਸ਼ੀ ਨੂੰ ਧੂੰਏਂ ਵਾਂਗ ਉਡਾਣ ਦੀ ਅਜਿਹੀ ਬਿਰਤੀ ਨੇ ਮੇਰਾ ਹਮੇਸ਼ਾਂ ਸਾਥ ਦਿੱਤਾ ਹੈ।

•

ਨਿਰਮਾਨ ਫਰਾਂਸੀਸੀ ਨਾਵਲਕਾਰ ਫਲਾਬੇਰ ਦਾ ਨਾਵਲ *ਮਾਦਾਮ ਬਾਵਾਰੀ* ਦਾ ਅਨੁਵਾਦ ਪੰਜਾਬੀ ਵਿਚ ਕਰ ਰਿਹਾ। ਅਜੇ ਉਹਨੇ ਚਾਲ੍ਹੀ ਪੰਜਾਹ ਸਫ਼ੇ ਹੀ ਕੀਤੇ ਹਨ। ਕਹਿੰਦਾ, "ਅਨੁਵਾਦ ਦਾ ਕੰਮ ਜੋਗਿੰਦਰ ਸਿੰਘ ਰਮਦੇਵ ਨੇ ਉਹਨੂੰ ਦਿੱਤਾ ਹੈ। ਅਨੁਵਾਦਕ ਵਜੋਂ ਨਾਂ ਰਮਦੇਵ ਦਾ ਹੋਵੇਗਾ। ਉਹਨੂੰ ਪਤਾ ਨਹੀਂ ਲੱਗਣਾ ਚਾਹੀਦਾ ਕਿ ਇਹ ਕੰਮ ਕਰਨ ਨੂੰ ਮੈਂ ਤੈਨੂੰ ਦਿੱਤਾ। ਖਰਚਾ ਸਾਰਾ ਕਰਨ ਨੂੰ ਉਹ ਤਿਆਰ ਹੈ। ਪੰਜਾਬ ਯੂਨੀਵਰਸਟੀ ਲਾਇਬਰੇਰੀ ਵਿਚ ਡਿਪਟੀ ਲਾਇਬਰੇਰੀਅਨ ਦੀ ਆਸਾਮੀ ਖਾਲ੍ਹੀ ਹੈ ਜਿਸ ਲਈ ਉਹ ਉਮੀਦਵਾਰ ਹੋਵੇਗਾ। ਇੰਟ੍ਰਵਿਊ ਵਿਚ ਆਪਣੇ ਕੀਤੇ ਕੰਮਾਂ ਦੀ ਸੂਚੀ ਵਿਚ ਉਹ ਇਸ ਅਨੁਵਾਦ ਨੂੰ ਸ਼ਾਮਿਲ ਕਰੇਗਾ।" ਮੈਨੂੰ ਨਿਰਮਾਨ ਨਹੀਂ ਦਸਦਾ ਕਿ ਉਸ ਨੇ ਰਮਦੇਵ ਕੋਲੋਂ ਕਿੰਨੇ ਪੈਸੇ ਲੈਣੇ ਹਨ। ਇਹੀ ਦਸਦਾ ਕਿ ਉਹ ਮੈਨੂੰ ਕਿੰਨੀ ਰਕਮ ਦੇਵੇਗਾ। ਅਨੁਵਾਦ ਕਰਨਾ ਔਖਾ ਨਹੀਂ ਕਿਉਂਕਿ ਇਹ ਨਾਵਲ ਪਹਿਲਾਂ ਫਰਾਂਸੀਸੀ ਤੋਂ ਅੰਗਰੇਜ਼ੀ ਅਤੇ ਅੰਗਰੇਜ਼ੀ ਤੋਂ ਹਿੰਦੀ ਵਿਚ ਅਨੁਵਾਦ ਹੋ ਚੁੱਕਾ। ਨਿਰਮਾਨ ਕਹਿੰਦਾ ਉਹ ਹਿੰਦੀ ਤੋਂ ਹੀ ਅਨੁਵਾਦ ਕਰ ਰਿਹਾ। ਫਾਹਾ ਹੀ ਤਾਂ ਵੱਢਣਾ ਹੈ।

ਮੈਨੂੰ ਯੂਨੀਵਰਸਟੀ ਦੀ ਸਿਆਸਤ ਦੀ ਵੀ ਸਮਝ ਪੈਣ ਲੱਗਣੀ ਹੈ। ਨਿਰਮਾਨ ਤੇ ਰਮਦੇਵ ਨਾਲ ਗੱਲਾਂ ਬਾਤਾਂ ਵਿਚ ਪਤਾ ਚਲਦਾ ਇਸ ਯੂਨੀਵਰਸਟੀ ਵਿਚ ਸ਼ਰਮੇ/ਵਰਮੇ ਬਹੁਤ ਹਨ। ਇਹਨੂੰ ਆਰੀਆ ਸਮਾਜ ਦੇ ਸਰਬਰਾਹ ਆਪਣਾ ਗੜ੍ਹ ਮੰਨਦੇ ਹਨ। ਉਹ ਸੰਸਥਾਵਾਂ ਉੱਤੇ ਕਾਬਜ਼ ਹੋ ਕੇ ਪੰਜਾਬ ਵਿਚ ਆਰੀਆ ਸਮਾਜ ਦੀ ਚੜ੍ਹਤ ਬਣਾਈ ਰੱਖਦੇ ਹਨ। ਯੂਨੀਵਰਸਟੀ ਦਾ ਵਾਈਸ ਚਾਂਸਲਰ ਅਮੀਰ ਚੰਦ ਜੋਸ਼ੀ ਸੇਵਾ-ਮੁਕਤ ਹੋ ਰਿਹਾ। ਕੁਝ ਹੀ ਦਿਨਾਂ ਬਾਅਦ ਡੀ. ਏ. ਵੀ. ਕਾਲਜ ਜਾਲੰਧਰ ਦਾ ਪ੍ਰਿੰਸੀਪਲ ਲਾਲਾ ਸੂਰਜ ਭਾਨ ਵਾਈਸ ਚਾਂਸਲਰ ਨਿਯੁਕਤ ਹੋ ਜਾਵੇਗਾ; ਇਹਦੀ ਖਬਰ *ਟ੍ਰਿਬਿਊਨ* ਅਖਬਾਰ ਵਿਚ ਪੜ੍ਹਣ ਨੂੰ ਮਿਲਣੀ ਹੈ।

ਜੋਗਿੰਦਰ ਸਿੰਘ ਰਮਦੇਵ ਨਾਲ ਮੇਰਾ ਵੀ ਮੇਲ ਮਿਲਾਪ ਵਧਣ ਲੱਗਦਾ। ਸ਼ਾਮ ਨੂੰ ਘਰ ਦੇ ਪਿਛਲੇ ਪਾਸੇ ਖੁੱਲ੍ਹੀ ਜਗ੍ਹਾ ਅਸੀਂ ਕੁਰਸੀਆਂ ਡਾਹ ਲੈਂਦੇ ਹਾਂ। ਕਦੇ ਕਦਾਈਂ ਰਮਦੇਵ ਦਾ ਅਜੀਜ਼ ਮੋਹਨ ਸਿੰਘ ਅਨੇਜਾ ਆ ਜਾਂਦਾ ਜਿਸ ਨੇ ਅੰਗਰੇਜ਼ੀ ਐਮ. ਏ. ਦੀ ਫਾਈਨਲ ਪ੍ਰੀਖਿਆ ਕੁਝ ਦਿਨ ਪਹਿਲਾਂ ਹੀ ਦਿੱਤੀ ਹੈ ਅਤੇ ਨਤੀਜੇ ਦੀ ਉਡੀਕ ਕਰ ਰਿਹਾ। ਉਹ ਅੰਗਰੇਜ਼ੀ ਵਿਭਾਗ ਦੇ ਟੀਚਰਾਂ ਬਾਰੇ ਗੱਲਾਂ ਸੁਣਾਂਦਾ। ਗੱਲਾਂ ਪੰਜਾਬੀ ਵਿਭਾਗ ਬਾਰੇ ਵੀ ਹੁੰਦੀਆਂ ਹਨ। ਪੰਜਾਬੀ ਵਿਭਾਗ ਦੇ ਮੁਖੀ ਸੁਰਿੰਦਰ ਸਿੰਘ ਕੋਹਲੀ ਅਤੇ ਵਿਭਾਗ ਵਿਚ ਨੰਬਰ ਦੋ ਹਰਨਾਮ ਸਿੰਘ ਸ਼ਾਨ ਬਾਰੇ ਗੱਲਾਂ ਚਲ ਪੈਂਦੀਆਂ। ਸਭਨਾਂ ਦੀ ਯਹੀ ਤਹੀ ਫਿਰਨ ਲੱਗਦੀ ਹੈ। ਇਕ ਦਿਨ ਰਮਦੇਵ ਕੋਲ ਦਰਸ਼ਨ ਸਿੰਘ ਅਤੇ ਦਿੱਲੀ ਕਾਲਜ ਵਿਚ ਪੰਜਾਬੀ ਦਾ ਲੈਕਚਰਾਰ ਮਨਮੋਹਨ ਸਿੰਘ ਆਉਂਦੇ ਹਨ। ਦਰਸ਼ਨ ਸਿੰਘ ਪੰਜਾਬੀ ਵਿਭਾਗ ਵਿਚ ਰਿਸਰਚ ਸਕਾੱਲਰ ਹੈ। ਉਹ ਸੁਰਿੰਦਰ ਸਿੰਘ ਕੋਹਲੀ ਦੀ ਨਿਗਰਾਨੀ ਹੇਠ ਗੁਰੂ ਨਾਨਕ ਕਾਵਿ ਉੱਤੇ ਪੀਐਚ. ਡੀ. ਕਰ ਰਿਹਾ। ਉਹਨੂੰ ਯੂ. ਜੀ. ਸੀ. ਵਲੋਂ ਦੋ ਸੌ ਰੁਪਏ ਮਹੀਨੇ ਵਜ਼ੀਫ਼ਾ ਮਿਲਦਾ ਹੈ। ਰਮਦੇਵ, ਹਰਨਾਮ ਸਿੰਘ ਸ਼ਾਨ ਖਿਲਾਫ਼ ਤਵਾ ਲਗਾ ਦੇਂਦਾ। ਸ਼ਾਨ ਨਾਲ ਉਹਨੂੰ ਕਾਫ਼ੀ ਕੌੜਾ ਤਜੁਰਬਾ ਹੈ। ਗੱਪ ਮਸਾਲੇ ਦੀਆਂ ਇਨ੍ਹਾਂ ਬੈਠਕਾਂ ਦਾ ਨਤੀਜਾ ਇਹ ਹੁੰਦਾ ਕਿ ਦਰਸ਼ਨ ਸਿੰਘ ਮੇਰਾ ਦੋਸਤ ਬਣ ਜਾਂਦਾ। ਉਹ ਵਿਆਹਿਆ ਹੋਇਆ ਹੈ ਅਤੇ ਨੇੜੇ ਹੀ ਕਿਰਾਏ ਦੇ ਕਮਰੇ ਵਿਚ ਬੀਵੀ ਨਾਲ ਰਹਿੰਦਾ ਹੈ। ਉਹਦੇ ਪਾਸ ਸਾਈਕਲ ਹੈ। ਇਕ ਐਤਵਾਰ ਉਹ ਮੈਨੂੰ ਡਾਕਟਰ ਕੋਹਲੀ ਦੀ ਕੈਂਪਸ ਵਾਲੀ ਰਿਹਾਇਸ਼ ਲੈ ਜਾਂਦਾ ਤੇ ਕਹਿੰਦਾ, ਕੋਹਲੀ ਸਾਹਿਬ ਹਫ਼ਤੇ ਭਰ ਲਈ ਪ੍ਰਵਾਰ ਸਮੇਤ ਦਿੱਲੀ ਗਏ ਹਨ ਤੇ ਉਹਦੀ ਡਿਊਟੀ ਗਮਲਿਆਂ ਨੂੰ ਪਾਣੀ ਦੇਣ ਦੀ ਲਗਾ ਗਏ ਹਨ। ਅਸੀਂ ਦੋਵੇਂ ਕੋਠੀ ਦੇ ਬਾਹਰ ਪਏ ਕੁਝ ਗਮਲਿਆਂ ਨੂੰ ਪਾਣੀ ਦੇਂਦੇ ਹਾਂ। ਫਿਰ ਉਗ੍ਹੂੰ ਕਰਤਾਰ ਸਿੰਘ ਸੂਰੀ, ਜੋ ਪੰਜਾਬੀ ਵਿਭਾਗ ਵਿਚ ਲੈਕਚਰਾਰ ਹੈ, ਦੇ ਘਰ ਆ ਜਾਂਦੇ ਹਾਂ। ਉੱਥੇ ਸੂਰੀ ਦੇ ਪਿਤਾ ਨਾਨਕ ਸਿੰਘ (ਨਾਵਲਕਾਰ) ਵੀ ਆਏ ਹੋਏ ਹਨ ਤੇ ਸਾਡੇ ਪੁੱਜਣ ਵੇਲੇ ਸੈਰ ਕਰਕੇ ਅੰਦਰ ਆਉਂਦੇ ਮੈਂ ਦੇਖੇ ਹਨ।

•

ਜੁਲਾਈ ਦੇ ਪਹਿਲੇ ਹਫ਼ਤੇ ਇੰਗਲਿਸ਼ ਡਿਪਾਰਟਮੈਂਟ ਵਿਚ ਦਾਖਲੇ ਲਈ ਇੰਟ੍ਰਵਿਊ ਹੈ। ਰਮਦੇਵ ਦੇ ਘਰ ਆਉਣ

ਵਾਲਾ ਮੋਹਨ ਸਿੰਘ ਅਨੇਜਾ ਦਸਦਾ ਕਿ ਅੰਗਰੇਜ਼ੀ ਦਾ ਹੈੱਡ ਡਾਕਟਰ ਰਾਜ ਕੁਮਾਰ ਨੇਕ ਬੰਦਾ ਹੈ। ਉਹਦੀ ਨੀਤੀ ਹੈ ਕਿ ਜੋ ਵੀ ਵਿਦਿਆਰਥੀ ਯੂਨੀਵਰਸਟੀ ਦੇ ਨਿਯਮਾਂ ਮੁਤਾਬਿਕ ਐਮ. ਏ. ਵਿਚ ਦਾਖਲਾ ਲੈਣ ਦੇ ਯੋਗ ਹੈ, ਯਾਨੀਕਿ ਜਿਸ ਦੇ ਬੀ. ਏ. ਅੰਗਰੇਜ਼ੀ ਵਿਚ 45 ਪ੍ਰਤੀਸ਼ਤ ਨੰਬਰ ਹਨ, ਉਸ ਦੇ ਦਾਖਲੇ ਵਿਚ ਕਿਸੇ ਤਰ੍ਹਾਂ ਦੀ ਰੁਕਾਵਟ ਨਹੀਂ ਪਾਈ ਜਾਂਦੀ। ਮੈਨੂੰ ਡਰ ਹੈ ਕਿ ਮੈਂ ਵਾਇਆ ਬਠਿੰਡਾ ਟੁੱਚਰ ਜਿਹੀ ਬੀ. ਏ. ਕੀਤੀ ਹੈ, ਉਹ ਮੇਰੇ ਖਿਲਾਫ਼ ਨਾ ਜਾਵੇ। ਅਨੇਜਾ ਕਹਿੰਦਾ, ਵਾਇਆ ਬਠਿੰਡਾ ਬੀ. ਏ. ਕਰਨ ਵਾਲਾ ਤੂੰ ਇਕੱਲਾ ਨਹੀਂ ਹੋਵੇਂਗਾ। ਵੱਡੀ ਗੱਲ ਬੀ. ਏ. ਅੰਗਰੇਜ਼ੀ ਵਿਚ ਲਏ ਨੰਬਰਾਂ ਦੀ ਹੈ। ਉਹ ਮੇਰੇ ਨੰਬਰ ਪੁੱਛਦਾ ਤਾਂ ਕਹਿੰਦਾ, ਤੈਨੂੰ ਦਾਖਲਾ ਮਿਲ ਜਾਵੇਗਾ। ਇਸ ਤਰ੍ਹਾਂ ਹੀ ਹੁੰਦਾ। ਜਿੰਨੇ ਵਿਦਿਆਰਥੀਆਂ ਦੇ ਬੀ. ਏ. ਵਿਚ ਅੰਗਰੇਜ਼ੀ ਦੇ ਨੰਬਰ 45 ਪ੍ਰਤਿਸ਼ਤ ਤੋਂ ਉਪਰ ਹਨ ਉਨ੍ਹਾਂ ਨੂੰ ਦਾਖਲ ਕਰ ਲਿਆ ਜਾਂਦਾ।

ਐਮ. ਏ. (ਅੰਗਰੇਜ਼ੀ) ਵਿਚ ਦਾਖਲਾ ਮਿਲਣ ਬਾਅਦ ਜੇ ਮੈਂ ਹੋਸਟਲ ਵਿਚ ਰਹਿਣਾ ਹੈ ਤਾਂ ਦੋ ਸਾਲ ਤੱਕ ਖਰਚਾ ਕਿੱਥੋਂ ਆਵੇਗਾ? ਮੇਰਾ ਨਿੱਕਾ ਭਰਾ ਸਤਨਾਮ, ਜੋ ਦੋ ਕੁ ਸਾਲ ਪਹਿਲਾਂ ਫੌਜ ਵਿਚ ਅਫਸਰ ਭਰਤੀ ਹੋਇਆ ਤੇ ਹੁਣ ਰੁੜਕੀ ਵਿਚ ਕੈਪਟਨ ਹੈ, ਉਸ ਨੂੰ ਮੈਂ ਚਿੱਠੀ ਲਿਖਦਾ ਹਾਂ। ਉਹਨੂੰ ਕਹਿਨਾਂ ਕਿ ਮੈਨੂੰ ਆਪਣਾ ਮੱਕਾ ਮਿਲ ਗਿਆ ਹੈ ਤੇ ਮੈਂ ਐਮ. ਏ. ਅੰਗਰੇਜ਼ੀ ਕਰਨੀ ਹੈ। ਹੋਸਟਲ ਵਿਚ ਰਹਿਣਾ ਪੈਣਾ ਹੈ। ਮੈਂ ਉਹਨੂੰ ਲਿਖਦਾਂ ਕਿ ਉਹ ਜੇ ਮੇਰੀ ਹਰ ਮਹੀਨੇ ਕੁਝ ਮਦਦ ਕਰ ਦੇਵੇ ਤਾਂ ਬਾਕੀ ਦਾ ਪ੍ਰਬੰਧ ਮੈਂ ਹੋਰ ਕਿਤੋਂ ਕਰ ਲਵਾਂਗਾ। ਉਹਦਾ ਜੁਆਬ ਆਉਂਦਾ ਕਿ ਉਹਨੇ ਮਾਂ ਨੂੰ ਹਰ ਮਹੀਨੇ ਖਰਚੇ ਦੇ ਰੁਪਏ ਭੇਜਣੇ ਹੁੰਦੇ ਹਨ, ਉਹ ਮੈਨੂੰ ਪੰਜਾਹ ਰੁਪਏ ਮਹੀਨੇ ਤੋਂ ਜ਼ਿਆਦਾ ਨਹੀਂ ਭੇਜ ਸਕੇਗਾ। ਅਜਿਹੀ ਇਕ ਚਿੱਠੀ ਮੈਂ ਸਕੂਲ ਵੇਲੇ ਦੇ ਦੋਸਤ ਕੁਲਦੀਪ ਸਿੰਘ ਨੂੰ ਦਿੱਲੀ ਲਿਖਦਾਂ। ਉਹ ਆਪਣੇ ਪਿਤਾ ਦੀ ਵੂਲਨ ਮਿਲ ਵਿਚ ਹਿੱਸੇਦਾਰ ਹੈ, ਚੋਖੀ ਕਮਾਈ ਕਰਦਾ ਹੈ, ਮੇਰਾ ਗੂੜ੍ਹਾ ਦੋਸਤ ਹੈ। ਉਹਦਾ ਜੁਆਬ ਨਾ ਆਉਣ ਦੀ ਸੂਰਤ ਵਿਚ ਮੈਂ ਆਪ ਦਿੱਲੀ ਉਹਦੇ ਕੋਲ ਚਲਾ ਜਾਨਾਂ। ਉਹ ਵਾਅਦਾ ਕਰਦਾ ਕਿ ਉਹ ਸੌ ਰੁਪਏ ਮਹੀਨੇ ਦੇ ਹਿਸਾਬ ਨਾਲ ਹਰ ਦੋ ਤਿੰਨ ਮਹੀਨਿਆਂ ਬਾਅਦ ਮੈਨੂੰ ਇਕੱਠੀ ਰਕਮ ਦੇਵੇਗਾ, ਜਿਸ ਲਈ ਮੈਨੂੰ ਆਪ ਦਿੱਲੀ ਆਉਣਾ ਪਵੇਗਾ। ਕੁਲਦੀਪ ਦੇ ਭਰੋਸੇ ਨਾਲ ਮੈਂ ਸ਼ੇਰ ਹੋ ਜਾਨਾਂ। ਸਿਰ ਸੁੱਟ ਕੇ ਨਿਰਮਾਨ ਦੇ ਦਿੱਤੇ ਅਨੁਵਾਦ ਦਾ ਕੰਮ ਵੀ ਪੰਦਰਾਂ ਵੀਹ ਦਿਨਾਂ ਵਿਚ ਖਤਮ ਕਰ ਦੇਂਦਾ ਹਾਂ।

ਅਚਾਨਕ ਇਕ ਦਿਨ ਮੈਨੂੰ ਗੁਰਨਾਮ ਸਿੰਘ ਤੀਰ ਦਾ ਨਿੱਕਾ ਭਰਾ ਸ਼ਮਸ਼ੇਰ ਸਿੰਘ ਸਰੋਜ ਰਿਕਸ਼ੇ ਵਿਚ ਬੈਠਾ ਜਾਂਦਾ ਦਿਸ ਪੈਂਦਾ। ਮੈਂ ਤੀਰ ਅਤੇ ਸਰੋਜ ਦੋਨਾਂ ਨੂੰ ਅਕਾਦਮੀ ਦੀਆਂ ਕਾਨਫਰੰਸਾਂ ਵੇਲੇ ਤੋਂ ਜਾਣਦਾ ਹਾਂ। ਸਰੋਜ ਅੱਜ ਕੱਲ੍ਹ *ਜੀਵਨ ਪ੍ਰੀਤੀ* ਮਾਸਿਕ ਕੱਢਦਾ। ਇਹ ਪਰਚਾ ਉਹਨੇ ਮਨਜੀਤ ਸਿੰਘ ਚਾਹਲ ਤੋਂ ਖ੍ਰੀਦ ਲਿਆ ਹੈ ਜੋ ਪਹਿਲਾਂ ਇਹਨੂੰ ਪਟਿਆਲਾ ਤੋਂ ਕੱਢਦਾ ਹੁੰਦਾ ਸੀ। ਚਾਹਲ ਨੇ ਅੱਜ ਕੱਲ੍ਹ ਚੰਡੀਗੜ੍ਹ ਦੇ ਇੰਡਸਟ੍ਰਿਅਲ ਏਰੀਆ ਵਿਚ ਮਨਜੀਤ ਪ੍ਰਿੰਟਿੰਗ ਪਰੈੱਸ ਲਗਾ ਰੱਖਿਆ ਹੈ। ਇਹ ਪਰੈੱਸ ਚੋਖਾ ਵੱਡਾ ਹੈ, ਜਿੱਥੇ ਪੰਜਾਬੀ ਅਤੇ ਅੰਗਰੇਜ਼ੀ ਦੀ ਛਪਾਈ ਦਾ ਕੰਮ ਹੁੰਦਾ। ਇੰਡਸਟ੍ਰਿਅਲ ਏਰੀਆ ਵਿਚ ਸਿਵਾਏ ਮਾਡੇਲਾ ਵੂਲਨ ਮਿਲਜ਼ ਅਤੇ ਪੰਜ ਸੱਤ ਹੋਰ ਪਲਾਂਟਾਂ ਦੇ ਕੁਝ ਵੀ ਨਹੀਂ ਹੈ। ਖੈਰ, ਮੈਂ ਸਰੋਜ ਨੂੰ ਦਸਦਾਂ ਕਿ ਮੈਨੂੰ ਕੰਮ ਦੀ ਜ਼ਰੂਰਤ ਹੈ। ਉਹ ਮੈਨੂੰ ਆਪਣੇ ਅਠਾਰਾਂ ਸੈਕਟਰ ਵਾਲੇ ਘਰ ਸੱਦਦਾ। ਫੈਸਲਾ ਹੁੰਦਾ ਕਿ ਮੈਂ *ਜੀਵਨ ਪ੍ਰੀਤੀ* ਦੀ ਸੰਪਾਦਨਾ, ਲੇਖਾਂ ਦੇ ਅਨੁਵਾਦ ਅਤੇ ਪਰੂਫ ਰੀਡਿੰਗ, ਵਿਚ ਸਰੋਜ ਦੀ ਸਹਾਇਤਾ ਕਰਾਂਗਾ ਜਿਸ ਲਈ ਉਹ ਮੈਨੂੰ ਮਾਕੂਲ ਉਜਰਤ ਦੇਵੇਗਾ। ਉਹ ਤੁਰੰਤ ਮੈਨੂੰ ਦੋ ਅੰਗਰੇਜ਼ੀ ਦੇ ਲੇਖ ਦੇਂਦਾ ਕਿ ਮੈਂ ਇਨ੍ਹਾਂ ਦਾ ਅਨੁਵਾਦ ਕਰ ਦਿਆਂ। ਜੂਨ ਦਾ ਸ਼ੁਰੂ ਚਲ ਰਿਹਾ ਹੈ ਤੇ ਗਰਮੀ ਵਧ ਗਈ ਹੈ। ਮੈਂ ਰਾਤ ਨੂੰ ਯੂਨੀਵਰਸਟੀ ਕੈਂਪਸ ਵਿਚ ਬਣੇ ਗਾਂਧੀ ਭਵਨ ਦੇ ਆਲੇ ਦੁਆਲੇ ਲਘੂ ਝੀਲ ਦੇ ਥਮ੍ਹਲੇ ਉੱਤੇ ਜਾ ਬੈਠਣ ਲੱਗਦਾਂ। ਭਵਨ ਦੀ ਛੱਤ ਕੋਲ ਲੱਗੀ ਵੱਡੀ ਸਾਰੀ ਬੀਮ ਲਾਈਟ ਦੀ ਰੋਸ਼ਨੀ ਏਥੇ ਡਿੱਗਦੀ ਹੈ। ਮੈਂ ਗਈ ਰਾਤ ਤੱਕ ਬੈਠ ਕੇ *ਜੀਵਨ ਪ੍ਰੀਤੀ* ਵਾਲਾ ਕੰਮ ਕਰਨ ਲੱਗਦਾ ਹਾਂ। ਆਸ ਪਾਸ ਉੱਕਾ ਇਕਾਂਤ ਹੁੰਦੀ ਹੈ। ਕੁਝ ਕਦਮਾਂ ਤੇ ਯੂਨੀਵਰਸਟੀ ਲਾਇਬਰੇਰੀ ਦੀ ਇਮਾਰਤ ਹੈ ਜਿੱਥੇ ਮੈਂ ਮਹੀਨਾ ਪਹਿਲਾਂ ਐਤਵਾਰ ਵਾਲੇ ਦਿਨ ਪਹਿਲੀ ਵੇਰ ਆਇਆ ਸੀ। ਯੂਨੀਵਰਸਟੀ ਬੰਦ ਹੋਣ ਕਰਕੇ ਕਿਤੇ ਕੋਈ ਹਰਕਤ ਨਹੀਂ, ਤੇ ਫਿਰ ਰਾਤ ਦੇ ਗਿਆਰਾਂ ਬਾਰਾਂ ਵਜੇ ਤੇ ਮੈਂ ਇਕੱਲਾ ਖੁੱਲੀ ਜਗ੍ਹਾ ਬੈਠਾ ਕਾਗਜ਼ ਉੱਤੇ ਪੰਜਾਬੀ ਅੱਖਰ ਲਿਖੀ ਜਾਂਦਾ ਹਾਂ। ਇਹ ਕੰਮ ਮੈਂ ਨਿਰਮਾਨ ਦੇ ਕਮਰੇ ਵਿਚ, ਜਿੱਥੇ ਮੈਂ ਰਾਤ ਸੌਂਦਾ ਹਾਂ, ਨਹੀਂ ਕਰ ਸਕਦਾ। ਪੁਰਾਣੀ ਆਦਤ ਹੈ ਬਾਗ ਵਿਚ ਲੈਂਪ ਪੋਸਟ ਹੇਠ ਬੈਠ ਕੇ ਕੰਮ ਕਰਨ ਦੀ, ਜਿਸ ਨੇ ਮੈਨੂੰ ਹਰ ਸਥਿਤੀ ਵਿਚ ਉਤਸ਼ਾਹਿਤ ਕੀਤੀ ਰੱਖਿਆ ਹੈ। ਦਿਨ ਵੇਲੇ ਮੈਨੂੰ *ਜੀਵਨ ਪ੍ਰੀਤੀ* ਦੇ ਪਰੂਫ ਪੜ੍ਹਣ ਲਈ ਸਾਈਕਲ ਉੱਤੇ ਪੰਦਰਾਂ ਸੈਕਟਰ ਤੋਂ ਇੰਡਸਟ੍ਰਿਅਲ ਏਰੀਆ ਜਾਣਾ ਪੈਂਦਾ। ਕਰੜੀ ਧੁੱਪ, ਰਾਹ ਲੰਮਾ, ਪਸੀਨੋ-ਪਸੀਨ ਸਾਈਕਲ ਚਲਾਂਦਾ ਪਰੈੱਸ ਵਿਚ ਪੁੱਜਦਾ ਹਾਂ। ਅਗਲੇ ਦਿਨ ਸਰੋਜ ਕੋਲ ਜਾ ਕੇ ਹੱਥ ਖੜੇ ਕਰ ਦੇਂਦਾ ਹਾਂ ਕਿ ਏਨੀ ਦੂਰ ਗਰਮੀ ਵਿਚ ਮੇਰੇ ਕੋਲੋਂ ਜਾਣਾ ਮੁਸ਼ਕਿਲ ਹੈ। ਉਹ ਕਹਿੰਦਾ ਕਿ ਆਉਣ ਜਾਣ ਦਾ ਰਿਕਸ਼ਾ ਕਰ ਲਿਆ ਕਰਾਂ ਜਿਹਦੇ ਪੈਸੇ ਉਹ ਦੇਵੇਗਾ। ਮੈਨੂੰ ਰਿਕਸ਼ੇ ਦਾ ਖਰਚਾ ਫ਼ਜ਼ੂਲ ਲੱਗਦਾ। ਸਰੋਜ ਕਹਿੰਦਾ, "ਤੂੰ ਕਿਉਂ ਫ਼ਿਕਰ ਕਰਦਾਂ? ਇਹ ਜ਼ਰੂਰੀ ਖਰਚਾ ਹੈ।" ਅਗਲੇ ਦਿਨ ਮੈਂ ਰਿਕਸ਼ੇ ਉੱਤੇ ਜਾਂਦਾ ਹਾਂ, ਪਰ ਵਾਪਸੀ ਵੇਲੇ, ਆਸ ਪਾਸ ਉਜਾੜ ਹੋਣ ਕਰਕੇ, ਰਿਕਸ਼ਾ ਨਹੀਂ ਮਿਲਦਾ। ਮੈਨੂੰ ਲੱਗਦਾ *ਜੀਵਨ ਪ੍ਰੀਤੀ* ਵਾਲੇ ਕੰਮ ਦੀ ਮਿਹਨਤ ਬਹੁਤ ਕਰਨੀ ਪੈਂਦੀ ਹੈ ਤੇ ਉਜਰਤ ਖਾਸ ਨਹੀਂ ਮਿਲਦੀ। ਇਹ ਕੰਮ ਮੈਂ ਛੱਡ ਦੇਂਦਾ

ਹਾਂ।

•

ਨਿਰਮਾਨ ਦੀ ਮਾਤਾ ਕਿਸੇ ਪਿੰਡ ਵਿਚ ਨਰਸ ਵਜੋਂ ਕੰਮ ਕਰਦੀ ਹੈ। ਪਿਤਾ ਨੇ ਮਾਤਾ ਨੂੰ ਚਿਰੋਕਨਾ ਛੱਡ ਦਿੱਤਾ ਹੋਇਆ ਹੈ। ਟੁੱਟੇ ਹੋਏ ਇਸ ਰਿਸ਼ਤੇ ਦਾ ਨਿਰਮਨ ਉੱਤੇ ਗਹਿਰਾ ਅਸਰ ਪਿਆ ਲੱਗਦਾ ਹੈ। ਉਹਦੇ ਅੰਦਰ ਕਿਸੇ ਨਾਲ ਜੁੜਨ ਦੀ ਅਥਾਹ ਤਮੱਨਾ ਹੈ। ਉਹਨੇ ਮੈਨੂੰ ਮਿਲਦਿਆਂ ਆਪਣੇ ਕਮਰੇ ਵਿਚ ਜਗ੍ਹਾ ਦੇ ਕੇ ਖ਼ੁਸ਼ੀ ਮਹਿਸੂਸ ਕੀਤੀ। ਸ਼ਾਇਦ ਇਹੀ ਕਾਰਣ ਹੈ ਕਿ ਉਹ ਨਿਰੰਕਾਰੀ ਪੰਥ ਦਾ ਸਕ੍ਰੀਹ ਅੰਗ ਬਣ ਚੁੱਕਾ ਹੈ। ਉਹ ਕਹਿੰਦਾ, ਨਿਰੰਕਾਰੀ ਸੰਗਤ ਦਾ ਅੰਗ ਬਣ ਕੇ ਉਸਨੂੰ ਸ਼ਾਂਤੀ ਮਿਲੀ ਹੈ। ਸੈਕਟਰ ਪੰਦਰਾਂ-ਸੀ ਵਿਚ ਨਿਰੰਕਾਰੀ ਗੁਰਦੁਆਰਾ ਹੈ ਜਿੱਥੇ ਐਤਵਾਰ ਵਾਲੇ ਦਿਨ ਭਾਰੀ ਇਕੱਠ ਹੁੰਦਾ। ਨਿਰਮਾਨ ਉੱਥੇ ਚਾਅ ਨਾਲ ਜਾਂਦਾ ਹੈ। ਉਹ ਮੈਨੂੰ ਕਹਿੰਦਾ ਕਿ ਮੈਂ ਨਿਰੰਕਾਰੀ ਸੰਗਤ ਦਾ ਅੰਗ ਬਣ ਜਾਵਾਂ। ਕਹਿੰਦਾ, ਨਿਰੰਕਾਰੀ ਗੁਰਦੁਆਰੇ ਵਿਚ ਐਤਵਾਰ ਵਾਲੇ ਦਿਨ ਨਵੇਂ ਪੈਰੋਕਾਰ ਬਣਾਏ ਜਾਂਦੇ ਹਨ ਤੇ ਸਥਾਨਕ ਮੁਖੀ ਪੈਰੋਕਾਰਾਂ ਨੂੰ ਰੱਬ ਦੇ ਦਰਸ਼ਨ ਕਰਾਂਦਾ ਹੈ। ਇਕ ਦਿਨ ਸ਼ਾਮ ਨੂੰ ਉਹ ਮੈਨੂੰ ਸਥਾਨਿਕ ਮੁਖੀ ਕੋਲ ਰੱਬ ਦੇ ਦਰਸ਼ਨ ਕਰਵਾਣ ਲਿਜਾਂਦਾ ਹੈ, ਇਹ ਕਹਿੰਦਿਆਂ ਕਿ ਜੇ ਮੈਨੂੰ ਨਾ ਜਚਿਆ ਤਾਂ ਮੈਂ ਨਿਰੰਕਾਰੀ ਸੰਗਤ ਵਿਚ ਦਾਖਲ ਨਾ ਹੋਵਾਂ। ਮੈਂ ਸਥਾਨਕ ਮੁਖੀ ਕੋਲੋਂ ਗਿਆਨ ਪ੍ਰਾਪਤ ਕਰਨ ਬੈਠਦਾਂ ਤਾਂ ਉਹ ਕਹਿੰਦਾ, "ਰੱਬ ਦੇ ਦਰਸ਼ਨ ਕਰਨੇ ਨੇ?" ਮੈਂ ਚੁੱਪ ਹਾਂ। ਫਿਰ ਉਹ ਹੱਥ ਉਛਾਲ ਕੇ ਕਹਿੰਦਾ, "ਅਹਾ ਦੇਖੋ ਰੱਬ। ਰੱਬ ਤਾਂ ਤੁਹਾਡੇ ਇਰਦ ਗਿਰਦ ਹੈ।" ਉਹ ਕਹਿੰਦਾ, "ਰੱਬ ਨੂੰ ਮਹਿਸੂਸ ਕੀਤਾ ਜਾ ਸਕਦਾ, ਕੀ ਦੇਖਣਾ ਜ਼ਰੂਰੀ ਹੈ? ਤੁਸੀਂ ਸਾਹ ਲੈਂਦੇ ਹੋ ਜੀਹਦਾ ਮਤਲਬ ਹੈ ਹਵਾ ਹੈ। ਜਿਵੇਂ ਸਾਰੇ ਪਾਸੇ ਹਵਾ ਹੈ, ਤੁਸੀਂ ਹਵਾ ਨੂੰ ਦੇਖ ਨਹੀਂ ਸਕਦੇ ਪਰ ਇਹ ਹੈ, ਤਦ ਹੀ ਤੁਸੀਂ ਜ਼ਿੰਦਾ ਹੋ, ਇਵੇਂ ਰੱਬ ਸਭ ਥਾਂ ਹੈ, ਇਹਨੂੰ ਮਹਿਸੂਸ ਕਰੋਗੇ ਤਾਂ ਦੇਖਣ ਦੀ ਲੋੜ ਨਹੀਂ ਪਵੇਗੀ।" ਵਾਪਸ ਘਰ ਆ ਕੇ ਨਿਰਮਾਨ ਮੈਨੂੰ ਪੁੱਛਦਾ, "ਕੀ ਵਿਚਾਰ ਹੈ?" ਮੈਂ ਆਖਦਾਂ : "ਕਾਹਦਾ ਵਿਚਾਰ?" ਉਹ : "ਇਹੀ ਜੋ ਗਿਆਨ ਪ੍ਰਾਪਤ ਕੀਤਾ, ਇਹਦੇ ਬਾਰੇ?" ਮੈਂ ਆਖਦਾਂ : "ਤੂੰ ਮੈਨੂੰ ਕਿਹਾ ਸੀ ਕਿ ਜ਼ਰੂਰੀ ਨਹੀਂ ਮੈਂ ਨਿਰੰਕਾਰੀ ਸੰਗਤ ਵਿਚ ਦਾਖਲਾ ਲਵਾਂ।" ਉਹ ਸਮਝ ਜਾਂਦਾ, ਪਰ ਲੱਗਦਾ ਉਹ ਮੇਰੇ ਜੁਆਬ ਤੋਂ ਖ਼ੁਸ਼ ਨਹੀਂ।

•

ਮੈਨੂੰ ਬਿਨਾ ਹੀਲ-ਹੁਜਤ ਦੇ ਅੰਗਰੇਜ਼ੀ ਵਿਭਾਗ ਵਿਚ ਦਾਖਲਾ ਮਿਲ ਜਾਂਦਾ ਹੈ। ਮੈਂ ਦਾਖਲੇ ਦੀ ਸਲਿੱਪ ਲੈ ਕੇ ਯੂਨੀਵਰਸਟੀ ਦੇ ਪ੍ਰਬੰਧਕੀ ਦਫ਼ਤਰ ਫੀਸ ਜਮ੍ਹਾਂ ਕਰਵਾ ਆਉਂਦਾ ਹਾਂ। ਫੀਸ ਦੀ ਸਲਿੱਪ ਲੈ ਕੇ ਮੈਂ ਹੋਸਟਲ ਨੰਬਰ 5 ਪੁੱਜਦਾ ਹਾਂ। 21 ਰੁਪਏ ਮਹੀਨਾ ਕਮਰੇ ਦਾ ਪੇਸ਼ਗੀ ਕਿਰਾਇਆ ਤੇ 40 ਰੁਪਏ ਮਹੀਨਾ ਮੈੱਸ ਦੇ ਅਡਵਾਂਸ ਅਤੇ ਹੋਰ ਨਿੱਕਸੁੱਕ ਜਮ੍ਹਾਂ ਕਰਕੇ ਕੋਈ ਸਵਾ ਸੌ ਰੁਪਏ ਬਣਦੇ ਹਨ, ਜੋ ਮੇਰੇ ਪਾਸ ਹਨ। ਮੈਂ ਹੋਰ ਮੁੰਡਿਆਂ ਵਾਂਗ ਟੂਹਰ ਨਾਲ ਪੰਜਾਬ ਯੂਨੀਵਰਸਟੀ ਦੇ ਅੰਗਰੇਜ਼ੀ ਵਿਭਾਗ ਦਾ ਵਿਦਿਆਰਥੀ ਬਣ ਚੱਕਾ ਹਾਂ। (ਮੈਨੂੰ ਪ੍ਰਿੰਸੀਪਲ ਡਾਕਟਰ ਹਰਬੰਤ ਸਿੰਘ, ਜੋ ਬਿਸ਼ਨ ਸਿੰਘ ਸਮੁੰਦਰੀ ਤੋਂ ਪਹਿਲਾਂ ਖਾਲਸਾ ਕਾਲਜ ਦਾ ਪ੍ਰਿੰਸੀਪਲ ਸੀ ਤੇ ਜੋ ਹੁਣ ਕਿਸੇ ਹੋਰ ਕਾਲਜ ਦਾ ਪ੍ਰਿੰਸੀਪਲ ਹੈ ਤੇ ਯੂਨੀਵਰਸਟੀ ਸੈਨੇਟ ਦੀ ਮੀਟਿੰਗ ਵਿਚ ਸ਼ਾਮਿਲ ਹੋਣ ਆਇਆ ਹੈ, ਮਿਲਦਾ ਹੈ। ਉਹ ਪੁੱਛਦਾ, "ਤੂੰ ਏਥੇ ਕਿਵੇਂ?" ਮੈਂ ਦਸਦਾਂ, "ਮੈਂ ਇੰਗਲਿਸ਼ ਡਿਪਾਰਟਮੈਂਟ ਵਿਚ ਐਮ. ਏ. ਜਾਇਨ ਕੀਤੀ ਹੈ"। ਉਹ ਕਹਿੰਦਾ, "ਇਹ ਤੂੰ ਬਹੁਤ ਚੰਗਾ ਕੀਤਾ, ਅਸੀਂ ਤਾਂ ਪੰਜਾਬੀ ਦੀ ਐਮ. ਏ. ਵਾਲਿਆਂ ਨੂੰ ਅਨਪੜ੍ਹ ਹੀ ਸਮਝਦੇ ਹਾਂ।")

ਐਮ. ਏ. ਪੰਜਾਬੀ ਦਾ ਨਤੀਜਾ ਆ ਗਿਆ ਹੈ। ਮੇਰੀ ਯੂਨੀਵਰਸਟੀ ਵਿਚ ਤੀਜੀ ਪੋਜ਼ੀਸ਼ਨ ਹੈ। ਫਸਟ ਕਲਾਸ ਤੋਂ ਚਾਰ ਨੰਬਰ ਘਟ ਹਨ। ਮੈਨੂੰ ਪੰਜਾਬੀ ਦੇ ਲੈਕਚਰਾਰ ਵਜੋਂ ਨੌਕਰੀ ਬਿਨਾ ਦਿੱਕਤ ਦੇ ਮਿਲ ਸਕਦੀ ਹੈ ਪਰ ਮੈਂ ਇਹਦੇ ਬਾਰੇ ਨਹੀਂ ਸੋਚਦਾ। ਅਚਾਨਕ ਇਕ ਦਿਨ ਮੈਂ ਡਾਕਟਰ ਸੁਰਿੰਦਰ ਸਿੰਘ ਕੋਹਲੀ ਦੇ ਦਫ਼ਤਰ, ਜੋ ਆਰਟਸ ਬਲਾੱਕ ਇਕ ਦੀ ਪਹਿਲੀ ਮੰਜ਼ਿਲ ਉੱਤੇ ਹੈ, ਦਾਖਲ ਹੋ ਕੇ ਉਨ੍ਹਾਂ ਨੂੰ ਕਹਿਨਾਂ, "ਤੁਹਾਡੇ ਯੂ. ਜੀ. ਸੀ. ਵਜ਼ੀਫ਼ੇ ਦੀ ਜੋ ਆਸਾਮੀ ਖਾਲੀ ਹੋਣ ਵਾਲੀ ਹੈ, ਕਹੋ ਤਾਂ ਅਪਲਾਈ ਕਰ ਦਿਆਂ। ਉਹ ਕਹਿਣ ਲੱਗੇ, ਅਪਲਾਈ ਕਰਨ ਤੋਂ ਮੈਂ ਰੋਕਦਾ ਨਹੀਂ, ਪਰ ਪਹਿਲਾਂ ਹੀ ਦੋ ਉਮੀਦਵਾਰਾਂ ਨੂੰ ਹਾਂ ਰੱਖੀ ਹੈ, ਅਜੇ ਫੈਸਲਾ ਕਰਨਾ ਹੈ ਕਿ ਇਨ੍ਹਾਂ ਵਿਚੋਂ ਕਿਸ ਨੂੰ ਚੁਣਨਾ ਹੈ।"

ਮੈਂ ਤੁਰੰਤ ਦੂਜੀ ਮੰਜ਼ਿਲ ਉੱਤੇ ਆਪਣੇ ਅੰਗਰੇਜ਼ੀ ਵਿਭਾਗ ਜਾ ਪੁਜਦਾ ਹਾਂ।

•

ਸਵੇਰੇ ਪੌਣੇ ਨੌਂ ਵਜੇ ਕੁੜੀਆਂ ਮੁੰਡੇ ਹੋਸਟਲਾਂ ਵਿਚੋਂ ਨਿਕਲ ਕੈਂਪਸ ਦੀਆਂ ਸੜਕਾਂ ਉੱਤੇ ਪੈਦਲ ਆਰਟਸ ਬਲਾੱਕ ਪੁੱਜਦੇ ਹਨ। ਮੈਂ ਪੰਜ ਨੰਬਰ ਹੋਸਟਲ ਤੋਂ ਦੜੰਗੇ ਮਾਰਦਾ, ਸਾਇੰਸ ਬਲਾੱਕਾਂ ਨੂੰ ਪਾਰ ਕਰਕੇ, ਲਾਇਬਰੇਰੀ ਅੱਗੋਂ ਨਿਕਲ ਖੱਬੇ ਹੱਥ ਗਾਂਧੀ ਭਵਨ ਨੂੰ ਪਾਰ ਕਰਦਾ ਇੰਗਲਿਸ਼ ਆੱਡੀਟੋਰੀਅਮ ਪੁੱਜਦਾ ਹਾਂ। ਖੱਬੇ ਪਾਸੇ ਵਾਲੀ ਸੜਕ ਤੋਂ ਕੁੜੀਆਂ ਗੱਲਾਂ ਕਰਦੀਆਂ, ਟਹਿਕਦੀਆਂ, ਰੰਗ ਬਿਰੰਗੇ ਕਪੜੇ ਪਹਿਨੀ ਆਉਂਦੀਆਂ ਦਿਖਦੀਆਂ ਹਨ। ਇੰਜ ਲੱਗਦਾ ਜ਼ਿੰਦਗੀ ਦੀ

ਅਮੁੱਕ ਬਹਾਰ ਦਾ ਪਸਾਰਾ ਇਨ੍ਹਾਂ ਪਲਾਂ ਵਿਚ ਸਿਮਟ ਗਿਆ ਹੈ। ਅਸੀਂ ਮੁੰਡੇ ਬਾਹਰ ਵਰਾਂਡੇ ਵਿਚ ਖੜੇ, ਟੀਚਰ ਦੇ ਆਉਣ ਦੀ ਇੰਤਜ਼ਾਰ ਕਰਦੇ, ਕੁੜੀਆਂ ਦੇ ਨਿੱਕੇ ਨਿੱਕੇ ਝੁੰਡਾਂ ਵੱਲ ਰੀਝ ਨਾਲ ਦੇਖਦੇ ਹਾਂ। ਗੱਲ੍ਹਾਂ ਮਟਾਕਦੀਆਂ ਕੁੜੀਆਂ ਦੂਰੋਂ ਆਉਂਦੀਆਂ, ਨਜ਼ਦੀਕ ਹੁੰਦੀਆਂ, ਸਾਡੇ ਕੋਲੋਂ ਦੀ ਲੰਘ ਸਿੱਧਾ ਆਂਡੀਟੋਰੀਅਮ ਵਿਚ ਕੁਰਸੀਆਂ ਉੱਤੇ ਜਾ ਬੈਠਦੀਆਂ ਹਨ, ਟੀਚਰ ਦੇ ਆਉਣ ਦੀ ਉਡੀਕ ਵਿਚ। ਮੁੰਡਿਆਂ ਵਿਚੋਂ ਕੁਝ ਇਕ ਨੇ ਚੁਪੀਤੇ ਦੋ ਤਿੰਨ ਕੁੜੀਆਂ ਦੇ ਕਿਸੇ ਖਾਸ ਜੁੱਟ ਵਿਚੋਂ ਕਿਸੇ ਇਕ ਕੁੜੀ ਨੂੰ ਪਸੰਦ ਕੀਤਾ ਹੁੰਦਾ। ਨਿਗ੍ਹਾ ਉਸ ਜੁੱਟ ਨੂੰ ਉਡੀਕ ਰਹੀ ਹੁੰਦੀ ਹੈ। ਮੈਨੂੰ ਕੁੜੀਆਂ ਦੀ ਸਹਿਜ ਮਸਤ ਚਾਲ ਮੋਹਿਤ ਕਰਦੀ ਹੈ। ਆਪ ਮੈਂ ਕਦੇ ਮਸਤ ਚਾਲ ਨਹੀਂ ਚਲਦਾ। ਲੱਤਾਂ ਦੋਹਰਾ ਕਦਮ ਚੁਕਣ ਤੋਂ ਰੁਕਦੀਆਂ ਨਹੀਂ।

ਪ੍ਰੋਫੈਸਰ ਹੌਲੇ ਹੌਲੇ ਸਾਈਕਲ ਸਵਾਰੀ ਕਰਦੇ ਪੁੱਜਦੇ ਹਨ। ਵਿਕਰਮ ਸਭਰਵਾਲ, ਜੋ ਇਸੇ ਸਾਲ ਜਾਲੰਧਰ ਦੇ ਈਵਨਿੰਗ ਕਾਲਜ ਤੋਂ ਅੰਗਰੇਜ਼ੀ ਡਿਪਾਰਟਮੈਂਟ ਵਿਚ ਆਨ ਲੱਗਾ ਹੈ, ਪ੍ਰੋਫੈਸਰਾਂ ਦੇ ਹੋਸਟਲ (ਟੀਚਰਜ਼ ਹੋਮ) ਤੋਂ ਹੌਲ਼ੇ ਹੌਲ਼ੇ ਸਾਈਕਲ ਚਲਾ ਕੇ ਆਉਂਦਾ ਦਿਖਾਈ ਦੇਂਦਾ ਹੈ। ਮੋਤੀ ਲਾਲ ਰੈਣਾ ਆਪਣੇ ਈ ਬਲਾੱਕ ਦੇ ਕੁਆਟਰ ਤੋਂ ਪੈਦਲ ਚਲ ਕੇ ਪੁੱਜਦਾ ਹੈ। ਡਿਪਾਰਟਮੈਂਟ ਦਾ ਹੈੱਡ ਡਾਕਟਰ ਰਾਜ ਕੁਮਾਰ ਪੁਰਾਣੀ ਫੀਅਟ ਕਾਰ ਵਿਚ ਆਉਂਦਾ ਹੈ। ਕਾਰ ਉਸ ਦੀ ਪਤਨੀ ਪ੍ਰੋਫੈਸਰਾਂ ਦੇ ਐਫ ਟਾਈਪ ਕੁਆਟਰਾਂ ਤੋਂ ਚਲਾ ਕੇ ਆਉਂਦੀ ਹੈ ਤੇ ਉਸ ਨੂੰ ਆਰਟਸ ਬਲਾੱਕ ਅੱਗੇ ਲਾਹ ਕੇ ਕਾਰ ਵਾਪਿਸ ਲੈ ਜਾਂਦੀ ਹੈ। ਹੋਰ ਨਾ ਕੋਈ ਕਾਰ ਦੀ ਸਵਾਰੀ ਕਰਦਾ ਹੈ ਤੇ ਨਾ ਹੀ ਇੱਧਰ ਕਿਤੇ ਕੋਈ ਕਾਰ ਦਿਖਦੀ ਹੈ।

ਇੰਗਲਿਸ਼ ਡਿਪਾਰਟਮੈਂਟ ਵਿਚ ਐਮ. ਏ. (ਪਹਿਲੇ ਸਾਲ) ਦੀ ਕਲਾਸ ਦੇ ਵਿਦਿਆਰਥੀਆਂ ਦੀ ਗਿਣਤੀ ਕਰੀਬ 140 ਹੈ। ਕਲਾਸ ਡਿਪਾਰਟਮੈਂਟ ਦੇ ਲੈਕਚਰ ਰੂਮ ਵਿਚ ਨਹੀਂ, ਹੇਠ ਇੰਗਲਿਸ਼ ਆਂਡੀਟੋਰੀਅਮ ਵਿਚ ਲੱਗਦੀ ਹੈ। ਆਂਡੀਟੋਰੀਅਮ ਦੇ ਅੰਦਰ ਸੱਜੇ ਪਾਸੇ ਵਾਲੇ ਦੀਆਂ ਸੀਟਾਂ ਉੱਤੇ ਮੁੰਡੇ ਅਤੇ ਖੱਬੇ ਵਾਲੇ ਪਾਸੇ ਕੁੜੀਆਂ ਬੈਠਦੀਆਂ ਹਨ। ਵਿਹਲੇ ਸਮੇਂ ਕੁੜੀਆਂ ਅੰਦਰ ਬੈਠੀਆਂ ਰਹਿੰਦੀਆਂ ਹਨ, ਕੁਝ ਕੁ ਆਪਣੀ ਢਾਣੀ ਬਣਾਈ ਬਾਹਰ ਵੀ ਪਾਸੇ ਜਿਹੇ ਖੜ੍ਹ ਕੇ ਗੱਲਾਂ ਮਟਾਕਦੀਆਂ ਹਨ। ਨਾ ਕੁੜੀਆਂ ਮੁੰਡਿਆਂ ਨੂੰ ਬੁਲਾਂਦੀਆਂ ਜਾਂ ਹੈਲੋ ਕਹਿੰਦੀਆਂ ਹਨ, ਨਾ ਮੁੰਡੇ ਉਨ੍ਹਾ ਨੂੰ ਘੂਰ ਕੇ ਦੇਖਣ ਦੀ ਜੁੱਰਤ ਕਰਦੇ ਹਨ, ਭਾਵੇਂ ਚਾਹਤ ਦੋਵਾਂ ਦੀ ਗੱਲਬਾਤ ਕਰਨ ਦੀ ਹੁੰਦੀ ਹੈ। ਸਾਡੀ ਢਾਣੀ ਵਿਚ ਬਲਵਿੰਦਰ ਸੰਧੂ ਨਾਂ ਦਾ ਸੁਨੱਖਾ ਮੁੰਡਾ ਹੈ, ਉਹਨੂੰ ਇਕ ਕੁੜੀ, ਜੀਹਦਾ ਗੋਤ ਗਿੱਲ ਹੈ, ਬਹੁਤ ਚੰਗੀ ਲੱਗਦੀ ਹੈ। ਕਲਾਸਾਂ ਖਤਮ ਹੋਣ ਤੋਂ ਬਾਅਦ ਜਦ ਕਦੇ ਉਹ ਕੁੜੀ ਲਾਇਬਰੇਰੀ ਕਿਤਾਬ ਈਸ਼ੂ ਜਾਂ ਰਿਟਰਨ ਕਰਨ ਜਾਂਦੀ ਹੈ ਤਾਂ ਬਲਵਿੰਦਰ ਚੁਪੀਤੇ ਜਿਹੇ ਲਾਇਬਰੇਰੀ ਪੁੱਜਦਾ ਤੇ ਉਨ੍ਹਾਂ ਰੈਕਾਂ ਵਿਚ ਕਿਤਾਬਾਂ ਫਰੋਲਣ ਲੱਗ ਪੈਂਦਾ ਜਿੱਥੇ ਉਹ ਕੁੜੀ ਕਿਤਾਬਾਂ ਦੀ ਤਲਾਸ਼ੀ ਕਰ ਰਹੀ ਹੁੰਦੀ ਹੈ।

ਸਾਲ ਦਾ ਸ਼ੁਰੂ ਹੋਣ ਕਰਕੇ ਵਿਦਿਆਰਥੀ ਮਸਤੀ+ਲੁਤਫ਼ ਦੇ ਰੌਂ ਵਿਚ ਹਨ ਜਿਵੇਂ ਕਿਸੇ ਬਾਰਾਤ ਵਿਚ ਸ਼ਾਮਿਲ ਹੋ ਰਹੇ ਹੋਣ - ਬੇਫ਼ਿਕਰੇ, ਅਸ਼ਟਲਬਾਜ਼, ਅਲਗਰਜ਼। ਕਲਾਸ ਵਿਚ ਪੜ੍ਹਾਈ ਕਿਸ ਪੱਧਰ ਦੀ ਹੈ, ਅਧਿਆਪਕ ਚੰਗੇ ਹਨ ਜਾਂ ਨਿਕੰਮੇ, ਕਿਸੇ ਨੂੰ ਇਹਦੀ ਪ੍ਰਵਾਹ ਨਹੀਂ। ਜੇ ਟੀਚਰ ਮਾੜਾ ਹੈ, ਬੋਲਦਿਆਂ ਅਕਾਂਦਾ ਹੈ, ਕੁੜੀਆਂ ਸਾਊ ਬਣੀ ਸੁਣੀ ਜਾਂਦੀਆਂ ਹਨ। ਅਗਾਂਹ ਵਾਲੀਆਂ ਪਾਲਾਂ ਦੀਆਂ ਕੁਰਸੀਆਂ ਉਤੇ ਬੈਠੇ ਮੁੰਡੇ ਵੀ ਆਗਿਆਕਾਰ ਬੱਚਿਆਂ ਵਾਂਗ ਬੈਠੇ ਰਹਿੰਦੇ ਹਨ। ਕੁਝ ਮੁੰਡੇ, ਜੋ ਆਪਣੇ ਆਪ ਨੂੰ ਦਾਦੇ ਸਮਝਦੇ ਹਨ, ਪਿਛਾਂਹ ਬਾਹਰ ਜਾਣ ਵਾਲੇ ਦਰਵਾਜ਼ੇ ਦੇ ਨਾਲ ਵਾਲੀਆਂ ਕੁਰਸੀਆਂ ਦੀ ਪਾਲ ਵਿਚ ਲੱਤਾਂ ਪਸਾਰੀ ਬੈਠੇ ਹੁੰਦੇ ਹਨ। ਧੀਮੀ ਆਵਾਜ਼ ਵਾਲੇ ਵਿਕਰਮ ਸਭਰਵਾਲ ਦੀ ਉਨ੍ਹਾਂ ਤੱਕ ਆਵਾਜ਼ ਨਹੀਂ ਪਹੁੰਚਦੀ। ਛੋਪਲੇ ਜਿਹੇ ਪਿਛਲੀ ਪਾਲ ਵਿਚੋਂ ਇਕ ਮੁੰਡਾ ਦਰਵਾਜ਼ੇ ਤੋਂ ਬਾਹਰ ਖਿਸਕ ਜਾਂਦਾ ਹੈ, ਫਿਰ ਦੂਜਾ ਤੇ ਪਿਛਲੀ ਪਾਲ ਖਾਲ੍ਹੀ ਹੋ ਜਾਂਦੀ ਹੈ। ਅਗਾਂਹ ਬੈਠਿਆਂ ਨੂੰ ਪਤਾ ਨਹੀਂ ਚਲਦਾ। ਕੋਈ ਮੁੰਡਾ ਬਾਹਰ ਆ ਕੇ ਬੋਲਦਾ "ਵੱਟ ਏ ਬੋਰ, ਯਾਰ"। ਦੂਜਾ ਕੋਈ ਹੋਰ ਜੁਮਲਾ ਅਦਾ ਕਰਦਾ। ਦੋ ਚਾਰ ਮੁੰਡੇ ਦੜੰਗੇ ਮਾਰਦੇ ਵਰਾਂਡਾ ਪਾਰ ਕਰਕੇ ਪਿੱਛੇ ਗੁਲਾਟੀ ਦੇ ਚਾਹ ਦੇ ਖੋਖੇ ਅੱਗੇ ਜਾ ਖੜਦੇ ਹਨ। ਇਨ੍ਹਾਂ ਵਿਚ ਅਕਸਰ ਮੈਂ ਵੀ ਹੁਨਾਂ।

ਕਲਾਸ ਦੇ ਬਾਹਰ ਵਲਾਯੋੜੀਆਂ ਮਾਰਨ ਵਾਲੇ ਮੁੰਡਿਆਂ ਦੀ ਟੀਚਰ ਗ਼ੈਰ-ਹਾਜ਼ਰੀ ਨਹੀਂ ਲਗਾਂਦੇ। ਇਸ ਵਿਚ ਹੀ ਸਭਨਾਂ ਦੀ ਭਲਾਈ ਹੈ। ਢਿੱਲੇ ਟੀਚਰਾਂ ਲਈ ਫੁਕਰੇ ਬਾਹਰ ਖੜੇ ਹੀ ਚੰਗੇ। ਮੁੰਡੇ ਕਦੇ ਕਿਸੇ ਅੰਗਰੇਜ਼ੀ ਫਿਲਮ ਬਾਰੇ ਗੱਲ ਕਰਦੇ ਹਨ ਜਾਂ ਕੋਈ ਆਪਣੇ ਘਰ ਵਿਚ ਰੱਖੇ ਕੁੱਤੇ ਬਾਰੇ। ਬਹੁਤਿਆਂ ਦਾ ਪ੍ਰਵਾਰਕ ਪਿਛੋਕੜ ਚੰਗਾ ਹੈ। ਕਿਸੇ ਦਾ ਬਾਪ ਐਂਜਿਨਿਅਰ ਜਾਂ ਕਿਸੇ ਦਾ ਫੌਜ ਵਿਚ ਕਲਨਲ ਜਾਂ ਸਰਕਾਰੀ ਅਫਸਰ ਹੈ। ਕੁਝ ਇਕਨਾਂ ਦੀਆਂ ਉੱਤਰੀ ਸੈਕਟਰ ਵਿਚ ਕੋਠੀਆਂ ਹਨ। ਮੈਂ ਇਨ੍ਹਾਂ ਦੀਆਂ ਵਲਾਯੋੜੀਆਂ ਵਿਚ ਸ਼ਾਮਲ ਹੋ ਕੇ ਵੀ ਅਸ਼ਾਮਲ ਰਹਿਨਾਂ।

ਕੁੜੀਆਂ ਕਲਾਸ ਤੋਂ ਇਸ ਤਰ੍ਹਾਂ ਬਾਹਰ ਰਹਿਣ ਦੀ ਦਲੇਰੀ ਨਹੀਂ ਕਰਦੀਆਂ। ਘੜਮੱਸ ਵਾਲੇ ਪੁਰਾਣੇ ਸ਼ਹਿਰਾਂ ਤੋਂ ਚੰਡੀਗੜ੍ਹ ਵਰਗੇ ਨਵ-ਨਵੇਲੇ ਸਾਫ਼ ਸੁਥਰੇ ਸ਼ਹਿਰ ਵਿਚ ਆਉਣਾ ਤੇ ਵਿਸ਼ਾਲ ਕੈਂਪਸ ਵਿਚ ਸਮਾਂ ਗੁਜ਼ਾਰਣਾ ਹੀ ਉਨ੍ਹਾਂ

ਲਈ ਨਿਆਮਤ ਹੈ।ਮੁੰਡੇ ਰਾਤ ਦਾ ਖਾਣਾ ਖਾ ਕੇ ਹੋਸਟਲ ਦੇ ਬਾਹਰ ਦੂਰ ਤੱਕ ਲਟੋਰੀ ਮਾਰਨ ਜਾਂਦੇ ਹਨ।ਸ਼ਾਮ ਨੂੰ ਹਨੇਰਾ ਪੈ ਜਾਣ ਬਾਅਦ ਕੁੜੀਆਂ ਦੇ ਹੋਸਟਲ ਵਿਚ ਅਜਿਹੀ ਖੁੱਲ੍ਹ ਨਹੀਂ।ਫਿਰ ਵੀ ਦਿਨ ਭਰ ਖੁੱਲ੍ਹੇ ਮਾਹੌਲ ਵਿਚ ਮਨ-ਮਰਜ਼ੀ ਨਾਲ ਘੁੰਮਣਾ ਉਨ੍ਹਾਂ ਲਈ ਗ਼ੈਰ-ਮਾਮੂਲੀ ਮੋੜ ਹੈ। ਮਾਂ ਬਾਪ ਦੀਆਂ ਰੋਕਾਂ ਟੋਕਾਂ ਤੋਂ ਖਲਾਸੀ ਪੈ ਗਈ ਹੁੰਦੀ ਹੈ। ਹੋਸਟਲ ਦੀ ਜ਼ਿੰਦਗੀ ਉਤਸ਼ਾਹਿਤ ਕਰੀ ਰੱਖਦੀ ਹੈ। ਮੈੱਸ ਵਿਚ ਵੱਖਰੇ ਵੱਖਰੇ ਸ਼ਹਿਰਾਂ ਤੋਂ, ਅਤੇ ਵੱਖੋ ਵੱਖਰੇ ਮਜ਼ਮੂਨਾਂ ਵਿਚ, ਉੱਚ-ਸਿਖਿਆ ਪ੍ਰਾਪਤ ਕਰਨ ਵਾਲੇ ਕੁੜੀਆਂ ਮੁੰਡਿਆਂ ਦੀ ਇਸ ਸਲਤਨਤ ਵਿਚ ਸਮਾਂ ਗੁਜ਼ਾਰਨਾ ਯਾਦ ਰਹਿਣ ਵਾਲਾ ਅਨੁਭਵ ਹੈ।

ਸਾਨੂੰ ਜਿੰਨੇ ਵੀ ਟੀਚਰ ਪੜ੍ਹਾਂਦੇ ਹਨ, ਉਨ੍ਹਾਂ ਵਿਚੋਂ ਮੋਤੀ ਲਾਲ ਰੈਣਾ ਵੱਧ ਪੜ੍ਹਿਆ ਹੋਇਆ, ਪੜ੍ਹਾਂਦਾ ਵੀ ਹੋਰਾਂ ਤੋਂ ਚੰਗਾ ਹੈ। ਰੈਣਾ ਇੰਗਲੈਂਡ ਦੀ ਮਨਚੈਸਟਰ ਯੂਨੀਵਰਸਟੀ ਤੋਂ ਪੀਐਚ. ਡੀ. ਕਰਕੇ ਆਇਆ ਹੈ। ਲੈਕਚਰ ਉੱਤੇ ਚੋਖੀ ਮਿਹਨਤ ਕਰਦਾ ਹੈ ਤੇ ਮਿਹਨਤ ਨਾਲ ਹੀ ਅਦਾਇਗੀ ਕਰਦਾ ਹੈ।ਅੰਗਰੇਜ਼ੀ ਉਚਾਰਨ ਵੱਲ ਉਚੇਚਾ ਧਿਆਨ ਦੇਂਦਾ ਹੈ। ਉਹ ਬੋਲਦਾ ਅਗਾਂਹ ਪਿਛਾਂਹ ਝੂੰਮਦਾ ਹੈ।ਉਹ ਅਠਾਰਵੀਂ ਸਦੀ ਵਿਚ ਹੋਏ ਨਾਵਲਕਾਰ ਹੈਨਰੀ ਫੀਲਡਿੰਗ ਦਾ ਨਾਵਲ *ਜੋਸਫ਼ ਐਂਡਰਿਊਜ਼* ਪੜ੍ਹਾਂਦਾ ਹੈ।ਨਾਵਲ ਵਿਚ ਉਠਾਏ ਨੁਕਤੇ ਆਉਂਦੇ ਸਮੇਂ ਤੱਕ ਮੇਰੀ ਯਾਦ ਤਖਤੀ ਉੱਤੇ ਉਕਰ ਜਾਂਦੇ ਹਨ।

ਵਿਭਾਗ ਦਾ ਮੁਖੀ ਡਾਕਟਰ ਰਾਜ ਕੁਮਾਰ ਹਫ਼ਤੇ ਵਿਚ ਦੋ ਕਲਾਸਾਂ ਲੈਂਦਾ ਹੈ।ਉਸ ਦਾ ਰੋਅਬ-ਦਾਬ ਚੰਗਾ ਹੈ।ਪੜ੍ਹਾਂਦਾ ਗੁਜ਼ਾਰੇ ਮੁਆਫ਼ਕ ਹੈ।ਉਹ ਫਿਕਸ਼ਨ ਦੇ ਪੇਪਰ ਵਿਚੋਂ ਵਿਲੀਅਮ ਥੈਕਰੇ ਦਾ ਨਾਵਲ *ਵੈਨਿਟੀ ਫੇਅਰ* ਅਤੇ ਮੈਰੇਡਿੱਥ ਦਾ *ਈਗੋਇਸਟ* ਪੜ੍ਹਾਂਦਾ ਹੈ। ਉਹਨੇ ਬਹੁਤ ਪਹਿਲਾਂ ਤੋਂ ਨੋਟਸ ਤਿਆਰ ਕਰ ਰੱਖੇ ਹਨ, ਜਿਨ੍ਹਾਂ ਨੂੰ ਹੌਲੇ ਹੌਲੇ ਡਿਕਟੇਟ ਕਰਵਾਂਦਾ ਹੈ। ਵਿਚ ਵਿਚਾਲੇ ਕੋਈ ਨੁਕਤਾ ਸਮਝਾਂਦਾ ਹੈ। ਡਿਕਟੇਸ਼ਨ ਦੇਣ ਦਾ ਉਹਦਾ ਲਹਿਜ਼ਾ ਸਹਿਜ ਪਰ ਗੂੰਜਵੀਂ ਆਵਾਜ਼ ਵਾਲਾ ਹੈ।ਜੋ ਲਿਖਵਾਂਦਾ ਸਮਝ ਆਈ ਜਾਂਦਾ ਹੈ।ਵਿਦਿਆਰਥੀ ਖੁਸ਼ ਕਿ ਨੋਟਸ ਤਿਆਰ-ਬਰ-ਤਿਆਰ ਮਿਲ ਰਹੇ ਹਨ।ਡਾਕਟਰ ਰਾਜ ਕੁਮਾਰ ਖੁਸ਼ ਕਿ ਲੈਕਚਰ ਵਾਲਾ ਫਾਹਾ ਬਿਨਾ ਮਿਹਨਤ ਕੀਤੇ ਵੱਢਿਆ ਗਿਆ।

ਕਲਾਸਾਂ ਤੋਂ ਬਾਅਦ ਹੋਸਟਲ ਮੈੱਸ ਤੋਂ ਖਾਣਾ ਖਾ ਕੇ ਮੈਂ ਲਾਇਬਰੇਰੀ ਵਿਚ ਆ ਬੈਠਦਾਂ ਤੇ ਰਾਤ ਸਾਢੇ ਅੱਠ ਵਜੇ ਤੱਕ ਪੜ੍ਹਦਾ ਹਾਂ। ਸਾਲ ਦੇ ਸ਼ੁਰੂ ਜ਼ਿਆਦਾ ਮਿਹਨਤ ਦੀ ਲੋੜ ਨਹੀਂ, ਪਰ ਮੈਨੂੰ ਸਿਰ ਸੁੱਟ ਕੇ ਕੰਮ ਕਰਨ ਦਾ ਖਬਤ ਹੈ। ਮੇਰੇ ਅਵਚੇਤਨ ਵਿਚ ਇਹ ਗੱਲ ਘਰ ਕਰ ਚੁੱਕੀ ਹੈ ਕਿ ਏਦਾਂ ਕਰਕੇ ਹੀ ਮੈਂ ਇਸ ਸੰਸਾਰ ਵਿਚ ਕਾਇਮ ਰਹਿ ਸਕਦਾਂ। ਬੇਸਿਰੀ ਮਿਹਨਤ ਦਾ ਨੁਕਸਾਨ ਇਹ ਹੁੰਦਾ ਕਿ ਮੈਂ ਕੋਰਸ ਦੇ ਆਰਪਾਰ ਦੀਆਂ ਕਿਤਾਬਾਂ ਪੜ੍ਹਨ ਲੱਗਦਾਂ, ਇਮਤਿਹਾਨ ਉੱਤੇ ਕੇਂਦ੍ਰਿਤ ਨਹੀਂ ਕਰਦਾ। ਜੇ ਇਕ ਕਿਤਾਬ ਪੜ੍ਹਨ ਨਾਲ ਸਰਦਾ ਹੈ ਤਾਂ ਮੈਂ ਚਾਰ ਕਿਤਾਬਾਂ ਪੜ੍ਹਣ ਵਲ ਤੁਰ ਪੈਨਾਂ ਤੇ ਅਧਿਅਨ ਖਿੱਲ੍ਹਰ ਜਾਂਦਾ। ਇਮਤਿਹਾਨ ਵਿਚ ਲਿਖਣ ਲਈ ਬਹੁਤ ਕੁਝ ਹੁੰਦਾ ਤੇ ਵਕਤ ਘਟ। ਅੰਗਰੇਜ਼ੀ ਦੀ ਐਮ. ਏ. ਦੇ ਪਹਿਲੇ ਸਾਲ ਵਿਚ ਮੈਂ ਫਸਟ ਕਲਾਸ ਲੈਣ ਦੀ ਆਸ ਲਗਾਈ ਬੈਠਾਂ, ਆਏਗੀ ਸੈਕਿੰਡ ਕਲਾਸ।

ਤੇਜ਼ ਤਰੀਨ ਜੁੱਟ ਵਿਚ ਅਰਜਨ ਸਿੰਘ ਵਾਲੀਆ ਪਟਿਆਲਾ ਤੋਂ ਹੈ ਜਿਸ ਨੇ ਯਾਦਵਿੰਦਰਾ ਪਬਲਿਕ ਸਕੂਲ ਵਿਚ ਪੜ੍ਹਾਈ ਕੀਤੀ ਹੈ।ਉਹਦੇ ਪਿਤਾ ਦਾ ਪਟਰੋਲ ਪੰਪ ਹੈ।ਇਹ ਚੰਗੀ ਅੰਗਰੇਜ਼ੀ ਬੋਲਦਾ ਹੈ ਤੇ ਜ਼ਹੀਨ ਹੈ।ਇਹਨੇ ਪਹਿਲੇ ਅਤੇ ਦੂਜੇ ਸਾਲਾਂ ਵਿਚ ਮਿਲ ਕੇ ਫਸਟ ਕਲਾਸ ਲੈ ਲੈਣੀ ਹੈ ਤੇ ਮੈਂ, ਲਾਇਬਰੇਰੀ ਵਿਚ ਘੰਟਿਆਂ ਤੱਕ ਬੈਠਣ ਵਾਲਾ, ਦੇਖਦੇ ਰਹਿ ਜਾਣਾ। ਅੰਗਰੇਜ਼ੀ ਭਾਸ਼ਾ ਨੂੰ ਬੋਲਣ/ਲਿਖਣ ਦੀ ਮਿਹਨਤ ਕਰਨ ਦੇ ਬਾਵਜੂਦ ਮੁੱਢਲੀ ਸਕੂਲੀ ਪੜ੍ਹਾਈ ਦਾ ਪਿਛੋਕੜ ਮਾਅਨੇ ਰੱਖਦਾ ਹੈ। ਚਾਰ ਜਮਾਤਾਂ ਪਹਿਲੀਆਂ ਉਰਦੂ ਪੜ੍ਹਦਾ ਰਿਹਾ, ਫਿਰ ਖਾਲਸਾ ਸਕੂਲ ਵਿਚ ਪੜ੍ਹਨ ਦਾ ਪੱਧਰ ਮਾਮੂਲੀ ਤੇ ਬੀ. ਏ. ਕੀਤੀ ਵਾਇਆ ਬਠਿੰਡਾ। ਨਾ ਸੁਰ ਨਾ ਸੁਆਦ। ਬਦੇਸ਼ੀ ਅਖਬਾਰਾਂ ਰਸਾਲੇ ਪੜ੍ਹ ਕੇ ਤੇ ਲਾਇਬਰੇਰੀ ਵਿਚੋਂ ਕਿਤਾਬਾਂ ਪੜ੍ਹ ਕੇ ਆਪਣੇ ਆਪ ਨੂੰ ਲਾਇਕ ਸਮਝਣ ਲੱਗ ਪਿਆ।

ਇਸ ਜੁੱਟ ਵਿਚ ਇਕ ਕ੍ਰਿਸ਼ਣ ਚੰਦਰ ਸਿੰਘ ਹੈ, ਜਿਸ ਨੂੰ ਅਸੀਂ ਕੇ. ਸੀ. ਕਹਿ ਕੇ ਬੁਲਾਂਦੇ ਹਾਂ। ਇਹ ਸਮਾਰਟ ਤੇ ਸਾਊ ਮੁੰਡਾ ਹੈ ਜੋ ਐਮ ਏ ਤੋਂ ਬਾਅਦ ਕਾਨੂੰਨ ਦੀ ਡਿਗਰੀ ਲਵੇਗਾ, ਸਿਵਲ ਸਰਵਿਸ ਦਾ ਇਮਤਿਹਾਨ ਦੇਵੇਗਾ, ਬਦੇਸ਼ੀ ਸੇਵਾਵਾਂ ਵਿਚ ਚੁਣ ਲਿਆ ਜਾਵੇਗਾ, ਸਫ਼ੀਰ ਬਣੇਗਾ ਤੇ ਬਦੇਸ਼ ਮੰਤਰਾਲੇ ਵਿਚ ਸਕੱਤਰ ਵਜੋਂ ਸੇਵਾ-ਮੁਕਤ ਹੋਵੇਗਾ।

•

ਹੋਸਟਲ ਵਿਚ ਮੈਨੂੰ ਆਪਣੀ ਨੇਤਾਗਿਰੀ ਦੱਸਣ ਦਾ ਮੌਕਾ ਮਿਲਦਾ ਹੈ।ਪੰਦਰਾਂ ਅਗਸਤ ਵਾਲੇ ਦਿਨ ਮੈਂ ਅਤੇ ਦੋ ਤਿੰਨ ਹੋਰ ਸੀਨੀਅਰ ਮੁੰਡੇ ਹੋਸਟਲ ਵਾਰਡਨ ਨੂੰ ਜਾ ਕੇ ਕਹਿੰਦੇ ਹਾਂ ਕਿ ਹੋਸਟਲ ਦੇ ਮੁੰਡਿਆਂ ਨੇ ਆਜ਼ਾਦੀ ਦਿਵਸ ਮਨਾਉਣਾ। ਵਾਰਡਨ ਪੁੱਛਦਾ, ਕਿਵੇਂ ਮਨਾਉਣਾ ਚਾਹੁੰਦੇ ਹੋ ਇਹ ਦਿਨ? ਅਸੀਂ ਆਖਦੇ ਹਾਂ ਕਿ ਸਭ ਤੋਂ ਪਹਿਲਾਂ ਹੋਸਟਲ ਵਿਚ ਦੇਸ਼ ਭਗਤੀ ਦੇ ਗਾਣੇ ਲਗਾਵਾਂਗੇ। ਉਹ ਮੈਨੂੰ ਕਹਿੰਦਾ ਤੂੰ ਇਹ ਪ੍ਰਬੰਧ ਆਪ ਕਰ, ਜੋ ਖਰਚ ਆਵੇਗਾ ਹੋਸਟਲ ਉਹਦੀ

ਅਦਾਇਗੀ ਕਰ ਦੇਵੇਗਾ। ਸਵੇਰੇ ਨੌਂ ਵਜੇ ਹੋਸਟਲ ਵਿਚ "ਵਤਨ ਕੀ ਆਬਰੂ ਖਤਰੇ ਮੇਂ ਹੈ, ਹੁਸ਼ਿਆਰ ਹੋ ਜਾਵੋ" ਗਾਨੇ ਦੀ ਗੂੰਜ ਲਾਊਡ ਸਪੀਕਰ ਰਾਹੀਂ ਦੂਰ ਦੂਰ ਤਕ ਸੁਣਾਈ ਦੇਣ ਲੱਗਦੀ ਹੈ। ਮੁੰਡੇ ਕਮਰਿਆਂ ਦੀ ਬਾਲਕੋਨੀ ਵਿਚੋਂ ਬਾਹਰ ਆ ਕੇ ਦੇਖਣ ਲੱਗਦੇ ਹਨ ਕਿ ਆਵਾਜ਼ ਕਿਹੜੇ ਪਾਸਿਉਂ ਆ ਰਹੀ ਹੈ। ਮੇਰੇ ਤੋਂ ਸੀਨੀਅਰ ਹੋਸਟਲ ਵਿਚ ਰਹਿਣ ਵਾਲਿਆਂ ਦਾ ਮੈੱਸ ਨੁਮਾਇੰਦਾ ਮੇਰੇ ਕੋਲ ਆਉਂਦਾ ਤੇ ਕਹਿੰਦਾ ਹੁਣ ਜਦ ਆਜ਼ਾਦੀ ਦਿਵਸ ਦਾ ਜਸ਼ਨ ਤੂੰ ਵਿੱਢ ਲਿਆ ਹੈ ਤਾਂ ਸ਼ਾਮ ਨੂੰ ਮੈੱਸ ਵਿਚ ਸਪੈਸ਼ਲ ਡਿਨਰ ਵੀ ਹੋਣਾ ਚਾਹੀਦਾ। ਅਸੀਂ ਇਹਦੀ ਇਜਾਜ਼ਤ ਲੈਣ ਵਾਰਡਨ ਕੋਲ ਦੋਬਾਰਾ ਜਾਂਦੇ ਹਾਂ ਤਾਂ ਵਾਰਡਨ ਹਾਂ ਕਰ ਦੇਂਦਾ। ਪਰ ਕਹਿੰਦਾ ਸਾਨੂੰ ਇਹ ਡਿਨਰ ਹੋਸਟਲ ਮੈੱਸ ਤੱਕ ਹੀ ਮਹਿਦੂਦ ਨਹੀਂ ਰੱਖਣਾ ਚਾਹੀਦਾ। ਇਹਨੂੰ ਵਿਸ਼ਾਲ ਰੂਪ ਦੇਵੋ। ਬਾਹਰ ਲਾਅਨ ਵਿਚ ਡਿਨਰ ਦਾ ਪ੍ਰਬੰਧ ਕਰੋ। ਸ਼ਾਮ ਨੂੰ ਡਿਨਰ ਬਾਹਰ ਲਾਅਨ ਵਿਚ ਕਰਨ ਦਾ ਐਲਾਨ ਹੋ ਜਾਂਦਾ ਹੈ। ਮੰਚ ਮਾਈਕ ਦਾ ਵੀ ਪ੍ਰਬੰਧ ਕਰ ਦਿੱਤਾ ਜਾਂਦਾ। ਅਨੇਕ ਮੁੰਡੇ, ਮੈੱਸ ਕਮੇਟੀ ਦੇ ਮੈਂਬਰ, ਹੋਸਟਲ ਦਫ਼ਤਰ ਦਾ ਇੰਚਾਰਜ ਤੇ ਵਾਰਡਨ ਇਧਰ ਉੱਧਰ ਤੁਰੀ ਫਿਰਦੇ ਹਨ। ਕਨਾਤਾਂ ਤੰਬੂ ਆ ਜਾਂਦੇ ਹਨ। ਲਾਅਨ ਵਿਚ ਦਰੀਆਂ ਵਿਛ ਜਾਂਦੀਆਂ। ਲਾਲ ਨਵਾਰ ਵਾਲੀਆਂ ਐਲਮਿਨੀਅਮ ਦੀਆਂ ਕੁਰਸੀਆਂ ਵੀ ਸ਼ਾਮ ਤੱਕ ਸੱਜ ਜਾਂਦੀਆਂ। ਸਾਡੇ ਹੋਸਟਲ ਦਾ ਵਾਰਡਨ, ਯੂਨੀਵਰਸਟੀ ਰਜਿਸਟਰਾਰ, ਹੋਸਟਲਾਂ ਦਾ ਚੀਫ ਵਾਰਡਨ, ਡੀ ਯੂ ਆਈ ਤੇ ਹੋਰ ਮੁਹਤਬਰਾਂ ਨੂੰ ਆਉਣ ਲਈ ਫੋਨ ਕਰੀ ਜਾਂਦਾ। ਨਵੇਂ ਆਏ ਵਾਈਸ ਚਾਂਸਲਰ ਲਾਲਾ ਸੂਰਜ ਭਾਨ ਨੂੰ ਮੁੱਖ ਮਹਿਮਾਨ ਦੇ ਤੌਰ ਤੇ ਸੱਦ ਲਿਆ ਜਾਂਦਾ। ਮੈੱਸ ਠੇਕੇਦਾਰ ਤੇ ਉਹਦੇ ਕਾਮੇ ਧੜਾ ਧੜ ਡਿਨਰ ਦੀ ਤਿਆਰੀ ਵਿਚ ਲੱਗ ਜਾਂਦੇ ਹਨ। ਮੁੰਡਿਆਂ ਵਲੋਂ ਕੁਝ ਆਈਟਮਾਂ ਪੇਸ਼ ਕਰਕੇ ਸਭਿਆਚਾਰਕ ਪ੍ਰੋਗਰਾਮ ਦਾ ਪ੍ਰਬੰਧ ਵੀ ਹੋ ਜਾਂਦਾ। ਮੈਨੂੰ ਮੰਚ ਸੰਚਾਲਨ ਦਾ ਕੰਮ ਦਿੱਤਾ ਜਾਂਦਾ। ਮੈਂ ਕਾਗਜ਼ ਉੱਤੇ ਗਾਣ ਵਜਾਣੇ ਅਤੇ ਭਾਸ਼ਣ ਕਰਨ ਵਾਲਿਆਂ ਦੀ ਸੂਚੀ ਤਿਆਰ ਕਰਨ ਵਿਚ ਰੁੱਝ ਜਾਨਾਂ। ਮਨੋ ਪਰੇਸ਼ਾਨ ਹਾਂ ਕਿ ਐਵੇਂ ਸ਼ੋਸ਼ਾ ਛੇੜ ਲਿਆ। ਪਹਿਲਾਂ ਕਦੇ ਅਜਿਹਾ ਪੰਗਾ ਨਹੀਂ ਸੀ ਲਿਆ। ਪੰਜਾਬੀ ਸਾਹਿਤ ਅਕਾਦਮੀ ਦੀਆਂ ਕਾਨਫਰੰਸਾਂ ਵਿਚ ਹੋਰਾਂ ਨੂੰ ਅਜਿਹੇ ਪ੍ਰਬੰਧ ਕਰਦਿਆਂ ਹੀ ਦੇਖਿਆ ਸੀ।

ਸ਼ਾਮ ਦੇ ਫੰਕਸ਼ਨ ਵਿਚ ਹੋਰਾਂ ਤੋਂ ਇਲਾਵਾ ਵਿਸ਼ਵਾਨਾਥ ਤਿਵਾੜੀ, ਹੋਸਟਲ ਨੰਬਰ ਤਿੰਨ ਦੇ ਵਾਰਡਨ ਦੀ ਹੈਸੀਅਤ ਵਿਚ, ਹਾਜ਼ਰ ਹੈ। ਤਿਵਾੜੀ ਮੈਨੂੰ ਅਕਾਦਮੀ ਵੇਲੇ ਤੋਂ ਜਾਣਦਾ ਹੈ। ਉਹ ਪਿੱਛੇ ਜਿਹੇ ਹੀ ਪੰਜਾਬੀ ਵਿਭਾਗ ਵਿਚ ਲੱਗਾ ਹੈ ਤੇ ਹੋਸਟਲ ਦਾ ਵਾਰਡਨ ਬਣਾ ਦਿੱਤਾ ਗਿਆ ਹੈ। ਫੰਕਸ਼ਨ ਖਤਮ ਹੋਣ ਬਾਅਦ ਮੈਂ ਸੁਖ ਦਾ ਸਾਹ ਲੈਨਾਂ। ਤਿਵਾੜੀ ਮੇਰੇ ਕੋਲ ਆਉਂਦਾ ਤੇ ਕਹਿੰਦਾ, "ਵੈਰੀ ਗੁੱਡ, ਮੈਂ ਚਾਹੁਨਾਂ ਤੂੰ ਮੇਰੇ ਹੋਸਟਲ ਵਿਚ ਆ ਜਾਵੇਂ, ਤੈਨੂੰ ਪ੍ਰੀਫੈਕਟ ਬਣਾ ਦਿਆਂਗਾ। ਹੋਰ ਫ਼ਾਇਦੇ ਵੀ ਦਿਆਂਗਾ।" ਮੇਰੇ ਉੱਤੇ ਇਹ ਕਥਨ ਉੱਕਾ ਅਸਰ ਨਹੀਂ ਕਰਦਾ। ਪਿਛਲੇ ਮਹੀਨੇ ਮੈਂ ਤਿਵਾੜੀ ਨੂੰ ਕਿਹਾ ਸੀ ਕਿ ਜੇ ਉਹ ਮੈਨੂੰ ਆਪਣੇ ਹੋਸਟਲ ਦਾ ਪ੍ਰੀਫੈਕਟ ਬਣ ਦੇਵੇ ਤਾਂ ਮੈਨੂੰ ਕਮਰੇ ਦਾ ਕਿਰਾਇਆ ਨਹੀਂ ਦੇਣਾ ਪਵੇਗਾ ਤਾਂ ਇਹਦਾ ਜੁਆਬ ਸੀ : "ਏਦਾਂ ਤਾਂ ਹਰੇਕ ਮੁੰਡਾ ਪ੍ਰੀਫੈਕਟ ਬਣਨਾ ਚਾਹੁੰਦਾ।"

•

ਸਤੰਬਰ ਦੇ ਪਹਿਲੇ ਹਫ਼ਤੇ ਹਿੰਦੁਸਤਾਨ-ਪਾਕਿਸਤਾਨ ਯੁੱਧ ਸ਼ੁਰੂ ਹੋ ਜਾਂਦਾ ਹੈ। ਕੈਂਪਸ ਤੇ ਅਜੀਬ ਤਰਜ਼ ਦੀ ਤੀਬਰਤਾ ਦਿਖਦੀ ਹੈ। ਮੁੰਡੇ ਦੇਸ਼ ਭਗਤੀ ਦਾ ਧਵੱਜ ਲਹਿਰਾਣ ਵੱਲ ਰੁੱਝ ਜਾਂਦੇ ਹਨ। ਅਸੀਂ ਮੈੱਸ ਦੇ ਰੇਡੀਓ ਉੱਤੇ ਖਬਰਾਂ ਸੁਣਦੇ ਹਾਂ। ਕੁਝ ਇਕ ਮੁੰਡਿਆਂ ਕੋਲ ਜੇਬੀ ਟ੍ਰਾਂਜ਼ਿਸਟਰ ਹਨ। ਉਹ ਇਨ੍ਹਾਂ ਨੂੰ ਕੰਨਾਂ ਨਾਲ ਲਗਾਈ ਖਬਰਾਂ ਸੁਣਦੇ ਤੇ ਵਿਚ ਵਿਚਾਲੇ ਹਲਾਲਾ ਕਰਦੇ ਹਨ। ਕਿਸੇ ਦਾ ਪੜ੍ਹਨ ਪੜ੍ਹਾਣ ਵਲ ਧਿਆਨ ਨਹੀਂ। ਯੁੱਧ ਦਾ ਆਰੰਭ ਪੰਜਾਬ ਵਾਲੇ ਪਾਸੇ ਤੋਂ ਹੋਣ ਕਰਕੇ ਇੰਜ ਲੱਗ ਰਿਹਾ ਜਿਵੇਂ ਸਾਰਾ ਉੱਤਰੀ ਭਾਰਤ ਵੱਡੇ ਕਾਰਜ ਵਿਚ ਰੁੱਝ ਗਿਆ ਹੈ। ਮੇਰਾ ਨਿੱਕਾ ਭਰਾ ਖੇਮਕਰਨ ਵਾਲੀ ਸਰਹੱਦ ਉੱਤੇ ਤਾਇਨਾਤ ਹੈ। ਉਹ ਐਂਜਿਨਿਅਰਿੰਗ ਕੋਰ ਵਿਚ ਹੈ; ਇਹ ਸੋਚ ਮੇਰਾ ਤੋਖਲਾ ਘਟਦਾ ਹੈ। ਹੋਸਟਲ ਦੇ ਵਾਸੀ ਮੁੰਡਿਆਂ ਨੂੰ ਹਦਾਇਤ ਹੈ ਕਿ ਉਹ ਰਾਤ ਵੇਲੇ ਸਾਇਰਨ ਵਜਣ ਉੱਤੇ ਬਲੈਕ-ਆਉਟ ਕਰਨ। ਕਿਸੇ ਨੇ ਆਪਣੇ ਕਮਰੇ ਵਿਚ ਰੋਸ਼ਨੀ ਨਹੀਂ ਕਰਨੀ। ਜੇ ਕਰਨੀ ਹੈ ਤਾਂ ਦਰਵਾਜ਼ੇ ਖਿੜਕੀਆਂ ਦੇ ਸ਼ੀਸ਼ਿਆਂ ਉੱਤੇ ਕਾਲੇ ਕਾਗ਼ਜ਼ ਲਗਾਣੇ ਹਨ। ਮੈੱਸ ਵਿਚ ਵੀ ਬਿਜਲੀ ਬੰਦ ਹੈ; ਮੋਮਬੱਤੀਆਂ ਦੀ ਮੱਧਮ ਰੋਸ਼ਨੀ ਵਿਚ ਖਾਣਾ ਖਾਉ ਤੇ ਬਾਹਰ ਲਾਅਨ ਵਿਚ ਬੈਠ ਕੇ ਇੰਡੀਅਨ ਹਵਾਈ ਫੌਜ ਦੇ ਲੜਾਕਾ ਜਹਾਜ਼ਾਂ ਦੇ ਜਾਂਬਾਜ਼ਾਂ ਦੀਆਂ ਖਬਰਾਂ ਸੁਣੋ। ਅਚਾਨਕ ਰੌਲਾ ਪੈ ਜਾਂਦਾ ਹੈ ਕਿ ਪਾਕਿਸਤਾਨ ਨੇ ਪੰਜਾਬ ਦੇ ਸ਼ਹਿਰਾਂ ਅਤੇ ਚੰਡੀਗੜ੍ਹ ਵਿਚ ਪੈਰਾਟਰੂਪਰ ਉਤਾਰੇ ਹਨ ਜੋ ਖੁਫ਼ੀਆ ਢੰਗ ਨਾਲ ਬੰਬ ਚਲਾ ਕੇ ਤਬਾਹੀ ਮਚਾ ਸਕਦੇ ਹਨ। ਸਾਡੇ ਹੋਸਟਲ ਦੇ ਮੁਹਤਬਰ ਮੁੰਡਿਆਂ ਦੀ ਮੀਟਿੰਗ ਵਾਰਡਨ ਨਾਲ ਹੁੰਦੀ ਹੈ। ਪੰਜ ਸਤ ਮੁੰਡਿਆਂ ਦੇ ਕਈ ਟੋਲੇ ਬਣਾਏ ਜਾਂਦੇ ਹਨ ਜੋ ਰੋਟੀ ਖਾ ਕੇ ਰਾਤ ਨੂੰ ਕੈਂਪਸ ਦੇ ਪੱਛਮੀ ਪਾਸੇ ਵਾਲੇ ਖੇਤੀ ਦੇ ਇਲਾਕੇ ਵਿਚ ਅਤੇ ਇਸ ਦੇ ਇਰਦ ਗਿਰਦ ਪੈਰ੍ਹਾ ਦੇਣਗੇ। ਮੁੰਡੇ ਹੱਥਾਂ ਵਿਚ ਹਾੱਕੀਆਂ ਤੇ ਡੰਡੇ ਫੜੀ ਉਸ ਪਾਸੇ ਵਲ ਗੇੜਾ ਮਾਰਨਾ ਸ਼ੁਰੂ ਕਰ ਦੇਂਦੇ ਹਨ। ਦੂਰੋਂ ਜੇ ਕਿਤੇ ਕੁਝ ਸਰਕਦਾ ਸੁਣਾਈ ਦੇਂਦਾ ਤਾਂ ਹਲਾ ਹਲਾ ਕਰਦੇ ਮੁੰਡੇ ਉੱਧਰ ਦੌੜਦੇ ਹਨ। ਨੇੜੇ ਜਾ ਕੇ ਕੁਝ ਦਿਖਾਈ ਨਹੀਂ ਦੇਂਦਾ ਤਾਂ ਹਨੇਰੇ ਵਿਚ ਕੋਈ ਕਹਿੰਦਾ, "ਉਹ ਦੇਖੋ ਝਾੜੀਆਂ ਪਿੱਛੇ ਨਾ ਲੁਕਿਆ ਹੋਵੇ।" ਵਿਚਲੀ ਗੱਲ ਇਹ ਹੈ ਕਿ ਅਫ਼ਵਾਹਾਂ

ਦਾ ਗਰਮ ਬਾਜ਼ਾਰ ਸਭ ਲਈ ਤਫ਼ਰੀਹ ਦਾ ਸਬੱਬ ਬਣਿਆ ਹੋਇਆ ਹੈ। ਕੁਝ ਮੁੰਡੇ ਪਾਕਿਸਤਾਨ ਦੇ ਫੌਜੀ ਡਿਕਟੇਟਰ ਅਯੂਬ ਖਾਂ ਬਾਰੇ ਅਜੀਬੋ ਗਰੀਬ ਜਾਣਕਾਰੀ ਮੁਹੱਈਆ ਕਰਦੇ ਉਹਨੂੰ ਗਾਲ੍ਹਾਂ ਕੱਢਦੇ ਹਨ। ਦੋ ਤਿੰਨ ਘੰਟੇ ਪਹਿਰਾ ਦੇ ਕੇ ਅਸੀਂ ਥੱਕ ਜਾਂਦੇ ਹਾਂ ਤੇ ਆਪੋ ਆਪਣੇ ਕਮਰਿਆਂ ਵਿਚ ਆ ਕੇ ਸੌਂਦੇ ਹਾਂ।

•

ਕੈਂਪਸ ਉੱਤੇ ਮੇਰੀ ਭੇਂਟ ਹਿੰਦੀ ਕਵੀ ਕੁਮਾਰ ਵਿਕਲ ਨਾਲ ਹੁੰਦੀ ਹੈ। ਉਹੀ ਮੈਨੂੰ ਕੈਂਪਸ ਵਿਚ ਤੁਰੇ ਜਾਂਦੇ ਨੂੰ ਬੁਲਾਂਦਾ ਹੈ। ਉਹਨੂੰ ਮੈਂ ਲੁਧਿਆਣੇ ਵੇਲੇ ਤੋਂ ਜਾਣਦਾ ਹਾਂ ਜਦ ਇਹ ਲਾਹੌਰ ਬੁੱਕ ਸ਼ਾਪ ਵਿਚ ਸੇਲਜ਼ਮੈਨ ਸੀ। ਇਹਦਾ ਬਾੱਸ ਜੀਵਨ ਸਿੰਘ ਇਹਨੂੰ ਵਿਜੇ ਕਹਿ ਕੇ ਬੁਲਾਂਦਾ ਸੀ। ਫਿਰ ਜਦ ਮੈਂ ਇਕ ਵੇਰ ਜਾਲੰਧਰ ਦੇ ਕੌਫੀ ਹਾਊਸ ਵਿਚ ਗਿਆ ਤਾਂ ਵਿਕਲ ਉੱਥੇ ਦਿਸ ਪਿਆ। ਤਦ ਇਹ ਜੀਵਨ ਸਿੰਘ ਦੇ ਨਿੱਕੇ ਭਰਾ ਮਹਿਤਾਬ ਸਿੰਘ ਦੀ ਮਾਈ ਹੀਰਾ ਗੇਟ ਵਿਚ ਨਿਊ ਬੁੱਕ ਕੰਪਨੀ ਵਿਚ ਕੰਮ ਕਰਨ ਲੱਗ ਪਿਆ ਸੀ। ਹੁਣ ਉਹੀ ਕੁਮਾਰ ਵਿਕਲ ਯੂਨੀਵਰਸਟੀ ਦੇ ਪਬਲੀਕੇਸ਼ਨ ਬਿਓਰੋ ਵਿਚ ਕਲਰਕ ਹੈ ਤੇ ਕਵੀ ਵਜੋ ਸ਼ੁਹਰਤ ਪ੍ਰਾਪਤ ਕਰ ਚੁੱਕਾ ਹੈ। ਦੂਰੋਂ ਹੀ ਉਹ ਮੈਨੂੰ ਪਛਾਣ ਲੈਂਦਾ ਹੈ।

ਇਕ ਐਤਵਾਰ ਕੋਈ ਗਿਆਰਾਂ ਵਜੇ ਸਵੇਰੇ ਕੁਮਾਰ ਵਿਕਲ, ਨਰਿੰਦਰ ਧੀਰ ਅਤੇ ਜਗਜੀਤ ਸਿੰਘ ਛਾਬੜਾ ਮੇਰੇ ਹੋਸਟਲ ਵਿਚ ਆ ਜਾਂਦੇ ਹਨ। ਅਸੀਂ ਬਾਹਰ ਦੋ ਬਲਾੱਕਾਂ ਦੇ ਵਿਚਕਾਰ ਬਣੇ ਵੱਡੇ ਲਾਅਨ ਵਿਚ ਕੁਰਸੀਆਂ ਡਾਹ ਕੇ ਬੈਠਦੇ ਹਾਂ। ਆਜ਼ਾਦੀ ਦਿਵਸ ਵਿਚ ਚੌਧਰੀ ਬਣਨ ਕਰਕੇ ਹੋਸਟਲ ਵਿਚ ਮੇਰੀ ਟੂਹਰ ਨੂੰ ਸਾਰੇ ਮੰਨਦੇ ਹਨ। ਮੈਂ ਦੂਰੋਂ ਆਵਾਜ਼ ਦੇ ਕੇ ਕਨਟੀਨ ਠੇਕੇਦਾਰ ਨੂੰ ਚਾਰ ਕੱਪ ਚਾਹ ਤੇ ਬੇਸਨ ਦੀ ਬਰਫੀ ਮੰਗਵਾਂਦਾ ਹਾਂ। ਸਾਹਿਤ ਦੁਆਲੇ ਗੱਲਾਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਕੁਮਾਰ ਗੱਲਾਂ ਮਾਰਨ ਦਾ ਸ਼ੌਕੀਨ ਹੀ ਨਹੀਂ, ਹਰ ਮਸਲੇ ਵਿਚ ਸ਼ਰੀਕ ਹੋਣ ਵਿਚ ਪਹਿਲ ਦਿਖਾਂਦਾ ਹੈ। ਪਾਕਿਸਤਾਨ ਨਾਲ ਹਿੰਦੋਸਤਾਨ ਦੇ ਹੋਏ ਯੁੱਧ ਬਾਰੇ ਉਹਨੇ "ਬੂਅ" ਨਾਂ ਦੀ ਕਵਿਤਾ ਲਿਖੀ ਹੈ। ਚਾਹ ਪੀਂਦਿਆਂ ਨਰੇਂਦਰ ਧੀਰ ਕੁਮਾਰ ਨੂੰ ਇਹੀ ਕਵਿਤਾ ਸੁਣਾਨ ਲਈ ਕਹਿੰਦਾ, ਜੋ ਲੱਗਦਾ ਉਹ ਪਹਿਲਾਂ ਵੀਂ ਸੁਣ ਚੁੱਕਾ। ਕੁਮਾਰ ਬਾਰੇ ਮੈਨੂੰ ਪਤਾ ਨਹੀਂ ਕਿ ਉਹ ਕਿੱਦਾਂ ਦੀ ਕਵਿਤਾ ਲਿਖਦਾ। ਉਹਦੀਆਂ ਗੱਲਾਂ ਦਸਦੀਆਂ ਹਨ ਕਿ ਉਹ ਪ੍ਰਤਿਬਧ ਵਾਮਪੰਥੀ ਕਵੀ ਹੈ। ਗੱਲ ਬਾਤ ਵਿਚ ਸਾਰਤਰ, ਕਾਮੂ ਜਾਂ ਕਾਫ਼ਕਾ ਦਾ ਹਵਾਲਾ ਦੇਂਦਾ ਹੈ। ਉਹ ਦਿੱਲੀ ਦੇ ਸਾਹਿਤਕ ਮਾਹੌਲ ਤੋਂ ਵਾਕਿਫ਼ ਹੈ। ਹੁਣ ਉਹ ਕਵਿਤਾ ਸੁਣਾਂਦਾ, ਜਿਸ ਦੇ ਪਹਿਲੇ ਬੋਲ ਕੁਝ ਇਸ ਤਰ੍ਹਾਂ ਹਨ : "ਯੁੱਧ - ਏਕ ਸ਼ਬਦ/ਜੋ ਮੈਂ ਨੇ ਆਪਣੇ ਸ਼ਬਦ ਕੋਸ਼ ਸੇ ਨਿਕਾਲ ਰੱਖਾ ਥਾ/ਅੱਬ ਮੇਰੇ ਬੱਚੇ ਕੀ ਜ਼ੁਬਾਨ ਕਾ ਪ੍ਰਥਮ ਸ਼ਬਦ ਹੈ।"

ਕੁਮਾਰ ਤੋਂ ਪਤਾ ਚਲਦਾ ਕਿ ਕੁਝ ਦਿਨ ਪਹਿਲਾਂ ਦਿੱਲੀ ਤੋਂ ਹਰਨਾਮ ਨਾਂ ਦਾ ਪੰਜਾਬੀ ਕਵੀ ਚੰਡੀਗੜ੍ਹ ਹੋ ਕੇ ਗਿਆ ਹੈ ਤੇ ਉਹਨੇ ਆਪਣੀ ਕਵਿਤਾ "ਮੇਰੇ ਮੋਢੇ ਤੋਂ ਸਮੁੰਦਰ ਲਾਹ ਦਿਓ" ਸੁਣਾਈ ਹੈ। ਮੈਂ ਹਰਨਾਮ ਨੂੰ ਨਹੀਂ ਜਾਣਦਾ ਪਰ ਜਿਸ ਸਨੇਹ+ਆਦਰ ਵਾਲੇ ਲਹਿਜ਼ੇ ਵਿਚ ਵਿਕਲ ਉਹਦੇ ਬਾਰੇ ਗੱਲ ਕਰਦਾ ਮੈਂ ਸੋਚਦਾ ਜ਼ਰੂਰ ਉਹ ਚੰਗਾ ਕਵੀ ਹੋਵੇਗਾ। ਨਰੇਂਦਰ ਧੀਰ ਅਤੇ ਜਗਜੀਤ ਛਾਬੜਾ ਵੀ ਹਰਨਾਮ ਦੇ ਪ੍ਰਸੰਸਕ ਦੋਸਤ ਹੈ। ਨਰਿੰਦਰ ਧੀਰ ਨੂੰ ਮੈਂ ਲੁਧਿਅਣੇ ਵੇਲੇ ਤੋਂ ਜਾਣਦਾਂ। ਉਹਦੇ ਲਿਖੇ ਨਾਥ ਜੋਗੀਆਂ ਨਾਲ ਸੰਬੰਧਿਤ ਲੇਖ *ਆਲੋਚਨਾ* ਵਿਚ ਛੱਪਦੇ ਹੁੰਦੇ ਸਨ। ਸ਼ਰਾਬ ਦਾ ਨਿਤ ਤਲਬਦਾਰ ਹੋਣ ਕਰਕੇ ਧੀਰ ਨੂੰ ਪੈਸੇ ਦੀ ਤੋਟ ਰਹਿੰਦੀ ਸੀ। ਉਹ ਮੇਰੇ ਕੋਲੋਂ *ਆਲੋਚਨਾ* ਵਿਚ ਛਪੇ ਆਪਣੇ ਲੇਖ ਦਾ ਸੇਵਾ-ਫਲ ਅਗਾਊਂ ਲੈ ਜਾਂਦਾ ਸੀ। ਫਿਰ ਉਹੀ ਪੈਸੇ ਇਕੋ ਸਾਹੇ ਸ਼ਰਾਬ ਵਿਚ ਉਡਾ ਕੇ ਆਪਣੇ ਘਰ ਖੰਨੇ ਲਈ ਬਗ਼ੈਰ ਟਿਕਟ ਗੱਡੀ ਵਿਚ ਬੈਠ ਜਾਂਦਾ ਸੀ। ਅੱਜ ਕੱਲ੍ਹ ਧੀਰ ਦਿੱਲੀ ਵਿਚ ਕਿਸੇ ਸੰਸਥਾ ਵਲੋਂ ਜਾਅਲੀ ਕਿਸਮ ਦੀ ਰਿਸਰਚ ਕਰ ਰਿਹਾ ਤੇ ਚੰਗੀ ਚੋਖੀ ਰਕਮ ਉਗ੍ਰਾਹ ਰਿਹਾ। ਉਹ ਮੈਨੂੰ ਦਿੱਲੀ ਆ ਕੇ ਮਿਲਣ ਲਈ ਕਹਿੰਦਾ।

ਇਸ ਮਿਲਣੀ ਤੋਂ ਬਾਅਦ ਕੁਮਾਰ ਵਿਕਲ ਮੇਰਾ ਦੋਸਤ ਬਣ ਜਾਂਦਾ ਹੈ। ਮੈਂ ਅਕਸਰ ਉਹਦੇ ਦਫ਼ਤਰ ਚਲਾ ਜਾਂਦਾ ਹਾਂ। ਉਹ ਦਫ਼ਤਰ ਦੇ ਕੰਮ ਤੋਂ ਅਵਾਜ਼ਾਰ ਰਹਿੰਦਾ। ਹਮੇਸ਼ਾਂ ਕਿਸੇ ਦੇ ਆਉਣ ਦੀ ਉਡੀਕ ਕਰ ਰਿਹਾ ਹੁੰਦਾ। ਉਹ ਨਿੱਕੇ ਮਨੁੱਖ ਦੀ ਵਜੂਦੀ ਬੇਚੈਨੀ ਨੂੰ ਸਪਾਟ ਕਾਵਿ ਭਾਸ਼ਾ ਵਿਚ ਸ਼ਿੱਦਤ ਨਾਲ ਪ੍ਰਗਟ ਕਰਦਾ ਤਾਂ ਪਤਾ ਲੱਗਦਾ ਕਿ ਮਾਮੂਲੀ ਮਨੁੱਖ ਦੀ ਪੀੜਾ ਗ਼ੈਰ-ਮਾਮੂਲੀ ਹੁੰਦੀ ਹੈ। ਕੁਝ ਸਾਲਾਂ ਬਾਅਦ ਕੁਮਾਰ ਇਕ ਕਵਿਤਾ ਯੂਨੀਵਰਸਟੀ ਦੇ ਰਜਿਸਟਰਾਰ ਬਾਰੇ ਲਿਖੇਗਾ ਜਿਸ ਦੇ ਪਹਿਲੇ ਬੋਲ ਹੋਣਗੇ : "ਉਸ ਇਮਾਰਤ ਮੇਂ ਏਕ ਗੈਂਡਾ ਰਹਿਤਾ ਹੈ ਜੋ ਹਰ ਰੋਜ਼ ਰਾਤ ਕੋ ਮੁਝੇ ਖਾਣ ਕੇ ਲੀਏ ਆਤਾ ਹੈ।"

ਕੁਝ ਮਹੀਨਿਆਂ ਵਿਚ ਹੀ ਮੇਰੇ ਚੰਡੀਗੜ੍ਹ ਵਿਚ ਪੈਰ ਜੰਮ ਗਏ ਹਨ ਤੇ ਮੈਂ ਉੱਡਿਆ ਫਿਰਦਾਂ। ਮੇਰਾ ਪੰਜਾਬੀ ਤੋਂ ਬਾਹਰ ਸਾਹਿਤਕ ਵਿਅਕਤੀਆਂ ਨਾਲ ਮੇਲ ਮਿਲਾਪ ਵਧਣ ਲੱਗਦਾ ਹੈ। ਡਾਕਟਰ ਹਜ਼ਾਰੀ ਪ੍ਰਸ਼ਾਦ ਦਵੇਦੀ ਹਿੰਦੀ ਵਿਭਾਗ ਵਿਚ ਟੈਗੋਰ ਪ੍ਰੋਫੈਸਰ ਵਜੋਂ ਨਿਯੁਕਤ ਹਨ। ਉਹ ਸਾਡੀ ਕਲਾਸ ਵਿਚ ਭਾਸ਼ਣ ਦੇਣ ਆਉਂਦੇ ਹਨ। ਦਵੇਦੀ ਤੋਂ ਪਹਿਲਾਂ ਡਾਕਟਰ ਮੁਲਕ ਰਾਜ ਆਨੰਦ ਟੈਗੋਰ ਪ੍ਰੋਫੈਸਰ ਵਜੋਂ ਨਿਯੁਕਤ ਸੀ। ਉਹ ਵੀ ਅੰਗਰੇਜ਼ੀ ਵਿਭਾਗ ਵਿਚ ਭਾਸ਼ਣ ਦੇਂਦਾ। ਸ਼ਿਮਲਾ ਦੀ

ਇੰਡੀਅਨ ਇੰਸਟੀਚੂਟ ਔਫ ਅਡਵਾਂਸਡ ਸਟੱਡੀਜ਼ ਵਿਚ ਡਾਕਟਰ ਨਿਹਾਰ ਰੰਜਣ ਰਾਏ ਡਾਇਰੈਕਟਰ ਹੈ। ਉਹ ਐਮ ਏ ਦੋਨਾਂ ਸਾਲਾਂ ਦੀਆਂ ਕਲਾਸਾਂ ਦੀ ਭਰਪੂਰ ਹਾਜ਼ਰੀ ਵਿਚ ਵਿਸ਼ੇਸ਼ ਲੈਕਚਰ ਦੇਂਦਾ। ਡਾਕਟਰ ਮੋਹਨ ਸਿੰਘ ਦੀਵਾਨਾ ਨੂੰ ਵੀ ਭਾਸ਼ਣ ਦੇਣ ਲਈ ਬੁਲਾਇਆ ਜਾਂਦਾ। ਜੋ ਘੁਟਣ ਖਾਲਸਾ ਕਾਲਜ ਅੰਮ੍ਰਿਤਸਰ ਦੇ ਸੰਕੀਰਨ+ਸੀਮਤ ਸੰਸਾਰ ਵਿਚ ਦੋ ਸਾਲ ਰਹਿ ਕੇ ਮਹਿਸੂਸ ਕੀਤੀ ਉਸ ਤੋਂ ਨਜ਼ਾਤ ਮਿਲ ਚੁੱਕੀ ਹੈ।

•

ਪਹਿਲੇ ਸਾਲ ਦੇ ਇਮਤਿਹਾਨ ਹੋ ਚੁੱਕੇ ਹਨ। ਮੁੰਡੇ ਘਰਾਂ ਨੂੰ ਚਲੇ ਗਏ ਹਨ, ਮੈਂ ਕਿਤੇ ਨਹੀਂ ਜਾਣਾ, ਹੋਸਟਲ ਵਿਚ ਰਹਿ ਰਿਹਾਂ। ਮੈਂ ਜ਼ਿਆਦਾ ਸਮਾਂ ਲਾਇਬਰੇਰੀ ਵਿਚ ਗੁਜ਼ਾਰਦਾ ਹਾਂ। ਸ਼ਾਮ ਨੂੰ ਪੈਦਲ ਬਾਈ ਸੈਕਟਰ ਕੌਫੀ ਹਾਊਸ ਵਿਚ ਪੁੱਜਦਾ ਹਾਂ। ਇਕ ਸ਼ਾਮ ਕੌਫੀ ਹਾਊਸ ਵਿਚ ਸੁਖਦੇਵ ਸਿੰਘ ਨਾਂ ਦਾ ਯੁਵਕ ਮਿਲਦਾ। ਸੁਨੱਖਾ, ਗੰਭੀਰ, ਘਟ ਬੋਲਣ ਵਾਲਾ ਤੇ ਪਤਰਕਾਰੀ ਦੇ ਕਸਬ ਵਿਚ ਸਜੱਗ। ਸੁਖਦੇਵ ਨੂੰ ਮੈਂ 1958 ਵਿਚ ਜਾਲੰਧਰ *ਨਵਾਂ ਜ਼ਮਾਨਾਂ* ਦੇ ਦਫ਼ਤਰ ਮਿਲਿਆ ਸੀ। ਉਦੋਂ ਇਹਨੇ ਦਸਤਾਰ ਸਜਾਈ ਹੁੰਦੀ ਸੀ। ਮੈਂ ਲੁਧਿਆਣਾ ਤੋਂ ਜਾਲੰਧਰ ਕਮਿਊਨਿਸਟ ਪਾਰਟੀ ਦੇ ਦਫ਼ਤਰ ਗੇੜਾ ਮਾਰ ਆਉਂਦਾ ਸੀ। ਗੁਰਬਖਸ਼ ਸਿੰਘ ਬੰਨੋਆਨਾ, ਜੀਹਨੂੰ ਬਾਅਦ ਵਿਚ ਜਾਲੰਧਰ ਦੇ ਖੱਬੇਪਖੀ ਯੁਵਕ ਬਾਬਾ ਬੰਨੋਆਨਾ ਕਹਿਣ ਲੱਗ ਪਏ, ਅਕਾਦਮੀ ਦੀ ਅਗਜ਼ੈਕਟਿਵ ਦਾ ਮੈਂਬਰ ਸੀ। ਇਕ ਸ਼ਾਮ ਮੈਂ ਪਾਰਟੀ ਦਫਤਰ ਦੇ ਬਾਹਰ ਬੰਨੋਆਨਾ ਨਾਲ ਖੜਾ ਸੀ ਕਿ ਸੁਖਦੇਵ ਸਿੰਘ ਅਤੇ ਨਰਿੰਦਰ ਜੋਸ਼ੀ ਆ ਗਏ। ਜੋਸ਼ੀ ਦੇ ਹੱਥ ਵਿਚ ਅੰਗਰੇਜ਼ੀ ਦੀ ਕਿਤਾਬ ਸੀ। ਉਹ ਤੇਜ਼ ਤਰੀਨ ਗੱਲਾਂ ਰਾਹੀਂ ਪੜ੍ਹੇ ਹੋਣ ਦਾ ਪ੍ਰਭਾਵ ਪਾ ਰਿਹਾ ਸੀ। ਹੁਣ ਸੁਖਦੇਵ ਦਸਦਾ ਕਿ ਉਹ ਜਾਲੰਧਰ *ਨਵਾਂ ਜ਼ਮਾਨਾ* ਵਿਚ ਕੁਝ ਦੇਰ ਕੰਮ ਕਰਨ ਬਾਅਦ ਦਿੱਲੀ ਸਥਿਤ ਖੱਬੇਪੱਖੀ ਇੰਡੀਆ ਪਰੈੱਸ ਏਜੰਸੀ ਵਿਚ ਜਾ ਲੱਗਾ ਸੀ। ਇਸ ਏਜੰਸੀ ਨੂੰ ਬੰਗਾਲ ਪਿਛੋਕੜ ਦੇ ਅੰਗਰੇਜ਼ੀ ਦੇ ਪ੍ਰਸਿੱਧ ਖੱਬੇਪੱਖੀ ਪਤਰਕਾਰ ਨਿਖਲ ਚਕਰਵਰਤੀ ਨੇ ਆਰੰਭ ਕੀਤਾ ਸੀ ਜੋ ਸਪਤਾਹਿਕ *ਮੇਨਸਟ੍ਰੀਮ* ਦਾ ਐਡੀਟਰ/ਪ੍ਰਕਾਸ਼ਕ ਵੀ ਸੀ। ਇਸ ਦੌਰਾਨ ਸੁਖਦੇਵ ਸਿੰਘ ਨੂੰ ਮੁੰਬਈ ਤੋਂ ਨਿਕਲਦੇ ਸਪਤਾਹਕ *ਬਲਿਟਜ਼* ਦਾ ਚੰਡੀਗੜ੍ਹ ਵਿਚ ਨੁਮਾਇੰਦਾ ਬਣਨ ਦੀ ਪੇਸ਼ਕਸ਼ ਹੋਈ ਤੇ ਉਹ ਹੁਣ *ਬਲਿਟਜ਼* ਅਤੇ ਆਈ ਪੀ ਏ ਦੋਨਾਂ ਦਾ ਪਤਰਕਾਰ ਬਣ ਕੇ ਚੰਡੀਗੜ੍ਹ ਵਿਚ ਆ ਗਿਆ ਹੈ। ਸਪਤਾਹਕ *ਬਲਿਟਜ਼* ਨਾਲ ਨਾਤਾ ਹੋਣ ਕਰਕੇ ਮੇਰੀ ਸੁਖਦੇਵ ਸਿੰਘ ਨਾਲ ਨੇੜਤਾ ਵਧਣ ਲੱਗਦੀ ਹੈ। ਉਹਨੇ ਯੂਨੀਵਰਸਟੀ ਦੇ ਇਕਨਾਮਿਕਸ ਵਿਭਾਗ ਵਿਚ ਐਮ. ਏ. ਵਿਚ ਦਾਖਲਾ ਵੀ ਲੈ ਲਿਆ ਹੈ। (ਪਤਰਕਾਰ ਹੋਣ ਕਰਕੇ ਉਹਦੇ ਕੋਲ ਸਵੇਰੇ ਖੁੱਲ੍ਹਾ ਵਕਤ ਹੁੰਦਾ ਤੇ ਯੂਨੀਵਰਸਟੀ ਕਲਾਸਾਂ ਵਿਚ ਹਾਜ਼ਰ ਹੋਣਾ ਔਖਾ ਨਹੀਂ।)

ਸੁਖਦੇਵ ਇਕ ਯੁਵਕ ਭਜਨ ਸਿੰਘ ਸਰਾਓ ਨਾਲ ਅੰਗਰੇਜ਼ੀ ਵਿਭਾਗ ਦੇ ਦਫ਼ਤਰ ਵਿਚ ਖੜ੍ਹਾ ਦਿਖਾਈ ਦੇਂਦਾ ਹੈ। ਭਜਨ ਅੰਗਰੇਜ਼ੀ ਵਿਭਾਗ ਵਿਚ ਦਾਖਲ ਹੋਣ ਲਈ ਫਾਰਮ ਭਰਨ ਆਇਆ ਹੈ। ਮੈਨੂੰ ਉਹ ਦਿਲਚਸਪ, ਮਲੰਗ ਅਤੇ ਮੌਜੀ ਤਬੀਅਤ ਦਾ ਬੰਦਾ ਲੱਗਦਾ ਹੈ। ਉਹ ਪਿੱਛੇ ਜਿਹੇ ਹੀ ਰੂਸ ਵਿਚ ਇਕ ਸਾਲ ਗੁਜ਼ਾਰ ਕੇ ਆਇਆ ਹੈ ਜਿੱਥੇ ਉਹ ਰੂਸੀ ਭਾਸ਼ਾ ਵਿਚ ਮੁਹਾਰਤ ਪ੍ਰਾਪਤ ਕਰਨ ਗਿਆ ਸੀ। ਮੁੰਬਈ ਵਿਚ ਮਲੰਗਾਂ, ਫ਼ੁਕਰਿਆਂ, ਘਰੋਂ-ਟੁੱਟਿਆਂ, ਸਥਾਪਤ ਮੁੱਲਾਂ ਦੇ ਬਖੀਏ ਉਧੇੜਨ ਵਾਲੇ ਯੁਵਕਾਂ ਨਾਲ ਚੋਖਾ ਸਮਾਂ ਗੁਜ਼ਾਰਨ ਕਰਕੇ ਮੇਰੀ ਭਜਨ ਨਾਲ ਤੁਰੰਤ ਦੋਸਤੀ ਪੈ ਜਾਂਦੀ ਹੈ।

•

ਦੂਸਰੇ ਸਾਲ ਦੀਆਂ ਕਲਾਸਾਂ ਸ਼ੁਰੂ ਹੋ ਗਈਆਂ ਹਨ। ਮੈਂ ਇਹੀ ਸਮਝਦਾਂ ਕਿ ਕਲਾਸ ਵਿਚ ਬੈਠਣਾ ਰਸਮ ਪੂਰੀ ਕਰਨਾ ਹੈ, ਬਹੁਤਾ ਕੰਮ ਆਪ ਹੀ ਕਰਨਾ ਪੈਣਾ। ਦੁਪਹਿਰ ਤੋਂ ਬਾਅਦ ਮੈਂ ਸਿੱਧਾ ਲਾਇਬਰੇਰੀ ਵਿਚ ਜਾ ਬੈਠਦਾਂ। ਕਿਤਾਬਾਂ ਦੇ ਢੇਰ ਸਾਹਮਣੇ ਮੇਜ਼ ਉੱਤੇ ਰੱਖੇ ਹੁੰਦੇ ਹਨ। ਲੋੜੀਂਦਾ ਮੈਟਰ ਕਿਤਾਬਾਂ ਤੋਂ ਵੱਡੇ ਰਜਿਸਟਰ ਵਿਚ ਨੋਟ ਕਰੀ ਜਾਂਦਾ ਹਾਂ। ਫਿਰ ਮੈਨੂੰ ਲੋੜ ਟਾਈਪਰਾਈਟਰ ਦੀ ਹੁੰਦੀ ਹੈ। ਰਾਤ ਨੂੰ ਹੋਸਟਲ ਦੇ ਕਮਰੇ ਵਿਚ ਪਹੁੰਚ ਕੇ ਰਜਿਸਟਰ ਵਿਚੋਂ ਵਿਚਾਰਾਂ ਦੇ ਚੋਣਵੇਂ ਟੋਟਕੇ ਟਾਈਪ ਕਰਨੇ ਹੁੰਦੇ ਹਨ। ਮੇਰੇ ਕੋਲ ਟਾਈਪਰਾਈਟਰ ਨਹੀਂ ਹੈ, ਇਹਦਾ ਪ੍ਰਬੰਧ ਮੈਂ ਜਲਦੀ ਕਰ ਲੈਂਦਾ ਹਾਂ।

ਦੂਜੇ ਸਾਲ ਦੇ ਸ਼ੁਰੂ ਦਿਨਾਂ ਵਿਚ ਲਾਇਬਰੇਰੀ ਵਿਚ ਮੈਂ ਆਪਣੀ ਜਮਾਤਨ ਕੋਲੋਂ ਕੋਰਸ ਵਿਚ ਲੱਗੀ ਇਕ ਟੈਕਸਟ ਬੁੱਕ ਕੁਝ ਦਿਨਾਂ ਲਈ ਮੰਗਦਾ। ਉਸ ਕੁੜੀ ਦੇ ਨਾਲ ਹੋਰ ਬੜੀ ਸੁਨੱਖੀ ਕੁੜੀ ਖੜੀ ਹੈ (ਜੋ ਸਾਡੀ ਜਮਾਤ ਵਿਚ ਪੜ੍ਹਦੀ ਹੈ ਪਰ ਜਿਸ ਨੂੰ ਮੈਂ ਨਹੀਂ ਜਾਣਦਾ)। ਉਹ ਕਹਿੰਦੀ ਹੈ, "ਇਹ ਕਿਤਾਬ ਮੇਰੇ ਪਾਸ ਹੈ। ਮੈਂ ਕੱਲ੍ਹ ਲੈ ਆਵਾਂਗੀ।" ਆਉਂਦੇ ਦਿਨਾਂ ਵਿਚ ਮੇਰੀ ਇਸ ਕੁੜੀ ਵਿਚ ਦਿਲਚਸਪੀ ਵਧਣ ਲੱਗਦੀ ਹੈ। ਮੈਂ ਸ਼ਾਮ ਨੂੰ ਉਸ ਦੇ ਹੋਸਟਲ ਵਿਚ ਗੇੜਾ ਮਾਰਨ ਲੱਗਦਾਂ। ਮੈਂ ਆਪਣੇ ਟਾਈਪ ਕੀਤੇ ਨੋਟਸ ਦੀ ਇਕ ਕਾਰਬਨ ਕਾੱਪੀ ਉਸ ਨੂੰ ਦੇਣੀ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਮੇਰਾ ਉਸ ਨਾਲ ਨਾਤਾ ਗੂੜ੍ਹਾ ਹੋ ਜਾਵੇ। ਮੈਨੂੰ ਪਤਾ ਕਿ ਉਹਦੇ ਦਿਲ ਵਿਚ ਮੇਰੇ ਲਈ ਕੋਈ ਵਿਸ਼ੇਸ਼ ਥਾਂ ਨਹੀਂ ਜਿਵੇਂ ਮੇਰੇ ਦਿਲ ਵਿਚ ਉਹਦੇ ਲਈ ਹੈ। ਉਹਨੂੰ ਇਮਤਿਹਾਨ ਦੀ ਤਿਆਰੀ ਲਈ ਮੇਰੀ ਮਦਦ ਦੀ ਲੋੜ ਹੈ। ਮੈਂ ਉਹਨੂੰ ਮਿਲਣੋ ਰੁਕਦਾ ਨਹੀਂ ਤੇ ਉਹ ਮੈਨੂੰ ਮਿਲਣ ਤੋਂ

ਰੋਕਦੀ ਨਹੀਂ। ਵਕਤ ਗੁਜ਼ਰੀ ਜਾਂਦਾ। ਉਹ ਸਾਲਾਨਾ ਇਮਤਿਹਾਨ ਖਤਮ ਹੋਣ ਦੀ ਉਡੀਕ ਕਰ ਰਹੀ ਹੈ ਜਦ ਉਹਦਾ ਯੂਨੀਵਰਸਟੀ ਨਾਲ ਨਾਤਾ ਨਹੀਂ ਰਹਿਣਾ।

•

ਸੁਖਦੇਵ ਦਾ ਮੇਰੇ ਹੋਸਟਲ ਵਿਚ ਆਉਣਾ ਵਧ ਜਾਂਦਾ ਹੈ। ਉਹ ਦਿੱਲੀ ਵਿਚ ਸੀ ਤਾਂ ਪਰੈੱਸ ਕਲਬ ਵਿਚ ਜਾਇਆ ਕਰਦਾ ਸੀ। ਪੈੱਗ ਲਗਾਣ ਦਾ ਵੀ ਸ਼ੌਕੀਨ ਸੀ। ਅਸੀਂ ਦੋਵੇਂ ਹਫ਼ਤੇ ਵਿਚ ਇਕ-ਅੱਧ ਵੇਰ ਵਿਸਕੀ ਪੀਣੀ ਸ਼ੁਰੂ ਕਰ ਦੇਂਦੇ ਹਾਂ। ਜਾਲੰਧਰ ਵੇਲੇ ਤੋਂ ਸੁਖਦੇਵ ਦੀ ਨੇੜਤਾ ਫਿਰੋਜ਼ਪੁਰ ਦੇ ਕਾਂਗਰਸੀ ਮਹਿੰਦਰ ਸਿੰਘ ਗਿੱਲ (ਜਿਸ ਨੂੰ ਉਹ ਹੰਸ ਕਹਿੰਦਾ ਹੈ) ਨਾਲ ਹੈ, ਜੋ ਹਮੇਸ਼ਾ ਗਿਆਨੀ ਜ਼ੈਲ ਸਿੰਘ ਦੇ ਇਰਦ ਗਿਰਦ ਰਹਿੰਦਾ ਹੈ। ਗਿਆਨੀ ਇਸ ਵੇਲੇ ਪੰਜਾਬ ਕਾਂਗਰਸ ਦਾ ਮੀਤ ਪ੍ਰਧਾਨ ਹੈ ਤੇ ਇਹ ਪ੍ਰਧਾਨ ਬਣਨ ਦਾ ਇੱਛੁਕ ਹੈ। ਗਿਆਨੀ ਨੂੰ ਐਮ. ਐਲ. ਏ. ਫਲੈਟਸ ਵਿਚ ਕਮਰਾ ਮਿਲਿਆ ਹੋਇਆ ਹੈ। ਮਹਿੰਦਰ ਸਿੰਘ ਹੰਸ (ਗਿੱਲ) ਕਰਕੇ ਸੁਖਦੇਵ ਦੀ ਨੇੜਤਾ ਗਿਆਨੀ ਜ਼ੈਲ ਸਿੰਘ ਨਾਲ ਹੋ ਜਾਂਦੀ ਹੈ। ਗਿਆਨੀ ਨੂੰ ਸੁਖਦੇਵ ਕਾਫ਼ੀ ਸੂਝਵਾਨ ਲੱਗਦਾ ਹੈ। ਉਹਨੂੰ ਕਈ ਗੱਲਾਂ ਵਿਚ ਸੁਖਦੇਵ ਦੀ ਸਲਾਹ ਦੀ ਲੋੜ ਪੈਂਦੀ ਰਹਿੰਦੀ ਹੈ। ਕੁਝ ਸਮੇਂ ਬਾਅਦ ਸੁਖਦੇਵ ਗਿਆਨੀ ਜ਼ੈਲ ਸਿੰਘ ਦੇ ਐਮ. ਐਲ. ਏ. ਫਲੈਟ ਵਿਚ ਪੱਕਾ ਟਿਕਾਣਾ ਕਰ ਲੈਂਦਾ ਹੈ। ਗਿਆਨੀ ਆਪ ਅਕਸਰ ਦੌਰੇ ਉੱਤੇ ਰਹਿੰਦਾ ਹੈ। ਕਦੇ ਕਦਾਈਂ ਮੈਂ ਸੁਖਦੇਵ ਕੋਲ ਉਸੇ ਫਲੈਟ ਵਿਚ ਜਾ ਰਾਤ ਗੁਜ਼ਾਰਦਾ ਹਾਂ। ਗਿਆਨੀ ਜ਼ੈਲ ਸਿੰਘ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਨ ਦੀ ਮੁਹਿੰਮ ਤੇਜ਼ ਕਰ ਦੇਂਦਾ ਅਤੇ ਇਸ ਟੀਚੇ ਲਈ ਦੋ ਕੁ ਹਫ਼ਤੇ ਲਈ ਦਿੱਲੀ ਵਿਚ ਜਾ ਡੇਰਾ ਲਗਾਂਦਾ ਹੈ। ਸੁਖਦੇਵ ਵੀ ਉਹਦੇ ਸਿਆਸੀ ਸਲਾਹਕਾਰ ਵਜੋਂ ਦਿੱਲੀ ਚਲਾ ਜਾਂਦਾ ਹੈ। ਦੋ ਹਫ਼ਤਿਆਂ ਬਾਅਦ ਉਹ ਚੰਡੀਗੜ੍ਹ ਆਉਂਦਾ ਤੇ ਉਹਦਾ ਮੇਰੇ ਕੋਲ ਹੋਸਟਲ ਵਿਚ ਆਉਣਾ ਜਾਰੀ ਰਹਿਣ ਲੱਗਦਾ ਹੈ। ਅਸੀਂ ਗਲਾਸੀ ਲਗਾਂਦਿਆਂ ਪੰਜਾਬ ਕਾਂਗਰਸ ਅਤੇ ਦਿੱਲੀ ਦੀ ਸਿਆਸਤ ਬਾਰੇ ਗੱਲਾਂ ਕਰਦੇ ਹਾਂ।

ਸਾਲ 1965, ਮਹੀਨਾ ਦਸੰਬਰ ਦਾ ਹੈ। ਕੁਝ ਦੇਰ ਪਹਿਲਾਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਅਕਾਲੀਆਂ ਵਲੋਂ ਅਨੇਕ ਮੋਰਚਿਆਂ ਤੇ ਐਜੀਟੇਸ਼ਨਾਂ ਤੋਂ ਬਾਅਦ ਪੰਜਾਬੀ ਸੂਬਾ ਬਨਾਣ ਦਾ ਐਲਾਨ ਕੀਤਾ ਹੈ। ਇਹਦੇ ਨਾਲ ਹੀ ਚੰਡੀਗੜ੍ਹ ਨੂੰ ਪੰਜਾਬ ਤੋਂ ਬਾਹਰ ਰੱਖਿਆ ਗਿਆ ਹੈ। ਭਾਖੜਾ ਨਹਿਰ, ਪੀ ਜੀ ਆਈ ਆਦਿ ਉੱਤੇ ਵੀ ਪੰਜਾਬ ਦਾ ਹੱਕ ਸਵੀਕਾਰ ਨਹੀਂ ਕੀਤਾ ਗਿਆ। ਪੰਜਾਬੀ ਬੋਲਦੇ ਕਈ ਇਲਾਕੇ ਹਰਿਆਣੇ ਦੇ ਮੰਨ ਲਏ ਗਏ ਹਨ। ਇਸ ਸਭ ਦੇ ਵਿਰੋਧ ਵਿਚ ਅਕਾਲੀਆਂ ਵਲੋਂ ਕੇਂਦਰ ਦੀ ਕਾਂਗਰਸ ਸਰਕਾਰ ਨਾਲ ਟੱਕਰ ਸਿਖਰ ਉੱਤੇ ਪੁੱਜ ਚੁੱਕੀ ਹੈ। ਅਕਾਲੀ ਦਲ ਦੇ ਪ੍ਰਧਾਨ ਸੰਤ ਫਤਿਹ ਸਿੰਘ ਨੇ 17 ਦਸੰਬਰ ਤੋਂ ਮਰਨ-ਵਰਤ ਰੱਖਿਆ ਹੋਇਆ ਹੈ। ਦਸ ਦਿਨਾਂ ਅੰਦਰ ਮੰਗਾਂ ਨਾ ਮੰਨੇ ਜਾਣ ਦੀ ਸੂਰਤ ਵਿਚ ਸੰਤ 27 ਦਸੰਬਰ ਨੂੰ ਅਪਣੇ ਆਪ ਨੂੰ ਅਗਨ ਭੇਂਟ ਕਰ ਦੇਵੇਗਾ।

ਸੁਖਦੇਵ ਸਿੰਘ ਨੇ *ਬਲਿਟਜ਼* ਲਈ ਸੰਤ ਫਤਿਹ ਸਿੰਘ ਨਾਲ ਇੰਟ੍ਰਵਿਊ ਕਰਨ ਅੰਮ੍ਰਿਤਸਰ ਜਾਣਾ ਹੈ। ਉਹ ਮੈਨੂੰ ਆਪਣੇ ਨਾਲ ਲਿਜਾ ਰਿਹਾ ਹੈ। ਅਸੀਂ 22 ਦਸੰਬਰ ਦੀ ਰਾਤ ਨੂੰ ਚੰਡੀਗੜ੍ਹ ਸਟੇਸ਼ਨ ਤੋਂ ਰਾਤ ਦੀ ਗੱਡੀ ਫੜ ਕੇ ਅੰਮ੍ਰਿਤਸਰ ਲਈ ਰਵਾਨਾ ਹੁੰਦੇ ਹਾਂ। ਸਖਤ ਠੰਢ ਹੈ। ਗੱਡੀ ਦੀਆਂ ਉਪਰਲੀਆਂ ਸੀਟਾਂ ਉੱਤੇ ਮੂੰਹ ਸਿਰ ਲੋਈ ਨਾਲ ਲਪੇਟੀ ਸੌਂ ਜਾਂਦੇ ਹਾਂ। ਅਗਲੀ ਸਵੇਰ ਅੰਮ੍ਰਿਤਸਰ ਪੁੱਜ ਕੇ ਪਿਆਰਾ ਸਿੰਘ ਨਾਂ ਦੇ ਕਾਮਰੇਡ ਦੇ ਘਰ ਜਾ ਡੇਰਾ ਲਗਾਂਦੇ ਹਾਂ। (ਇਹ ਪਿਆਰਾ ਸਿੰਘ ਜਾਲੰਧਰ ਵਿਚ ਪੰਜਾਬ ਬੁੱਕ ਸੈਂਟਰ ਵਿਚ ਕੰਮ ਕਰਦਾ ਹੁੰਦਾ ਸੀ।) ਸ਼ਾਮ ਨੂੰ ਸੰਤ ਫਤਿਹ ਸਿੰਘ ਨੂੰ ਮਿਲਣ ਅਕਾਲ ਤਖ਼ਤ ਸਾਹਿਬ ਦੀ ਉਸ ਮੰਜ਼ਿਲ ਉੱਤੇ ਜਾ ਪੁੱਜਦੇ ਹਾਂ ਜਿੱਥੇ ਸੰਤਾਂ ਦਾ ਮਰਨ ਵਰਤ ਚਲ ਰਿਹਾ ਹੈ। ਅਗਨ ਭੇਂਟ ਕਰਨ ਲਈ ਪਟਰੋਲ ਆਦਿ ਦਾ ਪ੍ਰਬੰਧ ਵੀ ਉੱਥੇ ਕਿਤੇ ਕੀਤਾ ਦਸਿਆ ਜਾਂਦਾ ਹੈ। ਸੇਵਾਦਾਰ ਸਾਨੂੰ ਉਸ ਜਗ੍ਹਾ ਲਿਜਾਂਦਾ ਜਿੱਥੇ ਸੰਤ ਫਤਿਹ ਸਿੰਘ ਗੱਦੇ ਤੇ ਲੰਮੇ ਪਏ ਹਨ। ਸਿਰ ਉੱਤੇ ਗੋਲ ਸਾਫ਼ਾ ਲਪੇਟਿਆ ਹੈ, ਉਪਰ ਕੰਬਲ ਲਿਆ ਹੋਇਆ। ਸਾਡੇ ਸੁਆਲਾਂ ਦੇ ਜੁਆਬ ਉਹ ਸਪਸ਼ਟ ਢੰਗ ਨਾਲ ਦੇਣਾ ਸ਼ੁਰੂ ਕਰਦੇ ਹਨ। ਕਹਿੰਦੇ ਹਨ, ਇੰਦਰਾ ਨੇ ਪੰਜਾਬੀ ਸੂਬਾ ਕੀ ਦਿੱਤਾ? ਪੰਜਾਬ ਨੂੰ ਲੁੱਟ ਲਿਆ। ਚੰਡੀਗੜ੍ਹ ਸ਼ਹਿਰ ਖੋਹ ਲਿਆ ਹੈ। ਪੀ. ਜੀ. ਆਈ. ਤੇ ਭਾਖੜਾ ਦਾ ਕੰਟਰੋਲ ਖੋਹ ਲਿਆ ਹੈ। ਪੰਜਾਬੀ ਬੋਲਦੇ ਇਲਾਕੇ ਹਰਿਆਣਾ ਨੂੰ ਦੇ ਦਿੱਤੇ ਹਨ। ਪੰਜਾਬ ਸਾਰਾ ਫਾਂਕ ਕਰਕੇ ਕਿਹਾ ਹੈ, ਲੈ ਲਉ ਪੰਜਾਬੀ ਸੂਬਾ। ਏਨਾ ਧੱਕਾ ਅਸੀਂ ਕਿਵੇਂ ਸਹਿ ਸਕਦੇ ਹਾਂ? ਇਹ ਕਾਂਗਰਸੀ ਪੰਜਾਬ ਦੇ ਦੁਸ਼ਮਣ ਹਨ। ਕਿੰਨੀਆਂ ਗੱਲਾਂ ਸੰਤ ਦੁਖੀ ਹਿਰਦੇ ਨਾਲ ਕਰੀ ਜਾਂਦੇ ਹਨ। ਸੰਤ ਇਹ ਵੀ ਕਹਿੰਦੇ ਹਨ ਕਿ ਹੋ ਸਕਦਾ ਅਗਨ ਭੇਂਟ ਮੈਂ ਇਕ ਦਿਨ ਪਹਿਲਾਂ ਪਾ ਲਵਾਂ। ਅਨੇਕ ਸੁਆਲਾਂ ਦਾ ਜੁਆਬ ਦੇਂਦੇ ਹਨ। ਕਦੇ ਸਖਦੇਵ ਤੇ ਕਦੇ ਮੈਂ ਉਨ੍ਹਾਂ ਨੂੰ ਸੁਆਲ ਪੁੱਛਦਾ ਹਾਂ। ਮੈਂ ਉਨ੍ਹਾਂ ਦੇ ਜੁਆਬ ਤੇਜ਼ੀ ਨਾਲ ਨੋਟ ਕਰੀ ਜਾਂਦਾ ਹਾਂ। ਅੰਤ ਵਿਚ ਉਹ ਕਹਿੰਦੇ ਹਨ ਕਿ *ਬਲਿਟਜ਼* ਅਖਬਾਰ ਨੇ ਸਿੱਖਾਂ ਦਾ ਪੱਖ ਲਿਆ ਹੈ ਜਿਸ ਲਈ ਉਹ ਸ਼ੁਕਰਗੁਜ਼ਾਰ ਹਨ। ਇਸ ਅਖਬਾਰ ਦਾ ਐਡੀਟਰ ਰੂਸੀ ਕਰੰਜੀਆ "ਮੇਰਾ ਗੂੜ੍ਹਾ ਮਿੱਤਰ ਹੈ।"

ਸੰਤਾਂ ਨਾਲ ਇੰਟ੍ਰਵਿਊ ਖਤਮ ਹੋਣ ਤੱਕ ਰਾਤ ਦੇ ਨੌਂ ਵਜ ਚੁੱਕੇ ਹਨ। ਅਸੀਂ ਦੋਵੇਂ ਦਰਬਾਰ ਸਾਹਿਬ ਤੋਂ ਬਾਹਰ ਰਿਕਸ਼ਾ

ਕਰਕੇ ਕਾਮਰੇਡ ਪਿਆਰਾ ਸਿੰਘ ਦੇ ਘਰ ਪੁੱਜਦੇ ਹਾਂ। ਉਹਨੇ ਵਿਸਕੀ ਦੀ ਬੋਤਲ ਖੋਲ੍ਹ ਰਖੀ ਹੈ। ਪਿਛਲੀ ਰਾਤ ਦੇ ਸਫ਼ਰ ਤੋਂ ਲੈ ਕੇ ਹੁਣ ਤੱਕ ਦੌੜ ਭਜ ਕਰਕੇ ਥੱਕੇ ਹੋਏ ਹਾਂ। ਪਰ ਸੰਤਾਂ ਨਾਲ ਕੀਤੀ ਇੰਟ੍ਰਵਿਊ ਕੱਲ੍ਹ ਸਵੇਰ ਤੱਕ ਤਾਰ ਰਾਹੀਂ ਮੁੰਬਈ *ਬਲਿਟਜ਼* ਦੇ ਦਫ਼ਤਰ ਪੁੱਜਣੀ ਜ਼ਰੂਰੀ ਹੈ, ਤਦ ਹੀ ਇਹ ਆਉਂਦੇ ਸਨੀਚਰਵਾਰ ਵਾਲੇ *ਬਲਿਟਜ਼* ਵਿਚ ਛਪ ਸਕਦੀ ਹੈ। ਮੈਂ ਅਤੇ ਸੁਖਦੇਵ ਵਿਸਕੀ ਦਾ ਘੁਟ ਪੀਵੀ ਜਾਂਦੇ ਹਾਂ ਤੇ ਇੰਟ੍ਰਵਿਊ ਵਿਚਲੇ ਸੁਆਲਾਂ ਅਤੇ ਸੰਤਾਂ ਦੇ ਜੁਆਬਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਕਰੀ ਜਾਂਦੇ ਹਾਂ। ਮੈਂ ਟਾਈਪ ਦੀ ਮਸ਼ੀਨ ਚਲਾ ਰਿਹਾ ਹਾਂ, ਸੁਖਦੇਵ ਬੋਲੀ ਜਾਂਦਾ ਹੈ। ਵਿਚ ਵਿਚਾਲੇ ਮੈਂ ਅਨੁਵਾਦਿਤ ਫਿਕਰਿਆਂ ਨੂੰ ਮੁਕੰਮਲ ਕਰੀ ਜਾਂਦਾ ਹਾਂ। ਘੰਟਾ ਗੁਜ਼ਰ ਜਾਂਦਾ ਹੈ, ਅਜੇ ਇੰਟ੍ਰਵਿਊ ਵਾਲਾ ਕੰਮ ਮੁਕੰਮਲ ਨਹੀਂ ਹੋਇਆ। ਰੋਟੀ ਬਹੁਤ ਪਹਿਲਾਂ ਦੀ ਪਰੋਸੀ ਪਈ ਹੈ। ਰੋਟੀ ਖਾ ਕੇ ਬਾਅਦ ਵਿਚ ਕੰਮ ਖਤਮ ਕਰਾਂਗੇ, ਅਸੀਂ ਰੋਟੀ ਵਲ ਵਧਦੇ ਹਾਂ। ਰੋਟੀ ਖਾਂਦਿਆਂ ਹੀ ਸੁਖਦੇਵ ਮੰਜੇ ਉੱਤੇ ਢੇਰੀ ਹੋ ਜਾਂਦਾ ਹੈ। ਹੂੰ-ਹਾਂ ਕਰਦਿਆਂ ਕਹਿੰਦਾ, ਥੋੜ੍ਹੀ ਦੇਰ ਨੂੰ ਉੱਠਦਾਂ। ਮੈਂ ਘੜੀ ਵਲ ਦੇਖਦਾ ਹਾਂ। ਇਕ ਵੱਜ ਚੁੱਕਾ ਹੈ। ਘੂਕ ਸੁੱਤੇ ਸੁਖਦੇਵ ਵਲ ਨਿਗ੍ਹਾ ਮਾਰਦਾਂ। ਉਹਨੂੰ ਉਠਾਂਦਾਂ, ਨਹੀਂ ਉਠਦਾ। ਮੈ ਟਾਈਪਰਾਈਟਰ ਉੱਤੇ ਰਹਿੰਦਾ ਕੰਮ ਤੇਜ਼ੀ ਨਾਲ ਸਮੇਟ ਲੈਨਾਂ। ਦੋ ਵੱਜ ਚੁੱਕੇ ਹਨ। ਇੰਟ੍ਰਵਿਊ ਤਿਆਰ ਹੋ ਚੁੱਕੀ ਹੈ। ਜੇ ਇਹਨੂੰ ਹੁਣੇ ਵੱਡੇ ਡਾਕਖਾਨੇ ਜਾ ਕੇ ਤਾਰ ਰਾਹੀਂ ਨਾ ਭੇਜਿਆ ਗਿਆ ਤਾਂ ਸਭ ਮਿਹਨਤ ਬਰਬਾਦ ਹੋ ਜਾਵੇਗੀ।

ਟਾਈਪ ਕੀਤੇ ਕਾਗਜ਼ ਚੁੱਕ ਮੈਂ ਬਾਹਰ ਬਾਜ਼ਾਰ ਵਿਚ ਰਿਕਸ਼ੇ ਦੀ ਤਲਾਸ਼ ਕਰਦਾ ਤੁਰੀ ਜਾਨਾਂ। ਕਾਫ਼ੀ ਅਗਾਂਹ ਜਾ ਕੇ ਰਿਕਸ਼ਾ ਮਿਲਦਾ। ਰਿਆਲਟੋ ਸਿਨੇਮਾ ਦੇ ਸਾਹਮਣੇ ਹੈੱਡ ਪੋਸਟ ਆਫਿਸ ਦੇ ਨਾਲ ਤਾਰ ਘਰ ਹੈ। ਤਿੰਨ ਕੁ ਵਜੇ ਮੈਂ ਰਾਤ ਦੀ ਡਿਊਟੀ ਵਾਲੇ ਤਾਰ ਬਾਬੂ ਅੱਗੇ ਟਾਈਪ ਕੀਤੇ ਪਤਰੇ ਅੱਗੇ ਕਰਦਾਂ। ਪਤਰਕਾਰਾਂ ਨੂੰ ਅਖਬਾਰ ਵਲ ਤਾਰ ਭੇਜਣ ਵੇਲੇ ਬਣਦੀ ਰਕਮ ਅਦਾ ਨਹੀਂ ਕਰਨੀ ਪੈਂਦੀ; ਅਦਾਇਗੀ ਅਖਬਾਰ ਦੇ ਦਫ਼ਤਰ ਵਲੋਂ ਡਾਕਤਾਰ ਵਿਭਾਗ ਨੂੰ ਬਾਅਦ ਵਿਚ ਹੁੰਦੀ ਹੈ। ਤਾਰ ਬਾਬੂ ਕੋਲੋਂ ਰਸੀਦ ਲੈ ਕੇ ਮੈਂ ਵਾਪਿਸ ਪਰਤਦਾਂ। ਰਿਕਸ਼ਾ ਨਾ ਮਿਲਣ ਦੀ ਸੂਰਤ ਵਿਚ ਤੁਰਦਾ ਕਾਮਰੇਡ ਪਿਆਰਾ ਸਿੰਘ ਦੇ ਘਰ ਪੁੱਜਦਾਂ। ਸਵੇਰ ਦੇ ਪੰਜ ਵਜਣ ਵਾਲੇ ਹਨ। ਘਰ ਅੰਦਰ ਸਭ ਸੁੱਤੇ ਪਏ ਹਨ। ਕਿਸੇ ਨੂੰ ਪਤਾ ਨਹੀਂ ਕਿ ਮੈਂ ਕਦ ਘਰੋਂ ਨਿਕਲਿਆ ਤੇ ਦੋ ਘੰਟੇ ਬਾਅਦ ਵਾਪਿਸ ਵੀ ਆ ਗਿਆ ਹਾਂ। ਸਰਦੀ ਹੋਣ ਕਰਕੇ ਰਜਾਈਆਂ ਤਾਣੀ ਘੂਕ ਸੁੱਤੇ ਪਏ ਹਨ। ਦੇਰ ਬਾਅਦ ਸੁਖਦੇਵ ਉੱਠਦਾ ਤੇ ਡੌਰ ਭੌਰ ਹੋਇਆ ਟਾਈਪਰਾਈਟਰ ਵਲ ਨਿਗ੍ਹਾ ਮਾਰਦਾ। ਮੈਂ ਉਹਨੂੰ ਦਸਦਾਂ ਕਿ ਸੰਤ ਫਤਿਹ ਸਿੰਘ ਵਾਲੀ ਇੰਟ੍ਰਵਿਊ ਤਾਂ ਮੁੰਬਈ ਪਹੁੰਚ ਵੀ ਚੁੱਕੀ ਹੈ। ਹੈਰਾਨ ਹੋਇਆ ਉਹ ਮੇਰੇ ਵਲ ਦੇਖੀ ਜਾਂਦਾ ਹੈ।

ਦੋ ਦਿਨਾਂ ਬਾਅਦ, ਸਨੀਚਰਵਾਰ, *ਬਲਿਟਜ਼* ਦੇ ਫਰੰਟ ਪੇਜ਼ ਉੱਤੇ ਵੱਡੀ ਸੁਰਖ਼ੀ ਵਿਚ ਸੰਤ ਫਤਿਹ ਸਿੰਘ ਵਾਲੀ ਇੰਟ੍ਰਵਿਊ ਛਪਦੀ ਹੈ ਤਾਂ ਪੱਤਰਕਾਰੀ ਅਤੇ ਸਿਆਸੀ ਹਲਕਿਆਂ ਵਿਚ ਹਲਚਲ ਮੱਚ ਜਾਂਦੀ ਹੈ।

•

ਫਾਈਨਲ ਦੇ ਪੇਪਰ ਖਤਮ ਹੋ ਚੁੱਕੇ ਹਨ। ਉਸ ਕੁੜੀ ਨੇ (ਜਿਸ ਨੂੰ ਮੈਂ ਦੋ ਮਹੀਨਿਆਂ ਤੋਂ ਕਰੀਬ ਹਰ ਰੋਜ਼ ਸ਼ਾਮ ਨੂੰ ਉਹਦੇ ਹੋਸਟਲ ਦੇ ਬਾਹਰ ਮਿਲਦਾ ਰਿਹਾਂ), ਦੋ ਦਿਨਾਂ ਬਾਅਦ ਦਿੱਲੀ ਚਲੇ ਜਾਣਾ ਹੈ।

ਅਪ੍ਰੈਲ ਦੀ 22 ਤ੍ਰੀਕ ਸਵੇਰੇ ਸਵਾ ਨੌਂ ਵਜੇ ਵਾਲੀ ਡਿਲਕਸ ਬਸ ਰਾਹੀਂ ਉਹ ਦਿੱਲੀ ਲਈ ਰਵਾਨਾ ਹੁੰਦੀ ਹੈ। ਮੈਂ ਉਹਨੂੰ ਵਿਦਾ ਕਰਨ ਲਈ ਬਸ ਸਟੈਂਡ ਪੁੱਜਦਾਂ। ਬੱਸ ਤੁਰਦੀ ਹੈ ਤਾਂ ਮੇਰੀਆਂ ਅੱਖਾਂ ਭਰ ਆਉਂਦੀਆਂ ਹਨ। ਵਾਪਸ ਹੋਸਟਲ ਆ, ਦਿਨ ਗਹਿਰੀ ਉਦਾਸੀ ਵਿਚ ਗੁਜ਼ਰਦਾ ਹੈ। ਦੋ ਸਾਲਾਂ ਤੋਂ ਮੈਂ ਉੱਡਿਆ ਫਿਰਦਾ ਸੀ; ਹੁਣ ਧੜੰਮ ਧਰਤੀ ਉੱਤੇ ਆਣ ਡਿੱਗਾ ਹਾਂ।

ਸ਼ਾਮ ਨੂੰ ਮੈਂ ਭਜਨ ਸਰਾਓ ਦੇ ਪੰਦਰਾਂ ਸੈਕਟਰ ਵਾਲੇ ਕਮਰੇ ਵਿਚ ਜਾ ਕੇ ਕਹਿਨਾਂ, "ਮੇਰੇ ਨਾਲ ਬਾਈ ਸੈਕਟਰ ਚਲ।" ਅਸੀਂ ਕੌਫੀ ਹਾਊਸ ਦੇ ਨਾਲ ਵਾਲੇ ਸ਼ੋਅ ਰੂਮ ਦੇ ਫਸਟ ਫਲੋਰ ਉੱਤੇ ਹੇਅਰ ਕਟਿੰਗ ਪਾਰਲਰ ਅੰਦਰ ਦਾਖਲ ਹੁੰਦੇ ਹਾਂ। ਪਾਰਲਰ ਵਾਲੇ ਮੁੰਡੇ ਨੂੰ ਮੈਂ ਆਖਦਾਂ, "ਮੈਂ ਵਾਲ ਕਟਵਾਣੇ ਹਨ।" ਮੁੰਡਾ ਕਹਿੰਦਾ, "ਇਸ ਕੁਰਸੀ ਤੇ ਬੈਠ ਜਾਓ।"

ਕੁਰਸੀ ਤੇ ਬੈਠਦਿਆਂ ਸਾਹਮਣੇ ਸ਼ੀਸ਼ੇ ਵਿਚੋਂ ਮੈਨੂੰ ਅੱਖਾਂ ਵਿਚ ਪਾਨੀ ਆਇਆ ਦਿਖਦਾ। ਸੱਜੇ ਹੱਥ ਨਾਲ ਮੈਂ ਅੱਖਾਂ ਸਾਫ਼ ਕਰਦਾਂ। ਚਿਹਰਾ ਧੁੰਦਲਾ ਦਿਸਣ ਲੱਗਦਾ। ਪੌਣੇ ਘੰਟੇ ਬਾਅਦ ਪਾਰਲਰ ਵਾਲਾ ਮੁੰਡਾ ਵਿਹਲਾ ਹੁੰਦਾ। ਸ਼ੀਸ਼ੇ ਵਿਚ ਨਵਾਂ ਚਿਹਰਾ ਦਿਖਦਾ – ਕੌਣ ਹੈ ਇਹ? ਪਿਛਾਂਹ ਬੈਂਚ ਉੱਤੇ ਬੈਠਾ ਭਜਨ ਸਰਾਓ ਵੀ ਇਸ ਚਿਹਰੇ ਨੂੰ ਪਛਾਣਨ ਦੀ ਕੋਸ਼ਿਸ਼ ਕਰ ਰਿਹਾ। ਵ

E-mail : guru534@gmail.com • Mob : 98725-06926

# ਰੋਜ਼ ਵਾਲੀ ਔਰਤ

*ਸਪਨਾ ਚਮੜਿਆ*

"ਪਿਛਲੇ ਵਰ੍ਹੇ ਜ਼ਮੂਹਰੀ ਅਧਿਕਾਰ ਸਭਾ ਦੇ ਕਿਸੇ ਪ੍ਰੋਗਰਾਮ ਦੌਰਾਨ ਇਹ ਡਾਇਰੀ ਮੇਰੇ ਹੱਥ ਲੱਗੀ। ਇਸ ਦੇ ਟਾਇਟਲ 'ਰੋਜ ਵਾਲੀ ਔਰਤ' ਨੇ ਮੈਨੂੰ ਅਟਰੈਕਟ ਕੀਤਾ। ਇਸ ਨੂੰ ਪੜ੍ਹਦਿਆਂ ਮੈਨੂੰ ਆਪਣੇ ਸਮੇਤ ਆਪਣੇ ਆਲੇ ਦੁਆਲੇ ਦੀਆਂ ਅਨੇਕਾਂ ਔਰਤਾਂ ਦਿਖਦੀਆਂ ਰਹੀਆਂ। ਇਹਨਾਂ ਔਰਤਾਂ ਵਿਚ ਇਕ ਅੱਖ ਤੇ ਪੱਟੀ ਸਮੇਤ ਸਲਾਈਆਂ ਬੁਣਦੀ ਮੇਰੀ ਨਾਨੀ ਤੋਂ ਲੈ ਕੇ 'ਸੈਕਿੰਡ ਸੈਕਸ' ਪੜਦੀਆਂ ਮੇਰੀਆਂ ਵਿਦਿਆਰਥਣਾ ਤੱਕ ਸ਼ਾਮਿਲ ਸਨ। ਮੇਰਾ ਦਿਲ ਕੀਤਾ ਕਿ ਪੰਜਾਬੀ ਦੇ ਪਾਠਕਾਂ ਨੂੰ ਵੀ ਉਹਨਾਂ ਦੇ ਘਰਾਂ ਵਿਚ ਰਹਿੰਦੀਆਂ ਔਰਤਾਂ ਤੋਂ ਜਾਣੂੰ ਕਰਵਾਵਾਂ ਤੇ ਖ਼ੁਦ ਸਾਡੀਆਂ ਔਰਤਾਂ ਆਪਣਾ ਅਕਸ ਦੇਖਣ..."

## ਸਮੇਂ ਦੀ ਚੋਰੀ

ਮੇਰੀ ਕਲਮ ਅਕਸਰ ਚੋਰੀ ਹੋ ਜਾਂਦੀ ਹੈ ਅਤੇ ਹੈਰਾਨੀ ਇਸ ਗੱਲ ਦੀ ਹੈ ਕਿ ਇਹ ਘਰ ਵਿਚ ਹੀ ਚੋਰੀ ਹੁੰਦੀ ਹੈ। ਮੈਂ ਕਈ ਵਾਰ ਨਵੀਂ ਕਲਮ ਲੈ ਕੇ ਆਉਂਦੀ ਹਾਂ।ਪਰ ਫਿਰ ਉਹੀ ਹਾਦਸਾ, ਉਹੀ ਚੋਰੀ । ਜੇ ਕਦੇ ਕਲਮ ਮਿਲ ਵੀ ਜਾਵੇ ਤਾਂ ਬਿਲਕੁਲ ਖਾਲੀ ਹੁੰਦੀ ਹੈ। ਲਿਖਣ ਦੀ ਸਮਰੱਥਾ ਤੋਂ ਸੱਖਣੀ। ਇਸਦਾ ਟੁੰਡ ਮੇਰੇ ਵੱਲ ਝਾਕਦਾ ਹੈ ਅਤੇ ਮੈਂ ਇਸ ਵੱਲ। ਕਈ ਵਾਰ ਦਿਲ ਕਰਦਾ ਮੈਂ ਵੀ ਕਿਸੇ ਦੀ ਕਲਮ ਚੁਰਾ ਲਵਾਂ , ਫਿਰ ਸੋਚਦੀ ਹਾਂ ਕਿ ਕਿਸੇ ਦੀ ਕਲਮ ਤਾਂ ਕਿਸੇ ਹੋਰ ਵਾਂਗੂੰ ਹੀ ਲਿਖੂ। ਦੂਜੇ ਦੀ ਕਲਮ ਨਾਲ ਆਪਣੀ ਗੱਲ ਕਿਵੇਂ ਆਖੀ ਜਾ ਸਕਦੀ ਹੈ । ਮੈਨੂੰ ਤਾਂ ਆਪਣੀ ਕਲਮ ਚਾਹੀਦੀ ਹੈ, ਪੂਰੀ ਆਪਣੀ ਕਲਮ। ਫਿਰ ਸੋਚਦੀ ਹਾਂ ਜੇਕਰ ਸਲਾਮਤ ਕਲਮ ਪ੍ਰਾਪਤ ਕਰ ਵੀ ਲਵਾਂ ਤਾਂ ਮੇਰੇ ਕੋਲ ਸਮਾਂ ਕਿੱਥੇ ਹੈ, ਪੂਰਾ ਆਪਣਾ ਸਮਾਂ।ਕੁਝ ਲਿਖਣ ਲਈ ਆਪਣੀ ਠੀਕ ਕਲਮ ਮਿਲ ਵੀ ਜਾਵੇ ਤਾਂ ਵੀ ਸਮਾਂ ਤਾਂ ਮੈਨੂੰ ਚੋਰੀ ਹੀ ਕਰਨਾ ਪਵੇਗਾ। ਕਦੇ ਇੱਥੋਂ, ਕਦੇ ਉਥੋਂ। ਇਸ ਤਰ੍ਹਾਂ ਇਹ ਚੋਰੀ ਦਾ ਸਮਾਂ ਮੇਰੇ ਆਪਣੇ ਮੁਕੰਮਲ ਸਮੇਂ ਦੇ ਰਾਹ ਵਿਚ ਖੜ੍ਹ ਜਾਵੇਗਾ। ਮੈਂ ਕੁਝ ਹੋਰ ਲਿਖਣਾ ਚਾਹਾਂਗੀ ਤੇ ਉਹ ਕੁਝ ਹੋਰ ਲਿਖਵਾਵੇਗਾ। ਇਸ ਤਰ੍ਹਾਂ ਮੇਰੇ ਲਈ 'ਮੁਕੰਮਲ ਆਪਣਾ ਸਮਾਂ' ਅਤੇ 'ਮੁਕੰਮਲ ਆਪਣੀ ਕਲਮ' ਹਾਸਲ ਕਰਨਾ ਔਖਾ ਕੰਮ ਹੈ।

ਹੈਰਾਨੀ ਦੀ ਗੱਲ ਹੈ ਨਾ ਕਿ ਮੇਰੀ ਕਲਮ ਅਤੇ ਮੇਰਾ ਵਕਤ ਕਿਵੇਂ ਚੋਰੀ ਹੋਏ । ਹੁਣ ਤੁਸੀਂ ਜਿੰਨੀਆਂ ਮਰਜ਼ੀ ਟੱਕਰਾਂ ਮਾਰੋ, ਇਹਨਾਂ ਨੂੰ ਲੱਭ ਨਹੀਂ ਸਕਦੇ। ਇਹ ਚੋਰੀ ਇੱਥੇ , ਇਸੇ ਤਿੰਨਾਂ ਕਮਰਿਆਂ ਦੇ ਘਰ ਵਿਚ ਹੋਈ ਹੈ ਪਰ ਤੁਸੀਂ ਮੇਰਾ ਚੋਰੀ ਹੋਇਆ ਸਮਾਨ ਲੱਭ ਨਹੀਂ ਸਕੋਂਗੇ। ਤੁਹਾਨੂੰ ਇਹ ਹੈਰਾਨੀ ਵਾਲੀ ਗੱਲ ਲੱਗਦੀ ਹੋਵੇਗੀ ਪਰ ਇਹੋ ਜਿਹੀਆਂ ਹੈਰਾਨੀ ਭਰੀਆਂ ਘਟਨਾਵਾਂ ਮੇਰੇ ਨਾਲ ਅਕਸਰ ਵਾਪਰਦੀਆਂ ਰਹਿੰਦੀਆਂ। ਠੀਕ ਉਵੇਂ ; ਜਿਵੇਂ ਔਰਤ ਦੀ ਬਰਾਬਰਤਾ ਦੇ ਨਾਹਰਿਆਂ ਨੂੰ ਸੱਚ ਸਮਝ ਕਈ ਔਰਤਾਂ ਘਰਾਂ ਵਿਚੋਂ ਨਿਕਲਦੀਆਂ ਅਤੇ ਕਈ ਤਰ੍ਹਾਂ ਦੇ ਬਲਾਤਕਾਰਾਂ ਦਾ ਬੋਝ ਲੈ ਘਰ ਪਰਤਦੀਆਂ । ...ਤੇ ਘਰ ਵਿਚ ਤਾਂ ਬਲਾਤਕਾਰ ਇਕ ਪੁਰਾਣੀ ਆਦਤ ਬਣ ਚੁੱਕੀ ਹੈ। ਜੇਕਰ ਤੁਸੀਂ ਮੇਰੀ ਜ਼ਿੰਦਗੀ ਨੂੰ ਦੇਖੋਂਗੇ ਤਾਂ ਇਸਨੂੰ ਇੱਧਰੋਂ ਉਧਰੋਂ ਕਈ ਥਾਵਾਂ ਤੋਂ ਟੁਕੜਿਆਂ ਦੇ ਰੂਪ ਵਿਚ ਇਕੱਠਾ ਕਰਨਾ ਪਵੇਗਾ। ਦਰਅਸਲ ਇਹ ਵੀ ਕੋਈ ਸਹੀ ਸਲਾਮਤ ਸ਼ੈਅ ਨਹੀਂ ਹੈ। ਇਸਨੂੰ ਦੇਖ ਕੇ ਤੁਸੀਂ ਜਾਣੋਗੇ ਕਿ ਇਹ ਅਜਿਹੇ ਕਈ ਹੈਰਾਨੀਜਨਕ ਹਾਦਸਿਆਂ ਨਾਲ ਭਰੀ ਹੋਈ ਹੈ।

ਇਸ ਤਰ੍ਹਾਂ ਮੇਰੇ ਕੋਲ ਕੋਈ ਸਮਾਂ ਨਹੀਂ ਹੈ ਕਿਉਂਕਿ ਮੈਂ ਕਿੱਤੇ ਵਜੋਂ ਵਗਾਰ ਕਰਨ ਵਾਲੀ ਔਰਤ ਹਾਂ।ਮੇਰੀ ਉਮਰ 36 ਤੋਂ 60 ਦੇ ਦਰਮਿਆਨ ਕੋਈ ਵੀ ਹੋ ਸਕਦੀ ਹੈ। 25 ਸਾਲਾਂ ਤੱਕ ਮੈਨੂੰ ਨਿਯਮਤ ਰੂਪ ਵਿਚ ਵਗਾਰ ਦੀ ਟ੍ਰੇਨਿੰਗ ਦਿੱਤੀ ਗਈ ਅਤੇ ਫਿਰ ਇਕ ਵੱਡੇ ਸਮਾਰੋਹ ਵਿਚ ਮੈਨੂੰ ਮੇਰੇ ਮਾਲਕ ਦੇ ਹਵਾਲੇ ਕਰ ਦਿੱਤਾ ਗਿਆ। ਮੈਂ ਕਈ ਸਾਲਾਂ ਤੋਂ ਬਿਨਾ

ਰੁਕਿਆਂ, ਬਿਨਾ ਥੱਕਿਆਂ ਇਕ ਹੀ ਤਰ੍ਹਾਂ ਦੇ ਕੰਮ ਵਿਚ ਰੁੱਝੀ ਹੋਈ ਹਾਂ। ਹੌਲ਼ੀ ਹੌਲ਼ੀ ਮੈਂ ਉਸ ਕੰਮ ਵਿਚ ਮਾਹਰ ਹੋ ਰਹੀ ਹਾਂ। ਦਰਅਸਲ ਮੇਰਾ ਸੰਬੰਧ ਉਸ ਘਰਾਣੇ ਨਾਲ ਹੈ ਜਿਸ ਵਿਚ ਸਦੀਆਂ ਤੋਂ ਇਹ ਕੰਮ ਹੁੰਦਾ ਆ ਰਿਹਾ ਹੈ। ਤੁਹਾਨੂੰ ਮੇਰੇ ਘਰਾਣੇ ਨੂੰ ਵੀ ਥੋੜਾ ਸਮਝਣਾ ਪਵੇਗਾ। ਇਸ ਵਿਚ ਮੇਰੀ ਮਾਂ, ਦਾਦੀ ਅਤੇ ਨਾਨੀ ਹੀ ਨਹੀਂ ਆਉਂਦੀਆਂ ਸਗੋਂ ਮੇਰੀ ਸੱਸ ਵੀ ਸ਼ਾਮਿਲ ਹੈ। ਹਾਂ ਮੇਰੇ ਮਾਲਿਕ ਦਾ ਘਰਾਣਾ ਵੱਖਰਾ ਹੈ ਅਤੇ ਉਸ ਵਿਚ ਮੇਰਾ ਬਾਪ ਅਤੇ ਸਹੁਰਾ ਵੀ ਸ਼ਾਮਿਲ ਹਨ। ਉਸਦੇ ਘਰਾਣੇ ਵਿਚ ਬਹੁਤ ਏਕਤਾ ਹੈ । ਉਹ ਕਿਸੇ ਵੀ ਮਸਲੇ ਤੇ ਇਕੋ ਜਿਹੀ ਭਾਸ਼ਾ ਵਿਚ ਇੱਕੋ ਜਿਹੀਆਂ ਹੀ ਗੱਲਾਂ ਕਰਦੇ ਹਨ। ਮੁੱਦਾ ਜਾਂ ਸਮੱਸਿਆ ਕਿੰਨੀ ਵੀ ਵੱਡੀ ਕਿਉਂ ਨਾ ਹੋਵੇ , ਉਹ ਅੰਤ ਵਿਚ ਇਕ ਥਾਂ ਉਤੇ ਹੀ ਪਹੁੰਚਦੇ ਹਨ। ਸਗੋਂ ਸਮੱਸਿਆ ਮੇਰੇ ਘਰਾਣੇ ਵਿਚੋਂ ਹੀ ਪੈਦਾ ਹੁੰਦੀ ਹੈ। ਮੇਰੇ ਘਰਾਣੇ ਵਿਚੋਂ ਹੀ ਕੁਝ ਲੋਕ ਪਾਲ਼ਾ ਬਦਲ ਲੈਂਦੇ ਹਨ ਅਤੇ ਹਰ ਮੁੱਦੇ ਉਤੇ ਦੂਜੇ ਘਰਾਣੇ ਅੱਗੇ 'ਹਾਂ ਜੀ', 'ਹਾਂ ਜੀ' ਕਰਨ ਲੱਗਦੇ ਹਨ। ਮੈਂ ਕਈ ਵਾਰ ਇਹਨਾਂ ਨੂੰ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ ਪਰੰਤੂ ਹਾਲੇ ਸਫਲਤਾ ਨਹੀਂ ਮਿਲੀ। ਜੇਕਰ ਅਸੀਂ ਇੱਕੱਠੇ ਹੋਕੇ ਆਪਣੀ ਗੱਲ ਆਖਦੀਆਂ ਤਾਂ ਘੱਟੋ-ਘੱਟ ਸਾਡੀ ਨਿਊਨਤਮ ਮਜ਼ਦੂਰੀ ਤਾਂ ਤੈਅ ਹੋ ਹੀ ਜਾਂਦੀ। ...ਹਾਂ, ਤਾਂ ਗੱਲ ਮੇਰੇ ਸਮੇਂ ਦੀ ਹੋ ਰਹੀ ਸੀ । ਹੁਣ ਕਿਉਂਕਿ ਮੈਂ ਵਗਾਰ ਕਰਨ ਵਾਲੀ ਹਾਂ ਅਤੇ ਵਗਾਰ ਕਰਨ ਵਾਲੇ ਦੇ ਕੰਮ ਦਾ ਕੋਈ ਸਮਾਂ ਨਹੀਂ ਹੁੰਦਾ, ਮਾਲਕ ਨੂੰ ਹੱਕ ਹੈ ਕਿ ਉਹ ਮੈਨੂੰ ਜਦੋਂ ਚਾਹੇ ਕੰਮ ਵਿਚ ਲਾ ਸਕਦਾ ਹੈ। ਲਿਹਾਜ਼ਾ, ਮੇਰੇ ਕੋਲ ਆਪਣਾ ਕੋਈ ਸਮਾਂ ਨਹੀਂ ਹੈ।

## ਵਗਾਰ ਦੀ ਪਰੰਪਰਾ

ਹੁਣ ਤਾਂ ਮੈ ਇਸ ਕੰਮ ਵਿਚ ਇਨੀ ਮਾਹਿਰ ਹੋ ਚੁੱਕੀ ਹਾਂ ਅਤੇ ਮੈਨੂੰ ਇਸ ਕੰਮ ਦੀ ਇਨੀ ਆਦਤ ਪੈ ਚੁੱਕੀ ਹੈ ਕਿ ਜੇਕਰ ਤੁਸੀਂ ਮੈਨੂੰ ਸੁੱਤੀ ਨੂੰ ਜਗਾ ਕੇ ਪੁੱਛੋਂਗੇ ਕਿ ਭਿੰਡੀਆਂ ਨੂੰ ਕਿਵੇਂ ਤੜਕਣਾ ਹੈ ਤਾਂ ਮੈਂ ਬਿਨਾ ਸੋਚਿਆਂ ਬੋਲਾਂਗੀ , 'ਮੇਥੀ ਦਾਣੇ ਨਾਲ'। ਮੈਂ ਕਿੰਨੀ ਵੀ ਦੁੱਖ ਤਕਲੀਫ ਵਿਚ ਹੋਵਾਂ ਮੇਰੇ ਹੱਥ ਐਵੈਂ ਹੀ ਕੰਮ ਕਰਦੇ ਰਹਿੰਦੇ ਹਨ। ਇਸ ਤਰ੍ਹਾਂ ਮੇਰੀ ਵਗਾਰ ਉਤੇ ਮੇਰੇ ਦੁੱਖਾਂ ਦਾ ਕੋਈ ਅਸਰ ਨਹੀਂ ਹੁੰਦਾ।ਸਗੋਂ ਸੱਚ ਇਹ ਹੈ ਕਿ ਮੈਨੂੰ ਹੁਣ ਇਸ ਵਗਾਰ ਦੇ ਕੰਮ ਨਾਲ ਪਿਆਰ ਹੋ ਗਿਆ ਹੈ। ਇਹ ਸੁਣਕੇ ਤੁਹਾਨੂੰ ਬਹੁਤ ਸਦਮਾ ਲੱਗਾ ਹੋਵੇਗਾ ਕਿਉਂਕਿ ਤੁਸੀਂ ਸੋਚਿਆ ਹੋਣਾ ਕਿ ਮੈਂ ਇਸ ਵਗਾਰ ਨੂੰ ਸਿਰਫ ਨਫਰਤ ਕਰਦੀ ਹਾਂ ਅਤੇ ਇਹੀ ਦੁੱਖ ਸਾਂਝਾ ਕਰਨਾ ਚਾਹੁੰਦੀ ਹਾਂ । ਪਰ ਮੈਂ ਜੋ ਪਿਆਰ ਦੀ ਗੱਲ ਕਰ ਰਹੀਂ ਹਾਂ ਇਹ ਹੋਰ ਵੀ ਹੈਰਾਨੀ ਅਤੇ ਖਤਰਨਾਕ ਹੈਰਾਨੀ ਦੀ ਗੱਲ ਹੈ। ਇਹ ਮੈਂ ਪਹਿਲਾਂ ਵੀ ਦੱਸ ਚੁੱਕੀ ਹਾਂ ਕਿ ਮੇਰਾ ਜੀਵਨ ਇਸ ਤਰ੍ਹਾਂ ਦੇ ਹੈਰਾਨੀਜਨਕ ਹਾਦਸਿਆਂ ਨਾਲ ਭਰਿਆ ਹੋਇਆ ਹੈ। ਜਦੋਂ ਮੈਂ ਇਸ ਘਰ ਵਿਚ ਨਵੀਂ ਨਵੀਂ ਆਈ ਸੀ ਤਾਂ ਮੇਰਾ ਇਸ ਵਗਾਰ ਨਾਲ ਆਤਮਿਕ ਸੰਬੰਧ ਸਥਾਪਤ ਨਹੀਂ ਹੋ ਸਕਿਆ ਸੀ ।ਮੇਰੇ ਹੱਥਾਂ ਨੂੰ ਇਸ ਵਗਾਰ ਦੀ ਆਦਤ ਨਾ ਹੋਣ ਕਾਰਨ ਕਦੇ ਮੇਰੇ ਹੱਥੋਂ ਕੋਈ ਭਾਂਡਾ ਛੁੱਟ ਜਾਂਦਾ, ਕਦੇ ਝਾੜੂ ਅਤੇ ਕਦੇ ਕਦੇ ਤਾਂ ਮੈਂ ਆਪ ਵੀ ਡਿੱਗ ਪੈਂਦੀ ਸੀ। ਮੇਰੇ ਸਾਹਮਣੇ ਮਾਲਿਕਾਂ ਦੀ ਪੰਚਾਇਤ ਹੁੰਦੀ ਸੀ ਜੋ ਮੇਰੇ ਬਾਜ਼ਾਰ ਜਾਣ ਉਤੇ ਜਾਂ ਕਿਸੇ ਰਿਸ਼ਤੇਦਾਰ ਦੇ ਘਰ ਜਾਣ ਉਤੇ ਪੰਚਾਇਤ ਬਠਾਉਂਦੀ, ਫੈਸਲੇ ਸੁਣਾਉਂਦੀ ਅਤੇ ਫਤਵੇ ਜਾਰੀ ਕਰਦੀ। ਜਦੋਂ ਮੈਂ ਬਾਹਰੋਂ ਵਾਪਿਸ ਆਉਂਦੀ ਤਾਂ ਮੈਨੂੰ ਘਰ ਦਾ ਮਾਹੌਲ ਕੁਝ ਘੁੱਟਿਆ, ਕਸਿਆ ਅਤੇ ਬਦਰੰਗ ਜਿਹਾ ਲੱਗਦਾ। ਮੈਂ ਕੋਈ ਸੁਆਲ ਵੀ ਨਹੀਂ ਸੀ ਕਰ ਪਾਉਂਦੀ ਕਿਉਂਕਿ ਮੈਂ ਬਚਪਨ ਤੋਂ ਸੁਣਦੀ ਆ ਰਹੀ ਹਾਂ ਕਿ ਸੁਆਲ ਮੇਰੇ ਮੂੰਹ ਲਈ ਨਹੀਂ ਹਨ।

ਪਰ ਇਹਨਾਂ ਵਿਚੋਂ ਸਭ ਤੋਂ ਵੱਧ ਹੈਰਾਨੀ ਦੀ ਗੱਲ ਇਹ ਹੈ ਕਿ ਇਸ ਵਗਾਰ ਦੀ ਪਰੰਪਰਾ ਨੂੰ ਮੈਂ ਬਹੁਤ ਛੇਤੀ ਆਤਮਸਾਤ ਕਰ ਲਿਆ ਜਿਵੇਂ ਚਿੜੀ ਦਾ ਬੱਚਾ ਉੱਡਣਾ ਸਿੱਖ ਜਾਂਦਾ ਹੈ, ਸੱਪ ਦਾ ਬੱਚਾ ਕੱਟਣਾ, ਫੁੱਲ ਦਾ ਖਿੜਣਾ ਅਤੇ ਗਰਮੀ ਤੋਂ ਬਾਅਦ ਮੀਂਹ ਦਾ ਵਰ੍ਹਣਾ , ਠੀਕ ਉਸੇ ਤਰ੍ਹਾਂ ਇਕ ਔਰਤ ਦੀ ਧੀ ਨੇ ਵਗਾਰ ਵਾਲੇ ਰਜਿਸਟਰ ਵਿਚ ਆਪਣਾ ਨਾਂ ਦਰਜ ਕਰਵਾ ਲਿਆ।ਇਸ ਰਜਿਸਟਰ ਬਾਰੇ ਤਾਂ ਤੁਸੀਂ ਜ਼ਰੂਰ ਜਾਣਦੇ ਹੋਵੋਂਗੇ ਜਿਸ ਵਿਚ ਅੰਗੂਠਾ 500 ਤੇ ਲਗਵਾਇਆ ਜਾਂਦਾ ਹੈ ਅਤੇ ਮਿਲਦੇ ਨੇ 50 ਰੁਪਏ।

ਹੁਣ ਮੈਨੂੰ ਇਹ ਸੋਚਕੇ ਵੀ ਸ਼ਰਮ ਆਉਂਦੀ ਹੈ ਕਿ ਮੈਂ ਖੁਦ ਇਸ ਵਗਾਰ ਦੀ ਪਰੰਪਰਾ ਵਿਚ ਆਉਣ ਲਈ ਕਿੰਨੀ ਕਾਹਲੀ ਸੀ।ਨਵੇਂ ਕੱਪੜੇ, ਗਹਿਣੇ ਖਰੀਦਣਾ, ਨਵੇਂ ਘਰ ਦੇ ਸੁਪਨਿਆਂ ਵਿਚ ਡੁੱਬੇ ਰਹਿਣਾ, ਫਜ਼ੂਲ ਦਾ ਹਾਸਾ ਅਤੇ ਮਸ਼ਕਰੀਆਂ। ਇਸ ਤੋਂ ਪਹਿਲਾਂ ਕਿ ਦੁਨੀਆਂ ਦੇ ਹੋਰ ਰੰਗ ਮੇਰੇ ਉਤੇ ਖੁੱਲ੍ਹ-ਖਿੜ ਸਕਦੇ , ਗਹਿਰੇ ਲਾਲ ਰੰਗ ਨੇ ਮੈਨੂੰ ਆਪਣੇ ਵਿਚ ਲਪੇਟ ਲਿਆ।ਮੇਰੇ ਘਰਾਣੇ ਦੀ ਇਕ ਬਹੁਤ ਸੁਖੀ ਅਤੇ ਸੰਪੰਨ ਔਰਤ ਕਦੇ ਕਦੇ ਬਹੁਤ ਨਿਰਾਸ਼ ਅਤੇ ਦੁਖੀ ਅਵਸਥਾ ਵਿਚ ਆਪਣੇ ਮੌਜੂਦਾ ਮਾਲਿਕ ਦਾ ਨਾਮ ਲੈ ਕੇ ਆਖਦੀ ਹੈ ਕਿ ਹੇ ਰੱਬਾ ! ਮੈਨੂੰ ਅਗਲੇ ਜਨਮ ਵਿਚ ਨਾ ਇਸ ਘਰ ਦੀ ਬਹੂ ਬਣਾਈ ਅਤੇ ਨਾ ਇਸ ਬੰਦੇ ਦੀ ਪਤਨੀ ਤੇ ਮੈਂ ਸੋਚਦੀ ਹਾਂ ਕਿ ਇਸ ਘਰ ਜਾਂ ਉਸ ਘਰ , ਇਹ ਆਦਮੀ ਜਾਂ ਉਹ ਆਦਮੀ , ਬਹੂ ਬਣਨਾ ਜਾਂ ਪਤਨੀ ਬਣਨਾ ਜਾਂ ਬਿਨਾ ਤਿਆਰੀ ਦੇ ਮਾਂ ਬਣਨਾ ਵੀ ਕਿਸੇ ਬਹੁਤ ਵੱਡੇ ਸੁਭਾਗ ਦੀ ਗੱਲ ਨਹੀਂ ਹੈ। ਮੈਂ ਸੁਚੇਤ ਰੂਪ ਵਿਚ ਇਹ ਕਹਿ ਰਹੀਂ ਹਾਂ ਕਿ ਸਾਡੇ ਸਮਾਜ ਨੇ ਹੁਣ ਤੱਕ ਇਸਤਰੀ ਦੀ ਕਿਸੇ ਭੂਮਿਕਾ ਦੀ

ਤਿਆਰੀ ਹੀ ਨਹੀਂ ਕੀਤੀ ਹੈ, ਨਾ ਹੀ ਮਾਂ ਬਣਨ ਦੀ ਜਿਸਦਾ ਇੰਨਾ ਗੁਣ-ਗਾਣ ਕੀਤਾ ਜਾਂਦਾ ਹੈ। ਅੱਜ ਆਪਣੀ ਕਲਮ ਨਾਲ ਮੈਂ ਆਪਣੇ ਵਕਤ ਵਿਚ ਜੋ ਵੀ ਲਿਖਾਂਗੀ ਸੱਚ ਲਿਖਾਂਗੀ। ਮੈਂ ਕਈ ਵਾਰ ਇਹਨਾਂ ਮਾਲਿਕਾਂ ਦੇ ਰਾਜ ਵਿਚ ਰਹਿੰਦਿਆਂ ਸੋਚਿਆ ਕਿ ਜੇ ਮੈਂ ਆਪਣਾ ਮਾਲਿਕ ਬਦਲ ਲਵਾਂ। ਮੈਂ ਖੁੱਲੀਆਂ ਅੱਖਾਂ ਨਾਲ ਕਲਪਨਾ ਵੀ ਕੀਤੀ ਅਤੇ ਇਮਾਨ ਨਾਲ ਆਖਦੀ ਹਾਂ ਕਿ ਮੈਂ ਆਪਣੇ ਆਪ ਨੂੰ ਉੱਥੇ ਹੀ ਵੇਖਿਆ, ਉਹੀ ਭੀੜੀ ਰਸੋਈ,ਉਹੀ ਬਿਸਤਰ, ਉਹੀ ਵਗਾਰ, ਉਹੀ ਦਿਨ ਤੇ ਉਹੀ ਰਾਤ। ਮੈਨੂੰ ਥੋੜਾ ਥੋੜਾ ਅਹਿਸਾਸ ਹੋਣ ਲੱਗ ਪਿਆ ਹੈ ਕਿ ਮਾਲਿਕ ਬਦਲਨ ਨਾਲ ਕੁਝ ਨਹੀਂ ਹੋਵੇਗਾ, ਮੈਨੂੰ ਵਗਾਰ ਦੀ ਪਰੰਪਰਾ ਬਦਲਨੀ ਪਵੇਗੀ।

## ਯਾਤਰਾ

ਮੈਂ ਜਾਣਦੀ ਹਾਂ ਕਿ ਮੈਂ ਜੋ ਲਿਖ ਰਹੀ ਹਾਂ ਇਸ ਵਿਚ ਕੋਈ ਲਗਾਤਾਰਤਾ ਜਾਂ ਠੀਕ ਪ੍ਰਬੰਧ ਨਹੀਂ ਹੈ। ਬਸ ਐਂਵੇਂ ਕੁਝ ਇੱਥੋਂ ਚੱਕਿਆ, ਕੁਝ ਉਥੋਂ । ਜੋ ਵੀ ਯਾਦ ਆਇਆ ਪੰਨਿਆਂ ਤੇ ਉਕਰ ਦਿੱਤਾ। ਦਰਅਸਲ ਸਮਾਂ ਮੇਰੇ ਨਾਲ ਨਹੀਂ ਚਲਦਾ। ਮੈਨੂੰ ਭੱਜ ਭੱਜ ਕੇ ਸਮੇਂ ਨੂੰ ਫੜਣਾ ਪੈਂਦਾ ਹੈ। ਫਿਰ ਵੀ ਮੈਨੂੰ ਕਦੇ ਪੂਰਾ ਵਕਤ ਨਹੀਂ ਮਿਲਿਆ ਸਗੋਂ ਮੈਂ ਕਦੇ ਨਜ਼ਰ ਭਰਕੇ ਆਪਣੇ ਵਕਤ ਨੂੰ ਦੇਖਿਆ ਹੀ ਨਹੀਂ। ਮੇਰੇ ਕਈ ਜਾਣਕਾਰ ਸ਼ਿਕਾਇਤ ਕਰਦੇ ਹਨ ਕਿ ਮੈਂ ਜਦੋਂ ਵੀ ਫੋਨ ਚੁੱਕਦੀ ਹਾਂ ਤਾਂ ਮੇਰੀ ਆਵਾਜ਼ ਹਮੇਸ਼ਾਂ ਹਫੀ ਹੋਈ ਹੁੰਦੀ ਹੈ ਜਿਵੇਂ ਕਿਤੋਂ ਭੱਜ ਕੇ ਆ ਰਹੀ ਹੋਵਾਂ।ਸ਼ਾਇਦ ਉਹ ਇਹ ਸੋਚਕੇ ਹੈਰਾਨ ਹੁੰਦੇ ਹੋਣਗੇ ਕਿ ਇਹਨਾਂ ਤਿੰਨ ਕਮਰਿਆਂ ਵਿਚ ਇਹੋ ਜਿਹਾ ਕੀ ਹੈ ਜੋ ਮੈਂ ਫੜਣਾ ਚਾਹੁੰਦੀ ਹਾਂ, ਜਿਸਦੀ ਤਲਾਸ਼ ਵਿਚ ਮੈਂ ਕਈ ਸਾਲਾਂ ਤੋਂ ਦੌੜ ਰਹੀਂ ਹਾਂ ਅਤੇ ਮੇਰੀ ਆਵਾਜ਼ ਹਮੇਸ਼ਾ ਹਫੀ ਰਹਿੰਦੀ ਹੈ।ਮੈਂ ਜਾਣਦੀ ਹਾਂ ਮੈਨੂੰ ਕਿਸ ਸ਼ੈਅ ਦੀ ਤਲਾਸ਼ ਹੈ, ਇਹ ਕਿਹੜੀ ਵਾਟ ਹੈ ਜੋ ਸਾਲਾਂ, ਸਦੀਆਂ ਤੋਂ ਕਰ ਰਹੀਂ ਹਾਂ ਪਰ ਇਹ ਮੁੱਕਦੀ ਨਹੀਂ। ਘਰ ਦੇ ਅੰਦਰ ਅਤੇ ਬਾਹਰ ਦੀ ਯਾਤਰਾ ਦਾ ਵੀ ਕੋਈ ਸਿਲਸਿਲਾ ਨਹੀਂ ਹੈ। ਨਾ ਹੀ ਇਸ ਯਾਤਰਾ ਦਾ ਕੋਈ ਠੀਕ ਸਿਲਸਿਲਾ ਹੈ ਅਤੇ ਨਾ ਹੀ ਮੇਰੇ ਲਿਖਣ ਦਾ। ਉਂਝ ਵੀ ਮੈਂ ਤੁਹਾਨੂੰ ਦੱਸ ਚੁੱਕੀ ਹਾਂ ਕਿ ਮੇਰੀ ਕਲਮ ਅਤੇ ਮੇਰਾ ਵਕਤ ਚੋਰੀ ਹੋ ਚੁੱਕੇ ਹਨ। ਮੇਰੇ ਕੋਲ ਜੋ ਬਚਿਆ ਹੈ ਉਹ ਪੂਰਾ ਨਹੀਂ ਹੈ। ਇਸ ਲਈ ਤੁਹਾਨੂੰ ਮੇਰੇ ਲਿਖੇ ਨੂੰ ਰੁਕ ਕੇ ਅਤੇ ਟੁਕੜਿਆਂ ਵਿਚ ਜੋੜ ਕੇ ਪੜ੍ਹਨਾ ਪਵੇਗਾ। ਜਦੋਂ ਮੈਨੂੰ ਸਭ ਕੁਝ ਅਧੂਰਾ ਮਿਲਿਆ ਹੈ ਤਾਂ ਮੈਂ ਤੁਹਾਨੂੰ ਇਕ ਪੂਰੀ 'ਸੁਵਿਧਾ-ਕਥਾ' ਕਿਵੇਂ ਦੇ ਸਕਦੀ ਹਾਂ। ਪਰ ਇਹ ਜ਼ਰੂਰ ਕਹਾਂਗੀ ਕਿ ਮੈਂ ਜੋ ਲਿਖ ਰਹੀ ਹਾਂ ਉਹ ਸੱਚ ਹੈ। ਇਸ ਵਿਚ ਕੋਈ ਝੂਠ, ਬਨਾਵਟ ਜਾਂ ਸਾਜੋ-ਸਜਾਵਟ ਨਹੀਂ ਹੈ। ਮੈਂ ਮੰਨਦੀ ਹਾਂ ਕਿ ਹੁਣ ਤੱਕ ਤੁਸੀਂ ਮੇਰੇ ਬਾਰੇ ਜੋ ਕੁਝ ਪੜਿਆ ਹੈ ਇਹ ਸੱਚ ਉਸ ਤੋਂ ਅਲੱਗ ਹੈ। ਮੇਰਾ ਯਕੀਨ ਕਰਨਾ ਕਿ ਅੱਜ ਤੱਕ ਤੁਸੀਂ ਮੇਰੇ ਬਾਰੇ ਜੋ ਜਾਣਿਆਂ ਜਾਂ ਸਮਝਿਆ ਹੈ ਉਹ ਦੂਜੇ ਘਰਾਣੇ ਦੇ ਰਿਸ਼ੀਆਂ ਦੁਆਰਾ ਲਿਖਿਆ ਗਿਆ ਹੈ। ਉਹ ਵੀ ਇਸ ਬਾਰੇ ਨਹੀਂ ਹੈ ਕਿ ਮੈਂ ਕੀ ਹਾਂ, ਮੇਰੇ ਸੁਪਨੇ ਕੀ ਹਨ ਜਾਂ ਮੇਰੀ ਖੁਸ਼ੀ ਕਾਹਦੇ ਵਿਚ ਹੈ ਸਗੋਂ ਉਹ ਦੱਸਦਾ ਹੈ ਕਿ ਮੈਨੂੰ ਕੀ ਹੋਣਾ ਚਾਹੀਦਾ ਹੈ। ਉਸ ਲੇਖਣੀ ਵਿਚ ਮੇਰੇ ਲਈ ਇਹ ਦੱਸਿਆ ਗਿਆ ਹੈ ਮੈਨੂੰ ਕਿਸ ਸਥਿਤੀ ਵਿਚ ਕਿਵੇਂ ਵਿਵਹਾਰ ਕਰਨਾ ਚਾਹੀਦਾ ਹੈ।ਮੈਂ ਜਾਣਦੀ ਹਾਂ ਕਿ ਮੇਰੇ ਲਈ ਇਹ ਨਿਯਮ ਬਹੁਤ ਤਾਕਤਵਰ ਲੋਕਾਂ ਨੇ ਆਪਣੇ ਚਲਾਕ ਦਿਮਾਗਾਂ ਨਾਲ ਕਈ ਸਾਲਾਂ ਦੀ ਮਿਹਨਤ ਤੋਂ ਬਾਅਦ ਪੂਰੇ ਸੁਚੇਤ ਰੂਪ ਵਿਚ ਬਣਾਏ ਹਨ। ਇਹ ਸਭ ਕੁਝ ਬਹੁਤ ਸੁੰਦਰ, ਸੋਹਲ ਅਤੇ ਮੁਹਾਵਰੇਦਾਰ ਭਾਸ਼ਾ ਵਿਚ ਲਿਖਿਆ ਗਿਆ ਹੈ। ਤੁਸੀਂ ਮੇਰੇ ਬਾਰੇ ਇਹ ਸਭ ਇੰਨੇ ਸਾਲਾਂ ਤੋਂ ਪੜ-ਸੁਣ ਰਹੇ ਹੋ ਕਿ ਤੁਹਾਨੂੰ ਵੀ ਮੇਰੇ ਲਈ ਇਹੀ ਸੱਚ, ਸੁੰਦਰ ਅਤੇ ਜ਼ਰੂਰੀ ਵੀ ਲਗਦਾ ਹੈ।


## ਮੈਂ ਕੁਝ ਕਰਨਾ ਚਾਹੁੰਦੀ ਹਾਂ

ਇਸ ਪ੍ਰਚਾਰਿਤ ਸੱਚ ਦੇ ਖਿਲਾਫ਼ ਮੇਰੇ ਕੋਲ ਕੋਈ ਬਹੁਤੀ ਸਿੱਖਿਆ ਵੀ ਨਹੀਂ ਹੈ। ਮੇਰੇ ਕੋਲ ਭਾਸ਼ਾ ਦਾ ਵੀ ਬਹੁਤਾ ਗਿਆਨ ਨਹੀਂ ਹੈ। ਪ੍ਰਤੀਕ ਅਤੇ ਮੁਹਾਵਰੇ ਤਾਂ ਬਿਲਕੁਲ ਸਮਝ ਵਿਚ ਨਹੀਂ ਆਉਂਦੇ। ਮੈਨੂੰ ਕਦੇ ਇੰਨਾ ਵਕਤ ਨਹੀਂ ਮਿਲਿਆ ਕਿ ਮੈਂ ਆਪਣੀ ਭਾਸ਼ਾ ਨੂੰ ਸੰਵਾਰ ਸਕਦੀ। ਜੇਕਰ ਵਕਤ ਮਿਲਦਾ ਤਾਂ ਵੀ ਮੈਂ ਭਾਸ਼ਾ ਨਾਲੋਂ ਪਹਿਲਾਂ ਆਪਣੀ ਜ਼ਿੰਦਗੀ ਸੰਵਾਰਨੀ ਜ਼ਿਆਦਾ ਜ਼ਰੂਰੀ ਸਮਝਦੀ ਪਰ ਮੇਰੇ ਕੋਲ ਆਪਣੀ ਤਲਾਸ਼ ਹੈ ਅਤੇ ਜਾਂ ਫਿਰ ਮੈਨੂੰ ਆਪਣੀ ਤਲਾਸ਼ ਦੀ ਤਲਾਸ਼ ਹੈ। ਮੈਨੂੰ ਵਾਰ ਵਾਰ ਲੱਗਦਾ ਕਿ ਮੈਂ ਕੁਝ ਕਰਨਾ ਹੈ; ਕੁਝ ਖਾਸ, ਕੁਝ ਆਪਣਾ , ਕੁਝ ਵੱਡਾ ਅਤੇ ਕੁਝ ਇਹੋ ਜਿਹਾ ਜਿਸਦੀ ਖੁਸ਼ਬੋ ਇਹਨਾਂ ਤਿੰਨ ਕਮਰਿਆਂ ਤੋਂ ਬਾਹਰ ਵੀ ਫੈਲ਼ੇ। ਇਹ ਕੁਝ ਕਰਨ ਦੀ ਇੱਛਾ ਇਨੀ ਜਬਰਦਸਤ ਹੈ ਕਿ ਇਕ ਵਾਰ ਇਕ ਪੰਜਾਹ ਸਾਲ ਦੀ , ਚੰਗੇ ਘਰ ਦੀ, ਪਤੀ ਅਤੇ ਪੁੱਤਰਾਂ ਦੀ ਮਹਿਮਾ ਨਾਲ ਸ਼ਿੰਗਾਰੀ ਔਰਤ ਨੇ ਮੈਨੂੰ ਕਿਹਾ ਕਿ ਜੇਕਰ ਉਸ ਨੂੰ ਪਾਪੜ੍ਹ ਬਣਾ ਕੇ ਵੀ ਕੁਝ ਪੈਸੇ ਕਮਾਉਣ ਅਤੇ ਕੁਝ ਕਰਨ ਦੀ ਇਜਾਜ਼ਤ ਮਿਲੇ ਤਾਂ ਉਹ ਕਰੇਗੀ। ਇਹ ਨਾ ਸੋਚੋ ਕਿ ਉਸਨੇ ਕੋਈ ਖਾਸ ਗੱਲ ਕਹੀ ਜਾਂ ਕੋਈ ਖਾਸ ਕੰਮ ਕਰਨਾ ਚਾਹਿਆ। ਉਸਨੇ ਉਹੀ ਪਾਪੜ ਬਣਾਉਣੇ ਚਾਹੇ ਜੋ ਉਹ ਵਿਆਹ ਤੋਂ ਪਹਿਲਾਂ ਆਪਣੀ ਮਾਂ ਨਾਲ ਬਣਾਉਂਦੀ ਸੀ। ਫਿਰ ਅਠਾਰਾਂ ਸਾਲ ਦੀ ਉਮਰ ਵਿਚ ਵਿਆਹ ਹੋਣ

ਤੋਂ ਬਾਅਦ ਪੰਜਾਹ ਸਾਲ ਤੱਕ ਉਸਨੇ ਪਾਪੜ ਬਣਾਏ; ਆਲੂ ਦੇ ਪਾਪੜ, ਸਾਬੂਦਾਣੇ ਦੇ ਪਾਪੜ,ਚੌਲਾਂ ਦੇ ਪਾਪੜ ਅਤੇ ਪਤਾ ਨਹੀਂ ਕਿਸ ਕਿਸ ਚੀਜ ਦੇ ਪਾਪੜ । ਕਿੰਨੇ ਪਾਪੜ ਸੇਕੇ, ਤਲੇ ਅਤੇ ਘਰ ਬਾਹਰ ਵਾਲਿਆਂ ਨੂੰ ਖਵਾਏ।ਕਦੇ ਪਾਪੜਾਂ ਦੀ ਸਬਜ਼ੀ ਬਣਾਈ,ਕਦੇ ਕੜੀ ਬਣਾਈ ਪਰ ਫਿਰ ਵੀ ਉਸ ਪੰਜਾਹ ਸਾਲ ਦੀ ਔਰਤ ਦਾ ਪਾਪੜ ਬਣਾਉਣ ਤੋਂ ਦਿਲ ਨਹੀਂ ਭਰਿਆ ਅਤੇ ਉਸ ਨੇ ਕਿਹਾ ਕਿ ਜੇਕਰ ਮੌਕਾ ਅਤੇ ਇਜਾਜ਼ਤ ਮਿਲੇ ਤਾਂ... ! ਫਿਰ ਇਕ ਵਾਰ ਇਕ ਅਮੀਰ ਘਰ ਦੀ ਔਰਤ ਜੋ ਸੁਵਿਧਾਵਾਂ ਵਿਚ ਡੁੱਬਦੀ ਤੈਰਦੀ ਸੀ ਨੇ ਕਿਹਾ ਕਿ ਜੇਕਰ ਚਪੜਾਸੀ ਬਣਕੇ ਵੀ ਜਿਉਣਾ ਪਵੇ ਤਾਂ ਇਸ ਜੀਵਨ ਤੋਂ ਬਿਹਤਰ ਹੈ।

## ਮੈਨੂੰ ਪਿਆਰ ਨਹੀਂ ਚਾਹੀਦਾ

ਹੁਣ ਤੁਸੀਂ ਸਮਝ ਗਏ ਹੋਵੋਂਗੇ ਕਿ ਇਹ ਕੁਝ ਕਰਨ ਦੀ ਇੱਛਾ ਕੀ ਹੈ ਅਤੇ ਕਿਹੋ ਜਿਹੀ ਹੈ । ਮੈਂ ਜਾਣਦੀ ਹਾਂ ਕਿ ਹੁਣ ਤੁਸੀਂ ਇਕ ਬਹੁਤ ਹੰਢੇ ਹੋਏ ਸੁਆਲ ਬਾਰੇ ਸੋਚ ਰਹੇ ਹੋ ਅਤੇ ਮੇਰੀ ਛਾਤੀ ਵਿਚ ਇਸ ਸੁਆਲ ਦਾ ਤੀਰ ਜ਼ਰੂਰ ਮਾਰੋਂਗੇ। ਮੈਨੂੰ ਪਤਾ ਹੈ ਕਿ ਤੁਸੀਂ ਕਦੇ ਨਾ ਚੁੱਕਣ ਵਾਲੇ ਨਿਸ਼ਾਨੇ ਤੇ ਖੜੇ ਮੁਸਕੜੀਆਂ ਹੱਸ ਰਹੇ ਹੋਂ ਤੇ ਮੇਰੇ ਤੋਂ ਇਹ ਪੁੱਛਣਾ ਚਾਹੁੰਦੇ ਹੋਂ ਕਿ ਜੇਕਰ ਮੌਕਾ ਅਤੇ ਵਕਤ ਮਿਲੇ ਤਾਂ ਕੀ ਭਲੇ ਘਰਾਂ ਦੀਆਂ ਔਰਤਾਂ ਇਸ ਤਰ੍ਹਾਂ ਕਰਨਗੀਆਂ? ਹਾਂ, ਜੇਕਰ ਮੌਕਾ ਅਤੇ ਵਕਤ ਮਿਲੇ ਤਾਂ ਹੀ । ਇਹ ਮੌਕਾ ਅਤੇ ਵਕਤ ਤਾਂ ਦਾਨ ਵਾਂਗੂੰ ਤੁਸੀਂ ਹੀ ਦੇਵੋਂਗੇ। ਇਹ ਦਾਨ ਦੇਣ ਬਾਅਦ ਤੁਸੀਂ ਤਰ੍ਹਾਂ ਤਰ੍ਹਾਂ ਦੀਆਂ ਸ਼ਰਤਾਂ ਲਗਾਉਂਗੇ ਅਤੇ ਆਪਣੀ ਹੀ ਦਿੱਤੀ ਮੋਹਲਤ ਦੇ ਰਾਹ ਵਿਚ ਕੰਡੇ ਵਿਛਾਉਂਗੇ। ਫਿਰ ਇਹਨਾਂ ਕੰਢਿਆਂ ਨੂੰ ਪਿਆਰ ਦੇ ਫੁੱਲ ਨਾਲ ਕੱਜ ਦਿਉਂਗੇ ਅਤੇ ਮੈਂ ਇਕ ਵਾਰ ਫਿਰ ਤੁਹਾਡੇ ਜਾਲ ਵਿਚ ਫਸ ਜਾਵਾਂਗੀ। ਫਿਰ ਤੁਸੀਂ ਮੇਰੀ ਸੰਘੀ ਘੁੱਟ ਕੇ ਮੈਥੋਂ ਇਹ ਕਬੂਲ ਕਰਵਾਉਂਗੇ ਕਿ ਮੈਨੂੰ ਆਪਣੇ ਮਾਲਿਕਾਂ, ਉਹਨਾਂ ਦੇ ਬੱਚਿਆਂ ਅਤੇ ਘਰਾਂ ਨਾਲ ਬਹੁਤ ਮੁਹੱਬਤ ਹੈ। ਇਹਨਾਂ ਹੀ ਨਹੀਂ ਤੁਸੀਂ ਮੈਥੋਂ ਇਹ ਵੀ ਸੁਣਨਾ ਚਾਹੋਂਗੇ ਕਿ ਮੈਨੂੰ ਉਹਨਾਂ ਦੇ ਕੱਪੜਿਆਂ ਸਮੇਤ ਉਹਨਾਂ ਦੇ ਛਿੱਕਣ, ਖੰਘਣ ਅਤੇ ਥੁੱਕਣ ਤੱਕ ਨਾਲ ਪਿਆਰ ਹੈ। ਗੱਲ ਇੱਥੇ ਮੁੱਕ ਨਹੀਂ ਜਾਂਦੀ, ਇਹ ਪਿਆਰ ਹੋਰ ਫੈਲੇਗਾ ਅਤੇ ਹੁੰਦਿਆਂ ਹੁੰਦਿਆਂ ਮੈਨੂੰ ਪਰਦਿਆਂ, ਸੋਫਿਆਂ, ਪਾਏਦਾਨਾਂ, ਬਰਤਨਾਂ , ਝਾੜੂ ਅਤੇ ਪੋਚੇ ਆਦਿ ਸਭ ਨਾਲ ਪਿਆਰ ਹੋ ਜਾਏਗਾ। ਮੇਰਾ ਪਿਆਰ ਵੱਧਦਾ ਜਾਊ ਅਤੇ ਸੁਆਲ ਘੱਟਦੇ ਜਾਣਗੇ। ਇਸ ਪਿਆਰ ਦਾ ਨਸ਼ਾ ਸਦੀਆਂ ਤੋਂ ਮੇਰੇ ਅੰਦਰ ਕਈ ਤਰੀਕਿਆਂ ਨਾਲ ਚੜਾਇਆ ਜਾ ਰਿਹਾ ਅਤੇ ਅੱਜ ਹਾਲਤ ਇਹ ਹੈ ਕਿ ਮੈਂ ਇਸ ਨਸ਼ੇ ਵਿਚ ਨੱਚ ਰਹੀ ਹਾਂ, ਗਾ ਰਹੀ ਹਾਂ ਅਤੇ ਝੂਮ ਰਹੀਂ ਹਾਂ। ਹੇ ਰੱਬਾ! ਮੇਰੇ ਅੰਦਰ ਇਹਨਾਂ ਪਿਆਰ ਕਿਸਨੇ ਪੈਦਾ ਕੀਤਾ? ਐਸਾ ਪਿਆਰ ਜਿਸਦਾ ਨਾ ਕੋਈ ਕਾਰਨ ਹੈ ਅਤੇ ਨਾ ਹੀ ਮਕਸਦ।ਇਹ ਪਿਆਰ ਮੇਰੇ ਅੰਦਰ ਆਪਣੇ ਆਪ ਹੀ ਪੈਦਾ ਨਹੀਂ ਹੋਇਆ ਬਲਕਿ ਮੈਨੂੰ ਇਸਦੀ ਬਕਾਇਦਾ ਸਿੱਖਿਆ ਦਿੱਤੀ ਗਈ ਹੈ।ਮੈਂ ਪਹਿਲਾਂ ਵੀ ਦੱਸ ਚੁੱਕੀ ਹਾਂ ਕਿ ਮੇਰੀ ਪਾਲਣਾ ਕੁਝ ਨਿਯਮਾਂ ਅਨੁਸਾਰ ਹੋਈ ਹੈ।ਇਹਨਾਂ ਨੇਮਾਂ ਦੀਆਂ ਖੁਰਦਰੀਆਂ ਰੱਸੀਆਂ ਨੇ ਮੈਨੂੰ ਇਸ ਤਰ੍ਹਾਂ ਜਕੜਿਆ ਹੋਇਆ ਹੈ ਕਿ ਮੈਂ ਆਪਣੀ ਮਰਜੀ ਨਾਲ ਇਕ ਇੰਚ ਵੀ ਇੱਧਰ ਉੱਧਰ ਨਹੀਂ ਹੋ ਸਕਦੀ। ਇਸੇ ਲਈ ਨਾ ਮੈਨੂੰ ਆਪਣੇ ਤਰੀਕੇ ਨਾਲ ਪਿਆਰ ਕਰਨਾ ਆਇਆ ਅਤੇ ਨਾ ਹੀ ਪਿਆਰ ਲੈਣਾ। ਪਰ ਮੈਂ ਅੱਜ ਸੋਚ ਰਹੀਂ ਹਾਂ ਕਿ ਜੇਕਰ ਮੈਂ ਕੋਸ਼ਿਸ਼ ਕਰਕੇ ਪਿਆਰ ਕਰਨ ਦੀ ਸਾਰੀ ਸਿੱਖਿਆ ਨੂੰ ਬਦਲ ਦੇਵਾਂ? ਤੇ ਇਸ ਕੋਸ਼ਿਸ਼ ਤੋਂ ਬਾਅਦ ਸੋਚ ਸਮਝ ਕੇ ਪਿਆਰ ਕਰਾਂ ਤਾਂ? ਅਤੇ ਜਿਹੜੇ ਪਿਆਰ ਨੂੰ ਮੇਰੇ ਸਾਹਮਣੇ ਇਨਾਂ ਵੱਡਾ ਬਣਾਕੇ ਖੜਾ ਕੀਤਾ ਗਿਆ ਹੈ ਜੇਕਰ ਮੈਂ ਉਸ ਤੇ ਸ਼ੱਕ ਕਰਾਂ ਅਤੇ ਉਸਨੂੰ ਉਸਦੇ ਅਸਲ ਛੋਟੇ ਰੂਪ ਵਿਚ ਵੇਖਾਂ ਤਾਂ? ਹਾਂ ਮਾਲਿਕੋ, ਮੈਂ ਜਾਣਦੀ ਹਾਂ ਇਹ ਸਭ ਸੁਣ ਕੇ ਤੁਹਾਡੇ ਮੂੰਹ ਵਿਚੋਂ ਉਹ ਬੁਰੇ ਵਿਸ਼ੇਸ਼ਣ ਜੋ ਤੁਸੀਂ ਸਦੀਆਂ ਤੋਂ ਮੇਰੇ ਲਈ ਜਮਾ ਕਰਕੇ ਰੱਖੇ ਹਨ ਨਿਕਲਣ ਹੀ ਵਾਲੇ ਹਨ-ਕੁਲਟਾ, ਕਲੰਕਿਨੀ, ਕੁੱਲ ਡੋਬਣ ਵਾਲੀ, ਬੇਹਯਾ, ਕੁਲੱਛਣੀ ਆਦਿ। ਤੁਸੀਂ ਹੁਣ ਮੈਨੂੰ ਜਿਹੜੀਆਂ ਨਜ਼ਰਾਂ ਨਾਲ ਵੇਖ ਰਹੇ ਹੋ ਉਹਨਾਂ ਵਿਚ ਬੇਇੱਜ਼ਤੀ ਅਤੇ ਬੇਦਖ਼ਲੀ ਸਾਫ ਦੇਖੀ ਜਾ ਸਕਦੀ ਹੈ।ਇਹ ਉਹੀ ਸਦੀਆਂ ਪੁਰਾਣੀ ਪੜ੍ਹੀ-ਸੰਭਾਲੀ ਸਨਾਤਨੀ ਨਜ਼ਰ ਹੈ ਜੋ ਵਿਰੋਧੀ ਨੂੰ ਸਾੜ ਕੇ ਸਵਾ ਕਰ ਦੇਣਾ ਚਾਹੁੰਦੀ ਹੈ।ਸਦੀਆਂ ਤੋਂ ਇਹੀ ਨਜ਼ਰ ਮੇਰੇ ਅੰਦਰ ਇਕੱਲੇਪਣ ਦਾ, ਅਸਵੀਕ੍ਰਿਤ ਹੋਣ ਦਾ ਅਤੇ ਮੌਤ ਦਾ ਡਰ ਭਰਦੀ ਰਹੀ ਹੈ ਪਰ ਇਸ ਸਭ ਦੇ ਬਾਵਜੂਦ ਮੇਰੀਆਂ ਅੱਖਾਂ ਵਿਚ ਇਕ ਸੁਪਨਾ ਤੈਰਦਾ ਰਹਿੰਦਾ ਹੈ ਕਿ ਮੈਂ ਇਸ ਭਿਅੰਕਰ ਰੂਪ ਵਿਚ ਸਥਾਪਤ ਪਰਿਵਾਰਵਾਦ ਵਿਚੋਂ ਛਾਲ ਮਾਰ ਕੇ ਨਿਕਲ ਜਾਵਾਂ। ਦੋ-ਦੋ , ਚਾਰ-ਚਾਰ ਪੌੜੀਆਂ ਚੜ੍ਹਦੀ ਹੋਈ ਸਭ ਤੋਂ ਉਪਰਲੀ ਛੱਤ ਤੇ ਜਾਂ ਪਹੁੰਚਾ। ਉਥੇ ਪਹੁੰਚ ਆਪਣੇ ਸਿਰ ਤੋਂ ਪੱਲਾ ਲਾ ਦਿਆਂ ਅਤੇ ਬਹੁਤ ਉੱਚੀ ਆਵਾਜ਼ ਵਿਚ ਕੋਈ ਆਪਣਾ ਬਣਾਇਆ ਗੀਤ ਗਾਵਾਂ। ਜੇਕਰ ਮੈਂ ਇਸ ਤਰ੍ਹਾਂ ਕਰ ਸਕੀ ਤਾਂ ਮੈਨੂੰ ਇਹ ਯਕੀਨ ਹੈ ਕਿ ਥੋੜ੍ਹੀ ਦੇਰ ਬਾਅਦ ਆਸੇ ਪਾਸੇ ਵਾਲੀਆਂ ਸਾਰੀਆਂ ਛੱਤਾਂ ਔਰਤਾਂ ਨਾਲ ਭਰ ਜਾਣਗੀਆਂ। ਸ਼ਾਇਦ ਉਹੀ ਮੁਕਤੀ ਦਾ ਗੀਤ ਅਤੇ ਮੁਕਤੀ ਦਾ ਨਾਚ ਹੋਵੇਗਾ।



ਅਨੁਵਾਦ : ਨੀਤੂ ਅਰੋੜਾ



# ਕੁੜੀ ਮੁੰਡੇ ਨਾਲੋਂ ਸੋਹਣੀ ਐ

*ਜਿੰਦਰ*

ਹੁਣ ਮੈਂ ਫੇਰ ਵਿਹਲਾ ਸੀ। ਪ੍ਰੋ. ਮੋਹਨ ਸਪਰਾ ਦੀ ਸਿਫਾਰਸ਼ ਨਾਲ ਤਿੰਨ ਵਾਰ ਮਾਰਕੀਟ ਕਮੇਟੀ 'ਚ ਆਕਸ਼ਨ ਰਿਕਾਰਡਰ ਲੱਗਾ ਸੀ। ਮਾਰਕੀਟ ਕਮੇਟੀ ਦਾ ਸੈਕਟਰੀ ਪ੍ਰੋ. ਮੋਹਨ ਸਪਰਾ ਦੇ ਮੂੰਹ-ਮੱਥੇ ਲੱਗਦਾ ਸੀ। ਉਸ ਦਾ ਮੁੰਡਾ ਵੀ ਡੀ. ਏ. ਵੀ. ਕਾਲਜ 'ਚ ਪੜ੍ਹਦਾ ਸੀ। ਮੁੰਡੇ ਨੇ ਆਪਣੇ ਡੈਡੀ ਨੂੰ ਕਿਹਾ। ਡੈਡੀ ਨੇ ਹੀ ਸੀਲੈਕਸ਼ਨ ਕਰਨੀ ਸੀ। ਇਸ ਸਮੇਂ ਮੈਂ ਮਾਰਕੀਟ ਕਮੇਟੀ 'ਚ ਕੰਮ ਕੀਤਾ। ਸੈਕਟਰੀ ਦੀਆਂ ਦੋਵੇਂ ਕੁੜੀਆਂ ਜੋ ਬੀ. ਏ. ਫਾਈਨਲ ਤੇ ਪੰਜਵੀਂ 'ਚ ਪੜ੍ਹਦੀ ਸੀ, ਨੂੰ ਪੜ੍ਹਾਇਆ। ਚੌਥੀ ਵਾਰ ਮਾਰਕੀਟ 'ਚ ਸਿਫਾਰਸ਼ ਨਾ ਚੱਲੀ। ਪ੍ਰੋ. ਮੋਹਨ ਸਪਰਾ ਨੇ ਅਗਰਵਾਲ ਫਰਮ 'ਚ ਮੁਨੀਮ ਲਵਾ ਦਿੱਤਾ। ਅਗਰਵਾਲ ਫਰਮ ਵਾਲਿਆਂ ਦਾ ਮੁੰਡਾ ਅਸ਼ਵਨੀ ਕੁਮਾਰ ਪ੍ਰੋ. ਨਾਗਰ ਦਾ ਵਿਦਿਆਰਥੀ ਰਿਹਾ ਸੀ। ਉਹ ਨੇ ਮੇਰੀ ਬਕਾਇਦਾ ਇੰਟਰਵਿਊ ਲਈ। ਤਿੰਨ ਸੌ ਰੁਪਈਆ ਮਹੀਨਾ, ਚਾਹ-ਪਾਣੀ ਮੁਫਤ।

ਮੈਂ ਅਗਰਵਾਲ ਫਰਮ ਨੂੰ ਜੁਆਬ ਦੇ ਦਿੱਤਾ ਸੀ। ਮਾਲਕ ਵੇਦ ਭੂਸ਼ਨ ਗੋਇਲ ਸੰਤ ਸੁਭਾਅ ਦੇ ਸਨ। ਸ਼ਾਂਤ ਚਿਤ। ਉਹ ਸਹਿਜੇ-ਸਹਿਜੇ ਗੱਲਾਂ ਕਰਦੇ। ਉਨ੍ਹਾਂ ਦਾ ਸਭ ਤੋਂ ਛੋਟਾ ਮੁੰਡਾ ਚੇਤਨ ਓਨਾ ਹੀ ਤੇਜ਼। ਹਰ ਕੰਮ 'ਚ ਕਿੰਤੂ-ਪ੍ਰੰਤੂ ਕਰਦਾ। ਜੋ ਮੂੰਹੋਂ ਕੱਢਦਾ, ਉਹਦੀ ਇੰਨ-ਬਿੰਨ ਪਾਲਣਾ ਕਰਾਉਂਦਾ। ਉਨ੍ਹਾਂ ਮਲਸੀਆਂ ਦਸ ਖੇਤ ਖਰੀਦੇ। ਮੈਨੂੰ ਉੱਥੋਂ ਦਾ ਚਾਰਜ ਵੀ ਦੇ ਦਿੱਤਾ। ਮੇਰੇ ਪਿੰਡ ਦਾ ਪੱਪੀ ਟਰੈਕਟਰ ਚਲਾਉਂਦਾ। ਮਹਿੰਦਰ ਸਿੰਘ ਕਾਰ ਡਰਾਈਵਰ ਸੀ। ਜਦੋਂ ਉਹ ਦੀ ਲੋੜ ਪੈਂਦੀ, ਮਾਲਕ ਕਾਰ 'ਤੇ ਲੈ ਜਾਂਦੇ। ਵਿਹਲਾ ਹੁੰਦਾ ਤਾਂ ਉਸ ਨੂੰ ਮਲਸੀਆਂ ਭੇਜ ਦਿੰਦੇ। ਉਹ ਟਰੈਕਟਰ ਦੀ ਸੀਟ 'ਤੇ ਬੈਠਾ ਹੋਇਆ ਬੱਚਿਆਂ ਵਾਂਗੂੰ ਟਪੂਸੀਆਂ ਮਾਰਦਾ।

ਵੇਦ ਭੂਸ਼ਨ ਗੋਇਲ ਮੇਰੀ ਇੱਜ਼ਤ ਕਰਦੇ। ਉਨ੍ਹਾਂ ਨੂੰ ਮੇਰੇ 'ਤੇ ਅਥਾਹ ਵਿਸ਼ਵਾਸ ਸੀ। ਪਰ ਚੇਤਨ ਸ਼ੱਕ ਕਰਦਾ। ਸਭ ਤੋਂ ਵੱਡੇ ਸਤੀਸ਼ ਕੁਮਾਰ ਨੇ, ਜੇ ਕੋਈ ਚੀਜ਼ ਬਾਜ਼ਾਰੋਂ ਮੰਗਵਾਉਣੀ ਹੁੰਦੀ ਤਾਂ ਉਹ ਮੈਨੂੰ ਸਿੱਧਾ ਨਾ ਕਹਿੰਦਾ। ਉਹ ਤੇ ਉਸ ਦਾ ਛੋਟਾ ਭਰਾ ਕਮਲ ਕੁਮਾਰ ਬਹੁਤ ਮਿੱਠ-ਬੋਲੜੇ ਸਨ। ਕਮਲ ਪੋਲਾ ਜਿਹਾ ਮੂੰਹ ਬਣਾ ਕੇ ਕਹਿੰਦਾ, "ਹਰਜਿੰਦਰ, ਬਾਬਾ ਜੀ ਕਹਿੰਦੇ, ਆਹ ਚੀਜ਼ਾਂ ਬਾਜ਼ਾਰੋਂ ਫੜ ਲਿਆ।" ਮੇਰੇ ਕੋਲ ਖਾਦ ਤੇ ਸੀਮੈਂਟ ਦੀ ਦੁਕਾਨ ਦੇ ਪੈਸੇ ਹੁੰਦੇ। ਉਨ੍ਹਾਂ ਕੋਲੋਂ ਪੈਸੇ ਮੰਗਣ ਦੀ ਨੌਬਤ ਨਾ ਆਉਂਦੀ। ਮੈਂ ਡੇਅ ਬੁੱਕ 'ਚ ਖ਼ਰਚ ਪਾ ਦਿੰਦਾ। ਚੇਤਨ ਰੋਅਬ ਨਾਲ ਚੀਜ਼ ਮੰਗਵਾਉਂਦਾ। ਅਸ਼ਵਨੀ ਦਾ ਸੁਭਾਅ ਉਸ ਤੋਂ ਬਿਲਕੁਲ ਵੱਖਰਾ ਸੀ। ਉਹ ਬਹੁਤ ਧੀਮੀ ਆਵਾਜ਼ ਵਿਚ ਬੋਲਦਾ। ਉਹ ਸਿਗਰੇਟਾਂ ਪੀਣ ਦਾ ਸ਼ੌਕੀਨ ਸੀ। ਉਹ ਇਹ ਸ਼ੌਂਕ ਘਰਦਿਆਂ ਤੋਂ ਚੋਰੀ ਪੂਰਾ ਕਰਦਾ।

ਮੈਨੂੰ ਚੇਤਨ ਦਾ ਫੁਰਤੀਲਾਪਨ ਤੇ ਮਿਲਵਰਤੋਂ ਚੰਗੀ ਲੱਗੀ। ਜੇ ਵਿਹਲਾ ਹੁੰਦਾ ਤਾਂ ਉਹ ਮੇਰੇ ਕੋਲ ਆ ਬੈਠਦਾ। ਬਿਨਾ ਕਿਸੇ ਉਚੇਚ ਦੇ ਕਹਿੰਦਾ, "ਬਾਬੂ ਜੀ, ਚਾਹ ਤਾਂ ਮੰਗਾਓ।" ਦੁਕਾਨ ਦੇ ਸਾਹਮਣੇ ਸੜਕੋਂ ਪਾਰ ਰੇਹੜੀ ਖੜ੍ਹੀ ਹੁੰਦੀ। ਮੈਂ ਦੋ ਉਂਗਲਾਂ ਖੜ੍ਹੀਆਂ ਕਰਦਾ। ਚੇਤਨ ਨੂੰ ਕੋਈ ਕੰਮ ਯਾਦ ਆ ਜਾਂਦਾ। ਉਹ ਕਾਹਲੀ-ਕਾਹਲੀ ਕੋਠੀ ਅੰਦਰ ਚਲੇ ਜਾਂਦਾ। ਚਾਹ ਆਉਂਦੀ ਤੱਕ ਉਹ ਮੁੜ ਆਉਂਦਾ। ਮੈਨੂੰ ਬਿਜਨਸ ਦੇ ਤੌਰ-ਤਰੀਕੇ ਸਮਝਾਉਂਦਾ, "ਬਾਬੂ ਜੀ, ਬਿਜਨਸ 'ਚ ਇਕ

ਰੁਪਈਏ ਲਈ ਵੀ ਖੇਡਣਾ ਪੈਂਦਾ। ਜੇ ਕੋਈ ਇਹ ਸੋਚ ਲਵੇ ਕਿ ਇਕ ਰੁਪਈਏ ਦਾ ਮਾਰਜਿਨ ਕੀ ਹੁੰਦਾ ਤਾਂ ਸਮਝ ਲਉ–ਉਹ ਫੇਲ੍ਹ ਆ। ਕਿਸੇ ਹੋਰ ਸਮੇਂ ਇਕ ਚਾਲੀਆਂ ਦਾ ਪਰੌਫਿਟ ਵੀ ਦੇ ਸਕਦਾ। ਲੈ–ਤੁਹਾਨੂੰ ਇਕ ਹੋਰ ਗੱਲ ਦੱਸਦਾਂ–ਆਪਣੇ ਧੀਮਾਨ ਸਾਹਿਬ ਨੇ ਰੋਟਰੀ ਕਲੱਬ ਲਈ ਦੋ ਲੱਖ ਦਿੱਤੇ। ਜੇ ਉਨ੍ਹਾਂ ਦੇ ਇੰਪਲਾਈ ਵੀਹ ਰੁ: ਮਹੀਨੇ ਦੇ ਜ਼ਿਆਦਾ ਮੰਗਦੇ ਤਾਂ ਉਨ੍ਹਾਂ ਦੇਣੇ ਨ੍ਹੀਂ ਸਨ। ਇਹੀ ਬਿਜਨੈਸ ਟਰਿਕ ਹੁੰਦਾ।'' ਮਾਲਕਾਂ ਦਾ ਲੁਧਿਆਣੇ ਕੈਮੀਕਲਜ਼ ਦਾ ਵੀ ਸਟੋਰ ਸੀ ਜਿੱਥੋਂ ਉਹ ਪੰਜਾਬ, ਹਰਿਆਣਾ, ਹਿਮਾਚਲ ਅਤੇ ਜੰਮੂ–ਕਸ਼ਮੀਰ ਨੂੰ ਮਾਲ ਭੇਜਦੇ। ਉੱਥੇ ਉਨ੍ਹਾਂ ਬਦਲ–ਬਦਲ ਕੇ ਕਈ ਬੰਦੇ ਰੱਖੇ। ਸਭ ਹੇਰਾ–ਫੇਰੀ ਕਰਦੇ ਫੜੇ। ਕਈ ਲੱਖਪਤੀ ਹੋ ਕੇ ਨਿਕਲੇ। ਮੈਨੂੰ ਵੀ ਇਕ ਵਾਰ ਜਾਣ ਦਾ ਮੌਕਾ ਮਿਲਿਆ। ਪਹਿਲਾ ਕਰਿੰਦਾ ਰੰਗੇ ਹੱਥੀਂ ਫੜਿਆ ਗਿਆ ਸੀ। ਉਨ੍ਹਾਂ ਕੋਲ ਕੋਈ ਵੀ ਅਜਿਹਾ ਬੰਦਾ ਨਹੀਂ ਸੀ ਜਿਸ ਨੂੰ ਉਹ ਉੱਥੇ ਭੇਜ ਦਿੰਦੇ। ਇਕੱਲੇ ਬੰਦੇ ਨਾਲ ਸਰਦਾ ਨਹੀਂ ਸੀ। ਉੱਥੇ ਮੇਰੀ ਡਿਊਟੀ ਲੱਗ ਗਈ। ਉੱਥੋਂ ਦੇ ਦੂਜੇ ਕਰਿੰਦੇ ਅਸ਼ਵਨੀ ਕੁਮਾਰ ਨੇ ਕੁਝ ਦਿਨ ਮੇਰੇ ਮੂੰਹ ਵੱਲ ਦੇਖਿਆ। ਮੈਥੋਂ ਉਹ ਝਕਦਾ ਸੀ। ਉਹ ਨੂੰ ਮੇਰੇ ਸੁਭਾਅ ਦਾ ਪਤਾ ਸੀ। ਮੈਂ ਕਿਸੇ ਨਾਲ ਮੋਹ ਲਿਹਾਜ਼ ਨਾ ਕਰਦਾ। ਸਿੱਧੀ ਗੱਲ ਮੂੰਹ 'ਤੇ ਮਾਰਦਾ। ਭਾਵੇਂ ਸੁਣਨ ਵਾਲੇ ਨੂੰ ਗੁੱਸਾ ਲੱਗੇ। ਇਸੇ ਸੁਭਾਅ ਕਰਕੇ ਚੇਤਨ ਮੇਰੇ ਨਾਲ ਖੁੱਲ੍ਹਦਾ ਜਾਂਦਾ। ਇਕ ਦਿਨ ਮੈਂ ਮਹਿੰਗਾਈ ਬਾਰੇ ਗੱਲਾਂ ਕਰਨ ਲੱਗਾ। ਅਸ਼ਵਨੀ ਨੂੰ ਇਸੇ ਮੌਕੇ ਦੀ ਉਡੀਕ ਸੀ। ਉਹ ਕਹਿਣ ਲੱਗਾ, "ਆਪਾਂ ਭੁੱਖੇ ਮਰਦੇ ਆਂ। ਲਾਲੇ ਸਾਨੂੰ ਕੀ ਦਿੰਦੇ। ਤਿੰਨ–ਚਾਰ ਸੌ। ਐਨਿਆਂ ਨਾਲ ਤਾਂ ਮਸਾਂ ਚਾਹ–ਪਾਣੀ ਦਾ ਖਰਚਾ ਚਲਦਾ। ਇਹ ਸਾਡੇ ਕੋਲੋਂ ਆਪ ਬੇਈਮਾਨੀ ਕਰਾਉਂਦੇ।'' ਮੈਂ ਅਣਜਾਣ ਬਣਦਿਆਂ ਪੁੱਛਿਆ, "ਫੇਰ?'' ਉਹ ਉਤਸ਼ਾਹਤ ਹੋਇਆ ਬੋਲਿਆ, "ਹੇਰਾ–ਫੇਰੀ ਬਿਨਾਂ ਸਰਦਾ ਨ੍ਹੀਂ। ਖਰਚੇ ਵੱਧ ਰਹੇ। ਆਮਦਨ ਐਨੀ ਹੈ ਨ੍ਹੀਂ। ਤੂੰ ਮੇਰਾ ਸਾਥ ਦੇ। ਮੈਂ ਤੈਨੂੰ ਰਜਾ ਦਊਂ। ਲੇਖੇ–ਜੋਖੇ ਦਾ ਫਿਕਰ ਨਾ ਕਰੀਂ। ਲਾਲਿਆਂ ਨੂੰ ਘਾਟਾ ਨ੍ਹੀਂ ਪੈਂਦਾ। ਜਦੋਂ ਗੱਡੀ ਆਈ ਤਾਂ ਪੰਜਾਹ–ਸੱਠ ਬੋਰੇ ਅੱਡ ਰੱਖਵਾ ਦਈਂ। ਕਹਿ ਦਈਂ–ਇਹ ਪਿੱਛੋਂ ਹੀ ਪਾਟੇ ਆਏ। ਉਹ ਕੰਪਨੀ ਤੋਂ ਕਲੇਮ ਲੈ ਲੈਣਗੇ। ਬਾਕੀ ਮੇਰੇ 'ਤੇ ਛੱਡ ਦੇ।'' ਮੈਂ ਬਹੁਤ ਕੁਝ ਉਸ 'ਤੇ ਛੱਡ ਦਿੱਤਾ। ਇਸ ਲਈ ਕਿ ਮੈਂ ਇਹ ਜਾਣਨਾ ਚਾਹੁੰਦਾ ਸੀ ਕਿ ਉਹ ਕੀ ਕਰਦਾ ਹੈ। ਗੋਦਾਮ ਦਾ ਚਾਰਜ ਮੇਰੇ ਕੋਲ ਸੀ। ਚਾਰ ਨੌਕਰ ਸਨ ਜਿਨ੍ਹਾਂ ਫੋਰ ਵੀਲ੍ਹਰ 'ਤੇ ਮਾਲ ਲੱਦਣਾ ਹੁੰਦਾ ਸੀ। ਉਨ੍ਹਾਂ 'ਚੋਂ ਇਕ ਕੰਧ ਕੋਲ ਸੰਘਣੀ ਫੈਲੀ ਭੰਗ 'ਚੋਂ ਦੋ ਹਥਿਆਰ ਚੁੱਕ ਲਿਆਇਆ। ਉਹ ਇਸ ਨੂੰ 'ਹਥਿਆਰ' ਕਹਿੰਦੇ ਸਨ। ਇਹ ਬੰਬੂ ਸੀ। ਉਨ੍ਹਾਂ ਅੱਧਾ ਸ਼ਟਰ ਚੁੱਕਿਆ। ਦਸ ਮਿੰਟਾਂ 'ਚ ਆਪਣਾ ਕੰਮ ਕਰ ਲਿਆ। ਚਾਰ ਬੋਰੇ ਭਰ ਲਏ।

ਮੈਂ ਡਰ ਗਿਆ। ਮੇਰੇ ਲਈ ਇਹ ਖਤਰਨਾਕ ਖੇਡ ਸੀ। ਅਸ਼ਵਨੀ ਨੇ ਚਾਰੇ ਬੋਰੇ ਆਪਣੇ ਸਕੂਟਰ ਪਿੱਛੇ ਰੱਖਵਾਏ। ਸ਼ਹਿਰ ਵਿਚਲੇ ਆਪਣੇ ਦਫਤਰ ਵੱਲ ਛੂ–ਮੰਤਰ ਹੋ ਗਿਆ। ਮੈਂ ਸੰਭਲਦਾ, ਇਸ ਤੋਂ ਪਹਿਲਾਂ ਇਕ ਜਣੇ ਨੇ ਆਵਾਜ਼ ਮਾਰੀ। ਮੈਂ ਗਿਆ। ਉਸ ਕੇਲੇ ਵੱਲ ਇਸ਼ਾਰਾ ਕਰਕੇ ਕਿਹਾ, "ਔਹ ਦੇਖੋ–ਸੱਪ। ਛੇ ਫੁੱਟ ਹੋਣਾ। ਇਹ ਇੱਥੇ ਰਹਿੰਦਾ। ਅਸੀਂ ਇਹਨੂੰ ਕਦੇ ਮਾਰਿਆ ਨ੍ਹੀਂ। ਇਹ ਸਾਨੂੰ ਕੁਸ਼ ਨ੍ਹੀਂ ਕਹਿੰਦਾ। ਅਸੀਂ ਇਹਨੂੰ ਕੁਸ਼ ਨ੍ਹੀਂ ਕਹਿੰਦੇ। ਹੈ ਕਰਮਾਂ ਵਾਲਾ। ਜੇ ਨਾ ਦਿੱਸੇ ਤਾਂ ਸਾਨੂੰ ਘਾਟਾ ਪੈਣ ਲੱਗ ਜਾਂਦਾ।''

ਮੈਂ ਤੇ ਅਸ਼ਵਨੀ ਇਕੱਠੇ ਆਉਂਦੇ। ਕਦੇ ਬੱਸ 'ਚ। ਕਦੇ ਸਕੂਟਰ 'ਤੇ। ਉਸ ਦਿਨ ਸਕੂਟਰ 'ਤੇ ਆਏ ਸੀ। ਫਿਲੌਰ ਪਹੁੰਚ ਕੇ ਉਹ ਮੈਨੂੰ ਇਕ ਹੋਟਲ 'ਚ ਲੈ ਵੜਿਆ। ਪੁੱਛਿਆ, "ਕਾਮਰੇਡ–ਦੱਸ ਕੀ ਖਾਣਾ ਪੀਣਾ?'' ਮੈਂ ਕੀ ਖਾਣਾ ਸੀ। ਮੈਂ ਸੁੱਕੀ ਚਾਹ ਪੀਣ ਵਾਲਾ ਸੀ। ਗਰਮੀ ਸੀ। ਅਸ਼ਵਨੀ ਨੇ ਲੱਸੀ ਦਾ ਆਰਡਰ ਦਿੱਤਾ। ਬਰਫੀ ਮੰਗਾ ਲਈ। ਆਲਾ–ਦੁਆਲਾ ਘੋਖ ਕੇ ਹਜ਼ਾਰ ਰੁਪਿਆ ਮੇਰੀ ਜੇਬ 'ਚ ਪਾ ਦਿੱਤਾ। ਮੈਨੂੰ ਹੋਰੂੰ–ਹੋਰੂੰ ਲੱਗਿਆ। ਮੈਂ ਉਹ ਨੂੰ ਪੈਸੇ ਮੋੜ ਦਿੱਤੇ, "ਤੈਨੂੰ ਮੇਰੀਆਂ ਆਦਤਾਂ ਦਾ ਪਤਾ। ਲੱਸੀ ਦੇ ਪੈਸੇ ਮੈਂ ਦਊਂਗਾ। ਤੂੰ ਆਪਣੇ ਰਿਸਕ 'ਤੇ ਜੋ ਮਰਜ਼ੀ ਕਰੀ ਜਾ।'' ਉਹ ਡਰ ਗਿਆ। ਉਸ ਰੋਣ ਵਰਗਾ ਮੂੰਹ ਬਣਾ ਕੇ ਕਿਹਾ, "ਲੈ ਦੋ ਸੌ ਹੋਰ ਲੈ ਲੈ। ਇਹ ਤਾਂ ਸ਼ੁਰੂਆਤ ਆ। ਜਿੱਦਣ ਮਾਲ ਜ਼ਿਆਦਾ ਆਇਆ ਆਪਾਂ ਪੰਜ ਹਜ਼ਾਰ ਛੱਡਣਾ ਨ੍ਹੀਂ।'' ਮੇਰੀ ਉਸ ਇਕ ਨਾ ਸੁਣੀ। ਇਕ ਨਾ ਮੰਨੀ। ਉਸ ਨੂੰ ਇਸ ਗੱਲ ਦਾ ਪਤਾ ਸੀ ਕਿ ਲਾਲੇ ਮੇਰੇ 'ਤੇ ਵਿਸ਼ਵਾਸ ਕਰਦੇ ਸਨ। ਇਸੇ ਲਈ ਉਨ੍ਹਾਂ ਮੈਨੂੰ ਭੇਜਿਆ ਸੀ। ਉਹ ਬਹੁਤ ਤੇਜ਼ ਸੀ। ਸਮਝਾਉਣ ਲੱਗਾ, "ਪਹਿਲਾਂ–ਪਹਿਲਾਂ ਓਪਰਾ ਲੱਗਦਾ ਹੁੰਦਾ। ਐਨੀ ਮਹਿੰਗਾਈ 'ਚ ਸੁੱਕੀ ਤਨਖਾਹ ਨਾਲ ਨ੍ਹੀਂ ਸਰਦਾ। ਖਰਚੇ–ਪਾਣੀ ਲਈ ਕਈ ਪਾਸੇ ਹੱਥ ਮਾਰਨੇ ਪੈਂਦੇ। ਮੈਨੂੰ ਪਤਾ–ਤੂੰ ਕਾਮਰੇਡ ਟਾਈਪ ਬੰਦਾ। ਮੈਨੂੰ ਇਕ ਗੱਲ ਦੱਸ–ਆਖਿਰ ਲਾਲੇ ਸਾਨੂੰ ਕਿੰਨਾ ਕੁ ਦਿੰਦੇ? ਕੀ ਇੰਨੇ ਪੈਸਿਆਂ 'ਚ ਤੇਰਾ ਵਿਆਹ ਹੋ ਸਕਦਾ? ਕੀ ਇੰਨੇ ਪੈਸਿਆਂ ਨਾਲ ਤੂੰ ਆਪਣੇ ਮਾਂ–ਪਿਉ ਦੀਆਂ ਲੋੜਾਂ ਪੂਰੀਆਂ ਕਰ ਸਕਦਾਂ? ਬੋਲ....।'' ਉਸ ਦੀਆਂ ਗੱਲਾਂ ਮੇਰੇ 'ਤੇ ਅਸਰ ਕਰ ਗਈਆਂ। ਮੈਂ ਪੈਸੇ ਫੜ ਕੇ ਜੇਬ 'ਚ ਪਾ ਲਏ। ਘਰ ਆ ਕੇ ਮੈਨੂੰ ਨੀਂਦ ਨਾ ਆਈ। ਮੈਨੂੰ ਚਾਰ ਸੌ ਰੁ: ਮਿਲਦਾ ਸੀ। ਬਾਰ੍ਹਾਂ ਸੌ ਇਕ ਦਿਨ ਦਾ ਮਿਲ ਗਿਆ। ਮੈਨੂੰ ਯਾਦ ਆਇਆ ਕਿ ਇਕ ਵਾਰ ਨੂਰਮਹਿਲ ਲਾਲਾ ਚਮਨ ਲਾਲ ਦੀ ਦੁਕਾਨ 'ਤੇ ਇਨਕਮ ਟੈਕਸ ਵਾਲਿਆਂ ਦਾ ਛਾਪਾ ਪਿਆ ਸੀ। ਚਮਨ ਲਾਲ ਦੇ ਮੁੰਡੇ ਸੁਭਾਸ਼ ਨੇ ਕਾਹਲੀ–ਕਾਹਲੀ 'ਚ ਕਿੰਨਾ ਸਾਰਾ ਸੋਨਾ ਭਾਪੇ ਦੀਆਂ ਕੋਟ ਦੀਆਂ ਜੇਬਾਂ 'ਚ ਪਾ ਦਿੱਤਾ ਸੀ।

ਰਾਤ ਨੂੰ ਭਾਪੇ ਨੇ ਸਾਰਾ ਸੋਨਾ ਸੁਭਾਸ਼ ਨੂੰ ਮੋੜ ਦਿੱਤਾ। ਇਕ ਜੇਬ ਪਾਟੀ ਸੀ ਤੇ ਪੰਜ ਮੁੰਦਰੀਆਂ ਥਲੜੇ ਪਾਸੇ ਖਿਸਕ ਗਈਆਂ। ਭਾਪੇ ਨੂੰ ਤੀਜੇ ਦਿਨ ਇਸ ਗੱਲ ਦਾ ਪਤਾ ਲੱਗਾ। ਭਾਪੇ ਦਾ ਮਨ ਬੇਈਮਾਨ ਹੋ ਗਿਆ। ਉਹ ਸੋਚਣ ਲੱਗਾ ਕਿ ਜੇ ਸੁਭਾਸ਼ ਮੰਗੂੰਗਾ ਤਾਂ ਉਹ ਦੱਸ ਦੇਵੇਗਾ। ਨਾ ਸੁਭਾਸ਼ ਨੇ ਮੰਗਿਆ ਤੇ ਨਾ ਭਾਪੇ ਨੇ ਦਿੱਤਾ। ਇਨ੍ਹਾਂ ਦਿਨਾਂ 'ਚ ਭਾਪੇ ਦੀ ਨੀਂਦ ਘੱਟ ਗਈ। ਉਹ ਨੀਂਦ ਵਾਲੀਆਂ ਗੋਲੀਆਂ ਖਾਣ ਲੱਗਾ। ਨਸ਼ੇ ਤਾਂ ਉਹ ਪਹਿਲਾਂ ਹੀ ਬਹੁਤ ਕਰਦਾ ਸੀ, ਗੋਲੀਆਂ ਦੇ ਨਸ਼ੇ ਨੇ ਬਹੁਤਾ ਅਸਰ ਨਾ ਕੀਤਾ। ਉਹ ਤੁਰਦਾ-ਤੁਰਦਾ ਬੁੜਬੜਾਉਣ ਲੱਗਾ ਤੇ ਫੇਰ ਉਸ ਨੂੰ ਉਦੋਂ ਹੀ ਚੈਨ ਮਿਲੀ ਜਦੋਂ ਉਹਨੇ ਪੰਜੇ ਮੁੰਦਰੀਆਂ ਸੁਭਾਸ਼ ਨੂੰ ਮੋੜੀਆਂ ਤੇ ਸੁਭਾਸ਼ ਨੇ ਅੱਗੋਂ ਪੁੱਛਿਆ, "ਚੇਤੇ ਕਰ ਲੈ- ਕੋਈ ਹੋਰ ਚੀਜ਼ ਤਾਂ ਨ੍ਹੀਂ ਹੈ ਤੇਰੇ ਕੋਲ।" ਭਾਪਾ ਬੀਬੀ ਨੂੰ ਕਈ ਦਿਨ ਕਹਿੰਦਾ ਰਿਹਾ, "ਗਰੀਬ ਬੇਈਮਾਨੀ ਵੀ ਨ੍ਹੀਂ ਕਰ ਸਕਦਾ। ਮਾਲਿਕ ਉਹਨੂੰ ਫੇਰ ਵੀ ਇਮਾਨਦਾਰ ਨ੍ਹੀਂ ਸਮਝਦੇ।" ਬੀਬੀ ਕਹਿੰਦੀ, "ਤੇਰੇ ਵਰਗੇ ਬਾਂਦਰ ਬੰਦੇ ਵੀ ਨ੍ਹੀਂ ਮਿਲਣੇ। ਦੇਖ ਲਿਆ ਸੁਆਦ ਆਪਣੀ ਇਮਾਨਦਾਰੀ ਦਾ....।" ਭਾਪੇ ਵਰਗੀ ਮੇਰੀ ਦਸ਼ਾ ਸੀ। ਮੇਰੀ ਕਾਮਰੇਡ ਸੋਚ ਨੇ ਮੇਰਾ ਸਾਥ ਦਿੱਤਾ। ਮੈਂ ਇਹੀ ਸੋਚਦਾ ਰਿਹਾ ਕਿ ਇਹ ਗ਼ਲਤ ਹੋਇਆ ਹੈ। ਮੈਨੂੰ ਇਸ ਹੇਰੀ-ਫੇਰੀ 'ਚ ਸ਼ਾਮਿਲ ਨਹੀਂ ਹੋਣਾ ਚਾਹੀਦਾ। ਮੈਂ ਆਪਣੇ ਮਾਲਕਾਂ ਨਾਲ ਵਿਸ਼ਵਾਸਘਾਤ ਕੀਤਾ ਹੈ। ਮੈਨੂੰ ਅਜਿਹਾ ਨਹੀਂ ਸੀ ਕਰਨਾ ਚਾਹੀਦਾ। ਉਨ੍ਹਾਂ ਨੂੰ ਸੱਚ-ਸੱਚ ਦੱਸ ਦੇਣਾ ਚਾਹੀਦਾ। ਜੇ ਸੱਚ ਦੱਸ ਦਿੱਤਾ ਤਾਂ ਅਸ਼ਵਨੀ ਕੁਮਾਰ ਦੀ ਨੌਕਰੀ ਚਲੇ ਜਾਣੀ। ਮੈਂ ਕਿਸੇ ਸਿੱਟੇ 'ਤੇ ਨਾ ਪੁੱਜਿਆ। ਸਵੇਰ ਨੂੰ ਨਕੋਦਰ ਦੇ ਬੱਸ ਸਟੈਂਡ 'ਤੇ ਤੁਰਦੇ-ਫਿਰਦੇ ਇੱਕ ਮੰਗਤੇ ਦੀ ਜੇਬ 'ਚ ਇਹ ਪੈਸੇ ਪਾ ਦਿੱਤੇ। ਮੰਗਤੇ ਨੂੰ ਇਸ ਗੱਲ ਦਾ ਪਤਾ ਨਹੀਂ ਲੱਗਾ ਸੀ ਕਿ ਮੈਂ ਉਹ ਦੀ ਜੇਬ 'ਚ ਐਨੇ ਪੈਸੇ ਪਾਏ ਸਨ। ਫੇਰ ਮੈਂ ਉਹ ਮੰਗਤਾ ਬੱਸ ਸਟੈਂਡ 'ਤੇ ਨਹੀਂ ਦੇਖਿਆ। ਅਸ਼ਵਨੀ ਕੁਮਾਰ ਮੇਰਾ ਹਿੱਸਾ ਦੇ ਦਿੰਦਾ। ਮੈਂ ਇਹ ਪੈਸੇ ਕਿਸੇ ਮੰਗਤੇ ਜਾਂ ਗੁਰਦੁਆਰੇ ਦੀ ਗੋਲਕ 'ਚ ਪਾ ਆਉਂਦਾ। ਇਹ ਸਿਲਸਿਲਾ ਮਹੀਨਾ ਕੁ ਚੱਲਿਆ। ਅਸ਼ਵਨੀ ਕੁਮਾਰ ਘਪਲਾ ਵੀ ਮਾਰ ਜਾਂਦਾ। ਉਹ ਮੈਨੂੰ ਹੋਟਲ 'ਚ ਰੋਟੀ ਖਵਾਉਣ ਲੈ ਜਾਂਦਾ। ਪਿੱਛੋਂ ਨੌਕਰ ਆਪਣਾ ਕੰਮ ਕਰ ਲੈਂਦੇ। ਉਹ ਇਸ ਕਲਾ 'ਚ ਨਿਪੁੰਨ ਸਨ। ਉਹ ਅੰਦਰਖਾਤੇ ਕੀ-ਕੀ ਕਰ ਰਹੇ ਸਨ-ਇਸ ਦਾ ਮੈਨੂੰ ਪਤਾ ਨਾ ਲੱਗਦਾ। ਮੈਂ ਪੁੱਛਦਾ ਤਾਂ ਉਹ ਟਾਲ ਜਾਂਦੇ। ਹੁਣ ਮੇਰੀ ਪ੍ਰਵਾਹ ਨਾ ਕਰਦੇ। ਜਿਵੇਂ ਸੋਚਦੇ ਸਨ ਕਿ ਇਹਨੂੰ ਇਹਦਾ ਹਿੱਸਾ ਦੇ ਰਹੇ ਹਾਂ-ਹੁਣ ਇਹ ਸਾਡਾ ਕੀ ਵਿਗਾੜ ਲਊ। ਮੈਨੂੰ ਇਕ ਹੋਰ ਡਰ ਨੇ ਘੇਰ ਲਿਆ। ਜੇ ਕੋਈ ਉੱਨੀ-ਇੱਕੀ ਹੋ ਗਈ, ਪੇਸ਼ੀ ਮੇਰੀ ਪੈ ਜਾਣੀ। ਲਾਲਿਆਂ ਦਾ ਮੇਰੇ ਤੋਂ ਤਾਂ ਵਿਸ਼ਵਾਸ ਉੱਠਣਾ ਹੀ ਸੀ, ਆਉਣ ਵਾਲਿਆਂ ਲਈ ਹੋਰ ਔਖਿਆਈ ਖੜ੍ਹੀ ਹੋ ਜਾਣੀ ਸੀ। ਮੇਰੀ ਉਲਝਣ ਜਲਦੀ ਹੀ ਹੱਲ ਹੋ ਗਈ। ਲਾਲਿਆਂ ਦਾ ਪਿਛਲਾ ਨੁਕਸਾਨ ਹੋ ਰਿਹਾ ਸੀ। ਮੈਂ ਕਈ ਕੰਮ ਕਰਦਾ ਸੀ। ਦੁਕਾਨ 'ਤੇ ਬੈਠਦਾ। ਸਟੇਟ ਬੈਂਕ ਆਫ ਪਟਿਆਲਾ ਤੋਂ ਡਰਾਫਟ ਬਣਾਉਂਦਾ। ਘਰ ਦੇ ਸਾਰੇ ਮੈਂਬਰਾਂ ਲਈ ਲੋੜੀਂਦੀਆਂ ਚੀਜ਼ਾਂ ਖਰੀਦ ਕੇ ਲਿਆਉਂਦਾ। ਮੈਂ ਲੁਧਿਆਣੇ ਗਿਆ ਤਾਂ ਬਾਬਾ ਜੀ ਆਪਣੇ ਆਪ ਨੂੰ ਅਨਾਥ ਸਮਝ ਬੈਠੇ। ਉਨ੍ਹਾਂ ਦੇ ਜ਼ੋਰ ਦੇਣ 'ਤੇ ਹੀ ਮੇਰੀ ਵਾਪਸੀ ਹੋਈ ਸੀ। ਮੈਨੂੰ ਜੇਲ੍ਹ ਤੋਂ ਛੁੱਟੇ ਕੈਦੀ ਜਿੰਨੀ ਖੁਸ਼ੀ ਹੋਈ। ਪਰ ਮੇਰੇ ਮਨ 'ਤੇ ਪਿਆ ਬੋਝ ਘੱਟ ਨਹੀਂ ਰਿਹਾ ਸੀ। ਮੈਂ ਇਸ ਸੰਬੰਧੀ ਕਾਮਰੇਡ ਧੰਨਾ ਸਿੰਘ ਨਾਲ ਗੱਲ ਕਰਨ ਲਈ ਆਪਣੇ ਆਪ ਨੂੰ ਤਿਆਰ ਕੀਤਾ। ਉਸ ਦੇ ਘਰ ਵੱਲ ਤੁਰ ਵੀ ਪਿਆ। ਸਰਪੰਚ ਗੁਰਚਰਨ ਸਿੰਘ ਦੇ ਘਰ ਕੋਲੋਂ ਹੀ ਪਿਛਾਂਹ ਮੁੜ ਆਇਆ, ਇਸ ਵਿਚਾਰ ਨਾਲ ਕਿ ਜੇ ਕਾਮਰੇਡ ਨੇ ਕਹਿ ਦਿੱਤਾ, "ਹਰਜਿੰਦਰ ਬਾਬੂ, ਮੇਰੀ ਐਨੇ ਸਾਲਾਂ ਦੀ ਮਿਹਨਤ ਦਾ ਆਹ ਨਤੀਜਾ ਨਿਕਲਿਆ।" ਮੈਂ ਕਾਮਰੇਡ ਕੋਲ ਕਦੇ ਝੂਠ ਨਹੀਂ ਬੋਲਦਾ ਸੀ। ਘਰ ਦੀ ਅਤੇ ਪਰਿਵਾਰ ਦੀ ਨਿੱਕੀ ਤੋਂ ਨਿੱਕੀ ਗੱਲ ਵੀ ਉਸ ਨਾਲ ਸਾਂਝੀ ਕਰਦਾ ਸੀ। ਉਸ ਦੇ ਵਿਚਾਰ ਮੇਰੇ ਲਈ ਅੰਤਮ ਸੱਚ ਹੁੰਦੇ ਸਨ। ਮੈਂ ਕਾਮਰੇਡ ਨੂੰ ਤਾਂ ਨਾ ਦੱਸਿਆ ਪਰ ਤੀਜੇ ਦਿਨ ਕਮਲ ਕੁਮਾਰ ਨੂੰ ਸਾਰੀ ਹੋਈ ਬੀਤੀ ਦੱਸ ਦਿੱਤੀ। ਉਹ ਕੁਝ ਪਲ ਸੋਚਦਾ ਰਿਹਾ। ਫੇਰ ਬੋਲਿਆ, "ਸਾਨੂੰ ਤੇਰੇ ਕੋਲੋਂ ਇਹ ਆਸ ਨ੍ਹੀਂ ਸੀ।" ਮੈਂ ਔਖ ਮੰਨਦਿਆਂ ਹੋਇਆਂ ਪੁੱਛਿਆ, "ਬਾਬੂ ਜੀ, ਕੀ ਸੱਚ ਬੋਲਣਾ ਗੁਨਾਹ ਹੁੰਦਾ?" ਉਹ ਨਰਮ ਪੈ ਗਿਆ, "ਨ੍ਹੀਂ, ਸਾਡਾ ਸਾਰਾ ਪਰਿਵਾਰ ਤੇਰੇ 'ਤੇ ਬੜਾ ਵਿਸ਼ਵਾਸ ਕਰਦਾ। ਮਾਤਾ ਜੀ ਵੀ। ਤੈਨੂੰ ਪਹਿਲੇ ਦਿਨ ਦੱਸ ਦੇਣਾ ਚਾਹੀਦਾ ਸੀ। ਕੋਈ ਨਾ। ਜੋ ਕੁਦਰਤ ਕਰਦੀ ਆ, ਚੰਗਾ ਹੀ ਕਰਦੀ ਆ। ਹੁਣ ਤੂੰ ਇਸ ਗੱਲ ਨੂੰ ਇੱਥੇ ਹੀ ਦਫਨ ਕਰ ਦੇ। ਘਰ ਦੇ ਕਿਸੇ ਜੀਅ ਨੂੰ ਨਾ ਦੱਸੀਂ। ਅਸੀਂ ਉੱਥੇ ਜਿਸ ਨੂੰ ਮਰਜੀ ਰੱਖ ਲਈਏ- ਅਗਲੇ ਨੇ ਹੇਰਾ-ਫੇਰੀ ਕਰਨੀ ਹੀ ਕਰਨੀ ਆ। ਮੈਂ ਇਹੀ ਨਤੀਜਾ ਕੱਢਿਆ। ਚਲੋ ਅਸ਼ਵਨੀ ਸਾਡੇ ਮਾਲ 'ਚੋਂ ਨ੍ਹੀਂ ਗ੍ਰਾਹਕਾਂ ਦੇ ਮਾਲ 'ਚੋਂ ਚੋਰੀ ਕਰਦਾ।" ਉਹ ਕਿੰਨਾ ਚਿਰ ਮੈਨੂੰ ਸਮਝਾਉਂਦਾ ਰਿਹਾ। ਮੈਂ ਆਖੀਰ 'ਚ ਕਿਹਾ, "ਬਾਬੂ ਜੀ, ਮੇਰੇ ਆਪਣੇ ਅਸੂਲ ਆ। ਮੈਂ ਇਨ੍ਹਾਂ ਅਸੂਲਾਂ ਨੂੰ ਨਿਭਾਉਣ ਲਈ ਕਿਸੇ ਦੀ ਪ੍ਰਵਾਹ ਨ੍ਹੀਂ ਕਰਦਾ। ਮੈਂ ਗਲਤੀ ਕੀਤੀ ਤੇ ਤੁਹਾਨੂੰ ਦੱਸ ਦਿੱਤਾ। ਜੇ ਨਾ ਦੱਸਦਾ ਤਾਂ ਮੇਰੀ ਆਤਮਾ ਨੇ ਅਸੰਤੁਸ਼ਟ ਰਹਿਣਾ ਸੀ। ਮੈਂ ਇਸੇ ਲਈ ਸਾਰਿਆਂ ਤੋਂ ਮਾਫੀ ਮੰਗਦਾ ਹਾਂ।" ਕਮਲ ਕੁਮਾਰ ਨੇ ਉੱਠ ਕੇ ਮੈਨੂੰ ਜੱਫੀ ਪਾ ਲਈ, "ਮੈਨੂੰ ਬਿਜਨਿਸ 'ਚ ਪਿਆਂ ਵੀਹ ਸਾਲ ਹੋ ਗਏ। ਮੈਂ ਤਾਂ ਬੰਦੇ ਦੀ ਤੋਰ ਤੋਂ ਉਹਨੂੰ ਪਛਾਣ ਲੈਨਾਂ। ਮੇਰੇ ਕਹੇ ਦਾ ਗੁੱਸਾ ਨਾ ਕਰੀਂ। ਮੈਂ ਤੇਰਾ ਵੱਡਾ ਭਰਾ ਆਂ। ਚੱਲ, ਦੋ ਕੱਪ ਕੌਫੀ ਦੇ ਕਹਿ ਕੇ ਆ ਸਰਦਾਰਾਂ ਦੀ

ਦੁਕਾਨ 'ਤੇ। ਨ੍ਹੀਂ, ਤੂੰ ਨਾ ਜਾਈਂ, ਭੱਈਏ ਨੂੰ ਭੇਜ ਦੇ।"

ਇੱਥੇ ਮੈਂ ਠੀਕ ਹੀ ਸੀ। ਸਵੇਰ ਨੌਂ ਵਜੇ ਦੁਕਾਨ ਖੋਲ੍ਹਦਾ। ਰਾਤ ਨੂੰ 7-8 ਵਜੇ ਜਿੰਦਰਾ ਮਾਰ ਕੇ ਚਾਬੀਆਂ ਤੇ ਨਗਦੀ ਬਾਬਾ ਜੀ ਨੂੰ ਸੰਭਾਲ ਆਉਂਦਾ। ਸਾਰੇ ਦਿਨ 'ਚ ਪੰਦਰ੍ਹਾਂ-ਵੀਹ ਗ੍ਰਾਹਕ ਆਉਂਦੇ ਪਰ ਮੈਨੂੰ ਇਕੋ ਵੇਲੇ ਕਈ ਕੰਮ ਕਰਨੇ ਪੈਂਦੇ। ਸਵੇਰ ਨੂੰ ਦੁਕਾਨ 'ਚ ਬੌਕ੍ਰ ਮਾਰਦਿਆਂ ਮੈਂ ਵਾਰ-ਵਾਰ ਸੜਕ ਵੱਲ ਦੇਖਦਾ ਕਿ ਮੈਨੂੰ ਕੋਈ ਦੇਖ ਤਾਂ ਨਹੀਂ ਰਿਹਾ। ਡੀ. ਏ. ਵੀ. ਕਾਲਜ ਨੂੰ ਜਾਂਦੇ ਕੁੜੀਆਂ-ਮੁੰਡਿਆਂ ਨੂੰ ਮੈਂ ਹਸਰਤ ਭਰੀਆਂ ਨਜ਼ਰਾਂ ਨਾਲ ਦੇਖਦਾ। ਕਦੇ ਕੋਈ ਪ੍ਰੋਫੈਸਰ ਬੁਲਾ ਲੈਂਦਾ। ਮੇਰੇ ਹੱਥ ਬੌਕ੍ਰ ਹੁੰਦਾ, ਮੈਂ ਨੀਵੀਂ ਪਾਈ ਹੀ ਜੁਆਬ ਦਿੰਦਾ। ਇਕ ਦਿਨ ਵੇਦ ਭੂਸ਼ਨ ਹੋਰੀਂ, ਜੋ ਰੋਟਰੀ ਕਲੱਬ ਦੇ ਅਹੁਦੇਦਾਰ ਵੀ ਸਨ, ਮੈਨੂੰ ਅੰਦਰ ਸੱਦਿਆ। ਮਿਠਾਈ ਦੇ ਡੱਬਿਆਂ ਵੱਲ ਇਸ਼ਾਰਾ ਕੀਤਾ। ਬੋਲੇ, "ਆਹ ਪੰਜ-ਸੱਤ ਘਰਾਂ 'ਚ ਡੱਬੇ ਤੇ ਕਾਰਡ ਦੇ ਆ।" ਮੈਂ ਕਹਿਣਾ ਚਾਹੁੰਦਾ ਸੀ ਕਿ ਕੀ ਹੁਣ ਮੈਨੂੰ ਤੁਸੀਂ ਆਪਣਾ ਲਾਗੀ ਬਣਾ ਲਿਆ ਹੈ ਪਰ ਮੇਰੇ ਕੋਲ ਚੁੱਪ ਰਹਿਣ ਤੋਂ ਸਿਵਾਇ ਕੋਈ ਦੂਜਾ ਚਾਰਾ ਨਹੀਂ ਸੀ। ਵੇਦ ਭੂਸ਼ਨ ਮੇਰੀ ਮਨੋ ਸਥਿਤੀ ਨੂੰ ਸਮਝ ਗਏ। ਉਨ੍ਹਾਂ ਨੇ ਮੇਰੇ ਮੋਢਿਆਂ 'ਤੇ ਹੱਥ ਰੱਖਿਆ। ਬੋਲੇ, "ਤੂੰ ਘਬਰਾਉਣਾ ਕਿਉਂ? ਸਾਡੇ ਕਿਸੇ ਕੋਲ ਵੀ ਟਾਈਮ ਨ੍ਹੀਂ। ਸਮਝ ਲੈ, ਤੂੰ ਨ੍ਹੀਂ ਅਸੀਂ ਜਾ ਰਹੇ ਹਾਂ।" ਐਦਾਂ ਹੀ ਇਕ ਦਿਨ ਡੀ. ਏ. ਵੀ. ਕਾਲਜ 'ਚ ਰੋਟਰੀ ਕਲੱਬ ਦਾ ਫੰਕਸ਼ਨ ਸੀ। ਮੇਰੀ ਡਿਊਟੀ ਹਲਵਾਈ ਕੋਲ ਹਾਜ਼ਰ ਰਹਿਣ ਦੀ ਲੱਗ ਗਈ। ਉਹੀ ਡੀ. ਏ. ਵੀ. ਕਾਲਜ ਜਿੱਥੋਂ ਮੈਂ ਬੀ. ਏ. ਪਾਸ ਕੀਤੀ ਸੀ। ਉੱਥੇ ਮੈਂ ਹਲਵਾਈ ਕੋਲ ਸਾਰਾ ਦਿਨ ਖੜ੍ਹਾ ਰਿਹਾ। ਮੇਰੇ ਲਈ ਰਾਹਤ ਵਾਲੀ ਗੱਲ ਇਹੀ ਸੀ ਕਿ ਉਸ ਦਿਨ ਕਾਲਜ 'ਚ ਛੁੱਟੀ ਸੀ।

ਮਹੀਨਾ ਕੁ ਦੁਕਾਨ 'ਤੇ ਬੈਠਾ। ਲਾਲਿਆਂ ਨੇ ਮਲਸੀਆਂ ਜ਼ਮੀਨ ਖਰੀਦ ਲਈ। ਰਜਿਸਟਰੀ ਕਰਾਉਂਦਿਆਂ ਹੀ ਟਿੱਬਿਆਂ ਨੂੰ ਪੱਧਰਾ ਕਰਾਉਣ ਦੀ ਯੋਜਨਾ ਬਣਾਈ। ਨਵਾਂ ਜੀਟਰ ਟਰੈਕਟਰ ਕਢਵਾਇਆ। ਚੇਤਨ ਨੂੰ ਨਵੀਆਂ ਚੀਜ਼ਾਂ ਖਰੀਦਣ ਦਾ ਬੜਾ ਸ਼ੌਂਕ ਸੀ। ਉਸ ਟਰਾਲੀ ਵੀ ਬਣਾ ਲਿਆਂਦੀ। ਮੇਰੀ ਡਿਊਟੀ ਬਦਲ ਗਈ। ਮੈਂ ਮਲਸੀਆਂ ਗੇੜਾ ਮਾਰਨ ਜਾਂਦਾ। ਜ਼ਮੀਨ ਪੱਧਰੀ ਕਰਕੇ ਪਪਲੂ ਤੇ ਸਫੈਦੇ ਲਾਉਣ ਲੱਗੇ।

ਹੁਣ ਚੇਤਨ ਜ਼ਿਆਦਾ ਹੀ ਫੂੰ-ਫਾਂਅ ਕਰਨ ਲੱਗਾ। ਆਹ ਕਿਉਂ ਕੀਤਾ? ਕਿਹਨੇ ਕਿਹਾ ਸੀ? ਬਾਬਾ ਜੀ ਆਪਣੀਆਂ ਮਾਰਦੇ ਰਹਿੰਦੇ, ਤੂੰ ਮੈਨੂੰ ਕਿਉਂ ਨਹੀਂ ਪੁੱਛਿਆ? ਮੈਨੂੰ ਇਹ ਚੰਗਾ ਨਾ ਲੱਗਦਾ। ਮੈਂ ਉਸ ਨਾਲ ਮਤਲਬ ਦੀ ਗੱਲ ਕਰਦਾ। ਬਾਬਾ ਜੀ ਬਿਮਾਰ ਹੋ ਗਏ। ਉਨ੍ਹਾਂ ਨੂੰ ਅੰਮ੍ਰਿਤਸਰ ਦਾਖਲ ਕਰਵਾਉਣਾ ਪਿਆ। ਚੇਤਨ ਤੇ ਮਹਿੰਦਰ ਸਿੰਘ ਨਾਲ ਗਏ।

ਫੇਰ ਮੇਰੀ ਪੱਕੀ ਡਿਊਟੀ ਮਲਸੀਆਂ ਲੱਗ ਗਈ। ਮੈਂ ਰਾਤ ਨੂੰ ਇੱਥੇ ਰਹਿਣੋਂ ਨਾਂਹ ਕਰ ਦਿੱਤੀ। ਉਨ੍ਹਾਂ ਮੇਰੀ ਕੋਈ ਪੇਸ਼ ਨਾ ਜਾਣ ਦਿੱਤੀ। ਮੋੜ-ਘੋੜ ਕੇ ਇਹੀ ਗੱਲ, "ਦੱਸ ਤੈਨੂੰ ਕੀ ਤਕਲੀਫ ਹੈ?" ਉਹ ਮੈਨੂੰ ਰੋਟੀ, ਚਾਹ-ਪਾਣੀ ਦਾ ਵੱਖਰਾ ਖਰਚਾ ਦਿੰਦੇ। ਜ਼ਿੱਦ 'ਚ ਆਇਆ ਮੈਂ ਖਰਚਾ ਜ਼ਿਆਦਾ ਪਾਉਣ ਲੱਗਾ। ਉਨ੍ਹਾਂ ਮੇਰੇ ਖਰਚੇ 'ਚ ਕੋਈ ਕੱਟ-ਵੱਢ ਨਾ ਕੀਤੀ।

ਤਿੰਨ ਔਰਤਾਂ ਪਪਲੂ ਲਾਉਣ ਆਉਂਦੀਆਂ ਸਨ। ਦੋ ਕੁੜੀਆਂ ਤੇ ਨਾਲ ਹੀ ਉਨ੍ਹਾਂ ਦੀ ਚਾਚੀ। ਚਾਚੀ ਕੋਲੋਂ ਕੰਮ ਨਾ ਹੁੰਦਾ। ਉਹ ਖੰਘਦੀ। ਬੀੜੀਆਂ ਪੀਂਦੀ। ਮੰਜੀ 'ਤੇ ਜਾ ਪੈਂਦੀ। ਗੱਲਾਂ ਜ਼ਿਆਦਾ ਕਰਦੀ। ਕੰਮ ਘੱਟ ਕਰਦੀ। ਮੈਂ ਤੇ ਪੱਪੀ ਇਸ ਨੂੰ ਨਾ ਗੌਲਦੇ। ਨੇੜਲੇ ਡੇਰਿਆਂ 'ਤੇ ਗੱਲ ਫੈਲਣ ਲੱਗੀ, "ਮੁਨੀਮ ਕੁੜੀਆਂ ਪੁੱਟੀ ਫਿਰਦਾ।" ਮੈਂ ਵਿਹਲਾ ਬੈਠਾ ਮੈਗਜ਼ੀਨ ਪੜ੍ਹਦਾ। ਅਖ਼ਬਾਰਾਂ ਪੜ੍ਹਦਾ। ਜਰਨਲ ਨੌਲਿਜ ਦੀਆਂ ਕਿਤਾਬਾਂ ਪੜ੍ਹਦਾ। ਕਦੇ-ਕਦਾਈਂ ਮੇਰੇ ਚੋਰ ਮਨ 'ਤੇ ਸਾਹਮਣੇ ਕੰਮ ਕਰਦੀਆਂ ਕੁੜੀਆਂ ਭਾਰੂ ਹੋ ਜਾਂਦੀਆਂ। ਮੈਂ ਉਨ੍ਹਾਂ ਵੱਲ ਖਿੱਚਿਆ ਗਿਆ। ਇਹ ਦੂਰੀ ਘੱਟਣ ਲੱਗੀ। ਮੇਰੇ ਅੰਦਰ ਬੈਠਾ ਆਦਰਸ਼ਵਾਦ ਮੇਰੀਆਂ ਲੱਤਾਂ ਨੂੰ ਜੂੜ ਪਾਉਂਦਾ। ਕਾਮਰੇਡ ਧੰਨਾ ਸਿੰਘ ਦਾ ਸਮਝੌਤੀਆਂ ਦਾ ਪੀਰੀਅਡ ਲੱਗਦਾ। ਮੈਂ ਇਨ੍ਹਾਂ ਨੂੰ ਦੂਰ ਭਜਾਉਂਦਾ। ਪਰ ਬਹੁਤਾ ਚਿਰ ਨਹੀਂ। ਮੈਂ ਇਸ ਤੋਂ ਛੁਟਕਾਰਾ ਪਾਉਣ ਲਈ ਛਟਪਟਾਉਂਦਾ। ਪੁਸ਼ਪਾ ਫੇਰ ਸੁਪਨਿਆਂ 'ਚ ਆ ਕੇ ਤੰਗ ਕਰਨ ਲੱਗੀ। ਦਿਨੇ ਕੁੜੀਆਂ ਹੁੰਦੀਆਂ। ਰਾਤ ਪੁਸ਼ਪਾ ਦੀ ਹੁੰਦੀ। ਮੈਂ ਅਗਾਂਹ ਵਧਦਾ ਤਾਂ ਕੁੜੀਆਂ ਕਹਿੰਦੀਆਂ, "ਸਾਨੂੰ ਘਰ ਦਾ ਡਰ ਮਾਰਦਾ। ਜੇ ਸਾਡੇ ਪਿਉ ਨੇ ਦੇਖ, ਸੁਣ ਲਿਆ ਤਾਂ ਉਸ ਸਾਨੂੰ ਘਰੇ ਨ੍ਹੀਂ ਵੜਨ ਦੇਣਾ। ਇਸੇ ਲਈ ਤਾਂ ਚਾਚੀ ਨੂੰ ਨਾਲ ਭੇਜਦੇ।" ਮੈਨੂੰ ਕੁਝ ਨਾ ਸੁੱਝਦਾ। ਮੇਰੇ ਤੇੜ ਸਾਫਾ ਲਾਇਆ ਹੁੰਦਾ। ਮੈਂ ਨੰਗੇ ਪੈਰੀਂ ਤੱਤੀ ਰੇਤਾ 'ਤੇ ਤੁਰ ਪੈਂਦਾ। ਲਾਗਿਉਂ ਵਗਦੀ ਵਈਂ ਦੇ ਕੰਢੇ ਉੱਗੀ ਕਿੱਕਰ ਦੀ ਛਾਂ ਹੇਠ ਜਾ ਖੜ੍ਹਦਾ। ਖੜ੍ਹਾ-ਖੜ੍ਹਾ ਸੋਚ ਦੇ ਘੋੜੇ ਦੌੜਾਉਂਦਾ। ਨਤੀਜਾ ਇਹ ਨਿਕਲਦਾ-ਮਨਾ ਪਿੱਛੇ ਹਟ ਜਾ। ਤੂੰ ਭਟਕ ਨਾ। ਤੇਰੀ ਲਾਈਨ ਹੋਰ ਹੈ। ਤੇਰੀ ਦੁਨੀਆ ਹੋਰ ਹੈ। ਕਿੱਥੇ ਤੂੰ। ਕਿੱਥੇ ਇਹ ਅਨਪੜ੍ਹ-ਭੋਲੀਆਂ ਕੁੜੀਆਂ। ਕੋਈ ਮੇਲ ਨਹੀਂ। ਮੁਫਤ ਦੀ ਬਦਨਾਮੀ। ਸੂਰਜ ਮੇਰੇ ਸਿਰ ਦੇ ਐਨ ਵਿਚਕਾਰ ਆ ਜਾਂਦਾ। ਮੈਨੂੰ ਆਪਣਾ ਆਪ ਸੰਭਾਲਣਾ ਔਖਾ ਲੱਗਦਾ। ਮੇਰੇ ਮੱਥੇ 'ਚੋਂ ਸੇਕ ਨਿਕਲਦਾ। ਅੱਖਾਂ 'ਚ ਲਾਲੀ ਫੈਲਦੀ। ਸਰੀਰ 'ਚ ਅਜੀਬ ਟੁੱਟ-ਭੱਜ ਹੁੰਦੀ। ਮੈਂ ਟਿੱਬਿਆਂ ਦੀ ਪ੍ਰਕਰਮਾ ਕਰਦਾ। ਕੁੜੀਆਂ ਮੇਰੇ ਵੱਲ ਦੇਖ ਕੇ ਹੱਸਦੀਆਂ। ਸ਼ਾਇਦ ਉਨ੍ਹਾਂ ਨੂੰ ਮੇਰੇ 'ਤੇ ਤਰਸ ਆ ਗਿਆ ਸੀ। ਉਨ੍ਹਾਂ ਵਿਚੋਂ ਵੱਡੀ ਪ੍ਰਕਾਸ਼ੋ ਨੇ ਇਕ ਦਿਨ ਕਿਹਾ, "ਮੁਨੀਮਾ ਜੇ ਜ਼ਿਆਦਾ ਹੀ ਤੰਗ ਆਂ ਤਾਂ ਇਕ ਜੱਟਾਂ ਦੀ ਕੁੜੀ ਮੈਂ ਲੈ ਆਵਾਂ। ਉਹ ਤੇਰਾ ਬੁੱਤਾ ਸਾਰ

ਦਊਗੀ। ਉਹਨੇ ਪੰਜਾਹਾਂ ਦਾ ਇਕ ਨੋਟ ਲੈਣਾ।'' ਕਿੰਨੀ ਘਟੀਆ ਸੀ ਇਹ ਗੱਲ। ਕਿੰਨੀ ਘਟੀਆ ਸੀ ਇਹ ਸੋਚ। ਮੈਂ ਕੀ ਸੀ? ਉਹ ਕੀ ਸਨ? ਮੈਂ ਚੁੱਪ ਰਿਹਾ। ਉਸ ਨੇ ਮੇਰੀ ਚੁੱਪ ਨੂੰ ਸਵੀਕ੍ਰਿਤੀ ਮੰਨ ਲਿਆ। ਦੂਜੇ ਦਿਨ ਉਹ ਉਸ ਕੁੜੀ ਨੂੰ ਦਿਹਾੜੀ 'ਤੇ ਲੈ ਆਈ। ਮੈਂ ਬਹਾਨਾ ਬਣਾ ਕੇ ਨਕੋਦਰ ਆ ਗਿਆ। ਮੈਂ ਦੂਰੀ ਬਣਾ ਲਈ। ਮੈਂ ਜ਼ਿਆਦਾ ਸਮਾਂ ਪੜ੍ਹਨ 'ਚ ਲਾਉਣ ਲੱਗਾ ਜਾਂ ਟਰੈਕਟਰ ਚਲਾਉਣ 'ਚ। ਜਿੱਥੇ ਉਹ ਸਫੈਦੇ ਲਾਉਂਦੀਆਂ, ਉੱਥੇ ਮੈਂ ਗੇੜਾ ਨਾ ਮਾਰਦਾ। ਜਿਵੇਂ ਕਹਾਵਤ ਹੈ– ਰਹੀਆਂ ਸਹੀਆਂ ਦਾ ਯਾਰ ਮੁਕੰਦੀ। ਠੀਕ ਐਦਾਂ ਹੀ ਪੁਸ਼ਪਾ ਦਾ ਵਿਰਾਟ ਰੂਪ ਮੇਰੇ ਅੱਗੇ ਆ ਪ੍ਰਗਟ ਹੁੰਦਾ, "ਤੁਹਾਨੂੰ ਮੇਰੇ ਨਾਲ ਕੀਤਾ ਪ੍ਰੋਸਸ ਯਾਦ ਆ ਕਿ ਨ੍ਹੀਂ?'' ਜਦੋਂ ਦਾ ਮੈਂ ਹਸਪਤਾਲ 'ਚੋਂ ਆਇਆ ਸੀ, ਮੁੜ ਪੁਸ਼ਪਾ ਦਾ ਕੋਈ ਅਤਾ-ਪਤਾ ਨਹੀਂ ਲੱਗਾ ਸੀ। ਸਾਡਾ ਕੋਈ ਵੀ ਸਾਂਝਾ ਦੋਸਤ ਨਹੀਂ ਸੀ ਜਿਸ ਰਾਹੀਂ ਕੋਈ ਖ਼ਬਰਸਾਰ ਮਿਲਦੀ ਰਹਿੰਦੀ। ਮੇਰੇ ਕੋਲ ਉਹਦੀਆਂ ਯਾਦਾਂ ਦਾ ਸਰਮਾਇਆ ਸੀ। ਇਹੀ ਕਾਫੀ ਸੀ। ਮੈਂ ਕਿਸੇ ਦੁੱਖ 'ਚ ਹੁੰਦਾ ਤਾਂ ਸਮਾਂ ਮੇਰੇ ਲਈ ਖੜ੍ਹ ਜਾਂਦਾ। ਮੈਂ ਉਹਦੇ ਸੰਗ ਬਿਤਾਏ ਸੁਨਹਿਰੀ ਪਲਾਂ ਨੂੰ ਯਾਦ ਕਰਦਾ। ਕਈ ਵਾਰ ਉਹ ਮੈਨੂੰ ਸੁਪਨਿਆਂ 'ਚ ਹੀ ਚੇਤਾਵਨੀ ਦੇ ਜਾਂਦੀ। ਇਕ ਦਿਨ ਰੇਤਾ 'ਤੇ ਨੰਗੇ ਪੈਰੀਂ ਘੁੰਮਦਾ-ਘੁੰਮਦਾ ਮੈਂ ਕਿੱਕਰ ਦੀ ਛਾਂ ਹੇਠ ਸਾਫਾ ਵਿਛਾ ਕੇ ਸੌਂ ਗਿਆ। ਕੁਝ ਪਲਾਂ ਲਈ ਨੀਂਦ ਦਾ ਝੌਂਕਾ ਆਇਆ। ਪੁਸ਼ਪਾ ਦਿੱਸੀ, "ਮੇਰੇ ਸਾਹਿਬ ਜੀਉ, ਮੈਂ ਅਜੇ ਜਿਊਂਦੀ ਆਂ...।'' ਅੱਗੇ ਪਲਾਂ 'ਚ ਮੇਰੀ ਅੱਖ ਖੁੱਲ੍ਹ ਗਈ ਸੀ। ਚੁਫੇਰੇ ਤਾਂ ਰੇਤ ਹੀ ਰੇਤ ਸੀ। ਬੁੱਲ੍ਹਾਂ 'ਤੇ ਜਗਜੀਤ ਸਿੰਘ ਦੀ ਗਾਈ ਗ਼ਜ਼ਲ ਦਾ ਸ਼ੇਅਰ ਆ ਗਿਆ:

*ਮੈਂ ਯੇਹ ਸੁਨਤਾ ਹੂੰ ਕਿ ਵੋਹ ਦੁਨੀਆ ਕੀ ਖ਼ਬਰ ਰਖਤੇ ਹੈਂ,*
*ਯੇਹ ਜੋ ਸਚ ਹੈ ਤੋ ਓਨਹੇ ਮੇਰੀ ਖ਼ਬਰ ਭੀ ਹੋਗੀ।*

ਅੰਮ੍ਰਿਤਸਰ ਤੋਂ ਵਾਪਸ ਆਉਂਦਿਆਂ ਹੀ ਚੇਤਨ ਨੇ ਮੇਰੀ ਡੇ-ਬੁੱਕ ਚੈੱਕ ਕੀਤੀ। ਕੀ-ਕੀ ਕੀਤਾ? ਕਿੰਨਾ ਕੰਮ ਕੀਤਾ? ਦਾ ਹਿਸਾਬ-ਕਿਤਾਬ ਲਾ ਕੇ ਕਿਹਾ ਕਿ ਤੇਲ ਦਾ ਖਰਚਾ ਜ਼ਿਆਦਾ ਪਾਇਆ। ਮੈਨੂੰ ਸਮਝਾਉਣ ਲੱਗਾ ਕਿ ਪੱਪੀ 'ਤੇ ਨਜ਼ਰ ਰੱਖਿਆ ਕਰ। ਉਹ ਆਉਂਦਾ ਹੋਇਆ ਪੈਟਰੋਲ ਪੰਪ ਤੋਂ ਵੀ ਪੁੱਛ ਆਇਆ ਸੀ। ਜਿੰਨਾ ਕੁ ਉਸ ਪੁੱਛਿਆ, ਮੈਂ ਜੁਆਬ ਦਿੱਤਾ। ਸ਼ਾਮੀਂ ਟਰੈਕਟਰ ਦੀ ਟੈਂਕੀ ਫੁੱਲ ਕਰਾਉਣ ਗਏ ਤਾਂ ਉੱਥੋਂ ਦੇ ਕਰਿੰਦੇ ਨੇ ਤਾੜਨਾ ਕੀਤੀ, "ਬਚ ਕੇ ਰਿਹੋ। ਤੁਹਾਡਾ ਬਾਬੂ ਤੁਹਾਡੀ ਸੀ.ਆਈ.ਡੀ. ਕਰਦਾ। ਅੱਜ ਮੈਨੂੰ ਵੀ ਪੁੱਛਦਾ ਸੀ। ਸਰਦਾਰ ਜੀ ਕੋਲ ਵੀ ਕਿੰਨਾ ਚਿਰ ਬੈਠਿਆ ਰਿਹਾ।'' ਪੱਪੀ ਨੂੰ ਗੁੱਸਾ ਆ ਗਿਆ। ਉਹ ਕਹਿਣ ਲੱਗਾ, "ਜੇ ਉਨ੍ਹਾਂ ਸ਼ੱਕ ਹੀ ਕਰਨਾ ਆ ਤਾਂ ਅਸੀਂ ਕਿਉਂ ਇਮਾਨਦਾਰ ਰਹੀਏ।'' ਉਸ ਦੀ ਗੱਲ ਠੀਕ ਸੀ। ਮੇਰੇ ਕੋਲ ਉਹਦੀ ਗੱਲ ਕੱਟਣ ਲਈ ਕੋਈ ਤਰਕ ਨਾ ਰਿਹਾ। ਅਨਪੜ੍ਹ ਬੰਦੇ ਅੱਗੇ ਤਰਕ ਨਹੀਂ ਚਲਣੇ ਸਨ। ਰਹਿੰਦੀ-ਖੂੰਹਦੀ ਕਸਰ ਚੇਤਨ ਦੇ ਸੁਭਾਅ ਨੇ ਪੂਰੀ ਕਰ ਦਿੱਤੀ। ਅਸੀਂ ਦਿਨ ਰਾਤ ਇਕ ਕਰਕੇ ਟਿੱਬਿਆਂ ਨੂੰ ਪੱਧਰਾ ਕੀਤਾ ਸੀ। ਦੋ ਵਾਰ ਸੱਪ ਲੜਨੋਂ ਮਸਾਂ-ਮਸਾਂ ਬਚੇ ਸੀ। ਗੁੱਸੇ ਤੇ ਜ਼ਿੱਦ 'ਚ ਆ ਕੇ ਪੱਪੀ ਨੇ ਤੇਲ ਦੀ ਪਰਚੀ ਜ਼ਿਆਦਾ ਕਟਾ ਲਈ। ਇਸ ਬਾਰੇ ਮੈਂ ਉਹ ਨੂੰ ਕੁਝ ਨਾ ਕਿਹਾ। ਉਹ ਜਾਣੇ-ਉਹ ਦਾ ਕੰਮ ਜਾਣੇ। ਦੋ ਮਹੀਨੇ ਇਹ ਹੇਰਾ-ਫੇਰੀ ਚਲੀ। ਪੱਪੀ ਥੱਕ ਜਾਂਦਾ। ਮੈਂ ਤੇੜ ਸਾਫਾ ਬੰਨ੍ਹ ਕੇ ਟਰੈਕਟਰ ਚਲਾਉਂਦਾ। ਟਰੈਕਟਰ ਚਲਾਉਣਾ ਕੋਈ ਔਖਾ ਕੰਮ ਨਹੀਂ ਸੀ। ਇਕ ਵਾਰ ਟਿੱਬਾ ਕਰਾਹੁੰਦਿਆਂ ਮੇਰੇ ਕੋਲੋਂ ਟਰੈਕਟਰ ਬਿਲਕੁਲ ਟੇਢਾ ਹੋ ਗਿਆ। ਮੈਂ ਡਰ ਗਿਆ ਕਿ ਹੁਣ ਵੀ ਉਲਟਿਆ-ਹੁਣ ਵੀ ਗਿਆ। ਮੈਨੂੰ ਸੁਝ ਨਹੀਂ ਲੱਗ ਰਿਹਾ ਸੀ ਕਿ ਇਸ ਨੂੰ ਕਿਵੇਂ ਸੰਤੁਲਤ ਅਵਸਥਾ 'ਚ ਲਿਆਵਾਂ। ਕੁਦਰਤੀ ਟਰੈਕਟਰ ਬੰਦ ਹੋ ਗਿਆ।

ਮੈਨੂੰ ਹੱਥੀਂ ਕੰਮ ਕਰਦਿਆਂ ਦੇਖ ਕੇ ਚੇਤਨ ਨੂੰ ਚਾਅ ਚੜ੍ਹ ਜਾਂਦਾ। ਉਹ ਮੈਨੂੰ ਚੰਗਾ ਮੁਨੀਮ ਹੋਣ ਦਾ ਖਿਤਾਬ ਦਿੰਦਾ। ਉਸ ਨੂੰ ਖਾਣ-ਪੀਣ ਦਾ ਵੀ ਬਹੁਤ ਸ਼ੌਕ ਸੀ। ਜੋ ਆਪ ਖਾਂਦਾ, ਉਹ ਹੀ ਮੇਰੇ ਲਈ ਮੰਗਵਾਉਂਦਾ। ਪਰ ਉਸ ਦੀਆਂ ਸ਼ੱਕ ਭਰੀਆਂ ਨਜ਼ਰਾਂ ਦਾ ਮੈਥੋਂ ਬਹੁਤਾ ਚਿਰ ਸਾਹਮਣਾ ਨਾ ਕਰ ਹੋਇਆ। ਉਹ ਵੀ ਆਪਣੀ ਥਾਂ 'ਤੇ ਸੱਚਾ ਸੀ। ਪਿਛਲੇ ਪੰਜ ਸਾਲਾਂ 'ਚ ਉਨ੍ਹਾਂ ਜਿੰਨੇ ਵੀ ਮੁਲਾਜ਼ਮ ਰੱਖੇ, ਉਨ੍ਹਾਂ ਸਾਰਿਆਂ ਨੇ ਕਿਸੇ ਨਾ ਕਿਸੇ ਰੂਪ 'ਚ ਹੇਰਾ-ਫੇਰੀ ਕੀਤੀ। ਆਪਣੀ ਨੌਕਰੀ ਗੁਆ ਲਈ। ਥਾਣਿਉਂ ਛਿੱਤਰ ਖਾਧੇ। ਇਕ ਪੰਡਿਤ ਜੀ ਸਨ ਤੇ ਇਕ ਮੈਂ ਜੋ ਇਸ ਮਾਰ ਤੋਂ ਬਚੇ ਸੀ। ਸ਼ੱਕ ਭਰੇ ਮਾਹੌਲ 'ਚ ਮੇਰਾ ਮਨ ਘਬਰਾਉਣ ਲੱਗਾ। ਮੈਂ ਨੌਕਰੀ ਛੱਡਣ ਦਾ ਫੈਸਲਾ ਕਰ ਲਿਆ।

ਬਾਬਾ ਜੀ ਨੇ ਸੱਦਿਆ। ਆਪਣੇ ਕੋਲ ਬੈਠਾਇਆ। ਮੁੱਠ ਭਰ ਕੇ ਬਾਦਾਮ ਦਿੱਤੇ। ਪੁੱਛਿਆ, "ਦੱਸ ਤੈਨੂੰ ਕੀ ਤਕਲੀਫ ਆ? ਪੈਸੇ ਵਧਾ ਦਈਏ? ਮੈਂ ਤੈਨੂੰ ਜਾਣ ਨ੍ਹੀਂ ਦੇਣਾ।'' "ਚੰਗਾ ਜੀ'' ਕਹਿ ਕੇ ਮੈਂ ਬਾਹਰ ਆ ਗਿਆ। ਵੇਦ ਭੂਸ਼ਨ ਗੇਟ ਕੋਲ ਮਿਲ ਪਏ। ਉਨ੍ਹਾਂ ਮੇਰੇ ਮੋਢਿਆਂ ਉੱਪਰੋਂ ਦੀ ਬਾਂਹ ਪਾ ਲਈ। ਬੋਲੇ, "ਤੂੰ ਚੇਤਨ ਦਾ ਗੁੱਸਾ ਨਾ ਕਰਿਆ ਕਰ। ਉਹ ਮੂੰਹ ਦਾ ਬੜਬੋਲਾ। ਮਨ ਦਾ ਮਾੜਾ ਨ੍ਹੀਂ। ਤੈਨੂੰ ਉਸ ਕੁਸ਼ ਕਿਹਾ ਹੈ ਤਾਂ ਦੱਸ। ਤੇਰੇ ਸਾਹਮਣੇ ਪੁੱਛ ਲੈਨਾਂ।'' "ਨ੍ਹੀਂ-ਬਾਬੂ ਜੀ, ਕੋਈ ਗੱਲ ਨ੍ਹੀਂ। ਮੈਂ ਪੇਪਰ ਦੇਣੇ। ਮੈਥੋਂ ਕੋਈ ਗ਼ਲਤੀ ਹੋਈ ਤਾਂ ਮਾਫ ਕਰ ਦਿਓ।'' ਮੈਂ ਉਨ੍ਹਾਂ ਦੇ ਗੋਢੇ ਹੱਥ ਲਾਉਣ ਲਈ ਝੁਕਿਆ ਤਾਂ ਉਨ੍ਹਾਂ ਮੈਨੂੰ ਜੱਫੀ ਪਾ ਲਈ। ਬੋਲੇ, "ਮੈਂ ਤੈਨੂੰ ਜਾਣ ਨ੍ਹੀਂ ਸੀ ਦੇਣਾ। ਹੁਣ ਤੂੰ ਜਾ। ਤੇਰਾ ਇੱਥੇ ਰਹਿ ਕੇ ਗੁਜ਼ਾਰਾ ਨ੍ਹੀਂ ਹੋ

ਸਕਣਾ। ਕਿਸੇ ਚੰਗੇ ਅਗਜ਼ਾਮ ਦੀ ਤਿਆਰੀ ਕਰ। ਸ਼ਾਇਦ ਹੈਂਡੀਕੈਪਿਡ ਹੋਣ ਕਰਕੇ ਤੈਨੂੰ ਸਰਕਾਰੀ ਨੌਕਰੀ ਛੇਤੀ ਮਿਲ ਜਾਵੇ। ਜੇ ਕੰਮ ਨਾ ਮਿਲਿਆ ਤਾਂ ਤੂੰ ਜਦੋਂ ਮਰਜ਼ੀ ਆ ਜਾਈਂ। ਆਪਣਾ ਘਰ ਸਮਝ ਕੇ।'' ਮੇਰੀਆਂ ਅੱਖਾਂ 'ਚ ਹੰਝੂ ਆ ਗਏ। ਮੈਂ ਉਨ੍ਹਾਂ ਦੇ ਪੈਰੀਂ ਹੱਥ ਲਾਇਆ। ਸਾਈਕਲ ਚੁੱਕਣ ਲੱਗਾ ਤਾਂ ਯਾਦ ਆਇਆ ਕਿ ਮਾਤਾ ਜੀ ਤੋਂ ਆਗਿਆ ਲਈ ਨਹੀਂ। ਮੈਂ ਫੇਰ ਅੰਦਰ ਗਿਆ। ਉਹ ਮੰਦਰ ਗਏ ਹੋਏ ਸਨ। ਮੈਂ ਸਾਈਕਲ 'ਤੇ ਲੱਤ ਦਿੱਤੀ ਤੇ ਪਿੰਡ ਨੂੰ ਚਾਲੇ ਪਾ ਦਿੱਤੇ।

—2—

ਮੈਂ ਤੇ ਤਰਸੇਮ ਪੱਕੇ ਦਲਾਨ 'ਚ ਬੈਠੇ ਟੀ.ਵੀ. 'ਤੇ ਕ੍ਰਿਕਟ ਮੈਚ ਦੇਖ ਰਹੇ ਸੀ। ਬਾਹਰਲਾ ਕੁੰਡਾ ਖੜਕਿਆ। ਬੀਬੀ ਨੇ ਦਰਵਾਜ਼ਾ ਖੋਲ੍ਹਿਆ। ਦੀਪਕ ਜੈਤੋਈ ਤੇ ਡੀ.ਆਰ. ਧਵਨ ਬਾਹਰ ਖੜ੍ਹੇ ਸਨ। ਬੀਬੀ ਨੂੰ ਮੈਂ ਇਹ ਤਾਂ ਦੱਸਿਆ ਸੀ ਕਿ ਉਨ੍ਹਾਂ ਕਿਸੇ ਦਿਨ ਆਉਣਾ ਹੈ। ਉਹ ਅੱਜ ਹੀ ਆ ਜਾਣਗੇ ਇਸ ਦੀ ਉਮੀਦ ਨਾ ਤਾਂ ਮੈਨੂੰ ਸੀ, ਨਾ ਹੀ ਬੀਬੀ ਨੂੰ।

ਮੈਂ ਆਮ ਕੱਪੜਿਆਂ 'ਚ ਸੀ। ਮੇਰੇ ਪਜਾਮਾ ਤੇ ਅੱਧ-ਘਸੀ ਬਨੈਣ ਪਾਈ ਸੀ। ਮੇਰੇ ਕੋਲ ਕਮਾਈ ਦਾ ਕੋਈ ਪੱਕਾ ਸਾਧਨ ਨਹੀਂ ਸੀ। ਜਿਵੇਂ ਕਿ ਪਹਿਲਾਂ ਹੁੰਦਾ ਸੀ ਹੁਣ ਇਕ ਵਾਰ ਫੇਰ ਤੋਂ ਮੈਂ ਤਰਸੇਮ 'ਤੇ ਨਿਰਭਰ ਸੀ। ਭਾਪਾ ਨੂਰਮਹਿਲ ਕੰਮ ਕਰਦਾ। ਉਹ ਸਿਰਫ ਆਪਣੇ ਬਾਰੇ ਸੋਚਦਾ। ਨਸ਼ੇ-ਪੱਤਿਆਂ 'ਤੇ ਖੁੱਲ੍ਹਾ ਖਰਚ ਕਰਦਾ। ਪਿੰਡ ਤੋਂ ਬੱਸ ਅੱਡਾ ਅੱਧਾ ਕੁ ਮੀਲ ਦੂਰ ਸੀ। ਜਦੋਂ ਕਣਕ ਜਾਂ ਮੱਕੀ ਵੱਢੀ ਜਾਂਦੀ ਤਾਂ ਹਰੇਕ ਖੇਤ 'ਚੋਂ ਪੰਜ-ਦਸ ਅੱਧੀਏ-ਪਊਏ ਅਵੱਸ਼ ਮਿਲਦੇ। ਇਹ ਭਾਪੇ ਦੇ ਸੁੱਟੇ ਹੁੰਦੇ। ਉਹ ਘਰ ਬਾਰੇ ਨਾ ਤਾਂ ਪਹਿਲਾਂ ਚਿੰਤੁਤ ਸੀ, ਨਾ ਹੀ ਹੁਣ। ਉਸ ਦੀ ਖਾਸੀਅਤ ਇਹ ਸੀ ਕਿ ਜੋ ਉਸ ਦੇ ਮਨ 'ਚ ਆਉਂਦਾ, ਉਹੀ ਕਰਦਾ। ਜ਼ਿੰਦਗੀ ਜਿਉਣ ਦਾ ਉਸ ਦਾ ਆਪਣਾ ਰੰਗ-ਢੰਗ ਸੀ। ਉਹ ਬਹੁਤੀਆਂ ਬੰਦਿਸ਼ਾਂ 'ਚ ਨਹੀਂ ਰਹਿ ਸਕਦਾ ਸੀ। ਉਹ ਯਾਰਾਂ ਦਾ ਯਾਰ ਸੀ। ਦੋਸਤਾਂ ਲਈ ਉਹ ਦੀ ਆਪਣੀ ਜਾਨ ਵੀ ਹਾਜ਼ਿਰ ਹੁੰਦੀ। ਮੈਨੂੰ ਇਕ ਘਟਨਾ ਨਹੀਂ ਭੁੱਲਦੀ। ਦੀਵਾਲੀ ਵਾਲਾ ਦਿਨ ਸੀ। ਅਸੀਂ ਉਸ ਦੀ ਉਡੀਕ ਕਰ ਰਹੇ ਸੀ। ਉਸ ਮਠਿਆਈ ਲਿਆਉਣੀ ਸੀ। ਦੀਵੇ ਜਗਾਉਣ ਜਾਣਾ ਸੀ। ਉਹ ਸੌ ਉਕਤਾਈਆਂ ਕਰ ਜਾਵੇ ਪਰ ਉਹ ਆਪਣੇ ਇਸ ਫਰਜ਼ ਨੂੰ ਭੁੱਲਦਾ ਨਹੀਂ ਸੀ। ਉਹ ਆਪਣੇ ਬਜ਼ੁਰਗਾਂ ਦੇ ਸਿਵਿਆਂ 'ਤੇ ਚਿਰਾਗ਼ ਜਗਾਉਂਦਾ। ਮਾਂ ਨੂੰ ਯਾਦ ਕਰਕੇ ਰੋਂਦਾ। ਉਹ ਨੂਰਮਹਿਲੋਂ ਆ ਕੇ ਵਿਹੜੇ ਵਾਲਿਆਂ 'ਚ ਜੂਆ ਖੇਡਣ ਬੈਠ ਗਿਆ। ਤਾਏ ਦਾ ਵੱਡਾ ਮੁੰਡਾ ਮੋਹਨ ਲਾਲ ਉਹ ਨੂੰ ਉੱਥੋਂ ਉਠਾਲ ਲਿਆਇਆ। ਸ਼ਰਾਬ ਨਾਲ ਰੱਜਿਆ ਉਹ ਘਰ ਆਉਣ ਦੀ ਥਾਂ 'ਤੇ ਆਪਣੇ ਲੰਗੋਟੀਏ ਦੋਸਤ ਕਰਤਾਰੇ ਕੇ ਘਰੇ ਚਲੇ ਗਿਆ। ਦੂਜੇ ਦਿਨ ਮੈਂ ਉਸ ਨੂੰ ਬੁਲਾਉਣ ਗਿਆ। ਉਸ ਨੂੰ ਬਹੁਤੀ ਸੁਰਤ ਨਹੀਂ ਸੀ। ਉਸ ਘਰ ਜਾਣ ਤੋਂ ਨਾਂਹ ਕਰ ਦਿੱਤੀ। ਉਸ ਦਾ ਕਰਤਾਰੇ ਕੇ ਘਰੇ ਬੈਠਣਾ ਮੇਰੇ ਲਈ ਬੇਇੱਜ਼ਤੀ ਭਰਿਆ ਸੀ। ਮੈਂ ਗੁੱਸੇ 'ਚ ਕਿਹਾ, ''ਤੂੰ ਜਾਂਦਾ ਕਿੱਦਾਂ ਨ੍ਹੀਂ?'' ਅੱਗੋਂ ਕਰਤਾਰੇ ਦੇ ਭਰਾ ਹਜ਼ਾਰੇ ਨੇ ਕ੍ਰਿਪਾਨ ਕੱਢ ਲਈ। ਉਹ ਲਾਲ-ਪੀਲਾ ਹੁੰਦਾ ਬੋਲਿਆ, ''ਸਾਡੇ ਯਾਰ ਨੂੰ ਹੱਥ ਲਾ ਕੇ ਦਿਖਾ।'' ਭਾਪਾ ਨੀਵੀਂ ਪਾਈ ਬੈਠਾ ਰਿਹਾ। ਹਜ਼ਾਰੇ ਨੇ ਸ਼ਰਾਬ ਦਾ ਗਲਾਸ ਭਰ ਕੇ ਦਿੱਤਾ। ਉਹ ਇਕੋ ਸਾਹੇ ਪੀ ਗਿਆ। ਤੀਜੇ ਦਿਨ ਉਹ ਨੂੰ ਸੁਰਤ ਆਈ। ਉਹ ਘਰੇ ਆਇਆ। ਪੁੱਛਣ ਲੱਗਾ, ''ਤੂੰ ਮਾਂ ਦੇ ਸਿਵੇ 'ਤੇ ਚਿਰਾਗ਼ ਕਰ ਆਇਆ ਸੀ ਕਿ ਨ੍ਹੀਂ?''

ਬੀਬੀ ਚਾਹ ਬਣਾ ਲਿਆਈ। ਦੀਪਕ ਜੈਤੋਈ ਹੋਰਾਂ ਨੇ ਮੇਰਾ ਸੱਜਾ ਹੱਥ ਦੇਖਿਆ ਤੇ ਬੋਲੇ, ''ਜੇ ਅੰਗੂਠਾ ਹੈ ਨ੍ਹੀਂ ਤਾਂ ਕੋਈ ਨਾ। ਖੱਬਾ ਹੱਥ ਤਾਂ ਠੀਕ ਐ।'' ਮੈਂ ਉਨ੍ਹਾਂ ਨੂੰ ਖੱਬਾ ਹੱਥ ਦਿਖਾਇਆ ਹੀ ਨਾ। ਉਨ੍ਹਾਂ ਪਹਿਲਾਂ ਹੀ ਫੈਸਲਾ ਕਰ ਰੱਖਿਆ ਸੀ। ਉਹ ਬੋਲੇ, ''ਸਰਦਾਰਨੀ ਜੀ, ਮੈਂ ਤੁਹਾਡੇ ਮੁੰਡੇ ਨੂੰ ਸ਼ਗਨ ਦੇਣੈ। ਜਿਸ ਕਿਸੇ ਨੂੰ ਬੁਲਾਉਣੈ ਬੁਲਾ ਲਿਆਓ।'' ਬੀਬੀ ਖੁਸ਼ ਸੀ। ਭਾਬੀ ਖੁਸ਼ ਸੀ। ਬੀਬੀ ਦੀ ਖੁਸ਼ੀ ਦਾ ਵੱਡਾ ਕਾਰਨ ਉਸ ਦਾ ਇਕ ਬੋਝ ਤੋਂ ਮੁਕਤ ਹੋਣਾ ਸੀ। ਇੱਧਰ ਮੇਰੀ ਉਮਰ ਵਧ ਰਹੀ ਸੀ ਤੇ ਉੱਧਰ ਉਸ ਦੀ ਚਿੰਤਾ ਵਧ ਰਹੀ ਸੀ। ਤਰਸੇਮ ਦੋ ਮੁੰਡਿਆਂ ਤੇ ਇਕ ਕੁੜੀ ਦਾ ਬਾਪ ਬਣ ਚੁੱਕਾ ਸੀ। ਬੀਬੀ ਦੀ ਮੇਰੇ ਬਾਰੇ ਬਹੁ-ਪੱਖੀ ਚਿੰਤਾ ਸੀ। ਮੈਂ ਐੱਮ.ਏ. ਕਰਕੇ ਵੀ ਬੇਰੁਜ਼ਗਾਰ ਸੀ। ਮੇਰੇ ਸਰਟੀਫਿਕੇਟਾਂ 'ਚ ਇਕ ਹੋਰ ਸਰਟੀਫਿਕੇਟ ਸ਼ਾਮਿਲ ਹੋ ਗਿਆ ਸੀ। ਉਹ ਸੀ-ਸਰੀਰਕ ਤੌਰ 'ਤੇ ਅੰਗਹੀਣ ਦਾ। ਉਹ ਚਿੰਤਾਗ੍ਰਸਤ ਹੋਈ ਗੁਰਦੁਆਰੇ ਜਾਂਦੀ। ਮੇਰੇ ਵਿਆਹ ਲਈ ਪਾਠ ਸੁੱਖ ਆਉਂਦੀ। ਵਡਭਾਗ ਸਿੰਘ ਦੇ ਡੇਰੇ ਗਈ। ਸੁੱਖ ਆਈ, ''ਸੱਚਿਆ ਪਾਤਸ਼ਾਹਾ, ਮੇਰੇ ਹਰਜਿੰਦਰ ਦੀ ਜੋੜੀ ਬਣ ਜਾਏ। ਮੈਂ ਜੋੜੀ ਨੂੰ ਨਾਲ ਲੈ ਕੇ ਆਵਾਂ।'' ਮਾਤਾ ਦਾ ਜਗਰਾਤਾ ਸੁੱਖ ਲਿਆ। ਮੈਂ ਉਸ ਦੇ ਮੂੰਹੋਂ ਇਹ ਗੱਲਾਂ ਸੁਣਦਾ। ਮੈਨੂੰ ਖਿਝ ਚੜ੍ਹਦੀ। ਮੈਂ ਉਸ ਨੂੰ ਸਮਝਾਉਣ ਦੇ ਲਹਿਜ਼ੇ 'ਚ ਕਹਿੰਦਾ, ''ਮੇਰੀ ਭੋਲੀਏ ਬੀਬੀਏ, ਅੱਜ ਕੱਲ੍ਹ ਮੁੰਡੇ ਤੀਹ-ਪੈਂਤੀ ਸਾਲਾਂ ਦੀ ਉਮਰ 'ਚ ਵਿਆਹ ਕਰਾਉਂਦੇ। ਮੇਰੀ ਉਮਰ ਤਾਂ ਅਜੇ ਛੱਬੀਆਂ ਸਾਲਾਂ ਦੀ ਆ। ਤੂੰ ਮੇਰੇ ਬਾਰੇ ਐਨਾ ਕਿਉਂ ਸੋਚਦੀ ਰਹਿਣੀਂ। ਮੇਰੇ ਕੋਲ ਕੋਈ ਰੁਜ਼ਗਾਰ ਨ੍ਹੀਂ। ਨੌਕਰੀ ਮਿਲਣ ਦੀ ਕੋਈ ਸੰਭਾਵਨਾ ਨ੍ਹੀਂ ਦਿੱਸਦੀ। ਜਿੰਨਾ ਚਿਰ ਮੈਂ ਆਪਣੇ ਪੈਰਾਂ 'ਤੇ ਨ੍ਹੀਂ ਖੜ੍ਹਦਾ, ਉੱਨਾ ਚਿਰ ਮੈਂ ਕੁੱਤੇ ਵਾਲਾ ਪਟਾ ਗਲ਼ 'ਚ ਨ੍ਹੀਂ ਪਵਾਉਣਾਂ।'' ਉਹ ਚੁੱਪ ਰਹਿੰਦੀ। ਉਸ ਦੀਆਂ ਅੱਖਾਂ ਭਰ ਜਾਂਦੀਆਂ। ਮੈਥੋਂ ਉਸ ਦੇ ਸਾਹਮਣੇ ਬੈਠਿਆ ਨਾ ਜਾਂਦਾ। ਮੈਂ ਹਵੇਲੀ ਆ ਜਾਂਦਾ।

ਦੀਪਕ ਜੈਤੋਈ ਨੇ ਤਰਸੇਮ ਨੂੰ ਪੰਜਾਹ ਰੁਪਏ ਦਿੱਤੇ। ਛੁਆਰੇ ਤੇ ਪਤਾਸੇ ਲਿਆਉਣ ਲਈ ਕਿਹਾ। ਛੋਟਾ ਤਾਇਆ ਆ ਗਿਆ। ਉਸ ਨੂੰ ਗੱਲਬਾਤ ਕਰਨ ਦਾ ਵੱਲ ਆਉਂਦਾ ਸੀ। ਜੈਤੋਈ ਕਹਿਣ ਲੱਗੇ, "ਲਾਲਾ ਜੀ, ਮੈਂ ਪੰਜ ਕੁੜੀਆਂ ਦਾ ਬਾਪ ਹਾਂ। ਮੇਰੇ ਕੋਲ ਦੇਣ ਲਈ ਕੁਝ ਵੀ ਨਹੀਂ। ਵੱਡੀਆਂ ਦੋ ਵਿਆਹੀਐਂ-ਕੋਈ ਲੁਕ-ਲੁਕੋ ਨ੍ਹੀਂ ਰੱਖਿਐ। ਬਾਕੀ ਤੁਸੀਂ ਦੇਖ ਲਉ।" ਤਾਇਆ ਬੋਲਿਆ, "ਅਸੀਂ ਵੀ ਜੰਮੀਆਂ ਵਾਲੇ ਹਾਂ। ਮੇਰੀਆਂ ਆਪ ਚਾਰ ਧੀਆਂ। ਸਾਡਾ ਕੰਮ ਸਿੱਧ ਪੱਧਰਾ ਹੁੰਦਾ। ਆਪਣਾ ਓਹਲਾ ਰੱਖਣਾ ਨ੍ਹੀਂ। ਅਗਲੇ ਦਾ ਪੁੱਛਣਾ ਨ੍ਹੀਂ। ਮੁੰਡੇ ਦੀ ਜ਼ਿੰਮੇਵਾਰੀ ਮੇਰੇ ਸਿਰ 'ਤੇ ਛੱਡ ਦਿਓ। ਜੇ ਕੋਈ ਉਲਾਂਭਾ ਆਇਆ ਤਾਂ ਜੁੱਤੀ ਤੁਹਾਡੀ ਹੋਊਗੀ-ਸਿਰ ਮੇਰਾ। ਸਾਨੂੰ ਕਿਸੇ ਚੀਜ਼ ਦੀ ਲੋੜ ਨ੍ਹੀਂ। ਕੁੜੀ ਘਰ ਸੰਭਾਲਣ ਵਾਲੀ ਹੋਵੇ। ਵੱਡਿਆਂ ਦੀ ਇੱਜ਼ਤ ਕਰਨ ਵਾਲੀ ਹੋਵੇ। ਬਸ ਇਕ ਗੱਲ ਦਾ ਖਿਆਲ ਰੱਖਿਓ-ਕੁੜੀ ਮੁੰਡੇ ਦੇ ਹਾਣ ਪ੍ਰਵਾਨ ਦੀ ਹੋਵੇ।" ਜੈਤੋਈ ਵਿਚੋਂ ਹੀ ਟੋਕ ਕੇ ਬੋਲੇ, "ਕੁੜੀ ਮੁੰਡੇ ਨਾਲੋਂ ਸੋਹਣੀ ਐ।"

ਰਸਮ ਸ਼ੁਰੂ ਹੋ ਗਈ। ਪਿੰਡ ਦੀ ਕਿਸੇ ਵੀ ਹੱਟੀ ਤੋਂ ਲੱਡੂ ਨਾ ਮਿਲੇ। ਦੀਪਕ ਜੈਤੋਈ ਨੇ ਛੁਆਰੇ ਤੇ ਇਕ ਸੌ ਇਕ ਰੁਪਏ ਮੇਰੀ ਝੋਲੀ ਪਾ ਕੇ ਪਿਆਰ ਦਿੱਤਾ। ਇਕਵੰਜਾ ਰੁਪਏ ਭਾਪੇ ਲਈ ਦਿੰਦਿਆਂ ਹੱਥ ਜੋੜੇ, "ਸੇਠ ਸਾਹਿਬ ਨੂੰ ਮੇਰੀ ਮਜਬੂਰੀ ਦੱਸ ਦੇਣੀ। ਮੈਂ ਅੱਜ ਹੀ ਜੈਤੋ ਜਾਣੈ। ਤੁਸੀਂ ਮੇਰਾ ਮਾਣ ਰੱਖਿਐ-ਮੈਂ ਇਹਨੂੰ ਕਦੇ ਨ੍ਹੀਂ ਭੁੱਲਦੈ। ਅਗਲੀ ਵੇਰ ਉਨ੍ਹਾਂ ਨੂੰ ਮਿਲੂੰਗਾ।" ਤਾਏ ਨੇ ਉਨ੍ਹਾਂ ਦੇ ਹੱਥ ਫੜ ਲਏ। ਕਿਹਾ, "ਮੈਨੂੰ ਆਪਣੇ ਭਰਾ ਦਾ ਪਤਾ। ਮੇਰਾ ਕੀਤਾ ਉਸ ਉਲੱਦਣਾ ਨ੍ਹੀਂ। ਤੁਸੀਂ ਨਿਸਚਿੰਤ ਹੋ ਕੇ ਜਾਉ।" ਤੁਰਨ ਤੋਂ ਪਹਿਲਾਂ ਜੈਤੋਈ ਹੋਰਾਂ ਕਿਹਾ, "ਸਰਦਾਰਨੀ ਜੀ, ਅਸੀਂ ਕੁੜੀ ਦਾ ਵਿਆਹ ਜਲਦੀ ਕਰ ਦੇਣਾ।" ਬੀਬੀ ਦਾ ਜੁਆਬ ਸੀ, "ਜਿੱਦਾਂ ਤੁਸੀਂ ਕਹੋਗੇ, ਅਸੀਂ ਕਰ ਲਵਾਂਗੇ। ਤੁਸੀਂ ਹਰਜਿੰਦਰ ਦੇ ਭਾਪੇ ਨੂੰ ਮਿਲ ਲਿਉ-ਆਖਰੀ ਫੈਸਲਾ ਉਨ੍ਹਾਂ ਕਰਨਾ।" ਜੈਤੋਈ ਹੋਰਾਂ ਕਿਹਾ, "ਮੈਂ ਅਗਲੇ ਹਫਤੇ ਦਿੱਲੀ ਇਕ ਪ੍ਰੋਗਰਾਮ 'ਤੇ ਜਾਣੈ, ਉਸ ਮਗਰੋਂ ਆਵਾਂਗਾ। ਸੇਠ ਸਾਹਿਬ ਨੂੰ ਮਿਲ ਕੇ ਦਿਨ ਪੱਕਾ ਕਰ ਲਵਾਂਗਾ। ਅਜੇ ਦੋ ਹੋਰ ਵਿਆਹੁਣ ਵਾਲੀਆਂ ਪਈਆਂ।"

ਘਰ 'ਚ ਦੋ-ਤਿੰਨ ਦਿਨ ਖੁਸ਼ੀ ਦਾ ਮਾਹੌਲ ਰਿਹਾ। ਭਾਬੀ ਤੁਰੀ ਫਿਰਦੀ ਟਿੱਚਰ ਕਰ ਜਾਂਦੀ। ਪਰ ਮੈਥੋਂ ਕੋਈ ਜੁਆਬ ਨਾ ਦਿੱਤਾ ਗਿਆ। ਮੈਨੂੰ ਵਾਰ-ਵਾਰ ਲੱਗਦਾ ਜਿਵੇਂ ਮੈਥੋਂ ਕੋਈ ਵੱਡੀ ਗਲਤੀ ਹੋਣ ਜਾ ਰਹੀ ਹੈ। ਮੈਂ ਕਿਸੇ ਦਾ ਹੱਕ ਮਾਰਨ ਜਾ ਰਿਹਾ ਹਾਂ। ਮੈਂ ਸੌਣ ਲੱਗਾ ਵਾਰ-ਵਾਰ ਪੁਸ਼ਪਾ ਨੂੰ ਯਾਦ ਕਰਦਾ। ਚਾਹੁੰਦਾ ਕਿ ਉਹ ਸੁਪਨੇ 'ਚ ਆ ਕੇ, ਆਪਣਾ ਹੁਕਮਨਾਮਾ ਸੁਣਾਏ ਪਰ ਲੱਖ ਕੋਸ਼ਿਸ਼ ਕਰਨ 'ਤੇ ਹੀ ਉਹ ਮੇਰੇ ਸੁਪਨਿਆਂ 'ਚ ਨਾ ਆਈ। ਮੈਂ ਆਪਣੀਆਂ ਸੋਚਾਂ ਕਾਮਰੇਡ ਧੰਨਾ ਸਿੰਘ ਨਾਲ ਸਾਂਝੀਆਂ ਕੀਤੀਆਂ ਤਾਂ ਉਸ ਆਪਣਾ ਪੀਰੀਅਡ ਸ਼ੁਰੂ ਕਰ ਦਿੱਤਾ, "ਤੁਸੀਂ ਆਖਰੀ ਵਾਰ ਕਦੋਂ ਮਿਲੇ ਸੀ?"

"ਹੁਣ ਤਾਂ ਇਹ ਵੀ ਯਾਦ ਨ੍ਹੀਂ।"

"ਲੈ ਦੇਖ ਲਓ ਤੁਹਾਡਾ ਪਿਆਰ। ਇਹ ਵੀ ਯਾਦ ਨ੍ਹੀਂ ਕਦੋਂ ਮਿਲੇ।"

"ਯਾਦ ਤਾਂ ਰੱਖਦਾ, ਜੇ ਮੈਂ ਉਹਨੂੰ ਭੁੱਲਿਆ ਹੁੰਦਾ। ਉਹ ਤਾਂ ਮੇਰੇ ਸਾਹਾਂ 'ਚ ਵਸਦੀ ਆ।"

"ਇਹ ਤਾਂ ਠੀਕ ਆ। ਕੁਦਰਤ ਦਾ ਆਪਣਾ ਨਿਯਮ ਆ। ਉਹਨੇ ਔਰਤ ਤੇ ਮਰਦ ਇਸ ਲਈ ਪੈਦਾ ਕੀਤੇ ਆ ਕਿ ਸੰਸਾਰ ਨੂੰ ਅਗਾਂਹ ਤੋਰਿਆ ਜਾਵੇ। ਤੂੰ ਕੋਈ ਜੱਗੋਂ ਤੇਹਰਵੀਂ ਗੱਲ ਨ੍ਹੀਂ ਕਰਨੀ। ਆਪਣੇ ਖਾਨਦਾਨ ਨੂੰ ਅਗਾਂਹ ਤੋਰਨਾ ਆ। ਵਧਾਉਣਾ ਆ।"

"ਪਰ ਪੁਸ਼ਪਾ...।"

ਉਹਨੇ ਮੇਰੀ ਗੱਲ ਨੂੰ ਵਿਚਕਾਰੋਂ ਹੀ ਟੋਕਿਆ, "ਕੱਲੀਆਂ ਯਾਦਾਂ ਦੇ ਸਿਰ 'ਤੇ ਇਹ ਜ਼ਿੰਦਗੀ ਨ੍ਹੀਂ ਚੱਲਦੀ ਹੁੰਦੀ। ਤੇਰਾ ਕੀ ਖਿਆਲ ਆ ਕਿ ਉਸ ਕੁੜੀ ਨੇ ਵਿਆਹ ਨ੍ਹੀਂ ਕਰਵਾਇਆ ਹੋਵੇਗਾ। ਜਿੰਨਾ ਚਿਰ ਕੁੜੀ ਦਾ ਵਿਆਹ ਨ੍ਹੀਂ ਹੋ ਜਾਂਦਾ, ਓਨਾ ਚਿਰ ਨਾ ਤਾਂ ਮਾਂ ਨੂੰ ਭਰਵੀਂ ਨੀਂਦ ਆਉਂਦੀ ਆ, ਨਾ ਪਿਓ ਨੂੰ। ਮੈਨੂੰ ਪੱਕਾ ਯਕੀਨ ਆ ਕਿ ਉਹਨੇ ਵਿਆਹ ਕਰਵਾ ਲਿਆ ਹੋਣਾ.... ਮੈਂ ਜ਼ਿੰਦਗੀ 'ਚ ਪਹਿਲੀ ਵਾਰ ਤੈਨੂੰ ਹੁਕਮ ਦੇ ਰਿਹਾ ਹਾਂ ਕਿ ਬੰਦੇ ਦਾ ਪੁੱਤ ਬਣ ਕੇ ਉਹਨੂੰ ਭੁੱਲ ਜਾ ਤੇ ਆਪਣੀ ਨਵੀਂ ਜ਼ਿੰਦਗੀ ਸ਼ੁਰੂ ਕਰ....।"

— 3 —

ਮੈਂ ਪੰਚਾਇਤ ਮੈਂਬਰ ਸੀ। ਆਏ ਦਿਨ ਲੋਕਾਂ ਦੇ ਝਗੜੇ ਸੁਣਨੇ ਪੈਂਦੇ। ਫੈਸਲੇ ਕਰਨੇ ਪੈਂਦੇ। ਮੈਨੂੰ ਇਸ ਗੱਲ ਦਾ ਅਕਸਰ ਸਾਹਮਣਾ ਕਰਨਾ ਪੈਂਦਾ ਕਿ ਜਦੋਂ ਮੈਂ ਜ਼ਿਮੀਂਦਾਰਾਂ ਦੀ ਬਹੁ-ਸੰਮਤੀ ਦੇ ਫੈਸਲੇ ਵਿਰੁੱਧ ਬੋਲਦਾ ਤਾਂ ਮੇਰੀ ਡਿਗਰੀ ਜਾਂ ਲਿਆਕਤ ਦਾ ਕੋਈ ਮੁੱਲ ਨਾ ਪੈਂਦਾ। ਮੈਨੂੰ ਜਾਣ-ਬੁੱਝ ਕੇ ਨੀਵਾਂ ਦਿਖਾਉਣ ਦਾ ਯਤਨ ਕੀਤਾ ਜਾਂਦਾ। ਕੁਝ ਘਰਾਂ ਨੂੰ ਇਸ ਗੱਲ ਦੀ ਵੀ ਤਕਲੀਫ ਸੀ ਕਿ ਸੁਨਿਆਰਿਆਂ ਦਾ ਮੁੰਡਾ ਪੰਚਾਇਤ ਮੈਂਬਰ ਕਿਵੇਂ ਚੁਣਿਆ ਗਿਆ। ਵੱਡੇ ਤਾਏ ਨੂੰ

ਮੂੰਹ ਜ਼ੁਬਾਨੀ ਪੰਚ ਬਣਾਉਣ ਲਈ ਕਈ ਵਾਰ ਕਿਹਾ ਸੀ। ਪਰ ਉਹ ਮੰਨਿਆ ਨਹੀਂ ਸੀ। ਸਾਡੇ ਪਰਿਵਾਰ 'ਚੋਂ ਕਿਸੇ ਕੋਲ ਇੰਨਾ ਸਮਾਂ ਨਹੀਂ ਸੀ ਕਿ ਕੋਈ ਪੰਚਾਇਤ ਦੀ ਚੋਣ ਲੜੇ। ਬਸ-ਇੰਨਾ ਕੁ ਕਰਦੇ-ਮੂੰਹ-ਮੱਥੇ ਲੱਗਦੇ ਨੂੰ ਵੋਟਾਂ ਪਾ ਦਿੰਦੇ। ਮੈਂ ਵਿਹਲਾ ਸੀ। ਇਸੇ ਲਈ ਪੰਚਾਇਤ ਦੀ ਚੋਣ ਲੜੀ। 65 ਵੋਟਾਂ ਲੈ ਕੇ ਜਿੱਤਿਆ। ਲੰਬੜਦਾਰ ਉਦਮ ਸਿੰਘ ਨੇ ਇੱਥੋਂ ਤੱਕ ਕਿਹਾ ਸੀ, "ਜਾਤ ਦੀ ਕੋਹੜ-ਕਿਰਲੀ ਤੇ ਛਤੀਰਾਂ ਨੂੰ ਜੱਫੇ। ਸੁਨਿਆਰਾ ਸਾਡੇ ਬਰੋਬਰ ਬੈਠੂਗਾ।" ਮੈਂ ਹੱਸਦਿਆਂ-ਹੱਸਦਿਆਂ ਉਨ੍ਹਾਂ ਦੀਆਂ ਗੱਲਾਂ ਵਿਸਾਰ ਦਿੰਦਾ। ਮੈਂ ਜਾਣਦਾ ਸੀ ਕਿ ਪਿੰਡ ਦੇ ਜ਼ਿਮੀਂਦਾਰ ਆਪਣੀ ਬਰਾਦਰੀ ਤੋਂ ਬਿਨਾਂ ਕਿਸੇ ਦੂਜੇ ਨੂੰ ਆਪਣੇ ਬਰਾਬਰ ਨਹੀਂ ਸਮਝਦੇ। "ਜਗੀਰਦਾਰੀ ਸਿਸਟਮ ਨੇ ਆਪਣਾ ਅਸਰ ਦਿਖਾਉਣਾ ਹੁੰਦਾ।" ਮੈਨੂੰ ਕਾਮਰੇਡ ਧੰਨਾ ਸਿੰਘ ਦੀਆਂ ਗੱਲਾਂ ਯਾਦ ਆਉਂਦੀਆਂ। ਪਰ ਹੁਣ ਤਾਂ ਅਹਿਮ ਤਬਦੀਲੀਆਂ ਆ ਰਹੀਆਂ ਸਨ। ਕਈ ਘਰਾਂ ਦੀਆਂ ਥੁੜ੍ਹਾਂ, ਲੋੜਾਂ ਸਾਡਾ ਪਰਿਵਾਰ ਪੂਰਾ ਕਰਦਾ। ਕੋਈ ਫਰਵਰੀ-ਮਾਰਚ 'ਚ ਸਾਡੇ ਘਰੋਂ ਕਣਕ ਉਧਾਰੀ ਲੈ ਜਾਂਦਾ। ਕਿਸੇ ਨੂੰ ਡੀਜ਼ਲ ਲੈਣ ਲਈ ਪੈਸਿਆਂ ਦੀ ਲੋੜ ਪੈਂਦੀ ਤਾਂ ਉਹ ਲੇਲ੍ਹੜੀਆਂ ਕੱਢਦਾ। ਨਿੱਕੀਆਂ-ਮੋਟੀਆਂ ਲੋੜਾਂ ਪੈਂਦੀਆਂ ਰਹਿੰਦੀਆਂ। ਆਦਿਧਰਮੀਆਂ ਦੇ ਕਈ ਮੁੰਡੇ ਅਮਰੀਕਾ, ਜਰਮਨੀ ਤੇ ਅਰਬ ਦੇਸ਼ਾਂ 'ਚ ਚਲੇ ਗਏ। ਉਨ੍ਹਾਂ ਆਪਣੇ ਮਕਾਨ ਜ਼ਿਮੀਂਦਾਰਾਂ ਤੋਂ ਚੰਗੇ ਬਣਾ ਲਏ। ਪਰ ਜ਼ਿਮੀਂਦਾਰ ਕਦੇ ਉਨ੍ਹਾਂ ਨੂੰ ਆਪਣੇ ਬਰਾਬਰ ਨਾ ਸਮਝਦੇ। ਪੰਚਾਇਤ ਘਰ 'ਚ ਪੰਚਾਇਤ ਹੁੰਦੀ। ਮੈਂ ਇਹ ਘੋਖਣਾ ਸ਼ੁਰੂ ਕੀਤਾ ਕਿ ਦੇਖਾਂ ਕੁਰਸੀਆਂ 'ਤੇ ਕੌਣ-ਕੌਣ ਬੈਠਦਾ ਹੈ। ਸਰਪੰਚ, ਪੰਚਾਂ ਤੋਂ ਬਾਅਦ ਖਾਲੀ ਕੁਰਸੀਆਂ 'ਤੇ ਜ਼ਿਮੀਂਦਾਰ ਬੈਠਦੇ। ਉਨ੍ਹਾਂ ਤੋਂ ਕੋਈ ਉੱਪਰਲਾ (ਜ਼ਮੀਨ ਦੇ ਪੱਖ ਤੋਂ) ਆ ਜਾਂਦਾ ਤਾਂ ਕਈ ਇਕ ਕੁਰਸੀਆਂ ਉਸ ਲਈ ਖਾਲੀ ਹੋ ਜਾਂਦੀਆਂ। ਤਰਖਾਣ, ਅਰੋੜੇ, ਸੁਨਿਆਰੇ, ਆਦਿਧਰਮੀ ਜਾਂ ਬਾਲਮੀਕਾਂ ਦਾ ਬੰਦਾ ਜਾਂ ਤਾਂ ਪਿੱਪਲ ਹੇਠਾਂ ਆ ਖੜ੍ਹਦਾ ਜਾਂ ਦਰੀ 'ਤੇ ਬੈਠ ਜਾਂਦਾ। ਉਸ ਵੱਲ ਕਿਸੇ ਦਾ ਧਿਆਨ ਨਾ ਜਾਂਦਾ। ਆਦਿਧਰਮੀਆਂ ਦੇ ਆਰ. ਐਮ. ਪੀ. ਦਵਿੰਦਰ ਕੁਮਾਰ ਨੂੰ, ਜੋ ਅਗਾਂਹਵਧੂ ਵਿਚਾਰਾਂ ਦਾ ਸੀ, ਤੇ ਧੱਕੇਸ਼ਾਹੀ ਵਿਰੁੱਧ ਪੰਗਾ ਲੈਣਾ ਉਸ ਦਾ ਸੁਭਾਅ ਹੀ ਬਣ ਗਿਆ ਸੀ, ਨੂੰ ਵੀ ਅਕਸਰ ਬੇਇੱਜ਼ਤ ਕੀਤਾ ਜਾਂਦਾ। ਮੇਰੀ ਇਸ ਵਿਵਸਥਾ ਅੱਗੇ ਇਕ ਨਾ ਚਲਦੀ। ਇਕ ਝਗੜੇ 'ਚ, ਜੋ ਕਿ ਪਿੰਡ ਦੇ ਪੰਚਾਇਤ ਮੈਂਬਰ ਤੇ ਇਕ ਗ਼ੈਰ-ਜ਼ਿਮੀਂਦਾਰ 'ਚ ਹੋਇਆ ਸੀ, ਦੇ ਸੰਬੰਧ 'ਚ ਕੋਈ ਵੀ ਫੈਸਲਾ ਹੁੰਦਾ ਨਾ ਦੇਖ ਕੇ, ਮੈਥੋਂ ਪੰਚਾਇਤ ਘਰ ਦੇ ਗੇਟ ਕੋਲ ਕਹਿ ਹੀ ਹੋ ਗਿਆ ਸੀ-"ਬੋਲੇ-ਲੱਧੜਾਂ ਦੀ ਪੰਚਾਇਤ ਮੁਰਦਾਬਾਦ।"

ਕਾਮਰੇਡ ਧੰਨਾ ਸਿੰਘ ਦੀ ਹੱਲਾਸ਼ੇਰੀ ਮੇਰੇ ਬਹੁਤ ਕੰਮ ਆਉਂਦੀ। ਮੈਂ ਉਨ੍ਹਾਂ ਦੇ ਖੂਹ 'ਤੇ ਜਾਂਦਾ। ਉਹ ਮੈਨੂੰ ਪਿੰਡ ਦੀ ਰਾਜਨੀਤੀ ਦੇ ਨੁਕਤੇ ਸਮਝਾਉਂਦਾ। ਇਕ ਦਿਨ ਮੈਂ ਪੰਚ ਮਿਸਤਰੀ ਉਦਮ ਸਿੰਘ ਦੇ ਸਭ ਤੋਂ ਛੋਟੇ ਮੁੰਡੇ ਜੀਤੇ ਨੂੰ ਨਾਲ ਲਿਆ। ਅਸੀਂ ਬਲਬਾਂ/ਟਿਊਬਾਂ ਲਈ ਜਗ੍ਹਾ ਚੁਣ ਲਈ। ਕਿੰਨਾ ਖਰਚ ਹੋਵੇਗਾ? ਦਾ ਹਿਸਾਬ ਲਾ ਲਿਆ। ਪੰਚ ਜੀਤ ਸਿੰਘ ਬੋਲਿਆ, "ਇਸ ਦਾ ਬਿੱਲ ਕੌਣ ਦਊਗਾ?" ਮੈਂ ਦੱਸਿਆ, "ਅਸੀਂ ਫੀਟਿੰਗ ਕਰਾ ਦਿਆਂਗੇ। ਲਾਗਲੇ ਘਰ ਤੋਂ ਕੁਨੈਕਸ਼ਨ ਲੈ ਲਾਂਗੇ।" ਉਹ ਕਹਿਣ ਲੱਗਾ, "ਤੂੰ ਅਜੇ ਨਿਆਣਾ। ਲੋਕ ਇਕ ਦੋ ਮਹੀਨੇ ਤਾਂ ਬਰਦਾਸ਼ਤ ਕਰ ਸਕਦੇ। ਫੇਰ ਉਨ੍ਹਾਂ ਧੋਤੀ ਚੁੱਕ ਕੇ ਦਿਖਾ ਦੇਣੀ।" ਮੈਨੂੰ ਉਸ ਦੀ ਗੱਲ 'ਚ ਵਜ਼ਨ ਲੱਗਿਆ। ਦੂਜੇ ਪਲ ਮੈਂ ਇਸ ਦਾ ਵੀ ਹੱਲ ਲੱਭ ਲਿਆ, "ਆਪਾਂ ਸਾਰੇ ਪੰਚ ਵਾਰੋ-ਵਾਰੀ ਬਿੱਲ ਦਿਆਂਗੇ। ਸਾਲ 'ਚ ਹਰੇਕ ਪੰਚ ਦੇ ਹਿੱਸੇ ਇਕ ਬਿੱਲ ਆਉਣਾ।" ਉਸ ਕੋਲ ਮੇਰੀ ਇਸ ਗੱਲ ਦਾ ਕੋਈ ਜੁਆਬ ਨਹੀਂ ਸੀ। ਉਸ ਸਰਪੰਚ ਦੇ ਕੰਨ 'ਚ ਫੂਕ ਮਾਰੀ। ਉਸ ਮੇਰੀਆਂ ਯੋਜਨਾ ਨੂੰ ਇਕ ਖੂੰਝੇ ਰੱਖ ਦਿੱਤਾ। ਇਸ 'ਤੇ ਲੰਬੀ ਲੀਕ ਮਾਰ ਦਿੱਤੀ। ਕਾਮਰੇਡ ਧੰਨਾ ਸਿੰਘ ਦਾ ਵਿਚਾਰ ਸੀ, "ਬਾਬੂ ਹਰਜਿੰਦਰ ਪਾਲ, ਇਹ ਕਿੱਦਾਂ ਬਰਦਾਸ਼ਤ ਕਰ ਸਕਦੇ-ਬਈ ਕੱਲ੍ਹ ਦਾ ਜੰਮਿਆ ਮੁੰਡਾ ਇਨ੍ਹਾਂ ਤੋਂ ਉੱਪਰ ਆ ਖੜ੍ਹੇ। ਇਨ੍ਹਾਂ ਨੂੰ ਤੈਥੋਂ ਨ੍ਹੀਂ ਖਤਰਾ-ਤੇਰੇ ਦਿਮਾਗ ਤੋਂ ਖਤਰਾ। ਜੇ ਤੇਰੀਆਂ ਸਕੀਮਾਂ ਚੱਲ ਨਿਕਲੀਆਂ-ਤੇਰੀ ਬੱਲੇ-ਬੱਲੇ ਹੋ ਜਾਣੀ। ਫੇਰ ਇਨ੍ਹਾਂ ਨੂੰ ਕੌਣ ਪੁੱਛੂ। ਇਨ੍ਹਾਂ ਤਾਂ ਸ਼ਾਮ ਲਈ ਅਧੀਏ ਪਊਏ ਦਾ ਜੁਗਾੜ ਕਰਨਾ ਹੁੰਦਾ। ਮੈਂ ਤੈਨੂੰ ਇਹ ਨ੍ਹੀਂ ਕਹਿੰਦਾ ਕਿ ਤੂੰ ਢੇਰੀ ਢਾਅ ਬੈਠ। ਤੂੰ ਬਾਕੀ ਪੰਚਾਂ ਨੂੰ ਨਾਲ ਲੈ ਕੇ ਚੱਲ। ਇਹ ਕੰਮ ਹੈ ਤਾਂ ਔਖਾ। ਪਹਿਲਾਂ ਤੇਰੇ ਨਾਲ ਇਕ ਤੁਰੇਗਾ-ਫੇਰ ਦੂਜਾ। ਫੇਰ ਤੁਹਾਡੀ ਟੀਮ ਬਣ ਜਾਊਗੀ। ਇਹ ਟੀਮ-ਵਰਕ ਦਾ ਕੰਮ ਆ। ਤੂੰ ਹੌਸਲਾ ਨਾ ਢਾਹਿਆ ਕਰ। ਹੌਲੀ-ਹੌਲੀ ਚੱਲ। ਮੈਂ ਤੇਰੇ ਨਾਲ ਆਂ। ਮੈਂ ਚਾਹੁਨਾਂ ਤੂੰ ਪਿੰਡ ਦਾ ਸਰਪੰਚ ਬਣੇ। ਹੁਣ ਨੌਜੁਆਨਾਂ ਦੀ ਲੋੜ ਆ।" ਸਰਪੰਚ ਗੁਰਚਰਨ ਸਿੰਘ ਇੰਗਲੈਂਡ ਗਿਆ ਤਾਂ ਸਰਪੰਚ ਵਾਲੀ ਮੋਹਰ ਮੈਨੂੰ ਦੇ ਗਿਆ। ਉਹ ਛੇ ਮਹੀਨਿਆਂ ਬਾਅਦ ਵਾਪਸ ਮੁੜਿਆ। ਉਹ ਮੇਰੀਆਂ ਗਤੀਵਿਧੀਆਂ ਤੋਂ ਡਾਹਢਾ ਔਖਾ ਹੋਇਆ। ਇੰਨਾ ਔਖਾ ਕਿ ਉਸ ਮੈਨੂੰ ਬੁਲਾਉਣਾ ਹੀ ਛੱਡ ਦਿੱਤਾ। ਮੇਰੀਆਂ ਕੀਤੀਆਂ ਕਰਾਈਆਂ 'ਤੇ ਲੰਬੀ ਲੀਕ ਮਾਰ ਦਿੱਤੀ। ਮੈਂ ਉਸ ਲਈ ਸੇਹ ਦਾ ਤਕਲਾ ਬਣ ਗਿਆ। ਮੈਨੂੰ ਇੰਨਾ ਅਣਡਿੱਠਾ ਕੀਤਾ ਜਾਣ ਲੱਗਾ ਕਿ ਮੈਂ ਘਰ ਹੁੰਦਾ, ਪਰ ਮੈਨੂੰ ਪੰਚਾਇਤ 'ਚ ਨਾ ਸੱਦਿਆ ਜਾਂਦਾ। ਮੈਂ ਸਾਈਕਲ 'ਤੇ ਨਕੋਦਰ (ਪੰਚਾਇਤ ਘਰ ਕੋਲੋਂ ਲੰਘਦਾ) ਜਾਂਦਾ, ਪੰਚਾਇਤ ਜੁੜੀ ਬੈਠੀ ਹੁੰਦੀ, ਮੈਨੂੰ ਕੋਈ ਆਵਾਜ਼ ਨਾ ਮਾਰਦਾ। ਵਿਸ਼ੇਸ਼ ਕਰਕੇ

ਉਦੋਂ ਜਦੋਂ ਜ਼ਿਮੀਂਦਾਰਾਂ ਦੇ ਆਪਣੇ ਝਗੜੇ ਹੁੰਦੇ। ਆਦਿਧਰਮੀਆਂ ਦਾ ਕੋਈ ਝਗੜਾ ਹੁੰਦਾ ਜਾਂ ਤਰਖਾਣਾਂ ਦਾ, ਮੈਨੂੰ ਉਹ ਉਚੇਚਾ ਸੱਦਦੇ। ਮੈਂ ਜਾਂਦਾ। ਆਪਣੀ ਗੱਲ ਮੰਨਵਾਉਂਦਾ। ਉਨ੍ਹਾਂ ਦੇ ਇਕ-ਪਾਸੜ ਫੈਸਲੇ ਵਿਰੁੱਧ ਅੜਦਾ।

ਉਨ੍ਹਾਂ ਲਈ ਮੇਰੀ ਹੋਂਦ ਅਸਹਿ ਸੀ। ਵਿਰੋਧ ਵਧਦਾ ਗਿਆ। ਮੈਂ ਪਿੰਡ ਨੂੰ ਖੁਸ਼ਹਾਲ ਦੇਖਣਾ ਚਾਹੁੰਦਾ ਸੀ। ਉਨ੍ਹਾਂ ਦੀ ਪਾਲਿਸੀ ਸੀ ਕਿ ਮੈਨੂੰ ਖੂੰਝੇ ਲਾ ਕੇ ਰੱਖਣਾ ਹੈ। ਇਨ੍ਹਾਂ ਦਿਨਾਂ 'ਚ ਲਾਗਲੇ-ਛਾਗਲੇ ਪਿੰਡਾਂ 'ਚ ਚੋਰੀਆਂ ਦਾ ਡਰ ਫੈਲ ਗਿਆ। ਪੰਜ-ਸੱਤ ਜਣਿਆਂ ਦੀ ਟੋਲੀ ਆਉਂਦੀ। ਕਿਸੇ ਦੀਆਂ ਬਾਲੀਆਂ ਲਾਹ ਲੈਂਦੇ। ਕਿਸੇ ਦਾ ਕੁਝ ਚੁੱਕ ਲੈ ਜਾਂਦੇ। ਲੋਕਾਂ ਦੀ ਨੀਂਦ ਉੱਡ ਗਈ। ਮੈਂ ਠੀਕਰੀ ਪਹਿਰਾ ਲਾਉਣ ਲਈ ਕਿਹਾ। ਸਰਪੰਚ ਮੰਨ ਗਿਆ। ਮੰਨਣਾ ਉਸ ਦੀ ਮਜਬੂਰੀ ਵੀ ਸੀ। ਮੈਂ ਉਨ੍ਹਾਂ ਦੀ ਪਾਰਟੀ ਦਾ ਚੁਣਿਆ ਹੋਇਆ ਮੈਂਬਰ ਸੀ। ਪਰ ਉਸ ਮੈਨੂੰ ਕਦੇ ਵੀ ਮਨੋਂ ਨਾ ਕਬੂਲਿਆ। ਇਹ ਸਭ ਕੁਝ ਮੇਰੇ ਗ਼ੈਰ-ਜ਼ਿਮੀਂਦਾਰ ਹੋਣ ਕਰਕੇ ਸੀ ਜਾਂ ਮੈਂ ਉਨ੍ਹਾਂ ਦੇ ਬਣਾਏ ਸੱਚੇ 'ਚ ਫਿੱਟ ਨਹੀਂ ਆ ਰਿਹਾ ਸੀ। ਇਕ ਹੋਰ ਕਾਰਨ ਵੀ ਸੀ। ਉਹ ਸੀ ਮੇਰੀ ਮਾੜੀ ਆਰਥਿਕ ਸਥਿਤੀ। ਪਿੰਡ ਦੇ ਸਮਾਜ 'ਚ ਆਰਥਿਕ ਖੁਸ਼ਹਾਲੀ ਦਾ ਆਪਣਾ ਹੀ ਮੁੱਲ ਹੁੰਦਾ ਹੈ। ਇਸ ਦਾ ਤੀਖਣ ਅਹਿਸਾਸ ਮੈਨੂੰ ਵੋਟਾਂ ਵੇਲੇ ਹੋਇਆ ਸੀ। ਸਾਡਾ ਧੜਾ ਘਰ-ਘਰ ਤੇ ਖੂਹ-ਖੂਹ 'ਤੇ ਜਾ ਕੇ ਲੋਕਾਂ ਨੂੰ ਵੋਟਾਂ ਲਈ ਕਹਿ ਰਿਹਾ ਸੀ। ਦੁਪਹਿਰ ਦੀ ਰੋਟੀ ਖਾ ਕੇ ਮੈਂ ਵੀ ਉਨ੍ਹਾਂ 'ਚ ਜਾ ਸ਼ਾਮਿਲ ਹੋਇਆ। ਮੈਨੂੰ ਇਹ ਕਹਿ ਕੇ ਵਾਪਸ ਭੇਜ ਦਿੱਤਾ ਗਿਆ ਕਿ ਤੂੰ ਵੋਟਾਂ ਲਈ ਪਰਚੀਆਂ ਬਣਾ। ਮੈਂ ਸਰਪੰਚ ਦੇ ਘਰ ਆ ਗਿਆ। ਪਰਚੀਆਂ ਦਾ ਕੰਮ ਕਰਨ ਲੱਗਾ। ਉਨ੍ਹਾਂ 'ਚੋਂ ਮੈਂ ਹੀ ਜ਼ਿਆਦਾ ਪੜ੍ਹਿਆ-ਲਿਖਿਆ ਸੀ। ਤਰਸੇਮ ਆਇਆ। ਉਹ ਮੈਨੂੰ ਗੁੱਸੇ ਹੋਇਆ, "ਤੂੰ ਇੱਥੇ ਬੈਠਾ ਕੀ ਕਰਦਾਂ। ਚੱਲ ਉੱਠ-ਲੋਕਾਂ ਨੂੰ ਵੋਟਾਂ ਦਾ ਕਹਿ। ਤੈਨੂੰ ਘਰੇ ਬੈਠੇ ਨੂੰ ਕੌਣ ਵੋਟ ਪਾਊ।" ਉਦੋਂ ਮੈਂ ਉਨ੍ਹਾਂ ਦੀ ਚਾਲ ਨਾ ਸਮਝ ਸਕਿਆ। ਬਾਅਦ 'ਚ ਮੈਨੂੰ ਪਤਾ ਲੱਗਾ ਕਿ ਮੈਨੂੰ ਉਨ੍ਹਾਂ ਇਸ ਲਈ ਵਾਪਸ ਭੇਜ ਦਿੱਤਾ ਸੀ ਕਿ ਕੁਝ ਜ਼ਿਮੀਂਦਾਰਾਂ ਨੇ ਖਾਸ ਕਰਕੇ ਉਸ ਪਾਸੇ ਤੋਂ, ਜਿਸ ਪਾਸੇ ਦਾ ਸਰਪੰਚ ਸੀ, ਇਸ ਬਾਰੇ ਇਤਰਾਜ਼ ਕੀਤਾ ਸੀ ਕਿ ਸੁਨਿਆਰਿਆਂ ਦੇ ਮੁੰਡੇ ਦੇ ਨਾਲ ਤੁਰਨ ਨਾਲ ਉਨ੍ਹਾਂ ਦੀਆਂ ਵੋਟਾਂ ਟੁੱਟ ਸਕਦੀਆਂ ਸਨ। ਉਨ੍ਹਾਂ ਮੈਨੂੰ ਆਪਣੇ ਨਾਲ ਸਿਰਫ ਇਸ ਕਰਕੇ ਰਲਾਇਆ ਸੀ ਕਿ ਸਾਡੇ ਪਰਿਵਾਰ ਦੀਆਂ 35 ਵੋਟਾਂ ਸਨ।

ਮਹਿੰਦਰ ਸਿੰਘ ਮੇਰੇ ਭਾਪੇ ਦਾ ਲਿਹਾਜ਼ੀ ਸੀ। ਇਸ ਦੀ ਜੁਆਨੀ ਵੇਲੇ 'ਚ ਹੀ ਘਰਵਾਲੀ ਮਰ ਗਈ ਸੀ। ਇਸ ਮੁੜ ਕੇ ਵਿਆਹ ਨਾ ਕਰਵਾਇਆ। ਉਸ ਦੀ ਭਾਪੇ ਨਾਲ ਡੋਡਿਆਂ, ਸਿਗਰੇਟਾਂ ਦੀ ਸਾਂਝ ਸੀ। ਮੈਂ ਸ਼ਹਿਰ 'ਤੇ ਨਹਿਰੋਂ ਪਾਰ ਵੋਟਾਂ ਦਾ ਕਹਿਣ ਗਿਆ। ਅੱਗੋਂ ਇਹ ਮੈਨੂੰ ਟੁੱਟ ਕੇ ਪੈ ਗਿਆ, "ਲੈ, ਵੋਟਾਂ ਤੇ ਤੈਨੂੰ? ਤੂੰ ਮੈਥੋਂ ਵੋਟ ਮੰਗਣ ਕਿੱਦਾਂ ਆਇਆ। ਮੈਂ ਕੰਮੀ-ਕਮੀਣ ਨੂੰ ਵੋਟ ਕਿੱਦਾਂ ਪਾਊਂ। ਐਦੂੰ ਪਾੜ ਨਾ ਸੁੱਟੂੰ।" ਲੰਘਦੇ-ਵੜਦਿਆਂ ਉਹ ਮੈਨੂੰ ਬੁਲਾ ਕੇ ਜਾਂਦਾ ਸੀ ਪਰ ਵੋਟਾਂ ਵੇਲੇ ਮੈਂ ਉਸ ਦਾ ਹੋਰ ਹੀ ਰੂਪ ਦੇਖਿਆ। ਇਹ ਤਾਂ ਕੇਵਲ ਇਕ ਉਦਾਹਰਣ ਹੈ। ਐਦਾਂ ਦੇ ਦਸ ਘਰ ਹੋਰ ਮਿਲੇ। ਮੈਂ ਵਿਹਲਾ ਸੀ। ਮੇਰੇ ਕੋਲ ਕੋਈ ਕੰਮ ਨਹੀਂ ਸੀ। ਤਾਸ਼ ਖੇਡ ਛੱਡੀ। ਘਾਹ ਖੋਤ ਲਿਆਂਦਾ। ਮੱਝਾਂ ਚਾਰ ਲਿਆਂਦੀਆਂ। ਜਾਂ ਬੱਕਰੀ ਖੋਲ੍ਹ ਕੇ ਕਿਸੇ ਤੂਤ ਜਾਂ ਧਰੇਕ ਹੇਠਾਂ ਜਾ ਬੈਠਾ। ਬੀਬੀ ਨਾ ਤਾਂ ਆਪ ਵਿਹਲੀ ਬੈਠਦੀ। ਨਾ ਹੀ ਕਿਸੇ ਨੂੰ ਬੈਠਣ ਦਿੰਦੀ। ਜਦੋਂ ਮੇਰੇ ਹੱਥ 'ਚ ਬੱਕਰੀ ਦੀ ਸੰਗਲੀ ਹੁੰਦੀ ਤਾਂ ਮੈਨੂੰ ਆਪਣੀ ਹੇਠੀ ਲੱਗਦੀ। ਕੀ ਇਕ ਐੱਮ. ਏ. ਪਾਸ ਦਾ ਕੰਮ ਬੱਕਰੀ ਚਾਰਨੀ ਹੈ। ਮੈਂ ਅਕਾਸ਼ ਵੱਲ ਦੇਖਦਾ। ਮੈਨੂੰ ਸਭ ਕੁਝ ਧੁੰਦਲਾ-ਧੁੰਦਲਾ ਦਿੱਸਦਾ। ਜਿਵੇਂ ਮੈਂ ਇਸ ਧੁੰਦ 'ਚ ਆਪਣੀ ਹੋਂਦ ਗੁਆ ਰਿਹਾ ਹੋਵਾਂ।

ਜਾਤ-ਪਾਤ ਦਾ ਵਖਰੇਵਾਂ ਮੈਨੂੰ ਬੇਚੈਨ ਕਰਦਾ। ਮੈਂ ਮਨ ਨੂੰ ਸਮਝਾਉਂਦਾ-ਕੋਈ ਜਾਤ ਮਾੜੀ ਨਹੀਂ ਹੁੰਦੀ। ਕੋਈ ਕੰਮ ਮਾੜਾ ਨਹੀਂ ਹੁੰਦਾ। ਮਾੜੀ ਤਾਂ ਬੰਦੇ ਦੀ ਨੀਅਤ ਹੁੰਦੀ ਹੈ। ਮੈਨੂੰ 30 ਵੋਟਾਂ ਜ਼ਿੰਮੀਦਾਰਾਂ ਦੀਆਂ ਮਿਲੀਆਂ ਸਨ। ਕਾਮਰੇਡ ਧੰਨਾ ਸਿੰਘ ਵੀ ਜ਼ਿਮੀਂਦਾਰ ਸੀ। ਕਈ ਹੋਰ ਜ਼ਿਮੀਂਦਾਰ ਸਨ ਜਿਹੜੇ ਵੇਲੇ-ਕੁਵੇਲੇ ਮੇਰੀ ਸੱਜੀ ਬਾਂਹ ਬਣੇ ਸਨ।

ਜੁਲਾਈ, 1983 ਨੂੰ ਮੇਰੀ ਐਫ. ਸੀ. ਆਈ. 'ਚ ਬਤੌਰ ਸਬ-ਇੰਸਪੈਕਟਰ ਲਈ ਇੰਟਰਵਿਊ ਹੋਈ। ਮੈਨੂੰ ਆਸ ਹੋਈ ਕਿ ਮੇਰੀ ਨਿਯੁਕਤੀ ਹੋ ਜਾਵੇਗੀ। ਬੋਰਡ ਨੇ ਅੱਧੇ ਘੰਟੇ ਦੀ ਇੰਟਰਵਿਊ ਕੀਤੀ। ਉੱਠਣ ਲੱਗਿਆਂ ਮੈਂ ਪੁੱਛਿਆ, "ਸਰ ਜੀ, ਮੇਰਾ ਕੀ ਬਣੇਗਾ?" ਬੋਰਡ 'ਚੋਂ ਇਕ ਮੈਂਬਰ ਬੋਲਿਆ, "ਵਿਸ਼ਵਾਸ ਨਾਲ ਬਹੁਤ ਕੁਝ ਹੋ ਜਾਂਦਾ।" ਬਾਹਰ ਆਇਆ। ਭੀੜ ਮੇਰੇ ਆਲੇ-ਦੁਆਲੇ ਇਕੱਠੀ ਹੋ ਗਈ। ਇਕੋ ਸੁਰ 'ਚ ਆਵਾਜ਼ਾਂ ਆਈਆਂ, "ਐਨਾ ਚਿਰ ਲਾ ਆਇਆਂ। ਤੇਰੀ ਨਿਯੁਕਤੀ ਪੱਕੀ।"

— 4 —

ਚੁੰਨੀ ਚੜ੍ਹਾ ਕੇ ਆਇਆ ਪਰਿਵਾਰ ਖੁਸ਼ ਸੀ। ਇਕ ਦੂਜੇ ਦੀ ਗੱਲ ਕੱਟ ਕੇ ਜੈਤੋਈ ਪਰਿਵਾਰ ਦੀ ਪ੍ਰਸ਼ੰਸਾ ਦੇ ਪੁਲ ਬੰਨ੍ਹਣ ਲੱਗੇ। ਗਿਆਨੋ, ਜਿਸ ਦੇ ਛੇਤੀ ਕਿਤੇ ਕੋਈ ਚੀਜ਼ ਪਸੰਦ ਨਹੀਂ ਆਉਂਦੀ, ਉਸ ਵੀ ਉਨ੍ਹਾਂ ਦੀ ਵਡਿਆਈ

ਕੀਤੀ। ਉਹ ਬੋਲਦੀ-ਬੋਲਦੀ ਚੁੱਪ ਕਰ ਗਈ। ਜਿਵੇਂ ਕਿਤੇ ਕੋਈ ਉੱਕ ਰਹਿ ਗਈ ਹੋਵੇ। ਬੋਲੀ, "ਛੋਟੀ ਵੀਨਾ ਦਾ ਰਿਸ਼ਤਾ ਹੋ ਜਾਂਦਾ ਤਾਂ...।" ਬਖ਼ਸ਼ੋ ਉਹ ਦੀ ਗੱਲ ਕੱਟਦਿਆਂ ਬੋਲੀ, "ਸਾਨੂੰ ਵੱਡੀ ਠੀਕ ਰਹਿਣੀ। ਛੋਟੀ ਬਹੁਤ ਤੇਜ਼ ਆ।"

ਮੈਂ ਉੱਠਿਆ। ਹਵੇਲੀ 'ਚ ਆਪਣੇ ਕਮਰੇ 'ਚ ਆ ਪਿਆ। 12 ਅਕਤੂਬਰ, 1983 'ਤੇ ਟਿਕ ਮਾਰ ਦਿੱਤੀ।

ਮੈਂ ਸਾਰੀ ਰਾਤ ਆਪਣੀ ਹੋਣ ਵਾਲੀ ਬੀਵੀ ਦੇ ਨਕਸ਼ ਕਿਆਸਦਾ ਰਿਹਾ। ਉਹ ਕਿੱਦਾਂ ਦੀ ਹੋਵੇਗੀ? ਉਸ ਦਾ ਸੁਭਾਅ ਕਿਹੋ ਜਿਹਾ ਹੋਵੇਗਾ? ਉਹ ਦੀਆਂ ਕੀ ਪਸੰਦਗੀਆਂ ਹੋਣਗੀਆਂ? ਉਹ ਕਿਹੋ ਜਿਹੇ ਕੱਪੜੇ ਪਾਉਂਦੀ ਹੋਵੇਗੀ? ਲਾਈਟ ਜਾਂ ਡਾਰਕ? ਮੈਥੋਂ ਇਨ੍ਹਾਂ ਸੋਚਾਂ ਦਾ ਕੋਈ ਸਿਰਾ ਨਾ ਫੜਿਆ ਗਿਆ। ਮੈਂ ਉਸ ਨੂੰ ਆਪਣੇ ਤੇ ਬਲਬੀਰ ਪਰਵਾਨਾ ਦੇ ਸਾਂਝੇ ਨਾਵਲਿਟ ਸੰਗ੍ਰਹਿ 'ਜੰਗ ਜਾਰੀ ਹੈ' ਭੇਜਦਿਆਂ ਲਿਖਿਆ ਸੀ, "ਆਪਣੇ 'ਹਮਸਫਰ' ਲਈ-ਜਿੰਦਰ"। ਭਾਬੀ ਨੇ ਦੱਸਿਆ ਸੀ, "ਤੇਰੀ ਕੁਸ਼ ਲੱਗਦੀ ਨੇ ਤੇਰੇ ਲਿਖੇ ਅੱਖਰ ਕਿੰਨੀ ਵਾਰ ਪੜ੍ਹੇ।" ਮੈਂ ਇਨ੍ਹਾਂ ਅੱਖਰਾਂ ਦਾ ਵਿਸ਼ਲੇਸ਼ਣ ਕੀਤਾ। ਇਹ ਮੈਥੋਂ ਅਚਨਚੇਤ ਲਿਖੇ ਗਏ ਸਨ। ਪੁਸ਼ਪਾ ਦੇ ਗੁੰਮ ਹੋਣ ਤੋਂ ਬਾਅਦ ਮੈਨੂੰ ਕੋਈ ਵੀ ਕੁੜੀ ਚੰਗੀ ਨਹੀਂ ਲੱਗਦੀ ਸੀ। ਵਿਆਹ ਮੇਰੀ ਨਹੀਂ, ਮੇਰੇ ਘਰਦਿਆਂ ਦੀ ਮਜਬੂਰੀ ਸੀ। ਔਰਤ ਬਾਰੇ ਮੇਰੇ ਕਈ ਭ੍ਰਮ ਸਨ। ਮੇਰੇ ਜ਼ਿਹਨ 'ਚੋਂ ਜੌਹਨ ਡੱਨ ਦੀ ਕਵਿਤਾ 'ਗੋ ਐਂਡ ਕੈਚ ਏ ਫਾਲਿੰਗ ਸਟਾਰ' ਨਿਕਲਦੀ ਨਹੀਂ ਸੀ। ਮੈਨੂੰ ਅਕੇਵਾਂ ਜਲਦੀ ਹੋ ਜਾਂਦਾ। ਮੈਂ ਕਿਸੇ ਦਾ ਸਾਥ ਬਹੁਤ ਚਿਰ ਨਹੀਂ ਮਾਣ ਸਕਦਾ। ਜੇ ਮੈਂ ਆਪਣੀ ਬੀਵੀ ਤੋਂ ਵੀ ਅੱਕ ਗਿਆ ਤਾਂ? ਦਾ ਅੱਧਾ ਕੁ ਜੁਆਬ ਮੈਨੂੰ ਉਦੋਂ ਮਿਲਿਆ ਸੀ ਜਦੋਂ ਮੈਂ ਤਿੰਨ ਵਾਰ ਮਾਰਕੀਟ ਕਮੇਟੀ 'ਚ ਆਰਜ਼ੀ ਤੌਰ 'ਤੇ ਆਕਸ਼ਨ ਰਿਕਾਰਡਰ ਲੱਗਾ ਸੀ। ਦਾਣਾ ਮੰਡੀ ਵਿਚ ਘੈਂਟ ਆੜ੍ਹਤੀਏ ਸਨ। ਹੰਡੇ-ਸੰਡੇ। ਉਨ੍ਹਾਂ ਨੂੰ ਗੱਲ ਬਹੁਤ ਫੁਰਦੀ ਸੀ। ਮੈਂ ਕਈਆਂ ਕੋਲੋਂ ਇਹ ਪ੍ਰਸ਼ਨ ਪੁੱਛਿਆ, "ਇਕੋ ਔਰਤ ਤੋਂ ਬੰਦਾ ਸਾਰੀ ਉਮਰ ਕਿਉਂ ਨ੍ਹੀਂ ਅੱਕਦਾ?" ਉਹ ਆਪਣੀ-ਆਪਣੀ ਸਮਝ ਅਨੁਸਾਰ ਜੁਆਬ ਦਿੰਦੇ। ਮੇਰੀ ਇਸ ਨਾਲ ਤਸੱਲੀ ਨਾ ਹੁੰਦੀ। ਤਸੱਲੀ ਬਜ਼ੁਰਗ ਜਗਦੀਸ਼ ਗੁਪਤਾ ਨੇ ਕਰਾਈ। ਉਸ ਮੈਥੋਂ ਪੁੱਛਿਆ, "ਤੁਸੀਂ ਕਦੇ ਕਣਕ ਦੀ ਰੋਟੀ ਖਾਂਦੇ ਅੱਕਦੇ ਹੋ?" ਮੈਂ ਜੁਆਬ ਦਿੱਤਾ, "ਨ੍ਹੀਂ।" ਉਹ ਬੋਲਿਆ, "ਇਹੀ ਹਾਲ ਔਰਤ ਦਾ ਹੁੰਦਾ।"

ਮੈਂ ਵਿਆਹ ਨਹੀਂ ਕਰਾਉਣਾ ਚਾਹੁੰਦਾ ਸੀ। ਨਾ ਹੀ ਇਹ ਮੇਰੀ ਲੋੜ ਸੀ। ਨਾ ਹੀ ਕਦੇ ਮੈਂ ਇਸ ਬਾਰੇ ਸੋਚਿਆ ਸੀ। ਜਿਵੇਂ ਵਿਆਹ ਤੇ ਹਰਜਿੰਦਰ ਦੋਵੇਂ ਉਲਟ ਧਰੁਵ ਹੋਣ। ਮੈਂ ਇਸ ਰਿਸ਼ਤੇ 'ਤੇ ਬਹੁਤ ਚਿਰ ਪਹਿਲਾਂ ਕਾਲਕ ਫੇਰ ਦਿੱਤੀ ਸੀ। ਮੇਰਾ ਸਰਮਾਇਆ ਮੇਰੀਆਂ ਯਾਦਾਂ ਸਨ ਜਿਨ੍ਹਾਂ 'ਤੇ ਪੁਸ਼ਪਾ ਹਮੇਸ਼ਾ ਭਾਰੂ ਰਹੀ ਹੈ। ਮੇਰਾ ਮਨ ਵਾਰ-ਵਾਰ ਕਹਿੰਦਾ ਕਿ ਉਹ ਮੈਨੂੰ ਭੁੱਲ ਨਹੀਂ ਸਕਦੀ। ਵਿਆਹ ਕਰਵਾਉਣਾ ਉਸ ਦੀ ਮਜਬੂਰੀ ਹੋ ਸਕਦੀ ਹੈ।

ਮੈਨੂੰ ਉਦਾਸੀ ਦੇ ਦੌਰੇ ਪੈਂਦੇ। ਇਸ ਦਾ ਕੋਈ ਬੱਝਵਾਂ ਸਮਾਂ ਨਾ ਹੁੰਦਾ। ਕੋਈ ਨਿਸਚਤ ਥਾਂ ਨਾ ਹੁੰਦੀ। ਪੁਸ਼ਪਾ ਮੇਰੇ ਜ਼ਿਹਨ 'ਚੋਂ ਮਨਫੀ ਨਾ ਹੁੰਦੀ। ਜਦੋਂ ਮੈਨੂੰ ਉਸ ਦੀ ਯਾਦ ਆਉਂਦੀ, ਮੈਂ ਜਗਜੀਤ ਸਿੰਘ ਦੀ ਕੋਈ ਕੈਸੇਟ ਸੁਣਦਾ। ਮੇਰਾ ਕਿਸੇ ਨੂੰ ਮਿਲਣ, ਬੋਲਣ ਨੂੰ ਮਨ ਨਾ ਕਰਦਾ। ਵਾਰ-ਵਾਰ ਲੱਗਦਾ ਜਿਵੇਂ ਮੇਰੇ ਅੰਦਰੋਂ ਕੁਝ ਟੁੱਟ ਰਿਹਾ ਹੋਵੇ। ਮੇਰੀ ਉਮਰ ਘਟਾਉਂਦਾ।

ਉਸ ਰਾਤ ਮੈਂ ਦੇਰ ਤੱਕ ਸੁੱਤਾ ਨਾ। ਮੇਰੇ ਨਾਲ ਮੇਰਾ ਭਤੀਜਾ ਸੁਨੀਲ ਸੁੱਤਾ ਪਿਆ ਸੀ। ਜਦੋਂ ਉਹ ਆਇਆ, ਮੈਂ ਉਸ ਨੂੰ ਪੁੱਛਿਆ, "ਤੇਰੀ ਚਾਚੀ ਕਿੱਦਾਂ ਦੀ ਆ?" ਉਹ ਹੌਲੀ ਜਿਹੀ ਬੋਲਿਆ, "ਬੜੀ ਸੋਹਣੀ।" ਉਹ ਸੌਂ ਗਿਆ। ਉਹ ਛੇ ਕੁ ਮਹੀਨਿਆਂ ਦਾ ਸੀ ਜਦੋਂ ਤੋਂ ਉਹ ਮੇਰੇ ਨਾਲ ਸੌਂਦਾ ਸੀ। ਉਸ ਨੂੰ ਮੇਰੇ ਬਿਨਾ ਨੀਂਦ ਨਾ ਆਉਂਦੀ। ਮੈਨੂੰ ਉਸ ਬਿਨਾ। ਮੈਂ ਉਸ ਦੇ ਕੰਨਾਂ ਦੁਆਲੇ ਖਾਜ ਕਰਦਾ। ਉਹ ਝੱਟ ਸੌਂ ਜਾਂਦਾ। ਮੇਰੇ ਕਮਰੇ 'ਚ ਬਿਜਲੀ ਨਹੀਂ ਸੀ। ਮੈਂ ਬੈੱਡ ਦੀ ਬੰਨੀ 'ਤੇ ਮੋਮਬੱਤੀ ਜਗਾ ਲੈਂਦਾ। ਜਿੰਨਾ ਚਿਰ ਨੀਂਦ ਨਾ ਆਉਂਦੀ, ਪੜ੍ਹਦਾ ਰਹਿੰਦਾ।

## —5—

ਨਵੰਬਰ ਅੱਧੇ ਨਾਲੋਂ ਜ਼ਿਆਦਾ ਲੰਘ ਗਿਆ। ਮੈਂ ਰੋਜ਼ ਐਫ. ਸੀ. ਆਈ. ਦਾ ਨਿਯੁਕਤੀ-ਪੱਤਰ ਉਡੀਕਦਾ। ਡਾਕ ਗਿਆਰ੍ਹਾਂ ਵਜੇ ਦੇ ਕਰੀਬ ਆਉਂਦੀ। ਮਾਸਟਰ ਸ਼ਰਮਾ ਛੁੱਟੀ ਵੇਲੇ ਘਰ ਜਾਂਦੇ ਬੱਚਿਆਂ ਹੱਥੀਂ ਡਾਕ ਭੇਜਦਾ। ਮੇਰੇ ਲਈ ਗਿਆਰ੍ਹਾਂ ਤੋਂ ਇਕ ਵਜੇ ਦਾ ਸਮਾਂ ਬਿਤਾਉਣਾ ਔਖਾ ਹੋ ਜਾਂਦਾ। ਇਹ ਉਤਸੁਕਤਾ ਦੇ ਘੰਟੇ ਹੁੰਦੇ।

ਸਾਢੇ ਕੁ ਬਾਰ੍ਹਾਂ ਵੱਜੇ ਸਨ ਜਦੋਂ ਵੀਨਾ ਦੌੜੀ-ਦੌੜੀ ਆਈ, "ਚਾਚਾ ਜੀ, ਤੁਹਾਡੀ ਜਰਿਸਟਰੀ ਆਈ। ਮਾਸਟਰ ਬੁਲਾਉਂਦਾ।"

ਮੈਨੂੰ ਅਥਾਹ ਖ਼ੁਸ਼ੀ ਹੋਈ। ਜ਼ਰੂਰ ਰਜਿਸਟਰੀ ਹੋਣੀ। ਐਫ. ਸੀ. ਆਈ. ਦੇ ਦਫਤਰੋਂ ਆਈ ਹੋਣੀ। ਮੇਰਾ ਮਨ ਵਾਰ-ਵਾਰ

ਇਹ ਦੀ ਸ਼ਾਹਦੀ ਭਰਦਾ। ਰਜਿਸਟਰੀ ਹੋਰ ਕਿੱਥੋਂ ਆਉਣੀ ਸੀ। ਮੇਰੇ ਨਾਂ 'ਤੇ ਹਰ ਰੋਜ਼ ਕੋਈ ਨਾ ਕੋਈ ਚਿੱਠੀ-ਪੱਤਰ ਜਾਂ ਮੈਗਜ਼ੀਨ ਆਉਂਦਾ। ਇਹ ਹਰਜਿੰਦਰ ਪਾਲ ਦੇ ਨਾਂ 'ਤੇ ਨਹੀਂ, ਜਿੰਦਰ ਦੇ ਨਾਂ 'ਤੇ ਆਉਂਦਾ ਸੀ। ਕਿਸੇ ਰਿਸ਼ਤੇਦਾਰੀ ਵੱਲੋਂ ਰਜਿਸਟਰੀ ਆਉਣ ਦਾ ਕੋਈ ਪ੍ਰਸ਼ਨ ਹੀ ਪੈਦਾ ਨਹੀਂ ਸੀ ਹੁੰਦਾ। ਕਿਸੇ ਲੇਖਕ-ਮਿੱਤਰ ਵੱਲੋਂ ਰਜਿਸਟਰੀ ਕਦੇ ਆਈ ਨਹੀਂ ਸੀ। ਆਪਣੇ ਸਾਰੇ ਸਾਕ-ਸੰਬੰਧੀਆਂ 'ਚੋਂ ਮੈਂ ਹੀ ਜ਼ਿਆਦਾ ਪੜ੍ਹਿਆ ਸੀ। ਹੋਰ ਕਿਸੇ ਨੇ ਕਾਲਜ ਦੇ ਦਰਸ਼ਨ ਨਹੀਂ ਕੀਤੇ ਸਨ।

ਮੈਂ ਕਾਹਲੀ-ਕਾਹਲੀ ਤੁਰੇ ਜਾਂਦਿਆਂ ਵੀਨਾ ਤੋਂ ਪੁੱਛਿਆ, "ਚਿੱਠੀ ਜਿੰਦਰ ਦੇ ਨਾਂ ਦੀ ਆ ਜਾਂ ਹਰਜਿੰਦਰ ਪਾਲ ਦੇ?"

"ਇਹਦਾ ਮੈਨੂੰ ਨ੍ਹੀਂ ਪਤਾ। ਮਾਸਟਰ ਕਹਿੰਦਾ ਸੀ ਆਪਣੇ ਚਾਚੇ ਨੂੰ ਬੁਲਾ ਕੇ ਲਿਆ। ਜਰਿਸਟਰੀ ਆਈ।"

ਘਰੋਂ ਸਕੂਲ ਫਰਲਾਂਗ ਕੁ ਦੂਰ ਸੀ। ਮੈਂ ਨੀਵੀਂ ਪਾਈ ਛੋਹਲੇ ਪੈਰੀਂ ਜਾ ਰਿਹਾ ਸੀ।

ਰਾਮ ਦਿੱਤੇ ਮੱਲ ਦੀ ਦੁਕਾਨ ਕੋਲ ਪਿਆਰਾ ਮਿਲਿਆ। ਪੁੱਛਣ ਲੱਗਾ, "ਐੱਮ. ਏ. ਭਾਈ ਕਿੱਥੇ ਜਾ ਰਿਹਾਂ?"

"ਸਕੂਲ ਤੱਕ," ਬਿਨਾ ਰੁਕਿਆਂ ਮੈਂ ਜੁਆਬ ਦਿੱਤਾ।

ਮੈਂ ਉਤਸ਼ਾਹ ਨਾਲ ਜਾ ਰਿਹਾ ਸੀ। ਜਿਵੇਂ ਕੋਈ ਮੈਨੂੰ ਹਨੇਰੇ 'ਚੋਂ ਕੱਢ ਕੇ ਲੋਅ ਵੱਲ ਲੈ ਜਾ ਰਿਹਾ ਹੋਵੇ।

ਪਿੱਪਲ ਕੋਲ ਆ ਕੇ ਮੇਰੀ ਰਫਤਾਰ 'ਚ ਹੋਰ ਵੀ ਵਾਧਾ ਹੋ ਗਿਆ।

ਮੁੜਦੇ ਹੋਏ ਮੇਰੇ ਹੱਥ 'ਚ ਦੀਪਕ ਜੈਤੋਈ ਵੱਲੋਂ ਭੇਜੀਆਂ ਚੁੰਨੀ ਚੜ੍ਹਾਉਣ ਵੇਲੇ ਦੀਆਂ ਫੋਟੋ ਸਨ। ਹੁਣ ਮੇਰੇ ਵਿਚ ਪਹਿਲਾਂ ਵਾਲਾ ਉਤਸ਼ਾਹ ਨਹੀਂ ਰਿਹਾ ਸੀ।

ਮੇਰੀ ਮੰਗੇਤਰ ਦੀਆਂ ਕਈ ਫੋਟੋ ਸਨ। ਵੱਖ-ਵੱਖ ਪੋਜਾਂ ਦੀਆਂ। ਮੈਨੂੰ ਲੱਗਾ ਕਿ ਉਹ ਬਹੁਤ ਹੀ ਗੰਭੀਰ ਕਿਸਮ ਦੀ ਕੁੜੀ ਹੈ।

ਆਪਣੇ-ਆਪ 'ਚ ਗੁਆਚਿਆ ਮੈਂ ਬੈਠਕ ਦੀ ਸਰਦਲ 'ਤੇ ਧੁੱਪੇ ਆ ਬੈਠਾ ਸੀ। ਫੋਟੋ ਦੇਖਦਿਆਂ-ਦੇਖਦਿਆਂ ਮੇਰੀਆਂ ਅੱਖਾਂ ਭਰ ਗਈਆਂ। ਫੋਟੋ ਵਿਚਲੀ ਕੁੜੀ ਮੈਨੂੰ ਪਸੰਦ ਨਾ ਆਈ। ਇਹ ਜਾਣਦਿਆਂ ਹੋਇਆਂ ਵੀ ਕਿ ਮੈਂ ਹੁਣ ਪਹਿਲਾਂ ਵਾਲਾ ਹਰਜਿੰਦਰ ਨਹੀਂ ਸੀ। ਮੈਂ ਬੇਰੁਜ਼ਗਾਰ ਸੀ। ਮੇਰੀ ਖੱਬੀ ਗੱਲ੍ਹ 'ਤੇ ਟੱਕ ਦਾ ਲੰਬਾ ਨਿਸ਼ਾਨ ਸੀ। ਸੱਜੇ ਹੱਥ ਦਾ ਅੰਗੂਠਾ ਨਹੀਂ ਸੀ। ਖੱਬਾ ਹੱਥ-ਅੰਗੂਠੇ ਤੋਂ ਬਿਨਾ ਡੈੱਡ ਸੀ। ਸੱਚ ਇਹ ਵੀ ਸੀ ਕਿ ਭਾਵੇਂ ਮੈਂ ਸਿਵਲ ਹਸਪਤਾਲ ਜਲੰਧਰ ਦੇ ਸੀ.ਐਮ.ਓ. ਕੋਲੋਂ ਸਰੀਰਕ ਅੰਗਹੀਣ ਦਾ ਸਰਟੀਫਿਕੇਟ ਲੈ ਰੱਖਿਆ ਸੀ ਪਰ ਮੈਂ ਅਜੇ ਤੱਕ ਆਪਣੇ-ਆਪ ਨੂੰ ਅੰਗਹੀਣ ਨਹੀਂ ਸਮਝਿਆ ਸੀ। ਕਦੇ ਇਕ ਸੁਪਨਾ ਆਉਂਦਾ ਸੀ ਕਿ ਮੇਰਾ ਵਿਆਹ ਇਕ ਆਲੀਸ਼ਾਨ ਬਿਲਡਿੰਗ 'ਚ ਹੋ ਰਿਹਾ ਹੈ। ਦੇਖਦਿਆਂ-ਦੇਖਦਿਆਂ ਪੰਡਾਲ ਨੂੰ ਅੱਗ ਲੱਗ ਜਾਂਦੀ ਹੈ। ਲੋਕ ਵਾਹੋ-ਦਾਹੀ ਦੌੜ ਰਹੇ ਹਨ। ਮੈਂ ਕੰਧ ਨਾਲ ਢੋਅ ਲਾ ਕੇ ਖੜ੍ਹਾ ਹਾਂ। ਅੱਗ ਮੇਰੇ ਵੱਲ ਨੂੰ ਆ ਜਾਂਦੀ ਹੈ। ਮੇਰੀ ਚੀਕ ਨਿਕਲ ਜਾਂਦੀ ਹੈ। ਇਕ ਹੋਰ ਸੁਪਨਾ ਮੇਰਾ ਪਿੱਛਾ ਨਾ ਛੱਡਦਾ। ਇਕ ਧਾਰਮਿਕ ਸਥਲ ਦੇ ਚਹੁੰ ਪਾਸੀਂ ਪਾਣੀ ਹੀ ਪਾਣੀ ਹੁੰਦਾ। ਵਿਚਕਾਰ ਇਕ ਕੱਚਾ ਰਸਤਾ ਦਿੱਸਦਾ ਜਿਹੜਾ ਮਿੱਟੀ ਦੀਆਂ ਬੋਰੀਆਂ ਭਰ ਕੇ ਬਣਾਇਆ ਹੁੰਦਾ। ਲੋਕ ਜਾਈ ਜਾਂਦੇ। ਆਈ ਜਾਂਦੇ। ਕਿਸੇ ਦੇ ਹੱਥ 'ਚ ਫੁੱਲ ਹੁੰਦੇ। ਕਿਸੇ ਦੇ ਪ੍ਰਸ਼ਾਦ। ਜਦੋਂ ਮੈਂ ਧਾਰਮਿਕ ਸਥਲ ਵੱਲ ਵਧਦਾ ਤਾਂ ਰਸਤਾ ਅੱਧ-ਵਿਚਕਾਰੋਂ ਟੁੱਟ ਜਾਂਦਾ। ਮੇਰੇ ਅੱਗੇ ਪਾਣੀ ਹੁੰਦਾ। ਜਾਂ ਟੁੱਟਿਆ ਰਸਤਾ। ਨਾ ਮੈਂ ਪਿੱਛੇ ਜਾਣ ਜੋਗਾ ਰਹਿੰਦਾ। ਨਾ ਅਗਾਂਹ ਜਾਣ ਜੋਗਾ। ਦੇਖਦਿਆਂ-ਦੇਖਦਿਆਂ ਮਿੱਟੀ ਖੁਰਣ ਲੱਗਦੀ। ਮੇਰਾ ਇਕ ਪੈਰ ਪਾਣੀ 'ਚ ਜਾ ਪੈਂਦਾ। ਫੇਰ ਮੇਰੀ ਅੱਖ ਖੁੱਲ੍ਹ ਜਾਂਦੀ।

"ਤੂੰ ਕਿਉਂ ਅੱਖਾਂ ਭਰ ਲਈਆਂ? ਕੁੜੀ ਦਾ ਰੰਗ ਮੇਮਾਂ ਵਰਗਾ। ਉਹ ਆਪਣੇ ਸਾਰੇ ਟੱਬਰ ਨਾਲੋਂ ਸੋਹਣੀ। ਮੈਨੂੰ ਉਹਦਾ ਬਹੁਤ ਮੋਹ ਆਉਂਦਾ। ਫੋਟੋਆਂ ਮਾੜੀਆਂ ਆਈਆਂ।" ਭਾਬੀ ਮੈਨੂੰ ਦਿਲਾਸਾ ਦਿੰਦੀ ਹੋਈ ਬੋਲੀ।

ਬੀਬੀ ਮੇਰੇ ਮਨ ਦੀ ਸਥਿਤੀ ਨੂੰ ਭਾਂਪ ਗਈ। ਉਹ ਮੇਰੇ ਕੋਲ ਆ ਬੈਠੀ। ਮੇਰੇ ਹੱਥੋਂ ਫੋਟੋਆਂ ਫੜ ਲਈਆਂ। ਮੈਨੂੰ ਅਜੀਬ ਕੰਬਣੀ ਛਿੜੀ। ਮਨ ਕਾਹਲਾ ਪਿਆ ਕਿ ਕਿਤੇ ਦੌੜ ਜਾਵਾਂ। ਜਾਂ ਆਪਣੀ ਮੰਗੇਤਰ ਨੂੰ ਲਿਖਾਂ, "ਮੈਂ ਤਾਂ ਵਿਆਹ ਨਾ ਕਰਾਉਣ ਦਾ ਮਨ ਬਣਾਇਆ ਹੋਇਆ। ਮੈਥੋਂ ਪੁਸ਼ਪਾ ਭੁੱਲਣੀ ਨ੍ਹੀਂ। ਤੇਰਾ ਹੋਇਆ ਨ੍ਹੀਂ ਜਾਣਾ।.... ਤੂੰ ਇੱਥੇ ਆ ਕੇ ਦੁਖੀ ਹੋਣਾ.... ਤੈਥੋਂ ਮੇਰਾ ਮਨ ਨ੍ਹੀਂ ਜਿੱਤਿਆ ਜਾਣਾ।"

—6—

ਘਰ 'ਚ ਘੁਸਰ-ਮੁਸਰ ਹੋਣੀ ਸ਼ੁਰੂ ਹੋ ਗਈ।

ਡਾਕ ਆਉਂਦੀ। ਬੀਬੀ ਪੁੱਛਦੀ, "ਜੈਤੋ ਤੋਂ ਕੋਈ ਚਿੱਠੀ ਆਈ?"

"ਨ੍ਹੀਂ," ਮੈਂ ਖਿਝ ਕੇ ਦੱਸਦਾ।

ਝੱਟ ਪਲ ਲਈ ਉਸ ਨੂੰ ਕੁਝ ਨਾ ਸੁੱਝਦਾ। ਉਹ ਡੌਰ-ਭੌਰ ਇੱਧਰ-ਉੱਧਰ ਨਜ਼ਰਾਂ ਦੌੜਾਉਂਦੀ। ਉਸ ਨੂੰ ਡਰ ਆ ਘੇਰਦਾ ਕਿ ਕਿਤੇ ਬਣੀ ਬਣਾਈ ਖੇਡ ਖਤਮ ਨਾ ਹੋ ਜਾਵੇ। ਕੁੜੀ ਦਾ ਪਿਉ ਤਾਂ ਵਿਆਹ ਦੇਣ ਨੂੰ ਆਪ ਕਾਹਲਾ ਪਿਆ ਸੀ। ਹੁਣ ਕੀ ਹੋ ਗਿਆ?

ਮੈਨੂੰ ਦੀਪਕ ਜੈਤੋਈ ਹੋਰਾਂ ਦੇ ਫਕਰਪੁਣੇ ਦਾ ਪਤਾ ਸੀ। ਉਹ ਕਿਸੇ ਕਵੀ-ਦਰਬਾਰ 'ਚ ਚਲੇ ਗਏ ਹੋਣੇ। ਇਸ 'ਚ ਚਿੰਤਾ ਵਾਲੀ ਕਿਹੜੀ ਗੱਲ ਹੈ। ਮਨੋਂ ਮੈਂ ਇਹੀ ਚਾਹੁੰਦਾ ਸੀ ਕਿ ਉਹ ਨਾ ਆਉਣ। ਇਹ ਰਿਸ਼ਤਾ ਟੁੱਟ ਜਾਵੇ। ਮੈਂ ਪੁਸ਼ਪਾ ਨਾਲ ਕੀਤੇ ਆਪਣੇ ਕੌਲ ਤੋਂ ਨਾ ਭੱਜਾਂ। ਮੈਂ ਆਪਣੀਆਂ ਤੇ ਉਸ ਦੀਆਂ ਨਜ਼ਰਾਂ ਤੋਂ ਨਾ ਡਿੱਗਾਂ। ਜੇ ਕੋਈ ਸੰਤੁਸ਼ਟੀ ਵਾਲੀ ਗੱਲ ਸੀ ਤਾਂ ਉਹ ਇਹੀ ਸੀ ਕਿ ਦੀਪਕ ਜੈਤੋਈ ਵੱਡੇ ਸ਼ਾਇਰ ਸਨ। ਮੈਂ ਉਨ੍ਹਾਂ ਦੀ ਇੱਜ਼ਤ ਕਰਦਾ ਸੀ। ਮੈਨੂੰ ਉਨ੍ਹਾਂ ਨੂੰ ਸਪੱਸ਼ਟ ਕਰ ਦੇਣਾ ਚਾਹੀਦਾ ਸੀ।

ਮੈਨੂੰ ਪਤਾ ਸੀ ਕਿ ਜਦੋਂ ਮੇਰੇ 'ਤੇ ਕੋਈ ਆਫਤ ਆਉਣੀ ਹੈ ਜਾਂ ਮੇਰੇ ਨਾਲ ਕੋਈ ਮਾੜੀ ਘਟਨਾ ਵਾਪਰਣੀ ਹੈ, ਮੈਨੂੰ ਸੁਪਨਾ ਆਉਂਦਾ ਹੈ ਜਾਂ ਕੋਈ ਅਣਡਿੱਠੀ ਸ਼ਕਤੀ ਮੈਨੂੰ ਸੁਚੇਤ ਕਰਦੀ ਹੈ। ਪੁਸ਼ਪਾ ਫੇਰ ਸੁਪਨਿਆਂ 'ਚ ਆਉਣ ਲੱਗੀ। ਹੱਸਦੀ। ਮੁਸਕਰਾਉਂਦੀ। ਮੈਨੂੰ ਭੰਵਰ 'ਚ ਛੱਡਦੀ। ਊਟ-ਪਟਾਂਗ ਬੋਲਦੀ। ਪਰ ਉਹ ਦੀ ਬਝਵੀਂ ਤਸਵੀਰ ਨਾ ਉਭਰਦੀ। ਮੈਂ ਦੌੜਦਾ। ਥੱਕਦਾ। ਡਿੱਗਦਾ। ਉਹ ਖਿੜਖਿੜਾ ਕੇ ਹੱਸਦੀ। ਜਿਵੇਂ ਕਹਿ ਰਹੀ ਹੋਵੇ-ਆਪਣੀ ਕੀਤੀ ਆਪੇ ਭੁਗਤ। ਮੈਥੋਂ ਕਿਸੇ ਵੀ ਸਿੱਟੇ 'ਤੇ ਪੁੱਜਿਆ ਨਾ ਗਿਆ। ਮੋੜ-ਘੋੜ ਕੇ ਮੇਰਾ ਧਿਆਨ ਸੁਪਨਿਆਂ 'ਤੇ ਕੇਂਦਰਿਤ ਹੋ ਜਾਂਦਾ।

ਦੋ ਕੁ ਦਿਨਾਂ ਬਾਅਦ ਫੇਰ ਬੀਬੀ ਨੇ ਚਿੱਠੀ ਬਾਰੇ ਪੁੱਛਿਆ। ਮੈਂ ਔਖ ਮਹਿਸੂਸ ਕਰਦਿਆਂ ਕਿਹਾ, "ਤੈਨੂੰ ਕਾਹਦੀ ਕਾਹਲੀ ਪਈ?"

"ਕਾਹਲੀ ਵੀ ਹੁੰਦੀ।" ਉਹ ਸਹਿਜ ਭਾਵ ਨਾਲ ਬੋਲੀ। ਕਿਹਾ, "ਤੈਨੂੰ ਪਤਾ-ਧਵਨ ਕਿੱਥੇ ਕੰਮ ਕਰਦਾ?"

"ਹੂੰ, ਪਤਾ।"

"ਮੈਨੂੰ ਉਹਨੂੰ ਮਿਲਾ।"

"ਕਾਅਦੇ ਲਈ?"

"ਕੋਈ ਅਤਾ-ਪਤਾ ਕਰੀਏ।"

"ਜੇ ਉਨ੍ਹਾਂ ਨੂੰ ਲੋੜ ਹੋਈ ਆਪੇ ਦੌੜੇ ਆਉਣਗੇ।"

"ਤੇਰਾ ਸਹੁਰਾ ਵਾਰ-ਵਾਰ ਕਹਿ ਕੇ ਗਿਆ ਸੀ-ਦੋ ਹਫਤਿਆਂ 'ਚ ਆਊਂਗਾ। ਹੁਣ ਕਈ ਦਿਨ ਬੀਤ ਗਏ।"

"ਤੂੰ ਕੀ ਕਰਨਾ ਜਾ ਕੇ। ਮੈਂ ਆਪ ਜਾ ਆਉਣਾ।"

ਉਸ ਕਿਹਾ, "ਧਵਨ ਨੂੰ ਕਿਰਾਏ ਲਈ ਪੈਸੇ ਦੇ ਆਈਂ। ਕਈ ਵਾਰ ਬੰਦਾ ਪੈਸੇ ਖਰਚ ਕਰਨ ਲੱਗਾ ਘੌਲ ਕਰ ਜਾਂਦਾ। ਜੇਬ 'ਚ ਪੈਸੇ ਹੋਣ ਤਾਂ ਛੇਤੀ ਜਾਊ।"

ਮੈਂ ਉਸ ਦੀ ਇਹ ਗੱਲ ਮੰਨ ਲਈ। ਮੈਨੂੰ ਉਸ ਪੰਜਾਹ ਰੁਪਈਏ ਦਿੱਤੇ। ਮੈਂ ਇਨ੍ਹਾਂ ਦਾ ਰੇਣੂ ਦਾ ਨਾਵਲ 'ਮੈਲਾ ਆਂਚਲ' ਖਰੀਦਿਆ। 'ਖਿਲੌਣਾ' ਫ਼ਿਲਮ ਦੇਖੀ। ਸ਼ਾਮ ਨੂੰ ਘਰ ਆ ਕੇ ਕਿਹਾ, "ਧਵਨ ਪਰਸੋਂ ਜਾਊਗਾ।"

## —7—

ਵਿਆਹ ਤੋਂ ਦਸ ਦਿਨ ਪਹਿਲਾਂ ਮੈਂ ਨਕੋਦਰੋਂ ਕਾਰਡ ਛਪਾਇਆ। ਉੱਪਰ ਲਿਖਵਾਇਆ ਸੀ-

*ਕਲ੍ਹ ਚੌਦਵੀਂ ਕੀ ਰਾਤ ਥੀ / ਸ਼ਬ ਭਰ ਰਹਾ ਚਰਚਾ ਤੇਰਾ*
*ਕੁਛ ਨੇ ਕਹਾ ਯੇਹ ਚਾਂਦ ਹੈ / ਕੁਛ ਨੇ ਕਹਾ ਚਿਹਰਾ ਤੇਰਾ।*

ਕਾਰਡ 'ਤੇ ਦੀਪਕ ਜੈਤੋਈ ਹੋਰਾਂ ਦਾ ਨਾਂ ਨਾ ਦਿੱਤਾ। ਇਹ ਮੈਂ ਜਾਣ-ਬੁੱਝ ਕੇ ਕੀਤਾ। ਮੈਂ ਵਿਆਹ ਤੋਂ ਪਹਿਲਾਂ ਇਸ ਰਿਸ਼ਤੇ ਬਾਰੇ ਕਿਸੇ ਨੂੰ ਜ਼ਾਹਰ ਨਹੀਂ ਕਰਨਾ ਚਾਹੁੰਦਾ ਸੀ। ਦੂਜੇ ਮੈਂ ਆਪਣੇ ਆਪ ਨੂੰ ਉਨ੍ਹਾਂ ਤੋਂ ਵੱਡਾ ਹੋਣ ਦਾ ਭ੍ਰਮ ਪਾਲ ਲਿਆ ਸੀ। ਉਸ ਵੇਲੇ ਮੈਨੂੰ ਅਜਿਹਾ ਹੀ ਲੱਗਾ ਸੀ। ਮੈਨੂੰ ਪਤਾ ਸੀ ਕਿ ਉਹ ਬਹੁਤ ਵੱਡੇ ਸ਼ਾਇਰ ਹਨ। ਮੈਨੂੰ ਇਸ ਤਰ੍ਹਾਂ ਪੇਸ਼ ਨਹੀਂ ਆਉਣਾ ਚਾਹੀਦਾ। ਪਰ ਮੇਰੀ ਹਉਮੈ ਅੱਗੇ ਸਾਰੇ ਤਰਕ ਫੇਲ੍ਹ ਹੋ ਗਏ। ਮੈਨੂੰ ਲੱਗਦਾ ਕਿ ਮੈਂ ਜੋ ਕਰ ਰਿਹਾ ਹਾਂ, ਉਹ ਠੀਕ ਹੈ। ਉੱਚਿਤ ਹੈ। ਇਹ ਵੀ ਇਕ ਕਿਸਮ ਦਾ ਵਿਰੋਧ ਸੀ।

—8—

ਉੱਪਰੋਂ-ਉੱਪਰੋਂ ਦੇਖਣ ਨੂੰ ਲੱਗਦਾ ਜਿਵੇਂ ਸਾਰੇ ਕਾਰਜ ਠੀਕ-ਠਾਕ ਹੋ ਗਏ ਸਨ। ਕੁੜੀ ਸਾਰਿਆਂ ਨੂੰ ਪਸੰਦ ਸੀ। ਬਰਾਤ ਦੀ ਸੇਵਾ ਦੀਆਂ ਵਡਿਆਈਆਂ ਹੋਈਆਂ। ਜਦੋਂ ਵੀ ਸਰਪੰਚ ਗੁਰਬਚਨ ਸਿੰਘ ਮਿਲਦਾ, ਉਹ ਸਿਫਤਾਂ ਦੇ ਪੁੱਲ ਬੰਨ੍ਹ ਦਿੰਦਾ, "ਲੈ ਬਈ-ਹਰਜਿੰਦਰ-ਮੈਂ ਆਪਣੇ ਦੋਵੇਂ ਮੁੰਡੇ ਇੰਗਲੈਂਡ 'ਚ ਵਿਆਹੇ। ਕੁੜਮਾਂ ਨੇ ਪੰਜਾਹ ਮੁੰਦਰੀਆਂ ਪਾਈਆਂ। ਕੰਬਲਾਂ ਦੀ ਕੋਈ ਗਿਣਤੀ ਨ੍ਹੀਂ ਰਹੀ। ਪਰ ਜਿਹੋ ਜਿਹੀ ਸੇਵਾ ਤੇਰੇ ਸਹੁਰੇ ਨੇ ਕੀਤੀ, ਉਹੋ ਜਿਹੀ ਉਹ ਨ੍ਹੀਂ ਕਰ ਸਕੇ। ਖਾਣ-ਪੀਣ 'ਚ ਮਲਵਈਆਂ ਦਾ ਕੋਈ ਮੁਕਾਬਲਾ ਨ੍ਹੀਂ। ਅਸ਼ਕੇ ਜਾਈਏ ਤੇਰੇ ਸਹੁਰੇ ਦੇ।" ਪਰ ਅੰਦਰੋਂ-ਅੰਦਰ ਸਮੁੰਦਰ ਦੀ ਤਹਿ 'ਚ ਉੱਠਦੀਆਂ ਹਲਚਲਾਂ ਵਾਂਗੂੰ ਬਹੁਤ ਕੁਝ ਹੋਰ ਵਿਚਰ ਰਿਹਾ ਸੀ। ਉਹ ਸੀ ਮੇਰੇ ਤੇ ਮਿਸਿਜ਼ ਵਿਚਕਾਰ। ਉਹ ਮੇਰੇ ਨਾਲ ਖੁੱਲ੍ਹਦੀ ਨਾ। ਉਹ ਘੁੱਟੀ-ਵੱਟੀ ਰਹਿਣ ਲੱਗੀ। ਮੈਂ ਉਸ ਨੂੰ ਪਸੰਦ ਨਾ ਕਰਦਾ ਤੇ ਉਹ ਮੈਨੂੰ। ਸ਼ਾਇਦ ਉਹ ਮੈਨੂੰ ਨਫਰਤ ਕਰਦੀ ਸੀ। ਮਹੀਨਾ ਕੁ ਇਸੇ ਕਸ਼ਮਕਸ਼ 'ਚ ਲੰਘਿਆ। ਫੇਰ ਬੀਬੀ ਨੇ ਉਹ ਨੂੰ ਕੋਈ ਗਿਦੜਸਿੰਗੀ ਸੁੰਘਾ ਦਿੱਤੀ। ਮੈਂ ਉੱਚਾ-ਨੀਵਾਂ ਬੋਲ ਜਾਂਦਾ-ਉਹ ਗੁੱਸਾ ਨਾ ਕਰਦੀ। ਆਪਾਂ ਐਦਾਂ ਕਰਨਾ ਹੈ। ਆਪਾਂ ਆਹ ਕਰਨਾ ਹੈ, ਆਪਾਂ ਔਹ ਕਰਨਾ ਹੈ, ਉਹ ਮੈਨੂੰ ਸਲਾਹੀਂ ਪਾ ਲੈਂਦੀ। ਮੈਂ ਜੋ-ਜੋ ਕਹਿੰਦਾ-ਉਹ ਉਸ ਦੀ ਇੰਨ-ਬਿੰਨ ਪਾਲਣਾ ਕਰਦੀ। ਉਹ ਦੀ ਨਿਮਰਤਾ, ਉਹ ਦੇ ਸੁਭਾਅ ਨੇ ਮੈਨੂੰ ਪਿਘਲਾ ਲਿਆ। ਮੈਨੂੰ ਉਸ 'ਚੋਂ ਪੁਸ਼ਪਾ ਲੱਭਣ ਲੱਗੀ। ਉਹ ਮੈਨੂੰ ਆਪਣੀ ਲੱਗਦੀ। ਸਾਰੀ ਦੀ ਸਾਰੀ ਮੇਰੀ। ਮੇਰੀ ਆਤਮਾ ਦਾ ਕੋਈ ਅਹਿਮ ਹਿੱਸਾ। ਵਾਹਿਗੁਰੂ ਦੇ ਭਾਣੇ ਨੂੰ ਆਖਰੀ ਸੱਚ ਮੰਨਣ ਵਾਲੀ। ਸਵੇਰੇ ਉੱਠ ਕੇ ਨਹਾਉਂਦੀ। ਜਪੁਜੀ ਸਾਹਿਬ ਦਾ ਪਾਠ ਕਰਦੀ। ਫੇਰ ਹੀ ਚਾਹ ਪੀਂਦੀ। ਸ਼ਾਮ ਨੂੰ ਰਹਿਰਾਸ ਦਾ ਪਾਠ ਕਰਦੀ। ਬਾਅਦ 'ਚ ਉਹ ਰਾਧਾਸੁਆਮਣ ਬਣ ਗਈ।

ਮੈਨੂੰ ਉਸ ਦੀਆਂ ਕੁਝ ਆਦਤਾਂ ਬਹੁਤ ਹੀ ਚੰਗੀਆਂ ਲੱਗੀਆਂ। ਉਹ ਬਹੁਤ ਘੱਟ ਬੋਲਦੀ। ਬਹੁਤ ਧੀਮੀ ਆਵਾਜ਼ 'ਚ। ਐਨਾ ਧੀਮਾ ਕਿ ਕੋਲ ਬੈਠੇ ਨੂੰ ਉਸ ਦੀ ਗੱਲ ਸਮਝ ਨਾ ਪੈਂਦੀ। ਉਹ ਪਹਿਲ ਨਾ ਕਰਦੀ। ਕਿਸੇ ਕੰਮ ਲਈ ਜ਼ੋਰ ਨਾ ਦਿੰਦੀ। ਬਸ-ਆਪਣੀ ਰਾਏ ਜ਼ਾਹਿਰ ਕਰਦੀ। ਉਸ 'ਚ ਜਜ਼ਬ ਕਰਨ ਦੀ ਅਥਾਹ ਸ਼ਕਤੀ ਸੀ। ਘਰ 'ਚ ਦੋ ਮੱਝਾਂ ਸਨ। ਦੋਵੇਂ ਦੁੱਧ ਦੇਣੋਂ ਹਟ ਗਈਆਂ। ਗੱਭਣ ਸਨ। ਚਾਹ ਲਈ ਬੱਕਰੀ ਦਾ ਦੁੱਧ ਵਰਤਿਆ ਜਾਂਦਾ। ਜਦੋਂ ਦੁੱਧ ਦੀ ਲੋੜ ਪੈਂਦੀ, ਬੱਕਰੀ ਦੀ ਲੱਤ, ਪੈਰ ਦੇ ਅੰਗੂਠੇ ਨਾਲ ਫੜ ਕੇ ਗੁਜ਼ਾਰੇ ਜੋਗਾ ਚੋਅ ਲਿਆਉਂਦੇ। ਉਹ ਨੂੰ ਬੱਕਰੀ ਦੇ ਦੁੱਧ ਦੀ ਚਾਹ ਸੁਆਦ ਨਾ ਲੱਗਦੀ। ਉਹ ਕਹਿੰਦੀ ਕਿ ਉਹ ਨੂੰ ਇਸ 'ਚੋਂ ਮੁਸ਼ਕ ਆਉਂਦਾ। ਉਹ ਨੇ ਇਹ ਚਾਹ ਨਹੀਂ ਪੀਣੀ। ਨਵੀਂ-ਨਵੀਂ ਆਈ ਸੀ, ਉਹ ਦੀ ਗੱਲ ਮੰਨ ਲਈ ਗਈ। ਫੇਰ ਬੀਬੀ ਨੇ ਚਲਾਕੀ ਖੇਡੀ। ਉਹ ਘਰੋਂ ਗਲਾਸ ਲੈ ਜਾਂਦੀ। ਕਹਿੰਦੀ, 'ਮੈਂ ਕੌਛਾਲੀ ਕੇਉਂ ਪਾਈਆ ਦੁੱਧ ਲੈ ਆਵਾਂ।" ਬੀਬੀ ਹਵੇਲੀ ਜਾ ਵੜਦੀ। ਬੱਕਰੀ ਦਾ ਦੁੱਧ ਚੋਂਦੀ। ਉਹ ਲਈ ਵੱਖਰੀ ਚਾਹ ਬਣਦੀ। ਹੁੰਦਾ ਦੁੱਧ ਬੱਕਰੀ ਦਾ। ਉਹ ਚਾਹ ਪੀ ਲੈਂਦੀ। ਉਹ ਨੂੰ ਪਤਾ ਨਾ ਲੱਗਦਾ ਕਿ ਦੁੱਧ ਬੱਕਰੀ ਦਾ ਸੀ ਜਾਂ ਗਾਂ ਦਾ। ਚਹੁੰ ਮਹੀਨਿਆਂ ਬਾਅਦ ਮੱਝ ਸੂਅ ਪਈ। ਮੈਂ ਉਹ ਨੂੰ ਦੱਸਿਆ, "ਦੁੱਧ ਤਾਂ ਬੱਕਰੀ ਦਾ ਹੁੰਦਾ ਸੀ। ਤੂੰ ਗਾਂ ਦਾ ਸਮਝ ਕੇ ਚਾਹ ਸੁਆਦ ਨਾਲ ਪੀਂਦੀ ਰਹੀ।" ਉਹ ਗੰਭੀਰ ਹੋ ਗਈ। ਬੋਲੀ, "ਮੈਨੂੰ ਤੁਹਾਡੀਆਂ ਚਲਾਕੀਆਂ ਦਾ ਕੀ ਪਤਾ। ਤੁਹਾਡਾ ਪਰਿਵਾਰ ਬਹੁਤ ਸ਼ੈਤਾਨ ਆ।" ਮੈਂ ਉਹ ਨੂੰ ਬੱਕਰੀ ਦੇ ਦੁੱਧ ਦੇ ਗੁਣ ਦੱਸੇ। ਇਹ ਵੀ ਦੱਸਿਆ ਕਿ ਮਹਾਤਮਾ ਗਾਂਧੀ ਆਪ ਬੱਕਰੀ ਦਾ ਦੁੱਧ ਪੀਂਦਾ ਸੀ। ਇਹ ਦੁੱਧ ਹਲਕਾ ਹੁੰਦਾ ਹੈ। ਨਵ-ਜੰਮੇ ਬੱਚੇ ਨੂੰ ਪਿਲਾਇਆ ਜਾਂਦਾ ਹੈ। ਮੇਰੀਆਂ ਗੱਲਾਂ ਦਾ ਉਸ 'ਤੇ ਕੋਈ ਅਸਰ ਨਾ ਹੋਇਆ। ਮੈਂ ਕਿਹਾ, "ਮੈਂ ਤੇਰੇ ਮਨ ਦਾ ਵਹਿਮ ਦੂਰ ਨ੍ਹੀਂ ਕਰ ਸਕਦਾ। ਦੁੱਧ 'ਚ ਕੀ ਪਿਆ? ਜਿਹੜੀਆਂ ਬੱਕਰੀਆਂ ਇੱਜੜ ਨਾਲ ਚਰਦੀਆਂ, ਉਨ੍ਹਾਂ ਦੇ ਦੁੱਧ 'ਚੋਂ ਮੁਸ਼ਕ ਆਉਂਦਾ ਹੁੰਦਾ। ਘਰ ਬੱਝੀਆਂ ਤੋਂ ਨ੍ਹੀਂ। ਜਿੰਨਾ ਚਿਰ ਤੈਨੂੰ ਪਤਾ ਰਿਹਾ ਕਿ ਇਹ ਦੁੱਧ ਬੱਕਰੀ ਦਾ ਆ, ਤੈਨੂੰ ਬੇਸੁਆਦਾ ਲੱਗਾ। ਜਦੋਂ ਪਤਾ ਨਾ ਲੱਗਾ-ਫੇਰ ਇਹੀ ਸੁਆਦ ਲੱਗਣ ਲੱਗਾ। ਤੂੰ ਗਲਾਸ ਚਾਹ ਦਾ ਪੀਂਦੀ ਰਹੀ।"

"ਪਰ ਤੁਸੀਂ ਕਿਉਂ ਝੂਠ ਬੋਲਿਆ?"

"ਤੇਰੀ ਚਾਹ ਦੀ ਖਾਤਿਰ।"

"ਜੇ ਮੈਂ ਚਾਹ ਨਾ ਪੀਂਦੀ ਤਾਂ ਮੇਰੀ ਕਿਹੜੀ ਜਾਨ ਨਿਕਲ ਚੱਲੀ ਸੀ।"

"ਚਾਰ ਵਾਰ ਚਾਹ ਪੀਣ ਵਾਲੀ ਨੂੰ ਜੇ ਸਮੇਂ ਸਿਰ ਚਾਹ ਨਾ ਮਿਲੇ ਤਾਂ ਉਹ ਦਾ ਕੀ ਹਾਲ ਹੋਊ?"

"ਗੱਲਾਂ 'ਚ ਮੈਂ ਤੁਹਾਨੂੰ ਨ੍ਹੀਂ ਹਰਾ ਸਕਦੀ।"

ਵਿਆਹ ਹੋਏ ਨੂੰ ਸੱਤ ਮਹੀਨੇ ਹੋ ਗਏ ਸਨ। ਮੈਂ ਵਿਹਲਾ ਸੀ। ਕੰਮ ਮਿਲਣ ਦਾ ਕੋਈ ਸਬੱਬ ਨਹੀਂ ਬਣ ਰਿਹਾ ਸੀ। ਦਿਨੇ ਮੈਥੋਂ ਉਸ ਦਾ ਸਾਹਮਣਾ ਨਾ ਕਰ ਹੁੰਦਾ। ਉਹ ਕਮਰੇ ਵਿਚ ਆਉਂਦੀ ਤਾਂ ਮੈਂ ਮੋਮਬੱਤੀ ਬੁਝਾ ਦਿੰਦਾ। ਅਸੀਂ ਸਾਰੀ-ਸਾਰੀ

ਰਾਤ ਗੱਲਾਂ ਕਰਦੇ। ਇਕ ਦਿਨ ਉਹ ਮੂਡ਼ 'ਚ ਆਈ ਦੱਸਣ ਲੱਗੀ, "ਜਦੋਂ ਤੁਸੀਂ ਫੇਰਿਆਂ ਵੇਲੇ ਘਰ ਆਏ, ਤੁਹਾਡੇ ਕੋਲੋਂ ਕੁੜੀਆਂ ਦਾ ਬੰਨ੍ਹਿਆ ਰੀਬਨ ਕੱਟਿਆ ਨਾ ਗਿਆ। ਸਾਰੇ ਜਣੇ ਕੂਰ-ਕੂਰ ਕਰਨ ਲੱਗੇ। ਇਸੇ ਕੂਰ-ਕੂਰ 'ਚ ਲਾਵਾਂ ਹੋ ਗਈਆਂ। ਮੇਰਾ ਚਾਚਾ ਪਤੰਗਾ ਕਹਿਣ ਲੱਗਾ, 'ਕੁੜੀਏ, ਜੇ ਤੇਰਾ ਮਨ ਨ੍ਹੀਂ ਮੰਨਦਾ ਤਾਂ ਦੱਸ ਅਸੀਂ ਬਰਾਤ ਬੇਰੰਗ ਭੇਜ ਦਿੰਨੇ।' ਮੈਂ ਉਨ੍ਹਾਂ ਦੇ ਗਲ਼ ਲੱਗ ਕੇ ਰੋ ਪਈ। ਕਿਹਾ-ਜੋ ਭਾਪਾ ਜੀ ਨੇ ਕੀਤਾ ਠੀਕ ਹੀ ਕੀਤਾ।" ਉਸ ਦੀ ਦੇਹ ਬੁਰੀ ਤਰ੍ਹਾਂ ਕੰਬੀ। ਜਿਵੇਂ ਉਹ ਪਲ ਉਸ ਅੱਗੇ ਸਾਕਾਰ ਹੋ ਗਏ ਹੋਣ। ਮੈਂ ਪਹਿਲੀ ਵਾਰ ਮਹਿਸੂਸ ਕੀਤਾ ਕਿ ਮੈਂ ਵਾਕਿਆ ਹੀ ਅੰਗਹੀਣ ਹਾਂ। ਮੇਰੀ ਡਿਗਰੀ ਜ਼ੀਰੋ ਹੈ। ਮੈਂ ਐਵੇਂ ਲੇਖਕ ਹੋਣ ਦਾ ਭ੍ਰਮ ਪਾਲ ਰੱਖਿਆ। ਬੀਬੀ ਨੇ ਗੱਲਾਂ-ਗੱਲਾਂ 'ਚ ਉਸ ਨੂੰ ਸੁਣਾਇਆ ਸੀ, "ਭਰਾ ਜੀ ਬਹੁਤ ਸਿਆਣੇ। ਉਨ੍ਹਾਂ ਦੇਖਿਆ-ਮੁੰਡਾ ਸੋਲ੍ਹਾਂ ਜਮਾਤਾਂ ਪਾਸ। ਨੌਕਰੀ ਮਿਲ ਹੀ ਜਾਣੀ।" ਉਹ ਕੁਝ ਨਾ ਬੋਲੀ। ਘਰ 'ਚ ਹੁੰਦੀ ਕਿਸੇ ਵੀ ਗੱਲ 'ਚ ਉਹ ਸ਼ਰੀਕ ਨਾ ਹੁੰਦੀ। ਕਿਸੇ ਨਾ ਕਿਸੇ ਕੰਮ 'ਚ ਲੱਗੀ ਰਹਿੰਦੀ। ਕੰਮ ਕਰਦੀ ਥੱਕਦੀ ਨਾ। ਮੈਨੂੰ ਉਸ 'ਤੇ ਮਾਣ ਸੀ। ਸ਼ਾਇਦ ਉਸ ਵੀ ਮਨ ਬਣਾ ਲਿਆ ਸੀ ਕਿ ਇਹ ਨਹੀਂ ਕਹਾਉਣਾ, "ਹਰਜਿੰਦਰ ਦੀ ਵਹੁਟੀ ਕੰਮ ਨ੍ਹੀਂ ਕਰਦੀ।"

ਉਹ ਘੁੱਟੀ-ਘੁੱਟੀ ਰਹਿਣ ਲੱਗੀ। ਉਸ ਦੇ ਅੰਦਰਲਾ ਜਵਾਲਾਮੁਖੀ ਫਟਣਾ ਸੀ। ਉਹ ਇਕ ਦਿਨ ਫਟਿਆ। ਉਸ ਦੇ ਹੱਥ ਮੇਰਾ ਅੰਗਹੀਣ ਸਰਟੀਫਿਕੇਟ ਲੱਗ ਗਿਆ। ਉਹ ਕੱਚੇ ਦਲਾਨ 'ਚ ਆਪਣੀ ਪੇਟੀ ਕੋਲ ਖੜ੍ਹੀ ਜ਼ਾਰ-ਜ਼ਾਰ ਰੋ ਪਈ।

ਸਭ ਕੁਝ ਜਾਣਦਿਆਂ ਹੋਇਆਂ ਵੀ ਮੈਂ ਪੁੱਛਿਆ, "ਹਾਂ ਜੀ, ਹੁਣ ਕੀ ਗੱਲ ਹੋ ਗਈ?"

ਜਦੋਂ ਉਹ ਹਿਚਕੋਰੇ ਲੈ ਕੇ ਰੋਂਦੀ ਤਾਂ ਉਸ ਦਾ ਸਾਰਾ ਸਰੀਰ ਮੀਂਹ 'ਚ ਭਿੱਜੀ ਬੱਕਰੀ ਵਾਂਗੂੰ ਕੰਬਦਾ।

ਮੈਂ ਉਸ ਨੂੰ ਰੋਣ ਦਿੱਤਾ। ਉਸ ਲਈ ਰੋਣਾ ਜ਼ਰੂਰੀ ਸੀ। ਇਹ ਅਹਿਮ ਸੀ। ਜੇ ਉਹ ਖੁੱਲ੍ਹ ਕੇ ਨਾ ਰੋਂਦੀ ਤਾਂ ਉਸ ਸਖਤ ਬਿਮਾਰ ਹੋ ਜਾਣਾ ਸੀ।

ਉਹ ਮੈਨੂੰ ਬੱਚੇ ਵਾਂਗੂੰ ਚੰਬੜ ਗਈ। ਮੈਂ ਉਸ ਦੇ ਵਾਲਾਂ 'ਚ ਉਂਗਲਾਂ ਫੇਰਦਾ ਰਿਹਾ।

ਉਸ ਆਪਣੇ ਆਪ ਨੂੰ ਸੰਭਾਲਿਆ। ਥੋੜ੍ਹਾ ਕੁ ਸਹਿਜ ਹੁੰਦੀ ਬੋਲੀ, "ਮੈਨੂੰ ਸਿਰਫ ਤੇ ਸਿਰਫ ਜਿੰਦਰ ਚਾਹੀਦਾ ਹੈ-ਸਿਰਫ ਜਿੰਦਰ। ਮੇਰੇ ਹਿੱਸੇ ਦਾ ਜਿੰਦਰ।"

"ਮੈਂ ਤੇਰੇ ਕੋਲ ਹਾਂ।"

"ਮੈਨੂੰ ਡਰ ਲੱਗਦਾ ਕੋਈ ਸਾਨੂੰ ਆਪਸ ਤੋਂ ਤੋੜ ਰਿਹਾ।"

ਇਹ ਉਸ ਦਾ ਵਹਿਮ ਸੀ। ਇਕ ਡਰ ਸੀ। ਕਿਸੇ ਵੇਲੇ ਇਹੀ ਮੇਰਾ ਡਰ ਸੀ। ਮੇਰਾ ਵਹਿਮ ਸੀ। ਉਸ ਦੇ ਡਰ ਦਾ ਮੁੱਖ ਕਾਰਨ ਬੀਬੀ ਦਾ ਸਖਤ ਸੁਭਾਅ ਤੇ ਪ੍ਰਭੁਸਤਾ ਦੀ ਹਉਮੈ ਸੀ। ਬੀਬੀ ਦਾ ਵਿਚਾਰ ਸੀ ਕਿ ਨੂੰਹਾਂ ਨੂੰ ਦਬਾਅ ਕੇ ਰੱਖਣਾ ਚਾਹੀਦਾ ਹੈ। ਪੁੱਤ 'ਤੇ ਪਹਿਲਾ ਹੱਕ ਮਾਂ ਦਾ ਹੁੰਦਾ ਹੈ। ਬੀਵੀ ਪੈਰ ਦੀ ਜੁੱਤੀ ਹੁੰਦੀ ਹੈ। ਇਹ ਨੂੰ ਚੰਡ ਕੇ ਰੱਖਣਾ ਚਾਹੀਦਾ ਹੈ। ਬੀਬੀ ਨੇ ਇੱਥੋਂ ਤੱਕ ਵੀ ਕਿਹਾ ਸੀ ਕਿ ਜੇ ਉਹ ਦਾ ਪੁੱਤ ਆਰੀ ਨਾ ਹੁੰਦਾ ਤਾਂ ਉਸ ਉਨ੍ਹਾਂ ਦੇ ਘਰ ਦਾ ਰਿਸ਼ਤਾ ਕਦੇ ਕਬੂਲ ਨਹੀਂ ਕਰਨਾ ਸੀ। ਇੱਥੋਂ ਕਿਤੋਂ ਉਹ ਡਰੀ ਸੀ। ਸ਼ਾਇਦ ਉਹ ਨੂੰ ਆਪਣੀ ਜ਼ਿੰਦਗੀ ਨਾਲ ਨਫਰਤ ਹੋ ਗਈ ਸੀ। ਇਕ ਦਿਨ ਉਹ ਨੂੰ ਚੰਗੇ ਮੂਡ 'ਚ ਬੈਠੀ ਨੂੰ ਮੈਂ ਪੁੱਛਿਆ, "ਕੁੜੀਆਂ ਦਾ ਸੁਪਨਾ ਹੁੰਦਾ ਕਿ ਮੇਰਾ ਖਾਵੰਦ ਐਦਾਂ ਦਾ ਹੋਵੇ। ਤੂੰ ਕੀ ਸੋਚਦੀ ਹੁੰਦੀ ਸੀ?"

"ਮੇਰਾ ਸੁਪਨਾ ਸੀ ਕਿ ਮੇਰੇ ਪਤੀ ਬਹੁਤ ਪੜ੍ਹੇ-ਲਿਖੇ ਹੋਣ। ਉਹ ਸਰਦਾਰ ਨਾ ਹੋਣ। ਉਹ ਬਹੁਤ ਘੱਟ ਬੋਲਣ ਵਾਲੇ ਹੋਣ। ਮੈਂ ਜੋ ਚਾਹਿਆ ਸੀ, ਉਹ ਮਿਲ ਗਿਆ। ਹੁਣ ਤੁਹਾਨੂੰ ਕੋਈ ਸਟੈਂਡਰਡ ਦੀ ਨੌਕਰੀ ਮਿਲ ਜਾਵੇ।...ਮਨ ਦੀ ਸੁੰਦਰਤਾ ਸਰੀਰਕ ਸੁੰਦਰਤਾ ਨਾਲੋਂ ਉੱਪਰ ਹੁੰਦੀ। ਵੱਡੀ ਗੱਲ-ਤੁਸੀਂ ਸ਼ਰਾਬ ਨੂੰ ਨਫਰਤ ਕਰਦੇ ਹੋ।"


ਉਹ ਮੇਰੇ ਲਈ ਇਕ ਪਹੇਲੀ ਬਣ ਗਈ। ਉਸ ਦੀ ਸ਼ਖ਼ਸੀਅਤ ਬੜੀ ਪੇਚੀਦਾ ਸੀ। ਉਸ ਦੀਆਂ ਕੁਝ ਰੁਚੀਆਂ ਮੇਰੇ ਨਾਲ ਮਿਲਦੀਆਂ ਸਨ। ਉਹ ਜਗਜੀਤ ਸਿੰਘ, ਗੁਲਾਮ ਅਲੀ, ਤਲਤ ਅਜੀਜ਼, ਮਹਿੰਦੀ ਹਸਨ ਦੀਆਂ ਗਾਈਆਂ ਗ਼ਜ਼ਲਾਂ ਇਕਾਗਰ ਚਿਤ ਹੋ ਕੇ ਸੁਣਦੀ। ਉਹ ਚੰਗੇ ਸ਼ਿਅਰਾਂ ਦੀ ਦਾਦ ਦਿੰਦੀ। ਉਹ ਆਰੂਜ ਜਾਣਦੀ ਸੀ। ਉਸ ਗ਼ਜ਼ਲਾਂ ਲਿਖੀਆਂ। 'ਅਕਾਲੀ ਪੱਤ੍ਰਿਕਾ' 'ਚ ਕਵਿਤਾ ਬਾਰੇ ਇਕ ਕਾਲਮ ਚਲਦਾ ਸੀ। ਦਰਸ਼ਨ ਦਰਵੇਸ਼ ਨੇ ਉਸ ਬਾਰੇ ਲਿਖਿਆ। ਮੈਂ ਤੇ ਬਲਬੀਰ ਪਰਵਾਨੇ ਨੇ ਉਸ ਦਾ ਸਾਹਿਤਕ ਨਾਂ ਪੁਸ਼ੀ ਸਿੰਘ ਰੱਖਿਆ। ਉਸ ਦੀਆਂ ਪੰਜ ਗ਼ਜ਼ਲਾਂ ਸਮੇਤ ਫੋਟੋ ਛਪ ਗਈ। ਘਰ ਦੇ ਝਮੇਲਿਆਂ 'ਚ ਅਜਿਹੀ ਫਸੀ ਕਿ ਮੁੜ ਉਸ ਕੋਲੋਂ ਲਿਖਿਆ ਹੀ ਨਾ ਗਿਆ। ਉਸ ਰਜਨੀਸ਼ ਦੇ ਲੈਕਚਰਾਂ ਨੂੰ ਸੁਣਿਆ। ਉਹ ਆਤਮ-ਕੇਂਦਰਿਤ ਹੋ ਜਾਂਦੀ। ਉਸ ਦੀ ਸੂਝ ਸ਼ਕਤੀ ਬੜੀ ਤੇਜ਼ ਸੀ। ਉਸ ਦਾ ਚੁੱਪ ਰਹਿਣਾ ਮੈਨੂੰ ਪਸੰਦ ਸੀ। ਉਹ ਮਾਲਵੇ ਦੀ ਭਾਸ਼ਾ ਬੋਲਦੀ। ਮੈਂ ਉਸ ਨੂੰ 'ਮਲਵੈਣ' ਕਹਿ ਕੇ ਆਵਾਜ਼ ਮਾਰਨ ਲੱਗਾ। ਉਸ ਨੇ ਇਸ ਦਾ ਵਿਰੋਧ

ਨਾ ਕੀਤਾ। ਉਸ ਨੂੰ ਇਹ ਨਾਂ ਚੰਗਾ ਲੱਗਦਾ ਸੀ। ਆਏ ਗਏ ਤੋਂ ਵੀ ਮੈਂ ਇਸੇ ਨਾਂ ਨਾਲ ਉਸ ਨੂੰ ਆਵਾਜ਼ਾਂ ਮਾਰਨ ਲੱਗਾ। ਉਸ ਇਕ-ਦੋ ਵਾਰ ਟੋਕਿਆ, "ਤੁਸੀਂ ਭੁੱਲ ਗਏ, ਮੇਰਾ ਨਾਂ ਪੁਸ਼ੀ ਐ।"

ਉਹ ਮਾਨਸਿਕ ਪੱਖੋਂ ਕਮਜ਼ੋਰ ਸੀ। ਉਸ 'ਤੇ ਮਾੜੀ ਗੱਲ ਦਾ ਯਕਦਮ ਅਸਰ ਹੁੰਦਾ। ਕੋਈ ਮੂੰਹ-ਮੱਥੇ ਲੱਗਦਾ ਮਰ ਜਾਂਦਾ ਜਾਂ ਕਿਤੇ ਕੋਈ ਦੁਰਘਟਨਾ ਵਾਪਰਦੀ ਤਾਂ ਉਹ ਰੋਣ ਲੱਗ ਜਾਂਦੀ। ਅਸੀਂ ਟੁੱਟਦੇ, ਜੁੜਦੇ, ਭ੍ਰਮ 'ਚ ਜਿਉਂ ਰਹੇ ਸੀ। ਮੈਨੂੰ ਲੱਗਦਾ ਕਿ ਮੈਂ ਉਸ ਨਾਲ ਬਹੁਤਾ ਚਿਰ ਨਿਵ ਨਹੀਂ ਸਕਣਾ। ਫੇਰ ਮੈਂ ਸਮਝੌਤੇ ਕਰਨ ਲੱਗਾ। ਭਰਮ ਪਾਲਣ ਲੱਗਾ। ਇਕ ਭਰਮ ਇਹ ਵੀ ਕਿ ਉਹ ਮੈਨੂੰ ਨਫਰਤ ਕਰਨ ਲੱਗੀ ਹੈ। ਮੇਰਾ ਇਹ ਭਰਮ ਉਦੋਂ ਟੁੱਟਿਆ ਜਦੋਂ 'ਆਜ਼ਾਦ' ਬੱਸ ਮੁੱਧਾਂ ਦੇ ਗੇਟ ਤੋਂ ਫਰਲਾਂਗ ਕੁ ਦੂਰ ਵਗਦੀ ਵਈਂ ਵਿਚ ਡਿੱਗ ਪਈ। ਆਲੇ-ਦੁਆਲੇ ਦੇ ਪਿੰਡਾਂ 'ਚ ਹਾਹਾਕਾਰ ਮਚ ਗਈ। ਉਸੇ ਵੇਲੇ ਮੈਂ ਨਕੋਦਰ ਤੋਂ ਜਲੰਧਰ ਜਾਂਦਾ ਸੀ। ਮੇਰੇ ਭਾਣਜੇ ਵਿਜੈ ਨੇ ਘਰ ਆ ਕੇ ਦੱਸ ਦਿੱਤਾ ਕਿ ਉੱਥੇ ਮਾਮੇ ਦਾ ਝੋਲਾ ਪਿਆ ਹੈ। ਘਰ 'ਚ ਅਫੜਾ-ਤਫੜੀ ਮਚ ਗਈ। ਬੀਬੀ ਨੇ ਬਾਬਿਆਂ ਦੀ ਸਮਾਧ 'ਤੇ ਅਖੰਡਪਾਠ ਸੁਖ ਲਿਆ ਕਿ ਹਰਜਿੰਦਰ ਸਹੀ ਸਲਾਮਤ ਹੋਵੇ। ਉਹ ਨੇ ਤਾਂ ਪਹਿਲਾਂ ਹੀ ਮੌਤ ਦਾ ਮੂੰਹ ਦੇਖਿਆ। ਉਸ ਬੱਸ ਫੜੀ। ਬਈਂ 'ਤੇ ਆ ਉਤਰੀ। ਝੋਲਾ ਦੇਖਿਆ। ਇਹ ਕਿਸੇ ਹੋਰ ਦਾ ਸੀ। ਉਹ ਐੱਮ.ਬੀ.ਡੀ. ਪ੍ਰੈੱਸ ਜਲੰਧਰ ਆ ਗਈ। ਮੈਂ ਪਰੂਫ ਪੜ੍ਹ ਰਿਹਾ ਸੀ। ਹੇਠਾਂ ਆਇਆਂ। ਉਸ ਦਾ ਚਿਹਰਾ ਉਤਰਿਆ ਸੀ। ਮੈਨੂੰ ਸਾਹਮਣੇ ਦੇਖ ਕੇ ਉਸ ਦਾ ਸਾਹ ਨਾਲ ਸਾਹ ਰਲਿਆ। ਉਸ ਕਿਹਾ, "ਮੇਰੇ ਨਾਲ ਹੁਣੇ ਚੱਲ।" ਮੈਂ ਸ਼ਾਮ ਨੂੰ ਆਉਣ ਦਾ ਕਿਹਾ। ਉਹ ਬੋਲੀ, "ਨ੍ਹੀਂ, ਹੁਣੇ ਘਰ ਚੱਲ। ਤੇਰੀ ਵਹੁਟੀ ਨੇ ਰੋ-ਰੋ ਕੇ ਅੱਖਾਂ ਸੁਜਾ ਲਈਆਂ।" ਘਰ ਆਇਆ। ਪੁਸ਼ੀ ਧਾਈਂ ਰੋ ਰਹੀ ਸੀ। ਉਸ ਰਾਤ ਮੈਨੂੰ ਪਹਿਲੀ ਵਾਰ ਲੱਗਿਆ ਸੀ ਕਿ ਮੈਂ ਵਿਆਹਿਆ ਹੋਇਆ ਹਾਂ। ਪੁਸ਼ੀ ਮੇਰੀ ਹੈ। ਔਰਤ ਨੂੰ ਸਮਝਣਾ ਐਨਾ ਆਸਾਨ ਨਹੀਂ ਹੁੰਦਾ ਜਿੰਨਾ ਮੈਂ ਸਮਝ ਬੈਠਾ ਸੀ।

ਪੁਸ਼ੀ ਨੂੰ ਅਚਾਰ ਤੇ ਗੱਠੇ ਤੋਂ ਬਿਨਾ ਰੋਟੀ ਸੁਆਦ ਨਾ ਲੱਗਦੀ। ਸ਼ਿਵ ਉਸ ਦੇ ਪੇਟ 'ਚ ਸੀ। ਕਸ਼ਮੀਰੀ ਲਾਲ ਸਬਜ਼ੀ ਵੇਚਣ ਆਇਆ। ਤੱਰਾਂ ਦੀ ਖ਼ੁਸ਼ਬੂ ਨੇ ਉਸ ਅੰਦਰ ਖਲਬਲੀ ਮਚਾ ਦਿੱਤੀ। ਉਸ ਬੀਬੀ ਨੂੰ ਤੱਰਾਂ ਖਰੀਦਣ ਲਈ ਕਿਹਾ। ਬੀਬੀ ਨੇ ਕਿਹਾ ਕਿ ਤੱਰਾਂ ਲਈ ਪੈਸੇ ਹੈ ਨਹੀਂ। ਸ਼ਨੀਵਾਰ ਰਾਤ ਨੂੰ ਉਸ ਇਹ ਘਟਨਾ ਮੇਰੇ ਨਾਲ ਸਾਂਝੀ ਕੀਤੀ, "ਮੇਰਾ ਮਨ ਐਨਾ ਬੁਝ ਗਿਆ। ਮੈਂ ਸੋਚਿਆ ਜਿਹੜਾ ਜੀਅ ਢਿੱਡ 'ਚ ਪਿਆ-ਮੁੱਕੀਆਂ ਮਾਰ ਕੇ ਇਹਦਾ ਫਾਤਮਾ ਪੜ੍ਹ ਦਿਆਂ।" ਜਿਵੇਂ ਮੈਂ ਪਹਿਲਾਂ ਵੀ ਉਹ ਨੂੰ ਦਿਲਾਸਾ ਦਿੰਦਾ ਸੀ, ਦਿੱਤਾ। ਦੂਜੇ ਦਿਨ ਐਤਵਾਰ ਸੀ। ਮੈਂ ਨਕੋਦਰ ਗਿਆ। ਤੱਰਾਂ ਦਾ ਥੈਲਾ ਭਰ ਲਿਆਇਆ। ਸਿਖਰ ਦੁਪਹਿਰ ਸੀ। ਮੈਂ ਉਸ ਨੂੰ ਆਵਾਜ਼ ਮਾਰੀ। ਥੈਲਾ ਉਸ ਅੱਗੇ ਰੱਖ ਦਿੱਤਾ। ਕਿਹਾ, "ਲੈ ਜਿੰਨਾ ਜੀਅ ਕਰਦਾ-ਖਾ ਲੈ।" ਉਸ ਦੀਆਂ ਅੱਖਾਂ ਭਰ ਆਈਆਂ। ਇਹ ਹੰਝੂ ਖੁਸ਼ੀ ਦੇ ਸਨ ਜਾਂ ਗ਼ਮੀ ਦੇ-ਮੈਥੋਂ ਇਨ੍ਹਾਂ ਦੀ ਇਬਾਰਤ ਪੜ੍ਹੀ ਨਾ ਗਈ। ਐਦਾਂ ਹੀ ਇਕ ਹੋਰ ਘਟਨਾ ਵਾਪਰੀ। ਤਰਸੇਮ ਅੰਬ ਲਿਆਇਆ। ਬੀਬੀ ਨੇ ਦੋ ਚੀਰ ਲਏ। ਇਹ ਕਹਿ ਕੇ-ਸਵੇਰ ਨੂੰ ਖਾਵਾਂਗੇ-ਬਾਕੀ ਰਸੋਈ 'ਚ ਰੱਖ ਆਂਦੇ। ਬਹੁਤ ਹੀ ਛੋਟੀਆਂ-ਛੋਟੀਆਂ ਫਾੜੀਆਂ ਚੀਰੀਆਂ। ਪੁਸ਼ੀ ਨੇ ਇਸ਼ਾਰਾ ਕੀਤਾ ਕਿ ਆਪਣੇ ਹਿੱਸੇ ਦਾ ਅੰਬ ਨਾ ਖਾਇਓ। ਮੈਂ ਹੱਥ ਪਿਛਾਂਹ ਨੂੰ ਕਰਕੇ ਕੋਠੇ 'ਤੇ ਚੜ੍ਹ ਆਇਆ। ਉਸ ਨ੍ਹੇਰੀ (ਉਸ ਦੀ ਸਭ ਤੋਂ ਛੋਟੀ ਭੈਣ) ਕੋਲੋਂ ਵੀ ਉਸ ਦਾ ਹਿੱਸਾ ਫੜ ਲਿਆ। ਉੱਪਰ ਆ ਕੇ ਤਿੰਨੇ ਫਾੜੀਆਂ ਖਾ ਲਈਆਂ। ਬੋਲੀ, "ਮੇਰਾ ਢਿੱਡ ਭਰ ਕੇ ਅੰਬ ਖਾਣ ਨੂੰ ਚਿੱਤ ਕਰਦਾ।"

ਘਰ 'ਚ ਐਨੀ ਤੰਗੀ ਨਹੀਂ ਸੀ ਜਿੰਨੀ ਜ਼ਾਹਰ ਕੀਤੀ ਜਾਂਦੀ। ਉਹ ਇਕ ਸੂਟ ਨੂੰ ਹਫ਼ਤਾ-ਹਫ਼ਤਾ ਪਾਉਂਦੀ। ਉਸ ਕਦੇ ਇਕ ਸੂਟ ਨੂੰ ਇਕ ਦਿਨ ਤੋਂ ਜ਼ਿਆਦਾ ਪਾਇਆ ਨਹੀਂ ਸੀ। ਜੇ ਉਹ ਤੀਜੇ ਦਿਨ ਕੱਪੜੇ ਬਦਲ ਲੈਂਦੀ ਤਾਂ ਭਾਬੀ ਕਹਿੰਦੀ, "ਅੜੀਏ-ਤੂੰ ਅੱਜ ਫੇਰ ਕੱਪੜੇ ਬਦਲ ਲਏ। ਮਾਤਾ ਜੀ ਨੇ ਰੌਲਾ ਪਾਉਣਾ। ਐਨਾ ਸਾਬੁਣ ਕਿੱਥੋਂ ਆਊ।" ਇਕ ਵਾਰ ਮੈਨੂੰ ਪੂਰਾ ਹਫਤਾ ਐੱਮ. ਬੀ. ਡੀ. ਪ੍ਰੈੱਸ 'ਚ ਰਾਤਾਂ ਲਾਉਣੀਆਂ ਪਈਆਂ। ਅੱਠਵੇਂ ਦਿਨ ਆਇਆ। ਉਹ ਦੇ ਮੈਲ ਨਾਲ ਗੱਚ ਹੋਇਆ ਸੂਟ ਪਾਇਆ ਹੋਇਆ ਸੀ। ਮੈਂ ਗੁੱਸੇ 'ਚ ਆ ਗਿਆ। ਸਾਰੇ ਟੱਬਰ ਨੂੰ ਸੁਣਾ ਕੇ ਕਿਹਾ, "ਚੱਲ ਪਹਿਲਾਂ ਨਹਾ ਕੇ ਆ। ਫੇਰ ਕੱਪੜੇ ਬਦਲ। ਨ੍ਹੀਂ ਤਾਂ ਮੈਂ ਤੈਨੂੰ ਆਪਣੇ ਕਮਰੇ ਵਿਚ ਨ੍ਹੀਂ ਆਉਣ ਦੇਣਾ।" ਉਹ ਡਰ ਗਈ। ਉਸ ਨੂੰ ਮੇਰੇ ਗੁੱਸੇ ਦਾ ਪਹਿਲੀ ਵਾਰ ਸ਼ਿਕਾਰ ਹੋਣਾ ਪਿਆ ਸੀ। ਉਸ ਮੇਰੇ ਕਹੇ ਦਾ ਪਾਲਣ ਕੀਤਾ। ਆਈ। ਮੈਂ ਕਿਹਾ-"ਮੈਂ ਤੈਨੂੰ ਸਾਫ-ਸੁਥਰੀ ਦੇਖਣਾ ਚਾਹੁੰਨਾਂ।" ਉਹ ਬੋਲੀ, "ਪਹਿਲਾਂ ਆਪਣੀ ਮਾਂ ਨੂੰ ਸਮਝਾ ਕੇ ਰੱਖੋ।" ਮੈਂ ਚੁੱਪ ਰਿਹਾ। ਮੈਂ ਸਭ ਕੁਝ ਕਰ ਸਕਦਾ ਸੀ। ਬੀਬੀ ਨੂੰ ਸਮਝਾਉਣਾ ਖਾਲਾ ਜੀ ਦਾ ਵਾੜਾ ਨਹੀਂ ਸੀ। ਉਸ ਦੇ ਅੜਬਪੁਣੇ ਅੱਗੇ ਮੇਰੀ ਕੋਈ ਪੇਸ਼ ਨਾ ਜਾਂਦੀ। ਮੈਂ ਉਸ ਨੂੰ ਸਮਝਾਇਆ, "ਸਿਆਣੇ ਕਹਿੰਦੇ ਹੁੰਦੇ ਆ ਕਿ ਮਾਰਨ ਵਾਲੇ ਪਸ਼ੂ ਕੋਲੋਂ ਬਚ ਕੇ ਨਿਕਲ ਜਾਣ 'ਚ ਹੀ ਸਿਆਣਪ ਹੁੰਦੀ।" ਉਸ ਦੇ ਸਬਰ ਦਾ ਪਿਆਲਾ ਭਰ ਚੁੱਕਿਆ ਸੀ। ਉਹ ਝੱਟ ਬੋਲੀ, "ਆਖਿਰ ਕਿੰਨਾ ਚਿਰ?" ਮੈਂ ਕਿਹਾ, "ਜਿੰਨਾ ਚਿਰ ਆਪਾਂ ਸਟੈਂਡ ਨ੍ਹੀਂ ਕਰ ਜਾਂਦੇ।"



# ਰੂਸੀ ਇਨਕਲਬ : ਪਰਖ, ਪੜਚੋਲ ਤੇ ਮੁੱਲ ਮੁਲੰਕਣ

ਤੇਜਵੰਤ ਸਿੰਘ ਗਿੱਲ

ਵੀਹਵੀਂ ਸਦੀ ਵਿਚ ਵਾਪਰੀ ਸਭ ਤੋਂ ਮਹਾਨ ਘਟਨਾ ਬਾਰੇ ਜੇ ਨਿਰਣਾ ਲੈਣਾ ਹੋਵੇ ਤਾਂ ਸੋਚ ਵਿਚਾਰ ਉਪਰੰਤ ਗੁਣਾ ਰੂਸੀ ਇਨਕਲਾਬ ਦੇ ਪੱਖ ਵਿਚ ਹੀ ਪੈਂਦਾ ਲੱਗਦਾ ਹੈ। ਪਹਿਲੀਆਂ ਸਦੀਆਂ ਦੌਰਾਨ ਵੀ ਬਹੁਤ ਮਹਾਨ ਘਟਨਾਵਾਂ ਘਟੀਆਂ ਜਿਨ੍ਹਾਂ ਦੇ ਪ੍ਰਭਾਵ ਅਜੇ ਤਕ ਲੋਪ ਨਹੀਂ ਹੋਏ। ਪੰਦਰਾਂ ਸੌ ਸਾਲ ਪਹਿਲਾਂ ਇਸਲਾਮ ਦਾ ਆਗਾਜ਼ ਹੋਇਆ ਅਤੇ ਬੜੀ ਤੇਜ਼ੀ ਨਾਲ ਇਸ ਨੇ ਏਸ਼ੀਆ ਅਤੇ ਯੂਰਪ ਦੇ ਵਡੇਰੇ ਭਾਗ ਨੂੰ ਆਪਣੇ ਵਸ ਕਰ ਲਿਆ। ਐਨੀਆਂ ਸਦੀਆਂ ਬੀਤ ਜਾਣ ਅਤੇ ਸਮੇਂ ਦੀ ਚਾਲ ਨਾਲ ਇਸ ਦੇ ਉਦੇਸ਼ਾਂ ਦਾ ਹਾਣ ਦੇ ਨਾ ਰਹਿਣਾ ਸੁਭਾਵਕ ਸੀ। ਫੇਰ ਵੀ ਬਦਲਦੀਆਂ ਪ੍ਰਸਥਿਤੀਆਂ ਲਈ ਇਸ ਦੀ ਪ੍ਰੇਰਨਾ ਵੱਡੀ ਚੁਣੌਤੀ ਬਣੀ ਹੋਈ ਹੈ। ਇਸ ਦੇ ਭਵਿੱਖ ਬਾਰੇ ਤਾਂ ਦਾਅਵਾ ਨਹੀਂ ਕੀਤਾ ਜਾ ਸਕਦਾ ਪਰ ਇਸ ਦੇ ਅਤੀਤ ਨੇ ਜਿਵੇਂ ਵਰਤਮਾਨ ਨੂੰ ਡਾਵਾਂਡੋਲ ਕੀਤਾ ਹੋਇਆ ਹੈ, ਉਹ ਅਚੰਭੇ ਤੋਂ ਘੱਟ ਨਹੀਂ।

ਸਵਾ ਕੁ ਦੋ ਸਦੀਆਂ ਪਹਿਲਾਂ ਜੋ ਫਰਾਂਸ ਵਿਚ ਇਨਕਲਾਬ ਆਇਆ ਉਹ ਹਨੇਰੀ ਸਮਾਨ ਸੀ ਜਿਸ ਨੇ ਯੂਰਪ ਵਿਚ ਪਾਤਸ਼ਾਹੀਆਂ ਡੋਲਣ ਲਾ ਦਿੱਤੀਆਂ ਸਨ। ਏਕਤਾ, ਸਮਾਨਤਾ ਅਤੇ ਭਰਾਤਰੀ ਭਾਵ ਦਾ ਅਜੇਹਾ ਵਹਿਣ ਵਗਿਆ ਕਿ ਭੂਪਵਾਦੀ ਕਦਰਾਂ ਕੀਮਤਾਂ ਨਕਾਰਾ ਹੋ ਕੇ ਰਹਿ ਗਈਆਂ। ਆਜ਼ਾਦੀ ਦੀਆਂ ਲਹਿਰਾਂ ਨੂੰ ਬੜਾ ਵਡਾਵਾ ਮਿਲਿਆ। ਇਸ ਤੋਂ ਪ੍ਰੇਰਨਾ ਪਾ ਕੇ ਯੂਰਪ ਅਤੇ ਉਸ ਤੋਂ ਪਾਰ ਦੇ ਦੇਸ਼ਾਂ ਵਿਚ ਜਮਹੂਰੀ ਨਿਜ਼ਾਮ ਹੋਂਦ ਵਿਚ ਆਏ। ਸਮਾਂ ਪਾ ਕੇ ਇਕ ਕਦਮ ਅਗਾਂਹ, ਦੋ ਕਦਮ ਪਿਛਾਂਹ ਦੇ ਉਹ ਆਦੀ ਹੋ ਗਏ। ਇਸ ਦੇ ਹੁੰਦਿਆਂ ਸੁੰਦਿਆਂ ਹੁਣ ਜਦ ਬਸਤੀਵਾਦ ਦੀ ਥਾਂ ਨਵ-ਬਸਤੀਵਾਦ ਨੇ ਲੈ ਲਈ ਹੈ, ਏਕਤਾ, ਸਮਾਨਤਾ ਅਤੇ ਭਰਾਤਰੀ ਭਾਵ ਦੀ ਪ੍ਰੇਰਨਾ ਲੋਪ ਨਹੀਂ ਹੋਈ। ਇਸ ਵਿਚ ਵਿਰੋਧਾਭਾਸ ਜ਼ਰੂਰ ਆ ਸਮਾਇਆ ਹੈ।

ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਰੂਸੀ ਇਨਕਲਾਬ ਸੀ ਜਿਸ ਨੂੰ ਇਸ ਲੜੀ ਵਿਚ ਰੱਖਣਾ ਉਚਿਤ ਹੈ। ਆਸ਼ਾ ਅਤੇ ਅਭਿਲਾਸ਼ਾ ਪੱਖੋਂ ਇਸ ਦੀਆਂ ਪ੍ਰਾਪਤੀਆਂ ਦਾ ਲਖਸ਼ ਦੋਨਾਂ ਤੋਂ ਪਾਰ ਜਾਣ ਦਾ ਸੀ। ਹਜ਼ਾਰਾਂ ਸਾਲਾਂ ਤੋਂ ਜਾਤਾਂ ਜਮਾਤਾਂ, ਵਰਗਾਂ ਵਿਚ ਵੰਡੇ ਸਮਾਜ ਨੂੰ ਇਸ ਨੇ ਸਾਂਝੀਵਾਲਤਾ ਵਿਚ ਪਰੋਣ ਦਾ ਨਿਰਣਾ ਕੀਤਾ ਹੋਇਆ ਸੀ। ਸੱਤਾ ’ਤੇ ਕਾਬਜ਼ ਹੋ ਜਾਣ ਤੋਂ ਮਗਰੋਂ, ਇਸ ਦੇ ਨਿਰਮਾਤਾ ਲੈਨਿਨ (1870-1924) ਨੇ ਆਪਣੇ ਆਪ ਨੂੰ ਸਵਾਲ ਕੀਤਾ, “ਰਾਜਸੀ ਤਾਕਤ

ਬਥੇਰੀ ਸਾਡੇ ਹੱਥ ਆ ਗਈ ਹੈ। ਘਾਟ ਕਿਸ ਗੱਲ ਦੀ ਹੈ ?" ਨਾਲ ਹੀ ਉਸ ਨੇ ਆਪਣੇ ਆਪ ਨੂੰ ਇਹ ਜਵਾਬ ਦਿੱਤਾ, "ਘਾਟ ਸਭਿਆਚਾਰ ਦੀ ਹੈ।" ਸੱਚਮੁੱਚ ਹੀ ਵੀਹਵਿਆਂ ਵਿਚ ਅਜੇਹਾ ਸਭਿਆਚਾਰ ਉੱਸਰ ਆਇਆ, ਬੌਧਿਕ ਦਿਸ਼ਾਵਾਂ ਵਿਚ ਅਜੇਹੀਆਂ ਪ੍ਰਾਪਤੀਆਂ ਹੋਣ ਲੱਗ ਪਈਆਂ, ਜੋ ਸਦੀਆਂ ਤੋਂ ਵਿਗਸਦੇ ਆਏ ਯੂਰਪ ਤੋਂ ਸੇਧ ਲੈਣ ਦੀ ਥਾਂ ਸੇਧ ਪ੍ਰਦਾਨ ਕਰਨ ਲੱਗ ਪਈਆਂ।

ਇਹ ਸਭ ਪਰਵਾਨ ਵੀ ਚੜ੍ਹਿਆ। ਐਵੇਂ ਤਾਂ ਨਹੀਂ ਸਾਮਰਾਜੀ ਤਾਕਤਾਂ ਅਧੀਨ ਬਸਤੀਆਂ ਵਿਚ ਵੰਡੇ ਗਏ ਦੇਸ਼ ਆਜ਼ਾਦੀ ਦੀ ਤਮੰਨਾ ਕਰਨ ਲੱਗ ਪਏ। ਗ਼ਦਰ ਲਹਿਰ ਦੇ ਅਸਫਲ ਹੋ ਜਾਣ ਉਪਰੰਤ ਸਾਡੇ ਪੰਜਾਬ ਦੇ ਹੀ ਭਾਈ ਸੰਤੋਖ ਸਿੰਘ ਅਤੇ ਭਾਈ ਰਤਨ ਸਿੰਘ ਇਸ ਖ਼ਾਤਰ ਸੇਧ ਲੈਣ ਮਾਸਕੋ ਪਹੁੰਚੇ ਸਨ। ਯੂਰਪ ਵਿਚ ਨਾਜ਼ੀਵਾਦੀ ਅਤੇ ਫਾਸ਼ੀਵਾਦੀ ਤਾਕਤਾਂ ਨੇ ਜੋ ਹਨੇਰਗਰਦੀ ਮਚਾ ਰੱਖੀ ਸੀ, ਇਤਿਹਾਸ ਦੇ ਸਭ ਤੋਂ ਮਾਰੂ ਸੰਸਾਰ ਯੁੱਧ ਵਿਚ ਧਕੇਲ ਦਿੱਤਾ ਸੀ, ਉਨ੍ਹਾਂ ਨੂੰ ਹਰਾਉਣ ਦਾ ਸਿਹਰਾ ਵੀ ਮੁੱਖ ਤੌਰ 'ਤੇ ਰੂਸੀ ਇਨਕਲਾਬ ਉਪਰੰਤ ਸਿਰਜੇ ਗਏ ਸੋਵੀਅਤ ਸੰਘ ਨੂੰ ਗਿਆ। ਜਿਸ ਤਨਦੇਹੀ ਦੇ ਨਾਲ ਸੋਵੀਅਤ ਸੰਘ ਦੇ ਲੋਕ ਲੜੇ ਉਸ ਨੇ ਪੂਰਬੀ ਦੇਸ਼ਾਂ ਵਿਚ ਇਨਕਲਾਬੀ ਦਾ ਵਾਪਰਨਾ ਸੰਭਵ ਬਣਾ ਦਿੱਤਾ। ਆਜ਼ਾਦ ਹੋਏ ਦੇਸ਼ਾਂ ਨੂੰ ਵੱਡੀ ਗਿਣਤੀ ਵਿਚ ਸਾਮਰਾਜੀ ਤਾਕਤਾਂ ਦੀ ਧਿਰ ਬਣਨ ਤੋਂ ਰੋਕਿਆ ਅਤੇ ਤੀਜੇ ਵਿਸ਼ਵ ਯੁੱਧ ਦੀ ਰੋਕਥਾਮ ਲਈ ਉਤਸ਼ਾਹਿਤ ਕੀਤਾ, ਦੇਣ ਇਸ ਦਿਸ਼ਾ ਵਿਚ ਵੀ ਸੋਵੀਅਤ ਸੰਘ ਦੀ ਕਿਸੇ ਪੱਖੋਂ ਘੱਟ ਨਹੀਂ ਸੀ।

ਵਿਅੰਗ ਵਾਲੀ ਗੱਲ ਪਰ ਇਹ ਹੈ ਕਿ ਪੂਰੀ ਸਦੀ ਸੋਵੀਅਤ ਸੰਘ ਇਸ ਪ੍ਰਾਕਰਮ ਦੇ ਸਮਰੱਥ ਨਾ ਰਹਿ ਸਕਿਆ। ਰੂਸੀ ਇਨਕਲਾਬ ਦੇ ਵਾਪਰਣ ਤੋਂ ਪੰਜਾਹ ਸਾਲ ਉਪਰੰਤ ਹੀ ਇਸ ਦਾ ਜਵਾਲ ਆਰੰਭ ਹੋ ਗਿਆ। ਕੀ ਇਸ ਦੇ ਵਾਪਰਣ ਵਿਚ ਕੋਈ ਕਸਰ ਸੀ ਜੋ ਸਮਾਂ ਬੀਤਣ ਨਾਲ ਘੁਣ ਵਾਂਗ ਇਸ ਦੀ ਸਮਰੱਥਾ ਨੂੰ ਵਿਚੋਂ ਵਿਚ ਖਾ ਗਈ ? ਜਿਨ੍ਹਾਂ, ਆਸ਼ਿਆਂ ਨੂੰ ਪੁਗਾਣ ਖ਼ਾਤਰ ਇਹ ਇਨਕਲਾਬ ਵਾਪਰਿਆ, ਕੀ ਉਨ੍ਹਾਂ ਵਿਚ ਕੋਈ ਖੋਟ ਸੀ ? ਸਮੇਂ ਨੇ ਇਸ ਖੋਟ ਨੂੰ ਮਾਰੂ ਬਣਾਨ ਵਿਚ ਕੋਈ ਕਸਰ ਨਾ ਛੱਡੀ, ਕੀ ਇਸ ਤਰ੍ਹਾਂ ਦਾ ਭਾਣਾ ਵਾਪਰਿਆ ? ਇਹ ਪ੍ਰਸ਼ਨ ਹਨ ਜਿਨ੍ਹਾਂ ਨੂੰ ਵਿਚਾਰਣ ਤੋਂ ਬਿਨਾਂ, ਇਹ ਜੋ ਭਾਣਾ ਵਰਤਿਆ ਇਸ ਨੂੰ ਸਮਝਿਆ ਨਹੀਂ ਜਾ ਸਕਦਾ। ਏਥੇ ਸਪੱਸ਼ਟ ਇਹ ਵੀ ਹੋਣਾ ਜ਼ਰੂਰੀ ਹੈ ਕਿ ਇਸ ਸਮਝ ਨੂੰ ਪਾਉਣ ਖ਼ਾਤਰ ਕਿਸੇ ਧਾਰਮਿਕ ਅਤੇ ਅਧਿਆਤਮਕ ਵਿੰਗਾਂ ਵਲੇਵਿਆਂ ਵਿਚ ਪੈਣ ਦੀ ਲੋੜ ਨਹੀਂ। ਸਹਿਜਭਾਵੀ, ਇਤਿਹਾਸਕ ਅਤੇ ਵਿਚਾਰਧਾਰਕ ਵਿਆਖਿਆ ਹੀ ਇਸ ਭੇਦ ਨੂੰ ਖੋਲ੍ਹਣ ਲਈ ਕਾਫ਼ੀ ਹੈ। ਜਿਵੇਂ ਰੂਸੀ ਇਨਕਲਾਬ ਵਾਪਰਿਆ ਇਸ ਦਾ ਵੇਰਵਾ ਜੌਨ ਰੀਡ (1882-1920) ਨਾਮੀਂ ਅਮਰੀਕੀ ਪੱਤਰਕਾਰ ਦੀ ਪੁਸਤਕ **Ten Days That Shook The World** (ਦਸ ਦਿਨ ਜਿਨ੍ਹਾਂ ਧਰਤ ਹਿਲਾ ਦਿੱਤੀ) ਵਿਚ ਬਹੁਤ ਹੀ ਭਾਵਪੂਰਤ ਬੋਲੀ ਵਿਚ ਦਰਜ ਹੈ। ਇਸ ਦੇ ਇਉਂ ਵਾਪਰਣ ਦਾ ਤੱਥ ਸੱਚ ਇਹ ਹੈ ਕਿ ਰੂਸੀ ਜ਼ਬਾਨ ਵਿਚ ਛਪੀ ਇਸ ਪੁਸਤਕ ਦੀ ਭੂਮਿਕਾ ਖ਼ੁਦ ਲੈਨਿਨ ਦੀ ਲਿਖੀ ਹੋਈ ਸੀ।

ਇਸ ਵੇਰਵੇ ਵਿਚ ਸਪੱਸ਼ਟ ਤਾਂ ਨਹੀਂ ਪਰ ਇਸ ਤੋਂ ਅਨੁਮਾਣ ਲੱਗ ਜਾਂਦਾ ਹੈ ਕਿ ਜਿਸ ਤਰ੍ਹਾਂ ਦੀ ਸੰਕਟਮਈ ਸਥਿਤੀ ਦੀ ਕਾਰਲ ਮਾਰਕਸ ਨੇ ਆਰਥਿਕ ਪ੍ਰਸੰਗ ਤੋਂ **Capital** (ਪੂੰਜੀ) ਨਾਮੀਂ ਲਿਖਤ ਵਿਚ ਕਿਰਤ ਵਰਗ ਵਲੋਂ ਲਿਆਏ ਜਾਣ ਵਾਲੇ ਇਨਕਲਾਬ ਦੀ ਪੇਸ਼ੀਨਗੋਈ ਕੀਤੀ ਸੀ, ਰੂਸ ਸ਼ਹਿਨਸ਼ਾਹ ਦੇ ਰਾਜਪਾਟ ਵਿਚ ਉਸ ਪ੍ਰਕਾਰ ਦੇ ਹਾਲਾਤ ਤਾਂ ਨਹੀਂ ਬਣੇ ਹੋਏ ਸੀ। ਰਾਜਸੀ ਅਤੇ ਸਮਾਜਕ ਸੰਕਟ ਇਸ ਪ੍ਰਕਾਰ ਦਾ ਬਣਿਆ ਹੋਇਆ ਸੀ ਕਿ ਇਸ ਨੂੰ ਇਨਕਲਾਬ ਦੇ ਹੱਕ ਵਿਚ ਜ਼ਰੂਰ ਭੁਗਤਾਇਆ ਜਾ ਸਕਦਾ ਸੀ। ਪਹਿਲਾ ਸੰਸਾਰ ਯੁੱਧ ਜੋਰਾਂ 'ਤੇ ਸੀ ਜਿਸ ਵਿਚ ਰੂਸੀ ਰਾਜ ਪਾਟ ਭਾਈਵਾਲ ਦੇਸ਼ਾਂ ਦੀ ਧਿਰ ਬਣਿਆ ਹੋਇਆ ਸੀ। ਵਿਰੋਧੀ ਤਾਕਤਾਂ ਜਿਨ੍ਹਾਂ ਵਿਚ ਪ੍ਰਮੁੱਖ ਜਰਮਨ ਰਾਜਪਾਟ ਸੀ, ਰੂਸੀ ਫ਼ੌਜਾਂ ਤੇ ਭਾਰੂ ਹੋਇਆ ਲੱਗਦਾ ਸੀ। ਹਰ ਪਾਸੇ ਘੋਰ ਬੇਚੈਨੀ ਪੱਸਰੀ ਹੋਈ ਸੀ ਜਿਸ ਨੂੰ ਮੱਠਾ ਕਰਨ ਲਈ ਪਹਿਲਾਂ ਤੋਂ ਬਣੀ Constituent Assembly (ਸੰਵਿਧਾਨਕ ਸਭਾ) ਦਾ ਇਜਲਾਸ ਬੁਲਾਇਆ ਗਿਆ ਸੀ। ਕੈਰਨਸਕੀ ਨਾਮੀਂ ਰਾਜਪਾਟ ਦੇ ਹਮਦਰਦ ਨੇਤਾ ਦੀ ਅਗਵਾਈ ਅਧੀਨ ਆਰਜ਼ੀ ਸਰਕਾਰ ਵੀ ਬਣ ਚੁੱਕੀ ਸੀ। ਉਮੀਦ ਸੀ ਕਿ ਸੰਵਿਧਾਨਕ ਸਭਾ ਦੇ ਮੈਂਬਰਾਂ ਨੂੰ ਆਪਣੀਆਂ ਸ਼ਿਕਾਇਤਾਂ ਸੁਣਾਣ ਅਤੇ ਭੜਾਸ ਕੱਢਣ ਦਾ ਅਵਸਰ ਮਿਲ ਜਾਵੇਗਾ। ਇਸ ਉਪਰੰਤ ਉਹ ਆਪੋ ਆਪਣੇ ਨਿਵਾਸ ਸਥਾਨਾਂ ਨੂੰ ਮੁੜ ਜਾਣਗੇ।

ਸੰਵਿਧਾਨਕ ਸਭਾ ਵਿਚ ਅੱਠ ਦਸ ਪਾਰਟੀਆਂ ਦੇ ਮੈਂਬਰ ਸ਼ਾਮਿਲ ਸਨ। ਉਨ੍ਹਾਂ ਵਿਚ ਲੈਨਿਨ ਦੀ ਰਹਿਨੁਮਾਈ ਵਾਲੀ ਬੌਲਸ਼ਵਿਕ ਪਾਰਟੀ ਹੀ ਕਿਰਤੀ ਵਰਗ ਦੇ ਸਮਰਥਨ ਵਿਚ ਡਟੀ ਹੋਈ ਸੀ ਅਤੇ ਚੱਲ ਰਹੇ ਸੰਸਾਰ ਯੁੱਧ ਨੂੰ ਕਿਰਤੀ ਵਰਗ ਦੇ ਹਿੱਤਾਂ ਲਈ ਘਾਤਕ ਸਮਝਦੀ ਸੀ। ਸੰਵਿਧਾਨਕ ਸਭਾ ਵਿਚ ਇਸ ਦੇ ਮੈਂਬਰ ਇਕ-ਤਿਹਾਈ ਵੀ ਨਹੀਂ ਸੀ। ਸਿੱਧ ਹੈ ਕਿ ਸੰਵਿਧਾਨਕ ਸਭਾ ਵਿਚ ਉਹ ਕਿਰਤੀ ਵਰਗ, ਯੁੱਧ ਵਿਚ ਹਾਰ ਖਾ ਰਹੇ ਸੈਨਿਕਾਂ, ਪਿੰਡਾਂ ਵਿਚ ਪਸ਼ੂ-ਪੱਧਰ 'ਤੇ ਵਿਚਰ ਰਹੇ ਕਿਸਾਨਾਂ ਦੇ ਹੱਕ ਵਿਚ ਕੋਈ ਕਾਨੂੰਨ ਪਾਸ ਨਹੀਂ ਸਨ ਕਰਵਾ ਸਕਦੇ। ਇਸ ਮੋੜ 'ਤੇ ਲੈਨਿਨ ਨੇ ਜੋ ਨਿਰਣਾ ਲਿਆ ਅਤੇ ਬਾਕੀ ਦੇ ਬੌਲਸ਼ਵਿਕ ਨੇਤਾਵਾਂ ਨੂੰ ਪੱਕੇ ਤੌਰ 'ਤੇ ਨਾਲ ਲਿਆ, ਉਹ ਉਸ ਦੀ ਹੁਣ ਤਕ ਪਰਵਾਨ ਚੜ੍ਹੀ ਵਿਚਾਰਧਾਰਾ ਨਾਲ ਮੇਲ ਤਾਂ ਨਹੀਂ ਸੀ ਖਾਂਦਾ। ਪਰ ਯੁੱਧ ਵਿਚ ਹਾਰ ਕਾਰਨ ਨਿੰਮੋਝੂਣੇ ਹੋਏ ਸੈਨਿਕਾਂ, ਕਾਰਖਾਨਿਆਂ ਵਿਚ ਝੁਲਸ ਰਹੇ

ਕਿਰਤੀਆਂ ਅਤੇ ਜਗੀਰਾਂ ਵਿਚ ਲਹੂ ਪਸੀਨਾ ਇਕ ਕਰ ਰਹੇ ਕਿਸਾਨਾਂ ਦੀਆਂ ਧੜਕਣਾਂ ਇਸ ਨਿਰਣੇ ਵਿਚ ਜ਼ਰੂਰ ਸਮਾਈਆਂ ਹੋਈਆਂ ਸਨ। ਨਿਰਣਾ ਸੀ ਕਿ ਸੰਵਿਧਾਨਕ ਸਭਾ ਦੀ ਬੈਠਕ ਲਈ ਨਿਸਚਿਤ ਦਿਨ ਤੋਂ ਪਹਿਲਾਂ ਪਹਿਲਾਂ ਇਸ ਨੂੰ ਭੰਗ ਕਰ ਦੇਣ ਦਾ ਐਲਾਨ ਕਰ ਦਿੱਤਾ ਜਾਵੇ। ਸਿਪਾਹੀਆਂ, ਕਿਰਤੀਆਂ ਅਤੇ ਕਿਸਾਨਾਂ ਦੀ ਸਰਕਾਰ ਦਾ ਗਠਨ ਕਰ ਦਿੱਤਾ ਜਾਵੇ। ਕਿਰਤੀਆਂ ਨੂੰ ਕਾਰਖਾਨਿਆਂ ਅਤੇ ਕਿਸਾਨਾਂ ਨੂੰ ਭੋਇੰ ਦੇ ਮਾਲਕ ਮੰਨ ਲਿਆ ਜਾਵੇ। ਜਿਹੜੇ ਖੇਤਰ ਰਾਜਪਾਟ ਤੋਂ ਵੱਖ ਹੋ ਕੇ ਆਜ਼ਾਦ ਦੇਸ਼ ਬਣਨਾ ਚਾਹੁਣ ਉਨ੍ਹਾਂ ਨੂੰ ਇਹ ਅਧਿਕਾਰ ਦੇ ਦਿੱਤਾ ਜਾਵੇ। ਨਤੀਜਾ ਇਹ ਹੋਇਆ ਕਿ ਜਿਥੇ ਰਾਜਧਾਨੀ ਵਿਚ ਬੌਲਸ਼ਵਿਕ ਪਾਰਟੀ ਦੇ ਮੈਂਬਰਾਂ ਦੀ ਗਿਣਤੀ ਹਜ਼ਾਰਾਂ ਵਿਚ ਸੀ, ਹੁਣ ਉਹ ਕਈ ਲੱਖ ਪਾਰ ਕਰ ਗਈ। ਆਰਜ਼ੀ ਸਰਕਾਰ ਦੇ ਵਜ਼ੀਰਾਂ ਨੂੰ ਰੂਪੋਸ਼ ਹੋਣ ਤੋਂ ਬਿਨਾਂ ਹੋਰ ਕੋਈ ਚਾਰਾ ਨਾ ਰਿਹਾ। ਸ਼ਹਿਨਸ਼ਾਹ ਨੂੰ ਗੱਦੀਓਂ ਲਾਹ ਕੇ ਬੰਦੀ ਬਣਾ ਲਿਆ ਗਿਆ ਅਤੇ ਦੂਰ ਦੁਰਾਡੇ ਨਜ਼ਰਬੰਦ ਕਰ ਦਿੱਤਾ ਗਿਆ। ਇਨਕਲਾਬੀ ਸਰਕਾਰ ਦਾ ਵੀ ਗਠਨ ਹੋ ਗਿਆ ਜਿਸ ਦਾ ਲੈਨਿਨ ਨੂੰ ਮੁਖੀ ਥਾਪਿਆ ਗਿਆ।

ਲੈਨਿਨ ਦੀ ਹੁਣ ਤਕ ਪਰਵਾਨ ਚੜ੍ਹੀ ਵਿਚਾਰਧਾਰਾ ਤੋਂ ਅਜੇਹੇ ਨਿਰਣੇ ਦੀ ਕੋਈ ਭਿਣਕ ਨਹੀਂ ਸੀ ਪੈਂਦੀ। ਉਸ ਦੇ ਸਹਿਯੋਗੀਆਂ ਨੂੰ ਵੀ ਇਸ ਬਾਰੇ ਸੰਕੋਚ ਬਣਿਆ ਹੋਇਆ ਸੀ। ਉਸ ਦੀ ਦਲੀਲ ਸੀ ਕਿ ਇਨਕਲਾਬੀਆਂ ਨੂੰ ਇਸ ਬਾਰੇ ਕੇਵਲ ਵਿਚਾਰ ਵਟਾਂਦਰਾ ਕਰਨਾ ਨਹੀਂ ਸੋਭਦਾ। ਉਨ੍ਹਾਂ ਲਈ ਇਸ ਨੂੰ ਸੱਚ ਸਿੱਧ ਕਰਨ ਲਈ ਹਰ ਔਕੜ ਦਾ ਸਾਹਮਣਾ ਕਰਨਾ ਜ਼ਰੂਰੀ ਹੈ। ਲੱਗਦਾ ਹੈ ਕਿ ਮੱਧਰੇ ਜਹੇ ਕੱਦ ਵਾਲੇ, ਹਰ ਉਚੇਚ ਨੂੰ ਹੇਚ ਸਮਝਣ ਵਾਲੇ ਸ਼ਕਲ ਸੂਰਤ ਤੋਂ ਸਾਧਾਰਨ ਪਰ ਸੋਚਣੀ ਤੋਂ ਅਲੌਕਿਕ ਇਸ ਬੰਦੇ ਦੀ ਕਹਿਣੀ ਨੇ ਜਾਦੂ ਦਾ ਕੰਮ ਕੀਤਾ। ਵਾਸਤਵ ਵਿਚ ਇਹ ਨਿਰਣਾ ਗ਼ੈਬੀ ਤਰ੍ਹਾਂ ਦੀ ਖੇਡ ਨਹੀਂ ਸੀ। ਖੇਡ ਇਹ ਜ਼ਰੂਰ ਸੀ ਬੁੱਧੀ ਅਤੇ ਕਲਪਨਾ ਦੀ ਉਪਜ, ਪਰ ਅਜੇਹੀ ਨਹੀਂ ਜੋ ਵੈਰੀਆਂ ਨੂੰ ਸਦਾ ਲਈ ਬੇਸੁੱਧ ਕਰਕੇ ਨਕਾਰਾ ਕਰ ਦਿੰਦੀ। ਸਗੋਂ ਵਿਰੋਧੀ, ਸਰਕਾਰੀ ਅਧਿਕਾਰੀ, ਫ਼ੌਜੀ ਅਫ਼ਸਰ, ਕਾਰਖਾਨੇਦਾਰ, ਜਗੀਰਦਾਰ ਅਤੇ ਉਨ੍ਹਾਂ ਨਾਲ ਕਈ ਲਾਲਸਾ ਵਸ ਜੁੜੇ ਦੂਰ ਦੁਰਾਡੇ ਖੇਤਰਾਂ ਦੇ ਵਸਨੀਕ ਖਾਨਾਜੰਗੀ ਤੇ ਉਤਰ ਆਏ। ਭਾਈਵਾਲ ਮੁਲਕ, ਜਿਨ੍ਹਾਂ ਨਾਲ ਰਲ ਕੇ ਰੂਸੀ ਰਾਜਪਾਟ ਯੁੱਧ ਵਿਚ ਕੁੱਦਿਆ ਸੀ, ਉਹ ਖਾਨਾਜੰਗੀ ਕਰਨ ਵਾਲਿਆਂ ਦੇ ਪੱਖ ਵਿਚ ਹੋ ਗਏ। ਹੈਰਾਨੀ ਦੀ ਗੱਲ ਤਾਂ ਇਹ ਆ ਬਣੀ ਕਿ ਜਰਮਨੀ, ਜਿਸ ਨਾਲ ਲੈਨਿਨ ਦੀ ਸਮਾਜਵਾਦੀ ਸਰਕਾਰ ਨੇ ਯੁੱਧ ਬੰਦ ਕਰਨ ਦੀ ਨੀਤੀ ਅਪਣਾਈ, ਉਸ ਨੇ ਵੀ ਅੰਦਰਖਾਤੇ ਵਿਦਰੋਹੀਆਂ ਦੀ ਮਦਦ ਕਰਨੀ ਆਰੰਭ ਕਰ ਦਿੱਤੀ। ਜਿਨ੍ਹਾਂ ਰਾਜਾਂ ਨੂੰ ਸੋਵੀਅਤ ਸੰਘ ਤੋਂ ਵੱਖ ਹੋ ਜਾਣ ਦੀ ਖੁੱਲ੍ਹ ਮਿਲ ਗਈ ਸੀ, ਉਨ੍ਹਾਂ ਦੇ ਸਮਾਜਵਾਦ-ਵਿਰੋਧੀ ਗੁੱਟਾਂ ਨੇ ਵੀ ਅਹਿਸਾਨਮੰਦ ਹੋਣ ਦੀ ਥਾਂ ਦੋਖੀ ਹੋ ਨਿਬੜਣ ਨੂੰ ਤਰਜੀਹ ਦਿੱਤੀ। ਨਤੀਜਾ ਇਹ ਹੋਇਆ ਕਿ ਸੋਵੀਅਤ ਸੰਘ ਨੂੰ ਅੰਦਰੂਨੀ ਹੀ ਨਹੀਂ ਬਾਹਰੀ ਖ਼ਤਰਾ ਵੀ ਆਵਾਜ਼ਾਰ ਕਰਨ ਲੱਗ ਪਿਆ। ਮਹਾਨ ਅੰਗਰੇਜ਼ੀ ਕਵੀ ਟੀ.ਐੱਸ. ਇਲੀਅਟ (188-1965) ਦੀ ਜਗਤ-ਪ੍ਰਸਿੱਧ ਕਵਿਤਾ **The Waste Land** (ਵੀਰਾਨ ਧਰਤੀ) ਵਿਚ ਇਸ ਦਾ ਕੁਲ ਸਾਰ ਪੰਜਾਬੀ ਅਨੁਵਾਦ ਰਾਹੀਂ ਨਿਚਲੀਆਂ ਸਤਰਾਂ ਵਿਚ ਇਸ ਤਰ੍ਹਾਂ ਪੇਸ਼ ਹੁੰਦਾ ਹੈ:

*ਕਹੀ ਆਵਾਜ਼ ਹੈ ਇਹ / ਆਕਾਸ਼ ਦੀ ਬੁਲੰਦੀ ਵਿਚ ਚੀਖ਼ਦੀ ?*
*ਕੀ ਮਾਤਰੀ ਧੁਨੀ ਤਾਂ ਨਹੀਂ ਇਹ ਰੁਦਨ ਦੀ ? / ਕੌਣ ਹਨ, ਕਿਨ੍ਹਾਂ ਦੇ ਦਲ ਨੇ ਜੋ ਮੂੰਹ-ਢੱਕੀ*
*ਅਸੀਮ ਧਰਤ 'ਤੇ ਅਟਕਦੇ, ਡਿੱਗਦੇ, ਢਹਿੰਦੇ ਨੇ / ਜਿਨ੍ਹਾਂ ਨੂੰ ਉਦਾਲਿਉਂ ਚਪਟੇ ਦੁਮੇਲ ਨੇ*
*ਬੁਰੀ ਤਰ੍ਹਾਂ ਘੇਰਿਆ ਹੋਇਆ ਹੈ ?*

ਇਲੀਅਟ ਵੱਲੋਂ ਖਿੱਚੀ ਇਹ ਭੈ-ਭੀਤ ਤਸਵੀਰ-ਨਿਗਾਰੀ ਉਤਲੇ ਪੱਧਰ 'ਤੇ ਖਾਨਾਜੰਗੀਆਂ ਅਤੇ ਇਨਕਲਾਬੀਆਂ ਵਿਚਕਾਰ ਕੋਈ ਭੇਦਭਾਵ ਨਹੀਂ ਕਰਦੀ। ਕਿਉਂਕਿ ਇਹ ਅਨਾਚਾਰ ਰਵਾਇਤੀ ਰਾਜਪਾਟ ਦੇ ਢਹਿ-ਢੇਰੀ ਹੋਣ ਕਾਰਨ ਵਰਤਿਆ ਅਤੇ ਇਸ ਦੇ ਦੋਸ਼ੀ ਸਨ ਇਨਕਲਾਬ ਦੇ ਸਮਰਥਕ ਇਸ ਲਈ ਪਰੰਪਰਾ ਨੂੰ ਪ੍ਰਣਾਏ ਕਵੀ ਦੀ ਦ੍ਰਿਸ਼ਟੀ ਵਿਚ ਉਹੀ ਇਸ ਭੈਭੀਤ ਕਾਰਜ ਲਈ ਜ਼ਿੰਮੇਵਾਰ ਸਨ।

ਲੈਨਿਨ ਦੀ ਸੋਚ ਤੇ ਪਹਿਰਾ ਦਿੰਦਿਆਂ ਟਰਾਟਸਕੀ (1879-1940) ਨੇ ਸੁਰਖ ਸੈਨਾ ਸੰਗਠਿਤ ਕਰ ਲਈ ਸੀ ਜਿਸ ਨੇ ਬਾਗ਼ੀਆਂ ਦੀਆਂ ਕੁਲ ਚਾਲਾਂ ਨੂੰ ਬਿਫਲ ਕਰ ਦਿੱਤਾ। ਹੁਣ ਤਕ ਟਰਾਟਸਕੀ ਮੈਨਸ਼ਵਿਕ ਪਾਰਟੀ ਨਾਲ ਜੁੜਿਆ ਰਿਹਾ ਸੀ ਪਰ ਇਸ ਮੋੜ 'ਤੇ ਉਹ ਲੈਨਿਨ ਦਾ ਸਭ ਤੋਂ ਸਮਰੱਥ ਸਹਿਯੋਗੀ ਬਣ ਗਿਆ। ਉਸ ਦੇ ਇਸ ਤਰ੍ਹਾਂ ਕਰਨ ਦਾ ਸਿਹਰਾ ਉਸ ਦੀ ਦਿੱਬ-ਦ੍ਰਿਸ਼ਟੀ ਨੂੰ ਤਾਂ ਜਾਂਦਾ ਹੀ ਸੀ, ਲੈਨਿਨ ਦੀ ਉਦਾਰਤਾ ਦਾ ਵੀ ਇਸ ਵਿਚ ਘੱਟ ਮਹੱਤਵ ਨਹੀਂ ਸੀ। ਸੁਰਖ ਸੈਨਾ ਵਿਚ ਲਏ ਗਏ ਸੈਨਿਕ ਵਧੇਰੇ ਕਰਕੇ ਨੌਜਵਾਨ ਸਨ। ਭਾਵੇਂ ਉਹ ਸਿਖਲਾਈ ਪੱਖੋਂ ਊਣੇ ਸਨ ਪਰ ਉਤਸ਼ਾਹ ਨਾਲ ਭਰਪੂਰ ਸਨ। ਪਹਿਲੇ ਸਮਿਆਂ ਦੇ ਰਹਿਬਰਾਂ ਦੇ ਉਲਟ ਜਿਨ੍ਹਾਂ ਨੂੰ ਵਿੱਥ ਬਣਾਈ ਰੱਖਣ ਅਤੇ ਭੇਦ ਭਰੇ ਉਪਦੇਸ਼ ਦੇਣ ਦੀ ਜਾਚ ਮੰਤਰ ਮੁਗਧ ਕਰੀ ਰੱਖਦੀ ਸੀ, ਲੈਨਿਨ ਧਰਤੀ ਨਾਲ ਅਭੇਦ ਰਹਿ ਆਪਣੇ ਸਰਲ ਪਰ ਧੁਰ ਅੰਦਰ ਤਕ ਲਹਿ ਜਾਣ ਵਾਲੇ ਬੋਲਾਂ ਨਾਲ ਲੋਹੜੇ ਦੀ ਅਪਣੱਤ ਬਣਾਈ ਰੱਖਦਾ ਸੀ। ਚਿੱਲੀ ਦੇਸ਼ ਦੇ ਮਹਾਨ ਕਵੀ ਪਾਬਲੋ ਨੇਰੂਦਾ (1904-1973) ਨੇ

ਆਪਣੀ ਲੈਨਿਨ ਨੂੰ ਸੰਬੋਧਿਤ ਕਵਿਤਾ ਵਿਚ ਉਸ ਦੇ ਇਸ ਗੁਣ ਦੀ ਇਉਂ ਮਹਿਮਾ ਕੀਤੀ ਸੀ :

*ਤੁਰਦੇ ਫਿਰਦੇ ਨੇ ਏਥੇ ਅਨੇਕ ਰੋਹਬੀ ਪੁਰਖ, / ਅੰਤਿਕ ਸੱਚ ਉਗਲਣ ਵਿਚ ਇਕ ਦਮ ਤਾਕ,*
*ਆਕਾਸ਼ ਨਾਲ ਗੱਲਾਂ ਕਰਨ 'ਚ ਮਾਹਰ, / ਹਰ ਪਲ ਵਿਚਰਦੇ ਰਹਿੰਦੇ ਨੇ ਆਪਣੇ ਆਪ ਵਿਚ,*
*ਲੈਨਿਨ ਨੇ ਪਰ ਪਾਲ ਰੱਖਿਆ ਧਰਤੀ ਨਾਲ ਨਾਤਾ, / ਅਣ-ਕਿਆਸੀ ਗਹਿਰਾਈ 'ਚੋਂ ਉਠਿਆ ਹੈ ਉਹ।*

ਤਦ ਵੀ ਇਸ ਗੱਲੋਂ ਇਨਕਾਰ ਨਹੀਂ ਹੋ ਸਕਦਾ ਕਿ ਸੋਵੀਅਤ ਸੰਘ ਵਿਰੁੱਧ ਚਾਲਾਂ ਚੱਲਣ ਵਾਲੇ ਅਨਸਰਾਂ ਨਾਲ ਸਖ਼ਤ ਰੁਖ ਅਪਣਾਉਣ ਦੀ ਲੋੜ ਸੀ। ਲੈਨਿਨ ਨੂੰ ਵੀ ਨਾ ਚਾਹੁੰਦਿਆਂ ਇਹ ਕਰਨਾ ਪਿਆ। ਦੋਸ਼ੀਆਂ ਨੂੰ ਦੰਡ ਦੇਣ ਤੋਂ ਪਾਸਾ ਨਹੀਂ ਸੀ ਵੱਟਿਆ ਜਾ ਸਕਦਾ। ਦੰਡ ਪਾਉਣ ਵਾਲਿਆਂ ਵਿਚ ਨਿਰਦੋਸ਼ ਵੀ ਸਨ ਜਿਨ੍ਹਾਂ ਨੂੰ ਉਸ ਮੋੜ 'ਤੇ ਵੱਖ ਕਰਨਾ ਬਹੁਤ ਕਠਿਨ ਸੀ। ਉਨ੍ਹਾਂ ਨੂੰ ਸਜ਼ਾ ਦੇ ਭਾਗੀ ਮੰਨਣਾ ਵੀ ਪੀੜ ਦਾ ਕਾਰਨ ਸੀ। ਨੀਅਤ ਅਤੇ ਨੀਤੀ ਵਿਚਕਾਰ ਇਹ ਸੰਕਟ ਸੀ ਜਿਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਪਰ ਇਸ ਵਿਚ ਵਿਚਲਣਾ ਦੀ ਥਾਂ ਇਸ ਨੂੰ ਪਾਰਨ ਕਰਨ ਦਾ ਜੋ ਉਸ ਨੇ ਢੰਗ ਸੋਚਿਆ, ਉਸ ਦਾ ਿ ਨਾਲ ਉਸ ਨੂੰ ਖ਼ਾਸ ਲਗਾਵ ਸੀ ਜਿਸ ਦੀਆਂ ਧੁਨਾਂ ਨੂੰ ਮਾਣਨ ਵੇਲੇ ਉਹ ਬਹੁਤ ਹੀ ਕੋਮਲ-ਚਿੱਤ ਹੋ ਜਾਂਦਾ ਸੀ। ਉਸ ਮੋੜ 'ਤੇ ਉਸ ਨੂੰ ਕਠੋਰ ਨਿਰਣੇ ਲੈਣੇ ਪੈਂਦੇ ਸਨ। ਖ਼ੁਦ ਤਾਂ ਉਹ ਬਿਮਾਰ ਰਹਿਣ ਲੱਗ ਪਿਆ ਸੀ ਅਤੇ ਉਸ ਦੇ ਸਰੀਰਕ ਰੁਝੇਵੇਂ ਬਹੁਤ ਘੱਟ ਹੋ ਗਏ ਸਨ। ਪਰ ਮਾਨਸਿਕ ਰੁਝੇਵਿਆਂ ਦਾ ਕੀ ਕਰਦਾ ਜਿਨ੍ਹਾਂ ਤੋਂ ਨਿਰਲੇਖ ਹੋ ਜਾਣ ਨਾਲ ਕਈ ਤਰ੍ਹਾਂ ਦੇ ਸੰਕਟ ਖੜ੍ਹੇ ਹੁੰਦੇ ਹਨ। ਉਸ ਦੇ ਦੱਸਣ ਅਨੁਸਾਰ ਇਨ੍ਹੀਂ ਦਿਨੀਂ ਉਸ ਨੇ ਸੰਗੀਤ ਦੀਆਂ ਧੁਨਾਂ ਨੂੰ ਸੁਣਨਾ ਬੰਦ ਕਰ ਦਿੱਤਾ ਸੀ।

ਇਸ ਪ੍ਰਸੰਗ ਵਿਚ ਮਹਾਤਮਾ ਗਾਂਧੀ (1869-1948) ਨਾਲ ਉਸ ਦੇ ਇਸ ਨਿਰਣੇ ਦੀ ਆਪਣੀ ਤੁਲਨਾ ਅਤੇ ਆਪੇਖਿਆ ਬਣਦੀ ਹੈ। ਸੰਕਟਮਈ ਸਥਿਤੀ ਵਿਚ ਮਹਾਤਮਾ ਗਾਂਧੀ ਆਮ ਤੌਰ 'ਤੇ ਮਰਨ ਵਰਤ ਰੱਖ ਲੈਂਦਾ ਸੀ। ਇਸ ਤੋਂ ਇਹ ਤਾਂ ਪਰਤੱਖ ਹੋ ਜਾਂਦਾ ਸੀ ਕਿ ਕਿਸੇ ਰਾਜਸੀ ਸੰਕਟ ਦੇ ਟਾਲਣ ਲਈ ਉਸ ਨੂੰ ਆਪਣੀ ਜਾਨ ਖ਼ਤਰੇ ਵਿਚ ਪਾਉਣ ਤੋਂ ਗੁਰੇਜ਼ ਨਹੀਂ ਸੀ ਹੁੰਦਾ। ਇਸ ਕਾਰਨ ਅਜੇਹਾ ਵਿਗਾੜ ਪੇਸ਼ ਹੋ ਜਾਂਦਾ ਸੀ ਜੋ ਸਥਿਤੀ ਨੂੰ ਸੁਲਝਾਣ ਨਾਲ ਬਣਨ ਵਾਲੇ ਸੁਖਾਵੇਂ ਨਤੀਜੇ ਤੋਂ ਵਾਂਝਾ ਕਰ ਦਿੰਦਾ ਸੀ। ਇਸ ਕਾਰਨ ਉਸ ਦੀ ਆਪਣੀ ਮਹਿਮਾ ਤਾਂ ਬਣ ਜਾਂਦੀ ਸੀ ਵਿਰੋਧੀ ਨੂੰ ਵੀ ਅਹਿਸਾਸ ਹੋ ਜਾਂਦਾ ਸੀ ਕਿ ਆਪਣੀ ਮਰਜ਼ੀ ਪੁਗਾਣ ਦਾ ਕੋਈ ਲਾਭ ਨਹੀਂ ਹੋਵੇਗਾ। ਨਾਲ ਹੀ ਪਰ ਜਿਸ ਗੱਲ ਖ਼ਾਤਰ ਕੋਈ ਸੰਗਰਾਮ ਵਿੱਢਿਆ ਜਾਂਦਾ ਸੀ, ਉਹ ਵਿਚ-ਵਿਚਾਲੇ ਰਹਿ ਕੇ ਜਾਂ ਦੰਮ ਤੋੜ ਦਿੰਦਾ ਸੀ ਜਾਂ ਉਲਟ ਵਾਰ ਕਰ ਜਾਂਦਾ ਹੈ। ਕਿਸੇ ਇਤਿਹਾਸਕ ਸੰਕਟ ਨੂੰ ਸੁਲਝਾਣ ਦਾ ਇਹ ਅਗਰਗਾਮੀ ਢੰਗ ਨਹੀਂ ਸੀ। ਆਪਣੀ ਮਰਜ਼ੀ ਨੂੰ ਚਮਤਕਾਰੀ ਆਭਾ ਪ੍ਰਦਾਨ ਕਰਨ ਤੋਂ ਪਾਰ ਇਸ ਦਾ ਕੋਈ ਮਹੱਤਵ ਨਹੀਂ ਸੀ ਹੁੰਦਾ। ਪ੍ਰਸਥਿਤੀ ਨੂੰ ਸੁਲਝਾਣ ਦੀ ਥਾਂ ਇਸ ਨੂੰ ਉਲਝਾਣ ਦਾ ਇਹ ਕਾਰਨ ਬਣ ਜਾਂਦਾ ਸੀ।

ਲੈਨਿਨ ਦਾ ਮੰਤਵ ਸੀ ਪ੍ਰਸਥਿਤੀ ਨੂੰ ਸੁਲਝਾਉਣਾ ਤਾਂ ਜੋ ਉਸ ਦੇ ਮਾਰੂ ਨਤੀਜਿਆਂ ਤੋਂ ਸੁਰਖ਼ਰੂ ਹੋਇਆ ਜਾ ਸਕੇ। ਸੰਗੀਤ ਦੀਆਂ ਧੁਨਾਂ ਨੂੰ ਨਾ ਸੁਣਨ ਦਾ ਉਸ ਦਾ ਨਿਰਣਾ, ਉਸ ਦੀ ਸਿਹਤ ਲਈ ਹਾਨੀਕਾਰਕ ਨਹੀਂ ਸੀ ਜਿਵੇਂ ਮਹਾਤਮਾ ਗਾਂਧੀ ਦਾ ਵਰਤ, ਖ਼ਾਸ ਤੌਰ 'ਤੇ ਮਰਨ ਵਰਤ ਰੱਖਣਾ। ਇਸ ਨਾਲ ਪ੍ਰਸਥਿਤੀ ਦੀ ਿ ਪਾਉਣ ਦੀ ਥਾਂ, ਇਹ ਉਸ ਦੇ ਹਲ ਨੂੰ ਪ੍ਰਣਾਏ ਹੋਏ ਸੀ। ਦਿਖਾਵਾ ਇਸ ਦੇ ਨੇੜੇ ਤੇੜੇ ਵੀ ਨਹੀਂ ਸੀ ਭਟਕਦਾ। ਮਨ ਦੀ ਗਹਿਰਾਈ ਵਿਚੋਂ ਨਿੱਤਰ ਕੇ ਆਇਆ ਇਹ ਉਸ ਦਾ ਜਾਤੀ ਨਿਰਣਾ ਜਿਸ ਤੋਂ ਵਾਹਵਾ ਖੱਟਣ ਦੀ ਉਸ ਦੀ ਕੋਈ ਮਣਸ਼ਾ ਨਹੀਂ ਸੀ। ਇਸ 'ਤੇ ਇਨਕਲਾਬੀ ਸੋਚ ਦੀ ਮੁਹਰ ਲੱਗੀ ਹੋਈ ਸੀ ਜਿਸ ਦਾ ਪ੍ਰਭਾਵ ਪ੍ਰਸਥਿਤੀ ਦੇ ਸੁਧਰਨ ਨਾਲ ਪਰਤੱਖ ਹੁੰਦਾ ਜਾਣਾ ਸੀ। ਵਾਸਤਵ ਵਿਚ ਇਵੇਂ ਹੀ ਹੋਇਆ, ਸੁਰਖ ਸੈਨਾ ਦੇ ਸਭ ਔਕੜਾਂ 'ਤੇ ਕਾਬੂ ਪਾ ਲਿਆ ਅਤੇ ਕਈ ਪਾਸਿਆਂ ਤੋਂ ਮਿਲੀ ਹੱਲਾਸ਼ੇਰੀ ਦੇ ਬਾਵਜੂਦ ਖਾਨਾਜੰਗੀ ਕਰਨ ਵਾਲਿਆਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਈਨ ਮੰਨਣ, ਜਲਾਵਤਨ ਹੋਣ ਅਤੇ ਵਿਦੇਸ਼ ਵਿਚ ਨਮੋਸ਼ੀ ਝੱਲਣ ਤੋਂ ਬਿਨਾਂ ਉਨ੍ਹਾਂ ਕੋਲ ਹੋਰ ਚਾਰਾ ਨਾ ਰਿਹਾ।

ਦੋ ਢਾਈ ਸਾਲ ਚੱਲੀ ਇਸ ਖਾਨਾਜੰਗੀ ਦੇ ਖ਼ਤਮ ਹੋਣ ਦੀ ਦੇਰ ਸੀ ਕਿ ਕਿਸੇ ਸਿਰ-ਫਿਰੀ ਮੁਟਿਆਰ ਨੇ ਲੈਨਿਨ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ। ਜ਼ਖ਼ਮ ਤੋਂ ਰਾਜ਼ੀ ਹੋ ਕੇ ਉਹ ਫੇਰ ਆਪਣੇ ਪ੍ਰਯਾਸ ਨੂੰ ਅਰਪਿਤ ਹੋ ਗਿਆ। ਸਾਜਿਸ਼ ਦੀ ਪੈੜ ਨੱਪਣ, ਸਿਰ-ਫਿਰੀ ਮੁਟਿਆਰ ਨੂੰ ਦੰਡ ਦੇਣ ਅਤੇ ਇਸ ਨੂੰ ਪੱਜ ਬਣਾ ਕੇ, ਹੰਗਾਮੀ ਹਾਲਤ ਦਾ ਐਲਾਨ ਕਰਨ ਵਿਚ ਉਸ ਨੂੰ ਕੋਈ ਦਿਲਚਸਪੀ ਨਹੀਂ ਸੀ। ਜੰਗਬੰਦੀ, ਕਾਰਖਾਨਿਆਂ ਤੇ ਕਿਰਤੀਆਂ ਦੀ ਮਾਲਕੀ, ਭੋਇੰ 'ਤੇ ਕਿਸਾਨਾਂ ਦਾ ਕਬਜ਼ਾ ਅਤੇ ਅਲੈਹਦਾ ਹੋਣ ਵਾਲੇ ਖੇਤਰਾਂ ਦੀ ਮਰਜ਼ੀ ਨੂੰ ਪ੍ਰਵਾਨਗੀ ਆਦਿ ਜਿਨ੍ਹਾਂ ਨੀਤੀਆਂ ਨੇ ਇਨਕਲਾਬ ਦਾ ਰਾਹ ਪੱਧਰਾ ਕਰ ਦਿੱਤਾ ਸੀ, ਉਨ੍ਹਾਂ ਨੂੰ ਅਮਲੀ ਰੂਪ ਦੇਣ ਦਾ ਪ੍ਰਯਾਸ ਉਸ ਦਾ ਮੁੱਖ ਉਦੇਸ਼ ਬਣ ਗਿਆ। ਯੂਰਪ ਦੇ ਬਾਕੀ ਦੇਸ਼ਾਂ ਵਿਚ ਇਨਕਲਾਬ ਲਈ ਰਾਹ ਪੱਧਰਾ ਕਰਨ ਅਤੇ ਏਸ਼ੀਆ ਦੇ ਦੇਸ਼ਾਂ ਵਿਚ ਕੌਮੀ ਆਜ਼ਾਦੀ ਦਾ ਪਰਚਮ ਲਹਿਰਾਉਣ ਦਾ ਜੋਖ਼ਮ ਭਰਿਆ ਕਾਰਜ ਵੀ ਉਸ ਦੇ ਧਿਆਨ ਵਿਚ ਆ ਵਸਿਆ। ਫਲਸਰੂਪ ਤੀਜੀ ਕੁਮਿੰਟਰਨ ਨੂੰ ਸਰਗਰਮ ਕੀਤਾ ਗਿਆ ਜਿਸ ਵਿਚ ਨੀਤੀਆਂ

ਘੜਨ ਲਈ ਸੰਵਾਦ ਨੂੰ ਪਹਿਲ ਦਿੱਤੀ ਗਈ। ਸਭਿਆਚਾਰ, ਸਾਹਿਤ, ਨਾਟ-ਕਲਾ ਅਤੇ ਫ਼ਿਲਮਸਾਜ਼ੀ ਨੂੰ ਪ੍ਰਫੁਲਤ ਕਰਨ ਨੂੰ ਵੀ ਅੱਖੋਂ ਪਰੋਖੇ ਨਾ ਕੀਤਾ ਗਿਆ। ਇਸ ਦੀ ਅਗਵਾਈ ਲੂਨਾਚਰਸਕੀ (1875-1933) ਨਾਮੀ ਸਿਖ਼ਰ ਦੇ ਪ੍ਰਤਿਵਾਨ ਬੰਦੇ ਨੂੰ ਸੌਂਪੀ ਗਈ। ਇਸ ਨੂੰ ਪ੍ਰਫੁਲਤ ਕਰਨ ਵਿਚ ਉਸ ਨੇ ਕੋਈ ਕਸਰ ਬਾਕੀ ਨਾ ਛੱਡੀ। ਨਤੀਜਾ ਇਹ ਨਿਕਲਿਆ ਕਿ ਯੂਰਪ ਦੇ ਵਿਕਸਿਤ ਦੇਸ਼ਾਂ, ਜਰਮਨੀ, ਫਰਾਂਸ, ਇਟਲੀ, ਇੰਗਲੈਂਡ ਵਿਚ ਇਸ ਦਾ ਵਿਕਾਸ ਹੋਇਆ।

— ੳ —

ਸਭ ਕੁਝ ਦੇ ਹੁੰਦਿਆਂ ਸੁੰਦਿਆਂ ਇਹ ਜਾਣਨਾ ਜ਼ਰੂਰੀ ਹੈ ਕਿ ਦੂਜੀ ਕੁਮਿਨਟਰਨ ਦਾ ਪੱਖ ਪੂਰਨ ਵਾਲੇ ਯੂਰਪੀ ਨੀਤੀਵਾਨਾਂ ਦੀ ਵਿਚਾਰਧਾਰਾ ਨਾਲ ਲੈਨਿਨ ਦੀ ਨੀਤੀ ਦਾ ਕੀ ਜੋੜ ਅਣਜੋੜ ਬਣਦਾ ਸੀ। ਜਿਥੋਂ ਤਕ ਕਾਰਲ ਮਾਰਕਸ ਦੀ ਸਭ ਤੋਂ ਸੰਪੰਨ ਲਿਖਤ **Capital** (ਪੂੰਜੀ) ਦੀ ਗੱਲ ਸੀ ਇਸ ਵਿਚ ਉਮਰ ਭਰ ਦੀ ਘਾਲਣਾ ਰਾਹੀਂ ਉਸ ਨੇ ਦਰਸਾਇਆ ਸੀ ਕਿ ਆਦਿ ਕਾਲ ਤੋਂ ਚੱਲ ਕੇ ਅਰਥ-ਵਿਵਸਥਾ ਨੇ ਅੰਤ ਨੂੰ ਪੂੰਜੀਵਾਦੀ ਵਿਕਾਸ ਦੇ ਅੰਤਮ ਪੜਾਅ ’ਤੇ ਪਹੁੰਚ ਜਾਣਾ ਹੈ। ਉਸ ਅਵਸਰ ’ਤੇ ਇਸ ਦਾ ਵਿਸਫ਼ੋਟ ਅਟੱਲ ਹੈ ਜਿਸ ਉਪਰੰਤ ਇਸ ਨੇ ਸਾਂਝੀ ਪੂੰਜੀ ਦਾ ਰੂਪ ਧਾਰ ਲੈਣਾ ਹੈ। ਸਾਂਝੀ ਸੰਪਤੀ ਵਜੋਂ ਇਸ ਨੇ ਸਰਬ-ਕਲਿਆਨ ਦਾ ਰਾਹ ਅਖ਼ਤਿਆਰ ਕਰ ਲੈਣਾ ਹੈ। ਇਕ ਤਰ੍ਹਾਂ ਦਾ ਵਿਕਾਸਵਾਦੀ ਪੈਂਡਾ ਹੈ ਜਿਸ ਦੀ ਅੰਤਮ ਮੰਜ਼ਲ ਸਾਂਝੀਵਾਲਤਾ ਨੇ ਬਣਨਾ ਹੈ। ਕੀ ਇਹ ਵਿਆਖਿਆ ਚਾਰਲਸ ਡਾਰਵਿਨ (1808-1882) ਦੇ ਵਿਕਾਸਮਈ ਸਿਧਾਂਤ ਦਾ ਅਨੁਕਰਣ ਹੈ ? ਵਾਸਤਵ ਵਿਚ ਇਹ ਅਨੁਕਰਣ ਤਾਂ ਨਹੀਂ ਪਰੰਤੂ ਉਸ ਦੀ ਪਰਛਾਈਂ ਦੇ ਇਸ ਉਪਰ ਪੈਣ ਦਾ ਅਹਿਸਾਸ ਜ਼ਰੂਰ ਹੁੰਦਾ ਹੈ। ਇਹ ਭੁਲੇਖਾ ਹੈ ਜਾਂ ਸੱਚ, ਇਸ ਦਾ ਨਿਰਣਾ ਕਰਨ ਲਈ ਵਧੇਰੇ ਵਿਸ਼ਲੇਸ਼ਣ ਦੀ ਲੋੜ ਹੈ।

Communist Menifesto (ਸਾਮਵਾਦੀ ਐਲਾਨਨਾਮਾ) ਵਿਚ ਕਾਰਲ ਮਾਰਕਸ ਨੇ ਐਸਾ ਨਾਹਰਾ ਬੁਲੰਦ ਕੀਤਾ ਜਿਸ ਨੇ ਕਿਰਤੀ ਵਰਗ ਨੂੰ ਇਹ ਮਹਿਸੂਸ ਕਰਨ ਲਗਾ ਦਿੱਤਾ ਕਿ ਵਿਸਫੋਟ ਵਾਲੀ ਅਵਸਥਾ ਆ ਪਹੁੰਚੀ ਹੈ। “ਦੁਨੀਆ ਭਰ ਦੇ ਕਿਰਤੀਓ ਇਕਜੁਟ ਹੋ ਜਾਓ, ਖੋਇਆ ਤੁਹਾਡਾ ਕੁਝ ਨਹੀਂ ਜਾਣਾ, ਸਭ ਕੁਝ ’ਤੇ ਤੁਹਾਡੀ ਹੀ ਮਾਲਕੀ ਬਣਨੀ ਹੈ।” ਪੂੰਜੀਵਾਦ ਵਰਤਾਰਿਆਂ ਉੱਪਰ ਇਸ ਦਾ ਪ੍ਰੇਤ ਵਾਂਗ ਛਾਇਆ ਮੰਡਲਾਉਣ ਲੱਗਾ। ਕਦੋਂ ਇਸ ਸਾਏ ਨੇ ਅਸਲ ਬਣ ਜਾਣਾ, ਇਸ ਪਲ ਦੀ ਉਡੀਕ ਹੋਣ ਲੱਗੀ। ਇਹ ਪਲ ਪਰ ਮੁਲਤਵੀ ਹੁੰਦਾ ਰਿਹਾ, ਜਿਸ ਨੂੰ ਸਿਧਾਂਤ ਦੇ ਰੂਪ ਵਿਚ ਢਾਲ ਕੇ ਅਜੋਕੇ ਫਰਾਂਸ ਦੇ ਬਹੁਤ ਹੀ ਚਰਚਿਤ ਵਿਚਾਰਵਾਨ ਜੇਕਿਸ ਦੈਰੀਦਾ (1930-2004) ਨੇ ਇਹ ਧਾਰਨਾ ਪੇਸ਼ ਕੀਤੀ ਆਪਣੀ ਪੁਸਤਕ **Spectres of Marx** (ਮਾਰਕਸ ਦੇ ਪ੍ਰੇਤ) ਵਿਚ ਕਿ ਜਦੋਂ ਤਕ ਪੂੰਜੀਵਾਦ ਕਾਇਮ ਹੈ, ਇਹੋ ਸਥਿਤੀ ਬਣੀ ਰਹੇਗੀ। ਕਾਰਲ ਮਾਰਕਸ ਨੇ ਇਨਕਲਾਬ ਦੇ ਮੁਲਤਵੀ ਰਹਿਣ ਨੂੰ ਇਨਕਲਾਬ ਦਾ ਅਨਿਖੜਵਾਂ ਅੰਗ ਨਹੀਂ ਸੀ ਮੰਨਿਆ। ਜਿਸ ਨੀਤੀ ’ਤੇ ਚੱਲ ਕੇ ਲੈਨਿਨ ਨੇ ਇਨਕਲਾਬ ਲਿਆਂਦਾ ਅਤੇ ਇਸ ਦੀ ਸੁਯੋਗ ਵਰਤੋਂ ਰਾਹੀਂ ਰੂਸੀ ਰਾਜਪਾਟ ਨੂੰ ਸਮਾਜਵਾਦੀ ਸੰਘ ਵਿਚ ਬਦਲਣ ਦਾ ਅਲੰਕਾਰ ਕੀਤਾ। ਉਸ ਨੇ ਕਾਰਲ ਮਾਰਕਸ ਦੇ ਚਿੰਤਨ ਵਿਚ ਵਿਗਸਣਾ ਸ਼ੁਰੂ ਨਹੀਂ ਸੀ ਕੀਤਾ। ਉਸ ਦੇ ਜਿਉਂਦਿਆਂ ਪਹਿਲੀ ਕਮਿਨਟਰਨ ਦਾ ਗਠਨ ਤਾਂ ਹੋ ਗਿਆ ਸੀ ਪਰ ਨਿਰਮਾਣਕਾਰਾਂ ਵਿਚਕਾਰ ਜੋ ਵਿਉਂਤ, ਵਿਚਾਰਧਾਰਾ, ਸੰਘਰਸ਼ ਨੀਤੀ ਅਤੇ ਤਰਕੀਬ ਤਦਬੀਰ ਸੰਬੰਧੀ ਮੱਤਭੇਦ ਸਨ, ਇਹ ਉਨ੍ਹਾਂ ਦਾ ਰਣ-ਖੇਤਰ ਬਣ ਕੇ ਰਹਿ ਗਈ। ਕਾਰਲ ਮਾਰਕਸ ਆਪਣੀ ਦ੍ਰਿਸ਼ਟੀ ਨੂੰ ਪਾਬੰਦ ਹੋਣ ਕਾਰਨ, ਕਿਰਤੀ ਵਰਗ ਨੂੰ ਜਾਗ੍ਰਿਤ ਅਤੇ ਸੰਗਠਿਤ ਕਰਨ ’ਤੇ ਜ਼ੋਰ ਦਿੰਦਾ ਸੀ। ਉਸ ਦਾ ਵਿਰੋਧੀ ਸੀ ਫਰਦੀਨਾਂਦ ਲਾਸਾਲਿ (1825-1864) ਜੋ ਕਿਰਤੀ ਵਰਗ ਦੀ ਲਾਚਾਰੀ ਨੂੰ ਸਮਝਣ ਦੇ ਨਾਲ ਮਰਦ ਜਾਤ ਦੀ ਖ਼ੁਦਮੁਖਤਾਰੀ ਅਤੇ ਸ਼ਾਹੀ ਵਰਗ ਦੀ ਅਜ਼ਮਤ ਦਾ ਦਾਅਵੇਦਾਰ ਸੀ। ਕਾਰਲ ਮਾਰਕਸ ਨਾਲ ਉਸ ਨੂੰ ਜਾਤੀ ਕਿੜ ਵੀ ਸੀ। ਬੜਾ ਪ੍ਰਭਾਵਸ਼ਾਲੀ ਵਕਤਾ ਹੋਣ ਦੇ ਨਾਤੇ ਉਹ ਕਾਰਲ ਮਾਰਕਸ ਦੇ ਗੰਭੀਰ ਅੰਦਾਜ਼ ਲਈ ਅੜਿੱਕਾ ਬਣਿਆ ਰਹਿੰਦਾ ਸੀ।

ਬਰਾਬਰ ਦੀ ਚੁਣੌਤੀ ਪੇਸ਼ ਕਰਨ ਵਾਲਾ ਸੀ ਮਿਖੇਲ ਬਾਕੂਨਿਨ (1814-1876) ਰੂਸ ਦਾ ਜੰਮਪਲ ਜੋ ਅਧਿਆਤਮ ਅਤੇ ਫ਼ਲਸਫ਼ੇ ਦਾ ਗੰਭੀਰ ਪਾਠਕ ਹੋਣ ਦੇ ਨਾਲ, ਅਰਾਜਕਤਾ ਦਾ ਬਹੁਤ ਹੀ ਪ੍ਰਭਾਵਸ਼ਾਲੀ ਪ੍ਰਵਕਤਾ ਸੀ। ਨੌਜਵਾਨ ਵਰਗ ਲਈ ਉਸ ਦੀ ਤਲਿਸਮੀ ਖਿੱਚ ਬਣੀ ਹੋਈ ਸੀ। ਉਹ ਸਾਸ਼ਕ-ਵਰਗ ਦੀ ਹੱਤਿਆ ਨੂੰ ਨੈਤਿਕ ਹੀ ਨਹੀਂ ਸਗੋਂ ਅਨਿਵਾਰੀ ਸਮਝਦਾ ਸੀ ਜਿਸ ਵਿਚ ਅਸਫਲ ਰਹਿ ਜਾਣ ਦੀ ਸੂਰਤ ਵਿਚ ਆਤਮ-ਹੱਤਿਆ ਨੂੰ ਵੀ ਉਹ ਯੋਗ ਕਰਾਰ ਦਿੰਦਾ ਸੀ। ਕਾਰਲ ਮਾਰਕਸ ਨੇ ਜੋ ਅੰਤਰ-ਰਾਸ਼ਟਰੀ ਸਮਾਜਵਾਦੀ ਲੀਗ ਪ੍ਰਚਲਿਤ ਕੀਤੀ ਸੀ, ਉਸ ਵਿਚ ਉਸ ਦਾ ਪੂਰਾ ਦਬਦਬਾ ਬਣਿਆ ਹੋਇਆ ਸੀ। ਐਸਾ ਵੀ ਮੌਕਾ ਆਇਆ ਜਦੋਂ ਆਪਣੇ ਵੱਲੋਂ ਸਾਜੀ ਸੰਸਥਾ ਵਿਚ ਕਾਰਲ ਮਾਰਕਸ ਦੇ ਸਮਰਥਕ ਘੱਟ-ਗਿਣਤੀ ਵਿਚ ਰਹਿ ਗਏ। ਬਹੁ-ਗਿਣਤੀ ਅਰਾਜਕਤਾ ਦਾ ਪੱਖ ਪੂਰਨ ਤੇ ਉਤਰ ਆਈ। ਸਿੱਧ ਹੈ ਕਾਰਲ ਮਾਰਕਸ ਦੇ ਜੀਵਨ-ਕਾਲ ਵਿਚ ਉਸ ਦੀ ਵਿਚਾਰਧਾਰਾ ਕਿਰਤੀ ਵਰਗ ਵਿਚ ਸਰਬ-ਸੰਮਤੀ ਸਹਿਤ ਪ੍ਰਵਾਨ ਨਾ ਹੋਈ। ਵਿਰੋਧੀ ਵਿਚਾਰਧਾਰਾ ਖ਼ਾਸ ਕਰਕੇ ਅਰਾਜਕਤਾ ਦੀ ਖਿੱਚ ਵਧੇਰੇ ਬਣੀ ਰਹੀ।

ਵੀਹਵੀਂ ਸਦੀ ਦੇ ਆਰੰਭ ਹੋਣ ਨਾਲ, ਸ਼ਾਇਦ ਦਹਾਕਾ ਕੁ ਪਹਿਲਾਂ, ਇਸ ਵਿਵਸਥਾ ਵਿਚ ਤਬਦੀਲੀ ਆ ਗਈ। ਉਨ੍ਹੀਵੀਂ ਸਦੀ ਦਾ ਅੰਤਮ ਦਹਾਕਾ ਸੀ ਜਿਸ ਨੇ ਦੂਜੇ ਿ ਮੰਨੇ ਪ੍ਰਮੰਨੇ ਬਜ਼ੁਰਗ ਸਨੇਹੀ ਮੈਹਰਿੰਗ ਫਰਾਂਜ (1846–1919) ਨੇ ਐਲਾਨ ਕਰ ਦਿੱਤਾ ਕਿ ਜਰਮਨੀ ਦੀ ਲੋਕਰਾਜੀ ਸਮਾਜਵਾਦੀ ਪਾਰਟੀ ਦੇ ਜੇ ਕੋਈ ਦੋ 'ਮਰਦ' ਨੇਤਾ ਸਨ ਤਾਂ ਉਹ ਦੋ ਸੂਰਬੀਰ ਅਤੇ ਸਿਰਲੱਥ ਤ੍ਰੀਮਤਾਂ ਹੀ ਸਨ। ਯੂਰਪੀ ਦੇਸ਼ਾਂ ਵਿਚ ਇਸੇ ਪ੍ਰਕਾਰ ਅਤੇ ਸੁਭਾਅ ਦੀਆਂ ਪਾਰਟੀਆਂ ਬਣ ਗਈਆਂ ਸਨ, ਜਿਨ੍ਹਾਂ ਨੂੰ ਵੱਡੀ ਵੰਗਾਰ ਦਾ ਸਾਹਮਣਾ ਕਰਨਾ ਪੈਣਾ ਸੀ। ਯੂਰਪ ਵਿਚ ਪਹਿਲਾ ਸੰਸਾਰ ਯੁੱਧ ਛਿੜ ਗਿਆ ਅਤੇ ਇਸ ਪ੍ਰਤੀ ਪੈਂਤੜਾ ਬਣਾਉਣ ਦਾ ਗੰਭੀਰ ਮਸਲਾ ਖੜਾ ਹੋ ਗਿਆ। ਕੀ ਕੌਮ–ਪ੍ਰਸਤੀ ਨੂੰ ਅੰਤਮ ਲਖਸ਼ ਮੰਨ ਕੇ ਸਰਕਾਰ ਦੀ ਧਿਰ ਬਣਿਆ ਜਾਵੇ ? ਜਾਂ ਜੋ ਨਾਹਰਾ ਕਾਰਲ ਮਾਰਕਸ ਨੇ ਬੁਲੰਦ ਕੀਤਾ ਸੀ ਉਸ 'ਤੇ ਚਲਦਿਆਂ ਕਿਰਤੀ ਵਰਗ ਦਾ ਸਾਥ ਦਿੱਤਾ ਜਾਵੇ ? ਲੈਨਿਨ ਦੀ ਬੌਲਸ਼ਵਿਕ ਪਾਰਟੀ ਨੇ ਤਾਂ ਕਿਰਤੀ ਵਰਗ ਦੀ ਧਿਰ ਬਣਨ ਦਾ ਐਲਾਨ ਕਰ ਦਿੱਤਾ ਸੀ।

ਯੂਰਪ ਦੀ ਪਰ ਹੋਰ ਕਿਸੇ ਪਾਰਟੀ ਦਾ ਇਹ ਮੁਹਾਜ ਤੇ ਡਟ ਜਾਣ ਦਾ ਹੀਆ ਨਾ ਪਿਆ। ਜਰਮਨੀ ਦੀ ਲੋਕਰਾਜੀ ਸਮਾਜਵਾਦੀ ਦਾ ਭਾਰੂ ਧੜਾ ਸਰਕਾਰ ਨਾਲ ਖੜ ਗਿਆ ਅਤੇ ਭਾਈਵਾਲੀ ਤਾਕਤਾਂ ਵਿਰੁੱਧ ਛਿੜੇ ਯੁੱਧ ਵਿਚ ਆਪਣੇ ਦੇਸ਼ ਦੀ ਤਾਨਾਸ਼ਾਹੀ ਦਾ ਸਮਰਥਕ ਬਣ ਗਿਆ। ਦੋ ਨੇਤਾਵਾਂ ਨੇ ਕਿਰਤੀ ਵਰਗ ਦੀ ਧਿਰ ਬਣਨ ਦਾ ਹੌਸਲਾ ਕੀਤਾ। ਇਕ ਸੀ ਕਾਰਲ ਲਾਈ ਕੇਤਨਿਤ (1871–1919) ਜਰਮਨੀ ਦੀ ਪਾਰਲੀਮੈਂਟ ਦਾ ਮੈਂਬਰ ਜਿਸ ਦੇ ਬਾਪ ਨੂੰ ਲੋਕਰਾਜੀ ਸਮਾਜਵਾਦੀ ਪਾਰਟੀ ਦੇ ਨਿਰਮਾਣ ਦਾ ਸਿਹਰਾ ਜਾਂਦਾ ਸੀ। ਇਕੱਲੇ ਉਸ ਨੇ ਜਰਮਨ ਪਾਰਲੀਮੈਂਟ ਵਿਚ ਵਿਸ਼ਵ ਯੁੱਧ ਦਾ ਵਿਰੋਧ ਕੀਤਾ ਅਤੇ ਕਿਰਤੀ ਵਰਗ ਦਾ ਪੱਖ ਪੂਰਿਆ। ਦੂਜੀ ਸੀ ਰੋਜ਼ਾ ਲਕਸਮਬਰਗ (1871–1919) ਜਿਸ ਨੇ ਇਨਕਲਾਬੀ ਆਵੇਸ਼ ਨਾਲ ਪ੍ਰਤੀਬੱਧਤਾ ਦਿਖਾਈ। ਫਲਸਰੂਪ ਦੋਨਾਂ ਨੂੰ ਬੰਦੀ ਬਣਾ ਲਿਆ ਗਿਆ। ਯੁੱਧ ਦੇ ਖ਼ਾਤਮੇ ਉਪਰੰਤ ਜਦ ਚੋਣਾਂ ਵਿਚ ਲੋਕਰਾਜੀ ਸਮਾਜਵਾਦੀ ਪਾਰਟੀ ਦੇ ਯੁੱਧ–ਪੱਖੀ ਧੜੇ ਦੀ ਸਰਕਾਰ ਬਣ ਗਈ ਤਾਂ ਇਨ੍ਹਾਂ ਦੋਨਾਂ ਨੂੰ **Spartaius League** ਦਾ ਗਠਨ ਕਰ ਲਿਆ ਜਿਸ ਨੂੰ "ਜਰਮਨੀ ਦੀ ਕਮਿਊਨਿਸਟ ਪਾਰਟੀ ਦੀ ਆਤਮਾ" ਕਿਹਾ ਜਾ ਸਕਦਾ ਸੀ। ਜਬਰਦਸਤ ਮੁਜਾਹਰਿਆਂ ਦਾ ਆਰੰਭ ਹੋ ਗਿਆ ਜਿਨ੍ਹਾਂ ਦੀ ਅਗਵਾਈ ਦਾ ਬੋਝ ਇਨ੍ਹਾਂ ਦੋਨਾਂ ਦੇ ਮੋਢਿਆਂ 'ਤੇ ਆ ਪਿਆ। ਦੋਨਾਂ ਨੂੰ ਬੰਦੀ ਬਣਾ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ, ਲਗਭਗ ਸੌ ਸਾਲ ਪਹਿਲਾਂ ਜਿਸ ਦੀ ਯਾਦ ਨਾਲ ਜਰਮਨ ਵਾਸੀਆਂ ਦਾ ਘੋਰ ਸੰਤਾਪ ਹੁਣ ਤਕ ਜੁੜਿਆ ਹੋਇਆ ਹੈ।

ਲੈਨਿਨ ਦੀ ਅਗਵਾਈ ਵਿਚ ਆਏ ਸੋਵੀਅਤ ਇਨਕਲਾਬ ਬਾਰੇ ਰੋਜ਼ਾ ਲਕਸਮਬਰਗ ਨੇ ਨਿੱਠ ਕੇ ਲਿਖਿਆ। ਪੂਰੀ ਸਦੀ ਉਪਰੰਤ, ਅਨੇਕ ਲਿਖਤਾਂ ਦੇ ਛਪ ਜਾਣ ਦੇ ਬਾਵਜੂਦ, ਜੋ ਉਸ ਨੇ ਅੰਤਰ–ਦ੍ਰਿਸ਼ਟੀਆਂ ਪੇਸ਼ ਕੀਤੀਆਂ ਉਨ੍ਹਾਂ ਨੂੰ ਲਾਸਾਨੀ ਕਹਿਣਾ ਹੀ ਬਣਦਾ ਹੈ। ਅਨੇਕ ਪ੍ਰਾਪਤੀਆਂ ਦੇ ਹੁੰਦਿਆਂ–ਸੁੰਦਿਆਂ, ਸੋਵੀਅਤ ਇਨਕਲਾਬ ਦੀਆਂ ਪ੍ਰਾਪਤੀਆਂ ਦਾ ਦਿਲ ਦਿਮਾਗ਼ ਵਿਚ ਲਿਪਤੇ ਜਾਣ ਦੇ ਅਮਲ ਨੂੰ ਸਮਝਣ ਲਈ ਇਸ ਲਾਸਾਨੀ ਔਰਤ ਦੀਆਂ ਅੰਤਰ–ਦ੍ਰਿਸ਼ਟੀਆਂ ਲੈਨਿਨ ਦੀਆਂ ਧਾਰਾਵਾਂ ਦੀ ਤੁਲਨਾ ਆਪੇਖਿਆ ਵਿਚ ਸਮਝਣਾ ਸਮਝਾਉਣਾ ਬਹੁਤ ਜ਼ਰੂਰੀ ਹੈ। ਕਾਰਨ ਇਸ ਦਾ ਇਹ ਹੈ ਕਿ ਇਤਿਹਾਸ ਜੋ ਸੰਭਵ ਕਰ ਸਕਦਾ, ਉਸ ਦੇ ਸਮੇਤ ਸੰਭਵ ਨੂੰ ਕਿਵੇਂ ਇਤਿਹਾਸਕ ਬਣਾਇਆ ਜਾਵੇ, ਉਸ ਦੀ ਪ੍ਰਤਿਭਾ ਨੂੰ ਇਹ ਵਧੇਰੇ ਮੋਹਿਤ ਕਰਦਾ ਸੀ। ਰੂਸੀ ਰਾਜ–ਪਾਟ ਦੇ ਕਬਜ਼ੇ ਹੇਠਲੇ ਪੋਲੈਂਡ ਦੇ ਪੱਛੜੇ ਹਿੱਸੇ ਵਿਚ ਜਨਮ ਲੈ ਕੇ, ਮੱਧਰੀ ਜਿਹੀ, ਇਕ ਲੱਤ ਤੋਂ ਲੰਗੀ, ਪਰ ਦੂਰ–ਅੰਦੇਸ਼ ਇਸ ਮੁਟਿਆਰ ਨੇ ਸਵਿਟਜ਼ਰਲੈਂਡ ਵਿਚ ਉਚੇਰੀ ਵਿਦਿਆ ਹਾਸਲ ਕੀਤੀ ਹੋਈ ਸੀ। ਕਾਰਲ ਮਾਰਕਸ ਦੀ ਮਹਾਨਤਮ ਲਿਖਤ **Capital** (ਪੂੰਜੀ) ਬਾਰੇ ਉਸ ਦੀ **Accumulation of Capital** (ਪੂੰਜੀ ਦਾ ਅੰਬਾਰ) ਨਾਮੀ ਪੁਸਤਕ ਵੱਡੀ ਪ੍ਰਾਪਤੀ ਸੀ। ਸਾਹਿਤ ਦੀ ਬਹੁਤ ਹੀ ਸੰਜੀਦ ਪਾਠਕ ਹੋਣ ਦੇ ਨਾਲ ਉਹ ਚਿੱਤਰਕਾਰ ਵੀ ਸੀ, ਨਾਲ ਹੀ ਸੰਗੀਤ ਵਿਚ ਡੂੰਘੀ ਦਿਲਚਸਪੀ ਰੱਖਦੀ ਸੀ। ਪੰਛੀਆਂ ਦੀ ਬਹਿਬਲਤਾ ਅਤੇ ਪਸ਼ੂਆਂ ਦੀ ਬੇਬਸੀ ਨੂੰ ਦਿਲ ਦੀ ਗਹਿਰਾਈ ਤਕ ਮਹਿਸੂਸ ਕਰਦੀ ਸੀ। ਐਵੇਂ ਤਾਂ ਨਹੀਂ ਲੈਨਿਨ ਨੇ ਉਸ ਦੀ ਪ੍ਰਤਿਭਾ ਨੂੰ "ਸਭ ਤੋਂ ਉੱਚਾ ਉੱਡਣ ਵਾਲੇ ਬਾਜ਼ ਦੀ ਉਡਾਣ" ਕਹਿ ਕੇ ਵਡਿਆਇਆ ਸੀ।

ਰੂਸ ਵਿਚ ਆਏ ਸੋਵੀਅਤ ਇਨਕਲਾਬ ਦੀ ਖ਼ਬਰ ਉਸ ਨੂੰ ਜੇਲ੍ਹ ਵਿਚ ਪਹੁੰਚੀ ਜਿਥੇ ਪਹਿਲਾਂ ਮਹਾਂਯੁੱਧ ਦਾ ਵਿਰੋਧ ਕਰਨ ਕਰਕੇ ਉਹ ਨਜ਼ਰਬੰਦ ਸੀ। ਉਸ ਨੂੰ ਇਹ ਖ਼ਬਰ ਬਹੁਤ ਮੁਬਾਰਕ ਲੱਗੀ ਜਿਸ ਨੇ ਲੰਮੇ ਸਮੇਂ ਤੋਂ ਬਣਦੇ ਬਿਨਸਦੇ ਜਮਾਤੀ ਪ੍ਰਬੰਧ ਵਿਚ ਵਾਪਰੇ ਜ਼ਬਰਦਸਤ ਵਿਸਫ਼ੋਟ ਦਾ ਸੁਨੇਹਾ ਲੈ ਆਂਦਾ ਸੀ। ਭਾਵੇਂ ਇਹ ਸਭ ਕੁਝ ਅਨੈਤਿਕ ਢੰਗ ਨਾਲ ਵਾਪਰਿਆ ਪਰ ਉਸ ਦੇ ਤਸੱਵਰ ਵਿਚ ਆਉਂਦਾ ਸੀ ਕਿ ਲੈਨਿਨ ਅਤੇ ਉਸ ਦੇ ਸਹਿਯੋਗੀਆਂ ਨੂੰ ਇਹ ਜੋਸ਼ ਸੰਗ ਨਹੀਂ, ਸੰਕੋਚ ਸੰਗ ਕਰਨਾ ਪਿਆ ਸੀ। ਉਨ੍ਹਾਂ ਦੀ ਬਿਰਤੀ ਜ਼ਰੂਰ ਅਜੇਹੇ ਲਖਸ਼ਾਂ 'ਤੇ ਲੱਗੀ ਰਹੀ ਹੋਵੇਗੀ, ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ ਉਨ੍ਹਾਂ ਆਪਣੀ ਕੁਲ ਸਮਰੱਥਾ ਅਰਪਿਤ ਕੀਤੀ ਹੋਈ ਸੀ। ਕਿਰਤੀਆਂ ਦੇ ਕਾਰਖਾਨਿਆਂ ਤੇ ਅਧਿਕਾਰ, ਕਿਸਾਨਾਂ ਨੂੰ ਭੋਇੰ ਦੀ ਮਾਲਕੀ, ਦੂਰ–ਦੁਰਾਡੇ ਖੇਤਰਾਂ ਨੂੰ ਵੱਖ ਹੋ ਜਾਣ ਦੀ ਖੁੱਲ੍ਹ, ਜਰਮਨੀ ਨਾਲ ਜੰਗਬੰਦੀ ਆਦਿ ਨਿਰਣੇ ਨਿਕਟਵਰਤੀ ਨਜ਼ਰੀਏ ਤੋਂ ਉਸ ਨੂੰ ਯੋਗ ਪ੍ਰਤੀਤ ਵੀ ਹੋਏ। ਦੂਰ–ਵਰਤੀ ਨਜ਼ਰੀਏ ਤੋਂ ਪਰ ਇਨ੍ਹਾਂ ਵਿਚ ਉਸ ਨੂੰ ਦੋਸ਼

ਵਿਚਰਦਾ ਅਨੁਭਵ ਹੋਇਆ। ਇਸ ਵਲ ਵੀ, ਰੋਸ ਦੀ ਥਾਂ, ਡੂੰਘੇ ਫ਼ਿਕਰ ਵਿਚੋਂ, ਲੈਨਿਨ ਅਤੇ ਸਹਿਯੋਗੀਆਂ ਦਾ ਧਿਆਨ ਦਿਵਾਉਣ ਨੂੰ ਉਸ ਨੇ ਆਪਣਾ ਫ਼ਰਜ਼ ਸਮਝਿਆ।

ਇਹ ਨਿਸਚਾ ਤਾਂ ਉਸ ਨੂੰ ਸੀ ਕਿ ਜੇ ਸਵਿਧਾਨਕ ਸਭਾ ਨੂੰ ਇਜਲਾਸ ਤੋਂ ਪਹਿਲਾਂ ਅਚਾਨਕ ਭੰਗ ਨਾ ਕੀਤਾ ਜਾਂਦਾ ਤਾਂ ਅਗਲੇ ਦਿਨ ਇਸ ਦੇ ਇਜਲਾਸ ਉਪਰੰਤ ਵਿਰੋਧੀ ਪਾਰਟੀਆਂ ਨੇ ਉਲਟ ਚੱਕਰ ਚਲਾ ਦੇਣਾ ਸੀ। ਜਰਮਨਾਂ ਵੱਲੋਂ ਮੁਹੱਈਆ ਕੀਤੀ ਰੇਲਗੱਡੀ ਵਿਚ ਰੂਸ ਪਹੁੰਚਣ ਦੇ ਦੋਸ਼ ਅਧੀਨ ਲੈਨਿਨ ਤੇ ਮੁਕੱਦਮਾ ਤਾਂ ਹੋ ਹੀ ਚੁੱਕਾ ਸੀ। ਇਜਲਾਸ ਦੇ ਸਫ਼ਲ ਹੋ ਜਾਣ ਦੀ ਸੂਰਤ ਵਿਚ ਜਾਂ ਉਸ ਨੂੰ ਭਗੌੜਾ ਜਾਂ ਕੈਦੀ ਬਣਨਾ ਪੈਣਾ ਸੀ। ਇਹ ਗੱਲ ਉਹ ਪੂਰੀ ਤਰ੍ਹਾਂ ਸਮਝਦੀ ਸੀ। ਇਨਕਲਾਬ ਦੇ ਆ ਜਾਣ ਉਪਰੰਤ ਸੰਵਿਧਾਨਕ ਸਭਾ ਨੂੰ ਪੁਨਰ-ਸਿਰਜਤ ਕਰਨ ਦੀ ਥਾਂ ਭੰਗ ਕਰੀ ਰੱਖਣ 'ਤੇ ਉਸ ਨੂੰ ਜ਼ਰੂਰ ਇਤਰਾਜ਼ ਸੀ। ਇਨਕਲਾਬ ਉਪਰੰਤ ਜਿਨ੍ਹਾਂ ਲੋਕਰਾਜੀ ਅਧਿਕਾਰਾਂ ਨੂੰ ਸਜੀਵ ਕਰਨਾ ਬਣਦਾ ਸੀ, ਇਹ ਉਸ ਦੇ ਖ਼ਿਆਲ ਵਿਚ ਉਨ੍ਹਾਂ ਦੀ ਉਲੰਘਣਾ ਸੀ। ਨਿਰਵਿਘਨ ਧਾਰਨਾ ਉਸ ਦੀ ਇਹ ਸੀ ਕਿ ਆਪਣੇ ਆਪ ਦੇ ਸਮਾਨ ਦੂਜੇ ਨੂੰ ਲੋਕਰਾਜੀ ਹੱਕ ਦਾ ਅਧਿਕਾਰੀ ਮੰਨਣਾ ਬਹੁਤ ਜ਼ਰੂਰੀ ਹੈ।

ਪੱਕੇ ਤੌਰ 'ਤੇ ਕਿਸਾਨਾਂ ਨੂੰ ਭੋਇੰ ਦੀ ਮਾਲਕੀ ਦੇਣਾ ਵੀ ਉਸ ਨੂੰ ਯੋਗ ਪ੍ਰਤੀਤ ਨਹੀਂ ਸੀ ਹੁੰਦਾ। ਨਿਕਟਵਰਤੀ ਪ੍ਰਸੰਗ ਵਿਚ ਇਸ ਕਾਰਵਾਈ ਨੇ ਅਣਗਿਣਤ ਕਿਸਾਨਾਂ ਨੂੰ ਗੌਰਵ ਨਾਲ ਭਰ ਦਿੱਤਾ ਸੀ। ਇਸ ਗੌਰਵ ਸਦਕਾ ਹੀ ਉਨ੍ਹਾਂ ਇਨਕਲਾਬ ਦੀ ਧਿਰ ਬਣਨ ਨੂੰ ਆਪਣਾ ਫ਼ਰਜ਼ ਸਮਝਿਆ ਸੀ। ਇਸ ਤੋਂ ਪਹਿਲਾਂ ਕੁਦਰਤੀ ਆਫ਼ਤਾਂ ਵਿਰੁੱਧ ਜੂਝਣਾ ਹੀ ਉਨ੍ਹਾਂ ਦੇ ਹਿੱਸੇ ਆਇਆ ਸੀ। ਹੁਣ ਜਗੀਰਦਾਰੀ ਵਿਰੁੱਧ ਸੰਘਰਸ਼ ਕਰਨ ਦਾ ਉਨ੍ਹਾਂ ਬੀੜਾ ਚੁੱਕ ਲਿਆ ਸੀ। ਕਿਸੇ ਪੜਾਅ 'ਤੇ ਭੋਇੰ 'ਤੇ ਕਬਜ਼ਾ ਨਵੀਂ ਤਰ੍ਹਾਂ ਦੇ ਜਗੀਰਦਾਰ ਬਣਨ ਦੀ ਹਵਸ ਪੈਦਾ ਕਰ ਸਕਦਾ ਸੀ। ਫਲਸਰੂਪ ਸਾਂਝੇ ਫਾਰਮਾਂ ਵਿਚ ਸ਼ਾਮਿਲ ਹੋਣ ਤੋਂ ਉਨ੍ਹਾਂ ਨੂੰ ਅਲਕਤ ਹੋ ਸਕਦੀ ਸੀ। ਖੇਤੀਬਾੜੀ ਦੇ ਖੇਤਰ ਇਨਕਲਾਬ ਦਾ ਜੋ ਦੂਰਵਰਤੀ ਅਨੁਮਾਣ ਸੀ, ਉਸ ਨੂੰ ਢਾਹ ਲੱਗ ਸਕਦੀ ਸੀ। ਅਸਲ ਵਿਚ ਇਹ ਦੋ-ਧਾਰੀ ਤਲਵਾਰ ਸੀ। ਜੇ ਤਤਕਾਲੀ ਮੌਕੇ ਕਿਸਾਨਾਂ ਨੂੰ ਮਾਲਕੀ ਦਾ ਹੱਕ ਨਾ ਮਿਲਦਾ ਤਾਂ ਇਨਕਲਾਬ ਦਾ ਸਫਲ ਹੋਣਾ ਸੰਭਵ ਨਹੀਂ ਸੀ। ਮਾਲਕੀ ਦੇ ਅਧਿਕਾਰ ਨਾਲ ਹੋਰ ਤਰ੍ਹਾਂ ਦੇ ਵਿਰੋਧ ਦੇ ਉੱਠ ਖੜਣ ਦਾ ਡਰ ਸੀ। ਦੋਨਾਂ ਦੇ ਪਾਰ ਦੀ ਕਿਸੇ ਨੀਤੀ ਦੀ ਲੋੜ ਸੀ, ਦੋਨੋਂ ਪਾਸੇ ਜਿਸ ਦੀ ਪਰਤੱਖਤਾ ਊਣੀ ਸੀ।

ਦੂਰ-ਦੁਰਾਡੇ ਦੇ ਖੇਤਰਾਂ ਨੂੰ ਸੋਵੀਅਤ ਸੰਘ ਨਾਲੋਂ ਵੱਖ ਹੋ ਕੇ ਆਜ਼ਾਦ ਹੋ ਨਿਬੜਣ ਨੂੰ ਵੀ ਅਣਉਚਿਤ ਸਮਝਦੀ ਸੀ। ਰੋਜ਼ਾ ਲਕਸਮਬਰਗ ਭਾਵੇਂ ਆਪ ਉਹ ਇਸ ਤਰ੍ਹਾਂ ਦੇ ਖੇਤਰ ਦੀ ਹੀ ਜੰਮਪਲ ਸੀ। ਉਸ ਦਾ ਅਹਿਸਾਸ ਬਣਿਆ ਹੋਇਆ ਸੀ ਕਿ ਇਸ ਤਰ੍ਹਾਂ ਦੀ ਆਜ਼ਾਦੀ ਆਮ ਜਨਤਾ ਲਈ ਭੁਲਾਵਾ ਪਹੁੰਚਦਾ ਹੈ। ਮਰਜ਼ੀ ਪੁਗਾਉਣ, ਅਧਿਕਾਰ ਜਮਾਉਣ ਅਤੇ ਲੁੱਟ ਮਚਾਉਣ ਦੀ ਉਨ੍ਹਾਂ ਨੂੰ ਹੋਰ ਵੀ ਖੁੱਲ੍ਹ ਮਿਲ ਜਾਂਦੀ ਹੈ। ਆਪਣਾ ਹੋਣ ਦੇ ਭੇਖ ਹੇਠ ਉਹ ਇਸ ਨੂੰ ਵਧੇਰੇ ਕਠੋਰਤਾ ਨਾਲ ਵਰਤੋਂ ਵਿਚ ਲਿਆਉਂਦੇ ਹਨ। ਉਸ ਅਨੁਸਾਰ ਯੋਗ ਇਹ ਸੀ ਅਜੇਹੇ ਖੇਤਰਾਂ ਨੂੰ ਸੋਵੀਅਤ ਸੰਘ ਦਾ ਅਨਿਖੜਵਾਂ ਅੰਗ ਮੰਨਿਆ ਜਾਵੇ ਅਤੇ ਜੋ ਅਧਿਕਾਰੀ ਬਾਕੀ ਖੇਤਰਾਂ ਨੂੰ ਪ੍ਰਾਪਤ ਹੋਣੇ ਸਨ ਉਹ ਇਨ੍ਹਾਂ ਨੂੰ ਵੀ ਮਿਲਣ, ਕਿਸੇ ਤਰ੍ਹਾਂ ਦਾ ਵਿਤਕਰਾ ਉਨ੍ਹਾਂ ਨਾਲ ਨਾ ਹੋਵੇ। ਵਾਸਤਵ ਵਿਚ ਇਹ ਵੀ ਦੋ-ਧਾਰੀ ਤਲਵਾਰ ਨਾਲ ਮਿਲਦੀ ਜੁਲਦੀ ਧਾਰਨਾ ਸੀ। ਆਜ਼ਾਦ ਹੋਣ ਦਾ ਅਧਿਕਾਰ ਦੂਰ-ਦੁਰਾਡੇ ਖੇਤਰਾਂ ਲਈ ਨਵੀਆਂ ਸੰਭਾਵਨਾਵਾਂ ਲਿਆ ਸਕਦਾ ਸੀ ਜੋ ਬੰਦ ਗਲੀ ਵਿਚੋਂ ਬਾਹਰ ਨਿਕਲਣ ਵਾਲੇ ਦੁਆਰ ਦੀ ਨਿਆਈਂ ਸੀ ਇਸ ਦੇ ਸਮਾਨ ਹੀ ਸੀ ਦੂਜੀ ਸੰਭਾਵਨਾ ਕਿ ਨਵੀਂ ਤਰਜ਼ ਦਾ ਨਿਜ਼ਾਮ ਉਨ੍ਹਾਂ ਨੂੰ ਉਨ੍ਹਾਂ ਵਿਤਕਰਿਆਂ ਤੋਂ ਨਵਿਰਤ ਕਰ ਸਕਦਾ ਸੀ ਜੋ ਹੋਣੀ ਵਾਂਗ ਉਨ੍ਹਾਂ ਨੂੰ ਦੱਬੀ ਬੈਠੇ ਸਨ। ਦੋਨਾਂ ਉਦਾਲੇ ਅਨਿਸਚਿਤਾ ਦਾ ਪਰਵਾਰ ਐਨਾ ਭੁਲਾਵਾ ਭਰਪੂਰ ਸੀ ਕਿ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ।

ਇਹ ਸਭ ਬੁਨਿਆਦੀ ਮੁੱਦੇ ਸਨ ਅਤੇ ਭਰਪੂਰ ਵਾਦ-ਵਿਵਾਦ ਅਤੇ ਸੰਵਾਦ ਦੇ ਅਧਿਕਾਰੀ ਸਨ। ਲੈਨਿਨ ਹੀ ਇਨ੍ਹਾਂ ਉੱਤੇ ਸਭ ਤੋਂ ਵੱਧ ਚਾਨਣ ਪਾ ਸਕਦਾ ਸੀ। ਪਰ ਵਿਅੰਗ ਵਾਲੀ ਗੱਲ ਇਹ ਆ ਬਣੀ ਕਿ ਰੋਜ਼ਾ ਲਕਸਮਬਰਗ ਦੀ ਹੱਤਿਆ ਹੋ ਗਈ। ਉਧਰ ਕਿਸੇ ਸਿਰ ਫਿਰੀ ਮੁਟਿਆਰ ਨੇ ਗੋਲੀ ਮਾਰ ਕੇ ਲੈਨਿਨ ਨੂੰ ਘਾਇਲ ਕਰ ਦਿੱਤਾ। ਅਰੋਗ ਹੋ ਜਾਣ ਉਪਰੰਤ ਉਸ ਦੀ ਸਿਹਤ ਪਹਿਲਾਂ ਵਰਗੀ ਨਾ ਰਹੀ ਅਤੇ ਮਾਸਕੋ ਤੋਂ ਕੁਝ ਦੂਰੀ 'ਤੇ ਸਥਿਤੀ ਸਥਾਨ 'ਤੇ ਉਸ ਨੂੰ ਟਿਕਣਾ ਯੋਗ ਲੱਗਾ। ਉਸ ਦੇ ਇਸ ਤਰ੍ਹਾਂ ਲਾਂਭੇ ਰਹਿਣ ਕਾਰਨ ਉੱਤਰ-ਅਧਿਕਾਰੀਆਂ ਵਿਚਕਾਰ ਟਕਰਾਵ ਕਠੋਰ ਰੂਪ ਧਾਰਨ ਕਰਨ ਲੱਗ ਪਿਆ ਜਿਸ ਵਿਚ ਉਪਰੋਕਤ ਤਰ੍ਹਾਂ ਦੇ ਵਾਦ-ਵਿਵਾਦ ਅਤੇ ਸੰਵਾਦ ਲਈ ਕੋਈ ਗੁੰਜਾਇਸ਼ ਨਹੀਂ ਸੀ। ਫੇਰ ਵੀ ਲੈਨਿਨ ਦੀ ਸੰਬੰਧਤ ਵਿਭਾਗ ਨੂੰ ਤਾਕੀਦ ਸੀ ਕਿ ਜੋ ਕੁਝ ਰੋਜ਼ਾ ਲਕਸਮਬਰਗ ਨੇ ਲਿਖਿਆ, ਉਹ ਸਭ ਕੁਝ ਪੂਰਨ ਰੂਪ ਵਿਚ ਛਾਪਿਆ ਜਾਵੇ। ਰੂਸੀ ਇਨਕਲਾਬ ਬਾਰੇ ਜੋ ਉਸ ਨੇ ਲਿਖਿਆ, ਉਸ ਨੂੰ ਵੀ ਵਿਚ ਸ਼ਾਮਿਲ ਕੀਤਾ ਜਾਵੇ। ਹੋਇਆ ਇਸ ਦੇ ਉਲਟ, ਸਤਾਲਿਨ ਦੇ ਜ਼ੋਰ ਵਿਚ ਆਉਣ ਨਾਲ ਸਭ ਕੁਝ ਧਰਿਆ ਧਰਾਇਆ ਰਹਿ ਗਿਆ। ਇਹ ਸਿੱਧ ਕਰਨ ਦਾ ਯਤਨ ਹੁੰਦਾ ਰਿਹਾ ਕਿ ਉਹ ਇਨਕਲਾਬ ਨੂੰ ਸਮਰਪਿਤ ਨਹੀਂ ਸੀ। ਮਾਰਕਸੀ ਚਿੰਤਨ ਨਾਲ ਵੀ ਉਸ ਦਾ ਸੰਬੰਧ ਨਹੀਂ ਸੀ।

ਸਤਾਲਿਨ ਨੇ ਇਹ ਦੋਖੀ ਪ੍ਰਕਾਰ ਦਾ ਪੈਂਤੜਾ ਕਿਉਂ ਲਿਆ, ਇਸ ਦੇ ਕਈ ਕਾਰਨ ਹੋ ਸਕਦੇ ਸਨ। ਲੈਨਿਨ ਦੀ ਭੂਮਿਕਾ

ਸਮੇਤ ਛਪੀ ਜੌਨ ਰੀਡ ਦੀ ਪੁਸਤਕ ਵਿਚ ਉਸ ਦਾ ਸ਼ਾਇਦ ਹੀ ਕਿਤੇ ਜ਼ਿਕਰ ਸੀ। ਇਨਕਲਾਬ ਦਾ ਮੁੱਖ ਤੌਰ ’ਤੇ ਸਿਹਰਾ ਲੈਨਿਨ ਅਤੇ ਉਸ ਉਪਰੰਤ ਟਰਾਟਸਕੀ ਨੂੰ ਦਿੱਤਾ ਗਿਆ ਸੀ। ਆਪਣੇ ਲੇਖਾਂ ਵਿਚ ਰੋਜ਼ਾ ਲਕਸਮਬਰਗ ਨੇ ਵੀ ਇਨ੍ਹਾਂ ਦੋਨਾਂ ਨੂੰ ਵਡਿਆਇਆ ਸੀ। ਜੋ ਤਨਕੀਦ ਵਜੋਂ ਲਿਖਿਆ ਉਹ ਵੀ ਇਨ੍ਹਾਂ ਦੋਹਾਂ ਦੀਆਂ ਪਰਾਪਤੀਆਂ ਨੂੰ ਧਿਆਨ ਗੋਚਰੇ ਕਰਦਾ ਸੀ। ਉਹ ਦੋਨੋਂ ਵੀ ਉਸ ਦੀ ਪ੍ਰਤਿਭਾ ਤੋਂ ਕਾਇਲ ਸਨ ਭਾਵੇਂ ਭਿੰਨ ਵਿਚਾਰ ਪ੍ਰਗਟ ਕਰਨ ਤੋਂ ਸੰਕਚ ਵੀ ਨਹੀਂ ਕਰਦੇ ਸਨ। ਲੈਨਿਨ ਦੇ ਦਿਹਾਂਤ ਉਪਰੰਤ ਸੋਵੀਅਤ ਸੰਘ ਦਾ ਮੁਖੀ ਬਣਨ ਦੇ ਘੋਲ ਵਿਚ ਸਭ ਤੋਂ ਵਧੇਰੇ ਵੰਗਾਰ ਉਸ ਨੂੰ ਟਰਾਟਸਕੀ ਵਲੋਂ ਮਿਲਣ ਦਾ ਖਦਸ਼ਾ ਸੀ। ਇਸ ਲਈ ਲੈਨਿਨ ਦੀ ਵਸੀਅਤ ਤੋਂ ਚੱਲ ਕੇ, ਜੋ ਤੱਥ ਸੱਚ ਟਰਾਟਸਕੀ ਦੇ ਹੱਕ ਵਿਚ ਭੁਗਤਦਾ ਸੀ ਉਸ ਨੂੰ ਲੋਪ ਕਰਨ ਦਾ ਉਸ ਨੇ ਨਿਰਣਾ ਕੀਤਾ ਹੋਇਆ ਸੀ। ਇਸ ਤਰ੍ਹਾਂ ਕਰਦਾ ਉਹ ਸੱਤਾ ਦਾ ਕੱਟੜ ਉਪਾਸ਼ਕ ਹੋ ਨਿਬੜਿਆ ਸੀ। ਉਸ ਲਈ ਰਾਜਨੀਤੀ ਦਾ ਇਕੋ ਇਕ ਕਰਤੱਵ ਸੀ ਸੱਤਾ ਨੂੰ ਹਥਿਆਉਣਾ ਜਿਸ ਸੰਬੰਧੀ ਉਸ ਦੀ ਆਪਣੀ ਧਾਰਨਾ ਇਸ ਪ੍ਰਕਾਰ ਸੀ : “ਸੱਤਾ ਵਿਚ ਆਉਣਾ, ਇਸ ਨੂੰ ਬਣਾਈ ਰੱਖਣਾ, ਪੱਕਾ ਕਰਕੇ ਇਸ ਨੂੰ ਅਜਿੱਤ ਬਣਾਉਣਾ ਇਹੋ ਰਾਜਨੀਤੀ ਦਾ ਕੁਲ ਮੰਤਵ ਹੈ।”

ਇਹੋ ਕਾਰਨ ਸੀ ਕਿ ਲੈਨਿਨ ਦੇ ਦੇਹਾਂਤ ਉਪਰੰਤ, ਸਤਾਲਿਨ ਦੇ ਸਮਰਥਕਾਂ ਅਤੇ ਟਰਾਟਸਕੀ ਦੇ ਸਹਿਯੋਗੀਆਂ ਵਿਚਕਾਰ ਐਸਾ ਟੱਕਰ ਟਕਰਾਉ ਵਧਿਆ ਕਿ ਇਨਕਲਾਬੀ ਦੀ ਬਦੌਲਤ ਜੋ ਪ੍ਰਾਪਤੀਆਂ ਹੋਈਆਂ ਸਨ, ਉਹ ਸਭ ਡਾਵਾਂਡੋਲ ਹੋ ਗਈਆਂ। ਸਥਾਈ ਇਨਕਲਾਬ ਅਤੇ ਨਵੀਂ ਆਰਥਿਕ ਨੀਤੀ ਵਿਚਕਾਰ ਇਸ ਟੱਕਰ ਟਕਰਾਉ ਨੇ ਸੋਵੀਅਤ ਰੂਸ ਦਾ ਭਵਿੱਖ ਹੀ ਧੁੰਦਲਾ ਨਾ ਕੀਤਾ, ਯੂਰਪ ਦੇ ਬਾਕੀ ਦੇਸ਼ਾਂ ਵਿਚ ਵੀ ਚੱਲ ਰਹੇ ਇਨਕਲਾਬੀ ਅੰਦੋਲਨਾਂ ਨੂੰ ਸ਼ੱਕੀ ਬਣਾ ਦਿੱਤਾ। ਇਸ ਸੰਬੰਧ ਵਿਚ ਇਟਲੀ ਵਿਚ ਸਮਾਜਵਾਦ ਪੱਖੀ ਇਨਕਲਾਬੀ ਅੰਦੋਲਨ ਦੀ ਅਗਵਾਈ ਕਰਨ ਵਾਲੇ ਅਨਤੋਨੀਉ ਗ੍ਰਾਮਸ਼ੀ (1891-1937) ਨੇ ਦੋਨਾਂ ਧੜਿਆਂ ਦੇ ਨੇਤਾਵਾਂ ਨੂੰ ਇਕ ਪੱਤਰ ਭੇਜਿਆ ਜੋ ਸੰਜੀਦਗੀ, ਸੁਹਿਰਦਤਾ ਅਤੇ ਦਾਨਾਈ ਦਾ ਪ੍ਰਮਾਣਕ ਸਬੂਤ ਪੇਸ਼ ਕਰਦਾ ਸੀ। ਭਾਸ਼ਾ-ਵਿਗਿਆਨ, ਸਾਹਿਤ, ਦਰਸ਼ਨ ਅਤੇ ਰਾਜਨੀਤੀ ਸਿਧਾਂਤ ਵਿਚ ਨਿਪੁੰਨ ਹੋਣ ਕਾਰਨ, ਉਸ ਦਾ ਇਹ ਪੱਤਰ ਉਲਾਰ ਬਣ ਗਏ ਇਨਕਲਾਬੀ ਸੰਘਰਸ਼ ਨੂੰ ਸੁਹਿਰਦ ਸੇਧ ਦੇਣ ਦੇ ਸਮਰਥ ਸੀ। ਮੁੱਖ ਤੌਰ ’ਤੇ ਦੋਨਾਂ ਧੜਿਆਂ ਵਿਚਕਾਰ ਅਤੇ ਆਮ ਕਰਕੇ ਸੋਵੀਅਤ ਸੰਘ ਵਲੋਂ ਸਥਾਪਿਤ ਕੀਤੀ ਤੀਜੀ ਕੁਮਿਨਟਰਨ ਵਿਚ ਬੇਵਿਸਾਹੀ ਅਤੇ ਬੇਬਸੀ ਦਾ ਮਾਹੌਲ ਇਤਨਾ ਸੰਘਣਾ ਹੋ ਗਿਆ ਕਿ ਖ਼ਤ ਨੂੰ ਅੱਖੋਂ ਪਰੋਖੇ ਕਰਨਾ ਹੀ ਬਿਹਤਰ ਸਮਝਿਆ ਗਿਆ। ਸਮਾਚਾਰ ਇਸ ਤਰ੍ਹਾਂ ਦੇ ਬਣ ਗਏ ਕਿ ਧੜਿਆਂ ਦੇ ਹਿੱਤ ਅਨੁਸਾਰ ਹੀ ਨਿਰਣੇ ਹੋਣ ਲੱਗ ਪਏ ਸਨ। ਟਰਾਟਸਕੀ ਦਾ ਸਭ ਅਹੁਦਿਆਂ ਤੋਂ ਬਰਖਾਸਤ ਕੀਤਾ ਜਾਣਾ, ਜਲਾਵਤਨ ਕਰਕੇ ਉਸ ਦੀ ਹੱਤਿਆ ਕਰਵਾ ਦੇਣਾ ਕੋਈ ਅਸਚਰਜ ਗੱਲ ਨਾ ਰਹੀ। ਫੇਰ ਮੁਕੱਦਮਿਆਂ, ਹੱਤਿਆਵਾਂ ਆਦਿ ਦਾ ਐਸਾ ਦੌਰ ਚੱਲਿਆ ਕਿ ਸੱਤਾ ਦਾ ਸਾਕਾਰ ਰੂਪ ਬਣਨ ਦੇ ਜੋ ਕੁਲ ਸੁਪਨੇ ਸਤਾਲਿਨ ਨੇ ਪਾਲ ਰੱਖੇ ਸਨ, ਉਹ ਪੂਰੀ ਤਰ੍ਹਾਂ ਉਸ ਦਾ ਰਜ਼ੂਹ ਬਣ ਗਏ। ਵਾਮਨ ਅਕਾਰ ਤੋਂ ਚੱਲ ਕੇ ਵਰਾਟ ਪਾਸਾਰ ਤਕ ਇਸ ਦਾ ਸੱਤਾ ਪ੍ਰਮਾਣ ਹੋ ਨਿਬੜੀ। ਸਨਅਤੀਕਰਣ, ਹੱਡ-ਭੰਨਵੀ ਮਿਹਨਤ ਅਤੇ ਕੌਮਪ੍ਰਸਤੀ ਨੂੰ ਐਸਾ ਬੜਾਵਾ ਮਿਲਿਆ ਕਿ ਬਾਕੀ ਦੁਨੀਆ ਵਿਚ ਸਤਾਲਿਨ ਦੀ ਰੋਹਬਦਾਰ ਦਿੱਖ ਸੋਵੀਅਤ ਸੰਘ ਦੀ ਸ਼ਕਤੀ ਦਾ ਪ੍ਰਤੀਕ ਬਣ ਗਈ। ਨਤੀਜੇ ਵਜੋਂ ਨਾਜੀ ਅਤੇ ਫਾਸੀ ਤਾਕਤਾਂ ਤੇ ਜਿੱਤ ਪ੍ਰਾਪਤ ਹੋ ਗਈ ਜਿਸ ਦਾ ਇਸ ਦੇ ਅਭਾਵ ਵਿਚ ਪ੍ਰਾਪਤ ਹੋਣਾ ਸ਼ਾਇਦ ਸੰਭਵ ਨਹੀਂ ਹੋ ਸਕਣਾ।

ਜਿਸ ਆਦਰਸ਼ ਨੂੰ ਲੈਨਿਨ ਨੇ ਧਰਤ-ਮੁਖੀ ਜਾਣ ਸੋਵੀਅਤ ਸੰਘ ਦੇ ਵਾਸੀਆਂ ਦੇ ਧੁਰ ਅੰਦਰ ਵਸਾਉਣ ਦਾ ਸ਼ੁਭ ਕਾਰਜ ਆਰੰਭਿਆ ਸੀ, ਸਤਾਲਿਨ ਦੀ ਰੇਖ ਦੇਖ ਨੇ ਇਸ ਨੂੰ ਪ੍ਰੇਤ ਦੀ ਅਕਾਂਖਿਆ ਦੇ ਦਿੱਤੀ ਸੀ। ਸੋਵੀਅਤ ਸੰਘ ਦੇ ਧੁਰ ਅੰਦਰ ਧਸ ਗਈ ਇਸ ਅਕਾਂਖਿਆ ਦਾ ਰੋਹਬ ਦੈਵੀ ਪ੍ਰਕਾਰ ਦਾ ਹੋ ਗਿਆ ਸੀ। ਉਸ ਦੇ ਦਿਹਾਂਤ ਉਪਰੰਤ ਜੋ ਸਤਾਲਿਨ ਦੀਆਂ ਜ਼ਿਆਦਤੀਆਂ ਦੇ ਪੋਲ ਖੁੱਲ੍ਹੇ ਉਨ੍ਹਾਂ ਸੋਵੀਅਤ ਸੰਘ ਦੇ ਧੁਰ ਅੰਦਰ ਵੱਸੇ ਪ੍ਰੇਤ ਨੂੰ ਨਕਾਰਾ ਕਰਨ ਦੇ ਯਤਨ ਵਿਚ ਉਨ੍ਹਾਂ ਸਾਰੇ ਮੁੱਦਿਆਂ ਤੋਂ ਵੰਚਿਤ ਕਰ ਦਿੱਤਾ ਜਿਨ੍ਹਾਂ ਦੇ ਅਧਿਕਾਰੀ ਬਣਨ ਦਾ ਇਤਿਹਾਸ ਵਿਚ ਇਸ ਨੂੰ ਪਹਿਲੀ ਵਾਰ ਅਵਸਰ ਮਿਲਿਆ ਸੀ। ਨਤੀਜੇ ਵਜੋਂ ਇਤਿਹਾਸ ਦੇ ਅੰਤ ਹੋ ਜਾਣ ਦਾ ਐਲਾਨਨਾਮਾ ਪਸਰਣ ਲੱਗ ਪਿਆ ਜਿਸ ਦੇ ਕੱਚ ਨੂੰ ਬੇਪਰਦਾ ਕਰਨ ਦਾ ਸਾਹਸ ਵੀ ਲੋਪ ਹੋ ਗਿਆ। ਲੈਨਿਨ ਨੇ ਜਿਵੇਂ ਇਤਿਹਾਸ ਦੀ ਸੰਭਾਵਨਾ ਨੂੰ ਅਨੁਭਵ ਵਿਚ ਢਾਲਿਆ ਸੀ, ਰੋਜ਼ਾ ਲਕਸਮਬਰਗ ਨੇ ਜਿਵੇਂ ਸੰਭਾਵਨਾ ਦੇ ਇਤਿਹਾਸ ਦਾ ਸੁਪਨਾ ਦੇਖਿਆ ਸੀ ਅਤੇ ਅਨਤੋਨੀਉ ਗ੍ਰਾਮਸ਼ੀ ਨੇ ਜਿਵੇਂ ਦੋਨਾਂ ਵਿਚਕਾਰ ਸੰਜੋਗ ਬਣਾਉਣ ਦਾ ਅਣਥੱਕ ਪ੍ਰਯਾਸ ਕੀਤਾ ਸੀ ਉਹ ਓਝਲ ਹੋ ਕੇ ਰਹਿ ਗਿਆ ਹੈ। ਉਸ ਨੂੰ ਲੋਪ ਹੋਣ ਤੋਂ ਬਚਾਉਣਾ ਕਿਸੇ ਜ਼ਰੂਰੀ ਕਾਰਜ ਤੋਂ ਘੱਟ ਨਹੀਂ ਹੋਵੇਗਾ। ਵ



ਤੇਜਵੰਤ ਸਿੰਘ ਗਿੱਲ

Mob: 9815086016 E-mail: tejwant_gill@yahoo.com

ਕਵਿਤਾ

**ਪ੍ਰਦੀਪ ਬੋਸ**



## ਜ਼ਿੰਦਗੀ ਦੀ ਪਰਿਭਾਸ਼ਾ

ਮੈਂ ਇਸ ਗੱਲ ਤੋਂ ਬੇਖ਼ਬਰ ਰਹਿੰਦਾ ਹਾਂ
ਕਿ ਮੇਰੇ ਹਿੱਕ ਵਿੱਚ ਸਦਾ ਦਿਲ ਵੱਜਦਾ ਰਹਿੰਦਾ ਹੈ
ਮੈਂ ਇਸ ਗੱਲ ਤੋਂ ਵੀ ਵਾਕਿਫ਼ ਨਹੀਂ ਹੁੰਦਾ
ਕਿ ਮੇਰੇ ਫੇਫੜਿਆਂ ਦੀ ਧੌਂਕਣੀ ਹਰ ਵੇਲੇ ਚੱਲਦੀ ਰਹਿੰਦੀ ਹੈ

ਪਰ ਜੇ ਮੈਨੂੰ ਕਦੇ ਭੁੱਖਮਰੀ ਦਾ, ਹੈਵਾਨੀਅਤ, ਜਾਂ ਮਜ਼ਲੂਮਾਂ ਦੀ ਤੱਸ਼ਦਤ ਦਾ
ਜਾਂ ਸ਼ਿਕਾਰ ਹੁੰਦੇ ਜੰਗਲੀ ਜਾਨਵਰਾਂ ਦੇ ਕਿਤੇ ਅਕਸ ਦਿੱਸ ਜਾਣ
ਤਾਂ ਮੇਰੇ ਅੰਦਰ ਦਾ ਇਨਸਾਨ ਜਾਗ ਉੱਠਦਾ ਹੈ
ਦਿਲ ਦੀ ਧੜਕਨ ਤੇਜ਼ ਹੋ ਜਾਂਦੀ ਹੈ
ਮੇਰੇ ਸਾਹਾਂ ਦੀ ਧੁੱਕਧੁੱਕ ਖਤਰਨਾਕ
ਤੇ ਮੇਰੀ ਜ਼ੁਬਾਨ ਤੋਂ ਜ਼ਿੰਦਗੀ ਦੀ ਪਰਿਭਾਸ਼ਾ ਇਉਂ ਨਸਰ ਹੋਣ ਲੱਗਦੀ ਹੈ:

ਨਫ਼ਰਤ ਕਰਨ ਤੋਂ ਬਿਹਤਰ ਹੈ –
ਮੁਹੱਬਤ ਕਰਨੀ
ਜ਼ਾਲਮ ਹੋਣ ਤੋਂ ਬਿਹਤਰ ਹਨ –
ਸੁਹਿਰਦ ਲੋਕ
ਤਬਾਹ ਕਰਨ ਤੋਂ ਬਿਹਤਰ ਹੈ –
ਸਿਰਜਦੇ ਰਹਿਣਾ
ਹਨੇਰੇ ਖ਼ਿਆਲਾਂ ਤੋਂ ਬਿਹਤਰ ਹੈ –
ਕਦੇ ਵੀ ਨਾਉਮੀਦ ਨਾ ਹੋਣਾ
ਨੀਵੀਂ ਪਾਅ ਕੇ ਪੱਥਰ ਦੀ ਲੀਕ ਉਤੇ ਤੁਰਦੇ ਰਹਿਣ ਤੋਂ ਬਿਹਤਰ ਹੈ –
ਸਿਰ ਚੁੱਕ ਕੇ ਨਿੱਗਰ ਸਵਾਲ ਕਰਨੇ
ਤੂਫ਼ਾਨਾਂ ਤੋਂ ਸਦਾ ਘਬਰਾ ਕੇ ਹਾਰ ਮੰਨਣ ਤੋਂ ਬਿਹਤਰ ਹੈ –
ਕਦੇ ਕਦੇ ਟਾਕਰਾ ਕਰ ਲੈਣਾ
ਖ਼ੁਦਕਸ਼ੀ ਕਰਕੇ ਖ਼ਤਮ ਹੋਣ ਤੋਂ ਬਿਹਤਰ ਹੈ –
ਹਰ ਰੋਜ਼ ਨਵੀਂ ਜ਼ਿੰਦਗੀ ਜੀਣ ਲਈ ਉਪਰਾਲੇ ਕਰਨਾ
ਨਾਸਤਕ ਹੋਣ ਤੋਂ ਬਿਹਤਰ ਹੈ –
ਕੁਝ ਕੁਝ ਆਸਤਕ ਹੋਣਾ
ਸੋਚ ਦੀ ਇੱਕੋ ਲੜੀ ਵਿੱਚ ਬੱਝੇ ਰਹਿਣ ਤੋਂ ਬਿਹਤਰ ਹੈ –
ਅਜ਼ਾਦੀ ਦਾ ਹੁੰਗਾਰਾ ਭਰਨਾ।

# ਪੰਜਾਬੀ ਸਿਨੇਮਾ ਦਾ ਇਨਸਾਈਕਲੋਪੀਡੀਆ

ਬਲਬੀਰ ਸਿੰਘ ਕੰਵਲ

ਭਾਰਤ ਦੀ ਪਹਿਲੀ ਬੋਲਦੀ ਫ਼ਿਲਮ 'ਆਲਮਆਰਾ' (1931) ਦੀ ਨੁਮਾਇਸ਼ ਦੇ ਚਾਰ ਸਾਲ ਬਾਅਦ 1935 ਵਿਚ ਹਿੰਦਮਾਤਾ ਸਿਨੇਟੋਨ ਕੰਪਨੀ, ਬੰਬੇ ਨੇ ਪੰਜਾਬੀ ਜ਼ੁਬਾਨ ਦੀ ਪ੍ਰਥਮ ਫ਼ਿਲਮ 'ਇਸ਼ਕ-ਏ-ਪੰਜਾਬ' ਬਣਾ ਕੇ ਪੰਜਾਬੀ ਫ਼ਿਲਮਾਂ ਦੀ ਬੁਨਿਆਦ ਤਅਮੀਰ ਕਰ ਦਿੱਤੀ ਸੀ। ਉਸ ਵਕਤ ਬੰਬੇ, ਕਲਕੱਤਾ, ਮਦਰਾਸ ਅਤੇ ਲਾਹੌਰ ਫ਼ਿਲਮ ਪ੍ਰੋਡਕਸ਼ਨ ਦੇ ਵੱਡੇ ਮਰਕਜ਼ ਸਨ, ਜਿਥੇ ਭਾਰਤ ਦੀਆਂ ਵੱਖ-ਵੱਖ ਜ਼ੁਬਾਨਾਂ 'ਚ ਬਿਹਤਰੀਨ ਫ਼ਿਲਮਾਂ ਬਣੀਆਂ। ਬੰਗਲਾ, ਤਮਿਲ, ਤੈਲਗੂ, ਮਰਾਠੀ, ਗੁਜਰਾਤੀ ਆਦਿ ਭਾਸ਼ਾਵਾਂ ਦੀਆਂ ਫ਼ਿਲਮਾਂ ਅਤੇ ਸੰਗੀਤ ਨੂੰ ਉਥੋਂ ਦੇ ਲੋਕਾਂ ਜਾਂ ਸੰਗੀਤ-ਸ਼ੁਕੀਨਾਂ ਨੇ ਆਪਣਾ ਵਿਰਾਸਤੀ ਅਸਾਸਾ ਸਮਝ ਕੇ ਸਾਂਭ ਲਿਆ। ਐਪਰ ਅਫ਼ਸੋਸ ਅਤੇ ਹੈਰਤ ਦੀ ਗੱਲ ਹੈ ਪੰਜਾਬੀ ਆਪਣੀ ਮਾਂ-ਬੋਲੀ ਦੀ ਤਰਜਮਾਨੀ ਕਰਦੇ ਫ਼ਿਲਮੀ ਸਰਮਾਏ ਨੂੰ ਸੰਜੋਣ ਤੋਂ ਮੂਲੋਂ ਹੀ ਖੁੰਝ ਗਏ। ਇਹ ਪੰਜਾਬ ਦੀ ਵੰਡ ਦੀ ਤ੍ਰਾਸਦੀ ਸੀ ਜਾਂ ਸਾਡੇ ਫ਼ਿਲਮਕਾਰਾਂ ਦੀ ਅਣਗਹਿਲੀ ਸੀ ਜਿਸ ਕਾਰਨ ਉਸ ਦੌਰ 'ਚ ਬਣੀਆਂ ਪੰਜਾਬੀ ਫ਼ਿਲਮਾਂ ਪਤਾ ਨੀ ਕਿੱਥੇ ਅਲੋਪ ਹੋ ਜਾਂ ਖ਼ਤਮ ਹੋ ਗਈਆਂ।

ਉਨ੍ਹੀਂ ਦਿਨੀਂ ਲਾਹੌਰ ਜਦੋਂ ਮਿਆਰੀ ਫ਼ਿਲਮਾਂ ਬਣਾਉਣ ਦਾ ਗੜ੍ਹ ਬਣ ਚੁੱਕਾ ਸੀ ਤਾਂ ਸਾਡੇ ਕੁਝ ਕੁ ਸੰਗੀਤ ਨਿਰਦੇਸ਼ਕਾਂ ਜਿਵੇਂ ਕਿ ਬਾਬਾ ਜੀ.ਏ. ਚਿਸ਼ਤੀ ਰਾਹੋਂ ਵਾਲੇ (1905-194) 'ਛੱਬੀ ਦੀਆਂ ਚੁੰਨੀਆਂ ਮੈਂ ਮੱਲ ਮੱਲ ਧੋਨੀ ਆਂ, ਮਾਹੀ ਗਿਆ ਪ੍ਰਦੇਸਜ਼ ਮੈਂ ਛਮ ਛਮ ਰੋਨੀ ਆਂ', ਮਾਸਟਰ ਗੁਲਾਮ ਹੈਦਰ ਰਬਾਬੀ (1906-1953), ਖੇਮ ਰਾਜ ਹੁਸਨ ਲਾਲ ਭਗਤ ਰਾਮ, ਹੰਸ ਰਾਜ ਬਹਿਲ, ਖਿਆਮ, ਸ਼ਿਆਮ ਸੁੰਦਰ, ਸਰਦੂਲ ਕਵਾਤੜਾ ਆਦਿ ਨੇ ਫ਼ਿਲਮਾਂ ਵਿਚ ਪੰਜਾਬ ਦੇ ਲੋਕ ਸੰਗੀਤ, ਮਾਹੀਏ, ਟੱਪੇ ਆਦਿ ਵਿਚ ਸ਼ਾਮਲ ਕਰਕੇ ਸ੍ਰੋਤਿਆਂ ਦੇ ਦਿਲਾਂ ਵਿਚ ਹਲਚਲ ਮਚਾ ਦਿੱਤੀ। ਮਾਸਟਰ ਗੁਲਾਮ ਹੈਦਰ ਨੇ ਫ਼ਿਲਮਾਂ ਵਿਚ ਠੇਠ ਢੋਲਕ ਅੰਗ ਨੂੰ ਅਜਿਹਾ ਪ੍ਰਚਿਤ ਕਰਵਾਇਆ ਕਿ ਸਮੂਹ ਦੇਸ਼ ਉਨ੍ਹਾਂ ਦੀਆਂ ਬਣਾਈਆਂ ਹੋਈਆਂ ਧੁਨਾਂ ਤੇ ਨ੍ਰਿਤ ਕਰਨ ਲੱਗ ਪਿਆ। ਹਰ ਪਾਸੇ ਦੁਹਾਈ ਪੈ ਗਈ। ਮਾਸਟਰ ਜੀ 1935 ਤੋਂ ਲੈ ਕੇ 1944 ਤਕ ਲਾਹੌਰ ਰਹੇ। ਉਨ੍ਹੀਂ ਦਿਨੀਂ ਸਫ਼ਲ ਹੋਣ ਵਾਲੀਆਂ ਫ਼ਿਲਮਾਂ ਲਈ ਖ਼ੂਬਸੂਰਤ ਸੰਗੀਤ ਦਾ ਹੋਣਾ ਬੜਾ ਜ਼ਰੂਰੀ ਹੁੰਦਾ ਸੀ। ਜਿਹੜੀ ਫ਼ਿਲਮ ਦਾ ਸੰਗੀਤ ਹਿੱਟ ਹੋ ਗਿਆ, ਉਹ ਧੜਾਧੜ ਚੱਲ ਪਈ, ਨਹੀਂ ਤਾਂ ਠੁੱਸ। ਬੰਬਈ ਵਾਲਿਆਂ ਨੇ ਮਹਿਸੂਸ ਕੀਤਾ ਕਿ ਲਾਹੌਰ ਸਾਥੋਂ ਝੰਡੀ ਖੋਹੀ ਜਾ ਰਿਹਾ ਹੈ। ਗ਼ੁਲਾਮ ਹੈਦਰ ਨੂੰ ਓਥੋਂ ਪੁੱਟ ਕੇ ਬੰਬਈ ਲਿਆਉਣ ਦੀਆਂ ਸਾਜ਼ਿਸ਼ਾਂ ਸ਼ੁਰੂ ਹੋ ਗਈਆਂ। 1944 'ਚ ਮਹਿਬੂਬ ਖ਼ਾਂ ਨੇ ਆਪਣੀ ਫ਼ਿਲਮ ਹਮਾਯੂੰ ਵਿਚ ਸੰਗੀਤ ਦੇਣ ਲਈ ਮਾਸਟਰ ਜੀ ਨੂੰ ਪਹੁੰਚ ਕੀਤੀ ਤਾਂ ਉਨ੍ਹਾਂ ਭਲੇ ਸਮਿਆਂ 'ਚ ਇਕ ਲੱਖ ਰੁਪਿਆ ਮੰਗਿਆ, ਜਿਹੜਾ ਓਸ ਵੇਲੇ ਹੀ ਨਕਦ ਉਨ੍ਹਾਂ ਦੇ ਕਦਮਾਂ 'ਤੇ ਧਰ ਦਿੱਤਾ ਗਿਆ। ਹੁਣ ਤਕ ਕਿਸੇ ਵੀ ਮਿਊਜ਼ਿਕ ਡਾਇਰੈਕਟਰ ਨੂੰ ਦਿੱਤੀ ਗਈ ਇਹ ਸਭ ਤੋਂ ਵੱਡੀ ਰਕਮ ਸੀ। ਕੀ ਇਹ ਕੋਈ ਛੋਟਾ ਇਤਿਹਾਸ ਹੈ ਕਿ ਦੇਸ਼ ਦੀਆਂ ਤਿੰਨ ਚਾਰ ਸਭ ਤੋਂ ਵੱਡੀਆਂ ਗਾਉਣ ਵਾਲੀਆਂ ਤ੍ਰੀਮਤਾਂ ਜਿਵੇਂ ਕਿ ਸ਼ਮਸ਼ਾਦ ਬੇਗ਼ਮ, ਨੂਰ ਜਹਾਨ, ਲਤਾ ਮੰਗੇਸ਼ਕਰ, ਉਮਰਾਓ ਜਾਨ ਹੁਸ਼ਿਆਰਪੁਰ ਵਾਲੀ ਉਨ੍ਹਾਂ ਦੀਆਂ ਹੀ ਲੱਭਤਾਂ ਸਨ। ਸਰੋਤਿਆਂ ਦੀਆਂ ਰੂਹਾਂ ਨੂੰ ਧੂਹ ਪਾਉਣ ਵਾਲੇ ਨਗਮੇ, ਦਿਲਾਂ 'ਤੇ ਛੁਰੀਆਂ ਚਲਾਉਣ ਵਾਲੀਆਂ ਧੁਨਾਂ, ਉਹ ਸਮਾਂ ਸਾਡੀਆਂ ਫ਼ਿਲਮਾਂ ਦਾ ਸੁਨਹਿਰੀ ਜੁਗ ਇਸ ਲਈ ਕਿਹਾ ਜਾ ਸਕਦਾ ਸੀ ਕਿ ਉਨ੍ਹਾਂ ਵਿਚ ਨਾ ਸਿਰਫ਼ ਪੰਜਾਬੀ ਸੰਗੀਤ ਦੀ ਅਸਲ ਰੂਹ ਹੀ ਝਲਕਦੀ ਸੀ ਸਗੋਂ ਉਹ ਸਾਡੀ ਰਹਿਤਲ, ਸਾਡੇ ਵਸੇਬ ਦੀ ਸਹੀ ਤਰਜਮਾਨੀ ਵੀ ਕਰਦੀਆਂ ਸਨ। ਏਹੋ ਜਿਹੀ ਸਥਿਤੀ ਨੂੰ ਮੁੱਖ ਰੱਖਦਿਆਂ ਦਿਲ ਵਿਚ ਹੌਲ ਉੱਠਦਾ ਹੈ ਕਿ ਅਸੀਂ ਪੰਜਾਬੀ ਆਪਣੇ ਏਨੇ ਅਮੀਰ ਵਿਰਸੇ ਨੂੰ ਕਿਉਂ ਨਾ ਸਾਂਭ ਸਕੇ ?

ਏਸੇ ਹੌਲ, ਏਸੇ ਹੂਕ, ਏਸੇ ਕਸਕ, ਏਸੇ ਦਰਦ ਦੇ ਵਿੰਨ੍ਹੇ ਹੋਏ ਦੋ ਮਹਾਨ ਵਿਅਕਤੀ ਸ੍ਰੀ ਗਰਗ ਸਾਹਿਬ ਅਤੇ ਮਨਦੀਪ ਸਿੱਧੂ ਪੰਜਾਬੀ ਸਿਨੇਮਾ ਦਾ ਇਨਸਾਈਕਲੋਪੀਡੀਆ ਲਿਖਣ ਦਾ ਸੁਪਨਾ ਲੈ ਕੇ ਬਿਖੜੇ ਰਾਹਾਂ 'ਤੇ ਤੁਰ ਪਏ। ਪਰ ਛੇਤੀ ਹੀ

ਅਨੁਭਵ ਹੋ ਗਿਆ ਕਿ ਪੰਜਾਬੀ ਫ਼ਿਲਮਾਂ ਨਾਲ ਵਾਬਸਤਾ ਨਾ ਤਾਂ ਕਿਧਰੇ ਕੋਈ ਪੁਖਤਾ ਦਸਤਾਵੇਜ਼ੀ ਸਬੂਤ ਹੈ, ਨਾ ਕੋਈ ਠੋਸ ਮਾਵਦ, ਨਾ ਸਰਕਾਰੀ ਅਦਾਰਿਆਂ ਕੋਲ, ਨਾ ਫ਼ਿਲਮੀ ਜਥੇਬੰਦੀਆਂ ਜਾਂ ਕਲਾ ਪ੍ਰੇਮੀਆਂ ਕੋਲ। ਹੁਣ ਕਿਧਰ ਨੂੰ ਜਾਈਏ ? ਹਰ ਪਾਸੇ ਘੋਰ ਘੁੱਪ ਹਨੇਰਾ, ਕਾਲੀ ਬੋਲੀ ਸੁਰੰਗ। ਪਰ ਤਾਂ ਵੀ ਉਨ੍ਹਾਂ ਦੋਹਾਂ ਦੇ ਆਤਮ ਵਿਸ਼ਵਾਸ ਨੇ ਉਨ੍ਹਾਂ ਨੂੰ ਡੋਲ੍ਹਣ ਨਾ ਦਿੱਤਾ ਸਗੋਂ ਦੋਵਾਂ ਦੀ ਜਨੂੰਨੀ ਸੋਚ, ਇਸ਼ਕ ਅਤੇ ਹਮਖ਼ਿਆਲੀ ਨੇ ਉਨ੍ਹਾਂ ਨੂੰ ਆਪਣੀ ਮਾਦਰੀ ਜ਼ੁਬਾਨ ’ਚ ਬਣੀਆਂ ਫ਼ਿਲਮਾਂ ਦੇ ਇਤਿਹਾਸ ਦੀ ਖੋਜ ਦੇ ਹਮਰਾਹੀ ਬਣਾ ਦਿੱਤਾ। ਇਸ ਅਹਿਦ ਨੂੰ ਪੂਰਾ ਕਰਨ ਲਈ ਸਭ ਤੋਂ ਪਹਿਲਾਂ ਪੰਜਾਬੀ ਫ਼ਿਲਮਾਂ ਦੀ ਮੁਕੰਮਲ ਫ਼ਹਿਰਿਸਤ ਸੈਂਸਰ ਸਰਟੀਫ਼ਿਕੇਟ ਦੇ ਮੁਤਾਬਕ ਬਣਾਈ। ਇਸ ਨਾਲ ਵਾਬਸਤਾ ਫ਼ਿਲਮਾਂ, ਸੌਂਗ ਬੁੱਕਲੈਟ, ਪੋਸਟਰ, ਸਟਿਲ ਫ਼ੋਟੋਗ੍ਰਾਫ਼, ਲੌਬੀ ਕਾਰਡ, ਗ੍ਰਾਮੋਫ਼ੋਨ ਰਿਕਾਰਡ, ਆਡੀਓ ਕੈਸਟਾਂ ਵਗ਼ੈਰਾ ਦੀ ਤਲਾਸ਼ ਸ਼ੁਰੂ ਕੀਤੀ। ਕੁਝ ਚੀਜ਼ਾਂ ਆਸਾਨੀ ਨਾਲ ਮੁਅੱਸਰ ਹੋ ਗਈਆਂ ਅਤੇ ਬਾਕੀਆਂ ਵਾਸਤੇ ਬੇਹੱਦ ਤਰਦੱਦ ਕਰਨਾ ਪਿਆ। ਦੋ ਦਹਾਕਿਆਂ ਤੋਂ ਮਜ਼ੀਦ ਸਮੇਂ ਦੌਰਾਨ ਫ਼ਿਲਮੀ ਹਸਤੀਆਂ ਨਾਲ ਮੁਲਾਕਾਤਾਂ, ਫ਼ਿਲਮ ਪ੍ਰੋਡਕਸ਼ਨ ਕੰਪਨੀਆਂ, ਰਾਸ਼ਟਰੀ ਫ਼ਿਲਮ ਆਰਕਾਈਵਜ਼, ਐਫਟੀਟੀਆਈ ਦੇ ਨਾਲ ਨਹਿਰੂ ਮੈਮੋਰੀਅਲ ਲਾਇਬ੍ਰੇਰੀ, ਨਵੀਂ ਦਿੱਲੀ ਅਤੇ ਟ੍ਰਿਬਿਊਨ ਅਖ਼ਬਾਰ ਦੇ ਭੰਡਾਰਾਂ ਦੀ ਖ਼ਾਕ ਛਾਣਦਿਆਂ ਉਨ੍ਹਾਂ ਨੇ ਆਪਣੇ ਸਿਰਜੇ ਸੁਫ਼ਨੇ ਨੂੰ ਸਾਕਾਰ ਕਰ ਦਿੱਤਾ। ਇਸ ਨੂੰ ਮੁਕੰਮਲ ਰੂਪ ਵਿਚ ਪੰਜਾਬੀ ਫ਼ਿਲਮ ਮੱਦਾਹਾਂ ਦੇ ਰੂਬਰੂ ਕਰਨ ਲਈ ਉਨ੍ਹਾਂ ਨੂੰ ਹਿਆਤੀ ਦੇ ਕਾਫ਼ੀ ਸਾਲ ਵਕਫ਼ ਕਰਨੇ ਪਏ। ਇਹ ਉਨ੍ਹਾਂ ਦੀ ਬੇਮਿਸਾਲ ਦਿੱਤਾ ਅਤੇ ਸਿਦਕ ਦਿਲੀ ਦਾ ਸਬੂਤ ਹੈ। ਹਾਸ਼ਮ ਵਰਗੇ ਮਹਾਨ ਸ਼ਾਇਰ ਤਾਂ ਅੱਜ ਤੋਂ ਬਹੁਤ ਸਮਾਂ ਪਹਿਲਾਂ ਹੀ ਫਰਮਾ ਗਏ ਸਨ—‘ਹਾਸ਼ਮ ਜਿੱਤ ਉਨ੍ਹਾਂ ਦੀ ਜਿਨ੍ਹਾਂ ਹਿੰਮਤ ਯਾਰ ਬਣਾਈ’। ਏਹੋ ਜਿਹਾ ਵੱਡਾ ਕਾਰਜ ਕੋਈ ਤਪੀਸਰ ਹੀ ਕਰ ਸਕਦਾ ਹੈ।

ਸੁਣ ਰਹੇ ਹਾਂ ਕਿ ਨਵੀਂ ਪੰਜਾਬ ਸਰਕਾਰ ਆਪਣੇ ਸਭਿਆਚਾਰ ਦੀ ਸਾਂਭ ਸੰਭਾਲ ਬਾਰੇ ਅੱਜ ਕੱਲ੍ਹ ਬੜੀ ਚਿੰਤਤ ਹੈ ਅਤੇ ਇਸ ਪ੍ਰਤੀ ਕੋਈ ਨਵੀਂ ਨੀਤੀ ਘੜਨ ਜਾ ਰਹੀ ਹੈ। ਚੰਗਾ ਹੋਵੇ ਜੇਕਰ ਸਰਕਾਰ ਪ੍ਰਿਥਵੀ ਰਾਜਕਪੂਰ, ਫ਼ਿਲਮਾਂ ਦੇ ਮਹਾਨ ਪਿਤਾਮਾ, ਮਹਾਂਰਥੀਏ ਦੇ ਨਾਂ ’ਤੇ ਕੋਈ ਪੁਰਸਕਾਰ ਸਥਾਪਤ ਕਰਕੇ ਏਹੋ ਜਿਹੇ ਤਪੀਸਰਾਂ ਨੂੰ ਇਨਾਮ ਦੇਵੇ, ਜਿਹੜੇ ਪੰਜਾਬੀ ਸਭਿਆਚਾਰ ਨੂੰ ਬੜੀ ਸ਼ਿੱਦਤ ਨਾਲ ਪ੍ਰਣਾਏ ਹੋਏ ਹਨ। ਆਪਣੀ ਵੱਲੋਂ ਮੈਂ ਇਨ੍ਹਾਂ ਦੋਹਾਂ ਵਿਅਕਤੀਆਂ ਦੀ ਮਿਹਨਤ ਅਤੇ ਲਗਨ ਦਾ ਦਿਲੋਂ ਸਤਿਕਾਰ ਕਰਦਾ ਹਾਂ ਅਤੇ ਮੁਬਾਰਕਬਾਦ ਦਿੰਦਾ ਹਾਂ ਅਤੇ ਪੰਜਾਬੀ ਪਾਠਕਾਂ ਅਤੇ ਆਲੋਚਕਾਂ ਨੂੰ ਪੁਰਜ਼ੋਰ ਅਪੀਲ ਕਰਦਾ ਹਾਂ ਕਿ ਉਹ ਇਸ ਖ਼ੂਬਸੂਰਤ ਕਿਰਤ ਦਾ ਬਣਦਾ ਸਰਦਾ ਸਵਾਗਤ ਜ਼ਰੂਰ ਕਰਨਗੇ। ਰੱਬ ਰਾਖਾ!

## ਅਗਲੇ ਅੰਕ ਵਿਚ

- ਨਜਮ ਹੁਸੈਨ ਸਈਅਦ ਦੀਆਂ ਕਵਿਤਾਵਾਂ
- ਬਲਬੀਰ ਸਿੰਘ ਕੰਵਲ ਨਾਲ ਕੰਵਲ ਧਾਲੀਵਾਲ ਦੀ ਲੰਬੀ ਗੱਲਬਾਤ
- ਸਾਨੂੰ ਇਕ ਪਲ ਚੈਨ ਨਾ ਆਵੇ *-ਇਲਿਆਸ ਘੁੰਮਣ*
- ਸਵਰਾਜਬੀਰ ਦਾ ਗੁਰੂ ਨਾਨਕ ਦੇਵ ਜੀ ਦੇ ਸਮਾਜਿਕ ਸਰੋਕਾਰਾਂ ਬਾਰੇ ਲੇਖ
- ਦੀਪਕ ਭੁੱਲਰ ਦੀ ਕਹਾਣੀ
- ਗੁਰਬਚਨ ਦੀ ਸ੍ਵੈ-ਜੀਵਨੀ ਦੇ ਕੁਝ ਅੰਸ਼
- ਕਵਿਤਾਵਾਂ : ਦਰਸ਼ਨ ਬੁੱਟਰ, ਐੱਸ. ਬਲਵੰਤ, ਜਗਦੀਪ ਸਿੱਧੂ, ਜਸਬੀਰ ਕੌਰ ਸੰਧੂ
- ਪ੍ਰਦੀਪ ਬੋਸ ਦੇ ਨਾਵਲ ਦਾ ਇਕ ਚੈਪਟਰ
- ਸੁਖਪਾਲ ਦਾ ਕਾਲਮ : ਇੱਟਾਂ ਗਾਰਾ
- ਮਨਮੋਹਨ ਆਲਮ ਦੀ ਉਰਦੂ ਗ਼ਜ਼ਲ ਬਾਰੇ ਸੁਰਿੰਦਰ ਸੋਹਲ ਦਾ ਲੇਖ
- ਸਰਵਣ ਮਿਨਹਾਸ ਦੀਆਂ ਕਵਿਤਾਵਾਂ
- ਨਿੰਦਰ ਘੁਗਿਆਣਵੀ, ਹਰਪ੍ਰੀਤ ਸਿੰਘ ਹੁੰਦਲ, ਹੀਰਾ ਸਿੰਘ, ਪ੍ਰੇਮ ਨਿਝਾਵਨ ਦੇ ਲੇਖ
- ਨੋਬਲ ਇਨਾਮਾਂ ਬਾਰੇ ਜੈਪਾਲ ਤੇ ਭੁਪਿੰਦਰ ਕੌਰ ਪ੍ਰੀਤ

# ਵਾਹਗਾ :
# ਪੰਜਾਬੀ ਚਿੰਤਨ ਅਤੇ ਕਾਵਿ ਸ਼ਾਸਤਰੀ ਪਰੰਪਰਾ

ਡਾ. ਅਮਰਜੀਤ ਸਿੰਘ

ਚਿੰਤਨ ਦੀ ਘੜੀ ਵਿਚ ਅਸੀ ਪਰਿਵੇਸ਼ ਕਰ ਚੁਕੇ ਹਾਂ, ਇਸ ਹਾਲਤ ਵਿਚ ਪੂਰਨ ਅਭਿਆਸ ਰਾਹੀ ਸੰਪੂਰਨ ਗਿਆਨ ਦਾ ਚਿੰਤਨਮਈ ਅਭਿਆਸ ਚਾਹੀਦਾ ਹੈ । ਜਿਸ ਅਭਿਆਸ ਵਿਚ ਜੀਵਨ ਦਾ ਦੈਵੀ ਕਰਮ ਗਿਆਨਮਈ ਊਰਜਾ ਪ੍ਰਾਪਤੀ ਦਾ ਸਾਧਨ ਹੋਵੇ। ਵਿਸ਼ਵ ਸਾਹਿਤ ਚਿੰਤਨ ਵਿਰੋਧਤਾਵਾਂ ਦੇ ਸੰਗਠਨ ਰਾਹੀ ਨਵੀਆਂ ਸੰਰਚਨਾਵਾਂ ਦੀ ਤਲਾਸ਼ ਕਰ ਰਿਹਾ ਹੈ। ਇਹ ਸੰਰਚਨਾਵਾਂ ਗਿਆਨ ਨੂੰ ਨਵੀ ਵਿਆਖਿਆਂ ਪ੍ਰਦਾਨ ਕਰਨ, ਨਿਯਮਾਂ ਦੀ ਪੁਨਰ ਉਸਾਰੀ,ਪ੍ਰਤੀਕਾ ਦੀ ਅਨੰਤ ਸੰਭਾਵਨਾ ਨੂੰ ਉਜਾਗਰ ਕਰ ਰਹੀਆ ਹਨ। ਵਾਹਗਾ ਇਸ ਸਥਿਤੀ ਨੂੰ ਸਾਹਿਤਕ ਅਤੇ ਚਿੰਤਨਮਈ ਪਾਸਾਰਾ ਵਿਚ ਰੂਪਮਾਨ ਕਰਦਾ ਹੈ ।

ਵਾਹਗਾ ਸਮਕਾਲ ਵਿਚ ਜੀਵਨ ਨਾਲ ਇਕਸੁਰਤਾ ਦਾ ਪਰਿਵੇਸ਼ ਹੈ। ਵਾਹਗਾ ਪੰਜਾਬੀ ਸਾਹਿਤ ਸਿਰਜਣਾ ਅਤੇ ਪੰਜਾਬੀ ਸਭਿਆਚਾਰ ਦੇ ਵਿਚਾਰਧਾਰਾਈ ਅਤੇ ਸੁਹਜ-ਸ਼ਾਸਤਰੀ ਪੱਖਾਂ ਨੂੰ ਨਿਵੇਕਲੇ ਮੁਹਾਦਰੇ ਅਤੇ ਮੁਹਾਵਰੇ ਤਹਿਤ ਉਜਾਗਰ ਕਰਦਾ ਹੈ। ਵਾਹਗਾ ਸਾਹਿਤਕ ਆਦਰਸ਼ ਦੀ ਸਭਿਅਕ ਤਲਾਸ਼ ਲਈ ਯਤਨਸ਼ੀਲ ਹੈ। ਉਹ ਸਾਹਿਤ ਸਿਰਜਣਾ ਲਈ ਰਸਕਿ ਧਰਾਤਲ ਬਣਾਉਦਾ ਹੈ। ਵਾਹਗਾ ਧਰਤੀ ਦੇ ਵਸਤੂਗਤ ਸੁਹਜ ਦਾ ਚਾਅ ਪੈਦਾ ਕਰ,ਸਿਰਜਣਾ ਦੇ ਉਦਾਤ ਪ੍ਰਤੀਬਿੰਬ ਸਿਰਜਦਾ ਹੈ। ਉਹ ਇਸ ਨਾਲ ਸਾਹਿਤਕ ਕਿਰਤ ਦੀ ਵਿਸ਼ੇਸ਼ ਹਾਜਰੀ ਨੂੰ ਸਵੀਕਾਰਦਾ ਹੋਇਆ,ਮੁਹਾਰਤ ਨੂੰ ਕੇਂਦਰ ਬਿੰਦੂ ਬਣਾਉਦਾ ਹੈ। ਵਾਹਗਾ ਸਮਕਾਲੀ ਸਾਹਿਤ ਵਿਚ ਸਾਹਿਤ ਦੀਆਂ ਸਮਕਾਲੀ ਵਿਧਾਵਾਂ ਨੂੰ ਗੰਭੀਰਤਾ ਸਹਿਤ ਪਾਠਕਾ ਦੀ ਨੇੜਤਾ ਵਿਚ ਲਿਆਉਦਾ ਹੈ। ਉਹ ਸਾਹਿਤ ਦੀ ਹਰੇਕ ਵਿਧਾ,ਵੰਨਗੀਆਂ ਨੂੰ ਆਲੋਚਨਾਤਮਕ ਦ੍ਰਿਸ਼ਟੀ ਨਾਲ ਗ੍ਰਹਿਣ ਕਰਦਾ ਹੈ। ਵਾਹਗਾ ਪੰਜਾਬੀ ਮਾਨਸਿਕਤਾ ਦੀਆ ਪੱਧਤੀਆਂ ਨੂੰ ਸਮਕਾਲੀ ਵਸਤੂ ਯਥਾਰਥ ਦੇ ਅਨੂਰੂਪ ਸਿਰਜਦਾ ਹੈ। ਪੰਜਾਬੀ ਮਾਨਸਿਕਤਾ ਦੀਆ ਪੱਧਤੀਆਂ ਸਾਹਿਤ ਸਿਰਜਣਾ ਅਤੇ ਵਿਹਾਰਕ ਆਲੋਚਨਾ ਦੀ ਬੁਨਿਆਦੀ ਪਛਾਣ ਕਰਨ ਲਈ ਕਾਰਜਸ਼ੀਲ ਹਨ। ਇਸ ਤਹਿਤ ਵਾਹਗਾ ਪੰਜਾਬੀ ਮਾਨਸਿਕਤਾ ਦੀਆ ਪੱਧਤੀਆਂ ਸਾਹਿਤ ਸਿਧਾਤ ਅਤੇ ਪੰਜਾਬੀ ਵਿਹਾਰਕ ਪਾਸਾਰਾਂ ਨੂੰ ਰੂਪਮਾਨ ਕਰਦਾ ਹੈ। ਵਾਹਗਾ ਪੰਜਾਬੀ ਮਾਨਸਿਕਤਾ ਦੀਆ ਪੱਧਤੀਆਂ ਦਾ ਸਾਹਿਤ ਸਿਰਜਣਾ ਅਤੇ ਸਮਾਜ ਸਭਿਆਚਾਰਕ ਪਰਿਪੇਖ ਸਿਰਜਦਾ ਹੈ। 'ਪੂਰਬੀ ਕਵਿਤਾ ਦੀ ਆਤਮਾ' ਵਿੱਚ ਪ੍ਰੋ. ਪੂਰਨ ਸਿੰਘ ਲਿਖਦੇ ਹਨ ਕਿ ਬੁਲੇ ਸ਼ਾਹ ਨੇ ਆਪਣੀ ਸ਼ਾਨਦਾਰ ਆਵਾਜ਼ ਨਾਲ ਸਦੀਵੀਂ ਚੁੱਪ ਨੂੰ ਜਗਾਇਆ ਹੈ। ਜਦੋਂ ਉਹ ਆਪਣੇ ਗੀਤ ਅਲਾਪਦਾ ਹੈ ਤਾਂ ਢੋਲ ਵੱਜਣ ਲਗ ਪੈਂਦੇ ਹਨ, ਵਾਲੀਆਂ ਦੀ ਝਣਕਾਰ ਸੁਣਾਈ ਦਿੰਦੀ ਹੈ। ਛੈਣੇ ਤਾਲ ਦਿੰਦੇ ਹਨ ਤੇ ਮੁੱਲਾਂ-ਮੁਲਾਣੇ ਵੀ ਉਸ ਨਾਲ ਆ ਮਿਲਦੇ ਹਨ ਤੇ ਪੇਸ਼ਾਵਰ ਨਾਚੀਆ ਵੀ ਸੁਧ-ਬੁਧ ਭੁੱਲ ਜਾਂਦੀਆਂ ਹਨ। ਜਦੋਂ ਬੁਲੇ ਸ਼ਾਹ ਆਪਣੇ ਗੀਤਾਂ ਦੇ ਹੜ੍ਹਾਂ ਦੇ ਹੜ੍ਹ ਆਪਣੇ ਅੰਦਰੋਂ ਸਿੰਧੂ-ਧਾਰ ਦੀ ਨਿਆਈ ਵਗਾਉਂਦਾ ਹੈ ਤਾਂ ਸਭ ਇਕਮਿਕ ਤੇ ਇਕਸੁਰ ਹੋ ਜਾਂਦੇ ਹਨ। ਇਹ ਸਿਰਜਣਾ ਦਾ ਹੜ ਹੈ। ਉਸ ਇਕੱਲੇ ਵਿੱਚ ਕਵੀ, ਮੁਰੀਦ ਤੇ ਤਿਆਗੀ ਦੇ ਗੁਣ ਮੌਜੂਦ ਹਨ। ਇਸ ਤਰ੍ਹਾਂ ਜਦੋਂ ਬੁਲੇ ਸ਼ਾਹ ਦਾ ਮੁਰਸ਼ਦ ਉਸ ਨਾਲ ਨਰਾਜ਼ਗੀ ਜ਼ਾਹਿਰ ਕਰਦਾ ਹੈ ਤਾਂ ਉਸਨੇ ਈਮਾਨ ਦਾ ਦਾਮਨ ਨਹੀਂ ਛੱਡਿਆ। ਜਦੋਂ ਉਸ ਦੀ ਮਨ ਦੀਆਂ ਤੀਖਣ ਧੁਨਾਂ ਉਸਦੇ ਮੁਰਸ਼ਦ ਦੇ ਕੰਨਾਂ ਚ ਪੈਂਦੀਆਂ ਹਨ ਤਾਂ ਉਹ ਉਸ ਪ੍ਰੇਮ ਅਣੀ ਤੋਂ ਬਚ ਨਹੀਂ ਸਕਿਆ। ਬੁਲੇ ਸ਼ਾਹ ਦੇ ਇਹ ਬੋਲ ਉਸਦੇ ਮੁਰਸ਼ਦ ਨੂੰ ਉਸਦੇ ਅੰਦਰ ਦਾ ਅਹਿਸਾਸ ਕਰਵਾ ਦਿੰਦੇ ਹਨ। ਇਸ ਤਰ੍ਹਾਂ ਸਿਰਜਣਾ ਇੱਕ ਅਚੰਭਿਤ ਕਰਦਾ ਜੀਵਨ ਦਾ ਹੜ੍ਹ ਹੈ। ਜੇਕਰ ਇਸ ਨੂੰ ਜਾਣਨ ਦੀ ਤਾਕਤ ਹੋਵੇ ਤਾਂ ਹੀ ਇਸ ਵਿਚਲੀਆਂ ਜੀਵਨ-ਕਣੀਆਂ ਨੂੰ ਪਹਿਚਾਣਿਆ ਜਾ ਸਕਦਾ ਹੈ। ਜਦ ਮਨ ਅਨੰਦ ਦੀ ਗੋਦ ਵਿਚ ਵਿਰਾਜਿਆ ਹੁੰਦਾ ਹੈ ਤਾਂ ਹੀ ਸਿਰਜਣਾ ਦੀ ਜੀਵਨ ਨਾਲ ਇਕਸੁਰਤਾ ਹੁੰਦੀ ਹੈ।

ਡਾ ਗੁਰਭਗਤ ਸਿੰਘ ਨੇ ਆਧੁਧਿਕ ਗਿਆਨ ਸ਼ਾਸਤਰ ਵਿਚ ਉਤਰਆਧੁਨਿਕਵਾਦ,ਵਿਆਖਿਆਂ ਸ਼ਾਸਤਰ ਦੇ ਵਿਭਿੰਨ ਪ੍ਰਬੰਧ,ਨਾਰੀਵਾਦ ਅਤੇ ਬਹੁ-ਸਭਿਆਚਾਰ ਦਾ ਅਭਿਆਸ ਪ੍ਰਮੁਖ ਮੰਨਿਆ ਹੈ। ਇਸ ਅਭਿਆਸ ਵਿਚ ਅਕਾਦਮਿਕ,ਸੰਸਥਾਗਤ ਅਤੇ ਵਿਅਕਤੀਗਤ ਖੋਜ ਅਤੇ ਚਿੰਤਨ ਦੇ ਖੇਤਰ ਵਿਚ ਕਾਰਜਸ਼ੀਲ ਪੰਜਾਬ ਦੇ ਖੋਜਾਰਥੀ ਅਤੇ ਨੌਜੁਆਨ ਵਰਗ ਅੰਦਰ ਜੀਵਨ ਦੇ ਉਦਾਤ ਸੁਹਜ ਦੀ ਪ੍ਰੇਰਨਾ ਪੈਦਾ ਕਰਨ ਤਲਾਸ਼ ਹਿੱਤ ਇਹ ਕਾਰਜ ਕੀਤਾ ਜਾ ਰਿਹਾ ਹੈ। ਇਸ ਕਾਰਜ ਨਾਲ ਭਾਰਤ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਦੇ ਪੰਜਾਬ ਨਾਲ ਨੇੜਤਾ ਮਹਿਸੂਸ ਕਰਦੇ ਖੋਜਾਰਥੀਆਂ

ਅਤੇ ਵਿਦਵਾਨਾਂ ਵੱਲੋਂ ਸਾਹਿਤ ਅਤੇ ਚਿੰਤਨ ਨਾਲ ਜੁੜੀਆਂ ਪ੍ਰਮੁੱਖ ਸ਼ਖਸੀਅਤਾਂ ਆਪਣੀ ਸਿਰਜਣ ਪ੍ਰੀਕ੍ਰਿਆ ਅਤੇ ਸਾਹਿਤ-ਚਿੰਤਨ ਵਿਚ ਵਾਪਰ ਰਹੇ ਪਰਿਵਰਤਨਾਂ/ਰੁਝਾਨਾਂ/ਸੰਭਾਵਨਾਵਾਂ ਨੂੰ ਪੰਜਾਬ ਦੇ ਗੰਭੀਰ ਪਾਠਕਾਂ ਅਤੇ ਸਰੋਤਿਆਂ ਦੇ ਸਨਮੁਖ ਸਾਂਝਾ ਕਰਦੀਆ ਹਨ।

ਐਥੁਲੀ ਗਿੱਡਨਜ਼, ਉਤਰਆਧੁਨਿਕਵਾਦ ਨੂੰ ਆਧੁਨਿਕਤਾ ਬਾਰੇ "ਸੌਦਰਯ-ਸ਼ਾਸਤਰੀ ਚਿੰਤਨ" ਨਾਲ ਅਤੇ ਉਤਰਆਧੁਨਿਕਤਾ ਨੂੰ ਸਮਾਜਕ ਵਿਕਾਸ ਦੇ ਗਤੀਮਾਰਗ ਅਤੇ ਸੰਸਥਾਵਾਂ ਨਾਲ ਜੋੜਦਾ ਹੈ, ਜੋ ਆਧੁਨਿਕਤਾ ਦੀਆਂ ਸੰਸਥਾਵਾਂ ਨਾਲੋਂ ਵੱਖਰੀਆਂ ਹਨ। ਗਿੱਡਨਜ਼ ਨੇ ਮੁੱਖ ਤੌਰ ਤੇ ਆਧੁਨਿਕਤਾ ਨਾਲ ਸੰਬੰਧਿਤ ਜਿਨ੍ਹਾਂ ਚਾਰ ਸੰਸਥਾਵਾਂ ਦਾ ਜ਼ਿਕਰ ਕੀਤਾ ਹੈ, ਉਹ ਹਨ : ਨਿਗਰਾਨੀ (ਸਰਵੇਲੈਂਸ), ਪੂੰਜੀਵਾਦ, ਫੌਜੀ ਸ਼ਕਤੀ ਅਤੇ ਉਦਯੋਗਵਾਦ। ਇਸੇ ਤਰ੍ਹਾਂ ਉਤਰਆਧੁਨਿਕਤਾ ਦਾ ਇੱਕ ਹੋਰ ਸਿੱਧਾਂਤਕਾਰ ਜਿਗਮੈਂਟ ਬੌਮਨ, ਇਸਨੂੰ ਆਧੁਨਿਕਤਾ ਦੀ ਸਾਧਾਰਣ ਅਵਸਥਾ ਤੋਂ ਵਕਤੀ ਰਵਾਨਗੀ ਨਹੀਂ ਮੰਨਦਾ, ਸਗੋਂ, ਉਸ ਅਨੁਸਾਰ ਇਹ ਇੱਕ "ਸ੍ਵੈ-ਨਿਰਭਰ" ਰਹਿਣ ਵਾਲੀ ਨਿਆਇ ਪੂਰਵਕ ਸਮਾਜਕ ਸਥਿਤੀ ਹੈ, ਜਿਸਦੇ ਆਪਣੇ "ਵਿਲੱਖਣ ਨਕਸ਼" ਹਨ। ਸਕੌਟ ਲੈਸ਼ ਲਈ ਉਤਰ ਆਧੁਨਿਕਤਾ ਦਾ ਸੰਬੰਧ ਸੱਭਿਆਚਾਰ ਨਾਲ ਹੈ। ਇਨ੍ਹਾਂ ਤਿੰਨਾਂ ਸਿਧਾਂਤਕ ਧਾਰਨਾਵਾਂ ਦੀ ਲੋਅ ਵਿੱਚ, ਇਹ ਕਿਹਾ ਜਾ ਸਕਦਾ ਹੈ ਕਿ ਉਤਰ-ਆਧੁਨਿਕਤਾ ਸਮਾਜਕ ਅਨੁਭਵ ਹੈ, ਸੰਸਥਾਵਾਂ ਦਾ ਇੱਕ ਨਿਵੇਕਲਾ ਸੰਗਠਨ ਹੈ, ਜੋ ਉਤਰ ਆਧੁਨਿਕਵਾਦੀ ਨਿਰਪੇਖ ਜਾਂ ਪਰਿਪੇਖਾਂ ਨਾਲ, ਸੰਸਥਕ ਪੱਧਰ ਉੱਤੇ ਵਾਪਰਿਆ ਹੈ। ਉਤਰਆਧੁਨਿਕਤਾ ਅਭਿਆਸ ਵਿੱਚ ਵਾਪਰਿਆ ਇੱਕ ਪਰਿਵਰਤਨ ਹੈ। ਮਿਸ਼ੇਲ ਫੂਕੋ ਉਤਰਆਧੁਨਿਕਵਾਦ ਵਿਚ ਸੱਤਾ ਦੇ ਪ੍ਰਵਚਨ ਨੂੰ ਵਿਆਖਿਆ ਦਿੰਦਾ ਹੈ ਕੀ ਕਿਵੇਂ ਸੱਤਾ ਗਿਆਨ ਨੂੰ ਅਤੇ ਗਿਆਨ ਸੱਤਾ ਨੂੰ ਕੰਟ੍ਰੋਲ ਕਰਦਾ ਹੈ। ਉਸਦੇ ਅਨੁਸਾਰ ਜਿਸਨੂੰ ਅਸੀ ਪ੍ਰਮਾਣਿਕ ਸੱਚ ਮੰਨਦੇ ਹਾਂ, ਉਹ ਹੋਰ ਕੁੱਝ ਨਹੀਂ ਇਤਹਾਸ ਦੇ ਕਿਸੇ ਖਾਸ ਦੌਰ ਵਿੱਚ ਖਾਸ ਸ਼ਕਤੀ ਸਮੂਹਾਂ ਦੁਆਰਾ ਆਪਣੇ ਹਿਤਾਂ ਦੇ ਅਨੁਕੂਲ ਘੜੀਆਂ ਅਵਧਾਰਨਾਵਾਂ ਹੁੰਦੀਆਂ ਹਨ ਅਤੇ ਇਹ ਕਿ ਕਿਸੇ ਵੀ ਸਮੇਂ ਵਿੱਚ ਸ਼ਕਤੀ ਸੰਰਚਨਾਵਾਂ ਦੇ ਦਾਇਰੇ ਤੋਂ ਜੋ ਬਾਹਰ ਹੈ, ਦੂਸਰਾ ਹੈ, ਹਾਸ਼ੀਏ ਉੱਤੇ ਖੜਾ ਹੈ, ਖਾਰਿਜ ਹੈ, ਉਸਨੂੰ ਵੇਖਣਾ ਅਤੇ ਜਾਨਣਾ ਮਹੱਤਵਪੂਰਣ ਹੈ। ਉਹ ਸ਼ਕਤੀ ਸੰਰਚਨਾਵਾਂ ਦੇ ਚਲਣ ਦੀ ਸੰਰਚਨਾ ਦੀ ਵਿਆਖਿਆ ਕਰਦਾ ਹੈ। ਫੂਕੋ ਕਿਸੇ ਵੀ ਪ੍ਰਕਾਰ ਦੀ ਕੇਂਦਰੀਅਤਾ, ਸਰਵਭੌਮਿਕਤਾ ਅਤੇ ਮਿਆਰੀਕਰਨ ਦੇ ਖਿਲਾਫ ਸੀ। ਉਸਦੀ ਵਿਆਖਿਆ ਹੈ ਕਿ ਗਿਆਨ ਇੱਕ ਵਿਸ਼ੇਸ਼ ਤਾਕਤ ਹੈ, ਤਾਕਤ ਇੱਕ ਵਿਸ਼ੇਸ਼ ਪ੍ਰਕਾਰ ਦਾ ਗਿਆਨ ਹੀ ਹੈ, ਦੋਨਾਂ ਦੇ ਵਿੱਚ ਕੋਈ ਦਵੈਤ ਨਹੀਂ ਹੈ। ਉਤਰਆਧੁਨਿਕ ਕਾਵਿ-ਸ਼ਾਸਤਰ ਵਿਚ ਸਾਹਿਤ ਇਤਿਹਾਸਕਾਰੀ ਦੀ ਕੀ ਭੂਮਿਕਾ ਰਹੇ ,ਇਸ ਵਿਚ ਪ੍ਰਮੁਖ ਨੁਕਤਾ ਕਾਲ-ਵੰਡ ਦਾ ਹੈ।

ਕਾਲ-ਵੰਡ ਵਿਚ ਪੰਜਾਬੀ ਚਿੰਤਨ ਤੇ ਸਿਰਜਣਾਤਮਕ ਅਨੁਭਵ ਗਿਆਨ ਅਤੇ ਸੁਹਜ ਦੇ ਪੈਟਰਨ ਪਰਾਭੌਤਿਕ ਵਰਤਾਰਿਆਂ, ਵਸਤੂਗਤ ਯਥਾਰਥਾਂ, ਮਾਨਵੀ ਹੋਂਦ ਦੀਆਂ ਸੰਰੰਚਨਾਵਾਂ ਦੇ ਅੰਤਰਗਤ ਗਤੀਸ਼ੀਲ ਰਹਿੰਦੇ ਹਨ। ਇਸ ਸਿਰਜਨਾਤਮਕ ਅਨੁਭਵ ਵਿਚ ਤਰਕ, ਨਿਆਂ, ਸਿਰਜਨਾਤਮਕ ਵਿਰੋਧਾਭਾਸ, ਚਿੰਤਨਮਈ ਵਿਸ਼ਲੇਸ਼ਣ, ਸਮਾਜਿਕ ਯਥਾਰਥ, ਨੈਤਿਕਤਾ, ਆਰਥਿਕ, ਮਨੋਵਿਗਿਆਨਿਕ, ਇਤਿਹਾਸਕ, ਰਾਜਨੀਤਕ, ਪ੍ਰਾਕਿਰਤਕ ਮਾਪਦੰਡ ਅਤੇ ਮਾਨਵੀ ਵਿਹਾਰ ਦੀਆਂ ਅਨੁਭਵੀ ਲੜੀਆਂ ਬਣਾਉਂਦੇ ਹਨ। ਇਹ ਅਨੁਭਵੀ ਲੜੀਆਂ ਸਮੁੱਚੀ ਚਿੰਤਨਸ਼ੀਲਤਾ, ਸਿਰਜਨਾਤਮਕ ਸੰਸਾਰ, ਸਭਿਆਚਾਰ ਅਤੇ ਸੰਸਕ੍ਰਿਤੀ ਦੀਆਂ ਵਰਜਨਾਵਾਂ, ਬੌਧਿਕ ਅਨੁਪਾਤਾਂ ਅਤੇ ਆਕਾਰਾਂ ਦੇ ਵਿਭਿੰਨ ਮੰਡਲਾਂ, ਮਨੋਵਿਗਿਆਨਕ ਅਚੇਤ ਅਤੇ ਸੁਚੇਤ ਵਿਹਾਰ ਦੀਆਂ ਪ੍ਰਕ੍ਰਿਆਵਾਂ, ਜੀਵਨ ਦੀ ਵਿਹਾਰਕ ਗਤੀਸ਼ੀਲਤਾ, ਬ੍ਰਹਿਮੰਡ ਅਤੇ ਧਰਤੀ ਦੇ ਬਿੰਦੂ ਤੋਂ ਲੈ ਕੇ ਵਿਰਾਟ ਤੱਕ ਦੇ ਅਨੁਭਵੀ ਵਰਤਾਰਿਆਂ, ਦੇਹੀ ਸੁਹਜ ਦੇ ਪਸਾਰਾਂ, ਸੰਗੀਤ ਦੇ ਸੂਖਮ ਅਤੇ ਸਥੂਲ ਪ੍ਰਗਟਾਵਿਆਂ ਅਤੇ ਕਲਾ ਦੇ ਰਹੱਸਾਂ ਨੂੰ ਸਿਰਜਨਾਤਮਕ ਪ੍ਰਗਟਾਵਾ ਦਿੰਦੇ ਹਨ। ਅਜਿਹੇ ਦਾਰਸ਼ਨਿਕ ਮੁਹਾਵਰੇ ਦੀ ਪ੍ਰਕ੍ਰਿਤੀ ਅੰਦਰ ਗਿਆਨਮਈ ਪ੍ਰਬੰਧ, ਅਨੁਭਵੀ ਦਿਸ਼ਾਵਾਂ ਤੇ ਸੁਹਜਮਈ ਪੈਟਰਨ ਆਪਣੇ ਸੰਤੁਲਿਤ ਪਰਿਪੇਖ ਦੀ ਤਲਾਸ਼ ਕਰਦੇ ਹਨ। ਇਸ ਅਨੰਤਤਾ ਦੀ ਤਲਾਸ਼ ਵਿਚ ਇਹ ਮੁਹਾਵਰਾ ਮਿਥ, ਤੰਤਰ, ਪਾਰਦਰਸ਼ੀ ਵਿਵੇਕ, ਕਨੂੰਨ, ਯੋਗ, ਭਗਤੀ, ਸ਼ੂਨਯ, ਦੇ ਪਸਾਰਾਂ ਰਾਹੀਂ ਸ਼ਬਦ ਦੇ ਬ੍ਰਹਿਮੰਡੀ ਸਰੂਪ ਦੇ ਵਿਗਾਸਮਈ ਅਨੁਭਵ ਰਾਹੀ ਸੰਤੁਲਨ ਬਣਾ ਸਕਦਾ ਹੈ।

ਵਾਹਗਾ ਸਮਕਾਲ ਵਿਚ ਇਸ ਕਾਲ-ਵੰਡ ਅੰਦਰ ਪੰਜਾਬੀ ਚਿੰਤਨ ਤੇ ਸਿਰਜਣਾਤਮਕ ਅਨੁਭਵ ਦੀ ਗੰਭੀਰ ਦਿਸ਼ਾ ਪੈਦਾ ਕਰ ਰਿਹਾ ਹੈ। ਇਸੇ ਦਿਸ਼ਾ ਵਿਚ ਕਾਵਿ-ਸ਼ਾਸਤਰ ਪੰਜਾਬੀ ਸਾਹਿਤ ਚਿੰਤਨ ਦੇ ਮੌਲਿਕ ਕਾਵਿ-ਸ਼ਾਸਤਰੀ ਪਾਸਾਰਾਂ ਨੂੰ ਰੂਪਮਾਨ ਕਰਨ ਵਾਲਾ ਜਰਨਲ ਹੈ। ਪੰਜਾਬੀ ਦੇ ਪਹਿਲੇ ਰਸਾਲੇ 'ਹੁਣ' ਅਤੇ 'ਫ਼ਿਲਹਾਲ' ਪੰਜਾਬੀ ਸਾਹਿਤ ਸਿਰਜਣਾ ਅਤੇ ਪੰਜਾਬੀ ਸਭਿਆਚਾਰ ਦੇ ਵਿਚਾਰਧਾਰਾਈ ਅਤੇ ਸੁਹਜ-ਸ਼ਾਸਤਰੀ ਪੱਖਾਂ ਨੂੰ ਨਿਵੇਕਲੇ ਮੁਹਾਦਰੇ ਅਤੇ ਮੁਹਾਵਰੇ ਤਹਿਤ ਉਜਾਗਰ ਕਰਦੇ ਆ ਰਹੇ ਹਨ। ਕਾਵਿ-ਸ਼ਾਸਤਰ ਇਹਨਾਂ ਰਸਾਲਿਆਂ ਦੇ ਸੰਬਾਦੀ ਰੂਪ ਨੂੰ ਪਹਿਚਾਣਦਿਆਂ ਪੰਜਾਬੀ ਸਾਹਿਤ ਚਿੰਤਨ ਦੇ ਗਿਆਨ ਸ਼ਾਸਤਰੀ ਪਾਸਾਰਾਂ ਨੂੰ ਪ੍ਰਗਟ ਕਰ ਰਿਹਾ ਹੈ। ਕਾਵਿ-ਸ਼ਾਸਤਰ ਦਾ ਮੂਲ ਪ੍ਰਯੋਜਨ ਸਾਹਿਤ ਚਿੰਤਨ ਨਾਲ ਸੰਬਧਿਤ ਧਾਰਾਵਾਂ, ਨਿਵੇਕਲੀਆਂ ਅੰਤਰ-ਦ੍ਰਿਸ਼ਟੀਆਂ, ,ਚਿੰਤਕਾਂ,ਅਨੁਵਾਵਿਤ ਚਿੰਤਨ,ਖੋਜ ਦੇ ਨਿਯਮਾਂ ਅਤੇ ਸਾਹਿਤ ਚਿੰਤਨ ਦੇ ਸੰਕਲਪਾਂ ਨੂੰ ਵਿਆਖਿਆ ਅਧੀਨ ਲਿਆਉਣਾ ਹੈ। ਕਾਵਿ-ਸ਼ਾਸਤਰ ਦਾ ਉਦੇਸ਼ ਪੰਜਾਬੀ ਸਾਹਿਤ ਚਿੰਤਨ ਰਾਹੀ ਅਕਾਦਮਿਕ,ਸੰਸਥਾਗਤ ਅਤੇ ਵਿਅਕਤੀਗਤ ਰੁਝਾਨ ਨੂੰ ਗਿਆਨਮਈ ਦਿਸ਼ਾ ਵਿਚ ਅਧਿਐਨ ਕਰਨਾ ਹੈ। ਜਿਸ ਰਾਹੀ ਸਿਰਜਣਾ ਅਤੇ ਸਾਹਿਤ ਚਿੰਤਨ ਨੇੜਤਾ ਵਿਚ ਰਹਿੰਦੇ ਹੋਏ, ਪੰਜਾਬੀ ਸਾਹਿਤ ਦੇ ਉਦਾਤ ਨਕਸ਼ਾਂ ਦੀ ਪਹਿਚਾਣ ਕਰ ਸਕਣ ਅਤੇ ਪੰਜਾਬੀ ਸਾਹਿਤ ਚਿੰਤਨ ਖੋਜਾਰਥੀਆਂ ,ਅਧਿਆਪਕਾਂ ਅਤੇ ਪਾਠਕਾ ਨੂੰ ਧਰਵਾਸ ਦੇ ਸਕੇ।

ਸਾਹਿਤ ਚਿੰਤਨ ਵਿਚ ਰੁਮਾਂਸਵਾਦੀ ਪ੍ਰਗਤੀਵਾਦ ਦੀ ਸੰਰਚਨਾ ਪੰਜਾਬੀ ਕਾਵਿ ਮੁਹਾਵਰੇ ਨੂੰ ਪ੍ਰਭਾਵਿਤ ਕਰਦੀ ਰਹੀ ਹੈ। ਇਸ ਪ੍ਰਵਿਰਤੀ ਦੇ ਸਵੈ ਦਵੰਦ ਵਿਚ ਪੰਜਾਬੀ ਚੇਤਨਾ ਆਪਣੇ ਨਿਛਚਿਤ ਘੇਰੇ ਅੰਦਰ ਆਪਣੀ ਸਿਰਜਨਾ ਨੂੰ ਪ੍ਰਗਟਾਉਂਦੀ ਰਹੀ ਹੈ। ਜਿਸ ਵਿਚ ਰੋਮਾਂਸ ਦੀ ਵਿਚਲਤ ਭਾਵਨਾਮਈ ਸਿਮਰਤੀ ਅਤੇ ਪ੍ਰਗਤੀ ਦੀ ਅਕਿਹਰੀ ਅਤੇ ਅਧੂਰੀ ਸਮਝ ਖਿਆਲ ਨੂੰ ਲਗਾਤਾਰ ਗਲਤ ਦਿਸ਼ਾ ਵੱਲ ਤੋਰਦੀ ਰਹੀ ਹੈ। ਪ੍ਰਗਤੀਵਾਦ ਵੀ (ਇਕ ਲਹਿਰ ਦੇ ਤੌਰ ਤੇ) ਭਾਵੇਂ ਪੁਰਾਣੇ ਨਿਜ਼ਾਮ ਤੇ ਸਾਮਰਾਜੀ ਸ਼ਕਤੀਆਂ ਦੇ ਵਿਰੁੱਧ ਇਕ ਸੰਘਰਸ਼ ਦੇ ਤੌਰ ਤੋਂ ਵਿਕਸਿਤ ਹੋਇਆ ਸੀ ਇਸ ਲਈ ਰੋਮਾਂਸਵਾਦ ਅਤੇ ਪ੍ਰਗਤੀਵਾਦ ਦਾ ਹਮਕਦਮ ਹੋਕੇ ਚਲਣਾ ਸੁਭਾਵਿਕ ਸੀ। ਇਸ ਲਈ ਰੁਮਾਂਟਿਕ ਯਥਾਰਵਾਦ ਦੀ ਮਨੋਵਿਰਤੀ ਤੇ ਪ੍ਰਗਤੀਵਾਦ ਦੀ ਸਮਾਜੀ ਵਿਸ਼ਲੇਸ਼ਣ ਦੀ ਪ੍ਰਵਿਰਤੀ ਨੇ ਇਕ ਦੂਜੇ ਨੂੰ ਸ਼ਕਤੀ ਪ੍ਰਦਾਨ ਕੀਤੀ। ਇਸ ਤਰ੍ਹਾਂ ਪ੍ਰਗਤੀਵਾਦ ਇਤਿਹਾਸਵਾਦੀ ਯਥਾਰਵਾਦ ਦੇ ਮਹੱਤਵਪੂਰਣ ਪੜਾਅ ਵਜੋਂ ਸਿੱਧ ਹੋਇਆ। ਪ੍ਰਯੋਗਵਾਦ ਅਤੇ ਅਸਥਿਤਵਵਾਦ ਦੇ ਹੋਂਦਮੂਲਕ ਸਰੋਕਾਰ ਪੰਜਾਬੀ ਸਵੈ ਚੇਤਨਾ ਦਾ ਹਿੱਸਾ ਨਹੀਂ ਬਣ ਸਕੇ ਇਸ ਤਹਿਤ ਪੰਜਾਬੀ ਚੇਤਨਾ ਨੇ ਨਿਸ਼ਚਿਤ ਅਤੇ ਇਕੱਲਤਾਮਈ ਸਰੋਕਾਰ ਰਾਹੀਂ ਪਦਾਰਥਕ ਸਮਝ ਨੂੰ ਸੁਹਜਮਈ ਨਿਯਮਾਂ ਦੀ ਤਲਾਸ਼ ਵਿਚ ਤੋਰ ਲਿਆ। ਪ੍ਰਯੋਗਵਾਦ ਰਾਹੀਂ ਨਵੇਂ ਯਥਾਰਥ ਦੇ ਨਵੀਆਂ ਯਥਾਰਥਕ ਅਨੁਭਵ ਪ੍ਰਣਾਲੀਆ ਅਤੇ ਨਵੀਆਂ ਪ੍ਰਤੀਕਆਤਮਿਕ ਵਿਧੀਆਂ ਨਾਲ ਪ੍ਰਗਟਾਅ ਦੇ ਯਤਨ ਆਰੰਭ ਹੋਏ। ਅਨੁਭਵ ਪ੍ਰਣਾਲੀਆਂ ਦੀ ਯਥਾਰਥਕਤਾ ਆਧੁਕਿਤਾ ਦੇ ਦੌਰ ਦਾ ਵਿਸ਼ੇਸ਼ ਲੱਛਣ ਸਿੱਧ ਹੋਈ ਜਿਸ ਨਾਲ ਆਧੁਨਿਕ ਇਤਿਹਾਸਵਾਦੀ ਯਥਾਰਵਾਦ ਦੀ ਪ੍ਰੰਪਰਾ ਇਕ ਨਵੇਂ ਪੜਾਅ ਤੇ ਪਹੁੰਚਦੀ ਹੈ ।ਜਿਸ ਵਿਚ ਰੁਮਾਂਟਿਕ ਅਤੇ ਪ੍ਰਕਿਰਤੀਵਾਦੀ ਵਿਧੀਆਂ ਦੀ ਥਾ ਤੇ ਇਤਿਹਾਸਵਾਦੀ ਅਰਥਾਂ ਵਿਚ ਯਥਾਰਥਕ ਵਿਧੀਆਂ ਵਿਕਸਿਤ ਹੁੰਦੀਆਂ ਹਨ ।ਮਨੋਵਿਗਿਆਨਿਕ ਯਥਾਰਥਵਾਦ ਇਕ ਕਾਵਿਕ ਮੁਹਾਵਰੇ ਦੇ ਤੌਰ ਤੇ ਪੰਜਾਬੀ ਚੇਤਨਾ ਨੂੰ ਜਟਿਲਤਾ, ਸਮਕਾਲਿਕਤਾ ਤੇ ਤਰਲਤਾ ਦੇ ਸਾਂਝੇ ਸੰਗਠਨ ਵਿਚ ਕਾਰਜਸ਼ੀਲ ਰੱਖਦਾ ਹੈ, ਜਿਸ ਤਹਿਤ ਮਾਨਸਿਕ ਪ੍ਰਕ੍ਰਿਆ ਦੀ ਜਟਿਲਤਾ ਸਮਕਾਲਕਤਾ ਅਤੇ ਤਰਲਤਾ ਪੰਜਾਬੀ ਕਾਵਿ ਮੁਹਾਵਰੇ ਦੇ ਰੂਪਆਤਮਕ ਸ਼ਬਦ ਵਿਧਾਨ ਨੂੰ ਨਹੀਂ ਸਿਰਜ ਸਕੀ। ਜੁਝਾਰਵਾਦ ਅਤੇ ਪੰਜਾਬ ਸੰਤਾਪ ਦੀ ਪ੍ਰਵਿਰਤੀ ਉਸ ਸਮੇਂ ਦੇ ਸਮਕਾਲੀ ਯਥਾਰਥ ਅਤੇ ਭਵਿੱਖਮਈ ਦਿਸ਼ਾਵਾਂ ਨੂੰ ਭਾਵੁਕ ਅਤੇ ਵਿਅੰਗਮਈ ਪ੍ਰਗਟਾਵਾ ਦਿੰਦੀ ਰਹੀ ਪਰ ਵਿਚਾਰ ਦੀ ਨਿਛਚਿਤਾ (ਜੁਝਾਰਵਾਦੀ ਪ੍ਰਵਿਰਤੀ) ਸਮਾਜਿਕ ਰਾਜਨੀਤਿਕ ਅਤੇ ਇਤਿਹਾਸਕ ਦੁੱਖ ਅਤੇ ਪ੍ਰਸੰਗ ਦੀ ਅਧੂਰੀ ਸਮਝ, ਰਾਜਨੀਤਿਕ ਸੰਕੀਰਨਤਾ, ਹੋਂਦ ਦੀ ਵਿਚਾਰਧਾਰਕ ਉਚਾਈ (ਪੰਜਾਬ ਸੰਤਾਪ) ਰਾਹੀਂ ਪੰਜਾਬ ਦੀ ਧਰਤੀ ਤੇ ਮਾਂਗਵੀਂ ਵਿਚਾਰਧਾਰਾਈ ਸਮਝ ਅਤੇ ਨਸਲੀ ਵਰਤਾਰੇ ਤਹਿਤ ਪੈਦਾ ਹੋਈ ਆਪਹੁਦਰੀ ਮਾਨਸਿਕਤਾ ਇੰਨਾਂ ਦੋਹਾਂ ਪ੍ਰਵਿਰਤਆਂ ਦੇ ਕਾਵਿ ਮੁਹਾਵਰੇ ਨੂੰ ਸੰਤੁਲਿਤ ਰੂਪ ਵਿਚ ਬਿਆਨ ਨਾ ਕਰ ਸਕੀ ।ਵਿਸ਼ਵੀਕਰਨ ਅਤੇ ਉਤਰਆਧੁਨਿਕਤਾ ਤਹਿਤ ਪੈਦਾ ਹੋਈਆਂ ਵਿਚਾਰਧਰਾਈ ਪ੍ਰਵਿਰਤੀਆਂ (ਨਾਰੀਵਾਦ, ਦਲਿਤ ਚੇਤਨਾ, ਪ੍ਰਵਾਸੀ ਚੇਤਨਾ ਆਦਿ) ਲਘੂ ਮਨੁੱਖ ਦੀ ਦਵੰਦ ਮਈ ਸੋਚ, ਪੂੰਜੀਵਾਦ ਦੇ ਨਾਕਾਰਾਤਮਕ ਅਤੇ ਸਾਕਾਰਾਤਮਕ ਪ੍ਰਸੰਗ, ਨਵਬਸਤੀਵਾਦ ਅਤੇ ਆਧੁਨਿਕ ਸਮਾਜ ਦੇ ਭਿਆਨਕ ਸੁਹਜਮੁੱਲ ਪੰਜਾਬੀ ਸਮਾਜਿਕ ਅਤੇ ਸਭਿਆਚਾਰਕ ਅਰਥਵਿਵਸਥਾ ਦੀ ਸੰਰਚਨਾ ਨੂੰ ਨਵੀਨ ਕਾਵਿ ਮੁਹਾਵਰੇ ਦੇ ਤਹਿਤ ਪ੍ਰਵਾਸ਼ਿਤ ਕਰ ਰਹੇ ਹਨ। ਜਿਸ ਤਹਿਤ ਖਪਤ ਸਭਿਆਚਾਰ, ਤਕਨਾਲੋਜੀ, ਮੀਡੀਆ ਦੇ ਪ੍ਰਭਾਵ ਪੰਜਾਬੀ ਸਿਰਜਨਾਤਮਕਤਾ ਨੂੰ ਮਾਨਸਿਕ ਅਤੇ ਆਤਮਕ ਬੇਚੈਨੀ, ਮੁਨੱਖੀ ਹੋਂਦ ਦੀ ਪ੍ਰਮਾਨਿਕਤਾ, ਸੁੱਖ ਸਹੂਲਤਾਂ ਦੇ ਸਵਰਗ ਮੰਨੇ ਜਾਂਦੇ ਮੁਲਕਾਂ ਦੇ ਯਥਾਰਤਕ ਸੱਚ ਨੂੰ ਰੂਪਮਾਨ ਕਰ ਕੇ ਮੋਹ ਭੰਗ ਦਾ ਅਗਿਆਮੀ ਅਭਿਆਸ ਜਾਇਜ਼ ਨਜਾਇਜ਼ ਧਰਤਲਾਂ ਦੀ ਨਿਸ਼ਾਨਦੇਹੀ ਕਰ ਰਿਹਾ ਹੈ।

ਇਸ ਸਮੁੱਚੇ ਵਾਤਾਵਰਨ ਵਾਹਗਾ ਅਤੇ ਕਾਵਿ-ਸ਼ਾਸਤਰ ਰਾਹੀ ਸਾਖੀ, ਗਿਆਨ ਸ਼ਾਸਤਰ, ਇਤਿਹਾਸ, ਮਿਥ, ਲੋਕਧਰਾਈ ਪ੍ਰਸੰਗ, ਅਤੇ ਪ੍ਰਕਿਰਤਕ ਇੱਕਸੁਰਤਾ ਅਨੁਭਵ ਦੀ ਲਗਾਤਾਰਤਾ ਵਿਚ ਸ਼ਾਮਿਲ ਰਹਿੰਦੀ ਹੈ।ਅਨੁਭਵ ਦੀ ਲਗਾਤਾਰਤਾ ਸਾਖੀ ਪਰੰਪਰਾ ਦੀ ਪਾਰਦਰਸ਼ੀ ਪ੍ਰਕਿਰਿਆ ਹੈ। ਇਸ ਪਾਰਦਰਸ਼ੀ ਪ੍ਰਕਿਰਿਆ ਰਾਹੀ ਅਸੀ ਗਿਆਨ ਤਿਆਰ ਨਹੀ ਕੀਤਾ ।ਇਹ ਗਿਆਨ ਚਿੰਤਨ ਦੀਆਂ ਸਮੁਚੀਆਂ ਪ੍ਰਵਿਤੀਆਂ ਦਾ ਦਾਰਸ਼ਨਿਕ ਪ੍ਰਤੀਕਰਮ ਦਿੰਦਾ ਹੈ।ਜਿਸ ਵਿਚ ਵਸਤੂਗਤ ਆਕਾਰ ਦੀ ਸਦੀਵਤਾ ਹੈ ।ਆਕਾਰ ਦੀ ਇਹ ਸਦੀਵਤਾ ਪਰੰਪਰਾਵਾਂ ਦੀ ਅਧਿਆਤਮਕ ਇਕਸੁਰਤਾ ਅਤੇ ਪਾਰਦਰਸ਼ਤਾ ਦੀ ਦਬਿੱਤਾ ਦੇ ਗਿਆਨ ਨੂੰ ਪੈਦਾ ਕਰਦੀ ਹੈ।ਅਰਸਤੂ ਨੇ ਇਸ ਨੂੰ ਆਕਾਰ ਦੀ ਸਦੀਵਤਾ ਦਾ ਠੋਸ ਧਰਾਤਲ ਸਵੀਕਾਰ ਕੀਤਾ ਹੈ।ਆਕਾਰ ਦੀ ਸਦੀਵਤਾ ਦਾ ਠੋਸ ਧਰਾਤਲ ਪਲੈਟੋ ਦੇ ਡਾਇਲਾਗ ਦਾ ਹਿੱਸਾ ਹੈ। ਹੈਡੇਗਰ ਵਿਚ ਡਾਇਲਾਗ ਦਾ ਇਹ ਹਿੱਸਾ ਸ਼ੁਧ ਤਰਕ ਬਣਦਾ ਹੈ। ਹੀਗਲ ਅਤੇ ਕਾਂਤ ਇਸ ਦਾਰਸ਼ਨਿਕਤਾ ਦੀ ਸੁਹਜਮਈ ਵਿਆਖਿਆ ਤਰਕ ਦੀ ਸਦੀਵੀ ਆਕਾਰਯੁਗਤ ਵਿਆਖਿਆ ਵਿੱਚ ਕਰਦੇ ਹਨ। ਉੱਤਰ ਆਧੁਨਿਕ ਚਿੰਤਕਾਂ ਨੇ ਸੰਦੀਵਤਾ ਦੀ ਊਰਜਾ ਨੂੰ ਤਾਂ ਸਵਿਕਾਰ ਕੀਤਾ ਹੈ ਪਰ ਕੇਂਦਰ ਉਨ੍ਹਾਂ ਲਈ ਨਿਰਹੋਂਦ ਨਹੀ ਹੈ।। ਉਤਰ ਆਧੁਨਿਕ ਚਿੰਤਕਾਂ ਦੀ ਅਭਿਆਸ ਪ੍ਰਕਿਰਿਆ ਵਿੱਚ ਵਸਤੂਗਤ ਆਕਾਰ ਦੀ ਸਦੀਵਤਾ ਖੜੋਤ ਵਿਚ ਹੈ। ਪ੍ਰਯੋਗਸ਼ੀਲਤਾ ਦੀ ਅਭਿਆਸ ਪ੍ਰਕਿਰਿਆ ਨੇ ਇਸ ਨੂੰ ਤੋੜਿਆ ਹੈ। ਪ੍ਰਯੋਗਸ਼ੀਲਤਾ ਦੀ ਅਭਿਅਸ ਪ੍ਰਕਿਰਿਆ ਚਿੰਤਨ ਦੀ ਨਿਸ਼ਚਿਤ ਖੜੋਤ ਨੂੰ ਫਿਊਡਲ ਨਿਜ਼ਾਮ ਤੋਂ ਆਜ਼ਾਦ ਕਰਵਾਉਂਦੀ ਹੈ ।ਚਿੰਤਨ ਦੀ ਨਿਸ਼ਚਿਤ ਖੜੋਤ ਨੂੰ ਫਿਊਡਲ ਨਿਜ਼ਾਮ ਤੋਂ ਆਜ਼ਾਦ ਕਰਵਾਉਣਾ ਭਾਵ ਚਿੰਤਨ ਪ੍ਰਕਿਰਿਆਂ ਨੂੰ ਆਪਮੁਹਾਰੇ ਤਣਾਅ ਦੀ ਤਲਾਸ਼ ਤੋ ਬਾਹਰ ਕਰ ਪਰੰਪਰਾਵਾਂ ਦੀ ਸੰਯੁਕਤ ਸੰਰਚਨਾ ਨਹੀਂ ਬਣਾਉਣੀ। ਜਿਸ ਨਾਲ ਪਾਰਦਰਸ਼ੀ ਪ੍ਰਕਿਰਿਆ ਰਾਹੀ ਗਿਆਨ ਪੈਦਾ ਕੀਤਾ ਜਾਵੇ।

ਕਵਿਤਾ

# ਸਿਯਾਰਥ

**• ਆਸ਼ੀ**

1967
ਗੁੱਡੀਆਂ ਪਟੋਲੇ ਖੇਡਦੀ
ਅੱਡਾ ਖੱਡਾ ਟੱਪਦੀ
ਖੁੱਦੋ ਗੀਟੇ ਬੁੜਕਾਉਂਦੀ
ਰੋਂਦੀ ਪਿੱਟਦੀ
ਕਦੇ ਹੱਸਦੀ, ਮਾਰਦੀ, ਕੁੱਟਦੀ
ਕੋਠੇ ਟੱਪਦੀ ਨੂੰ ਬੇਬੇ ਲਾਜਵੰਤੀ ਝਿੜਕਦੀ
ਨੀ ਆਹ ਕੋਠੇ ਜਿੱਡੀ ਨੂੰ ਅਕਲ ਨੀ ਆਈ
ਕੋਈ ਕੰਮ ਕਾਜ ਸਿੱਖਿਆ ਨੀ
ਦੂਜੇ ਘਰ ਜਾ ਕੇ ਕੀ ਕਰੇਂਗੀ ਨੀ ਮਰ ਜਾਣੀਏ

ਕਾਰ 'ਚ ਬੈਠੀ ਸੁਬਕ ਸੁਬਕ ਰੋ ਰਹੀ
ਮੋਟੀਆਂ ਮੋਟੀਆਂ
ਹਰੀਆਂ ਭੂਰੀਆਂ ਅੱਖਾਂ 'ਚੋਂ ਟਸੂਏ ਬਹਾਉਂਦੀ
ਲਾਲ ਗੋਟੇ ਆਲੀ ਚੁੰਨੀ ਸਿਰ 'ਤੇ ਲਈ
ਚੂੜਾ ਛਣਕੇ, ਸੋਨੇ ਦਾ ਹਾਰ, ਵਾਲਾਂ 'ਚ ਸੱਗੀ ਫੁੱਲ
ਕੰਨਾਂ 'ਚ ਕਾਂਟੇ ਹੱਥ 'ਚ ਗੁੱਡੀ ਪਟੋਲੇ

ਕਹਿੰਦੀ ਵੇ ਕੁੱਕਿਆ ਵੀਰਾ ਤੂੰ ਕਨੇਡੇ ਆਵੇਂਗਾ ?
ਮੈਂ ਕਿਹਾ—ਆਹੋ ਆਊਂਗਾ
ਨਾ ਓਥੇ ਟਾਂਗਾ ਜਾਂਦਾ ?

ਕਾਰ 'ਚ ਨਾਲ ਬੈਠਾ ਉਹਦਾ ਘਰ ਵਾਲਾ
ਬੱਤਾ ਪੀਂਦੇ ਪੀਂਦੇ ਜ਼ੋਰ ਦੀ ਹੱਸ ਪਿਆ
ਨਾਲੇ ਡਰਾਇਵਰ ਨਾਲੇ ਸਾਰੇ ਪਿੰਡ ਆਲੇ ਹੱਸ ਪੇ

ਓ ਭਾਈ ਇਹ ਕਨੇਡਾ ਜਾ ਰਹੀ ਆ
ਜਹਾਜ਼ 'ਤੇ ਆਉਣਾ ਪੈਂਦਾ ਓਥੇ

ਆਹ ਕਮਲੇ ਹੋਏ ਆ
ਐਮੀਂ ਹੱਸੀ ਜਾਂਦੇ ਆ
ਆਸ਼ੀ ਹੋਰ ਜ਼ੋਰ ਜ਼ੋਰ ਦੀ ਬੂਕਣ ਲੱਗ ਪਈ

ਉਹ ਪਹਿਲੀ ਕੁੜੀ ਸੀ
ਸਾਡੇ ਪਿੰਡੋਂ ਕਨੇਡਾ ਜਾਣ ਵਾਲੀ
ਬਾਅਦ 'ਚ ਤਾਂ ਅੱਧਾ ਪਿੰਡ ਕਨੇਡਾ 'ਚ ਈ ਬੈਠਾ

*1994*
*ਕਨੇਡਾ*
*ਵੈਨਕੂਵਰ ਦੀ ਆਰਟ ਗੈਲਰੀ 'ਚ ਸਾਡੇ ਕੁਝ ਇੰਡੀਅਨ ਆਰਟਿਸਟਾਂ ਦੀਆਂ ਕਲਾ ਕਿਰਤਾਂ ਦੀ ਨੁਮਾਇਸ਼ ਲੱਗੀ ਸੀ। ਸਬੱਬ ਨਾਲ ਅਸੀਂ ਵੀ ਪਹੁੰਚੇ ਸੀ।*
*ਸ਼ਾਮ ਨੂੰ ਅੰਬੈਸੀ ਦੀ ਪਾਰਟੀ 'ਚ ਬਹੁਤ ਸਾਰੇ ਲੋਕਲ ਤੇ ਪੰਜਾਬੀ ਆਰਟਿਸਟ ਤੇ ਹੋਰ ਲੋਕ ਵੀ ਪਹੁੰਚੇ ਸੀ। ਓਥੇ ਸਾਡੇ ਪਿੰਡ ਆਲਾ ਚੀਮਿਆਂ ਦਾ ਬਿੱਕਰ ਮਿਲ ਗਿਆ। ਕਹਿੰਦਾ— ਓਹੀ ਆਸ਼ੀ ਪੰਡਤਾਂ ਆਲੀ...She lives sixty miles away from here ਜਾਣੀ ਲਗਪਗ 100 ਕਿਲੋਮੀਟਰ ਦੂਰ ਇਕ ਫਾਰਮ ਹਾਊਸ ਆ ਅੰਗੂਰਾਂ ਦਾ ਤੇ ਪਲੱਮ ਦਾ ਓਥੇ ਰਹਿੰਦੀ ਆ ਆਪਦੇ ਪਰਿਵਾਰ ਨਾਲ।*

*ਗੋਰੇ ਟੈਕਸੀ ਡਰਾਇਵਰ ਨੇ ਇਕ ਫਾਰਮ ਹਾਊਸ ਦੇ ਗੇਟ ਦੀ ਘੰਟੀ ਵਜਾਈ। ਗੇਟ ਖੋਲ੍ਹਦੇ ਅੰਦਰੋਂ ਆਵਾਜ਼ ਆਈ—*
Who is this ?
to whome are you looking for ?
ਇਕ ਸੋਹਣੀ ਜਹੀ ਬੱਗੇ ਵਾਲਾਂ ਵਾਲੀ ਔਰਤ ਸੂਟ ਤੇ ਲੋਹਾ ਕੋਟ ਪਾਇਆ ਬਾਹਰ ਆਈ

Here is some one to see Mrs. Aashi from India.

To me no way
No one since...ever came to see me
Must be for my son.

ਓਏ Rocky here is some one to see you.

ਉਹਨੇ ਉੱਚੀ ਦੇਣੀ ਹਾਕ ਮਾਰੀ
ਤਾਂ ਮੈਂ ਕਿਹਾ No Aashi I am here
come to see you.

But...how you know me ?
I am from your village
I know you.
We use to call you Billi...

Oh ! I can not recognize you..
Who are you...so femiliar...

I am Kukka Aashi
Ah ! Rukmani Ka Kukka.

ਨਾ ਮਰ ਜਾਨਿਆ ਹੁਣ ਤਾਈਂ ਅੰਗਰੇਜ਼ੀ ਕਿਉਂ ਬੋਲੀ ਜਾਨਾਂ ਫਿਰ
ਘੁੱਟ ਕੇ ਜੱਫੀ 'ਚ ਭਰ ਲਿਆ
ਨਾਲੇ ਰੱਜ ਕੇ ਰੋਈ...

ਫਿਰ ਗੋਰੇ ਡਰਾਇਵਰ ਨਾਲ ਪੰਜਾਬੀ ਬੋਲੀ ਜਾਵੇ
ਆਹ ਟੈਚੀ ਆਇਥੇ ਰੱਖ ਦੇ ਵੇ ਭਾਈ ਬੂਹੇ ਕੋਲ
ਆਹ ਕੁੱਕਾ ਸਾਡੇ ਪਿੰਡੋਂ ਆਇਆ ਬਹੁਤ ਦੂਰੋਂ
ਵੇ ਭਾਈ ਰੱਬ ਤੈਨੂੰ ਲੰਮੀ ਉਮਰ ਲਾਵੇ ਤੂੰ ਲੈ ਆਇਆ ਅਇਥੇ...

Mom this ਗੋਰਾ wont understand
what you say ਰੌਕੀ ਨੇ ਕਿਹਾ

ਲੈ ਵੇ ਜੈ ਖਾਣੇ ਅੰਗਰੇਜ਼ਾਂ ਨੂੰ ਅੰਗਰੇਜ਼ੀ ਤੋਂ
ਬਿਨਾ ਕੁਝ ਹੋਰ ਸਮਝ ਵੀ ਆਉਂਦਾ ਕਿਤੇ

ਤੂੰ ਤਾਂ ਬੁੜ੍ਹਾ ਹੋ ਗਿਆ
ਤੂੰ ਹੁਣ ਵੀ ਓਹੀ ਕੁੱਤੇ ਕੰਮ ਕਰਦਾ ਰਹਿੰਨਾ
ਤਸਵੀਰਾਂ ਬਣਾਉਂਦਾ ਰਹਿੰਨਾ ਕਿ ਕੋਈ ਹੋਰ ਕੰਮਕਾਰ ਵੀ ਕਰਦਾਂ ?
ਤੈਨੂੰ ਵੀਜ਼ਾ ਕਿਵੇਂ ਮਿਲਿਆ ਕਨੇਡਾ ਆਉਣ ਦਾ

Mom you again
He is Sidharth
a well known painter
from India

ਓ ਰਹਿਣ ਦੇ ਸਾਡੇ ਭਾਣੇ ਤਾਂ ਸਾਡਾ ਕੁੱਕਾ ਈ ਆ
ਲੈ ਬਈ ਤੂੰ ਹੁਣ ਆਹ ਡਰਾਇੰਗ ਰੂਮ ਦੀ ਕੰਧ 'ਤੇ
ਗੁਰੂ ਗੋਬਿੰਦ ਬਣਾ ਦੇ, ਘੋੜੇ 'ਤੇ ਚੜ੍ਹਿਆ
ਇਕ ਹੱਥ ਬਾਜ ਤੇ ਇਕ ਹੱਥ 'ਚ ਕਿਰਪਾਨ ਫੜੀ ਹੋਵੇ
ਤੇ ਆਹ ਦੂਜੇ ਬੰਨੇ ਬਾਬਾ ਨਾਨਕ ਨਾਲੇ ਰਬਾਬੀ ਮਰਦਾਨਾ
ਤੇ ਆਹ ਵਿਚਕਾਰ ਵੇ ਵੀਰਾ
ਲਿਖ ਦੇ ਗੂੜ੍ਹੇ ਅੱਖਰਾਂ 'ਚ ਮੇਰੀ ਬੇਬੇ ਦਾ ਨਾਉਂ—ਲਾਜਵੰਤੀ

ਲਿਖ ਦੇ ਮੇਰੇ ਬਾਪੂ ਦਾ ਨਾਉਂ ਨਾਲ ਕਰਕੇ 'ਕੁਲਵੰਤ ਸਿੰਘ'
ਮੇਰੇ ਵੀਰਾਂ ਦਾ ਨਾਉਂ ਲਿਖ ਦੇ ਇਕ ਲੈਨ 'ਚ ਸਿੱਧਾ ਜਿਹਾ ਕਰਕੇ
ਨੀਲਾ, ਬਿੰਨੂ, ਸ਼ੀਲ ਤੇ ਵੱਡਾ ਭਾਈ ਮੇਲਾ
ਉਜਲ, ਭੂਰਾ, ਜੀਤਾ, ਅੰਬਾ, ਸਰਨ, ਘੀਲਾ, ਟੀਂਡਾ, ਕਾਲਾ
ਮੇਰੇ ਵੀਰ ਲਿਖ ਦੇ ਮੇਰੀਆਂ ਸਹੇਲੀਆਂ ਦਾ ਨਾਂ ਐਸ ਕੰਧ 'ਤੇ
ਲਿਖ ਦੇ ਭੁੱਚੋ, ਸੀਬੋ, ਕੁਲਵੰਤੀ, ਪਰਸਿੰਨੀ, ਮੋਟ੍ਹੋ, ਪੁਸ਼ਪਾ
ਨਿੰਮੋ ਤੇ ਗੁਜਰਾਂ ਪੱਤੀ ਆਲੀ ਅਮਰਜੀਤ,
ਹਰਜੀਤ ਚੀਚੋ, ਵੀਰੀ, ਬੋਦੋ ਤੇ ਚੀਮਿਆ ਆਲੀ ਨੰਨਤੀ, ਗੀਤੋ ਸੀਤੀ
ਤੇ ਓਹ ਅੰਗਰੇਜ਼ਾਂ ਆਲੀ ਹਰਮਨ ਤੇ ਸਿਮਰਨ

ਆਪਣਾ ਬਾਬਾ ਹਰਨਾਮਾ ਜਿਉਂਦਾ ਤਾਂ ਨੀ ਹੋਣਾ ਹਜੇ
ਨਾ ਈ ਅੱਛਰੂ ਨਾ ਸੰਤਰਾਮ
ਕਹਿੰਦੇ ਹਰਨੂੰ ਵੀ ਮਰ ਗਿਆ
ਨਛੱਤਰ ਤਾਂ ਹਾਲੇ ਵੀ ਹੱਡੀਆਂ ਰਗੜਾਈ ਜਾਂਦਾ ਸੁਣਿਆ
ਵੇ ਵੀਰਾ ਲਿਖ ਦੇ ਸਾਰਿਆਂ ਦੇ ਨਾਂ

ਲਿਖ ਦੇ ਬਾਣਿਆ ਕਾ ਬਿੱਲਾ, ਬੱਕਰੀਆਂ ਆਲਾ ਟਿੱਲਾ
ਨਾਲੇ ਲਿਖ ਦੇ ਲੰਬੜਾਂ ਦਾ ਸ਼ੇਰਾ ਉਹਦੀ ਬੇਬੇ ਜਗੀਰੋ
ਦਾੜ੍ਹੀ ਬੰਨ੍ਹਾਂ ਦੀ ਮੱਝ
ਜਿਹੜੀ ਇਕ ਵਾਰੀ ਭੂਸਰ 'ਗੀ ਸੀ
ਏਥੇ ਬਣਾ ਦੇ ਨਾਲੇ ਲੰਗੜੂ ਕੁੱਤਾ, ਨਾਮ੍ਹੇ ਕਾ ਬੋਤਾ
ਭਗਤੇ ਕਾ ਝੋਲਾ, ਦਰਜੀਆਂ ਦੀ ਲੰਮੋ ਬੀਬੀ
ਡਾਕੀਆ ਮੋਠੂ, ਆਹ ਵਿਚਕਾਰ ਬਣਾ ਦੇ
ਸੱਥ ਆਲਾ ਪਿੱਪਲ ਤੇ ਉੱਤੇ ਬੈਠਾ ਮੋਰ

ਵੇ ਵੀਰਾ ਆਹ ਇਕ ਇਕ ਅੱਖਰ ਮੇਰੇ ਪਿੰਡ ਦਾ
ਜਿਉਂਦਾ ਜਾਗਦਾ ਜੀਅ ਆ...

ਵਿਅਕਤੀ ਚਿਤਰ

# ਮੋਹਨਜੀਤ

*ਸਰਘੀ ਦਾ ਤਾਰਾ :* ਰਵਿੰਦਰ ਸਹਿਰਾਅ

ਜਦੋਂ ਵੀ ਮਿਲਦਾ ਏ—ਬਸ ਨਕੋ ਨਕ ਭਰਿਆ
ਫਗਵਾੜਾ ਹੋਏ, ਨਵਾਂ ਸ਼ਹਿਰ ਜਾਂ ਪ੍ਰੀਤ ਨਗਰ
ਸ਼ਿਵਾਲਿਕ ਸਿਟੀ ਜਾਂ ਰੋਹਿਣੀ
ਟੈਲੀਫ਼ੋਨ 'ਤੇ ਜਾਂ ਆਹਮੋ-ਸਾਹਮਣੇ
ਹਰ ਵੇਲੇ ਨਕੋ-ਨਕ ਭਰਿਆ

ਕਈ ਵਾਰ ਸੋਚਦਾਂ—ਕਿੱਡਾ ਪੈਂਡਾ ਹੈ ਅਮਰੀਕਾ ਦਾ
ਰਾਹ ਵਿਚ ਡੋਲਦਾ ਹੋਊ 'ਵਾਈ ਜਹਾਜ਼
ਪਰ ਉਹ ਰਹਿੰਦਾ ਹੈ ਭਰਿਆ ਨਕੋ-ਨਕ
ਭਾਵਕਤਾ ਨਾਲ—ਸੁਹਿਰਦਤਾ ਨਾਲ
ਪਿਆਰ ਨਾਲ
ਪਤਾ ਨਹੀਂ ਇਹ ਗੱਲ ਉਸ ਨੇ ਖ਼ੁਸ਼ਬੋ ਤੋਂ ਸਿੱਖੀ ਹੈ !
ਖ਼ਾਮੋਸ਼ੀ ਤੋਂ !!
ਜਾਂ ਉਸ ਸੰਗਤ ਤੋਂ
ਜਿਥੇ ਬੰਦਾ ਸਾਰੇ ਦਾ ਸਾਰਾ ਇਕ ਜੋਤ ਹੋ ਜਾਂਦਾ ਹੈ !!!

ਕਈ ਲੋਕ ਕਹਿੰਦੇ ਨੇ—
ਦੋ ਤਰ੍ਹਾਂ ਦੇ ਹੁੰਦੇ ਮੇਰੇ ਵਿਅਕਤੀ-ਚਿਤਰ
ਇਕ ਉਹ ਜੋ ਲਿਖੇ ਜਾਂਦੇ ਨੇ
ਦੂਜੇ ਉਹ ਜੋ ਲਿਖਦਾਂ ਹਾਂ ਡਿਜ਼ਾਈਨ ਕਰਕੇ
ਸੋਚਦਾਂ—ਕੀ ਹੈ ਜੋ ਡਿਜ਼ਾਈਨ ਨਹੀਂ ਕੀਤਾ ਹੁੰਦਾ ?
ਲਿਖਤ ਤੋਂ ਰਚਨਾ ਤਕ ਦਾ ਫਾਸਲਾ ਦੁੱਧ ਦੀ ਨਦੀ ਕੱਢਣ ਬਰਾਬਰ ਹੈ
ਏਸੇ ਨੂੰ ਗੁਰਤੇਜ ਕੁਹਾਰਵਾਲਾ 'ਦਿਲ ਨੂੰ ਅੱਗ ਲੱਗਣਾ' ਕਹਿੰਦਾ ਹੈ
ਜਾਂ ਵਾਰਿਸ ਸ਼ਾਹ 'ਘਿਉ ਦੇ ਦੀਵੇ' ਬਾਲਦਾ ਹੈ

ਦੋਸਤੀ ਦੇ ਮਸਲੇ ਵਿਚ
ਸਾਡੀਆਂ ਕਈ ਗੱਲਾਂ ਮਿਲਦੀਆਂ ਨੇ
ਮੋੜਵਾਂ ਜਵਾਬ ਨਾ ਦੇਣਾ
ਚੁੱਪ ਨੂੰ ਇਸ਼ਟ ਮੰਨਣਾ
ਕਈਆਂ ਉਹਦੇ ਨਾਲ ਲਿਖ ਕੇ ਵੈਰ ਲਿਆ
ਕਈਆਂ 'ਗਾਲ੍ਹਾਂ ਕੱਢ ਕੇ'
ਪਰ ਉਹਦਾ ਜਵਾਬ ਹਮੇਸ਼ਾ ਚੁੱਪ 'ਚ ਹੁੰਦਾ
ਦੋਸਤੀ ਦਾ ਇਹ ਤਕਾਜ਼ਾ ਵੀ ਹੁੰਦਾ
ਦੁੱਖ ਅੰਦਰ ਬਹਿ ਜਾਂਦਾ

ਆਂਦਰਾਂ ਦੀ ਗੰਢ ਬੱਝ ਜਾਂਦੀ
ਡੁੱਬੀ ਤਾਂ ਜੇ ਸਾਹ ਨਾ ਆਇਆ!

ਉਹਦੀ ਨੁਹਾਰ ਫਿਲਮੀ ਨਾਇਕਾਂ ਜਿਹੀ ਹੈ
ਪਤਲਾ ਤਰਾਸ਼ਿਆ ਸਰੀਰ
ਗੋਰਾ ਚਿਹਰਾ—ਡੋਰੇਦਾਰ ਅੱਖਾਂ—ਪੋਚਵੀਂ ਪੱਗ
ਤੇ ਲੁੱਟ ਲੈਣ ਵਾਲੀ ਅਦਾ
ਸ਼ਾਇਦ ਇਸੇ ਲਈ ਸੁਹਣੀ ਸੁਨੱਖੀ ਨੀਰੂ
ਪਰਛਾਵੇਂ ਵਾਂਗ ਉਹਦੇ ਨਾਲ ਰਹਿੰਦੀ ਹੈ
ਉਹ ਜਦੋਂ ਵੀ ਫੋਨ ਕਰਦਾ ਹੈ
ਨੀਰੂ ਦੀ ਛਣਕਵੀਂ ਆਵਾਜ਼
ਫ਼ਿਜ਼ਾਈ ਲਹਿਰਾਂ 'ਚ ਕਿਤੇ ਗੂੰਜ ਰਹੀ ਹੁੰਦੀ ਹੈ
ਤੇ ਮੈਨੂੰ ਉਹ ਸਭ ਕੁਝ ਭੁੱਲ ਜਾਂਦਾ
ਜੋ ਮੈਂ ਪਿਛਲੀ ਮੁਲਾਕਾਤ ਤੇ ਹੁਣ ਤਕ ਸਾਂਭ ਕੇ ਰੱਖਿਆ ਹੁੰਦਾ ਹੈ

ਉਹਦੀ ਭਾਵਕਤਾ ਮਸ਼ਹੂਰ ਹੈ
ਉਸੇ ਤਰ੍ਹਾਂ ਜਿਵੇਂ ਰਾਜਿੰਦਰ ਸਿੰਘ ਬੇਦੀ ਜਾਂ ਸੁਜਾਨ ਸਿੰਘ ਦੀ ਭਾਵਕਤਾ
ਬੇਦੀ ਸਾਹਿਬ ਲਈ ਤਾਂ ਗੱਲ ਕਰਨੀ ਵੀ ਮੁਸ਼ਕਲ ਹੁੰਦੀ
ਹੋਰ ਵੀ ਕਈ ਸਨ
ਮਨ ਦੀ ਬਣਤਰ ਦਾ ਮਸਲਾ ਹੈ

ਉੱਪਰ ਅਸਾਂ ਨਕੋ-ਨਕ ਭਰੇ ਹੋਣ ਦੀ ਗੱਲ ਕੀਤੀ ਏ
ਨਕਸਲੀ ਲਹਿਰ ਚੱਲੀ
ਤਾਂ ਜੇਲ੍ਹ ਜਾਣ ਵਾਲਿਆਂ ਦੇ ਪਹਿਲੇ ਪੂਰ 'ਚ ਸੀ ਸਹਿਰਾਅ
ਤੇ ਉਹਦੇ ਨਾਲ ਸਨ—ਇਕਬਾਲ ਖਾਨ, ਪਾਸ਼ ਤੇ ਹੋਰ

ਜੇ ਪਰਵਾਸੀ ਬਣੇ ਤਾਂ ਵੀ ਕਵੀਆਂ 'ਚ ਬਹੁਤੇ ਨਕਸਲੀ ਸਨ
ਅਮਰਜੀਤ ਚੰਦਨ, ਸੁਖਵਿੰਦਰ ਕੰਬੋਜ
ਸੁਰਿੰਦਰ ਧੰਜਲ ਤੇ ਪਾਸ਼ ਆਦਿ
ਗਏ ਵੀ ਸਾਮਰਾਜੀ ਦੇਸਾਂ ਇੰਗਲੈਂਡ, ਅਮਰੀਕਾ, ਕੈਨੇਡਾ 'ਚ
ਜੋ ਕਵਿਤਾ 'ਚ ਪਹਿਲਾ ਨਿਸ਼ਾਨਾ ਸਨ
ਇਨ੍ਹਾਂ 'ਚੋਂ ਕਈ ਤਾਂ ਪੱਕੇ ਗੁਰੂ ਦੇ ਲਾਡਲੇ ਹੋ ਗਏ
ਪੂਰੇ ਬਾਣੀ-ਧਾਰੀ (ਬਸ ਕਕਾਰ ਪਾਉਣੇ ਬਾਕੀ ਨੇ)
ਕਿਆ ਚਿੰਤਨੀ-ਰੂਪਾਂਤਰ ਹੈ!

ਗੱਲ ਤੁਰੀ ਹੈ ਤਾਂ ਚੇਤਾ ਆਇਆ—
ਇੰਦਰਾ ਦੀ ਐਮਰਜੈਂਸੀ ਵੇਲੇ ਵੀ
ਬੁੱਧੀਜੀਵੀ ਕਾਮਰੇਡੂਆਂ ਉਹਦੇ ਸੋਹਲੇ ਗਾਏ ਸਨ
'ਨਹਿਰੂਵਾਦੀ ਕਾਲ' ਦੀ ਨੀਂਹ ਰੱਖੀ

ਇਨਕਲਾਬ ਜ਼ਿੰਦਾਬਾਦ!

ਸ਼ੁਕਰ ਏ, ਸਹਿਰਾਅ ਅਜੇ ਵੀ ਦਿਲ ਦੀ ਸ਼ਾਇਰੀ ਕਰਦਾ ਹੈ!

## *ਸਿਮਰਤੀ ਦਾ ਤੜਕਸਾਰ :* ਸੁਖਵਿੰਦਰ ਕੰਬੋਜ

ਜਦੋਂ ਕੁੱਤੀ ਵਿਹੜੇ ਵਾਲੇ ਪ੍ਰੋਫ਼ੈਸਰ ਬਿੰਬਾਂ ਅਲੰਕਾਰਾਂ ਦੇ
ਮੱਕੜੀ-ਜਾਲ 'ਚ ਉਲਝੇ ਹੋਏ ਸਨ
ਉਹ ਸ਼ਾਸਤਰੀ ਸਾਹਿਤ ਪੜ੍ਹਨ ਵਿਚ ਮਗਨ ਸੀ
ਅਕਸਰ ਲਾਲੀ ਬਾਬੇ ਦੀ ਸੰਗਤ ਵਿਚ
*ਡਾ. ਜ਼ਿਵਾਗੋ* ਜਾਂ *ਕਜ਼ਾਨ ਜ਼ਾਕਿਸ*
ਦੀਆਂ ਲਿਖਤਾਂ ਦੇ ਚਰਚੇ 'ਚ ਉਹ ਵੀ ਭਾਗੀਦਾਰ ਹੁੰਦਾ
*ਮੱਧਕਾਲੀ ਸਾਹਿਤ* ਤੇ *ਪੂਰਨ ਸਿੰਘ* ਉਹਦੀਆਂ ਉਂਗਲਾਂ 'ਤੇ ਸਨ

ਨਵੀਆਂ-ਨਵੀਆਂ ਚਾਰ ਜਮਾਤਾਂ ਪੜ੍ਹੀਆਂ ਸਨ
ਗੱਲਾਂ ਸੁਣਨ ਸੁਣਾਉਣ ਦਾ ਜਨੂੰਨ ਸੀ
ਸ਼ੇਅਰ ਕਹਿਣ ਦਾ ਸ਼ੌਕ ਸੀ
ਉਹ ਆਉਂਦਾ ਤਾਂ ਆਵਾਜ਼ ਆਪਣੇ ਆਪ ਚੁੱਕੀ ਜਾਂਦੀ—
*"ਦਿਨ ਬੇਲੇ ਰਾਤੀਂ ਪੱਤਣਾਂ 'ਤੇ*
*ਸ਼ਾਮ ਨਾ ਲੰਘਦੀ ਯਾਰਾਂ ਦੀ*
*ਕੁਝ ਮੇਰੇ ਜਿਹੇ ਰੰਗ-ਰੱਤਿਆਂ ਦੀ*
*ਕੁਝ ਤੇਰੇ ਜਿਹੇ ਦਿਲਦਾਰਾਂ ਦੀ"*
ਅੱਧੀ-ਅੱਧੀ ਰਾਤ ਤਕ ਚੱਲ ਸੁ ਚੱਲ

ਐਤਕੀ ਆਇਆ ਤਾਂ ਕਹਿਣ ਲੱਗਾ :
'ਚਲ ਇਕ ਰਾਤ ਫਿਰ ਓਦਾਂ ਵਾਂਗੂੰ ਰੈਣ-ਸਬਾਈ ਰੰਗ-ਮੇਲਾ ਕਰੀਏ'
ਵਰ੍ਹਿਆਂ ਪਿੱਛੋਂ ਰਾਤ ਇਕੱਠਿਆਂ ਗੁਜ਼ਾਰੀ

ਯਾਦ ਆਈਆਂ ਉਹ ਘੜੀਆਂ—
ਦੀਵੇ ਦੀ ਲੋਅ ਵਿਚ ਵਰਜਿਤ ਅਵਰਜਿਤ ਸਾਹਿਤ ਪੜ੍ਹਦੇ
ਗ਼ੈਰਹਾਜ਼ਰ ਮਿੱਤਰਾਂ ਦੀਆਂ ਗੱਲਾਂ ਕਰਦੇ
ਕੋਈ ਰੂ-ਪੋਸ਼, ਕੋਈ ਪ੍ਰਦੇਸ, ਕੋਈ ਕਿਤੇ ਕੋਈ ਕਿਤੇ
ਪਤਾ ਨਹੀਂ ਕਿੰਨੇ ਮੀਰ, ਗ਼ਾਲਿਬ, ਖੁਸਰੋ ਉਹਦੀ ਯਾਦ ਦਾ ਹਿੱਸਾ ਬਣੇ
ਕਿੰਨੇ ਵਾਰਿਸ, ਸ਼ਾਹ ਹੁਸੈਨ
ਕਿੰਨੇ ਮੁਲਕਾਂ, ਰਾਜਧਾਨੀਆਂ ਦੀਆਂ ਗੱਲਾਂ ਕੀਤੀਆਂ
ਕਿੰਨੇ ਮਿੱਤਰਾਂ, ਦੋਖੀਆਂ ਨੂੰ ਚਿਤਵਿਆ
ਦਿਨ ਦੇ ਚੜ੍ਹਾ ਵੇਲੇ ਕਿਤੇ ਅੱਖ ਲੱਗੀ ਮਾੜੀ ਕੁ
ਤਦੇ ਸਵੇਰ ਦੀ ਚਾਹ ਆ ਗਈ—ਅਗਲੀ ਭਲਕ ਉਹਦੀ ਉਡਾਣ ਸੀ

ਗੱਲ ਤਾਂ ਹਾਫ਼ਿਜ਼ ਸ਼ੀਰਾਜ਼ੀ ਦੀ ਸੀ
ਪਰ ਸੁਣਾਈ ਸੁਖਵਿੰਦਰ ਕੰਬੋਜ ਨੇ—
"ਜਦੋਂ ਮਨ 'ਚ ਕਿਸੇ ਦੇ ਵੱਡੇ ਛੋਟੇ ਹੋਣ ਦੀ ਗੱਲ ਆ ਜਾਏ
ਮੈਅ ਦਾ ਭਰਿਆ ਪਿਆਲਾ ਤਿੜਕ ਜਾਂਦਾ ਏ"

ਹਿਫ਼ਜ਼ ਕਰਨ ਦੀ ਉਹਦੀ ਸ਼ਕਤੀ ਐਸੀ ਸੀ
*ਵੇਸਟ ਲੈਂਡ* ਅਤੇ *ਕੁਬਲਾ ਖਾਨ* ਵਰਗੀਆਂ ਨਜ਼ਮਾਂ
ਪਾਣੀ ਵਾਂਗ ਸੁਣਾਈ ਜਾਂਦਾ

ਫਿਰ ਉਹਦਾ ਨਾਂ ਨਕਸਲਵਾਦੀਆਂ ਵਿਚ ਵੱਜਣ ਲੱਗਾ
ਰਾਤ ਜੇ ਮਲੇਰਕੋਟਲੇ ਹੁੰਦਾ ਦਿਨੇ ਪਾਲਮਪੁਰ
ਆਖ਼ਿਰ ਆ ਹੀ ਗਿਆ ਪੁਲਸ ਦੇ ਕਾਬੂ
ਪਰ ਚੰਗੇ ਭਾਗੀਂ ਬਚ ਨਿਕਲਿਆ

ਮੇਰੀ ਉਹਦੀ ਇਸ ਲਈ ਬਣਦੀ ਸੀ
ਅਸੀਂ ਸਵੈ-ਸਾਜੇ ਤੇ ਮਾਅਰਕੇਬਾਜ਼ ਖਾੜਕੂਆਂ ਦੇ
ਪਾਲੇ ਵਿਚ ਨਹੀਂ ਸਾਂ
ਕਦੇ ਰਾਤ-ਬਰਾਤੇ ਮੇਰੇ ਕੋਲ ਆਉਂਦਾ, ਹੋਈਆਂ ਬੀਤੀਆਂ ਸੁਣਾਉਂਦਾ
ਮਾਂ ਕੋਲੋਂ ਲੰਮੇ ਸੁਹਾਗ ਸੁਣਦਾ
ਦੂਜੇ ਪਹਿਰ ਸੌਂਦਾ, ਤੜਕਸਾਰ ਉੱਠ ਜਾਂਦਾ, ਸ਼ਾਹ-ਵੇਲਾ ਕਰਦਾ
ਮੋਢੇ ’ਤੇ ਝੋਲਾ, ਝੋਲੇ ’ਚ ਕਿਤਾਬਾਂ, ਕਿਤਾਬਾਂ ’ਤੇ ਨਿਸ਼ਾਨ
ਕੱਸੇ ਬੂਟ, ਗਲ ਜੈਕਟ, ਕਾਲੀਆਂ ਐਨਕਾਂ
ਵਿੰਹਦੇ-ਵਿੰਹਦੇ ਰਾਮ ਬਾਗ਼ ਟੱਪ ਜਾਂਦਾ

ਕਾਫ਼ੀ ਦੇਰ ਨਜ਼ਰ ਨਾ ਆਇਆ
ਤਾਂ ਹੀ ਪਤਾ ਲੱਗਾ—
ਕੋਈ ਸੁਆਣੀ ਜੀਵਨ ਸਾਥੀ ਬਣਾ ਕੇ ਅਮਰੀਕਾ ਲੈ ਗਈ
ਕਾਰੋਬਾਰੀ ਬਣ ਗਿਆ ਸੀ ਸੁਖਵਿੰਦਰ
ਇਨਕਲਾਬ ਗੈਸ ਸਟੇਸ਼ਨਾਂ ’ਚ ਘੁਸ ਗਿਆ
ਪੰਜਾਬੀ ਦੇ ਰਿਸਾਲਿਆਂ ਦਾ ਸਰਪ੍ਰਸਤ ਬਣ ਗਿਆ
ਕਈ ਖੱਬੀ ਖਾਂ ਸੰਪਾਦਕ ਉਹਨੂੰ ‘ਕੰਬੋਜ ਭਾ’ ਕਹਿੰਦੇ
ਭਾਰੀ ਸਰੀਰ, ਖੁੱਲ੍ਹੇ ਕੱਪੜੇ, ਪਹਿਲਵਾਨਾਂ ਵਾਂਗ ਤੁਰਦਾ

ਹਸਮੁਖ ਹੈ ਸੁਖਵਿੰਦਰ, ਖ਼ੁਸ਼ਦਿਲ
ਉੱਤਰ ’ਚ ਹੱਸਦਾ ਹੋਏ ਦੱਖਣ ’ਚ ਸੁਣਦਾ
ਤਿੰਨ ਕੱਪਾਂ ਜੇਡੇ ਮੱਗ ’ਚ ਚਾਹ ਪੀਂਦਾ
ਗੋਡਿਆਂ ਤੀਕ ਲੰਮੀ ਜੈਕਟ ’ਚ ਲੱਦਾਖ ਦਾ ਯਾਕ ਲੱਗਦਾ
ਏਸੇ ਲਈ ਦੋਸਤ ਉਸ ਨੂੰ ‘ਅਮਰੀਕੀ ਸਾਮਰਾਜ’ ਕਹਿੰਦੇ ਨੇ
ਇਸ ਵਿਅੰਗ ਨੂੰ ਉਹ ‘ਅਮਰੀਕੀ ਰਾਜਤੰਤ੍ਰ’ ਕਹਿੰਦਾ
ਤੇ ਇਸ ਪ੍ਰਪੰਚ ਨੂੰ ‘ਵਿਹਾਰਕ ਸਿਆਸਤ’
ਜਾਂ ‘ਵਿਸ਼ਵੀਕਰਨ ਦਾ ਲਘੂ ਸੰਸਾਰ’

ਜਦੋਂ ਉਹਨੇ ਲਿਖਣਾ ਸ਼ੁਰੂ ਕੀਤਾ
ਮੋਹਨ ਸਿੰਘ ਦਾ ਰੋਮਾਂਟਕ ਪ੍ਰਗਤੀਵਾਦ
ਬੁੱਢੇ ਢੱਗੇ ਵਾਂਗ ਜੁਗਾਲੀ ਕਰ ਰਿਹਾ ਸੀ
ਪ੍ਰਯੋਗਵਾਦ ਬਾਸੀ ਪਾਣੀ ਦੇ ਬੁਲਬੁਲੇ ਵਾਂਗ ਸੀ
ਤੱਤੀ ਕਵਿਤਾ ਪੁੱਠੀਆਂ ਛਾਲਾਂ ਮਾਰਦੀ ਸੀ
ਕੰਬੋਜ ਨੇ ਇਸੇ ਕਵਿਤਾ ਨਾਲ ਵਫ਼ਾ ਪਾਲੀ ਹੈ

ਵੱਖਰ ਇਹ ਹੈ ਕਿ ਉਹਦੇ ਪ੍ਰਸੰਗ
ਅਮਰੀਕੀ ਜਾਂ ਵਿਸ਼ਵੀ ਮਸਲਿਆਂ ਨੂੰ ਵੀ ਛੂੰਹਦੇ ਹਨ ●



## ਸਵਰਾਜਬੀਰ

# ਸਮਿਆਂ ਦੀ ਵੀਣੀ ’ਤੇ ਲਾਲ ਧਾਗਾ ਬੰਨਣ ਦਾ ਯਤਨ

(ਸਾਹਿਤ ਅਕਾਦਮੀ ਇਨਾਮ 2016 ਮਿਲਣ ’ਤੇ ਦਿੱਤਾ ਭਾਸ਼ਣ।)

ਪਿਛਲੇ ਵਰ੍ਹੇ ਅਸੀਂ ਪੰਜਾਬੀਆਂ ਨੇ ਆਪਣੇ ਮਹਿਬੂਬ ਸ਼ਾਇਰ ਵਾਰਿਸ ਸ਼ਾਹ ਦੁਆਰਾ ਹੀਰ ਦਾ ਕਿੱਸਾ, ਜਿਸ ਨੂੰ ਆਮ ਕਰਕੇ ਅਸੀਂ ਹੀਰ ਵਾਰਿਸ ਜਾਂ ਹੀਰ ਵਾਰਿਸ ਸ਼ਾਹ ਕਹਿੰਦੇ ਹਾਂ, ਲਿਖੇ ਜਾਣ ਦੇ ਢਾਈ ਸੌ ਵਰ੍ਹੇ ਮਨਾਏ। ਆਪਣੀ ਇਸ ਕਲਾਸਿਕ ਰਚਨਾ ਵਿਚ ਵਾਰਿਸ ਸ਼ਾਹ ਇਕ ਥਾਂ ’ਤੇ ਲਿਖਦਾ ਏ, “ਸੱਚ ਆਖਣਾ ਈ, ਹੁਣੇ ਆਖ ਮੈਨੂੰ, ਇਹ ਸੱਚ ਤੇ ਝੂਠ ਦਾ ਵੇਲੜਾ ਈ।” ਮੇਰੇ ਖ਼ਿਆਲ ਵਿਚ ਹਰ ਪਲ ਜਾਂ ਹਰ ਵੇਲਾ ਉਹ ਪਲ ਹੁੰਦਾ ਹੈ ਜਦੋਂ ਅਸੀਂ ਸੱਚ ਬੋਲ ਸਕਦੇ ਹਾਂ ਤੇ ਹਰ ਪਲ ਉਹ ਵੀ ਹੁੰਦਾ ਹੈ ਜਦੋਂ ਅਸੀਂ ਉਹ ਬੋਲ ਸਕਦੇ ਹਾਂ ਜੋ ਸੱਚ ਨਹੀਂ ਹੈ, ਅਸੱਚ ਜਾਂ ਝੂਠ ਹੈ ਤੇ ਹਰ ਪਲ ਉਹ ਪਲ ਵੀ ਹੁੰਦਾ ਹੈ ਜਦੋਂ ਅਸੀਂ ਸੱਚ ਅਤੇ ਅਸੱਚ ਨੂੰ ਇਕੱਠਿਆਂ ਬੋਲ ਸਕਦੇ ਹਾਂ।

ਮੈਂ ਪੰਜਾਬੀਆਂ ਦੀ ਉਸ ਪੀੜ੍ਹੀ ਨਾਲ ਸੰਬੰਧ ਰੱਖਦਾ ਹਾਂ ਜਿਹੜੀ ਓਦੋਂ ਜਵਾਨ ਹੋਈ ਜਦ ਪੰਜਾਬ ਵਿਚ ਖੇਤੀਬਾੜੀ ਦੇ ਖੇਤਰ ਵਿਚ ਆਇਆ ਉਹ ਉਭਾਰ, ਜਿਸ ਨੂੰ ਅਸੀਂ ਹਰਾ ਇਨਕਲਾਬ ਕਹਿੰਦੇ ਹਾਂ, ਆਪਣੀ ਸਿਖ਼ਰ ’ਤੇ ਪਹੁੰਚ ਚੁੱਕਾ ਸੀ ਅਤੇ ਇਸ ਨੇ ਉਸ ਸਿਖਰ ਤੋਂ ਅਗਾਂਹ ਨਹੀਂ ਸੀ ਜਾ ਸਕਣਾ। ਇਹ ਉਹ ਵੇਲਾ ਸੀ ਜਦੋਂ ਪੰਜਾਬ ਵਿਚ ਨਕਸਲਬਾੜੀ ਲਹਿਰ ਦੱਬੀ ਕੁਚਲੀ ਜਾ ਚੁੱਕੀ ਸੀ ਤੇ ਇਸ ਦਾ ਸੂਰਜ ਢਲ ਚੁੱਕਾ ਸੀ। ਇਹ ਉਹ ਵੇਲਾ ਸੀ ਜਦ ਅਤਿਵਾਦ ਪੰਜਾਬ ਦੇ ਦਰਾਂ ’ਤੇ ਦਸਤਕ ਦੇ ਰਿਹਾ ਸੀ। ਮੇਰਾ ਜਨਮ ਸੰਨ 1958 ਦਾ ਏ ਤੇ ਜਦੋਂ ਮੈਂ ਪੰਝੀਆਂ ਵਰ੍ਹਿਆਂ ਦਾ ਹੋਇਆ ਭਾਵ ਸੰਨ 1983 ਤੋਂ ਏ, ਉਸ ਵੇਲੇ ਤਕ ਅਤਿਵਾਦ ਨੇ ਪੂਰੇ ਪੰਜਾਬ ਨੂੰ ਆਪਣੇ ਕਲੇਵਰ ਵਿਚ ਲੈ ਲਿਆ ਸੀ। ਮੇਰੀ ਪੀੜ੍ਹੀ ਵਿਚੋਂ ਬਹੁਤ ਸਾਰੇ ਨੌਜਵਾਨ ਅਤਿਵਾਦੀ ਬਣੇ, ਕਈ ਅਤਿਵਾਦੀਆਂ ਦੁਆਰਾ ਮਾਰੇ ਗਏ ਤੇ ਕਈ ਸਰਕਾਰੀ ਅਤੇ ਪੁਲਿਸ ਜਬਰ ਦਾ ਸ਼ਿਕਾਰ ਹੋਏ। ਇਹ ਸੀ ਮੇਰੀ ਜਵਾਨੀ ਦਾ ਵੇਲਾ, ਉਹ ਵੇਲਾ ਜਿਸ ਦੇ ਨਕਸ਼ ਅਤਿਵਾਦ ਤੇ ਖਾੜਕੂਵਾਦ ਨੇ ਘੜੇ ਸਨ। ਜਦੋਂ ਤਕ ਮੈਂ ਚਾਲੀ ਵਰ੍ਹਿਆਂ ਦਾ ਹੋਇਆ ਤਾਂ ਪੰਜਾਬ ਨਸ਼ਿਆਂ ਵਿਚ ਡੁੱਬ ਚੁੱਕਾ ਸੀ। ਨਸ਼ੇ, ਅੰਨ੍ਹੀ ਰਿਸ਼ਤਵਖੋਰੀ ਅਤੇ ਲੋਕਾਂ ਵਿਚ ਆਪਣੀ ਆਵਾਜ਼ ਉਠਾਉਣ ਤੇ ਗੁਰੇਜ਼ ਕਰਨ ਦਾ ਜਜ਼ਬਾ, ਨਾਬਰੀ ਸੁਰ ਦਾ ਦੱਬੇ ਜਾਣਾ, ਇਹ ਸਭ ਅਤਿਵਾਦ ਦੇ ਸਮਿਆਂ ਦੇ ਹੀ ਜ਼ਹਿਰੀਲੇ ਫਲ ਸਨ ਜੋ ਪੰਜਾਬੀਆਂ ਨੂੰ ਖਾਣੇ ਪੈ ਰਹੇ ਸਨ। ਇਹ ਕਿਸ ਤਰ੍ਹਾਂ ਦਾ ਪੰਜਾਬ ਹੈ ? ਇਹ ਸ਼ੇਖ ਫ਼ਰੀਦ, ਗੁਰੂ ਨਾਨਕ ਜਾਂ ਗਦਰੀ ਬਾਬਿਆਂ ਦਾ ਪੰਜਾਬ ਨਹੀਂ ਹੈ। ਇਹ ਉਹ ਪੰਜਾਬ ਹੈ ਜਿਸ ਵਿਚ ਪੰਜਾਬੀਆਂ ਨੂੰ ਆਪਣੇ ਆਪ ਨੂੰ ਪੰਜਾਬੀ ਕਹਿਲਾਉਣ ਦੇ ਬਾਵਜੂਦ ਆਪਣਾ ਭਵਿੱਖ ਨਹੀਂ ਦਿਸਦਾ। ਉਹ ਆਪਣਾ ਭਵਿੱਖ ਪਰਦੇਸਾਂ ਵਿਚ ਭਾਲਦੇ ਹਨ ਤੇ ਇਹ ਉਹ ਪੰਜਾਬ ਹੈ, ਜਿਸ ਦੇ ਅਸੀਂ ਕਵੀ ਹਾਂ, ਨਾਟਕਕਾਰ ਹਾਂ,

ਨਾਵਲਕਾਰ ਹਾਂ, ਇਹ ਹੈ ਉਹ ਪੰਜਾਬ ਜਿਸ ਦੀਆਂ ਕਹਾਣੀਆਂ ਦੱਸਣਾ ਸਾਡੇ ਹਿੱਸੇ ਆਇਆ ਹੈ।

ਜੇ ਮੈਂ ਆਪਣੇ ਆਪ ਨੂੰ ਪੁੱਛਾਂ ਕਿ ਮੈਂ ਕੌਣ ਹਾਂ ਤਾਂ ਮੈਨੂੰ ਕਈ ਤਰ੍ਹਾਂ ਦੇ ਜਵਾਬ ਮਿਲਦੇ ਹਨ। ਇਕ ਜਵਾਬ ਇਹ ਹੈ ਕਿ ਮੈਂ ਉਹ ਆਦਮੀ ਹਾਂ ਜੋ ਜਾਣਦਾ ਸੀ ਕਿ ਉਹਨੂੰ ਜ਼ਿੰਦਗੀ ਵਿਚ ਕੀ ਕਰਨਾ ਚਾਹੀਦਾ ਹੈ, ਪਰ ਕਰ ਨਹੀਂ ਸਕਿਆ। ਕੋਈ ਵੇਲਾ ਸੀ ਜਦ ਮੈਂ ਸਥਾਪਤੀ ਦੇ ਵਿਰੁੱਧ ਲੜਨਾ ਚਾਹੁੰਦਾ ਸਾਂ ਪਰ ਮੈਂ ਸਥਾਪਤੀ ਦਾ ਹਿੱਸਾ ਬਣ ਗਿਆ। ਮੇਰੀਆਂ ਪਹਿਲੀਆਂ ਕਵਿਤਾਵਾਂ ਸੰਨ 1979 ਵਿਚ ਛਪੀਆਂ, ਪ੍ਰੀਤਲੜੀ ਅਤੇ ਹੋਰ ਰਸਾਲਿਆਂ ਵਿਚ। ਉਹ ਕਵਿਤਾਵਾਂ ਕੱਚੀਆਂ ਸਨ, ਨਿੱਜੀ ਸਨ, ਨਿੱਜ ਨਾਲ ਜੁੜੇ ਹੋਏ ਇਕਬਾਲੀਆ ਬਿਆਨ ਸਨ, ਸ੍ਵੈ-ਤਰਸ ਤੇ ਭਾਵੁਕਤਾ ਵਿਚ ਡੁੱਬੇ ਹੋਏ ਤੇ ਇਸ ਤੋਂ ਬਾਅਦ ਮੈਂ ਚੁੱਪ ਹੋ ਗਿਆ ਤੇ ਮੈਨੂੰ ਯਾਦ ਹੈ ਮੇਰੀ ਲੰਮੀ ਕਵਿਤਾ 'ਗੁੰਮਸ਼ੁਦਾ ਦੀ ਤਲਾਸ਼' ਫ਼ਰਵਰੀ 1984 ਵਿਚ ਛਪੀ, ਨਵੇਂ ਜ਼ਮਾਨੇ ਵਿਚ ਜਦ ਸਾਡੇ ਦੋਸਤ ਪ੍ਰੀਤਲੜੀ ਦੇ ਸੰਪਾਦਕ ਸੁਮੀਤ ਨੂੰ ਅਤਿਵਾਦੀਆਂ ਨੇ ਕਤਲ ਕਰ ਦਿੱਤਾ। ਮੇਰੀ ਕਵਿਤਾ ਦੀ ਪਹਿਲੀ ਕਿਤਾਬ 'ਆਪਣੀ ਆਪਣੀ ਰਾਤ' ਦੀਆਂ ਕਵਿਤਾਵਾਂ ਵੀ ਉਨ੍ਹਾਂ ਹਨੇਰਿਆਂ ਵਿਚ ਡੁੱਬੀਆਂ ਹੋਈਆਂ ਹਨ, ਜਿਨ੍ਹਾਂ ਹਨੇਰਿਆਂ ਵਿਚ ਉਨ੍ਹਾਂ ਸਮਿਆਂ ਦਾ ਪੰਜਾਬ ਡੁੱਬਿਆ ਹੋਇਆ ਸੀ, ਉਨ੍ਹਾਂ ਹਨੇਰਿਆਂ ਦਾ ਸਾਮ੍ਹਣਾ ਕਰ ਰਿਹਾ, ਉਨ੍ਹਾਂ ਨਾਲ ਲੜ ਰਿਹਾ ਸੀ ਤੇ ਆਪਣੇ ਆਪ ਨੂੰ ਪੁੱਛ ਰਿਹਾ ਸੀ। ਕਵਿਤਾਵਾਂ ਦੀ ਆਪਣੀ ਦੂਸਰੀ ਕਿਤਾਬ 'ਸਾਹਾਂ ਥਾਣੀਂ' ਵਿਚ ਮੈਂ ਉਨ੍ਹਾਂ ਦੋਸਤਾਂ ਤੇ ਸਾਥੀਆਂ ਨੂੰ ਯਾਦ ਕਰਨ ਦਾ ਯਤਨ ਕੀਤਾ ਹੈ ਜਿਨ੍ਹਾਂ ਨੂੰ ਅਤਿਵਾਦੀਆਂ ਨੇ ਮਾਰ ਦਿੱਤਾ ਸੀ। ਉਨ੍ਹੀਂ ਦਿਨੀਂ ਹੀ (1988-1989) ਮੈਂ ਪੰਜਾਬ ਵਿਚ ਹੋ ਰਹੀ ਹਿੰਸਾ ਅਤੇ ਅਤਿਵਾਦ ਦੇ ਖ਼ਿਲਾਫ਼ ਪ੍ਰੀਤਲੜੀ ਵਿਚ ਇਕ ਕਾਲਮ ਲਿਖਣਾ ਸ਼ੁਰੂ ਕੀਤਾ 'ਤੇਰੀ ਧਰਤੀ ਤੇਰੇ ਲੋਕ'। ਮੇਰੀ ਤੀਸਰੀ ਕਿਤਾਬ 'ਤੇਈ ਮਾਰਚ' ਦੀਆਂ ਕਵਿਤਾਵਾਂ ਪਾਸ਼ ਦੇ ਨਾਮ ਹਨ, ਉਹ ਨਾਲ ਗੱਲਬਾਤ ਹਨ। ਮੈਂ ਸੋਚਦਾ ਹਾਂ, ਉਨ੍ਹਾਂ ਵੇਲਿਆਂ ਵਿਚ ਅਸੀਂ ਪੰਜਾਬ ਦੇ ਕਵੀ ਕੀ ਕਰਨ, ਕੀ ਕਹਿਣ ਤੇ ਕਰਨ ਦੀ ਕੋਸ਼ਿਸ਼ ਕਰ ਰਹੇ ਸਾਂ ? ਮੈਂ ਸੋਚਦਾ ਹਾਂ, ਸ਼ਾਇਦ ਅਸੀਂ ਆਪਣੇ ਸਮਿਆਂ ਦੀ ਵੀਣੀ 'ਤੇ ਲਾਲ ਧਾਗਾ ਬੰਨ੍ਹਣ ਦਾ ਯਤਨ ਕਰ ਰਹੇ ਸਾਂ ਅਤੇ ਹੁਣ ਵੀ ਉਹੀ ਯਤਨ ਕਰ ਰਹੇ ਹਾਂ...ਆਪਣੇ ਸਮਿਆਂ ਦੀ ਵੀਣੀ 'ਤੇ ਲਾਲ ਧਾਗਾ ਬੰਨ੍ਹਣ ਦਾ ਯਤਨ।

ਆਪਣੇ ਸਮਿਆਂ ਦੀ ਵੀਣੀ 'ਤੇ ਲਾਲ ਧਾਗਾ ਬੰਨ੍ਹਣ ਦੇ ਇਸ ਯਤਨ ਦੀ ਕਹਾਣੀ ਵਿਚ ਇਕ ਚੁੱਪ ਪਸਰਦੀ ਹੈ, ਲੰਬਾ ਵਕਫ਼ਾ ਆਉਂਦਾ ਹੈ। ਇਹ ਚੁੱਪ 1989-90 ਤੋਂ ਸ਼ੁਰੂ ਹੁੰਦੀ ਹੈ, ਜਦੋਂ ਸੰਸਾਰ ਇਕ ਵਿਸ਼ਵ-ਸ਼ਕਤੀ ਦੇ ਸ਼ਿਕੰਜੇ ਵਿਚ ਆਉਂਦਾ ਹੈ। ਅਮਰੀਕਨ ਨਵ-ਬਸਤੀਵਾਦ ਦਾ ਝੰਡਾ ਬੁਲੰਦ ਹੁੰਦਾ ਹੈ ਤੇ ਇਹਦਾ ਵਿਰੋਧ ਕਰਨ ਵਾਲੀਆਂ ਸ਼ਕਤੀਆਂ ਦਾ ਦਮ ਘੁਟਦਾ ਹੈ। ਇਹ ਉਹ ਸਮਾਂ ਹੈ ਜਦ ਸਾਡੇ ਸੁਪਨੇ ਟੁੱਟਦੇ ਹਨ, ਸਾਡੇ ਵਿਸ਼ਵਾਸ ਤੇ ਭਰਮ ਟੁੱਟਦੇ ਹਨ। ਇਹ ਉਹ ਵੇਲਾ ਹੈ, ਜਦੋਂ ਇਹ ਸੁਪਨਾ ਟੁੱਟਦਾ ਹੈ ਕਿ ਦੁਨੀਆ ਵਿਚ ਕਿਤੇ ਨਵੇਂ ਮਨੁੱਖ ਦਾ ਜਨਮ ਹੋ ਰਿਹਾ ਹੈ। ਮਿਹਨਤਕਸ਼ਾਂ ਦੀ ਸਾਂਝੀਵਾਲਤਾ ਤਿੜਕਦੀ ਹੈ, ਉਸ ਸਾਂਝੀਵਾਲਤਾ ਦੀ ਸ਼ਕਤੀ ਵਿਚ ਤਰੇੜਾਂ ਆਉਂਦੀਆਂ ਹਨ। ਨਵ-ਉਦਾਰਵਾਦ ਤੇ ਉਪਭੋਗਤਾਵਾਦ ਦੁਨੀਆ ਦੇ ਕੇਂਦਰ ਵਿਚ ਆਉਂਦੇ ਹਨ। ਉਪਭੋਗਤਾਵਾਦ ਤੇ ਆਰਥਿਕਤਾ, ਸਾਡੀਆਂ ਆਸਾਂ, ਉਮੀਦਾਂ, ਉਮੰਗਾਂ ਦੇ ਸੁਪਨਿਆਂ ਸੰਸਾਰ ਤੇ ਹਾਵੀ ਹੀ ਨਹੀਂ ਹੁੰਦੇ ਸਗੋਂ ਉਹ ਇਹ ਉਹ ਸੋਮੇ ਬਣ ਜਾਂਦੇ ਹਨ ਜਿਥੋਂ ਲੋਕਾਂ ਦੀਆਂ ਆਸਾਂ 'ਤੇ ਉਮੰਗਾਂ ਫੁੱਟਦੀਆਂ ਹਨ, ਜਨਮ ਲੈਂਦੀਆਂ ਹਨ। ਸਰਮਾਏ ਦੀ ਚਿਹਨਕਾਰੀ ਸਾਡੀ ਭਾਸ਼ਾ 'ਤੇ ਹਾਵੀ ਹੁੰਦੀ ਹੈ। ਇਹ ਉਹ ਸਮਾਂ ਹੈ ਜਦ ਪੰਜਾਬ ਵਿਚ ਅੱਤਵਾਦ ਖ਼ਤਮ ਹੁੰਦਾ ਹੈ ਤੇ ਪੁਰਾਣੇ ਜਗੀਰਦਾਰ ਤੇ ਨਵੇਂ ਬਣ ਰਹੇ ਸਰਮਾਏਦਾਰ ਬਗਲਗੀਰ ਹੁੰਦੇ ਹਨ ਤੇ ਪੰਜਾਬ ਦੀ ਜ਼ਿੰਦਗੀ ਦਾ ਧੁਰਾ ਬਣ ਜਾਂਦੇ ਹਨ। ਪੁਰਾਣੀ ਜਾਗੀਰਦਾਰੀ ਤੇ ਨਵੇਂ ਬਣ ਰਹੇ ਸਰਮਾਏਦਾਰਾਂ ਦੀ ਇਹ ਜੁਗਲਬੰਦੀ ਪੰਜਾਬ ਦੇ ਸਾਰੇ ਮਾਲੀ ਸੋਮਿਆਂ 'ਤੇ ਕਬਜ਼ਾ ਕਰ ਲੈਂਦੀ ਹੈ ਤੇ ਇਹ ਇਕ ਕੰਮ ਹੋਰ ਕਰਨ ਦਾ ਯਤਨ ਕਰਦੀ ਹੈ। ਇਹ ਜੁਗਲਬੰਦੀ ਪੰਜਾਬੀਆਂ ਦੇ ਜ਼ੁਲਮ-ਜ਼ਬਰ ਦਾ ਵਿਰੋਧ ਕਰਨ ਦੇ ਜਜ਼ਬੇ ਨੂੰ ਦਬਾਉਣ ਤੇ ਕੋਹਣ ਲਈ ਕੋਈ ਦਵਾ-ਦਾਰੂ ਲੱਭਣਾ ਚਾਹੁੰਦੀ ਹੈ ਤੇ ਇਹ ਜੁਗਲਬੰਦੀ ਇਸ ਕੰਮ ਵਿਚ ਕਾਮਯਾਬ ਹੁੰਦੀ ਹੈ ਤੇ ਜਿਹੜੀ ਦਵਾਈਆਂ ਇਹ ਜੁਗਲਬੰਦੀ ਲੱਭਦੀ ਹੈ, ਉਹ ਹਨ—ਨਸ਼ੇ, ਹੈਰੋਇਨ, ਸਿੰਥੈਟਿਕ ਨਸ਼ੇ। ਪੰਜਾਬੀਆਂ ਦੀ ਰੂਹ, ਜਿਹੜੀ ਉਸ ਵੇਲੇ ਅਤਿਵਾਦ ਦੇ ਮਸਲਿਆਂ 'ਚੋਂ ਨਿਕਲਣ ਤੇ ਉਭਰਣ ਦੀ ਕੋਸ਼ਿਸ਼ ਕਰ ਰਹੀ ਸੀ, ਉਹਦਾ ਕੀ ਹਸ਼ਰ ਹੁੰਦਾ ਹੈ। ਉਹ ਨਸ਼ਿਆਂ ਦੇ ਘੁੰਮਣਘੇਰ ਵਿਚ ਡੋਬ ਦਿੱਤੀ ਜਾਂਦੀ ਹੈ। ਉਹ ਬੋਲ ਨਹੀਂ ਸਕਦੀ। ਉਹਦੇ ਤੋਂ ਬੋਲਣ ਦੀ ਤਾਕਤ ਖੋਹ ਲਈ ਜਾਂਦੀ ਹੈ। ਢੋਲ ਵੱਜਦੇ ਹਨ, ਭੰਗੜਾ ਪੈਂਦਾ ਹੈ, ਲੱਚਰ ਗਾਣੇ ਤੇ ਝੂਠੇ ਤੇ ਮਸਨੂਈ ਜੱਟਵਾਦ ਦੇ ਬੋਲ ਗਰਜਦੇ ਹਨ ਪਰ ਪੰਜਾਬ ਦੀ ਰੂਹ...ਪੰਜਾਬ ਦੀ ਰੂਹ ਚੁੱਪ ਹੋ ਜਾਂਦੀ ਹੈ।

ਉਨ੍ਹਾਂ ਵੇਲਿਆਂ ਵਿਚ, ਅਸੀਂ ਪੰਜਾਬ ਦੇ ਲੇਖਕ ਕੀ ਕਰਦੇ ਹਾਂ ? ਮੈਂ ਕੀ ਕਰਦਾ ਹਾਂ ? ਮੈਂ ਇਤਿਹਾਸ ਤੇ ਮਿਥਿਹਾਸ

ਵੱਲ ਪਰਤਦਾ ਹਾਂ। ਮੈਂ ਇਤਿਹਾਸ ਤੇ ਮਿਥਿਹਾਸ 'ਚੋਂ ਨਾਬਰੀ ਦੇ ਨਕਸ਼ ਤੇ ਤੇਵਰ ਲੱਭਣਾ ਚਾਹੁੰਦਾ ਹਾਂ। ਮੈਂ ਨਾਟਕ ਵੱਲ ਆਉਂਦਾ ਹਾਂ, ਨਾਟਕ **ਧਰਮ ਗੁਰੂ** ਤੇ **ਕ੍ਰਿਸ਼ਨ** ਲਿਖਦਾ ਹਾਂ। 'ਧਰਮ ਗੁਰੂ' ਤ੍ਰਿਸ਼ੰਕੂ ਦੀ ਕਹਾਣੀ 'ਤੇ ਆਧਾਰਿਤ ਹੈ। ਪਰ ਉਹਦੇ ਵਿਚ ਸਮਕਾਲ ਦੀਆਂ ਧੁਨੀਆਂ ਹਨ। 1998 ਵਿਚ ਕੇਵਲ ਧਾਲੀਵਾਲ ਇਹ ਨਾਟਕ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਗਦਰੀ ਬਾਬਿਆਂ ਦੇ ਮੇਲੇ ਵਿਚ ਪੇਸ਼ ਕਰਦਾ ਹੈ। ਪੰਜਾਬੀ ਨਾਟਕ ਦੇ ਯੋਧੇ ਭਾਜੀ ਗੁਰਸ਼ਰਨ ਸਿੰਘ ਨੂੰ ਇਹ ਨਾਟਕ ਬਹੁਤ ਪਸੰਦ ਆਉਂਦਾ ਹੈ ਤੇ ਉਹ ਕਹਿੰਦੇ ਹਨ ਕਿ ਇਹ ਨਾਟਕ ਪੰਜਾਬ ਦੇ ਪਿੰਡ-ਪਿੰਡ ਵਿਚ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਉਸ ਪਲ ਤੋਂ ਮੈਂ ਨਵੇਂ ਪੰਧ ਦਾ ਪਾਂਧੀ ਬਣਦਾ ਹਾਂ। ਸੰਨ 2000 ਤੇ ਮੈਂ ਆਪਣੇ ਅਗਲੇ ਨਾਟਕ 'ਮੇਦਨੀ' ਵਿਚ ਪੰਜਾਬ ਦੇ ਸਮਕਾਲ ਵੱਲ ਪਰਤਦਾ ਹਾਂ। ਇਹ ਨਾਟਕ ਪਿਤਰੀ ਸੱਤਾ ਵਿਚ ਪਏ ਦਮਨ ਬਾਰੇ ਹੈ, ਕਤਲ ਤੇ ਖ਼ੁਦਕੁਸ਼ੀ ਦੀਆਂ ਪਰਤਾਂ ਬਾਰੇ ਹੈ। ਇਸ ਤੋਂ ਬਾਅਦ ਮੈਂ ਆਪਣੇ ਦੋਸਤ ਤੇ ਨਾਟਕਕਾਰ ਸੰਤੋਖ ਸਿੰਘ ਸ਼ਹਰਯਾਰ ਤੋਂ ਆਪਣੇ ਅਗਲੇ ਨਾਟਕ 'ਸ਼ਾਇਰੀ' ਦੀਆਂ ਤੰਦਾਂ ਫੜਦਾ ਹਾਂ। ਇਹ ਨਾਟਕ ਉਨ੍ਹੀਵੀਂ ਸਦੀ ਦੀ ਪੰਜਾਬੀ ਸ਼ਾਇਰਾ 'ਪੀਰੋ' ਬਾਰੇ ਹੈ। ਉਸ ਦਲਿਤ ਮੁਸਲਮਾਨ ਕੁੜੀ ਦੀ ਗਾਥਾ ਹੈ ਜੋ ਸ਼ਾਇਰਾ ਬਣਨ ਲਈ ਆਪਣੇ ਸਮਿਆਂ ਦੀਆਂ ਸ਼ਕਤੀਆਂ ਵਿਰੁੱਧ ਲੜਦੀ ਹੈ। ਕੇਵਲ ਧਾਲੀਵਾਲ ਇਸ ਨਾਟਕ ਨੂੰ ਚੜ੍ਹਦੇ ਪੰਜਾਬ ਤੇ ਲਹਿੰਦੇ ਪੰਜਾਬ ਵਿਚ ਥਾਂ-ਥਾਂ ਪੇਸ਼ ਕਰਦਾ ਹੈ। ਉਨ੍ਹਾਂ ਹੀ ਸਮਿਆਂ ਵਿਚ ਅਹਿਸਾਸ ਹੁੰਦਾ ਹੈ, ਜੋ ਕੁਝ ਪੰਜਾਬ ਵਿਚ ਉਨ੍ਹਾਂ ਵੇਲਿਆਂ ਵਿਚ ਹੋ ਰਿਹਾ ਹੈ ਤੇ ਜੋ ਅਤਿਵਾਦ ਦੇ ਸਮਿਆਂ ਵਿਚ ਹੋਇਆ, ਉਹਦੀਆਂ ਜੜ੍ਹਾਂ ਸੰਨ ਸੰਤਾਲੀ ਵਿਚ ਹੋਈ ਪੰਜਾਬ ਦੀ ਵੰਡ ਵਿਚ ਪਈਆਂ ਹਨ। ਸਾਂਝੇ ਪੰਜਾਬ ਦੀ ਯਾਦ ਮੇਰੀ ਰੂਹ ਨੂੰ ਤੜਪਾਉਂਦੀ ਹੈ ਤੇ ਆਪਣੇ ਨਾਟਕ **ਹੱਕ** ਤੇ **ਪੁਲ-ਸਿਰਾਤ** ਵਿਚ ਪੰਜਾਬ ਦੀ ਵੰਡ ਦੇ ਵਿਸ਼ੇ ਵੱਲ ਪਰਤਦਾ ਹਾਂ। ਇਹ ਨਾਟਕ 2010-11 ਵਿਚ ਲਿਖੇ ਗਏ। ਇਨ੍ਹਾਂ ਤੋਂ ਪਹਿਲਾਂ ਮੈਂ 2003 ਵਿਚ ਨਾਟਕ **ਕੱਲਰ** ਲਿਖਿਆ। ਇਹ ਨਾਟਕ ਉਸ ਕੱਲਰ ਬਾਰੇ ਹੈ ਜੋ ਪੰਜਾਬ ਦੇ ਸਮਾਜਿਕ ਤੇ ਰੂਹਾਨੀ ਸੰਸਾਰ ਨੂੰ ਲੱਗ ਚੁੱਕਾ ਹੈ, ਉਸ ਸਮੇਂ ਦੀ ਸਿਆਸਤ ਨੂੰ ਲੱਗ ਚੁੱਕਾ ਹੈ, ਖੱਬੇ ਪੱਖੀ ਲਹਿਰ ਨੂੰ ਲੱਗ ਚੁੱਕਾ ਹੈ। 2004 ਵਿਚ ਮੈਂ ਨਾਟਕ **ਅਗਨੀ ਕੁੰਡ** ਲਿਖਦਾ ਹਾਂ। ਇਸ ਨਾਟਕ 'ਚ ਮੁੱਖ ਧਾਰਾ ਤੇ ਹਾਸ਼ੀਆਗਤ ਹੋ ਰਹੇ ਲੋਕਾਂ ਵਿਚ ਹੋ ਰਹੇ ਯੁੱਧ ਦੀ ਕਹਾਣੀ ਹੈ। ਇਨ੍ਹਾਂ ਵਰ੍ਹਿਆਂ ਵਿਚ ਹੀ ਕੇਵਲ ਧਾਲੀਵਾਲ ਤੇ ਨੀਤਾ ਮਹਿੰਦਰਾ ਮੇਰਾ 1996-97 ਦਾ ਲਿਖਿਆ ਨਾਟਕ **ਮੱਸਿਆ ਦੀ ਰਾਤ** 2002-2004 ਵਿਚ ਪੇਸ਼ ਕਰਦੇ ਹਨ। ਪਰ ਇਹ ਨਾਟਕ 2013 ਵਿਚ ਛਪਦਾ ਹੈ ਤੇ ਇਹ ਹੈ ਉਹ ਨਾਟਕ ਜਿਸ 'ਤੇ ਮੈਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲ ਰਿਹਾ ਹੈ। ਮੰਚ-ਰੰਗਮੰਚ ਅੰਮ੍ਰਿਤਸਰ ਮੇਰੇ ਨਾਟਕ 'ਤਸਵੀਰਾਂ', 'ਜਨ ਦਾ ਮੀਤ', 'ਕੱਚੀ ਗੜ੍ਹੀ' ਤੇ 'ਫ਼ਸਲ' ਦਾ ਮੰਚਨ ਕਰਦਾ ਹੈ। ਏਸੇ ਵੇਲੇ ਮੰਚ-ਰੰਗਮੰਚ ਮੇਰੇ ਇਕ-ਪਾਤਰੀ ਨਾਟਕ 'ਪਸੰਦ', 'ਖ਼ੁਸ਼ਬੋਅ', 'ਸਭ ਤੋਂ ਚੰਗੀ ਜ਼ਨਾਨੀ', 'ਸਕੈਲਪਲ' ਤੇ 'ਇਹ ਗੱਲ ਕਦੇ ਫਿਰ ਕਰਾਂਗੇ' ਪੇਸ਼ ਕਰ ਰਿਹਾ ਹੈ। ਕੁਝ ਹੋਰ ਨਾਟਕ 'ਯਾਤਰਾ', 'ਅਹਿਲਿਆ', 'ਰੇਣੂਕਾ', 'ਕੇਹੀ ਵਗੇ ਪੌਣ' ਅਤੇ ਕੁਝ ਹੋਰ ਮੰਚਣ ਦੀ ਉਡੀਕ ਕਰ ਰਹੇ ਹਨ। ਇਨ੍ਹਾਂ ਨਾਟਕਾਂ ਵਿਚ ਮੈਂ ਨਿਰਾਸਾ, ਪਿਤਰੀ ਸੱਤਾ, ਸਮਾਜ ਨੂੰ ਵੰਡਣ ਵਾਲੀਆਂ ਸ਼ਕਤੀਆਂ, ਧਾਰਮਿਕ ਕੱਟੜਪਣ, ਮੋਮੋਠਗਣੇ, ਕਪਟ, ਸਮਾਜਕ ਵੰਡ ਤੇ ਇਨ੍ਹਾਂ ਨਾਲ ਜੁੜੀਆਂ ਸਿਆਸਤਾਂ ਦੇ ਵਿਰੁੱਧ ਬੋਲਣ ਦਾ ਮੁਹਾਵਰਾ ਲੱਭਣ ਦੀ ਕੋਸ਼ਿਸ਼ ਕੀਤੀ ਹੈ।

ਪਰ ਫਿਰ ਵੀ ਸਦੀਵੀ ਪ੍ਰਸ਼ਨ ਦਾ ਹਊਆ ਸਿਰ 'ਤੇ ਖੜ੍ਹਾ ਰਹਿੰਦਾ ਹੈ, 'ਅਸੀਂ ਕਿਉਂ ਲਿਖਦੇ ਹਾਂ ?' 'ਮੈਂ ਕਿਉਂ ਲਿਖਦਾ ਹਾਂ ?' ਕਵੀ ਤੇ ਨਾਟਕਕਾਰ ਜੋਸ ਰੀਵੇਰਾ ਕਈ ਤਰ੍ਹਾਂ ਨਾਲ ਇਸ ਪ੍ਰਸ਼ਨ ਦਾ ਉਤਰ ਦੇਣ ਦੀ ਕੋਸ਼ਿਸ਼ ਕਰਦਾ ਹੈ। ਜੋਸ ਰੀਵੇਰਾ ਲਿਖਦਾ ਹੈ, "ਅਸੀਂ ਨਾਟਕ ਕਿਉਂ ਲਿਖਦੇ ਹਾਂ, ਅਸੀਂ ਨਾਟਕ ਲਿਖਦੇ ਹਾਂ ਤਾਂ ਕਿ ਅਸੀਂ ਨਿਰਾਸਾ ਤੇ ਬੇਤਰਤੀਬੀ ਨੂੰ ਕੋਈ ਤਰਤੀਬ ਦੇ ਸਕੀਏ, ਆਪਣੇ ਅੰਦਰਲੀਆਂ ਤੇ ਦੁਨੀਆ ਦੇ ਅੰਦਰਲੀਆਂ ਉਨ੍ਹਾਂ ਚੀਜ਼ਾਂ ਨੂੰ ਤਬਾਹ ਕਰਨ ਲਈ, ਜਿਨ੍ਹਾਂ ਨੂੰ ਅਸੀਂ ਘ੍ਰਿਣਾ ਕਰਦੇ ਹਾਂ। ਅਸੀਂ ਨਾਟਕ ਲਿਖਦੇ ਹਾਂ, ਯਾਦ ਰੱਖਣ ਲਈ ਤੇ ਭੁੱਲ ਜਾਣ ਲਈ, ਭਾਸ਼ਾ ਦੇ ਨਾਲ ਨੱਚਣ-ਗਾਉਣ ਲਈ, ਆਲੇ-ਦੁਆਲੇ ਨੂੰ ਬਿਹਤਰ ਬਣਾਉਣ ਲਈ, ਸੱਤਾਮਈ ਤਾਕਤਾਂ ਨਾਲ ਲੜਨ ਲਈ, ਖ਼ਤਰੇ ਦੀਆਂ ਘੰਟੀਆਂ ਵਜਾਉਣ ਲਈ, ਗੱਲਬਾਤ ਵਿਚ ਊਰਜਾ ਤੇ ਉਤੇਜਨਾ ਭਰਨ ਲਈ।" ਇਸ ਤਰ੍ਹਾਂ ਇਕ ਸਵਾਲ ਦੇ ਕਈ ਜਵਾਬ ਹੋ ਸਕਦੇ ਹਨ ਤੇ ਹੋ ਸਕਦਾ ਹੈ ਸਾਨੂੰ ਜਵਾਬ ਫਿਰ ਵੀ ਨਾ ਲੱਭੇ। ਨਿੱਜੀ ਤੌਰ 'ਤੇ ਸ਼ਾਇਦ ਮੈਂ ਇਹ ਕਹਿ ਸਕਦਾ ਹਾਂ ਕਿ ਮੈਂ ਇਸ ਲਈ ਲਿਖਦਾ ਹਾਂ ਕਿ ਮੈਂ ਉਹ ਤੰਦਾਂ ਖੋਹਣਾ ਜਾਂ ਗਵਾਉਣਾ ਨਹੀਂ ਚਾਹੁੰਦਾ ਜਿਨ੍ਹਾਂ ਨਾਲ ਅਸੀਂ ਸਮਕਾਲ ਤੇ ਭਵਿੱਖ ਨਾਲ ਬੱਝੇ ਹੋਏ ਹਾਂ ਜਾਂ ਫਿਰ ਅਸੀਂ ਸਮਕਾਲ ਦੀ ਸੱਤਾ ਦਾ ਵਿਰੋਧ ਕਰਨ ਜਾਂ ਉਸ ਵਿਰੋਧ ਦੇ ਨੈਣ-ਨਕਸ਼ ਸਿਰਜਣ ਲਈ ਲਿਖਦੇ ਹਾਂ ਜਾਂ ਅਸੀਂ ਆਪਣੇ ਆਪ ਨੂੰ ਬਚਾਉਣ ਲਈ ਲਿਖਦੇ ਹਾਂ ਜਾਂ ਫਿਰ ਆਪਣੀ ਹੋਂਦ ਦੀ ਇਸ ਦੁਨੀਆ ਵਿਚ ਬਣੇ ਰਹਿਣ ਦੀ ਹੱਕਦਾਰੀ ਨੂੰ ਕਾਇਮ ਰੱਖਣ ਲਈ। ਮੇਰਾ ਆਪਣਾ ਅਨੁਭਵ ਕਹਿੰਦਾ ਹੈ ਕਿ

ਲੇਖਕ ਦਾ ਇਕ ਕੰਮ ਇਹ ਬਣਦਾ ਹੈ ਕਿ ਉਹ ਭਾਸ਼ਾ ਨੂੰ ਗ਼ਾਲਿਬ ਸਮਾਜਿਕ ਵਿਚਾਰਧਾਰਾ ਤੋਂ ਆਜ਼ਾਦ ਕਰਵਾਉਣ ਲਈ ਲੜੇ ਤੇ ਇਹ ਉਹ ਕੰਮ ਹੈ ਜੋ ਕੀਤਾ ਜਾਣਾ ਚਾਹੀਦਾ ਹੈ। ਇਹ ਕੰਮ ਸੌਖਾ ਨਹੀਂ। ਮੇਰਾ ਅਨੁਭਵ ਇਹ ਵੀ ਦੱਸਦਾ ਹੈ ਕਿ ਪੰਜਾਬੀ ਲੇਖਕ ਦੀ ਇਹ ਜ਼ਿੰਮੇਵਾਰੀ ਵੀ ਬਣਦੀ ਹੈ ਕਿ ਉਹ ਸਾਂਝੇ ਪੰਜਾਬ ਦੀਆਂ ਯਾਦਾਂ ਤੇ ਪੰਜਾਬ ਦੀ ਵੰਡ ਬਾਰੇ ਸੁਚੇਤ ਹੋਵੇ। ਇਹ ਸੋਚੇ ਤੇ ਸਮਝੇ ਕਿ ਪੰਜਾਬ ਕਿਉਂ ਵੰਡਿਆ ਗਿਆ ? ਬਟਵਾਰੇ ਨੇ ਪੰਜਾਬੀ ਕੌਮ ਨੂੰ ਵੰਡਿਆ ਤੇ ਇਹਦਾ ਸਮਾਜਿਕ ਤਾਣਾ-ਬਾਣਾ ਬਿਖੇਰ ਦਿੱਤਾ। ਜੋ ਬਟਵਾਰੇ ਤੋਂ ਬਾਅਦ ਹੋਇਆ ਹੈ, ਉਸ ਨੇ ਕੁੜੱਤਣ ਹੋਰ ਵਧਾਈ ਹੈ। ਮੇਰੇ ਦੋਸਤਾਂ ਨੇ 'ਵਾਹਗਾ' ਨਾਂ ਦਾ ਮੈਗ਼ਜ਼ੀਨ ਸ਼ੁਰੂ ਕੀਤਾ ਹੈ ਜੋ ਸਾਂਝੇ ਪੰਜਾਬ ਨੂੰ ਯਾਦ ਕਰਨ ਦਾ ਯਤਨ ਹੈ ਅਤੇ ਅੱਜ ਦੇ ਪੰਜਾਬ ਦੀਆਂ ਸਮੱਸਿਆਵਾਂ ਨਾਲ ਜੂਝਣ ਦਾ ਵੀ। ਸਮਾਜ-ਵਿਗਿਆਨੀ ਪ੍ਰੋ. ਜੇ.ਪੀ.ਐੱਸ. ਓਬਰਾਏ ਨੇ ਇਕ ਵਾਰ ਕਿਹਾ ਸੀ ਕਿ "Punjab is an idea" ਭਾਵ ਪੰਜਾਬ ਇਕ ਵਿਚਾਰ ਹੈ। ਮੇਰੇ ਦੋਸਤ ਤੇ ਇਤਿਹਾਸਕਾਰ ਭਗਵਾਨ ਜੋਸ਼ ਦਾ ਕਹਿਣਾ ਹੈ ਕਿ ਪੰਜਾਬ ਇਕ ਵਿਚਾਰ ਹੈ ਜੋ ਇਤਿਹਾਸ ਵਿਚ ਅਪ੍ਰੇਸ਼ਨਲਲਾਈਜ਼ ਨਾ ਹੋ ਸਕਿਆ। ਭਾਵ ਪੰਜਾਬ ਇਕ ਵਿਚਾਰ ਹੈ ਜੋ ਇਤਿਹਾਸ ਦੀਆਂ ਪੈੜਾਂ ਵਿਚ ਆਪਣੇ ਪੈਰ ਨਾ ਜਮਾ ਸਕਿਆ। ਇਹ ਉਹ ਦੁੱਖ ਬਣ ਗਿਆ ਹੈ ਜਿਸ ਨੇ ਨਾ ਤੇ ਹੰਢਾਇਆ ਜਾਣਾ ਹੈ ਤੇ ਨਾ ਹੀ ਖ਼ਤਮ ਹੋਣਾ ਹੈ। ਪੰਜਾਬ ਦੀ ਵੰਡ, ਪੰਜਾਬ ਦੇ ਸਮਾਜਿਕ ਸਰੀਰ ਤੇ ਨਾਸੂਰ ਵਾਂਗ ਹੈ ਤੇ ਇਹਦੇ ਕਰਕੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੋਹਾਂ ਵਿਚ ਅਜੋਕੇ ਸਮਿਆਂ ਦੌਰਾਨ ਆਪਣੀ ਇਤਿਹਾਸਕ ਤੇ ਭੂਗੋਲਿਕ ਹੋਂਦ ਬਣਾਈ ਰੱਖਣ ਲਈ, ਪੰਜਾਬੀਆਂ ਨੂੰ ਉਹ ਲੜਾਈ ਲੜਨੀ ਪੈ ਰਹੀ ਜਿਹਦੇ ਨਕਸ਼ ਵੀ ਪੂਰੇ ਨਹੀਂ ਨਿਖਰਦੇ। ਧਰਮਾਂ ਤੇ ਧਾਰਮਿਕਤਾ ਨੇ ਪੰਜਾਬ ਦੇ ਇਤਿਹਾਸ ਤੇ ਸਾਡੀਆਂ ਯਾਦਾਂ ਨੂੰ ਉਧਾਲ ਲਿਆ ਹੈ। ਪੰਜਾਬੀ ਧਰਮ ਤੇ ਧਾਰਮਿਕਤਾ ਤੋਂ ਸਕੂਨ ਲੱਭਣ ਦੀ ਕੋਸ਼ਿਸ਼ ਕਰਦੇ ਰਹੇ ਹਨ ਪਰ ਧਰਮ ਤੇ ਧਾਰਮਿਕਤਾ ਤੋਂ ਉਨ੍ਹਾਂ ਨੂੰ ਸੁੱਖ ਨਹੀਂ ਸਗੋਂ ਹੋਰ ਦਰਦ ਤੇ ਪੀੜ ਮਿਲਦੀ ਰਹੀ ਹੈ। ਸਾਨੂੰ ਪੰਜਾਬੀਆਂ ਨੂੰ ਉਨ੍ਹਾਂ ਜ਼ੁਰਮਾਂ ਵਿਰੁੱਧ ਲੜਨਾ ਪਿਆ ਹੈ ਤੇ ਲੜਨਾ ਪੈ ਰਿਹਾ, ਜੋ ਧਰਮ ਤੇ ਧਾਰਮਿਕਤਾ ਦੇ ਨਾਂ 'ਤੇ ਕੀਤੇ ਗਏ। ਸਾਨੂੰ ਪੰਜਾਬ ਤੇ ਪੰਜਾਬੀਆਂ ਦੇ ਸੰਘਰਸ਼ਾਂ ਦੀਆਂ ਯਾਦਾਂ ਨੂੰ ਸਲਾਮਤ ਰੱਖਣ ਲਈ ਲੜਨਾ ਪਵੇਗਾ, ਖ਼ਾਸ ਕਰਕੇ ਇਨ੍ਹਾਂ ਸਮਿਆਂ ਵਿਚ, ਜਿਨ੍ਹਾਂ ਸਮਿਆਂ ਵਿਚ ਜਦ ਇਨ੍ਹਾਂ ਸੰਘਰਸ਼ਾਂ ਨੂੰ ਨਿਗੂਣੇ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਤੇ ਇਨ੍ਹਾਂ ਦਾ ਵਿਰੋਧ ਕਰਨ ਲਈ ਵਿਕਾਸ, ਆਧੁਨਿਕੀਕਰਨ ਤੇ ਪੰਜਾਬ ਨੂੰ ਅੱਜ ਦੇ ਸਿਆਸੀ ਆਕਾਵਾਂ ਦੀ ਮਨਮਰਜ਼ੀ ਅਨੁਸਾਰ ਢਾਲਣ ਦੇ ਸੰਕਲਪ ਪੇਸ਼ ਕੀਤੇ ਜਾਂਦੇ ਹਨ। ਸਾਡੇ ਗੁਰੂ ਤੇ ਸੂਫ਼ੀ ਆਪਣੇ ਸਮਿਆਂ ਦੀਆਂ ਸਿਆਸੀ ਤੇ ਸਮਾਜਿਕ ਸ਼ਕਤੀਆਂ ਵਿਰੁੱਧ ਲੜੇ, ਕੂਕੇ, ਗ਼ਦਰੀ ਬਾਬੇ ਅਤੇ ਅਕਾਲੀ, ਕਿਰਤੀ, ਕਮਿਊਨਿਸਟ ਕਾਂਗਰਸ ਪਾਰਟੀਆਂ ਦੇ ਕਾਰਕੁਨ ਬਸਤੀਵਾਦੀ ਤਾਕਤ ਦੇ ਵਿਰੁੱਧ ਲੜੇ। ਬਸਤੀਵਾਦੀ ਹਾਕਤਾਂ ਤੇ ਰਜਵਾੜਾਸ਼ਾਹੀ ਖ਼ਿਲਾਫ਼ ਕਿਸਾਨ ਸੰਘਰਸ਼ ਹੋਏ। 1930ਵਿਆਂ ਦੇ ਜਟਿਲ ਸਿਆਸੀ ਹਲਾਤਾਂ ਵਿਚ ਯੂਨੀਅਨਇਸਟ ਪਾਰਟੀ ਪੰਜਾਬ ਦੀ ਵੰਡ ਦੇ ਖ਼ਿਲਾਫ਼ ਲੜੀ। ਜੇ ਅਸੀਂ ਪੰਜਾਬ ਨੂੰ ਆਸਾਂ ਤੇ ਉਮੰਗਾਂ ਭਰੇ ਸਮਾਜ ਵਜੋਂ ਵਧਦਾ ਫੁੱਲਦਾ ਦੇਖਣਾ ਚਾਹੁੰਦੇ ਹਾਂ ਤੇ ਇਹ ਚਾਹੁੰਦੇ ਹਾਂ ਕਿ ਇਹ ਇਕ ਨਿਰਾਸ ਸਮਾਜ ਨਾ ਬਣ ਜਾਏ ਤਾਂ ਸਾਨੂੰ ਉਨ੍ਹਾਂ ਸੰਘਰਸ਼ਾਂ ਦੀ ਰੂਹ ਨੂੰ ਫਿਰ ਲੱਭਣਾ ਪਵੇਗਾ। ਪੰਜਾਬੀ ਲੇਖਕ ਇਸ ਜੱਦੋਜਹਿਦ ਵਿਚ ਸ਼ਾਮਿਲ ਹਨ ਅਤੇ ਉਹ ਇਕ ਜੱਦੋਜਹਿਦ ਤੋਂ ਪਰ੍ਹੇ ਜਾਂ ਅਲੱਗ ਨਹੀਂ ਹੋ ਸਕਦੇ। ਮੈਂ ਆਪਣਾ ਇਹ ਇਨਾਮ ਉਸ ਜੱਦੋਜਹਿਦ ਦੇ ਨਾਂ ਕਰਦਾ ਹਾਂ। ਮੇਰਾ ਇਹ ਇਨਾਮ ਪੰਜਾਬ ਦੇ ਮਿਹਨਤਕਸ਼ਾਂ ਦੇ ਨਾਮ ਹੈ, ਉਨ੍ਹਾਂ ਦੋਸਤਾਂ ਦੇ ਨਾਮ, ਜੋ ਪੰਜਾਬ ਦੇ ਲੋਕ-ਸੰਘਰਸ਼ਾਂ ਵਿਚ ਲੋਕਾਂ ਦੇ ਨਾਲ ਹਨ ਤੇ ਉਨ੍ਹਾਂ ਸੰਘਰਸ਼ਾਂ ਵਿਚ ਹਿੱਸਾ ਲੈ ਰਹੇ ਹਨ। ਮੈਨੂੰ ਪੰਜਾਬੀਆਂ ਦੀ ਜ਼ਬਰ ਵਿਰੁੱਧ ਆਵਾਜ਼ ਉਠਾਉਣ ਦੀ ਹਿੰਮਤ ਵਿਚ ਡੂੰਘਾ ਯਕੀਨ ਹੈ ਤੇ ਪੰਜਾਬੀ ਅਦਬ ਦੀ ਰਵਾਇਤ ਵਿਚ ਵੀ ਯਕੀਨ ਹੈ ਜੋ ਇਨ੍ਹਾਂ ਸੰਘਰਸ਼ਾਂ ਨੂੰ ਆਵਾਜ਼ ਦਿੰਦੀ ਰਹੀ ਹੈ ਤੇ ਇਨ੍ਹਾਂ ਸੰਘਰਸ਼ਾਂ ਦੀ ਆਵਾਜ਼ ਬਣਦੀ ਰਹੀ ਹੈ। ਇਹ ਯਕੀਨ ਹੀ ਮੇਰੀ ਆਸ ਦਾ ਸੋਮਾ ਸੀ। ਮੈਂ ਇਸ ਆਸ ਤੇ ਯਕੀਨ ਨੂੰ ਬਣਾਏ ਰੱਖਣ ਲਈ ਲੜਦਾ ਹਾਂ। ਸਾਰਤਰ ਨੇ ਕਿਹਾ ਸੀ, "ਤੁਹਾਨੂੰ ਲੜਨਾ ਪਵੇਗਾ, ਨਹੀਂ ਤੇ ਕੰਨਸਨਟਰੇਸ਼ਨ ਕੈਂਪਾਂ ਵਿਚ ਬੰਦੀ ਹੋਣਾ, ਉਨ੍ਹਾਂ ਵਿਚ ਗਲਣਾ-ਸੜਨਾ।" ਅਜੋਕੇ ਸਮਿਆਂ ਵਿਚ ਇਹੋ ਜਿਹੇ ਬੰਦੀਖਾਨੇ ਧਰਤੀ ਦੇ ਕਿਸੇ ਹਿੱਸੇ ਜਾਂ ਕੋਨੇ ਵਿਚ ਨਹੀਂ ਬਣਾਏ ਜਾਂਦੇ, ਸਗੋਂ ਏਹੋ ਜਿਹੇ ਹਾਲਾਤ ਬਣਾਏ ਜਾ ਰਹੇ ਹਨ ਕਿ ਲੋਕ-ਸਮੂਹ ਬੰਦੀਖਾਨਿਆਂ ਜਿਹੇ ਹਾਲਾਤਾਂ ਵਿਚ ਰਹਿਣ ਤੇ ਆਪਣੇ ਆਪ ਨੂੰ ਆਜ਼ਾਦ ਸਮਝਣ। ਅਜੋਕੇ ਸਮਿਆਂ ਵਿਚ ਅਸਲੀ ਬੰਦੀਖਾਨੇ ਹੋਰ ਕਿਤੇ ਵੀ ਬਣਾਏ ਜਾ ਰਹੇ ਹਨ, ਉਹ ਬਣਾਏ ਜਾ ਰਹੇ ਹਨ ਸਾਡੀਆਂ ਸੋਚਾਂ ਵਿਚ, ਸਾਡੀਆਂ ਯਾਦਾਂ ਵਿਚ, ਸਿਰਜਣਾਤਮਕ ਸੰਵੇਦਨਾ ਤੇ ਉਹਦੇ ਪ੍ਰਗਟਾਉ ਨੂੰ ਬੰਦੀ ਬਣਾਉਣ ਲਈ। ਜੱਦੋਜਹਿਦ ਸਾਡੇ ਸਾਹਮਣੇ ਹੈ ਤੇ ਜ਼ਰੂਰਤ ਹੈ ਅਸੀਂ ਜੱਦੋਜਹਿਦ ਕਰੀਏ।



# *ਯਾਦਾਂ ਦਾ ਵੱਗ*

*-ਜ਼ੁਬੈਰ ਅਹਿਮਦ*

"ਲਹੌਰ ਦਾ ਜੰਮਪਲ ਕਹਾਣੀਕਾਰ ਤੇ ਕਵੀ ਜ਼ੁਬੈਰ ਅਹਿਮਦ (ਜਨਮ 1958) ਇਸਲਾਮੀਆ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੈ ਤੇ ਕਈ ਸਾਲ ਪੰਜਾਬੀ ਕੁਤਬਖ਼ਾਨਾ ਕਿਤਾਬ ਤ੍ਰਿੰਞਣ ਚਲਾਉਣ ਦੀ ਸੇਵਾ ਵੀ ਕਰਦਾ ਰਿਹਾ। ਇਹਦੇ ਵਡੇਰੇ ਬਟਾਲੇ ਦੇ ਸਨ। ਪੰਜਾਬੀ ਲਿਪੀ ਵਿਚ ਕਹਾਣੀਆਂ ਦੀ ਕਿਤਾਬ *ਕਬੂਤਰ ਬਨੇਰੇ ਤੇ ਗਲੀਆਂ* (ਲੋਕਗੀਤ, 2012) ਛਪ ਚੁੱਕੀ ਹੈ। ਹੁਣ ਪੰਜਾਬੀ ਸਾਹਿਤ ਬਾਰੇ ਲਿਖੇ ਇਹਦੇ ਲੇਖ ਲਹੌਰ ਦੇ ਅੰਗਰੇਜ਼ੀ ਅਖ਼ਬਾਰ *ਡਾਨ* ਵਿਚ ਛਪਦੇ ਹਨ।"

ਸ਼ਾਮੀਂ ਦਫ਼ਤਰੋਂ ਘਰ ਅੱਪੜਿਆ ਤੇ ਵਹੁਟੀ ਦੱਸਿਆ ਸੁਸਾਇਟੀ ਵਾਲੇ ਸੱਦਾ ਦੇਣ ਆਏ ਸਨ ਅਖੇ ਸੱਤ ਵਜੇ ਮਹੱਲੇ ਦਾ ਇਕੱਠ ਏ। ਅਚੰਭਾ ਤਾਂ ਹੋਇਆ, ਪਰ ਚੰਗਾ ਵੀ ਲੱਗਾ; ਚਲੋ ਹੁਣ ਮਹੱਲੇ ਆਲੇ ਜੁੜ ਬੈਠਣ ਲੱਗ ਪਏ ਨੇ। ਸਾਰੇ ਬਲਾਕਾਂ ਦੀਆਂ ਸੁਸਾਇਟੀਆਂ ਸਨ ਤੇ ਉਨ੍ਹਾਂ ਦੇ ਸਾਰੇ ਮਸਲੇ ਉਹ ਹੱਲ ਕਰਾਂਦੀਆਂ ਪਈਆਂ ਸਨ। ਗਲੀਆਂ ਪੱਕੀਆਂ ਹੋਵਣ ਪਈਆਂ, ਰਾਤੀਂ ਪਹਿਰੇ ਲਈ ਪੈਸੇ ਪਾ ਕੇ ਚੌਕੀਦਾਰ ਵੀ ਰੱਖੇ ਜਾਣ ਲੱਗੇ, ਸੀਵਰਜ ਠੀਕ ਹੋ ਗਏ ਸਨ ਤੇ ਸਟਰੀਟ ਲਾਈਟਾਂ ਲੱਗਣ ਦੀ ਉਡੀਕ ਸੀ। ਪਰ ਸਾਡੇ ਬਲਾਕ ਦੇ ਮੰਦੇ ਭਾਗ, ਐਥੇ ਅਜਿਹਾ ਕੁਝ ਵੀ ਨਹੀਂ ਸੀ। ਇਲਾਕੇ ਦਾ ਪੁਰਾਣਾ ਪਿੰਡ ਸਾਡੇ ਬਲਾਕ ਵਿਚ ਈ ਸੀ। ਆਖਣ ਨੂੰ ਤਾਂ ਥਾਂ ਸ਼ਹਿਰੀ ਸਕੀਮ ਦਾ ਹਿੱਸਾ ਸੀ, ਪਰ ਖ਼ਾਲੀ ਪਲਾਟਾਂ ਦੇ ਛੱਪੜ ਬਣੇ ਹੋਏ ਸਨ ਤੇ ਪਿੰਡ ਦੀਆਂ ਸੌੜੀਆਂ ਗਲੀਆਂ ਵਿਚ ਆਟੇ ਦੀਆਂ ਚੱਕੀਆਂ ਤੇ ਰੂੰ ਪਿੰਜਣ ਦੀਆਂ ਮਸ਼ੀਨਾਂ ਲੱਗੀਆਂ ਹੋਈਆਂ ਸਨ।

ਮੈਨੂੰ ਚੇਤੇ ਏ- ਸੱਤ ਅੱਠ ਵਰ੍ਹੇ ਪਹਿਲਾਂ ਜਦ ਅਸਾਂ ਐਥੇ ਪਲਾਟ ਲਿਆ ਤੇ ਮਸਾਂ ਇਕ-ਦੋ ਘਰ ਸਨ ਤੇ ਰਾਤ ਨੂੰ ਉੱਕਾ ਹਨ੍ਹੇਰਾ ਹੁੰਦਾ ਸੀ। ਨਹਿਰ ਦੇ ਨਾਲ ਹੋਂਦਿਆਂ ਵੀ ਇਹ ਥਾਂ ਲਹੌਰੋਂ ਬਾਹਰ ਜਾਪਦੀ ਸੀ। ਹੁਣ ਤਾਂ ਲਹੌਰ ਸ਼ਹਿਰ ਨੂੰ ਅੱਗ ਲੱਗ ਗਈ ਏ ਤੇ ਅਪਣੀਆਂ ਈ ਗਲੀਆਂ ਤੇ ਸੜਕਾਂ ਸਿਆਣੀਆਂ ਨਹੀਂ ਜਾਂਦੀਆਂ। ਤੇ ਲਹੌਰ ਸ਼ਹਿਰ ਸ਼ਤਾਨ ਦੀ ਆਂਦਰ ਵਾਂਗ ਵਧੀ ਜਾਂਦਾ ਏ। ਮੇਰੀ ਵਹੁਟੀ ਜਿਹੜੀ ਸਕੂਲੇ ਉਸਤਾਨੀ ਏ, ਓਸ ਸ਼ਾਮੀਂ ਬਾਲਾਂ ਨੂੰ ਟਿਊਸ਼ਨਾਂ ਪੜ੍ਹਾ-ਪੜ੍ਹਾ ਤੇ ਕਮੇਟੀਆਂ ਪਾ-ਪਾ ਕੁਝ ਪੈਸੇ ਜੋੜੇ ਤੇ ਅਸਾਂ ਐਸ ਨਵੀਂ ਉੱਸਰਦੀ ਸਰਕਾਰੀ ਸਕੀਮ ਵਿਚ ਔਖੇ-ਸੌਖੇ ਹੋ ਕੇ ਪਲਾਟ ਖ਼ਰੀਦ ਲਿਆ। ਰਿਸ਼ਤੇਦਾਰਾਂ ਤੇ ਬੇਲੀਆਂ ਆਖਿਆ : ਤੁਹਾਡਾ ਦਿਮਾਗ਼ ਤਾਂ ਠੀਕ ਏ ? ਐਨੀ ਦੂਰ ??

ਪਰ ਫੇਰ ਜਦੋਂ ਇਕ ਬੈਂਕ ਦਾ ਬੰਦਾ ਵਜ਼ੀਰੇ-ਆਜ਼ਮ ਬਣਿਆ ਤੇ ਓਸ ਕਾਰਾਂ ਤੇ ਮਕਾਨਾਂ ਲਈ ਸੌਖੀਆਂ ਕਿਸ਼ਤਾਂ ਉੱਤੇ ਕਰਜ਼ੇ ਦੇਣੇ ਛੋਹੇ ਤੇ ਅਸੀਂ ਅੰਗਾਂ-ਸਾਕਾਂ ਤੋਂ ਕੁਝ ਪੈਸੇ ਉਧਾਰ ਲੈ ਤੇ ਬੈਂਕ ਤੋਂ ਕਰਜ਼ਾ ਲੈ ਪੰਜ ਮਰਲੇ ਦੇ ਪਲਾਟ ਉੱਤੇ ਰਹਿਣ ਜੋਗੀ ਥਾਂ ਛੱਤ ਲਈ। ਦੋ ਚਾਰ ਵਰ੍ਹਿਆਂ ਵਿਚ ਈ ਐਸੀ ਅੱਗ ਲੱਗੀ, ਪਲਾਟਾਂ ਦੇ ਇੰਜ ਮੁੱਲ ਵਧੇ ਕਿ ਮੇਰੀ ਵਹੁਟੀ

ਰਿਸ਼ਤੇਦਾਰਾਂ ਨੂੰ ਮਾਣ ਨਾਲ ਮਿਲਣ-ਜੁਲਣ ਲੱਗੀ। ਪਰ ਸਾਰੀਆਂ ਸਹੂਲਤਾਂ ਅਜੇ ਨਹੀਂ ਆਈਆਂ ਸਨ। ਬੜੀਆਂ ਔਕੜਾਂ ਨਾਲ ਅਰਜ਼ੀਆਂ ਪਾ-ਪਾ, ਸਫ਼ਾਰਸ਼ਾਂ ਲੱਭ-ਲੱਭ, ਵੱਢੀਆਂ ਦੇ-ਦੇ ਮਸਾਂ ਸੀਵਰਜ ਠੀਕ ਹੋਇਆ। ਨਹੀਂ ਤਾਂ ਖ਼ਾਲੀ ਪਲਾਟਾਂ ਵਿਚ ਸੀਵਰਜ ਦਾ ਪਾਣੀ ਖੜ੍ਹਾ ਹੋਣ ਨਾਲ ਮਕਾਨਾਂ ਦੀਆਂ ਨੀਹਾਂ ਵਿਚ ਪਾਣੀ ਜਾਣ ਲੱਗ ਪੈਣਾ, ਜਿਸ ਨਾਲ ਫ਼ਰਸ਼ ਬੈਠ ਜਾਂਦੇ ਸਨ। ਹੁਣ ਟੁੱਟੀਆਂ ਗਲੀਆਂ ਨੂੰ ਪੱਕੀਆਂ ਕਰਨ ਉੱਤੇ ਜ਼ੋਰ ਸੀ।

ਜਦ ਕੁਝ ਘਰ ਛੱਤੇ ਗਏ ਤੇ ਮਹੱਲੇ ਦੀ ਸ਼ਕਲ ਬਣਨ ਲੱਗੀ। ਇਕ ਦੋ ਸਟਰੀਟ ਲਾਈਟਾਂ ਤੇ ਬਲਬ ਵੀ ਪਤਾ ਨਹੀਂ ਕਿੰਜ ਲੱਗ ਗਏ ਤੇ ਅਚਨਚੇਤ ਪਲਾਟਾਂ ਦੇ ਭਾਅ ਵਧੇ ਤੇ ਇਕ ਦੋ ਘਰਾਂ ਦੇ ਵਸਨੀਕ ਪਲਾਟ ਵੇਚ ਕੇ ਹੋਰ ਅਗਾਂਹ ਤੁਰ ਗਏ। ਮੁੜ ਇਕ ਦੋ ਵਰ੍ਹਿਆਂ ਪਿੱਛੋਂ ਵੇਂਹਦੇ-ਵੇਂਹਦੇ ਕਈ ਮਕਾਨ ਉੱਸਰ ਪਏ। ਜਦ ਵੀਹ-ਪੰਝੀ ਮਕਾਨ ਬਣ ਗਏ ਤੇ ਡਰ ਵੀ ਵਧ ਗਿਆ। ਜਦ ਦੋ ਚਾਰ ਘਰ ਸਨ, ਤਾਂ ਫੇਰ ਬਹੁਤੇ ਲੋਟਾ-ਚੋਰ ਸਨ। ਸੀਵਰਜ ਦੇ ਢੱਕਣ ਚੋਰੀ ਹੋਂਦੇ ਸਨ। ਗੇਟ ਥੱਲਿਉਂ ਹੱਥ ਪਾ ਕੇ ਪਾਣੀ ਦੇ ਪਾਈਪ ਕੱਟ ਲੈ ਜਾਂਦੇ ਸਨ। ਜਦ ਅਸੀਂ ਮਕਾਨ ਪਾਇਆ ਸੀ, ਓਦੋਂ ਵੀ ਚੋਰੀਆਂ ਹੋਂਦੀਆਂ ਸਨ। ਇੱਟਾਂ, ਸੀਮਿੰਟ ਤੇ ਦੂਜੇ ਸਮਾਨ ਦੀ ਸਾਂਭ ਕਰਨੀ ਪੈਂਦੀ ਸੀ। ਤੇ ਐਸ ਲਈ ਟੈਂਟ ਲਗਵਾ ਕੇ ਇਕ ਬੰਦੇ ਨੂੰ ਚੌਕੀਦਾਰ ਰੱਖਣਾ ਪਿਆ, ਜਿਸਦਾ ਕੰਮ ਬੱਸ ਐਹ ਸੀ ਪਈ ਮਜ਼ਦੂਰਾਂ ਤੇ ਮਿਸਤਰੀ 'ਤੇ ਅੱਖ ਰੱਖੇ ਤੇ ਰਾਤ ਨੂੰ ਚੌਕੀਦਾਰੀ ਕਰੇ। ਪਰ ਹੁਣ ਪਿੱਛੇ ਜਦ ਮਹੱਲੇ ਦੀ ਇਕ ਜਨਾਨੀ ਕੋਲੋਂ ਮੋਟਰਸੈਕਲ ਆਲੇ ਮੁੰਡੇ ਪਰਸ ਖੋਹਿਆ, ਤਾਂ ਸਾਰਿਆਂ ਨੂੰ ਜਾਗ ਆ ਗਈ।

ਇਕੱਠ ਵਿਚ ਜਾਂਦਿਆਂ ਮੇਰੇ ਦਿਲ ਵਿਚ ਐਹ ਈ ਗੱਲਾਂ ਸਨ। ਵੀਹ-ਪੰਝੀ ਘਰਾਂ ਚੋਂ ਮਸਾਂ ਅੱਧੇ ਘਰਾਂ ਦੇ ਜੀਅ ਆਏ ਸਨ। ਜਿਹਨਾਂ ਵਿਚ ਇਕ ਦੋ ਵਕੀਲ ਸਨ ਤੇ ਵਧ-ਵਧ ਗੱਲਾਂ ਕਰਦੇ ਤੇ ਸਲਾਹਾਂ ਦੇਂਦੇ ਪਏ ਸਨ। ਦੋ ਚਾਰ ਹਟਵਾਣੀਏ ਸਨ, ਇਕ ਦੋ ਵਪਾਰੀ ਤੇ ਕੁਝ ਮੇਰੇ ਵਰਗੇ ਸਰਕਾਰੀ ਮੁਲਾਜ਼ਮ। ਸਭ ਤੋਂ ਪਹਿਲਾਂ ਸੁਸਾਇਟੀ ਬਣਾਵਣ ਦਾ ਹੋਕਾ ਦਿੱਤਾ ਗਿਆ; ਸਦਰ ਸੈਕਟਰੀ, ਖ਼ਜ਼ਾਨਚੀ ਮਿੱਥੇ ਗਏ। ਇਕ ਮਸਲਾ ਪਾਣੀ ਦਾ ਸੀ। ਜਦ ਘਰ ਥੋੜ੍ਹੇ ਸਨ ਪਾਣੀ ਦਾ ਮਸਲਾ ਨਹੀਂ ਸੀ; ਪਰ ਹੁਣ ਗਰਮੀਆਂ ਵਿਚ ਮਰ ਕੇ ਪਾਣੀ ਆਂਦਾ ਸੀ। ਲੋਕਾਂ ਪਾਣੀ ਖਿੱਚਣ ਦੀਆਂ ਮੋਟਰਾਂ ਵੀ ਲਾਈਆਂ ਹੋਈਆਂ ਸਨ, ਪਰ ਫੇਰ ਵੀ ਮਸਲਾ ਓਥੇ ਈ ਸੀ।

ਚੋਰੀਆਂ ਦਾ ਸਾਰਾ ਦੋਸ਼ ਖ਼ਾਲੀ ਪਲਾਟਾਂ ਵਿਚ ਰਹਿੰਦੇ ਝੁੱਗੀਆਂ ਵਾਲਿਆਂ ਉੱਤੇ ਮੜ੍ਹ ਦਿੱਤਾ ਗਿਆ। ਭਾਵੇਂ ਪੂਰੇ ਮਹੱਲੇ ਵਿਚ ਐਹ ਗੱਲ ਧੁੰਮੀ ਪਈ ਸੀ- ਜਿਸ ਮੁੰਡੇ ਮਹੱਲੇ ਦੀ ਜਨਾਨੀ ਕੋਲੋਂ ਪਰਸ ਖੋਹਿਆ, ਉਹ ਪਰਾਪਰਟੀ ਡੀਲਰ ਦਾ ਮੁੰਡਾ ਸੀ ਤੇ ਜਿਸ ਨੂੰ ਲੁੱਟੀ ਜਨਾਨੀ ਸਿਹਾਣ ਵੀ ਲਿਆ। ਪਰ ਮੁੰਡੇ ਦੇ ਪਿਓ ਨੇ ਜਨਾਨੀ ਤੇ ਓਸ ਦੇ ਖ਼ਸਮ ਦੀਆਂ ਮਿੰਨਤਾਂ ਤਰਲੇ ਕਰ ਕੇ ਐਸ ਗੱਲ ਨੂੰ ਠੱਪ ਦਿੱਤਾ ਤੇ ਹੁਣ ਵਧ-ਚੜ੍ਹ ਕੇ ਝੁੱਗੀਆਂ ਵਾਲਿਆਂ ਦੇ ਬਰਖ਼ਿਲਾਫ ਬੋਲ ਰਿਹਾ ਸੀ। "ਬੜਾ ਗੰਦ ਪਾਇਆ ਹੋਇਆ ਏ ਐਨ੍ਹਾਂ ਝੁੱਗੀਆਂ ਆਲਿਆਂ। ਸਭ ਤੋਂ ਉਨ੍ਹਾਂ ਦੇ ਸ਼ਨਾਖ਼ਤੀ ਕਾਰਡ ਲਵੋ, ਤਾਂ ਜੋ ਜਦ ਚੋਰੀ ਹੋਵੇ, ਉਨ੍ਹਾਂ ਨੂੰ ਚੈਕ ਕੀਤਾ ਜਾ ਸਕੇ।" ਮੈਂ ਹੌਲੀ-ਜਿਹੀ ਗੱਲ ਕੀਤੀ: ਸ਼ਨਾਖ਼ਤੀ ਕਾਰਡ ਮ੍ਹਾਤੜਾਂ ਕੋਲ ਕਿੱਥੇ ਹੋਣੇ ਨੇ। ਫੇਰ ਉਨ੍ਹਾਂ ਦੀਆਂ ਜਨਾਨੀਆਂ ਬਾਰੇ ਗੱਲਾਂ ਹੋਵਣ ਲੱਗ ਪਈਆਂ ਕਿ ਰਾਤ ਨੂੰ ਗੱਡੀਆਂ ਆਉਂਦੀਆਂ ਨੇ ਤੇ ਐਹਨਾਂ ਝੁੱਗੀਆਂ ਤੋਂ ਜਨਾਨੀਆਂ ਜਾਂਦੀਆਂ ਨੇ। ਕਈ ਚਸਕੇ ਲੈ ਲੈ ਐਹ ਗੱਲਾਂ ਸੁਣਨ ਲੱਗ ਪਏ ਤੇ ਇਕੱਠ ਵਿਚ ਇਕਦਮ ਜਾਨ ਜਿਹੀ ਪੈ ਗਈ। ਕਈ ਬੜੇ ਹਾਰਨ ਹੋਏ ਪਈ ਐਹ ਗੱਲ ਸੱਚੀ ਵੀ ਏ ?

ਫੇਰ ਸਾਰੇ ਪਰਾਪਰਟੀ ਡੀਲਰ ਦੀ ਹਾਂ ਵਿਚ ਹਾਂ ਰਲਾਵਣ ਲੱਗ ਪਏ ਤੇ ਐਹ ਮਿੱਥਿਆ ਗਿਆ ਪਈ ਉਨ੍ਹਾਂ ਕੋਲੋਂ ਸ਼ਨਾਖ਼ਤੀ ਕਾਰਡ ਲਏ ਜਾਵਣ ਤੇ ਦੂਜਿਆਂ ਦੀ ਡਿਊਟੀ ਵੀ ਲਾ ਦਿੱਤੀ ਗਈ। ਅਖ਼ੀਰ ਗੱਲ ਮੱਝਾਂ ਦੀ ਹੋਵਣ ਲੱਗ ਪਈ। ਕਈ ਥਾਵਾਂ 'ਤੇ ਵਿਚ-ਵਿਚ ਗੁੱਜਰਾਂ ਮੱਝਾਂ ਰੱਖੀਆਂ ਹੋਈਆਂ ਸਨ। ਜਿਸ ਪਾਰੋਂ ਗਲੀਆਂ ਵਿਚ ਗੋਹਾ ਪੈਰਾਂ ਹੇਠ ਆਉਂਦਾ ਸੀ। ਕਈ ਥਾਵਾਂ 'ਤੇ ਗਟਰ ਬੰਦ ਸਨ, ਕਿਉਂ ਜੋ ਲਾਗੇ ਮੱਝਾਂ ਬੰਨ੍ਹੀਆਂ ਹੋਈਆਂ ਸਨ। ਫੇਰ ਗੰਦ ਪਾਰੋਂ ਮੱਛਰਾਂ ਤੇ ਮੱਖੀਆਂ ਦੀ ਮੌਜ ਸੀ। ਉਂਜ ਭਾਵੇਂ ਅੱਧਾ ਮਹੱਲਾ ਐਹਨਾਂ ਤੋਂ ਦੁੱਧ ਲੈਂਦਾ ਸੀ, ਪਰ ਹੁਣ ਸਾਰੇ ਐਹਨਾਂ ਮੱਝਾਂ ਨੂੰ ਕੱਢਣ ਉੱਤੇ ਇਕਮੁੱਠ ਸਨ। ਐਹ ਮਿੱਥਿਆ ਗਿਆ ਪਈ ਟਾਊਨ ਕਮੇਟੀ ਦੇ ਅਫ਼ਸਰ ਨੂੰ ਅਰਜ਼ੀ ਪਾਈ ਜਾਵੇਗੀ ਤੇ ਮਹੱਲੇ ਵਿਚ ਰਹਿੰਦੇ ਕੁਝ ਵਕੀਲਾਂ ਨੇ ਐਸ ਮਸਲੇ ਨੂੰ ਅਦਾਲਤ ਵਿਚ ਲੈ ਜਾਵਣ ਦਾ ਡਰਾਵਾ ਵੀ ਦੇ ਦਿੱਤਾ। ਇਕ ਦੋ ਬੰਦੇ ਗੁੱਜਰਾਂ ਦੇ ਜਾਣਨ ਵਾਲੇ ਬੈਠੇ ਸਨ ਤੇ ਗੱਲ ਉਨ੍ਹਾਂ ਨੂੰ ਸੁਣਾਵਣ ਲਈ ਕੀਤੀ ਜਾਂਦੀ ਪਈ ਸੀ। ਐਹ ਵੀ ਪਈ ਦਸ ਬਾਰ੍ਹਾਂ ਵਰ੍ਹੇ ਪਹਿਲਾਂ ਜਦ ਐਹ ਸਕੀਮ ਬਣੀ, ਪਲਾਟ ਤੇ ਸੜਕਾਂ ਬਣੀਆਂ, ਮੱਝਾਂ ਨੂੰ ਕੱਢਿਆ ਗਿਆ ਤੇ ਗੁੱਜਰਾਂ ਮੱਝਾਂ ਛੁਡਾਣ ਲਈ ਧਾਵਾ ਕੀਤਾ, ਸਰਕਾਰੀ ਬੰਦਿਆਂ ਗੋਲੀ ਚਲਾ ਦਿੱਤੀ ਤੇ ਗੁੱਜਰਾਂ ਦਾ ਇਕ ਬੰਦਾ ਮਾਰਿਆ ਗਿਆ ਤੇ ਐਹ ਕੰਮ ਤੋੜ ਨਾ ਚੜ੍ਹਿਆ। ਤੇ ਗੱਲ ਅਦਾਲਤ ਵਿਚ ਲਟਕ ਗਈ, ਹੁਣ ਵਸੋਂ ਵਧੇ ਪਈ, ਮੱਝਾਂ ਰੱਖਣਾ ਗ਼ੈਰਕਾਨੂੰਨੀ ਸੀ ਤੇ ਮੱਝਾਂ ਨੂੰ ਕੱਢਣ ਦਾ ਪੱਕਾ ਮਤਾ ਪਕਾਇਆ ਗਿਆ।

ਮੈਂ ਐਸ ਗੱਲ ਦੀ ਬਹੁਤੀ ਹਾਮੀ ਨਾ ਭਰੀ ਪਰ ਉਨ੍ਹਾਂ ਨੂੰ ਨਾਂਹ ਵੀ ਨਾ ਕਰ ਸਕਿਆ। ਸ਼ਹਿਰਾਂ ਵਿਚ ਮੱਝਾਂ ਤਾਂ ਨਹੀਂ ਹੋਂਦੀਆਂ ? ਐਨੇ ਵਰ੍ਹਿਆਂ ਵਿਚ ਮੈਨੂੰ ਐਹਨਾਂ ਮੱਝਾਂ ਦਾ ਖ਼ਿਆਲ ਵੀ ਨਾ ਆਇਆ। ਮੈਨੂੰ ਚੇਤੇ ਆਇਆ, ਜਦ ਅਸੀਂ

ਨਵਾਂ-ਨਵਾਂ ਘਰ ਪਾਇਆ ਸੀ ਤੇ ਮਾਂ ਸ਼ਾਮ ਨੂੰ ਦੂਜੀ ਮੰਜ਼ਲ ਦੇ ਟੈਰਸ ਤੋਂ ਗਲੀ ਵਿਚੋਂ ਮੱਝਾਂ ਲੈ ਲੰਘਦੇ ਗੁੱਜਰ ਨਾਲ ਗੱਲਾਂ ਕਰਦੀ ਹੋਂਦੀ ਸੀ। ਉਹ ਬੁਢੇਰਾ ਜਿਹਾ ਸੀ ਤੇ ਹੱਥ ਵਿਚ ਡਾਂਗ ਫੜੀ ਰੋਜ਼ ਗਲੀ ਚੋਂ ਧੌਰੇ ਮੱਝਾਂ ਨੂੰ ਕਿਥੇ ਚਰਾਣ ਲੈ ਜਾਂਦਾ ਸੀ। ਨੱਸਦਾ ਜਾਂਦਾ ਉਹ ਮੱਝਾਂ ਦੁਆਲੇ ਇੰਜ ਨਜ਼ਰੀਂ ਆਉਂਦਾ, ਜਿਵੇਂ ਨੱਸਦਾ ਨਹੀਂ ਤੈਰਦਾ ਪਿਆ ਹੋਵੇ ਤੇ ਮੱਝਾਂ ਨੂੰ ਵਲਾਉਂਦਾ ਉਹ ਮੁੜਦਾ ਘੁੰਮਦਾ ਉਡਦਾ ਜਾਂਦਾ। ਪੈਰੀਂ ਮੈਕਸਨ ਪੁਰਾਣੇ-ਜਿਹੇ ਤੇ ਤੇੜ ਲੱਕਦੀ (ਧੋਤੀ)। ਉਹਨੂੰ ਵੇਖ ਹਮੇਸ਼ ਮੇਰਾ ਹੱਥ ਆਪ ਮੁਹਾਰੇ ਮੱਥੇ ਨੂੰ ਸਲਾਮ ਕਰਨ ਲਈ ਉੱਠ ਜਾਂਦਾ ਤੇ ਉਹ ਬਹੁੰ ਖ਼ੁਸ਼ੀ ਨਾਲ ਹਵਾ ਵਿਚ ਉੱਡਦੇ ਜਾਂਦੇ ਐਹਦਾ ਜੁਆਬ ਦੇਂਦਾ। ਮੱਝਾਂ ਨਾਲ ਵਗਦੇ ਕੋਲ ਕਦੀ ਐਨਾ ਵੇਲਾ ਨਹੀਂ ਹੋਂਦਾ ਸੀ ਪਈ ਉਹ ਖਲੋ ਮੇਰੇ ਨਾਲ ਗੱਲ ਕਰੇ। ਮਾਂ ਕੋਲ ਪਿੰਡ ਵਿਚ ਪੀਰਾਂ ਬਾਗ਼ ਗੁਰਦਾਸਪੁਰ ਘਰੀਂ ਮੱਝ ਵੀ ਸੀ। ਤੇ ਮਾਂ ਮੱਝ ਦੀਆਂ ਗੱਲਾਂ ਵੀ ਕਰਦੀ ਹੋਂਦੀ ਸੀ। ਪਰ ਸ਼ਹਿਰਾਂ ਵਿਚ ਮੱਝਾਂ ਤਾਂ ਨਹੀਂ ਹੋਂਦੀਆਂ ਨਾ ?

ਰਾਤੀਂ ਮੈਂ ਚਿਰਕੇ ਤੀਕ ਮੱਝਾਂ ਬਾਰੇ ਸੋਚਦਾ ਰਿਹਾ। ਇੰਨੇ ਵਰ੍ਹੇ ਲੰਘ ਗਏ ਐਨ੍ਹਾਂ ਮੱਝਾਂ ਦਾ ਖ਼ਿਆਲ ਕਿਉਂ ਨਹੀਂ ਆਇਆ। ਮੈਨੂੰ ਅਪਣੀ ਗਲੀ ਵਿਚ ਗੋਹਾ ਭੈੜਾ ਕਿਉਂ ਨਹੀਂ ਲੱਗਦਾ ? ਬੁੱਢੇ ਗੁੱਜਰ ਨਾਲ ਮੈਂ ਹਮੇਸ਼ ਸਲਾਮ ਕਿਉਂ ਲੈਂਦਾ ਆਂ ? ਮੈਂ ਕਿਉਂ ਚਾਹਨਾ ਆਂ ਪਈ ਉਹ ਕੁਝ ਚਰ ਖਲੋਵੇ ਤੇ ਮੈਂ ਉਸ ਦੀ ਸੁੱਖਸਾਂਦ ਲਵਾਂ। ਰੋਜ਼ ਦੀ ਤਰ੍ਹਾਂ ਰਾਤ ਦੀ ਰੋਟੀ ਖਾਵਣ ਪਿੱਛੋਂ ਉਤਲੀ ਮੰਜ਼ਲ ਦੇ ਟੈਰਸ ਉੱਤੇ ਆ ਬੈਠਾ। ਅੱਧ ਜੇਠ ਤੇ ਸਾਰੇ ਦਿਨ ਦੀ ਅੰਤਾਂ ਦੀ ਗਰਮੀ ਪਿੱਛੋਂ ਹੁਣ ਹੌਲੀ-ਹੌਲੀ ਵਗਦੀ ਹਵਾ ਚੰਗੀ ਲੱਗੀ। ਸਾੜ ਕਦ ਦਾ ਮੁੱਕ ਗਿਆ ਸੀ ਤੇ ਹੁਣ ਸੀ ਰਾਤ ਹਵਾ। ਐਵੇਂ ਪਤਾ ਨਹੀਂ ਕਿੱਥੋਂ ਬੱਦਲਾਂ ਦੇ ਟੋਟੇ ਆਏ ਤੇ ਹਵਾ ਵਿਚ ਮਾੜੀ-ਜਿਹੀ ਠੰਢ ਦੀ ਕਣੀ ਸਹੀ ਹੋਈ। ਮੇਰੀ ਵਹੁਟੀ ਝੱਟ ਆਖਿਆ, "ਕਿਤੇ ਮੀਂਹ ਪਿਆ ਏ।" ਪਰ ਮੈਨੂੰ ਹਵਾ ਕਣੀ ਵਿਚ ਕੋਈ ਪੁਰਾਣੀ ਖ਼ੁਸ਼ਬੋਈ ਆਈ। ਮੈਂ ਵਹੁਟੀ ਨੂੰ ਆਖਿਆ, "ਮੈਨੂੰ ਚਾਹ ਐਥੇ ਈ ਲਿਆ ਦੇ। ਕੁਝ ਚਿਰ ਐਥੇ ਈ ਬੈਠਾਂਗਾ।"

ਹਵਾ ਸਹਿਜੇ-ਸਹਿਜੇ ਤ੍ਰਿੱਖੀ ਹੋਈ ਤੇ ਹੋਰ ਠੰਢੀ-ਜਿਹੀ ਲੱਗੀ। ਜੇਠ ਵਿਚ ਐਹ ਹਵਾ ਰੱਬੀ ਦਾਤ ਏ। ਵਗਦੀ ਹਵਾ ਨੇ ਇਕ ਪੁਰਾਣੀ ਯਾਦ ਹਵਾ ਨੂੰ ਮੋਹਰੇ ਲਾ ਧਰਿਆ। ਸਰਘੀ ਤੋਂ ਅਗਦੋਂ ਝੁੱਲਦੀ ਹਵਾ ਦੀ ਯਾਦ, ਜਿਹੜੀ ਨਿੱਤ ਠੰਢ ਨਿੱਘੀ, ਸੱਜ-ਜੰਮੀ, ਨਵੀਂ ਨਿਰੋਲ ਤੇ ਨਿੱਥਰੀ ਹੋਂਦੀ ਏ। ਮੁੱਕਦੀ ਰਾਤ ਦੀ ਐਹ ਵਾਅ ਰਾਤ ਦੀ ਅੱਤ ਸੁਹਦੀ ਘੜੀ ਹੋਂਦੀ ਏ ਤੇ ਬੰਦੇ ਦੀ ਰੂਹ ਆਉਂਦੇ ਦਿਨ ਦੀ ਆਸ ਨਾਲ ਭਰ ਦੇਂਦੀ ਏ। ਜਿਉਂ-ਜਿਉਂ ਰਾਤ ਲੰਘੀ ਤਿਉਂ-ਤਿਉਂ ਅਚੇਤ ਵਿਚ ਕੱਸ ਕੇ ਬੰਨ੍ਹਿਆਂ ਵਰ੍ਹਿਆਂ ਬੱਧੀਆਂ ਯਾਦਾਂ ਦਾ ਅਟੈਚੀਕੇਸ ਅਚਨਚੇਤ ਇਕਦਮ ਖੁੱਲ੍ਹ ਗਿਆ ਤੇ ਸਭ ਪੁਰਾਣਾ ਬਾਹਰ ਡਿਗ ਪਿਆ।

ਮੈਂ ਮਸਾਂ ਛੇਵੀਂ ਸੱਤਵੀਂ ਵਿਚ ਪੜ੍ਹਦਾ ਸਾਂ। ਦੋ ਚਾਰ ਵਰ੍ਹੇ ਪਹਿਲਾਂ ਅਸੀਂ ਐਥੇ ਕ੍ਰਿਸ਼ਨ ਨਗਰ, ਲਹੌਰ ਚਾਚੇ ਕੋਲ ਆ ਗਏ, ਪਿਓ ਐਵੇਂ ਕੁਝ ਚਿਰ ਲਈ ਬੀਮਾਰ ਹੋਇਆ ਤੇ ਮੁੜ ਸਦਾ ਲਈ ਅੱਖਾਂ ਮੀਟ ਲਈਆਂ, ਮਾਂ ਨੇ ਡਰੀ ਬਿੱਲੀ ਵਾਂਗ ਬਾਲਾਂ ਨੂੰ ਪਿੰਡੇ ਹੇਠ ਲਕੋ ਲਿਆ।

ਟਾਬਰੀ ਨੇ ਇਕ ਕਮਰਾ ਦੂਜੀ ਮੰਜ਼ਲੇ ਪਾ ਦਿੱਤਾ ਤੇ ਕੁਝ ਖਰਚਾ ਲਾ ਦਿੱਤਾ। ਭਰਾਵਾਂ ਵਿਚ ਮੈਂ ਵੱਡਾ ਸਾਂ, ਐਸ ਲਈ ਚਾਚੀ ਘਰ ਤੋਂ ਬਾਹਰ ਦੇ ਸਾਰੇ ਕੰਮਾਂ ਲਈ ਮੈਨੂੰ ਡਾਹ ਲਿਆ ਤੇ ਘਰ ਦੇ ਕੰਮਾਂ ਲਈ ਮੇਰੀ ਵੱਡੀ ਭੈਣ ਮੁਫ਼ਤ ਦੀ ਕਾਮੀ ਲੱਭ ਗਈ। ਚੰਗੀ ਗੱਲ ਐਹ ਸੀ, ਅਸੀਂ ਸਾਰੇ ਸਕੂਲਾਂ ਵਿਚ ਪੈ ਗਏ ਤੇ ਸਾਰੇ ਕਹਿੰਦੇ ਸਨ, ਪੜ੍ਹ ਜਾਣਗੇ ਤੇ ਕੁਝ ਬਣ ਜਾਣਗੇ; ਵੇਲਾ ਔਖਾ ਏ, ਪਰ ਲੰਘ ਜਾਏਗਾ। ਇਕ ਦਿਨ ਪਤਾ ਨਹੀਂ ਚਾਚੀ ਨੂੰ ਕੀਹ ਚਾਅ ਚੜ੍ਹਿਆ, ਓਸ ਪਿੰਡੋਂ ਮੱਝ ਮੰਗਾ ਲਈ। ਪੀਰ ਮੱਕੀ ਸ਼ੇਖ਼ੂਪੁਰੇ ਤੋਂ ਅਗਾਂਹ ਵੱਡੀ ਨਹਿਰ ਉੱਤੇ ਸਾਡੀ ਟਾਬਰੀ ਦੀ ਚੋਖੀ ਜ਼ਮੀਨ ਸੀ, ਜਿਹੜੀ ਮੁੜ ਸਾਂਭੀ ਨਾਂਹ ਗਈ, ਕਿਉਂ ਜੋ ਸਾਰੇ ਸ਼ਹਿਰਾਂ ਵਿਚ ਰਹਿੰਦੇ ਸਨ ਤੇ ਮੁੜ ਨਵੀਂ ਪੀੜ੍ਹੀ ਵੇਚ ਖਾ ਛੱਡੀ।

ਪਰ ਓਦੋਂ ਜ਼ਮੀਨ ਹੈ ਸੀ ਤੇ ਸ਼ੇਰਾ ਕਣਕ, ਚੌਲ, ਗੰਨੇ ਤੇ ਹੋਰ ਸ਼ੈਵਾਂ ਲਿਆਈ ਰੱਖਦਾ ਸੀ। ਚਾਚੀ ਨੂੰ ਖ਼ਾਲਸ ਦੁੱਧ ਦਾ ਬੜਾ ਰੌਲਾ ਸੀ। ਪਹਿਲੇ ਮੈਂ ਸਵੇਰ ਸ਼ਾਮ ਡੋਲ ਲੈ ਕੇ ਗੁੱਜਰਾਂ ਕੋਲੋਂ ਦੁੱਧ ਲੈਣ ਜਾਣਾ, ਪਰ ਚਾਚੀ ਕਹਿਣਾ- ਤੈਨੂੰ ਪਤਾ ਨਹੀਂ ਲੱਗਦਾ, ਉਹ ਪਾਣੀ ਪਾ ਦੇਂਦੇ ਨੇ। ਮੈਂ ਹਮੇਸ਼ ਉਨ੍ਹਾਂ ਦੇ ਚੋਣ ਤੋਂ ਅਗਦੋਂ ਈ ਜਾਂਦਾ ਸਾਂ, ਪਰ ਓਥੇ ਐਨੀਆਂ ਵਲਟੋਹੀਆਂ ਹੋਂਦੀਆਂ ਸਨ, ਪਤਾ ਨਹੀਂ ਚਲਦਾ ਸੀ ਉਨ੍ਹਾਂ ਵਿਚ ਪਹਿਲੇ ਤੋਂ ਪਾਣੀ ਹੈ ਜਾਂ ਨਹੀਂ; ਜਦ ਉਹ ਐਹਨਾਂ ਵਲਟੋਹੀਆਂ ਵਿਚ ਦੁੱਧ ਚੋਂਦੇ ਸਨ। ਭਾਵੇਂ ਐਹ ਗੁੱਜਰ ਸਾਡੇ ਘਰ ਦੇ ਨਾਲ ਦੀ ਗਲੀ ਤੋਂ ਪਾਰ ਰਹਿੰਦੇ ਸਨ। ਵੱਡੇ ਪੱਕੇ ਵੇਹੜੇ ਵਿਚ ਮੱਝਾਂ ਬੰਨ੍ਹੀਆਂ ਹੋਣੀਆਂ ਤੇ ਪਿੱਛੇ ਇਹਨਾਂ ਦੇ ਘਰ ਸਨ।

ਓਦੋਂ ਕ੍ਰਿਸ਼ਨ ਨਗਰ ਵਿਚ ਮੱਝਾਂ ਰੱਖਣ ਦੀ ਮਨਾਹੀ ਨਹੀਂ ਸੀ। ਇਹ ਸੱਠ ਦੇ ਦਹਾਕੇ ਦਾ ਅਖ਼ੀਰ ਸੀ। ਫੇਰ ਸਾਡੇ ਵੇਂਹਦੇ-ਵੇਂਹਦੇ ਸੜਕਾਂ ਪੱਕੀਆਂ ਹੋਈਆਂ, ਸੀਵਰਜ ਆਇਆ ਤੇ ਅਖ਼ੀਰ ਸੱਤਰ ਦੀ ਪੌਂਦ ਵਿਚ ਗੈਸ ਵੀ ਆ ਗਈ। ਇਕ ਦਿਨ ਸਕੂਲੋਂ ਘਰ ਆਇਆ ਤੇ ਸ਼ੇਰਾ ਆਇਆ ਹੋਵੇ ਤੇ ਘਰ ਅੱਗੇ ਮੱਝ ਬੰਨ੍ਹੀ ਹੋਵੇ। ਮਹੱਲੇ ਦੇ ਬਾਲਾਂ ਉਸ ਦੁਆਲੇ ਘੇਰਾ ਕੀਤਾ

ਹੋਇਆ ਸੀ ਤੇ ਬੜੀਆਂ ਸ਼ੋਕ ਭਰੀਆਂ ਅੱਖਾਂ ਨਾਲ ਮੱਝ ਨੂੰ ਵੇਖੀ ਜਾ ਰਹੇ ਸਨ। ਨਵੀਂ ਥਾਂ ਪਾਰੋਂ ਮੱਝ ਕੁਝ ਹਰਿਆਨੀ ਨਾਲ ਤੱਕੇ ਪਈ ਤੇ ਉੱਖੜੀ-ਉੱਖੜੀ ਚਿੰਤਾਵੰਦ ਤੇ ਡਰੀ-ਡਰੀ ਜਾਪੀ। ਇਕ ਵਾਰੀ ਤੇ ਮੈਨੂੰ ਵੀ ਮੱਝ ਦਾ ਚਾਅ ਚੜ੍ਹ ਗਿਆ ਤੇ ਸ਼ੇਰੇ ਮੈਨੂੰ ਹੱਲਾਸ਼ੇਰੀ ਦਿੱਤੀ ਪਈ ਓਸਦੀ ਪਿੱਠ 'ਤੇ ਹੱਥ ਫੇਰਾਂ। ਮੈਨੂੰ ਰਤਾ ਸਾਰ ਨਾਂਹ ਹੋਈ ਪਈ ਐਸ ਚਾਅ ਦਾ ਮੁੱਲ ਵੀ ਮੈਨੂੰ ਤਾਰਨਾ ਪੈਣਾ ਏਂ ਤੇ ਮੱਝ ਦੀ ਭਾਲ-ਸੰਭਾਲ ਮੇਰੇ ਪੇਟੇ ਪੈ ਜਾਣੀ ਏ।

ਚਾਚੀ ਮੈਨੂੰ ਝੱਟ ਪੈਸੇ ਦੇ ਸੈਕਲ ਉੱਤੇ ਤੋਰਿਆ ਮੱਝ ਲਈ ਪੱਠੇ ਲਿਆਵਣ ਲਈ। ਦੁਪਹਿਰ ਦੀ ਰੋਟੀ ਪਿੱਛੋਂ ਸ਼ੇਰੇ ਪਿੰਡ ਤੁਰ ਜਾਣਾ ਸੀ। ਸ਼ੇਰਾ ਜਦ ਆਉਂਦਾ ਸੀ, ਓਸ ਨੂੰ ਬਾਹਰ ਮੰਜੀ ਡਾਹ ਦਿੱਤੀ ਜਾਂਦੀ ਸੀ। ਓਥੇ ਈ ਓਸ ਰੋਟੀ ਖਾਣੀ। ਲੌਂਢੇ ਵੇਲੇ ਚਾਚੇ ਦਫ਼ਤਰੋਂ ਆਉਣਾ, ਸ਼ੇਰੇ ਨਾਲ ਕਿੰਨਾ ਚਿਰ ਜ਼ਮੀਨਾਂ ਦਾ ਲੇਖਾ-ਜੋਖਾ ਕਰਨਾ ਤੇ ਮੁੜ ਓਸ ਨੂੰ ਰਾਹ ਦਾ ਖ਼ਰਚ ਦੇ ਤੋਰਨਾ। ਸ਼ੇਰੇ ਦੀ ਟਹਿਲ ਸੇਵਾ ਮੈਂ ਈ ਕਰਦਾ ਸਾਂ। ਓਸ ਨੂੰ ਰੋਟੀ ਖੁਆਣੀ, ਸਿਗਟ-ਚਾਹ ਦਾ ਧਿਆਨ ਰੱਖਣਾ ਮੇਰੇ ਜ਼ਿੰਮੇ ਸੀ। ਸ਼ੇਰੇ ਮੈਨੂੰ ਕੋਲ ਬਠਾ ਕੇ ਮੱਝ ਨੂੰ ਨਹਾਣਾ ਜ਼ਰੂਰੀ ਸੀ। ਪੱਠੇ ਸਾਬਤ ਵੀ ਦੇਣੇ ਨੇ ਤੇ ਕੱਟੇ ਹੋਏ ਵੀ। ਚੋਕਰ ਚੋਣ ਤੋਂ ਪਹਿਲਾਂ ਪਾਣਾ ਏ, ਸ਼ਟਾਲਾ, ਵੰਡ, ਪੱਠੇ, ਖਲ- ਐਹ ਇਹਨਾਂ ਦੀ ਖ਼ੁਰਾਕ ਏ। ਤੇ ਅਖ਼ੀਰ ਵਿਚ ਮੱਝ ਨਾਲ ਪਿਆਰ ਕਰੇਂਗਾ ਤੇ ਐਹ ਪਿਆਰ ਕਰੇਗੀ, ਰੱਜ ਦੁੱਧ ਵੀ ਦੇਏਗੀ, ਅੜੀ ਨਹੀਂ ਕਰੇਗੀ, ਤੇ ਚਾਚੀ ਵੀ ਖ਼ੁਸ਼ ਰਹੇਗੀ। ਓਸ ਹੱਸ ਕੇ ਮੈਨੂੰ ਛੇੜਿਆ। ਅਖ਼ੀਰੀ ਗੱਲ ਐਸ ਨੂੰ ਕਦੀ ਭੁੱਖੀ ਨਹੀਂ ਰੱਖਣਾ; ਨਹੀਂ ਤਾਂ ਤੈਨੂੰ ਨੇੜੇ ਨਹੀਂ ਲੱਗਣ ਦੇਏਗੀ।

ਸ਼ਾਮਾਂ ਤੀਕ ਮੈਂ ਐਧਰ-ਓਧਰ ਦੇ ਕੰਮਾਂ ਵਿਚ ਰੁੱਝਿਆ ਰਿਹਾ। ਪਰ ਮੈਨੂੰ ਮੱਝ ਦਾ ਹਰ ਦਮ ਖ਼ਿਆਲ ਸੀ। ਮੈਂ ਅਗਦੋਂ ਈ ਓਸ ਲਈ ਪੱਠੇ ਤੇ ਹੋਰ ਸ਼ੈਵਾਂ ਲੈ ਆਇਆ ਸਾਂ ਤੇ ਗੁਆਂਢੀ ਗੁੱਜਾਂ ਵੀ ਕੁਝ ਪੱਠੇ ਮੁਫ਼ਤ ਦੇ ਦਿੱਤੇ ਸਨ। ਸ਼ਾਮੀਂ ਮੈਂ ਰਹਿਮਤ ਗੁੱਜਰ ਨੂੰ ਬੁਲਾ ਕੇ ਲਿਆਇਆ ਤੇ ਓਸ ਮੱਝ ਚੋਈ। ਪਹਿਲਾਂ ਚੋਕਰ ਤੇ ਖਲ ਵੱਡੀ ਪਰਾਤ ਵਿਚ ਓਸ ਨੂੰ ਪਾਈ ਗਈ। ਓਸ ਰੱਜ ਕੇ ਖਾਧੀ ਤੇ ਫੇਰ ਰਹਿਮਤ ਨੇ ਓਸ ਦੀਆਂ ਪਿਛਲੀਆਂ ਦੋਵੇਂ ਲੱਤਾਂ ਰੱਸੇ ਨਾਲ ਇੰਜ ਜੂੜ ਕੇ ਬੰਨ੍ਹ ਦਿੱਤੀਆਂ, ਤਾਂ ਜੋ ਦੁੱਧ ਚੋਣ ਲੱਗਿਆਂ ਓਹ ਦੁਲੱਤੀ ਨਾਂਹ ਮਾਰੇ ਤੇ ਫੇਰ ਓਸ ਨੇ ਮੱਝ ਨੂੰ ਪਸਮਾਣ ਦਾ ਵੱਲ ਦੱਸਿਆ। ਤੇ ਆਖਿਆ ਜਦ ਮੱਝ ਪਸਮ ਜਾਏ, ਫੇਰ ਮੈਨੂੰ ਦੁੱ ਚੋਣ ਲਈ ਸੱਦ ਲਈਂ। ਮੱਝ ਚੋਣ ਲੱਗਿਆਂ ਰਹਿਮੇ ਮੈਨੂੰ ਕੋਲ ਬਠਾ ਲੈਣਾ ਤੇ ਪਹਿਲਾਂ ਇਕ-ਦੋ ਧਾਰਾਂ ਮੇਰੇ ਮੂੰਹ ਵਿਚ ਮਾਰਨੀਆਂ। ਪੰਜਾਹ ਵਰ੍ਹਿਆਂ ਪਿੱਛੋਂ ਵੀ ਮੈਨੂੰ ਕੱਚੇ ਦੁੱਧ ਦਾ ਸਵਾਦ ਚੇਤੇ ਏ।

ਪਰ ਅਸਲ ਔਖ ਘੜੀ ਤਾਂ ਰਾਤ ਨੂੰ ਆਉਣੀ ਸੀ। ਮੈਨੂੰ ਚਾਚੀ ਬੁਲਾ ਆਖਿਆ, "ਤੂੰ ਰਾਤ ਮੱਝ ਦੀ ਰਾਖੀ ਲਈ ਬਾਹਰ ਸੌਣਾ ਏਂ।" ਓਸ ਮੈਨੂੰ ਮੰਜੀ ਦੇ ਦਿੱਤੀ ਤੇ ਆਖਿਆ ਬਿਸਤਰਾ ਮਾਂ ਕੋਲੋਂ ਲੈ ਲਵਾਂ। ਸਵੇਰੇ ਮੈਂ ਮੱਝ ਨੂੰ ਪੱਠੇ ਪਾਣੇ, ਪਸਮਾਣਾ ਤੇ ਰਹਿਮੇ ਕੋਲੋਂ ਚੁਆਣ ਪਿੱਛੋਂ ਸਕੂਲ ਜਾਣਾ ਸੀ। ਮੈਨੂੰ ਐਸ ਕੰਮ ਦਾ ਐਨਾ ਭਾਰ ਨਹੀਂ ਸੀ। ਮੈਂ ਤਾਂ ਰਾਤ ਇਕੱਲੇ ਬਾਹਰ ਸੌਣ ਤੋਂ ਡਰਦਾ ਸਾਂ। ਨੌਂ ਦਸ ਵਜੇ ਈ ਮੈਂ ਮਜੀ ਡਾਹ ਕੇ ਬਾਹਰ ਸੌਣ ਲਈ ਆ ਗਿਆ। ਸਾਹਮਣੇ ਗੁਆਂਢੀਆਂ ਦੇ ਘਰੋਂ ਰੇਡੀਓ ਉੱਤੇ ਹਿੰਦੁਸਤਾਨੀ ਗਾਣਿਆਂ ਦੀਆਂ ਵਾਜਾਂ ਆਂਦੀਆਂ ਰਹੀਆਂ। ਹੌਲੀ-ਹੌਲੀ ਘਰਾਂ ਦੀਆਂ ਬੱਤੀਆਂ ਬੁਝੀਆਂ। ਅੰਤ ਸਾਰੇ ਘਰਾਂ ਦੀਆਂ ਬੱਤੀਆਂ ਬੁਝ ਗਈਆਂ ਤੇ ਮੈਨੂੰ ਨੀਂਦ ਵੀ ਆ ਗਈ। ਮੱਝ ਦੀ ਸੇਵਾ ਪਾਰੋਂ ਤੇ ਬਜ਼ਾਰ ਦੇ ਚੱਕਰ ਲਾ-ਲਾ ਕੇ ਮੈਨੂੰ ਥਕੇਵਾਂ ਵੀ ਸੀ।

ਪਰ ਫੇਰ ਪਤਾ ਨਹੀਂ ਰਾਤ ਦੇ ਕਿਸ ਵੇਲੇ ਮੇਰੀ ਅੱਖ ਖੁੱਲ੍ਹ ਗਈ। ਤੇ ਮੈਂ ਮੂੰਹ ਉੱਤੋਂ ਚਾਦਰ ਹਟਾ ਕੇ ਹਨ੍ਹੇਰੇ ਵਿਚ ਵੇਖਣ ਦਾ ਆਹਰ ਕੀਤਾ। ਗਲੀ ਉੱਕਾ ਸੁੰਞ ਮਸਾਣ। ਮੈਨੂੰ ਪਤਾ ਸੀ ਮਹੱਲੇ ਦੇ ਕੁਝ ਮੁੰਡੇ ਬੜੇ ਬਦਨਾਮ ਸਨ ਤੇ ਦੂਜਿਆਂ ਮੁੰਡਿਆਂ ਨਾਲ 'ਫਿਅਲ'* ਕਰਦੇ ਸਨ। ਓਦੋਂ ਬੰਧ ਤੋਂ ਪਾਰ ਉਜਾੜ ਸੀ ਤੇ ਖੂਹ ਤੇ ਪੈਲੀਆਂ ਹੋਂਦੀਆਂ ਸਨ। ਕਈਆਂ ਵੱਡੇ ਮੁੰਡਿਆਂ ਨਿੱਕਿਆਂ ਨੂੰ ਵਲਾ ਕੇ ਲੈ ਜਾਣਾ ਤੇ ਫ਼ਿਅਲ ਕਰਨੇ। ਕਈਆਂ ਲਿੱਸਿਆਂ ਰੋਜ਼ ਕਾਬੂ ਆ ਜਾਵਣਾ। ਐਵੇਂ ਲੱਗਾ ਕੋਈ ਦੂਰੋਂ ਮੈਨੂੰ ਵੇਖਦਾ ਪਿਆ ਏ। ਮੈਂ ਝੱਟ ਮੂੰਹ ਉੱਤੇ ਚਾਦਰ ਲੈ ਡਰ ਨੂੰ ਵਲਾਣ ਦਾ ਕੀਤਾ। ਕਦੀ ਪੈਰਾਂ ਦੀ ਹੌਲੀ-ਹੌਲੀ ਵਾਜ ਆਵੇ। ਮੈਂ ਦੜ ਵੱਟ ਕੇ ਪਿਆ ਰਿਹਾ। ਜੇ ਨਾਜੀ ਆ ਕੇ ਮੈਨੂੰ ਫੜ ਲਿਆ ਤੇ ਮੇਰੀ ਵਾਜ ਨਹੀਂ ਨਿਕਲਣੀ। ਨਾਜੀ ਸਾਡੀ ਗਲੀ ਦਾ ਸਭ ਤੋਂ ਬਦਨਾਮ ਮੁੰਡਾ ਸੀ। ਨਸ਼ੇ ਵੀ ਕਰਦਾ ਸੀ। ਸੂਟਾ ਆਮ ਲੱਭ ਜਾਂਦਾ ਸੀ। ਬੰਧੋਂ ਪਾਰ ਖੂਹਾਂ ਉੱਤੇ ਭੰਗ ਵੀ ਘੋਟੀ ਜਾਂਦੀ ਸੀ।

ਮੇਰੀ ਨੀਂਦ ਉੱਕਾ ਉੱਡ ਗਈ ਤੇ ਪਤਾ ਨਹੀਂ ਕਿੰਨੀ ਦੇਰ ਡਰਿਆ ਜਾਗਦਾ ਰਿਹਾ। ਫੇਰ ਹੌਲੀ-ਹੌਲੀ ਹਵਾ ਵਗਣੀ ਛੋਹੀ ਤੇ ਮੈਨੂੰ ਲੱਗਾ ਰਾਹ ਹੁਣ ਮੁੱਕਣ ਵਾਲੀ ਏ। ਸਰਘੀ ਤੋਂ ਅਗਦੋਂ ਦੀ ਹਵਾ, ਜੋ ਮੈਂ ਕਈ ਮਹੀਨੇ ਹੰਢਾਈ, ਸਿਆਲ ਵੀ ਹੁਨਾਲ ਵੀ।

ਅਚਨਚੇਤ ਮੈਨੂੰ ਮੱਝ ਦਾ ਖ਼ਿਆਲ ਆਇਆ ਤੇ ਮੇਰਾ ਡਰ ਲਹਿ ਗਿਆ। ਮੱਝ ਮੇਰੇ ਨਾਲ ਈ ਤਾਂ ਬੱਧੀ ਹੋਈ ਸੀ। ਤੇ ਮੈਂ ਨੀਝ ਲਾਈ ਤੇ ਉਹਦੀ ਜੁਗਾਲੀ ਦੀ ਵਾਜ ਆਈ। ਉਹ ਜਾਗਦੀ ਪਈ ਸੀ ਤੇ ਫੇਰ ਓਸ ਉੱਠ ਕੇ ਮੇਰੇ ਵੱਲ ਸਾਹ ਸੁੱਟਿਆ ਤੇ ਗਲ ਦਾ ਸੰਗਲ ਹਿਲਾਇਆ। ਹੈਂ ਮੇਰੇ ਨਾਲ ਤਾਂ ਜਿਊਂਦਾ ਜਾਗਦਾ ਜੀ ਏ ਮੈਨੂੰ ਡਰਨ ਦੀ ਕੀਹ ਲੋੜ ਏ। ਦੂਰੋਂ ਕਿਸੇ ਘਰੋਂ ਖੰਘਣ ਤੇ ਬੱਤੀ ਜਲਾਣ ਦੀ ਵਾਜ ਆਈ। ਨਲਕਿਆਂ ਚੋਂ ਪਾਣੀ ਡਿਗਣ ਦੀ। ਕੁਝ ਘਰਾਂ ਦੇ ਬੁੱਢੇ ਬਾਬੇ ਨਮਾਜ਼ ਲਈ ਤਿਆਰੀ ਫੜਦੇ ਹੋਣੇ ਨੇ। ਫ਼ਜ਼ਲੇ ਤੇ ਹਾਜੀ ਕਮਾਲ ਦਾ ਤੇ ਸਾਰਿਆਂ ਨੂੰ ਪਤਾ ਸੀ। ਹਵਾ ਦੇ ਬੁੱਲੇ ਆਵਣੇ ਤੇ ਗਲੀ ਵਿਚ

ਵਾਵਰੋਲੇ ਬਣਨੇ। ਕਿੰਨੀ ਵੀ ਗਰਮੀ ਹੋਵੇ ਰਾਤ ਦੀ ਅਖ਼ੀਰੀ ਹਵਾ ਹਮੇਸ਼ ਠੰਢੀ ਹੋਂਦੀ ਏ। ਹੌਲੀ-ਹੌਲੀ ਘਰਾਂ ਚੋਂ ਆਉਂਦੀਆਂ ਵਾਜਾਂ ਵਧਦੀਆਂ ਗਈਆਂ-ਪੈਰਾਂ ਦੀਆਂ, ਬੂਹੇ ਬਾਰੀਆਂ ਖੁੱਲ੍ਹਣ ਦੀਆਂ ਤੇ ਫੇਰ ਮਸੀਤ ਤੋਂ ਬਾਂਗ ਦੀ ਵਾਜ ਨੇ ਰਾਤ ਮੁਕਾ ਦਿੱਤੀ।

ਮੈਨੂੰ ਮੂੰਹ ਤੋਂ ਚਾਦਰ ਲਾਹੀ ਤੇ ਉੱਠ ਕੇ ਬਹਿ ਗਿਆ, ਮੱਝ ਸਾਹਮਣੇ ਖਲੋਤੀ ਮੈਨੂੰ ਵੇਖਦੀ ਪਈ ਸੀ। ਪਹਿਲੀ ਵਾਰ ਮੈਂ ਓਸ ਨੂੰ ਨੀਝ ਨਾਲ ਤੱਕਿਆ। ਉਹ ਮਧਰੇ ਕੱਦ ਦੀ ਭਾਰੀ ਮੱਝ ਸੀ। ਚੁੱਪ ਤੇ ਉਦਾਸ ਮੋਟੀਆਂ ਅੱਖਾਂ, ਸਿੰਙ ਉਤਾਂਹ ਨੂੰ ਵਲੇ ਹੋਏ। ਓਸ ਦੇ ਮੂੰਹ ਉੱਤੇ ਵੀ ਅੱਖਾਂ ਤੋਂ ਹੇਠ ਰੱਸਾ ਵਫ ਕੇ ਇਕ ਤਰ੍ਹਾਂ ਮੂੰਹ ਬੰਨ੍ਹਿਆ ਹੋਇਆ ਸੀ ਤੇ ਉਹ ਰੱਸਾ ਵੀ ਗਲ ਵਿਚ ਸੀ। ਮੈਂ ਅਗਾਂਹ ਹੋ ਕੇ ਉਸਦਾ ਉਹ ਰੱਸਾ ਖੋਲ੍ਹ ਦਿੱਤਾ, ਜਿਸ ਨਾਲ ਉਹ ਸੌਖੀ-ਜਿਹੀ ਹੋ ਗਈ ਤੇ ਓਸ ਅਪਣਾ ਮੂੰਹ ਮੇਰੇ ਜੁੱਸੇ ਨਾਲ ਰਗੜਿਆ, ਜਿਵੇਂ ਲਾਡ ਕਰਦੀ ਪਈ ਹੋਵੇ। ਮੈਂ ਮੂੰਹ ਉੱਤੇ ਚਾਦਰ ਲਈ ਤੇ ਨਿਚਿੰਤ ਹੋ ਕੇ ਸੌਂ ਗਿਆ। ਮੁੜ ਮੈਨੂੰ ਸਵੇਰੇ ਮਾਂ ਨੇ ਈ ਜਗਾਇਆ ਤੇ ਮੈਨੂੰ ਮੱਝ ਨੂੰ ਪੱਠੇ ਪਾਉਣ ਤੇ ਪਸਮਾਨ ਦੇ ਆਹਰੇ ਜਾ ਲੱਗਾ।

ਅੱਠ ਦਸ ਮਹੀਨੇ ਮੈਂ ਇੰਜ ਈ ਰੋਜ਼ ਬਾਹਰ ਸੌਂਦਾ ਰਿਹਾ। ਮੈਂ ਇਕ ਨਵਾਂ ਕੰਮ ਪਾਇਆ। ਅਗਲੀ ਰਾਤੀਂ ਮੱਝ ਦਾ ਸੰਗਲ ਲੰਮਾ ਕੀਤਾ ਤੇ ਅਪਣੀ ਮੰਜੀ ਘਰ ਦੀ ਨਾਲੀ ਉੱਤੇ ਡਾਹ ਲਈ। ਮੰਜੀ ਦੇ ਦੋ ਪਾਵੇ ਘਰ ਦੀ ਬਾਹਰਲੀ ਕੰਧ ਨਾਲ ਵਗਦੀ ਨਾਲੀ ਦੀ ਪੱਟੀ ਉੱਤੇ ਵਸਾ ਦਿੱਤੇ ਤੇ ਮੱਝ ਨੂੰ ਆਪਣੇ ਸਾਹਮਣੇ ਕਰ ਲਿਆ। ਹੁਣ ਮੇਰੀ ਮੰਜੀ ਕੰਧ ਨਾਲ ਲੱਗੀ ਸੀ ਤੇ ਮੱਝ ਸਾਹਮਣੇ ਸੀ। ਸੱਜੇ ਹੱਥ ਵਲ। ਜਿਵੇਂ ਮੱਝ ਦਾ ਓਹਲਾ ਕੀਤਾ ਹੋਵੇ। ਪਰ ਐਸ ਨਾਲ ਮੱਝ ਮੇਰੇ ਬਹੁਤ ਨੇੜੇ ਹੋ ਗਈ ਤੇ ਓਸ ਮੇਰੇ ਜੁੱਸੇ ਉੱਤੇ ਮੂੰਹ ਲਿਆ ਕੇ ਜੁਗਾਲੀ ਕਰਨੀ ਤੇ ਮੈਨੂੰ ਸਾਰੀ ਰਾਤ ਓਸ ਦੇ ਸਾਹਵਾਂ ਦੀ ਵਾਜ ਆਉਂਦੀ ਰਹਿਣੀ। ਉਹਦੇ ਸਾਹਵਾਂ ਵਿਚ ਮੈਨੂੰ ਪਾਣੀ ਦੀ ਵਾਜ ਆਉਣੀ। ਸਰਘੀ ਅਗਦੋਂ ਹਵਾ ਝੁੱਲਣੀ, ਤਾਂ ਮੈਨੂੰ ਸਮੁੰਦਰਾਂ ਉੱਤੇ ਵਗਦੀ ਹਵਾ ਦੇ ਸੁਪਨੇ ਆਉਣੇ, ਨਹਿਰਾਂ ਵਿਚ ਮੱਝਾਂ ਨਾਲ ਨਹਾਉਂਦਿਆਂ ਦੇ। ਜ਼ਰੀ ਅੱਖ ਖੁੱਲ੍ਹਣੀ ਉਹਦਾ ਸਾਹ ਮੇਰੇ ਉੱਤੇ ਹੋਣਾ।

ਮੇਰੇ ਸਾਰੇ ਡਰ ਲਹਿ ਗਏ ਤੇ ਮੇਰਾ ਤੇ ਓਸਦਾ ਅਜਬ-ਜੇਹਾ ਸਾਂਗਾ ਬਣ ਗਿਆ। ਮੈਂ ਸਕੂਲੋਂ ਆਉਣਾ ਤੇ ਓਸ ਮੈਨੂੰ ਉਡੀਕਦੀ ਹੋਵਣਾ, ਮੈਂ ਓਸ ਦੀਆਂ ਨਜ਼ਰਾਂ ਸਾਹਮਣੇ ਹੋਵਣਾ, ਤਾਂ ਈ ਓਸ ਖਾਵਣਾ, ਮੈਂ ਨਾਲ ਬੈਠਾ ਹੋਵਾਂ ਤਾਂ ਓਸ ਦੁੱਧ ਚੋਣ ਦੇਵਣਾ। ਰਾਤ ਓਸ ਮੇਰੀ ਮੰਜੀ ਨੂੰ ਸਾਹਮਣਿਓਂ ਇੰਜ ਵਲ ਲੈਣਾ ਪਈ ਕੋਈ ਮੇਰੇ ਨੇੜੇ ਲੱਗਣ ਜੋਗ ਨਾ ਹੋਣਾ।

ਫੇਰ ਇਕ ਦਮ ਰੌਲਾ ਪੈ ਗਿਆ ਮੱਝਾਂ ਕੱਢਣ ਦਾ। ਗੁੱਜਰਾਂ ਚਾਰ ਦੀਵਾਰੀ ਕਰਾਈ। ਪਰ ਫੇਰ ਵੀ ਸਰਕਾਰ ਨਾਂਹ ਮੰਨੀ। ਚਾਚੀ ਨੂੰ ਦੁੱਧ ਦਾ ਬੜਾ ਆਰਾਮ ਸੀ। ਪਰ ਚਾਚਾ ਬੜਾ ਦਬਚੂ ਸੀ; ਓਸ ਝੱਟ ਨਾ ਲਾਇਆ। ਸ਼ੇਰੇ ਨੂੰ ਸੱਦਿਆ ਤੇ ਮੱਝ ਖੋਲ੍ਹ ਓਸ ਨੂੰ ਫੜਾ ਦਿੱਤੀ। ਓਸ ਰਾਤੀਂ ਘਰੋਂ ਬਾਹਰ ਸ਼ੇਰਾ ਈ ਸੁੱਤਾ ਤੇ ਓਸ ਸਾਝਰੇ ਮੱਝ ਨੂੰ ਪੈਦਲ ਪਿੰਡ ਲੈ ਕੇ ਜਾਣਾ ਸੀ। ਮੂੰਹ ਹਨੇਰੇ ਮੈਂ ਦੁੱਧ ਚੁਆਇਆ ਤੇ ਮੇਰਾ ਰੋਣ ਨਿਕਲ ਗਿਆ। ਸ਼ੇਰਾ ਹਰਿਆਨ ਰਹਿ ਗਿਆ। ਓਸ ਰੋਟੀ ਟੁੱਕਰ ਖਾਧਾ, ਕੁਝ ਨਾਲ ਬੱਧਾ ਤੇ ਰਮਕੇ-ਰਮਕੇ ਮੱਝ ਨੂੰ ਤੋਰਦਾ ਲੈ ਤੁਰਿਆ। ਮੈਂ ਸਕੂਲੋਂ ਛੁੱਟੀ ਕੀਤੀ ਤੇ ਸ਼ੇਰੇ ਨੂੰ ਲਾਟ ਸਾਹਿਬ ਦੇ ਦਫ਼ਤਰ ਤੀਕ ਛੱਡਿਆ। ਮੱਝ ਕਿੰਨਾ ਚਿਰ ਮੇਰਾ ਹੱਥ ਚੱਟਦੀ ਰਹੀ ਤੇ ਮੈਂ ਵੀ ਓਸ ਨੂੰ ਕਈ ਵਾਰ ਚੁੰਮਿਆਂ। ਬੱਸ ਸਰਘੀ ਤੋਂ ਅਗਦੋਂ ਝੁੱਲਦੀ ਹਵਾ ਦੀ ਯਾਦ ਰਹਿ ਗਈ; ਜਿਹੜੀ ਨਿੱਤ ਠੰਢ ਨਿੱਘੀ, ਸੱਜ-ਜੰਮੀ ਨਵੀਂ ਨਿਰੋਲ, ਨਿੱਥਰੀ ਹੋਂਦੀ ਏ।

ਮਹੱਲੇ ਦੇ ਓਸ ਇਕੱਠ ਦੇ ਕੁਝ ਦਿਨਾਂ ਪਿਛੋਂ ਇਕ ਦਿਨ ਘਰੋਂ ਬਾਹਰ ਸ਼ਾਮੀਂ ਰੌਲੇ ਦੀਆਂ ਵਾਜਾਂ ਆਈਆਂ। ਅਜੇ ਦਫ਼ਤਰੋਂ ਆਇਆ ਈ ਸਾਂ। ਮੈਂ ਝੱਟ ਬੂਹਾ ਖੋਲ੍ਹਿਆ ਤੇ ਸਾਹਮਣੇ ਗਲੀ ਚੋਂ ਪੁਲਸ ਦੀਆਂ ਦੋ-ਤਿੰਨ ਗੱਡੀਆਂ ਲੰਘੀਆਂ। ਫੇਰ ਇਕ ਐਂਬਿਊਲੈਂਸ, ਫੇਰ ਕੁਝ ਪੈਦਲ ਪੁਲਸੀਏ ਤੇ ਸਾਦੇ ਕੱਪੜਿਆਂ ਵਿਚ ਕੁਝ ਅਮਲਾ ਫੀਲਾ, ਜਿਹਨਾਂ ਹੱਥ ਵਿਚ ਫਾਈਲਾਂ ਫੜ੍ਹੀਆਂ ਹੋਵਣ, ਤੇ ਫੇਰ ਮੱਝਾਂ ਦੀ ਹੇੜ੍ਹ। ਐਨੀਆਂ ਮੱਝਾਂ ਕਿਥੋਂ ਨਿਕਲ ਆਈਆਂ, ਨਾਲੋਂ-ਨਾਲ ਗੁੱਜਰਾਂ ਦੇ ਮੁੰਡੇ ਭੱਜਦੇ ਪਏ ਸਨ, ਤੇ ਅਖ਼ੀਰ ਉੱਤੇ ਉਹ ਗੁੱਜਰ ਨਜ਼ਰੀਂ ਪਿਆ, ਜਿਸ ਨਾਲ ਮੈਂ ਸਲਾਮ ਲੈਂਦਾ ਹੋਂਦਾ ਸਾਂ। ਓਹ ਡੌਰ-ਭੌਰਾ ਪਾਗਲਾਂਹਾਰ ਮੱਝਾਂ ਪਿੱਛੇ ਨੱਸੀ ਜਾਵੇ ਪਿਆ ਤੇ ਓਸ ਮੈਨੂੰ ਤੱਕਿਆ ਵੀ ਨਾਂਹ। ਅਖ਼ੀਰ ਉੱਤੇ ਫੇਰ ਪੁਲਸ, ਐਲ ਡੀ ਏ ਤੇ ਕਾਰਪੋਰਸ਼ਨ ਦੀਆਂ ਗੱਡੀਆਂ ਸਨ। ਤੇ ਕਿੰਨੇ ਢੇਰ ਸਾਰੇ ਬੰਦੇ ਉਨ੍ਹਾਂ ਦੇ ਪਿੱਛੇ ਰੌਲਾ ਪਾਂਦੇ ਆਉਂਦੇ ਪਏ ਸਨ। ਪੁਲਸੀਏ ਹੱਥਾਂ ਵਿਚ ਫੜੇ ਪਸਤੌਲ ਤੇ ਬੰਦੂਕਾਂ ਹਵਾ ਵਿਚ ਲਹਿਰਾਂਦੇ ਪਏ ਸਨ।

ਮੈਂ ਉਨ੍ਹਾਂ ਨੂੰ ਗਲੀ ਵਿਚ ਜਾਂਦੇ ਤੱਕਦਾ ਰਿਹਾ। ਜਦ ਸਾਰੇ ਲੰਘ ਗਏ ਤੇ ਇਕਦਮ ਪਤਾ ਨਹੀਂ ਕਿਥੋਂ ਇਕ ਮੱਝ ਜਿਹੜੀ ਰਾਹ ਭੁੱਲ ਗਈ ਹੋਣੀ ਏਂ, ਗਲੀ ਦੇ ਸੱਜਿਓਂ ਨਿਕਲੀ, ਉਹ ਭੌਂਚਲੀ ਹੋਵੇ ਤੇ ਗੁਆਚੀ ਐਧਰ ਓਧਰ ਤੱਕੇ ਪਈ। ਪਿੱਛੇ-ਪਿੱਛੇ ਬੰਦੇ ਨੱਸਦੇ ਨਿਕਲੇ ਤੇ ਉਹ ਹਫੀ ਸਿੱਧੀ ਮੇਰੇ ਵੱਲ ਆਈ, ਸਾਹਵਾਂ ਦੀ ਹਵਾੜ੍ਹ ਮੈਨੂੰ ਵੱਜੀ। ਮੈਂ ਅੱਜ ਤੀਕ ਮੱਝਾਂ ਤੋਂ ਨਹੀਂ ਡਰਿਆ, ਤੇ ਓਹ ਐਵੇਂ ਇਕ ਪਲ ਮੇਰੇ ਵੱਲ ਵੇਖ ਅਝਕ ਗਈ, ਓਹੋ ਸਦੀਆਂ ਬੱਧੀਆਂ ਚੁੱਪ, ਨਿਮਾਣ ਉਦਾਸ ਅੱਖਾਂ।

• •



# ਮੈਂ ਆਪਣੇ ਆਪ ਨਾਲ ਨਹੀਂ ਲੜਦਾ : ਪਰਮਿੰਦਰ ਸੋਢੀ

ਮੁਲਾਕਾਤੀ : ਦਰਸ਼ਨ ਦਰਵੇਸ਼

? *ਅਜਿਹੀ ਕਿਹੜੀ ਖ਼ੁਸ਼ੀ ਹੈ ਜਿਹੜੀ ਵਾਰ ਵਾਰ ਚੇਤਿਆਂ ਵਿਚ ਖੌਰੂ ਪਾਉਂਦੀ ਹਰ ਵਾਰ ਦੁਗਣੀ ਹੋ ਜਾਂਦੀ ਹੈ ?*
• ਹੁਣ ਵਾਲੇ ਪਲ ਵਿਚ ਚੇਤਿਆਂ ਦਾ ਕੋਈ ਅਰਥ ਨਹੀਂ ਹੁੰਦਾ। ਇਨ੍ਹਾਂ ਨੂੰ ਮੈਂ ਚਿਤਵਦਾ ਤਾਂ ਹਾਂ ਪਰ ਖੌਰੂ ਨਹੀਂ ਪਾਉਣ ਦਿੰਦਾ।

? *ਜ਼ਿੰਦਗੀ ਵਿਚ ਕਿਸ ਘਟਨਾ ਦੇ ਨਸ਼ੇ ਨੇ ਕਦੇ ਅਵੇਸਲਾ ਨਹੀਂ ਹੋਣ ਦਿੱਤਾ ?*
• ਬਾਪ ਦੀ ਮੌਤ ਨੇ, ਆਪਣੇ ਮਿੱਤਰਾਂ ਦੀ ਮੌਤ ਨੇ, ਆਪਣੀਆਂ ਮੁਹੱਬਤਾਂ ਦੇ ਵਿਛੋੜੇ ਨੇ।

? *ਕਿਸ ਗੱਲ ਤੋਂ ਸਭ ਤੋਂ ਜ਼ਿਆਦਾ ਡਰ ਲੱਗਦਾ ਹੈ ?*
• ਆਪਣਿਆਂ ਦੇ ਵਿਛੋੜੇ ਤੋਂ ?

? ਤੁਹਾਡਾ ਸਭ ਤੋਂ ਪਿਆਰਾ ਸੁਪਨਾ ਜਿਹੜਾ ਅੱਜ ਤਕ ਆਇਆ ਹੀ ਨਹੀਂ ?
• ਬਰਾਬਰੀ ਅਤੇ ਇਨਸਾਫ਼ ਭਰੇ ਸਮਾਜ ਦਾ ਸੁਪਨਾ।

? ਅਕਸਰ ਆਪਣੇ ਆਪ ਨਾਲ ਵੀ ਲੜ ਕੇ ਕਦੇ ਜਿੱਤ ਦਾ ਜਸ਼ਨ ਮਨਾਇਆ ਹੈ ?
• ਮੈਂ ਆਪਣੇ ਆਪ ਨਾਲ ਨਹੀਂ ਲੜਦਾ। ਖ਼ੁਦ ਕਲਾਮੀ ਵਿਚ ਕਦੇ ਚੋਣ ਕਰਨ ਦੀ ਸਥਿਤ ਬਣ ਜਾਵੇ ਤਾਂ ਆਪਣੀ ਸੁਬੁੱਧੀ ਦੀ ਵਰਤੋਂ ਕਰਦਾ ਹਾਂ।

? ਜ਼ਿੰਦਗੀ ਵਿਚ ਜਦੋਂ ਜਦੋਂ ਵੀ ਰੋਏ ਹੋ ਕਿਹੋ ਜਿਹੀ ਸਿਰਜਣਾ ਹੋਈ ਹੈ ?
• ਰੋਣ ਦਾ ਕੋਈ ਅਰਥ ਨਹੀਂ ਹੁੰਦਾ। ਰੋਣ ਦੀ ਨੌਬਤ ਵੀ ਘੱਟ ਹੀ ਆਈ ਹੈ। ਪਰ ਉਦਾਸ ਕਈ ਵਾਰ ਹੋਇਆ ਹਾਂ। ਉਦਾਸੀ ਵਿਚੋਂ ਅਕਸਰ ਕਵਿਤਾ ਦੀ ਸਿਰਜਣਾ ਹੁੰਦੀ ਹੈ।

? ਸ਼ੌਕ ਕਿਹੋ ਜਿਹੇ ਨੇ ਜਿਨ੍ਹਾਂ ਲਈ ਖਰਚਦਿਆਂ ਕਦੇ ਹੱਥ ਨਹੀਂ ਖਿੱਚਿਆ ?
• ਕਿਤਾਬਾਂ, ਯਾਤਰਾ ਅਤੇ ਦੋਸਤਾਂ ਨਾਲ ਪਸੰਦੀਦਾ ਥਾਵਾਂ 'ਤੇ ਵਿਚਰਨਾ ਮੇਰੇ ਸ਼ੌਕ ਨੇ। ਇਨ੍ਹਾਂ ਲਈ ਕਦੇ ਹੱਥ ਨਹੀਂ ਖਿੱਚਿਆ।

? *ਦੂਜਿਆਂ ਦੇ ਵਿਅਕਤੀਤਵ ਵਿਚ ਕੀ ਦੇਖ ਕੇ ਜਲਨ ਮਹਿਸੂਸ ਹੋਈ ?*
• ਗ਼ੁੱਸੇ ਵਿਚ ਵੀ ਸਹਿਜ ਬਣਾਈ ਰੱਖਣ ਦਾ ਗੁਣ। ਰਹਿਮਦਿਲੀ ਵਾਲਾ ਗੁਣ ਅਤੇ ਸੰਵੇਦਨਸ਼ੀਲ ਹੋ ਕੇ ਵਿਚਰਨ ਦਾ ਗੁਣ।

? *ਆਪਣੇ ਵਿਅਕਤੀਤਵ ਵਿਚੋਂ ਤੁਸੀਂ ਕੀ ਕੀ ਹਰ ਕਿਸੇ ਨਾਲ ਸਾਂਝਾ ਨਹੀਂ ਕਰਦੇ ?*
• ਮੈਂ ਤਾਂ ਸਭ ਕੁਝ ਸਾਂਝਾ ਕਰ ਸਕਦਾ ਹਾਂ ਪਰ ਇਹ ਤਾਂ ਦੂਜੇ ਦੀ ਸਮਰੱਥਾ ਉੱਪਰ ਵੀ ਨਿਰਭਰ ਕਰਦਾ ਹੈ ਕਿ ਉਹ ਮੇਰੇ ਵਿਅਕਤਿਤਵ ਦਾ ਕਿੰਨਾ ਕੁਝ ਸਵੀਕਾਰ ਕਰ ਸਕਦਾ ਹੈ।

? *ਸਭ ਤੋਂ ਪਿਆਰੀ ਥਾਂ ਕਿਉਂ ਵਾਰ ਵਾਰ ਆਪਣੇ ਵੱਲ ਖਿੱਚਦੀ ਹੈ ?*
• ਕਿਉਂਕਿ ਉਹ ਸਭ ਤੋਂ ਪਿਆਰੀ ਥਾਂ ਹੁੰਦੀ ਹੈ ਅਤੇ ਉਥੇ ਸਹਿਜ ਅਨੰਦ ਸੰਭਵ ਹੁੰਦਾ ਹੈ।

? *ਸਾਹਿਤ ਦੇ ਸਭ ਤੋਂ ਵੱਡੇ ਦੁਸ਼ਮਣ ਨਾਲ ਮਿੱਤਰਤਾ ਕਿਵੇਂ ਹੋਣੀ ਚਾਹੀਦੀ ਹੈ ?*
• ਦੁਸ਼ਮਣੀ ਕਿਸੇ ਸਾਹਿਤਕਾਰ ਨਾਲ ਤਾਂ ਹੋ ਸਕਦੀ ਹੈ, ਪਰ ਸਾਹਿਤ ਨਾਲ ਨਹੀਂ। ਸਾਹਿਤ ਤਾਂ ਇਕ ਚਿਰਕਾਲੀ ਸੂਖ਼ਮ ਵਰਤਾਰਾ ਹੈ। ਉਸ ਨਾਲ ਦੁਸ਼ਮਣੀ ਸੰਭਵ ਨਹੀਂ ਹੁੰਦੀ। ਦੁਸ਼ਮਣੀ ਕਰਨ ਵਾਲਾ ਅੱਜ ਹੈ, ਭਲਕੇ ਹੋਵੇ ਨਾ ਹੋਵੇ ਪਰ ਸਾਹਿਤ ਨੇ ਸਦੀਆਂ ਤਕ ਵਗਦੇ ਰਹਿਣਾ ਹੈ। ਇਸ ਲਈ ਜੇ ਕੋਈ ਸਾਹਿਤ ਦਾ ਦੁਸ਼ਕ ਲੱਗਦਾ ਵੀ ਹੈ ਤਾਂ ਮੇਰੀ ਉਸ ਵਿਚ ਕੋਈ ਦਿਲਚਸਪੀ ਨਹੀਂ ਹੈ। ਨਾ ਦੁਸ਼ਮਣੀ ਦੀ ਨਾ ਮਿੱਤਰਤਾ ਦੀ।

? *ਪਹਿਲੀ ਮੁਹੱਬਤ ਦੀ ਸੁੱਚਤਾ ਨੂੰ ਕਿਸ ਕਵਿਤਾ ਵਿਚ ਕਿਵੇਂ ਬਿਆਨ ਕੀਤਾ ਹੈ ?*
• ਉਹ ਕਵਿਤਾ ਕਾਲਜ ਦੇ ਮੈਗ਼ਜ਼ੀਨ ਵਿਚ ਛਪੀ ਸੀ ਪਰ ਮੈਨੂੰ ਯਾਦ ਨਹੀਂ ਹੈ। ਕਦੇ ਕਾਲਜ ਜਾ ਕੇ ਉਹ ਲੱਭਣ ਦੀ ਮੈਨੂੰ ਵੀ ਤਾਂਘ ਹੈ। ਮੈਂ ਵੀ ਆਪਣੀ ਉਸ ਉਮਰ ਦੀ ਕਵਿਤਾ ਨੂੰ ਪੜ੍ਹਨਾ ਚਾਹੁੰਦਾ ਹਾਂ।

? *ਆਪਣੇ ਕਿਸ ਰੂਪ ਨੂੰ ਕਦੇ ਵੀ ਯਾਦ ਕੀਤਾ ਜਾਣਾ ਪਸੰਦ ਨਹੀਂ ਕਰੋਗੇ ?*
• ਮੈਨੂੰ ਕੋਈ ਕਿਵੇਂ ਯਾਦ ਕਰੇ ਇਹ ਤਾਂ ਯਾਦ ਕਰਨ ਵਾਲੇ ਦੀ ਮਰਜ਼ੀ ਹੈ। ਮੈਂ ਆਮੋ-ਆਮ ਜਿਹਾ ਬੰਦਾ ਹਾਂ ਇਸ ਲਈ ਇਵੇਂ ਹੀ ਪਸੰਦ ਕਰ ਲਵੋਗੇ ਤਾਂ ਧੰਨਵਾਦੀ ਹੋਵਾਂਗਾ। ਬਾਕੀ ਤੇਰੇ ਮੁਹਰੇ ਥਾਨ ਸੁੱਟਿਆ ਭਾਵੇਂ ਲਹਿੰਗਾ ਸੁਆ ਲੈ ਭਾਵੇਂ ਕੁੜਤੀ!

? *ਜੇਕਰ ਪੁਨਰ ਜਨਮ ਵਿਚ ਵਿਸ਼ਵਾਸ ਹੈ ਤਾਂ ਕਿਸ ਰੂਪ ਵਿਚ ਪੈਦਾ ਹੋਣਾ ਚਾਹੋਗੇ ?*
• ਆਪਣੇ ਹੁਣ ਵਾਲੇ ਰੂਪ ਵਿਚ ਹੀ।

? *ਪ੍ਰਾਪਤੀਆਂ ਤੋਂ ਸੰਤੁਸ਼ਟੀ ਅਤੇ ਅਸੰਤੁਸ਼ਟੀ ਵਿਚਕਾਰ ਕੀ ਤੰਗ ਕਰਦਾ ਹੈ ?*
• ਸਮੁੱਚੇ ਜੀਵਨ ਤੋਂ ਮੈਂ ਸੰਤੁਸ਼ਟ ਹਾਂ। ਸਾਹਿਤਕਾਰ ਦੇ ਤੌਰ 'ਤੇ ਮੈਂ ਕਈ ਵਾਰ ਅਸੰਤੁਸ਼ਟ ਮਹਿਸੂਸ ਕਰਦਾ ਹਾਂ। ਲਿਖਣ ਲਈ ਮੈਨੂੰ ਬੜਾ ਘੱਟ ਵਕਤ ਮਿਲਿਆ ਹੈ। ਸਿਰਜਣਾ ਲਈ ਮੈਂ ਹੋਰ ਵੀ ਇਕਾਗਰ ਚਿੱਤ ਯਤਨ ਕਰ ਸਕਦਾ ਸੀ।

? *ਤੁਹਾਨੂੰ ਦੂਜਿਆਂ ਦੀਆਂ ਕਿਹੜੀਆਂ ਗੱਲਾਂ ਤੋਂ ਜਲਨ ਮਹਿਸੂਸ ਹੁੰਦੀ ਹੈ ?*
• ਦੂਜਿਆਂ ਨਾਲ ਜਲਨ ਘੱਟ ਹੀ ਹੁੰਦੀ ਹੈ। ਹਰ ਕੋਈ ਵੱਖਰਾ ਹੈ, ਹਰ ਇਕ ਦੀ ਆਪਣੀ ਜੀਵਨ ਕਹਾਣੀ ਹੈ, ਫੇਰ ਜਲਨ ਕਾਹਦੀ।

? *ਕਿਹੜੀਆਂ ਗੱਲਾਂ ਅਤੇ ਕਿਹੜੇ ਮੌਕਿਆਂ ਉੱਪਰ ਝੂਠ ਬੋਲਣਾ ਪਸੰਦ ਕਰਦੇ ਹੋ ?*
• ਆਲੇ ਦੁਆਲੇ ਦਾ ਸਹਿਜ ਬਣਾਈ ਰੱਖਣ ਵੇਲੇ। ਹੋਰਾਂ ਨੂੰ ਦੁਖੀ ਨਾ ਕਰਨ ਮੌਕੇ।

? *ਕਿਹੜੀ ਆਦਤ ਜਿਹੜੀ ਵਾਰ ਵਾਰ ਬਦਲਣਾ ਚਾਹੁੰਦੇ ਹੋਏ ਵੀ ਬਦਲ ਨਹੀਂ ਸਕੇ ?*
• ਰਾਤੀਂ ਦੇਰ ਨਾਲ ਸੌਣ ਅਤੇ ਸਵੇਰੇ ਦੇਰ ਨਾਲ ਉੱਠਣ ਵਾਲੀ ਆਦਤ।

? *ਕਿਹੋ ਜਿਹੇ ਕੱਪੜਿਆਂ ਵਿਚ ਚੁਸਤ ਦਰੁਸਤ ਮਹਿਸੂਸ ਕਰਦੇ ਹੋ ?*
• ਚੁਸਤੀ ਦਰੁਸਤੀ ਮਨ ਦੀ ਚੜ੍ਹਦੀ ਕਲਾ ਉੱਪਰ ਨਿਰਭਰ ਕਰਦੀ ਹੈ। ਪਰ ਰੰਗ ਪੁਸ਼ਾਕ ਵੱਲੋਂ ਨੀਲੀ ਜੀਨਜ਼ ਅਤੇ ਸਫ਼ੇਦ ਕਮੀਜ਼ ਦਾ ਆਸਰਾ ਲੈਣਾ ਚੰਗਾ ਲੱਗਦਾ ਹੈ।

? *ਤੁਰੰਤ ਆਪਣੀ ਗ਼ਲਤੀ ਉੱਪਰ ਕਿਸ ਤਰ੍ਹਾਂ ਪਰਦਾ ਪਾਉਂਦੇ ਹੋ ?*
• ਚੁੱਪ ਰਹਿ ਕੇ ਜਾਂ ਵਿਸ਼ਾ ਬਦਲ ਕੇ।

? *ਅੱਜ ਤਕ ਅਨਿਆਂ ਦੇ ਖ਼ਿਲਾਫ਼ ਕਿਸ ਰੂਪ ਵਿਚ ਆਵਾਜ਼ ਉਠਾਈ ਹੈ ?*
• ਮਨੁੱਖਾਂ ਦੇ ਉਚੇਰੇ ਗੁਣਾਂ ਬਾਰੇ ਲਿਖ ਕੇ। ਲੇਖਣੀ ਵਿਚ 'ਸਤਿਅਮ ਸ਼ਿਵਮ ਸੁੰਦਰਮ' ਉੱਪਰ ਫ਼ੋਕਸ ਕਰੋ। ਸਾਹਿਤ ਅਤੇ ਨਿੱਜੀ ਜੀਵਨ ਵਿਚ ਹਰ ਤਰ੍ਹਾਂ ਦੀ ਵਿਤਕਰੇਬਾਜ਼ੀ ਨੂੰ ਨਕਾਰ ਕੇ। ਨੇਕ ਧਿਰਾਂ ਨਾਲ ਖੜ੍ਹ ਕੇ।

? *ਜੇਕਰ ਸੰਘਰਸ਼ ਦੀ ਕਹਾਣੀ ਦੋ ਲਾਈਨਾਂ ਵਿਚ ਕਹਿਣੀ ਹੋਵੇ ਤਾਂ ਕਿਵੇਂ ਕਹੋਗੇ ?*

- ਪਹਿਲਾ, ਆਰਥਿਕ ਲੁੱਟ ਕਰਨ ਵਾਲਿਆਂ ਤੇ ਲੁੱਟੇ ਜਾਣ ਵਾਲਿਆਂ ਵਿਚਕਾਰਲਾ ਸੰਘਰਸ਼ ਹੈ। ਦੂਜਾ, ਇਨਸਾਫ਼ ਤੇ ਬੇਇਨਸਾਫ਼ੀ ਵਿਚਲਾ ਸੰਘਰਸ਼ ਹੈ। ਮਨੁੱਖਤਾ ਦਾ ਸਮੁੱਚਾ ਇਤਿਹਾਸ ਹੀ ਇਨ੍ਹਾਂ ਦੋ ਤਰ੍ਹਾਂ ਦੇ ਸੰਘਰਸ਼ਾਂ ਦੀ ਕਹਾਣੀ ਹੈ।

? *ਅਜਿਹਾ ਕੰਮ ਜਿਹੜਾ ਤੁਸੀਂ ਹਰ ਰੋਜ਼ ਸਭ ਤੋਂ ਪਹਿਲਾਂ ਕਰਨ ਲਈ ਉਤਸੁਕ ਰਹਿੰਦੇ ਹੋ, ਲੇਕਿਨ ਅੱਜ ਤਕ ਨਹੀਂ ਕਰ ਸਕੇ ?*
- ਜੋ ਕਰ ਸਕਦਾ ਹਾਂ, ਉਸ ਨੂੰ ਕਰਨ ਵਿਚ ਦੇਰ ਨਹੀਂ ਕਰਦਾ। ਜੋ ਨਹੀਂ ਕਰ ਸਕਦਾ ਉਸ ਬਾਰੇ ਚਿੰਤਨ ਕਰਦਾ ਹਾਂ, ਪਰ ਚਿੰਤਾ ਹਰਗਿਜ਼ ਨਹੀਂ ਕਰਦਾ।

? *ਹਰ ਇੱਛਾ ਪੂਰੀ ਕਰਨ ਦਾ ਮੌਕਾ ਦਿੱਤੇ ਜਾਵੇ ਤਾਂ ਸਭ ਤੋਂ ਪਹਿਲਾਂ ਕਿਹੜੀ ਇੱਛਾ ਪੂਰੀ ਕਰਨੀ ਚਾਹੋਗੇ ?*
- ਆਪਣੀਆਂ ਸਾਰੀਆਂ ਮੁਹੱਬਤਾਂ ਨੂੰ ਇਕ ਵਾਰ ਫੇਰ ਮਿਲ ਕੇ ਕੁਝ ਸਮਾਂ ਫੇਰ ਇਕੱਠੇ ਬਿਤਾਵਾਂਗਾ।

? *ਅਜਿਹਾ ਕੀ ਸੀ ਜੋ ਅਣਮੰਨੇ ਮਨ ਨਾਲ ਕੀਤਾ ਅਤੇ ਅਜੇ ਵੀ ਕਰ ਰਹੇ ਹੋ ?*
- ਕੁਝ ਰਿਸ਼ਤੇ ਅਣਮੰਨੇ ਮਨ ਨਾਲ ਨਿਭਾਈ ਜਾਂਦਾ ਹਾਂ।

? ਜਦੋਂ ਪਹਿਲੀ ਵਾਰ ਜੇਬ ਖਰਚੀ ਮਿਲੀ ਤਾਂ ਤੁਹਾਡੇ ਮਨ ਦੀ ਖ਼ੁਸ਼ੀ ਕਿਹੋ ਜਿਹੀ ਸੀ ?
- ਪਹਿਲੀ ਜੇਬ ਖਰਚੀ ਬਾਰੇ ਕੁਝ ਵੀ ਯਾਦ ਨਹੀਂ। ਉਂਝ ਬਚਪਨ ਵਿਚ ਜੇਬ ਖਰਚੀ ਦਸ ਕੁ ਪੈਸੇ ਮਿਲਦੀ ਹੁੰਦੀ ਸੀ। ਜਿਸ ਨਾਲ ਦੋ ਤਰ੍ਹਾਂ ਦੀ ਅੱਯਾਸ਼ੀ ਕਰਨੀ ਹੁਣ ਵ ਯਾਦ ਹੈ। ਇਕ ਰੰਗਦਾਰ ਕੁਲਫ਼ੀ ਖਾਣ ਤੇ ਦੂਜਾ ਚਿੱਟੇ ਛੋਲਿਆਂ ਦੀ ਪਲੇਟ ਪਾਣੀ।

? *ਦੁਬਾਰਾ ਵੀਹ ਸਾਲ ਦਾ ਹੋਣ ਦਾ ਮੌਕਾ ਦਿੱਤਾ ਜਾਵੇ ਤਾਂ ਸਭ ਤੋਂ ਪਹਿਲਾਂ ਕੀ ਕਰੋਗੇ ?*
- ਕੁਝ ਵੱਡੇ ਸਾਹਿਤਕਾਰਾਂ ਜਾਂ ਕਲਾਕਾਰਾਂ ਨੂੰ ਮਿਲਣ ਜਾਵਾਂਗਾ ਜੋ ਉਦੋਂ ਜਿਉਂਦੇ ਸਨ।

? *ਅੱਜ ਤਕ ਦਾ ਸਭ ਤੋਂ ਯਾਦਗਾਰੀ ਪਲ ਕਿਹੜਾ ਹੈ, ਜਿਸ ਨੂੰ ਲਿਖਣਾ ਬਾਕੀ ਹੈ ?*
- ਇਕ ਨਹੀਂ ਹਜ਼ਾਰਾਂ ਪਲ ਯਾਦਗਾਰੀ ਹੁੰਦੇ ਹਨ। ਮੇਰੀ ਬਹੁਤੀ ਕਵਿਤਾ ਦਾ ਆਧਾਰ ਇਹੀ ਪਲ ਹੁੰਦੇ ਹਨ। ਉਂਝ ਕਦੇ ਆਪਣੀ ਜੀਵਨੀ ਲਿਖਣ ਬੈਠਾ ਤਾਂ ਇਨ੍ਹਾਂ ਦਾ ਖੁੱਲ੍ਹ ਕੇ ਜ਼ਿਕਰ ਕਰਾਂਗਾ।

? *ਮਨਪਸੰਦ ਖਾਣੇ ਕਿਹੜੇ ਹਨ ਅਤੇ ਉਹ ਕਿਉਂ ਹਨ ?*
- ਮੈਂ ਸ਼ਾਕਾਹਾਰੀ ਹਾਂ। ਪੰਜਾਬੀ, ਮੱਕੀ ਦੀ ਰੋਟੀ ਤੇ ਸਾਗ। ਭਾਰਤੀ, ਚਿੱਟੇ ਛੋਲੇ ਤੇ ਬਾਸਮਤੀ ਚੌਲ। ਯੂਰਪੀ ਖਾਣਿਆਂ ਵਿਚ ਪੇਪਰੋਚੀਨੋ। ਜਾਪਾਨ ਦਾ ਯਾਕੀਸੋਬਾ। ਸ੍ਰੀਲੰਕਾ ਦਾ ਰਾਈਸ ਕਰੇ। ਥਾਈਲੈਂਡ ਦੇ ਨੂਡਲਜ਼।

? *ਮਨਪਸੰਦ ਸੰਗੀਤ ਸੁਣਨ ਵੇਲੇ ਆਲੇ ਦੁਆਲੇ ਦਾ ਮਾਹੌਲ ਕਿਹੋ ਜਿਹਾ ਚਾਹੁੰਦੇ ਸੀ ?*
- ਮਨਪਸੰਦ ਸੰਗੀਤ ਸੁਣਨ ਵੇਲੇ ਇਕੱਲਾ ਹੋਣਾ ਚੰਗਾ ਲੱਗਦਾ ਹੈ। ਉਂਝ ਕਿਸੇ ਵੀ ਮਾਹੌਲ ਵਿਚ ਸੰਗੀਤ ਸੁਣਨਾ ਚੰਗਾ ਲੱਗਦਾ ਹੈ।

? *ਤੁਹਾਡੇ ਘਰ ਅਤੇ ਦਫ਼ਤਰ ਵਿਚ ਤੁਹਾਡਾ ਸਭ ਤੋਂ ਪਿਆਰਾ ਕੋਨਾ ਕਿਹੜਾ ਹੈ ?*
- ਘਰ ਵਿਚ ਬਿਸਤਰੇ ਦਾ ਉਹ ਖੂੰਝਾ ਜਿਥੇ ਕਿਤਾਬਾਂ ਪਈਆਂ ਹਨ। ਦਫ਼ਤਰ ਦਾ ਉਹ ਕੋਨਾ ਜਿਥੇ ਮੇਰਾ ਕੰਪਿਊਟਰ ਪਿਆ ਹੈ।

? *ਅਜਿਹਾ ਕੰਮ ਜਿਹੜਾ ਕਦੇ ਵੀ ਨਹੀਂ ਸੀ ਕਰਨਾ ਚਾਹਿਆ, ਪਰ ਉਹੀ ਹੁੰਦਾ ਗਿਆ ?*
- ਉਧਾਰ ਦੇਣ ਨਾਲ ਸਿਰਫ਼ ਪੈਸੇ ਦਾ ਹੀ ਨੁਕਸਾਨ ਨਹੀਂ ਹੁੰਦਾ ਹੈ ਸਗੋਂ ਸੰਬੰਧ ਵੀ ਖਰਾਬ ਹੁੰਦਾ ਹੈ। ਇਹ ਪਤਾ ਹੋਣ ਦੇ ਬਾਵਜੂਦ ਵੀ ਬਾਰ-ਬਾਰ ਦੇਈ ਜਾਂਦਾ ਹਾਂ।

? *ਤੁਹਾਡੇ ਮੂੰਹੋਂ ਆਪਣੀ ਕਿਹੜੀ ਖ਼ਾਸੀਅਤ ਦੱਸਦਿਆਂ ਚਾਅ ਚੜ੍ਹ ਜਾਂਦਾ ਹੈ ?*
- ਆਪਣੀ ਕਿਸੇ ਖ਼ਾਸੀਅਤ ਬਾਰੇ ਸੋਚ ਕੇ ਹਉਮੈ ਦੇ ਚੱਕਰ ਵਿਚ ਪੈਣ ਤੋਂ ਬਚਦਾ ਹਾਂ। ਪਰ ਮੈਨੂੰ ਦੋਸਤੀਆਂ ਅਤੇ ਮੁਹੱਬਤਾਂ ਕਰਨ ਨਾਲ ਖ਼ੁਸ਼ੀ ਹੁੰਦੀ ਹੈ।

? *ਆਪਣੇ ਘਰ ਵਿਚ ਸਭ ਤੋਂ ਪਿਆਰਾ ਦਿਨ ਕਿਹੜਾ ਬਿਤਾਇਆ ਹੈ ?*

- 'ਸਭ ਤੋਂ ਪਿਆਰਾਂ' ਕੁਝ ਨਹੀਂ ਹੁੰਦਾ। ਇਹ ਇਕ ਖ਼ਿਆਲੀ ਚੀਜ਼ ਹੈ। ਹਰ ਦਿਨ ਬੜਾ ਕੁਝ ਪਿਆਰਾ ਵਾਪਰਦਾ ਹੈ ਜਿਨ੍ਹਾਂ ਦੀ ਆਪਸ ਵਿਚ ਤੁਲਨਾ ਨਹੀਂ ਹੋ ਸਕਦੀ। ਇਸ ਲਈ ਘਰ ਵਿਚ ਹਰ ਰੋਜ਼ ਹੀ ਕੁਝ ਨਾ ਕੁਝ ਪਿਆਰਾ ਵਾਪਰਦਾ ਹੀ ਰਹਿੰਦਾ ਹੈ।

? *ਉਹ ਬੁਰੀ ਆਦਤ ਜਿਸ ਨੂੰ ਤੁਸੀਂ ਸਭ ਤੋਂ ਵੱਧ ਪਿਆਰ ਕਰਦੇ ਹੋ ?*
- ਆਪਣੇ ਤੋਂ ਉਮਰ ਵਿਚ ਛੋਟਿਆਂ ਨੂੰ ਵੀ ਤੇ ਵੱਡਿਆਂ ਨੂੰ ਵੀ ਰੁਮਾਂਚਿਕ ਤੇ ਖ਼ਿਆਲੀ ਜਿਹਾ ਪਿਆਰ ਕਰਨ ਲੱਗ ਜਾਣਾ।

? *ਸਟੱਡੀ ਰੂਮ ਵਿਚ ਰੱਖੇ ਟੇਬਲ ਉੱਪਰ ਕੀ ਕੀ ਸਜਾ ਕੇ ਰੱਖਣਾ ਪਸੰਦ ਕਰਦੇ ਹੋ ?*
- ਬਹੁਤ ਸਾਰੇ ਪੈੱਨ ਅਤੇ ਕਾਗ਼ਜ਼।

? *ਘਰ ਛੱਡਣ ਵੇਲੇ ਕਿਹੜੀਆਂ ਕਿਹੜੀਆਂ ਚੀਜ਼ਾਂ ਨਾਲ ਲੈ ਕੇ ਜਾਣਾ ਪਸੰਦ ਕਰੋਗੇ ?*
- ਕੰਮ 'ਤੇ ਜਾਣ ਵੇਲੇ ਬਟੂਆ ਅਤੇ ਮੋਬਾਇਲ ਫ਼ੋਨ। ਲੰਬੇ ਸਫ਼ਰ 'ਤੇ ਜਾਣ ਲੱਗੇ ਪਰਿਵਾਰ ਦਾ ਮੋਹ ਪਿਆਰ। ਜੇ ਘਰ ਛੱਡਣ ਦਾ ਖ਼ਿਆਲ ਬੁੱਧ ਵਾਲਾ ਹੈ ਤਾਂ ਉਹ ਮੈਂ ਨਹੀਂ ਕਰਨਾ। ਜੇ ਘਰ ਛੱਡਣ ਦਾ ਭਾਵ ਮੌਤ ਤੋਂ ਹੈ ਤਾਂ ਵੀ ਮੈਂ ਆਪਣੇ ਨਾਲ ਕੋਈ ਚੀਜ਼ ਨਹੀਂ ਲਿਜਾ ਸਕਦਾ।

? ਉਹ ਗੱਲ ਦੱਸੋ ਜਿਹੜੀ ਤੁਸੀਂ ਕਦੇ ਵੀ ਕਿਸੇ ਨੂੰ ਨਹੀਂ ਦੱਸਣੀ ਚਾਹੁੰਦੇ ?
- ਇਹੋ ਜਿਹੀ ਕੋਈ ਗੱਲ ਹੋਵੇ ਜੋ ਕਿਸੇ ਨੂੰ ਵੀ ਦੱਸਣੀ ਨਾ ਚਾਹੁੰਦਾ ਹੋਵਾਂ ਤਾ ਫੇਰ ਤੁਹਾਨੂੰ ਕਿਉਂ ਦੱਸਾਂਗਾ। ਉਂਝ ਦੱਸਦਾ ਹਾਂ ਕਿ 'ਕਾਮ ਕ੍ਰੋਧ ਲੋਭ ਮੋਹ ਹੰਕਾਰ' ਮੈਨੂੰ ਵੀ ਅਕਸਰ ਘੇਰ ਲੈਂਦੇ ਹਨ। ਇਹ ਮਨੁੱਖੀ ਹਸਤੀ ਦਾ ਅਨਿਵਾਰੀ ਅੰਗ ਹਨ। ਇਸ ਦਾ ਤੁਹਾਡੀ ਉਮਰ ਅਤੇ ਰੁਤਬੇ ਨਾਲ ਕੋਈ ਸੰਬੰਧ ਨਹੀਂ ਹੈ।

? *ਤੁਸੀਂ ਆਪਣੇ ਪਰਸ ਵਿਚ ਸਭ ਤੋਂ ਵੱਧ ਕੀ ਸੰਭਾਲ ਕੇ ਰੱਖਦੇ ਹੋ ?*
- ਪੈਸੇ। ਕਿਉਂਕਿ ਪਰਸ ਹੁੰਦਾ ਹੀ ਇਸੇ ਕੰਮ ਲਈ ਹੈ।

? *ਆਪਣੀ ਕਿਹੜੀ ਇੱਛਾ ਪੂਰਤੀ ਲਈ ਅੱਤ ਦੇ ਰੁਝੇਵੇਂ 'ਚੋਂ ਵੀ ਵਕਤ ਕੱਢ ਹੀ ਲੈਂਦੇ ਹੋ ?*
- ਮਿੱਤਰ ਪਿਆਰਿਆਂ ਨਾਲ ਗੱਲਾਂ ਕਰਨ ਲਈ ਅਤੇ ਉਨ੍ਹਾਂ ਦੇ ਅੰਗ-ਸੰਗ ਹੋਣ ਲਈ।

? *ਕਿਹੜੀ ਚੀਜ਼ ਹੈ ਜਿਹੜੀ ਤੁਹਾਨੂੰ ਹਰ ਸਮੇਂ ਚੁਸਤ ਦਰੁਸਤ ਰੱਖਦੀ ਹੈ ?*
- ਮੋਹ-ਪਿਆਰ-ਮੁਹੱਬਤ। ਇਸ਼ਕ ਮੁਹਬਦਿ ਨਾਨਕਾ ਲੇਖਾ ਕਰਤੇ ਪਾਸਿ।

? ਉਹ ਖ਼ੂਬਸੂਰਤ ਪਲ ਜਿਹੜਾ ਤੁਸੀਂ ਸਭ ਤੋਂ ਵੱਧ ਅਤੇ ਵਾਰ ਵਾਰ ਜੀਵਿਆ ਹੈ ?
- ਕੁਦਰਤ ਅਤੇ ਪਿਆਰੇ ਕੋਲ ਬਿਤਾਏ ਪਲ।

? *ਉਹ ਕੌਣ ਹੈ ਜਿਸ ਨਾਲ ਤੁਸੀਂ ਆਪਣੇ ਮਨ ਦਾ ਹਰੇਕ ਕੋਨਾ ਸਾਂਝਾ ਕਰ ਲੈਂਦੇ ਹੋ ?*
- 'ਹੁਣ ਅਤੇ ਇਥੇ' ਵਾਲੇ ਪਲ ਵਿਚ ਆਪਣੇ ਨੇੜੇ ਹੋਣ ਵਾਲੇ ਕਿਸੇ ਵੀ ਮਨੁੱਖ ਨਾਲ ਆਪਣੀ ਹਰ ਗੱਲ ਸਾਂਝੀ ਕਰ ਸਕਦਾ ਹਾਂ। ਬਸ ਸ਼ਰਤ ਇਹ ਹੁੰਦੀ ਹੈ ਕਿ ਉਸ ਦੇ ਵਿਵਹਾਰ ਵਿਚੋਂ ਸੁਹਿਰਦਤਾ ਨਜ਼ਰ ਆਉਂਦੀ ਹੋਵੇ।

? *ਜੇਕਰ ਇਕ ਮਹੀਨੇ ਦੀਆਂ ਛੁੱਟੀਆਂ ਮਿਲ ਜਾਣ ਤਾਂ ਕਿਸ ਤਰ੍ਹਾਂ ਬਿਤਾਉਣੀਆਂ ਪਸੰਦ ਕਰੋਗੇ ?*
- ਕਿਸੇ ਮੁਹੱਬਤੀ ਚਿਹਰੇ ਨਾਲ ਕੁਦਰਤ ਦੇ ਨੇੜੇ ਬਿਤਾਉਣਾ ਪਸੰਦ ਕਰਾਂਗਾ।

? *ਹਰੇਕ ਇਨਸਾਨ ਦੀਆਂ ਕਿਹੜੀਆਂ ਪੰਜ ਖ਼ੂਬੀਆਂ ਤੁਸੀਂ ਪਸੰਦ ਕਰਦੇ ਹੋ ?*
- ਪਹਿਲੀ, ਪਿਆਰ ਦੀ ਮੁਹੱਤਤਾ ਨੂੰ ਸਮਝ ਸਕਣ ਦੀ ਖ਼ੂਬੀ। ਦੂਜੀ, ਰਿਸ਼ਤਿਆਂ ਦਾ ਆਧਾਰ ਆਦਰ ਨੂੰ ਸਮਝ ਸਕਣ ਦੀ ਖ਼ੂਬੀ। ਤੀਜੀ, ਨਿਮਰਤਾ। ਚੌਥੀ, ਰਹਿਮਦਿਲੀ ਅਤੇ ਪੰਜਵੀਂ, ਕੋਮਲ-ਸੂਖ਼ਮ ਗੱਲਾਂ ਦੀ ਮਹੱਤਤਾ ਸਮਝ ਸਕਣ ਦੀ ਖ਼ੂਬੀ।

? *ਤੁਸੀਂ ਕਿਹੜੀ ਫ਼ਿਲਮ ਜਾਂ ਪੜ੍ਹੀ ਹੋਈ ਰਚਨਾ ਦੇ ਕਿਸ ਕਿਰਦਾਰ ਵਰਗੀ ਜ਼ਿੰਦਗੀ ਜਿਊਣ ਦੀ ਕਦੇ ਲਾਲਸਾ ਕੀਤੀ ਸੀ ?*
- ਕਿਸੇ ਵੀ ਕਿਰਦਾਰ ਵਰਗਾ ਜਿਉਣ ਦੀ ਲਾਲਸਾ ਨਹੀਂ ਕੀਤੀ। ਹਰ ਬੰਦਾ ਆਪਣੀ ਜੀਵਨ ਕਹਾਣੀ ਦਾ ਹੀਰੋ

ਹੁੰਦਾ ਹੈ, ਹੋਰਾਂ ਵਰਗਾ ਹੋਣ ਦੀ ਲਾਲਸਾ ਉਸ ਨੂੰ ਆਪਣ ਹੀ ਕਹਾਣੀ ਵਿਚ ਇਕ ਫ਼ਾਲਤੂ ਦਾ ਕਿਰਦਾਰ ਬਣਾ ਸਕਦਾ ਹੈ।

? *ਆਪਣੇ ਮਾਂ ਬਾਪ ਨਾਲ ਬਿਤਾਇਆ ਹੋਇਆ ਸਭ ਤੋਂ ਸ਼ਾਨਦਾਰ ਪਲ ?*

- ਬਹੁਤ ਸਾਰੇ ਸ਼ਾਨਦਾਰ ਪਲ ਬਿਤਾਏ ਹਨ। ਸਭ ਤੋਂ ਸ਼ਾਨਦਾਰ ਪਲ ਵਰਗੀ ਕੋਈ ਚੀਜ਼ ਨਹੀਂ ਹੁੰਦੀ।

? *ਤੁਹਾਡਾ ਰੋਡ ਸਾਈਡ ਫੇਵਰਟ ਫੂਡ ਕਿਹੜਾ ਹੈ ?*

- ਪੰਜਾਬੀ ਜਾਂ ਭਾਰਤੀ ਢਾਬਿਆਂ 'ਤੇ ਕਈ ਵਾਰ ਬਹੁਤ ਸਾਦਾ ਅਤੇ ਸੁਆਦ ਰੋਟੀ ਖਾ ਕੇ ਚੰਗਾ ਲੱਗਦਾ ਹੈ।

? *ਤੁਸੀਂ ਅੱਜ ਤਕ ਦਾ ਸਭ ਤੋਂ ਮਹਿੰਗਾ ਖਾਣਾ ਕਦੋਂ ਅਤੇ ਕਿੱਥੇ ਖਾਧਾ ?*

- ਹਲਿਟਨ ਹੋਟਲ ਵਿਚ ਆਪਣੀ ਬੇਟੀ ਦੇ ਜਨਮ ਦਿਨ 'ਤੇ।

? *ਤੁਹਾਨੂੰ ਕਿਸੇ ਮਜਬੂਰੀ ਵੱਸ ਸਭ ਤੋਂ ਸਸਤਾ ਖਾਣਾ ਕਦੋਂ ਅਤੇ ਕਿੱਥੇ ਖਾਣਾ ਪਿਆ ?*

- ਮਜਬੂਰੀ ਵੱਸ ਦਾ ਤਾਂ ਯਾਦ ਨਹੀਂ ਪਰ ਸਸਤਾ ਤੇ ਸਾਫ਼ ਸੁਥਰਾ ਖਾਣਾ ਮੈਂ ਬੜੀ ਵਾਰ ਖਾਧਾ ਹੈ। ਪਿਛਲੀ ਭਾਰਤ ਫੇਰੀ ਸਮੇਂ ਮੈਂ ਤੀਹ ਰੁਪਏ ਵਿਚ ਚੌਲ ਤੇ ਚਿੱਟੇ ਛੋਲੇ ਖਾਧੇ ਜੋ ਬਹੁਤ ਸਵਾਦ ਵੀ ਸਨ। ਸਭ ਤੋਂ ਸਸਤਾ ਖਾਣਾ ਸ਼ਾਇਦ ਸਕੂਲ ਦੇ ਦਿਨਾਂ ਵਿਚ ਕਿਸੇ ਖੇਡ ਮੁਕਾਬਲੇ ਵਿਚ ਸ਼ਾਮਿਲ ਹੋਣ ਗਏ ਨੇ ਖਾਧਾ ਸੀ।

? *ਇਕ ਖ਼ੂਬਸੂਰਤ ਘਰ ਕਿਹੋ ਜਿਹਾ ਹੋਣਾ ਚਾਹੀਦਾ ਹੈ ?*

- ਜਿਥੇ ਮਾਹੌਲ ਨਿੱਘਾ ਹੋਵੇ ਅਤੇ ਸਾਰਿਆਂ ਨੂੰ ਖ਼ੁਸ਼ ਰਹਿਣ ਦਾ ਅਵਸਰ ਮਿਲੇ।

? *ਭਾਰਤੀ ਇਤਿਹਾਸ ਵਿਚ ਤੁਹਾਡਾ ਸਭ ਤੋਂ ਪਿਆਰਾ ਨਾਇਕ ਕੌਣ ਹੈ ?*

- ਗੁਰੂ ਗੋਬਿੰਦ ਸਿੰਘ।

? *ਫੁਰਸਤ ਦੇ ਪਲਾਂ ਵਿਚ ਆਪਣੇ ਆਪ ਲਈ ਕਿੰਨਾ ਕੁ ਜਿਉਂਦੇ ਹੋ ?*

- ਬਹੁਤ ਸਾਰਾ।

? *ਤੁਹਾਨੂੰ ਕਿਹੜੀਆਂ ਅਤੇ ਕਿਹੋ ਜਿਹੀਆਂ ਗੱਲਾਂ ਉੱਪਰ ਹਾਸਾ ਆਉਂਦਾ ਹੈ ?*

- ਮੇਰੇ ਕੋਲ ਲਤੀਫ਼ਿਆਂ ਦੀਆਂ ਬਹੁਤ ਸਾਰੀਆਂ ਕਿਤਾਬਾਂ ਪਈਆਂ ਹਨ। ਕੋਈ ਵੀ ਦਿਲਚਸਪ ਚੁਟਕਲਾ ਪੜ੍ਹ ਸੁਣ ਕੇ ਮੈਨੂੰ ਬੜਾ ਹਾਸਾ ਆਉਂਦਾ ਹੈ ਜਾਂ ਫੇਰ ਕਿਸੇ ਦਾ ਪੈਸੇ, ਰੁਤਬੇ, ਜਾਤ, ਧਰਮ ਜਾਂ ਕੌਮੀਅਤ ਦੀ ਪੌੜੀ ਉੱਪਰ ਖੜ ਕੇ ਆਪਣੇ ਆਪ ਨੂੰ ਖ਼ਾਸ ਸਮਝਦੇ ਹੋਏ ਵਿਵਹਾਰ ਕਰਦਾ ਦੇਖ ਵੀ ਮੈਨੂੰ ਅੰਦਰੋਂ-ਅੰਦਰ ਬਹੁਤ ਹਾਸਾ ਆਉਂਦਾ ਹੈ।

? *ਕੀ ਕਦੇ ਜ਼ਿੰਦਗੀ ਵਿਚ ਸ਼ਰਮਿੰਦਾ ਵੀ ਹੋਣਾ ਪਿਆ ਹੈ ਜਾਂ ਨਹੀਂ ?*

- ਮੈਂ ਆਮ ਜਿਹਾ ਮਨੁੱਖ ਹਾਂ। ਇਸ ਲਈ ਸੁਭਾਵਿਕ ਹੈ ਕਿ ਸਮਾਜਿਕ ਵਿਵਹਾਰ ਕਰਦੇ ਸਮੇਂ ਕਈ ਵਾਰ ਗ਼ਲਤੀਆਂ ਕੀਤੀਆਂ ਹੋਣਗੀਆਂ ਅਤੇ ਸ਼ਰਮਿੰਦਾ ਵੀ ਹੋਣਾ ਪਿਆ ਹੋਵੇਗਾ।

? *ਕਿਹੋ ਜਿਹੀਆਂ ਸਥਿਤੀਆਂ ਵਿਚ ਪਰਮਿੰਦਰ ਸੋਢੀ ਦੇ ਮੱਥੇ ਉੱਪਰ ਆਪਣੇ ਆਪ ਲਈ ਤਿਊੜੀ ਪੈਦਾ ਹੁੰਦੀ ਹੈ ?*

- ਜਦੋਂ ਕਦੇ ਛੋਟੇ ਦਿਲ ਨਾਲ ਸੋਚਦਾ ਹਾਂ ਤਾਂ ਖ਼ਿਆਲ ਆਉਂਦਾ ਹੈ ਕਿ ਛਿਣ ਭੰਗੁਰ ਜ਼ਿੰਦਗੀ ਹੈ, ਫੇਰ ਕੰਜੂਸਾਂ ਵਾਂਗ ਕੀ ਸੋਚਣਾ ਤੇ ਕੀ ਜਿਊਣਾ।

? *ਸਭ ਤੋਂ ਮਨਪਸੰਦ ਫ਼ਿਲਮ ਨੂੰ ਆਪਣੇ ਕਿਸ ਕੋਨੇ ਵਿਚ ਸੁਰੱਖਿਅਤ ਰੱਖਦੇ ਹੋ ?*

- ਆਪਣੀ ਯਾਦਦਾਸ਼ਤ ਵਿਚ ਤਾਂ ਕਿ ਬਾਰ ਬਾਰ ਦੇਖ ਸਕਾਂ। ਮੇਰੀਆਂ ਮਨਪਸੰਦ ਫ਼ਿਲਮਾਂ ਵਿਚ ਚਾਰ ਖ਼ਾਸ ਹਨ —ਸਿਦਰਜ਼ ਲਿਸਟ (Schindler's List)। ਇਹ ਯੁੱਧ ਦੀ ਭਿਆਨਕਤਾ ਬਾਰੇ ਹੈ। ਸਿਟੀ ਆਫ਼ ਏਨਲਜ਼ (City of Angels)। ਇਹ ਮੁਹੱਬਤ ਦੀ ਮਹੱਤਤਾ ਬਾਰੇ ਹੈ। ਮਿਸਟਰ ਜੋਨਜ਼ (Mr. Jones)। ਇਹ ਸ਼ਿੱਦਤ ਨਾਲ ਜਿਉਣ ਬਾਰੇ ਹੈ। ਸੈੱਟ ਆਫ਼ ਵੁਮੈਨ (Scent of Woman)। ਇਹ ਔਰਤ ਦੀ ਮਹੱਤਤਾ ਬਾਰੇ ਹੈ।

? *ਕੋਈ ਅਜਿਹਾ ਕੌੜਾ ਸੱਚਾ ਜਿਸ ਨੂੰ ਦੱਸਦਿਆਂ ਮਾਣ ਮਹਿਸੂਸ ਹੁੰਦਾ ਹੋਵੇ ?*

- ਕਈ ਲੋਕਾਂ ਨੇ ਧੋਖਾ ਦਿੱਤਾ ਪਰ ਮਨੁੱਖ ਦੀ ਨੇਕੀ ਉੱਪਰ ਯਕੀਨ ਫੇਰ ਵੀ ਬਣਿਆ ਰਿਹਾ। ਮੁਹੱਬਤ ਵਿਚ ਕਈ ਵਾਰ ਦੁੱਖ ਭੋਗਣਾ ਪਿਆ ਹੈ।

? *ਸੁਰਖੀਆਂ ਵਿਚ ਕਿੰਨਾ ਕੁ ਅਤੇ ਸ਼ਾਂਤੀ ਵਿਚ ਕਿੰਨਾ ਕੁ ਰਹਿਣਾ ਪਸੰਦ ਹੈ ?*
- ਲੇਖਕ ਸਾਡੇ ਅਖ਼ਬਾਰਾਂ ਦੀਆਂ ਸੁਰਖੀਆਂ ਕਦੋਂ ਬਣਦੇ ਹਨ ? ਦੁਆ ਕਰੋ ਉਸ ਵਕਤ ਲਈ ਜਦੋਂ ਪੰਜਾਬੀ ਦੇ ਲੇਖਕ, ਕਲਾਕਾਰ ਅਤੇ ਦਾਨਿਸ਼ਵਰ ਵੀ ਸੁਰਖੀਆਂ ਬਣਨਗੇ। ਇਹ ਪੰਜਾਬ ਦੀ ਬੌਧਿਕ ਅਮੀਰੀ ਦੀ ਨਿਸ਼ਾਨੀ ਹੋਵੇਗੀ। ਨਿੱਜੀ ਪੱਧਰ 'ਤੇ ਮੇਰੇ ਲਈ ਇਹ ਸਮਾਜ ਦੇ ਸ਼ੀਸ਼ੇ ਵਿਚ ਆਪਣਾ ਅਕਸ ਦੇਖਣ ਦਾ ਵਸੀਲਾ ਹੋ ਸਕਦੀਆਂ ਹਨ। ਪਰ ਇਹ ਥੋੜ-ਚਿਰੀ ਹੁੰਦੀਆਂ ਹਨ ਤੇ ਇਸ ਲਈ ਇਨ੍ਹਾਂ ਬਾਰੇ ਮੈਨੂੰ ਕੋਈ ਭੁਲੇਖਾ ਨਹੀਂ ਹੈ। ਹਰੀ ਗੱਲ ਸ਼ਾਂਤੀ ਵਿਚ ਰਹਿਣ ਦੀ ? ਮੈਨੂੰ ਸਦਾ ਹੀ ਸ਼ਾਂਤੀ ਵਿਚ ਰਹਿਣਾ ਪਸੰਦ ਹੈ। ਰੁਝੇਵੇਂ ਸਮੇਂ ਵੀ ਮੈਨੂੰ 'ਓਮ ! ਸ਼ਾਂਤੀ ਸ਼ਾਂਤੀ ਸ਼ਾਂਤੀ' ਦਾ ਜਾਪ ਕਰਨਾ ਚੰਗਾ ਲੱਗਦਾ ਹੈ।

? *ਜ਼ਿੰਦਗੀ ਵਿਚ ਕਿਹੜਾ ਆਨੰਦ ਸਕੂਨ ਦਿੰਦਾ ਹੈ, ਜਿਸਮਾਨੀ ਜਾਂ ਰੂਹਾਨੀ ?*
- ਜਿਸਮਾਨੀ ਅਤੇ ਰੂਹਾਨੀ ਦੋਵੇਂ ਹੀ ਆਨੰਦ ਸਕੂਨ ਦਿੰਦੇ ਹਨ। ਵੈਸੇ ਇਹ ਆਪਸ ਵਿਚ ਜੁੜੇ ਹੋਏ ਹੀ ਹਨ।

? *ਜ਼ਿੰਦਗੀ ਦਾ ਸਭ ਤੋਂ ਵੱਡਾ ਸਬਕ ਕਦੋਂ, ਕਿੱਥੇ, ਕਿਸ ਕੋਲੋਂ ਮਿਲਿਆ ਸੀ ?*
- ਫੇਰ 'ਸਭ ਤੋਂ ਵੱਡਾ'। ਸਬਕ ਤਾਂ ਸਬਕ ਹਨ, ਕੀ ਵੱਡਾ ਤੇ ਕੀ ਸਭ ਤੋਂ ਛੋਟਾ। ਕਦੋਂ ? ਸਬਕ ਤਾਂ ਨਿੱਤ ਨਵੇਂ ਮਿਲਦੇ ਰਹਿੰਦੇ ਹਨ। ਕਿੱਥੇ—ਕਦੇ ਧਰਤੀ ਦੇ ਇਸ ਕੋਨੇ ਤੋਂ, ਕਦੇ ਉਸ ਕੋਨੇ ਤੋਂ। ਕਿਸ ਕੋਲੋਂ—ਕਦੇ ਆਪਣਿਆਂ ਕੋਲੋਂ, ਕਦੇ ਅਨਜਾਣ ਲੋਕਾਂ ਤੋਂ।

? *ਜੇਕਰ ਤੁਹਾਨੂੰ ਦੇਸ਼ ਦੇ ਕਿਸੇ ਇਤਿਹਾਸਕ ਦੌਰ ਵਿਚ ਰਹਿਣ ਅਤੇ ਓਵੇਂ ਹੀ ਜੀਣ ਵਾਸਤੇ ਆਖਿਆ ਜਾਵੇ ਤਾਂ ਤੁਸੀਂ ਕਿਸ ਦੌਰ ਵਿਚ ਜਾਣਾ ਪਸੰਦ ਕਰੋਗੇ ?*
- ਕਿਸੇ ਵੀ ਦੌਰ ਵਿਚ ਨਹੀਂ। ਮਨੁੱਖਤਾ ਦਾ ਇਤਿਹਾਸ ਰੱਜ ਕੇ ਪਾਸ਼ਵੀ ਹੈ। ਹਿੰਸਾ ਤੇ ਯੁੱਧਾਂ ਨਾਲ ਭਰਿਆ ਪਿਆ ਹੈ।

? *ਕਿਹੜੀ ਜਗ੍ਹਾ ਜਿਹੜੀ ਹਰ ਰੋਜ਼ ਯਾਦ ਤਾਂ ਆਉਂਦੀ ਹੈ ਪਰ ਅੱਜ ਤਕ ਚਾਹ ਕੇ ਵੀ ਨਹੀਂ ਜਾ ਸਕੇ ?*
- ਜਿਥੇ ਸਾਗਰ ਗਹਿਰਾ ਨੀਲਾ ਹੋਵੇ। ਜਿਥੇ ਰਾਤ ਨੂੰ ਪੂਰਾ ਅਸਮਾਨ ਤਾਰਿਆਂ ਨਾਲ ਭਰਿਆ ਨਜ਼ਰ ਆਵੇ। ਮੈਨੂੰ ਪਤਾ ਹੈ ਇਹ ਜਗ੍ਹਾ ਕਾਲਪਨਿਕ ਨਹੀਂ ਹਨ। ਸਾਡ ਪ੍ਰਿਥਵੀ 'ਤੇ ਇਹੋ ਜਿਹੀਆਂ ਥਾਵਾਂ ਮੌਜੂਦ ਹਨ।

? ਆਪਣੀ ਅਦਾ ਕਿਹੋ ਜਿਹੇ ਰੂਪ ਵਿਚੋਂ ਝਲਕਦੀ ਖ਼ੂਬਸੂਰਤ ਪੁਆੜਾ ਪਾਉਂਦੀ ਹੈ ?
- ਆਪਣੀ ਇਹੋ ਜਿਹੀ ਕਿਸੇ ਅਦਾ ਬਾਰੇ ਮੈਨੂੰ ਨਹੀਂ ਪਤਾ।

? ਆਪਣੇ ਵੱਲੋਂ ਨਾ ਛੁਪਾਈ ਜਾ ਸਕਣ ਵਾਲੀ ਸਭ ਤੋਂ ਵੱਡੀ ਬੁਰਾਈ ਕਿਹੜੀ ਹੈ ?
- ਕੋਲ ਬੈਠੇ ਇਕ ਸਹਿਕਰਮੀ ਦੋਸਤ ਨੂੰ ਤੁਹਾਡਾ ਇਸ ਸਵਾਲ ਨੂੰ ਪੜ੍ਹ ਕੇ ਸੁਣਾਇਆ ਤਾਂ ਉਸ ਨੇ ਦੱਸਿਆ ਕਿ ਮੈਂ ਹੋਰਾਂ ਦੇ ਸਾਹਮਣੇ ਵੀ ਟਿਸ਼ੂ ਪੇਪਰ ਜਾਂ ਰੁਮਾਲ ਨਾਲ ਨੱਕ ਸਾਫ਼ ਕਰਨ ਲੱਗਦਾ ਹਾਂ। ਇਸ ਦੀ ਵਿਆਖਿਆ ਮੈਂ ਇਸ ਤਰ੍ਹ ਕਰਦਾ ਹਾਂ ਕਿ ਅਸੀਂ ਕੁਝ ਵੀ ਹੋਈਏ ਪਰ ਮਨੁੱਖੀ ਸਰੀਰ ਦੀਆਂ ਸੀਮਾਵਾਂ ਸਾਡੇ ਉੱਪਰ ਲਾਗੂ ਹੁੰਦੀਆਂ ਹੀ ਹਨ।

? *ਆਪਣੇ ਆਪ ਨੂੰ ਪ੍ਰਕਿਰਤੀ ਦੇ ਕਿੰਨਾ ਨੇੜੇ ਮੰਨਦੇ ਹੋ ਕਿੰਨਾ ਦੂਰ ?*
- ਮਾਨਵੀ ਨਜ਼ਰੀਏ ਤੋਂ ਦੇਖਿਆਂ ਮੈਨੂੰ ਪ੍ਰਕਿਰਤੀ ਦਾ ਹਿੰਸਕ ਨਹੀਂ ਕੋਮਲ ਚਿਹਰਾ ਚੰਗਾ ਲੱਗਦਾ ਹੈ। ਮੈਂ ਕੁਦਰਤ ਦੇ ਵਿਸ਼ਾਲ ਅਤੇ ਸੁਹੱਪਣ ਭਰੇ ਚਿਹਰੇ ਕੋਲ ਬਾਰ ਬਾਰ ਜਾਣਾ ਚਾਹੁੰਦਾ ਹਾਂ। ਮੈਂ ਆਪ ਵੀ ਪ੍ਰਕਿਰਤੀ ਦਾ ਇਕ ਅੰਗ ਹਾਂ। ਇਸ ਲਈ ਕੁਦਰਤ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਮੈਨੂੰ ਵੀ ਪਰਿਭਾਸ਼ਤ ਕਰਦੀਆਂ ਹਨ।

? *ਉਨ੍ਹਾਂ ਪਲਾਂ ਦੀ ਕੀ ਅਹਿਮੀਅਤ ਹੈ ਜਦੋਂ ਪਹਿਲੀ ਕਿਤਾਬ ਪੜ੍ਹੀ ਜਾਂ ਪਹਿਲੀ ਫ਼ਿਲਮ ਵੇਖੀ ਸੀ ?*
- ਬੜੀ ਅਹਿਮੀਅਤ ਹੈ। ਪਹਿਲੀ ਫ਼ਿਲਮ ਇਕ ਵੱਡੇ ਸਿਨਮੇ ਹਾਲ ਵਿਚ ਵੇਖੀ। ਉਦੋਂ ਟੀ.ਵੀ. ਨਹੀਂ ਹੁੰਦਾ ਸੀ। ਵੱਡੀ ਸਕਰੀਨ 'ਤੇ ਮਨੁੱਖ ਨੂੰ ਬੜੇ ਵਿਰਾਟ ਰੂਪ ਵਿਚ ਵੇਖਿਆ। ਫ਼ਿਲਮ ਰੁਮਾਂਟਿਕ ਵੀ ਸੀ। ਉਸ ਦਾ ਮੇਰੇ ਬਾਲ ਮਨ 'ਤੇ ਬੜਾ ਅਸਰ ਪਿਆ। ਮੇਰੀ ਕਲਪਨਾ ਵਿਚ ਸਦਾ ਲਈ ਜ਼ਿੰਦਗੀ ਦਾ ਇਕ ਮੈਗਨੀਫ਼ਾਇਡ/ਵਿਸ਼ਾਲ ਤੇ ਖ਼ੁਸ਼ਨੁਮਾ ਚਿਤਰ ਉਕਰਿਆ ਗਿਆ। ਇਸੇ ਤਰ੍ਹਾਂ ਇਕ ਸੁਖਾਵੀਂ ਜਹੀ ਯਾਦ ਪਹਿਲੀ ਕਿਤਾਬ ਬਾਰੇ ਹੈ। ਆਪਣੇ ਪਿਤਾ ਦੀ ਮੇਜ਼ 'ਤੇ ਪਿਆ ਕੋਈ ਨਾਵਲ ਚੁੱਕ ਕੇ ਪੜ੍ਹਨ ਲੱਗ ਪਿਆ। ਦਿਲਚਸਪੀ ਬਣ ਗਈ। ਕਈ ਸਫ਼ੇ ਪੜ੍ਹ

ਗਿਆ। ਅਚਾਨਕ ਪਿਤਾ ਜੀ ਆ ਗਏ। ਉਹ ਬੜੇ ਹੈਰਾਨ ਹੋਏ। ਮੈਨੂੰ ਲੱਗਾ ਮੈਂ ਕੋਈ ਚੰਗਾ ਕੰਮ ਕੀਤਾ ਹੋਵੇਗਾ ਜੋ ਉਨ੍ਹਾਂ ਨੇ ਖ਼ੁਸ਼ੀ ਪ੍ਰਗਟ ਕੀਤੀ ਹੈ। ਦੋਵੇਂ ਘਟਨਾਵਾਂ ਸਮੇਂ ਮੇਰੀ ਉਮਰ ਅੱਠ ਜਾਂ ਨੌਂ ਸਾਲ ਸੀ।

? *ਜਿਸ ਰਸਤ ਉੱਪਰ ਜਾ ਰਹੇ ਹੋ, ਜੇ ਸਥਿਤੀਆਂ ਵੱਸ ਬਦਲਣਾ ਪੈ ਜਾਵੇ ਤਾਂ ਅੰਦਰਲੀ ਉੱਥਲ ਪੁੱਥਲ ਨੂੰ ਕਿਵੇਂ ਸੰਭਾਲੋਗੇ ?*

• ਪਤਾ ਨਹੀਂ।

? *ਤੁਹਾਡੇ ਮੁਤਾਬਕ ਇਕ ਦਿਨ ਕਿਵੇਂ ਬੀਤਣਾ ਚਾਹੀਦੈ ?*

• ਇਕ ਦਿਨ ਆਪਣੇ ਆਪ ਵਿਚ ਪੂਰੀ ਜ਼ਿੰਦਗੀ ਹੁੰਦਾ ਹੈ। ਇਕ ਦਿਨ ਪੂਰੀ ਜ਼ਿੰਦਗੀ ਦਾ ਮਿਨੀਏਚਰ/ਲਘੂ ਚਰਿੱਤਰ ਹੁੰਦਾ ਹੈ। ਅਸਲ ਵਿਚ ਹਰ ਦਿਨ ਦੀ ਜ਼ਿੰਦਗੀ ਹੁੰਦਾ ਹੈ। ਇਸ ਨੂੰ ਪੂਰੀ ਖੁੱਲ੍ਹਦਿਲੀ ਨਾਲ, ਸ਼ਿੱਦਤ ਅਤੇ ਇਮਾਨਦਾਰੀ ਨਾਲ ਜਿਉਣਾ ਹੀ ਮੈਨੂੰ ਚੰਗਾ ਲੱਗਦਾ ਹੈ।

? *ਬੋਰੀਅਤ ਨੂੰ ਬਾਰ ਬਾਰ ਕਿਵੇਂ ਮਾਣਦੇ ਹੋ ?*

• ਬੋਰੀਅਤ ਮਨੁੱਖੀ ਜੀਵਨ ਦਾ ਅਟੁੱਟ ਹਿੱਸਾ ਹੈ। ਇਸ ਦਾ ਮਨਫ਼ੀ ਅਸਰ ਡਿਪਰੈਸ਼ਨ ਹੋ ਸਕਦਾ ਹੈ। ਇਸ ਦਾ ਪਾਜ਼ਟਿਵ ਅਸਰ ਸਾਨੂੰ ਜ਼ਿੰਦਗੀ ਦੇ ਗਹਿਰੇ ਸਰੋਕਾਰਾਂ ਬਾਰੇ ਸੋਚਣ ਦਾ ਮੌਕਾ ਦਿੰਦਾ ਹੈ। ਨਵੇਂ ਉਤਸ਼ਾਹ ਨਾਲ ਜੀਵਨ ਚਰਿੱਤਰ ਅੰਦਰ ਨਵੇਂ-ਨਵੇਂ ਰੰਗ ਭਰਨ ਦਾ ਸੁਨੇਹਾ ਦਿੰਦਾ ਹੈ।

? *ਤੁਹਾਡਾ ਸੁਪਨਾ ਅਜੇ ਕਿੰਨੀ ਕੁ ਦੂਰ ਹੈ ?*

• ਕਵੀ ਵੀ ਹਾਂ। ਜਨਮ ਤੋਂ ਹੀ ਸੁਪਨਸਾਜ਼ ਹਾਂ, ਪਰ ਜੇਨ-ਬੁੱਧਵਾਦ ਨਾਲ ਜੁੜਨ ਤੋਂ ਬਾਅਦ ਚੇਤੰਨ ਰਹਿੰਦਾ ਹਾਂ ਕਿ ਸੱਚ ਦੇ ਕੋਲ ਰਹਾਂ। ਮੌਜੂਦਾ ਪਲ-ਛਿਣ ਵਿਚ ਵੀ ਜੀਵਾਂ। ਕਿਉਂਕਿ ਇਹੀ ਸੱਚ ਹੈ। ਪਰ ਫੇਰ ਵੀ ਕਦੇ ਕਦੇ ਸੁਪਨੇ ਵਿਚ ਸੋਹਣੀ ਅਤੇ ਕੋਮਲ ਜ਼ਿੰਦਗੀ ਦੀ ਨੁਹਾਰ ਨੂੰ ਮਾਣਨ ਲੱਗ ਪੈਂਦਾ ਹਾਂ।

? *ਫੁੱਲਾਂ ਵਿਚ ਖੜ੍ਹਾ ਕਰਕੇ ਜੇ ਪੁੱਛਾਂ ਕਿ ਕੁਦਰਤ ਦੀ ਸਭ ਤੋਂ ਮਹਾਨ ਰਚਨਾ ਕਿਹੜੀ ਹੈ, ਕੀ ਕਹੋਗੇ ?*

• ਔਰਤ।

? *ਪਰਛਾਵਿਆਂ ਨਾਲ ਕਿੰਨਾ ਕੁ ਹੇਜ ਹੈ ਅਤੇ ਉਹ ਤੁਹਾਡੀ ਸ਼ਾਇਰੀ ਵਿਚ ਕਿੱਥੇ ਕਿੱਥੇ ਹੈ ?*

• ਕੋਈ ਹੇਜ ਨਹੀਂ ਹੈ। ਪਰਛਾਵਿਆਂ ਨੂੰ ਮੈਂ ਚੇਤੰਨ ਹੋ ਕੇ ਦੇਖਦਾ ਹਾਂ। ਇਸ ਤਰ੍ਹਾਂ ਕਰਨ ਨਾਲ ਇਹ ਤੁਹਾਡੀ ਸਮਝ ਦੀ ਰੌਸ਼ਨੀ ਦੇ ਘੇਰੇ ਵਿਚ ਆ ਜਾਂਦੇ ਨੇ। ਮੇਰੀ ਸ਼ਾਇਰੀ ਵਿਚ ਇਨ੍ਹਾਂ ਨੂੰ ਸੀਮਤ ਜਿਹੀ ਥਾਂ ਹੀ ਮਿਲਦੀ ਹੈ।

? *ਉਹ ਕੌਣ ਜਿਹੜਾ ਰੋਜ਼ ਤੁਹਾਡੇ ਦਿਲ ਅਤੇ ਦਿਮਾਗ਼ ਦੀ ਕਸਰਤ ਕਰਵਾਉਂਦਾ ਹੈ ?*

• ਉਹੀ ਜੋ ਮੇਰੇ ਦਿਲ ਤੇ ਦਿਮਾਗ਼ ਅਸਰ ਕਰਦਾ ਹੈ। ਨਿੱਜੀ ਜੀਵਨ 'ਚੋਂ ਮੇਰੇ ਆਪਣੇ। ਸਮਾਜਿਕ ਜੀਵਨ 'ਚੋਂ ਚਰਮ ਸੀਮਾ 'ਤੇ ਜਾ ਕੇ ਵਾਪਰ ਰਹੇ ਚੰਗੇ ਅਤੇ ਮਾੜੇ ਵਰਤਾਰੇ।

? *ਆਪਣੇ ਸਭ ਤੋਂ ਨੇੜਲੇ ਮਿੱਤਰਾਂ ਨਾਲ ਤੁਸੀਂ ਕਿਹੋ ਜਿਹੇ ਰਾਜ਼ ਸਾਂਝੇ ਕਰਦੇ ਹੋ ?*

• ਮੈਂ ਤਾਂ ਸਾਰੇ ਹੀ ਰਾਜ਼ ਸਾਂਝੇ ਕਰ ਸਕਦਾ ਹਾਂ। ਪਰ ਮਿੱਤਰ ਕੌਣ ਹੈ ਇਸ ਉੱਪਰ ਵੀ ਨਿਰਭਰ ਕਰਦਾ ਹੈ। ਮੈਂ ਵੀ ਸਾਰਿਆਂ ਵਾਂਗ ਮਨੁੱਖੀ ਸੀਮਾਵਾਂ ਵਿਚ ਰਹਿ ਕੇ ਗ਼ਲਤੀਆਂ ਕੀਤੀਆਂ ਹੋਣਗੀਆਂ। ਇਸ ਲਈ ਮੇਰੇ ਕੋਲ ਅਜਿਹਾ ਕੋਈ ਰਾਜ਼ ਨਹੀਂ ਹੈ ਜੋ ਮੈਨੂੰ ਸ਼ਰਮਸਾਰ ਕਰੇ।

? *ਤੁਹਾਡੀ ਕੋਈ ਅਜੇਹੀ ਗੱਲ ਜਿਹੜੀ ਕੋਈ ਵੀ ਨਹੀਂ ਜਾਣਦਾ ਪਰ ਤੁਹਾਨੂੰ ਦੱਸਣ ਦੀ ਵੀ ਕਾਹਲ ਨਹੀਂ ?*

• ਕਿ ਮੈਂ ਜਿਸ ਨੂੰ ਵੀ ਨੇੜੇ ਤੋਂ ਮਿਲਦਾ-ਵਰਤਦਾ ਹਾਂ, ਓਸੇ ਨੂੰ ਪਿਆਰ ਕਰਨ ਲੱਗਦਾ ਹਾਂ। ਕਿ ਕੋਮਲ ਚਿੱਤ ਮਰਦ ਮੈਨੂੰ ਚੰਗੇ ਲੱਗਦੇ ਹਨ। ਕਿ ਸੋਹਣੇ ਲੋਕਾਂ ਨੂੰ ਮਿਲਣ 'ਤੇ ਮੈਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ।

? *ਜੇਕਰ ਅੱਜ ਤੁਸੀਂ ਸਾਹਿਤਕਾਰ ਨਾ ਹੁੰਦੇ, ਨਾ ਹੀ ਜਾਪਾਨ, ਤਾਂ...?*

• ਜਾਪਾਨ ਨਾ ਹੁੰਦਾ ਤਾਂ ਮੈਂ ਮਨੁੱਖੀ ਸਭਿਆਚਾਰ ਦੇ ਇਕ ਬਹੁਤ ਹੀ ਮਹੱਤਵਪੂਰਨ ਪਹਿਲੂ ਨੂੰ ਦੇਖਣ-ਮਾਨਣ ਤੋਂ ਵਿਰਵਾ ਰਹਿ ਜਾਣਾ ਸੀ। ਸਾਹਿਤਕਾਰ ਨਾ ਹੁੰਦਾ ਤਾਂ ਵੀ ਮੇਰਾ ਭਾਵੁਕ ਆਪਾ ਅੱਜ ਵਰਗਾ ਹੀ ਹੋਣਾ ਸੀ। ਹੋ ਸਕਦਾ ਹੈ ਮੈਂ ਆਪਣੇ ਇਸ ਪਹਿਲੂ ਨੂੰ ਕਿਸੇ ਹੋਰ ਖੇਤਰ ਵਿਚ ਪ੍ਰਗਟ ਕਰਦਾ। ਰੇਹੜੀ ਮਾਰਕਿਟ ਵਿਚ ਕਿਸੇ ਨੂੰ ਸੁਰੀਲੀ ਆਵਾਜ਼ ਵਿਚ ਗਾ ਕੇ ਸਬਜ਼ੀ ਵੇਚਦੇ ਦੇਖਿਆ ਹੈ।

? *ਅਜਿਹਾ ਕਿਹੜਾ ਕੰਮ ਹੈ ਜਿਹੜਾ ਬਾਰ ਬਾਰ ਕਰਨ ਨੂੰ ਤੁਹਾਡਾ ਦਿਲ ਕਰਦਾ ਹੈ ਪਰ ਤੁਹਾਡੇ ਦਾਇਰੇ ਅੰਦਰ ਨਹੀਂ ਆ ਰਿਹਾ ?*

- ਜੋ ਕਰਨ ਨੂੰ ਦਿਲ ਕਰੇ, ਉਹ ਅਕਸਰ ਕਰ ਹੀ ਲੈਂਦਾ ਹਾਂ ਜਾਂ ਫੇਰ ਦਾਇਰੇ ਦਾ ਘੇਰਾ ਵੱਡਾ ਕਰਨ ਦਾ ਯਤਨ ਕਰਦਾ ਹਾਂ।

? *ਜ਼ਿੰਦਗੀ ਦੇ ਕਿਹੜੇ ਵਰਤਾਰੇ ਨ਼ਫ਼ਰਤ ਦੇ ਅਤੇ ਕਿਹੜੇ ਮੁਹੱਬਤ ਦੇ ਕਾਬਿਲ ਹੁੰਦੇ ਹਨ ?*

- ਆਪਣੇ ਵਰਗੇ ਹੀ ਦੂਜੇ ਜੀਵਾਂ ਨਾਲ ਹਿੰਸਾ ਅਤੇ ਵਿਤਕਰੇਬਾਜ਼ੀ ਕਰਨੀ ਨ਼ਫ਼ਰਤ ਦੇ ਕਾਬਿਲ ਹੁੰਦਾ ਹੈ। ਭਾਵੇਂ ਇਹ ਕਿਸੇ ਵੀ ਨਾਮ ਨਾਲ ਕੀਤਾ ਜਾਵੇ। ਕਰੁਣਾ, ਸਹਿਜ ਅਤੇ ਸੁਹਜ ਵਿਚ ਵਾਧਾ ਕਰਨ ਵਾਲੇ ਵਰਤਾਰੇ ਮੁਹੱਬਤ ਦੇ ਕਾਬਿਲ ਹੁੰਦੇ ਹਨ।

? *ਕਿਹੜੀ ਚੀਜ਼ ਹੈ ਜੇ ਉਹ ਤੁਹਾਥੋਂ ਖੋਹ ਲਈ ਜਾਵੇ ਤਾਂ ਤੁਸੀਂ ਗੁੰਮ ਜਾਓਗੇ ?*

- ਮੇਰਾ ਪਿਆਰ।

? *ਕਿਹੋ ਜਿਹੀਆਂ ਸਥਿਤੀਆਂ ਹੁੰਦੀਆਂ ਨੇ ਜਦੋਂ ਤੁਸੀਂ ਲੰਮੇ ਸਮੇਂ ਲਈ ਪਰਮਿੰਦਰ ਸੋਢੀ ਨਹੀਂ ਹੁੰਦੇ ?*

- ਲੰਮੇ ਸਮੇਂ ਲਈ ਇਸ ਤਰ੍ਹਾਂ ਨਹੀਂ ਵਾਪਰਦਾ ਭਾਵੇਂ ਸਥਿਤੀਆਂ ਕਿਹੋ ਜਿਹੀਆਂ ਵੀ ਹੋਣ। ਪਰ ਇਕ ਅੱਧ ਮਿੰਟ ਲਈ ਅਚੇਤ ਰੂਪ ਵਿਚ ਕਿਸੇ ਸਥਿਤੀ ਵਿਚ ਰੰਗਿਆ ਜਾਣਾ ਸੰਭਵ ਹੁੰਦਾ ਹੈ। ਜ਼ੇਨ ਬੁੱਧਵਾਦ ਅੰਦਰ ਆਪਣਾ ਸਹਿਜ ਬਣਾਈ ਰੱਖਣ ਲਈ 'ਹੁਣ ਅਤੇ ਇਥੇ' ਲਈ ਸਜਗ ਹੋ ਕੇ ਵਿਚਰਨ ਦੀ ਵਿਧੀ ਅਪਨਾਈ ਜਾਂਦੀ ਹੈ। ਮੈਂ ਵ ਹੁਣ ਵਾਲੇ ਪਲ 'ਤੇ ਧਿਆਨ ਦੇ ਕੇ ਆਪਣੀ ਬਿਰਤੀ ਨੂੰ ਖੰਡਤ ਹੋਣ ਤੋਂ ਬਚਾਉਣ ਦਾ ਯਤਨ ਕਰਦਾ ਰਹਿੰਦਾ ਹਾਂ ਅਤੇ ਪਰਮਿੰਦਰ ਸੋਢੀ ਨੂੰ ਜਗਾਈ ਰੱਖਦਾ ਹਾਂ।

? *ਜ਼ਿੰਦਗੀ ਦਾ ਸਭ ਤੋਂ ਮਹੱਤਵਪੂਰਨ ਟਰਨਿੰਗ ਪੁਆਇੰਟ ਕਿਹੜਾ ਸੀ ?*

- ਹਰ ਟਰਨਿੰਗ ਪੁਆਇੰਟ ਹੀ ਮਹੱਤਵਪੂਰਨ ਹੁੰਦਾ ਹੈ। ਸੜਕ 'ਤੇ ਵੀ ਤੁਸੀਂ ਖੱਬੇ ਪਾਸੇ ਮੁੜਨ ਦੀ ਥਾਂ ਸੱਜੇ ਮੁੜ ਜਾਓ, ਇੰਨਾ ਕਰਨ ਨਾਲ ਹੀ, ਤੁਹਾਡੀ ਜ਼ਿੰਦਗੀ ਵਿਚ ਬੜਾ ਕੁਝ ਵੱਖਰਾ ਵਾਪਰ ਸਕਦਾ ਹੈ। ਬੁੱਧਵਾਦ ਅੰਦਰ 'ਪ੍ਰਤੀਤਯ ਸਮੁਤਪਦ' ਦੇ ਸੰਕਲਪ ਨਾਲ ਇਸ ਨੂੰ ਸਮਝਾਇਆ ਜਾਂਦਾ ਹੈ ਕਿ ਜੇ ਇਹ ਹੈ ਤਾਂ ਹੀ ਉਹ ਹੈ। ਭਾਵ ਸੰਸਾਰ ਦਾ ਹਰ ਵਰਤਾਰਾ ਇਕ ਦੂਜੇ ਨਾਲ ਜੁੜਿਆ ਹੁੰਦਾ ਹੈ ਅਤੇ ਇਕ ਦੂਜੇ 'ਤੇ ਅਸਰਅੰਦਾਜ਼ ਹੁੰਦਾ ਹੈ। ਜਿਵੇਂ ਕਿਸੇ ਜਾਲ ਦੀ ਇਕ ਤਾਰ ਨੂੰ ਛੇੜਿਆ ਜਾਵੇ ਤਾਂ ਇਸ ਜਾਲ ਵਿਚਲੀ ਹਰ ਤਾਰ ਕੰਬਦੀ ਹੈ। ਜ਼ੇਨ ਮੁਹਾਵਰਾ ਹੈ ਕਿ ਜੇ ਚੀਨ ਦੇ ਦੱਖਣੀ ਤੱਟ 'ਤੇ ਇਕ ਤਿਤਲੀ ਆਪਣੇ ਪਰ ਹਿਲਾਉਂਦੀ ਹੈ ਤਾਂ ਦੂਰ ਕਿਤੇ ਅੰਧ ਮਹਾਂਸਾਗਰ ਵਿਚ ਤੂਫ਼ਾਨ ਆ ਸਕਦਾ।

? *ਕਿਸ ਬਦਨਾਮ ਸ਼ਖ਼ਸੀਅਤ ਨਾਲ ਮਿਲਣ ਲਈ ਪੈਰੀਂ ਜੁੱਤੀ ਵੀ ਨਹੀਂ ਪਾਉਂਦੇ ?*

- ਜੇ ਕਵੀਆਂ ਕਲਾਕਾਰਾਂ ਨੂੰ ਤੁਸੀਂ ਬਦਨਾਮ ਕਹਿੰਦੇ ਹੋ ਤਾਂ ਮੈਂ ਸਾਰੇ ਹੀ ਮਿੱਤਰਾਂ ਨੂੰ ਮਿਲਣ ਲਈ ਤਾਂਘਦਾ ਰਹਿੰਦਾ ਹਾਂ।

? *ਸਮੇਂ ਨੂੰ ਮੁੱਠੀ ਵਿਚ ਕਰਨ ਦੀ ਸੋਚ ਕਿਹੋ ਜਿਹੇ ਸਮੇਂ 'ਚ ਮਰ ਵੀ ਜਾਂਦੀ ਹੈ ?*

- ਜਦੋਂ ਕੋਈ ਮੇਰਾ ਆਪਣਾ ਮੇਰੇ ਨਾਲ ਕੋਰਾ ਜਿਹਾ ਜਾਂ ਬੇਗ਼ਾਨਗੀ ਵਾਲਾ ਜਾਂ ਕਠੋਰ ਜਿਹਾ ਵਿਵਹਾਰ ਕਰੇ।

? *ਤੁਸੀਂ ਕਿਹੋ ਜਿਹੀਆਂ ਸਥਿਤੀਆਂ ਵਿਚ ਅਧਿਆਤਮਕ ਅਨੰਦ ਮਹਿਸੂਸ ਕਰਦੇ ਹੋ ?*

- ਪਿਆਰ ਵਾਲੀਆਂ ਸਥਿਤੀਆਂ ਵਿਚ ਅਤੇ ਇਕੱਲੇ ਸ਼ਾਂਤ ਚਿੱਤ ਵਿਚਰਨ ਵਾਲੀ ਸਥਿਤੀਆਂ ਵਿਚ।

? *ਕਿਹੜਾ ਸੰਗੀਤ ਹੈ ਜਿਹੜਾ ਤੁਹਾਨੂੰ ਰੁਮਾਂਟਿਕ ਬਣਾ ਦਿੰਦਾ ਹੈ ?*

- ਉੱਨੀ ਸੌ ਸੱਠ ਤੇ ਸੱਤਰ ਦਾ ਹਿੰਦੀ ਫ਼ਿਲਮਾਂ ਦਾ ਸੰਗੀਤ ਮਹਿਦੀ ਹਸਨ, ਗੁਲਾਮ ਅਲੀ ਅਤੇ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਦਾ ਸੰਗੀਤ। ਭਾਰਤੀ ਬੰਸਰੀ ਅਤੇ ਸ਼ਹਿਨਾਈ ਦਾ ਸੰਗੀਤ।

? *ਅੱਜ ਤਕ ਪੜ੍ਹੀਆਂ ਕਿਤਾਬਾ ਦਾ ਸਭ ਤੋਂ ਯਾਦਗਾਰੀ ਕਿਰਦਾਰ ਜਿਸ ਨੂੰ ਦੇਖ ਕੇ ਜਲਨ ਮਹਿਸੂਸ ਹੋਈ ਹੋਵੇ ?*

- ਸ਼ਾਇਦ, ਓਸ਼ੋ ਦੀਆਂ ਕਿਤਾਬਾਂ ਵਿਚਲਾਂ, ਜਾਗਦੇ ਹੋਏ ਮਨੁੱਖ ਦਾ ਕਿਰਦਾਰ।

? *ਤੁਹਾਡੇ ਆਪਣੇ ਸ਼ਹਿਰ ਦਾ ਫੇਵਰਟ ਰੈਸਟੋਰੈਂਟ ਕਿਹੜਾ ਹੈ ?*

- ਮੇਰਾ ਆਪਣਾ ਰੈਸਟੋਰੈਂਟ ਮੀਰਾ।

? *ਤੁਹਾਡਾ ਮਨਪਸੰਦ ਨਾਈਟ ਸਪੌਟ ਕਿਹੜਾ ਹੈ ?*
- ਓਸਾਕਾ ਸ਼ਹਿਰ ਦੇ ਦੱਖਣ ਵਿਚਲੀ ਨਾਨਬਾ ਸਟ੍ਰੀਟ।

? *ਘੱਟ ਬਿੱਲ ਵਿਚ ਕਿਸ ਥਾਂ ਦਾ ਖਾਣਾ ਸਭ ਤੋਂ ਵਧੀਆ ਲੱਗਦਾ ਹੈ ?*
- ਭਾਰਤ ਵਿਚ ਸਾਫ਼ ਢਾਬੇ ਦਾ। ਜਾਪਾਨ ਵਿਚ ਸਬ-ਵੇ ਦਾ ਸ਼ਾਕਾਹਾਰੀ ਸੈਂਡਵਿਚ।

? *ਕਿਸ ਥਾਂ ਤੋਂ ਆਊਟਫਿਟਸ ਖਰੀਦਣ ਵਾਸਤੇ ਹਰ ਪਲ ਤੁਹਾਡਾ ਮਨ ਕਾਹਲਾ ਪੈਂਦਾ ਰਹਿੰਦਾ ਹੈ ?*
- ਅਜਿਹੀ ਕੋਈ ਖ਼ਾਸ ਥਾਂ ਨਹੀਂ ਹੈ।

? ਪਹਿਰਾਵੇ ਪ੍ਰਤੀ ਖ਼ੁਦ ਸੁਚੇਤ ਰਹਿੰਦੇ ਹੋ ਜਾਂ ਕੋਈ ਯਾਦ ਕਰਾਉਂਦਾ ਹੈ ?
- ਪਿਛਲੇ ਵੀਹ ਸਾਲ ਤੋਂ ਮੈਂ ਨੀਲੀ ਜ਼ੀਨ ਤੇ ਚਿੱਟੀ ਕਮੀਜ਼ ਹੀ ਪਾਉਂਦਾ ਹਾਂ, ਹੋਰ ਕੁਝ ਨਹੀਂ। ਇਸ ਲਈ ਜਦੋਂ ਮੌਸਮ ਬਦਲਦਾ ਹੈ ਤਾਂ ਇਕ ਦੋ ਕਮੀਜ਼ਾਂ ਨਵੀਆਂ ਲੈ ਲੈਂਦਾ ਹਾਂ।

? *ਆਪਣੇ ਸ਼ਹਿਰ ਦੀ ਕਿਸ ਥਾਂ ਉੱਪਰ ਦੋਸਤਾਂ ਦਾ ਇਕੱਠ ਵੇਖ ਕੇ ਖ਼ੁਸ਼ੀ ਹੁੰਦੀ ਹੈ ?*
- ਦੋਸਤ ਕਿਸੇ ਵੀ ਥਾਂ 'ਤੇ ਇਕੱਠੇ ਹੋਣ ਤਾਂ ਮੈਨੂੰ ਖ਼ੁਸ਼ੀ ਹੁੰਦੀ ਹੈ।

? *ਆਪਣੇ ਕੰਮ 'ਤੇ ਆਉਂਦਿਆਂ ਸਭ ਤੋਂ ਪਹਿਲਾਂ ਕਿਹੜੀ ਵਸਤੂ ਨੂੰ ਬਹੁਤ ਪਿਆਰ ਨਾਲ ਨਿਹਾਰਦੇ ਹੋ ?*
- ਪੂਰੀ ਹੀ ਥਾਂ ਨੂੰ ਅਤੇ ਆਪਣੇ ਸਹਿਕਰਮੀਆਂ ਨੂੰ।

? ਆਪਣੀ ਮਨਪਸੰਦ ਖਰੀਦਦਾਰੀ ਕਰਨ ਲਈ ਕਿੰਨਾ ਸਮਾਂ ਸੋਚਣਾ ਪੈਂਦਾ ਹੈ ?
- ਕੁਝ ਕੁ ਮਿੰਟ।

? *ਕਿਤਾਬਾਂ ਜਦੋਂ ਬੋਝ ਲੱਗਣ ਪੈਂਦੀਆਂ ਨੇ ਤਾਂ...?*
- ਤਾਂ ਨਹੀਂ ਪੜ੍ਹਦਾ, ਕੁਝ ਹੋਰ ਕਰਦਾ ਹਾਂ।

? ਅੱਜ ਤਕ ਦੀ ਸਭ ਤੋਂ ਸਸਤੀ ਅਤੇ ਮਹਿੰਗੀ ਸ਼ਾਪਿੰਗ ਕਿਹੜੀ ਕੀਤੀ ਸੀ ?
- ਆਪਣੇ ਨਿੱਜ ਲਈ ਕੀਤੀ ਸ਼ਾਪਿੰਗ ਦੀ ਗੱਲ ਕਰਾਂ ਤਾਂ ਬਚਪਨ ਵਿਚ ਤਿੰਨ ਪੈਸੇ ਵਿਚ ਖਰੀਦੀਆਂ ਮਿੱਠੀਆਂ ਗੋਲੀਆਂ ਯਾਦ ਨੇ। ਹੁਣ ਵੀ ਸੋਹਣਾ ਚੱਲਣ ਵਾਲਾ ਸਸਤਾ ਪੈੱਨ ਸੌ ਯੇਨ ਵਿਚ ਖ਼ਰੀਦ ਕੇ ਖ਼ੁਸ਼ੀ ਹੁੰਦੀ ਹੈ। ਨਿੱਜ ਲਈ ਮਹਿੰਗੀ ਸ਼ਾਪਿੰਗ, ਇਕ ਵਾਰ ਜਾਪਾਨੀ ਕਵੀ ਤੇਰਾਯਾਮਾ ਸੂਜ਼ੀ ਦੀ ਕਿਤਾਬ ਖਰੀਦਣਾ ਯਾਦ ਹੈ ਜੋ ਕਿ ਅਠਾਰਾਂ ਹਜ਼ਾਰ ਯੇਨ ਦੀ ਸੀ। ਇਕ ਵਾਰ ਪਿਕਾਸੋ ਦੀ ਪੋਸਟ ਕਾਰਡ ਆਕਾਰ ਵਾਲੀ ਅਸਲੀ ਪੇਂਟਿੰਗ ਖਰੀਦੀ ਸੀ। ਪਰ ਉਹ ਮੈ ਵੇਚ ਦੇਣੀ ਹੈ ਜਾਂ ਕਿਸੇ ਮਿਊਜ਼ੀਅਮ ਨੂੰ ਦੇਣੀ ਹੈ। ਮੈਨੂੰ ਲੱਗਦਾ ਹੈ ਇਹੋ ਜਿਹੀਆਂ ਕਲਾ-ਕ੍ਰਿਤਾਂ ਘਰ ਵਿਚ ਨਹੀਂ ਅਜਾਇਬ ਘਰਾਂ ਵਿਚ ਹੋਣੀਆਂ ਚਾਹੀਦੀਆਂ ਹਨ।

? *ਮਖਿਆਲ ਦੀ ਮੱਖੀ, ਰਸ ਚੂਸਦੀ ਹੈ ਪਰ ਫੁੱਲ ਨੂੰ ਮੁਰਝਾਉਣ ਨਹੀਂ ਦਿੰਦੀ, ਤੁਸੀਂ ਇਹੋ ਜਿਹਾ ਵਰਤਾਰਾ ਆਪਣੀ ਕਿਹੜੀ ਵਸਤ ਨਾਲ ਕਰਦੇ ਹੋ ?*
- ਸਾਰੀਆਂ ਹੀ ਵਸਤਾਂ ਨਾਲ।

? *ਕਿਹੜੀ ਇਤਿਹਾਸਕ ਥਾਂ ਦੇ ਖੰਡਰ ਦੇਖ ਕੇ ਮਨ ਕੁਸੈਲਾ ਹੁੰਦਾ ਹੈ ?*
- ਹੀਰੋਸ਼ੀਮਾ ਸ਼ਹਿਰ ਦੇ ਸ਼ਾਂਤੀ ਪਾਰਕ ਵਿਚ ਖੜ੍ਹੀ ਇਕ ਇਮਾਰਤ ਦਾ ਖੰਡਰ ਜੋ ਕਿ ਐਟਮੀ ਬੰਬ ਨਾਲ ਹੋਈ ਤਬਾਹੀ ਦਾ ਪ੍ਰਤੀਕ ਹੈ।

? ਸਭ ਤੋਂ ਚੰਗੀ ਅਤੇ ਮਾੜੀ ਯਾਦ ਕਿਸ ਥਾਂ ਨਾਲ ਜੁੜੀ ਹੋਈ ਹੈ ?
- ਕੀ ਸਭ ਤੋਂ ਚੰਗਾ ਸੀ ਤੇ ਕੀ ਸਭ ਤੋਂ ਮਾੜਾ, ਮੈਨੂੰ ਨਹੀਂ ਪਤਾ।

? *ਉਹ ਥਾਂ ਜਿਥੇ ਰਹਿਣ ਦਾ ਸੁਪਨਾ ਅਜੇ ਤਕ ਪੂਰਾ ਨਹੀਂ ਹੋਇਆ ?*
- ਅਜਿਹੀ ਕੋਈ ਇਕ ਵਿਸ਼ੇਸ਼ ਥਾਂ ਨਹੀਂ ਹੈ ਪਰ ਹਿਮਾਲਿਆ ਵਿਚ ਕਿਸੇ ਬਹੁਤ ਹੀ ਸੋਹਣੀ ਅਤੇ ਸ਼ਾਂਤ ਨੀਲੀ ਝੀਲ ਕੋਲ ਜਾਣ ਦੀ ਕਲਪਨਾ ਜਿਹੀ ਹੁੰਦੀ ਹੈ। ਵ

ਕਵਿਤਾ

## ਸੁਖਪਾਲ



ਸਾਡੇ ਪਰਿਵਾਰ ਵਿਚ ਇਕ ਅਜਿਹੇ ਬੱਚੇ ਨੇ ਜਨਮ ਲਿਆ, ਜਿਸ ਦਾ ਸਰੀਰ ਅਧੂਰਾ ਸੀ। ਸ਼ਾਇਦ ਉਸ ਦੇ ਜਨਮ ਦੀ ਕਿਰਿਆ ਦੌਰਾਨ ਕੋਈ ਡਾਕਟਰੀ ਹਾਦਸਾ ਹੋਇਆ ਸੀ। ਉਹਦੇ ਅੰਗ ਬਣੇ ਤਾਂ ਸਾਰੇ ਪਰ ਕੋਈ ਵਿਕਸਿਤ ਨਾ ਹੋਇਆ। ਨਾ ਉਹਨੂੰ ਸਪੱਸ਼ਟ ਦਿਸਦਾ, ਨਾ ਚੰਗੀ ਤਰ੍ਹਾਂ ਸੁਣਦਾ। ਉਹ ਜਿਉਂਦਾ ਸੀ ਬਸ। ਚਲ ਫਿਰ ਨਹੀਂ ਸੀ ਸਕਦਾ। ਜਨਮ ਤੋਂ ਅੰਤਮ ਸਮੇਂ ਤਕ ਉਸ ਨੂੰ ਸਰੀਰ ਕਿਰਿਆ ਲਈ ਗੁਸਲਖਾਨੇ ਤਕ ਚੁੱਕ ਕੇ ਲਿਜਾਣਾ ਪੈਂਦਾ। ਕੁਝ ਚਿਰ ਪਹਿਲਾਂ, ਚੌਂਤੀ ਵਰ੍ਹਿਆਂ ਦਾ ਹੋ ਕੇ ਉਹ ਫੇਫੜਿਆਂ ਦੀ ਤਕਲੀਫ਼ ਨਾਲ ਗੁਜ਼ਰ ਗਿਆ।

ਇਹ ਕਵਿਤਾ ਉਹਦੇ ਮਾਂ ਤੇ ਪਿਤਾ ਦੋਹਾਂ ਨੂੰ ਸਮਰਪਤ ਹੈ। ਬੱਚੇ ਦੀ ਪਾਲਣਾ ਦੋਹਾਂ ਜਣਿਆਂ ਰਲ ਕੇ ਆਪਣੀ ਬੁੱਢ-ਵਰੇਸ ਤਾਈਂ ਪੂਰੇ ਸਿਦਕ ਨਾਲ ਕੀਤੀ। ਬੱਚੇ ਦੇ ਵਿਦਾ ਹੋਣ ਸਮੇਂ ਮਾਂ ਦੀ ਉਮਰ 65 ਤੇ ਪਿਤਾ ਦੀ ਉਮਰ ਲਗਭਗ 70 ਸਾਲ ਸੀ। ਇਹ ਕਵਿਤਾ ਮਾਂ ਦੇ ਸੰਦਰਭ ਨਾਲ ਲਿਖੀ ਗਈ ਹੈ। ਮਾਂ, ਜਿਸ ਨੇ ਉਸ ਬੱਚੇ ਦੇ ਜਨਮ ਦੇ ਦਿਨ ਮਗਰੋਂ ਲਗਾਤਾਰ 34 ਵਰ੍ਹੇ ਕਦੀ ਆਪਣਾ ਸ਼ਹਿਰ ਨਾ ਛੱਡਿਆ। ਸਿਵਾਏ ਉਸ ਇਕ ਦਿਨ ਤੋਂ ਜਦ ਉਹ ਆਪਣੇ ਪਿਤਾ ਨੂੰ ਅੰਤਮ ਸਾਹ ਦਾ ਆਦਰ ਦੇਣ ਲਈ ਦੂਰ ਦੇ ਸ਼ਹਿਰ ਇਕ ਰਾਤ ਲਈ ਗਈ ਸੀ। ਉਹ ਸਕੂਲ ਵਿਚ ਪੜ੍ਹਾਉਂਦੀ, ਆਪਣੇ ਤਿੰਨ ਹੋਰ ਬੱਚੇ ਵੀ ਸਾਂਭਦੀ, ਘਰ ਦੇ ਕੰਮ ਲਈ ਸਹਾਇਤਾ ਜੁਟਾਉਂਦੀ। ਪਰ ਉਸ ਬੱਚੇ ਦਾ ਹਰ ਕੰਮ, ਹਰ ਵਾਰੀ ਹਰ ਪਲ, ਉਹ ਤੇ ਉਸ ਦਾ ਪਤੀ, ਦੋਵੇਂ ਜੀਅ ਸਦਾ ਆਪ ਹੀ ਕਰਦੇ।

34 ਵਰ੍ਹੇ—ਅਰਥਾਤ ਸਾਢੇ ਬਾਰਾਂ ਹਜ਼ਾਰ ਦਿਨ, ਤਿੰਨ ਲੱਖ ਘੰਟੇ, ਪੌਣੇ ਦੋ ਕਰੋੜ ਪਲ...।

### • ਅੱਧ ਅਧੂਰੇ ਪੂਰੇ

ਉਹ ਜੋ ਪੂਰੀ ਤਰ੍ਹਾਂ
ਕਦੇ ਆਇਆ ਨਹੀਂ ਸੀ
ਉਹ ਚਲਾ ਗਿਆ ਹੈ ਹੁਣੇ ਪੂਰੀ ਤਰ੍ਹਾਂ...

ਕਿਸੇ ਸੰਸਾਰ ਲਈ—ਕਿਸੇ ਕੁਦਰਤ ਲਈ
ਉਹ ਅਧੂਰਾ ਸੀ
ਪਰ ਆਪਣੀ ਮਾਂ ਲਈ ਪੂਰਾ ਸੀ
ਏਸ ਲਈ ਕਿ ਉਹ ਪੂਰੀ ਤਰ੍ਹਾਂ
ਘੁਲੀ ਰਹੀ ਸੀ ਉਸ ਵਿਚ ਹਰ ਪਲ...ਉਵੇਂ ਹੀ
ਜਿਵੇਂ ਉਸ ਘੁਲੀ ਰਹਿਣਾ ਸੀ
ਜੇ ਉਹ 'ਅਧੂਰਾ' ਨਾ ਵੀ ਹੁੰਦਾ ਤਾਂ...

ਕਿੰਨਾ ਨਿੱਕਾ ਤੇ ਸੌਖਾ ਸ਼ਬਦ ਹੈ...''ਹਰ ਪਲ''...
ਬਿਨ ਸੋਚਿਆਂ ਜੀਵਿਆਂ ਝੱਲਿਆਂ
ਬੋਲ ਦੇਂਦੇ ਹਾਂ ਅਸੀਂ ਏਸ ਨੂੰ
ਪਰ ਕਿੰਨਾ ਕਠਿਨ ਜੇ...''ਹਰ ਪਲ''
ਨੂੰ ਜੀਣਾ ਪਵੇ ਏਸ ਤਰ੍ਹਾਂ ਕਿ
ਜਿਹੜਾ ਵੀ ਆਵੇ ਉਹੀ ਆਖੇ :
''ਚੰਗਾ ਹੁੰਦਾ ਜੇ ਏਸ ਬੱਚੇ ਨੂੰ
ਕੋਈ ਵੀ ਪਲ ਮਿਲਿਆ ਨਾ ਹੁੰਦਾ...''

ਉਹ ਸੋਚਦੀ ਹੈ—
ਉਹ ਜੋ ਤੁਹਾਨੂੰ ਪੂਰਾ ਕਰਦਾ ਹੈ
ਆਪ ਕਿੰਜ ਅਧੂਰਾ ਹੋ ਸਕਦਾ ਹੈ ?

ਉਸ ਦੇ ਆਉਣ ਨਾਲ ਤਾਂ ਮਾਂ ਦੇ
ਸਾਰੇ ਪਲ ਭਰ ਗਏ ਸਨ—
ਉਨੀਂਦਰੇ ਨਾਲ ਉਦਾਸੀ ਨਾਲ
ਆਸ ਨਾਲ ਅਰਦਾਸ ਨਾਲ ਤੇ ਉਡੀਕ ਨਾਲ—
ਹਰ ਅਗਲੀ ਸਵੇਰ ਉਸ ਦੇ ਸੁੱਖੀਂ ਸਾਂਦੀ ਜਾਗਣ ਦੀ
ਕਿਸੇ ਗੱਲੋਂ ਕਿਸੇ ਲੋੜ ਵੱਸ ਵਾਜ ਮਾਰਨ ਦੀ
ਉਸ ਦੇ ਹੱਸ ਪੈਣ ਦੀ ਤੇ

ਉਸ ਦੇ ਸਰੀਰ ਵਿਚ ਅਗਲੀ ਤਬਦੀਲੀ ਦੀ ਉਡੀਕ ਨਾਲ

ਪਰ ਹੌਲੀ ਹੌਲੀ ਉਡੀਕ ਮੁੱਕ ਗਈ ਤਬਦੀਲੀ ਦੀ
ਉਡੀਕ ਲਈ ਭਵਿੱਖ ਚਾਹੀਦਾ ਹੈ
ਮਾਂ ਦੇ ਵਰਤਮਾਨ ਦਾ ਪਿਆਲਾ
ਭਰ ਗਿਆ ਸੀ ਇੰਜ ਮੂੰਹ ਤਕ
ਕਿ ਭਵਿੱਖ ਦੀ ਬੂੰਦ ਭਰ ਲਈ ਵੀ ਥਾਂ ਨਾ ਬਚੀ ਉਸ ਵਿਚ

ਲੰਘਦੇ ਪਲ ਪੱਥਰ ਵਾਂਗ
ਵਿਛ ਗਏ ਸਭ ਸ਼ੀਸ਼ਿਆਂ ’ਤੇ
ਸਮੇਤ ਉਨ੍ਹਾਂ ਦੇ—ਜਿਨ੍ਹਾਂ ਵਿਚੋਂ ਭਵਿੱਖ ਦਿਸਣਾ ਸੀ ਕੋਈ
ਤੇ ਉਹ ਬੋਚ ਬੋਚ ਤੁਰਦੀ ਰਹੀ
ਬੱਚੇ ਨੂੰ ਕੁੱਛੜ ਚੁੱਕ ਚੁੱਕ ਹਰ ਪੱਥਰ ’ਤੇ ਪੈਰ ਧਰ ਧਰ

ਘਰ ਦੀ ਕੰਧ ਤੋਂ ਸਕੂਲ ਦੀ ਵਲਗਣ ਤਕ
ਰਸੋਈ ਤੋਂ ਵਿਹੜੇ ਤੋਂ ਕਮਰੇ ਤਕ
ਇਕ ਵਾਜ ਤੋਂ ਦੂਜੇ ਕੰਮ ਤਕ
ਬਸ ਏਨਾ ਹੀ ਸਫ਼ਰ ਸੀ ਉਹਦਾ ਹਰ ਰੋਜ਼
ਕਿੰਨੇ ਹਜ਼ਾਰ ਮੀਲ ਤੁਰੀ ਉਹ ਚੌਂਤੀ ਵਰ੍ਹੇ...

ਪਰ ਜਿਥੇ ਵੀ ਜਾਂਦੀ
ਆਪਣੇ ਕੰਨ ਤੇ ਅੱਖਾਂ ਬੱਚੇ ਕੋਲ ਛੱਡ ਆਉਂਦੀ
ਜਦ ਉਹ ਤੁਰਨਾ ਚਾਹੁੰਦਾ
ਉਹ ਆਪਣੇ ਹੱਥ ਤੇ ਪੈਰ ਉਹਨੂੰ ਦੇਂਦੀ
ਜਦ ਬੱਚਾ ਸੁਆਲ ਕਰਦਾ ਤਾਂ ਕਹਿੰਦੀ—
‘ਰੱਬ ਜਾਣਦਾ ਸੀ
ਅਸਾਂ ਦੋਹਾਂ ਸਦਾ ਇਕੱਠੇ ਰਹਿਣਾ ਹੈ
ਸਾਨੂੰ ਅੰਗਾਂ ਦਾ ਇਕੋ ਜੋੜਾ ਹੀ ਬਹੁਤ ਹੈ
ਦੂਜਾ ਸ਼ਾਇਦ ਉਹਨੂੰ ਦੇ ਦਿੱਤਾ
ਜਿਸ ਦੀ ਲੋੜ ਬਹੁਤੀ ਸੀ...’

ਜਦ ਉਹ ਰੋਣਾ ਚਾਹੁੰਦਾ—ਉਹਨੂੰ ਗਲ ਲਾ ਲੈਂਦੀ
ਜਦ ਉਹ ਹੱਸਦਾ—ਉਹਦੇ ਗਲ ਲੱਗ ਜਾਂਦੀ
ਕੋਈ ਉਸ ’ਤੇ ਤਰਸ ਕਰਦਾ
ਉਸ ਦੇ ਗਲ ਪੈ ਜਾਂਦੀ ਆਪਣੇ ਅੰਦਰ ਹੀ ਅੰਦਰ
ਜਦੋਂ ਇਕੱਲੀ ਤੇ ਬਹੁਤ ਇਕੱਲੀ ਹੁੰਦੀ
ਬਸ ਓਦੋਂ ਹੀ ਆਪਣੇ ਗਲ ਨੂੰ ਆਗਿਆ ਦੇਂਦੀ
ਕਿ ਉਹ ਭਰ ਆਵੇ...

ਕੋਈ ਆਪਣਾ ਦੁੱਖ ਵੰਡਦਾ ਹੈ ਦੂਜਿਆਂ ਨਾਲ
ਤੇ ਕੋਈ ਆਪਣਾ ਧਨ
ਕੋਈ ਹਾਸਾ ਵੰਡਦਾ ਹੈ ਤੇ ਕੋਈ ਆਪਣਾ ਹੱਕ
ਉਹ ਸੋਚਦੀ—ਗੱਲ ਤਾਂ ਬਸ ਏਨੀ ਹੀ ਸੀ

ਉਹਨੇ ਆਪਣਾ ਸਰੀਰ ਵੰਡ ਲਿਆ ਸੀ ਆਪਣੇ ਬੱਚੇ ਨਾਲ
ਬਾਲ ਜੰਮਣ ਦੇ ਛੇ ਹਫ਼ਤੇ ਮਗਰੋਂ ਕੁੱਖ
ਪਰਤ ਜਾਂਦੀ ਹੈ ਪਹਿਲਾਂ ਵਾਲੀ
ਵਿਸਰਾਮ ਦੀ ਅਵਸਥਾ ਵਿਚ
ਗੱਲ ਤਾਂ ਬਸ ਏਨੀ ਸੀ—
ਉਹ ਆਪਣੀ ਕੁੱਖ ਨੂੰ ਵਿਸਰਾਮ ਤੋਂ ਪਹਿਲਾਂ ਹੀ ਅੰਦਰੋਂ ਕੱਢ ਕੇ
ਬਾਹਰ ਧਰ ਲਿਆ ਸੀ—ਚੌਂਤੀ ਵਰ੍ਹੇ ਲਈ...

ਏਨੇ ਵਰ੍ਹੇ ਉਹ ਆਪਣੇ ਨਹੁੰ ਕੱਟਦੀ ਰਹੀ ਨੇਮ ਨਾਲ
ਕਿਤੇ ਸਾਂਭਦਿਆਂ ਸਾਂਭਦਿਆਂ ਬੱਚੇ ਨੂੰ ਚੁਭ ਨਾ ਜਾਣ
ਉਹ ਰੋਜ਼ ਕੱਪੜੇ ਬਦਲਦੀ ਰਹੀ ਨੇਮ ਨਾਲ
ਮੈਲੇ ਕੱਪੜੇ ਨਾਲ ਬੱਚੇ ਨੂੰ ਰੋਗ ਨਾ ਲੱਗ ਜਾਵੇ
ਉਹ ਇਸ਼ਨਾਨ ਕਰਦੀ ਹਰ ਰੋਜ਼
ਕਿ ਬੱਚੇ ਲਈ ਅਰਦਾਸ ਕਰਦਿਆਂ ਉਹ ਸੁੱਚੀ ਰਹੇ
ਉਹ ਹਸਦੀ ਖੇਡਦੀ ਵੀ ਰਹੀ ਹਰ ਰੋਜ਼
ਕਿ ਬੱਚਾ ਉਦਾਸ ਨਾ ਹੋ ਜਾਵੇ...

ਬੱਚਾ ਉਦਾਸ ਹੋ ਜਾਂਦਾ ਫਿਰ ਵੀ
ਉਹ ਰੇਡੀਓ ਟੈਲੀਵਿਜ਼ਨ ਲਾਉਂਦੀ
ਬੱਚਾ ਵਾਜਾਂ ਨੂੰ ਵੇਖਣ ਦੀ ਕੋਸ਼ਿਸ਼ ਕਰਦਾ
ਤਸਵੀਰਾਂ ਨੂੰ ਸੁਨਣ ਲਈ ਪਾਸਾ ਪਰਤਦਾ
ਪਰਦੇ 'ਤੇ ਵੱਡੇ ਵੱਡੇ ਆਕਾਰ ਜਾਗ ਪੈਂਦੇ—
ਘੋੜੇ, ਸਾਨ੍ਹ, ਹਾਥੀ, ਵੇਲਾਂ, ਡਾਇਨਾਸੋਰ...
ਉਹ ਵੇਖਦੀ, ਕਦੀ ਹੈਰਾਨ ਹੁੰਦੀ :
"ਕੀ ਏਹ ਸਾਰੇ ਰਲ ਕੇ ਵੀ
ਇਕ ਬੰਦੇ ਜਿੰਨਾ ਭਾਰ ਚੁੱਕ ਸਕਦੇ ਹਨ ?"

ਜਦ ਬੱਚਾ ਸੌਂ ਜਾਂਦਾ
ਉਹ ਉਸ ਦੇ ਹੱਥਾਂ ਪੈਰਾਂ 'ਤੇ ਹੱਥ ਫੇਰਦੀ
ਤੇ ਵੇਖਦੀ—ਉਸ ਦੇ ਬੱਚੇ ਦਾ ਸਰੀਰ ਕਿੰਨਾ ਹੌਲਾ ਸੀ—ਫੁੱਲ ਵਰਗਾ
ਉਹਦਾ ਜੀਅ ਕਰਦਾ
ਉਹ ਕਿਸੇ ਪਰਬਤ ਵਾਂਗੂੰ ਭਾਰਾ ਹੁੰਦਾ ਤਾਂ ਵੀ ਉਹਨੂੰ ਹੱਸ ਕੇ ਚੁੱਕ ਲੈਂਦੀ
ਪਰ ਏਹ ਕਿਸ ਤਰ੍ਹਾਂ ਦਾ ਅਣਦਿਸਦਾ ਪੱਥਰ
ਬੰਨ੍ਹਿਆ ਗਿਆ ਸੀ ਉਸ ਦੇ ਹੌਲੇ ਪਿੰਡੇ ਨਾਲ
ਜਿਸ ਨੂੰ ਨਾ ਉਹ ਉਠਾ ਸਕਦਾ ਸੀ, ਨਾ ਆਪ ਉਠ ਸਕਦਾ ਸੀ
ਜ਼ਿੰਦਗੀ ਕਿੰਜ ਕੈਦ ਹੋ ਗਈ ਸੀ ਉਸ ਦੇ ਪ੍ਰਾਣਾਂ ਅੰਦਰ
ਕਿ ਉਸ ਨੇ ਕੈਦਖਾਨਾ ਬਣਾ ਦਿੱਤਾ ਸੀ
ਬੱਚੇ ਦੇ ਸਰੀਰ ਨੂੰ ਹੀ ਕੁਦਰਤ ਨੇ ਸਿਰਫ਼ ਇਕ ਨਜ਼ਰ ਨਾਲ
ਤੱਕਿਆ ਏਹ ਬੱਚਾ ਤੇ ਫਿਰ
ਹੋਰਨਾਂ ਨੂੰ ਪਾਲਣ ਚਲੀ ਗਈ ਏਨੀ ਦੂਰ
ਕਿ ਪਰਤੀ ਹੀ ਨਾ...
ਕਿਸ ਤਰ੍ਹਾਂ ਲੁਕਣਮੀਟੀ ਸੀ ਏਹ

ਜੋ ਚਲਦੀ ਰਹੀ ਏਨੀ ਦੇਰ ਕਿ
ਬਸ ਰਾਤ ਹੋ ਗਈ ਤੇ ਪਰਤਣ ਵਾਲੇ ਨੂੰ ਰਾਹ ਹੀ ਨਾ ਲੱਭਾ...

ਉਹ ਉਨ੍ਹਾਂ ਬੱਚਿਆਂ ਨੂੰ ਵੇਖਦੀ
ਜਿਨ੍ਹਾਂ ਦੇ ਅੰਗ ਪੂਰੇ ਸਨ
ਜੋ ਖੇਡਣ ਲਈ ਘਰੋਂ ਗਏ
ਕਈ ਘੰਟੇ ਪਰਤਦੇ ਨਹੀਂ ਸਨ
ਜੋ ਕਮਾਉਣ ਲਈ ਘਰੋਂ ਗਏ
ਕਦੀ ਪਰਤੇ ਹੀ ਨਹੀਂ ਸਨ
ਉਹ ਉੱਠਦੀ ਤੇ
ਬੱਚੇ ਦੇ ਲਿੱਸੇ ਤੇ ਅਧਘੜੇ ਹੱਥਾਂ ਪੈਰਾਂ ਨੂੰ ਚੁੰਮਦੀ
ਉਹਨੂੰ ਜਾਪਦਾ ਏਨ੍ਹਾਂ ਵਿਚ ਵੀ
ਕੋਈ ਵਰ ਸੀ ਕੋਈ ਸਿਫ਼ਤ ਸੀ
ਜਿਸ ਕਰਕੇ ਉਸ ਦਾ ਬੱਚਾ
ਕਿਧਰੇ ਨਹੀਂ ਸੀ ਜਾਂਦਾ ਤੇ ਹਰ ਪਲ
ਰਹਿੰਦਾ ਸੀ ਉਹਦੀਆਂ ਅੱਖਾਂ ਅੱਗੇ...

ਕਿੰਨੀ ਵਾਰੀ ਕੋਈ ਆਉਂਦਾ ਤੇ ਕਹਿੰਦਾ—
"ਏਸ ਬੱਚੇ ਲਈ ਵੀ ਇਕ ਨੌਕਰ ਰੱਖ ਲੈ
ਕਦੀ ਚਾਰ ਦਿਨ ਬਾਹਰ ਚਲੀ ਜਾ
ਤੂੰ ਆਪਣੀ ਜ਼ਿੰਦਗੀ ਵੀ ਤਾਂ ਜੀਅ ਲੈ !"

ਉਹ ਭੌਂਚੱਕੀ ਜਹੀ ਆਉਣ ਵਾਲੇ ਦਾ ਮੂੰਹ ਵੇਖਦੀ ਰਹਿ ਜਾਂਦੀ :
ਹੋਰ ਕਿਸ ਦੀ ਜ਼ਿੰਦਗੀ ਜੀਅ ਰਹੀ ਸੀ ਓਹ ?
ਜੇ ਔਖੀ ਹੋ ਜਾਵੇ ਤਾਂ ਕੀ
ਉਹ ਜ਼ਿੰਦਗੀ—ਆਪਣੀ ਨਹੀਂ ਰਹਿੰਦੀ...?
ਜੇ ਸੱਚ ਕੌੜਾ ਹੋ ਜਾਵੇ, ਦੁੱਖ ਦੇਵੇ
ਤਾਂ ਕੀ ਉਹ ਸਾਡਾ ਸੱਚ ਨਹੀਂ ਰਹਿੰਦਾ...?

ਕੋਈ ਹੋਰ ਆਉਂਦਾ ਤੇ ਆਖਦਾ :
"ਕਿੰਨਾ ਭਾਰ ਚੁੱਕਿਆ ਹੋਇਆ ਹੈ ਤੂੰ !"
ਉਹ ਚੁੱਪ ਚਾਪ ਸੋਚਦੀ—
"ਜਦੋਂ ਤੁਸੀਂ ਆਪਣਾ ਸਰੀਰ
ਕਿਸੇ ਨੂੰ ਦੇ ਦਿਉ
ਆਪਣੀ ਭੁੱਖ ਨੀਂਦ ਤੇ ਉੱਠਣਾ ਬਹਿਣਾ
ਆਪਣਾ ਮਨ ਚੈਨ ਤੇ ਸਮਾਂ ਵੀ
ਸੋਚਾਂ, ਯਾਦਾਂ, ਇੱਛਾਵਾਂ ਤੇ ਸੁਪਨੇ
ਸਭ ਕੁਝ ਹੀ ਦੇ ਦਿਉ
ਤਾਂ ਫਿਰ ਕਿਹੜਾ ਭਾਰ ਰਹਿ ਜਾਂਦਾ ਹੈ—
ਚੁੱਕਣ ਵਾਲਾ...?"

ਕਦੀ ਕੋਈ ਬਹੁਤ ਦੁੱਖ ਨਾਲ ਭਰ ਕੇ ਆਖਦਾ—
"ਅਰਦਾਸ ਕਰਿਆ ਕਰ—ਏਸ ਬੱਚੇ ਲਈ !"

ਉਹ ਫਿਰ ਸੋਚਾਂ ਵਿਚ ਪੈ ਜਾਂਦੀ :
ਦੋਹਾਂ ਵਿਚੋਂ ਕੀ ਵੱਡਾ ਹੈ—
ਭਾਂਡੇ ਨੂੰ ਅੱਡਣਾ ਜਾਂ ਮਾਂਜ ਕੇ ਸੁੱਚਾ ਕਰ ਲੈਣਾ ?
ਮੰਗਣਾ ਜਾਂ ਮਿਲਣ–ਜੋਗ ਹੋ ਜਾਣਾ ?
ਅਰਦਾਸ ਕਰਨਾਂ ਕਿ ਤਪੱਸਿਆ ਕਰ ਲੈਣਾ ?

ਤੇ ਕਿੰਜ ਕੀਤੀ ਜਾਂਦੀ ਹੈ ਤਪੱਸਿਆ ?
ਸਿਰਫ਼ ਧਰਤੀ ਉੱਪਰ ਅਹਿੱਲ ਬੈਠ ਕੇ ?
ਜਾਂ ਕਿਸੇ ਉੱਚੇ ਮੰਡਲ ਵਿਚ ਅੱਪੜ ਕੇ ?
ਕੀ ਹੜ੍ਹ ਹੜ੍ਹ ਹੋਈ ਨਦੀ ਵਿਚ
ਪੈਰ ਟਿਕਾਅ ਕੇ ਖੜ੍ਹੇ ਰਹਿਣਾ ਵੀ
ਤਪੱਸਿਆ ਨਹੀਂ ਹੁੰਦਾ...?

ਬੱਚੇ ਦੇ ਕੱਪੜੇ ਖਰੀਦਣ ਬਾਜ਼ਾਰ ਜਾਂਦੀ
ਦੁਕਾਨਦਾਰ ਪੁੱਛਦਾ—"ਭੈਣਾ ! ਬੱਚੇ ਦੀ ਉਮਰ ?"
ਉਹਦਾ ਮਨ ਆਖਦਾ—"ਪੰਦਰਾਂ ਸਾਲ !"
ਉਹਦੇ ਹੋਂਠ ਆਖਦੇ : "ਪੰਜ ਸਾਲ !!"

ਲੋਕ ਰਿਸ਼ਤੇਦਾਰ ਘਰ ਆਉਂਦੇ
ਜੀਵਨ ਓਵੇਂ ਹੀ ਕਦੀ ਸਹਿਜ, ਕਦੇ ਡਿੱਕੋਡੋਲੇ ਚਲਦਾ
ਜਿਵੇਂ ਸ਼ਹਿਰ ਵਿਚ ਚਲਦੇ
ਦੰਗਿਆਂ ਦੇ ਦਰਮਿਆਨ ਵੀ
ਧਰਤੀ ਅੰਦਰ ਕੋਈ ਬੀਜ ਥਾਂ ਥਾਂ 'ਤੇ
ਹੌਲੀ ਹੌਲੀ ਅੱਖਾਂ ਖੋਲ੍ਹਦਾ, ਨਿਰੰਤਰ ਪਲਦਾ

ਘਰ ਅੰਦਰ ਜਿਸ ਪਲ ਉਹ
ਬੱਚੇ ਨੂੰ ਦੁਆਈ ਦੇ ਰਹੀ ਹੁੰਦੀ
ਉਹਦਾ ਪਾਸਾ ਪਰਤਾਅ ਰਹੀ ਹੁੰਦੀ
ਜਾਂ ਮੂੰਹ ਵਿਚ ਬੁਰਕੀ ਪਾ ਰਹੀ ਹੁੰਦੀ
ਓਦੋਂ ਵਿਹੜੇ ਵਿਚ ਦੂਜੇ ਬੱਚੇ ਕਿਲਕਾਰੀਆਂ ਮਾਰਦੇ
ਬੈਠਕ ਵਿਚ ਲੰਮੀਆਂ ਗੱਲਾਂ ਹੁੰਦੀਆਂ
ਘਰ ਦੇ ਵੱਡੇ–ਵੱਡੇ ਬਹਿਸਾਂ ਕਰਦੇ
ਅਮਰੀਕੀ ਰਾਸ਼ਟਰਪਤੀ ਦੀ ਚੋਣ ਦੀਆਂ
ਮਰਦੇ ਕਿਸਾਨਾਂ ਦੇ ਕਰਜ਼ੇ ਦੀਆਂ
ਫ਼ੈਸ਼ਨ ਦੀਆਂ ਜਾਂ
ਧਰਮ ਅਤੇ ਫ਼ਲਸਫ਼ੇ ਦੀਆਂ...
ਤਾਂ ਉਹਦੇ ਅੰਦਰ ਪ੍ਰਸ਼ਨ ਜਾਗਦੇ—
ਜਿਸ ਨੂੰ ਅਸੀਂ ਜੀਣਾ ਹੀ ਨਹੀਂ
ਸਚਮੁੱਚ—ਕਦੀ ਵੀ ਨਹੀਂ
ਤੇ ਜਿਥੇ ਅਸੀਂ ਕਦੀ ਜਾਣਾ ਹੀ ਨਹੀਂ
ਉਸ ਦੀਆਂ ਗੱਲਾਂ ਕਿਉਂ ਕਰਦੇ ਰਹਿੰਦੇ ਹਾਂ ਅਸੀਂ ?
ਕੀ ਏਸ ਲਈ ਕਿ—

ਜੇ ਸਾਨੂੰ ਜੀਣਾ ਪੈਂਦਾ ਹੈ ਸਚਮੁੱਚਹੈ
ਉਸ ਦੀ ਝੋਲੀ ਵਿਚ ਬੈਠਿਆਂ ਬੈਠਿਆਂ ਹੀ
ਉਸ ਤੋਂ ਦੂਰ ਚਲੇ ਜਾਣਾ ਚਾਹੁੰਦੇ ਹਾਂ ਅਸੀਂ
ਭਾਵੇਂ ਥੋੜ੍ਹੀ ਦੇਰ ਲਈ ਹੀ...?
ਜਾਂ ਏਸ ਲਈ ਕਿ—
ਵੱਡੇ ਫ਼ਿਕਰ ਤਿਆਰ ਕਰਦੇ ਨੇ ਸਾਨੂੰ
ਰੋਜ਼ ਰੋਜ਼ ਦੇ ਨਿੱਕੇ ਨਿੱਕੇ ਦੁੱਖਾਂ ਨੂੰ ਜੀਣ ਲਈ...?

ਉਹਨੂੰ ਲੱਗਦਾ—
ਕਿੰਨਾ ਫ਼ਰਕ ਹੈ—ਜ਼ਿੰਦਗੀ ਤੇ ਸੰਸਾਰ ਵਿਚ!
ਦੋਵੇਂ ਇਕੱਠੇ ਜਾਪਦਿਆਂ ਵੀ ਇਕ ਨਹੀਂ
ਜ਼ਿੰਦਗੀ ਓਹ ਹੈ
ਜੋ ਅਸੀਂ ਜੀਂਦੇ ਹਾਂ
ਜਿਸ ਨੂੰ ਪਲ ਪਲ ਘੁੱਟ ਘੁੱਟ ਪੀਂਦੇ ਹਾਂ
ਕਦੀ ਵਰ ਵਾਂਗ, ਕਦੀ ਵਿਹੁ ਵਾਂਗ
ਸੰਸਾਰ ਉਹ ਹੈ—
ਜੋ ਸਾਨੂੰ ਜੀਂਦਾ ਹੈ
ਬੁਰਕੀ ਬੁਰਕੀ ਸਾਨੂੰ ਰੋਜ਼ ਰੋਜ਼ ਖਾਂਦਾ ਹੈ
ਜ਼ਿੰਦਗੀ ਨੂੰ ਅਸੀਂ ਜੀਂਦੇ ਹਾਂ
ਸੰਸਾਰ ਦੀਆਂ ਅਸੀਂ ਗੱਲਾਂ ਕਰਦੇ ਹਾਂ
ਜ਼ਿੰਦਗੀ—ਸ਼ਾਇਦ ਕਿਸੇ ਭਵਜਲ ਵਿਚ
ਪਲੋ ਪਲੀ ਡੁੱਬ ਜਾਣ ਦਾ ਡਰ ਹੈ
ਗੱਲਾਂ ਕਿਸ਼ਤੀਆਂ ਹਨ
ਏਸ ਭਵਜਲ ਨੂੰ ਪਾਰ ਕਰਨ ਦੀਆਂ
ਕਿਸ਼ਤੀ ਜੇ ਸਹੀ ਸਲਾਮਤ ਚੱਲ ਰਹੀ ਸੀ
ਤਾਂ ਸਵਾਰਾਂ ਨੂੰ ਕੀ ਫ਼ਰਕ ਪੈਂਦਾ ਸੀ
ਉਹ ਲੱਕੜ ਦੀ ਸੀ ਜਾਂ ਲੋਹੇ ਦੀ...?
ਗੱਲ ਜਦ ਤਕ ਚੱਲ ਰਹੀ ਸੀ
ਕੀ ਫ਼ਰਕ ਪੈਂਦਾ ਸੀ
ਉਹ ਵੱਡੀ ਸੀ ਜਾਂ ਨਿੱਕੀ...?
ਆਪਣੀ ਸੀ ਜਾਂ ਹੋਰਾਂ ਦੀ...?

ਜਮਾਤ ਦੇ ਬੱਚਿਆਂ ਨੂੰ
ਵਿਗਿਆਨ ਪੜ੍ਹਾਉਂਦੀ ਉਹ ਗੁਆਚ ਜਾਂਦੀ
ਉਹਨੂੰ ਲੱਗਦਾ—
ਪਲ ਭਰ ਵਿਚ ਹੀ ਤਿੰਨ ਲੱਖ ਕਿਲੋਮੀਟਰ ਫ਼ਾਸਲਾ
ਭੱਜ ਸਕਦੇ ਚਾਨਣ ਨੂੰ
ਜਿਸ ਸ੍ਰਿਸ਼ਟੀ ਦੇ ਇਕ ਤੋਂ ਦੂਜੇ ਸਿਰੇ ਤਕ ਜਾਂਦਿਆਂ
ਲੱਗ ਜਾਂਦੇ ਨੇ 70 ਖਰਬ ਵਰ੍ਹੇ!
ਉਹ ਮਹਾਂ ਸ੍ਰਿਸ਼ਟੀ ਅੰਦਰ ਉਹਦਾ ਸੰਸਾਰ
ਇਕ ਪਰਮਾਣੂ ਜਿੱਡਾ ਨਿੱਕਾ ਸੀ ਬਸ!

ਪਰਮਾਣੂ—
ਜੋ ਦਿਸਦਾ ਤਕ ਨਹੀਂ
ਕਿਸੇ ਮਹਾਂ-ਖੁਰਦਬੀਨ ਨਾਲ ਵੀ
ਜਿਸ ਦੇ ਕੇਂਦਰ ਵਿਚ ਪ੍ਰੋਟਾਨ ਤੇ ਨਿਊਟ੍ਰਾਨ ਸਨ
ਇਲੈਕਟ੍ਰਾਨ ਘੁੰਮਦੇ ਜਿਨ੍ਹਾਂ ਦੁਆਲੇ
ਚਾਲ੍ਹੀ ਹਜ਼ਾਰ ਕਿਲੋਮੀਟਰ ਪ੍ਰਤੀ ਪਲ
ਉਮਰ ਭਰ ਇੰਜ
ਕਿ ਜੇ ਉਹ ਇਲੈਕਟ੍ਰਾਨ
ਕਦੀ ਪਲ ਭਰ ਲਈ ਵੀ ਸੌਂ ਜਾਵੇ
ਤਾਂ ਉਹ ਪਰਮਾਣੂ ਸੰਸਾਰ ਤਬਾਹ ਹੋ ਜਾਵੇ...

ਬਸ ਏਵੇਂ ਹੀ ਉਸ ਦੇ ਮਹੀਨ ਸੰਸਾਰ ਦੇ
ਕੇਂਦਰ ਵਿਚ—ਬੱਚਾ ਸੀ ਉਸ ਦਾ
ਜਿਸ ਦੁਆਲੇ ਉਹ ਬਿਨਾਂ ਸੁੱਤਿਆਂ
ਘੁੰਮ ਰਹੀ ਸੀ ਵਰ੍ਹਿਆਂ ਵਰ੍ਹੇ
ਡਰਦੀ ਹੋਈ ਕਿ ਜੇ ਉਹਦੀ ਅੱਖ ਲੱਗ ਜਾਵੇ
ਤਾਂ ਕਿਤੇ ਏਹ ਕੇਂਦਰ ਸਦਾ ਲਈ ਸੌਂ ਨਾ ਜਾਵੇ...

ਰਾਤ ਪੈ ਜਾਂਦੀ
ਉਸ ਦਾ ਬੱਚਾ ਸੌਂ ਜਾਂਦਾ
ਸੂਰਜ ਪਾਣੀ ਤੇ ਰੁੱਖਾਂ ਮਗਰੋਂ ਚੰਨ ਤਾਰੇ ਤੇ
ਪਹਿਲੇ ਪਹਿਰ ਆਖ਼ਰ ਰਾਤ ਵੀ ਸੌਂ ਜਾਂਦੀ
ਉਹ ਫੇਰ ਵੀ ਜਾਗਦੀ ਰਹਿੰਦੀ
ਬੱਚੇ ਲਈ ਪੜ੍ਹ ਰਹੀ ਕਹਾਣੀ ਦੀ
ਕਿਤਾਬ ਹੱਥੋਂ ਛੁੱਟ ਜਾਂਦੀ
ਕਿੰਨੇ ਹੀ ਪੜ੍ਹੇ ਸੁਣੇ ਪੰਨੇ
ਉਸ ਦੀਆਂ ਅੱਖਾਂ ਅੱਗੇ ਵਿਛ ਜਾਂਦੇ
ਉਨ੍ਹਾਂ ਦੇ ਪਾਤਰ ਧਰਤੀ 'ਤੇ ਉੱਡਣ ਲੱਗਦੇ
ਆਕਾਸ਼ ਵਿਚ ਤੁਰਨ ਲੱਗਦੇ...

ਉਨ੍ਹਾਂ ਪਾਤਰਾਂ ਨੂੰ ਤੱਕਦਿਆਂ...
ਉਹ ਆਪਣੇ ਹੱਥ ਵੇਖਣ ਲੱਗ ਪੈਂਦੀ ਜਿਨ੍ਹਾਂ ਵਿਚ
ਨਾ ਕੋਈ ਛੜੀ ਸੀ
ਨਾ ਵਰ
ਸਿਰਫ਼ ਅੱਟਣ ਸਨ ਥੋੜ੍ਹੇ ਜਿਹੇ
ਤੇ ਉਹ ਸੋਚਦੀ—
ਉਹ ਐਸੀ ਪਰੀ ਨਾ ਸੀ ਜੋ ਜਾਦੂ ਦੀ
ਛੜੀ ਨਾਲ ਪੱਥਰ ਨੂੰ ਬੰਦਾ ਬਣਾ ਦੇਵੇ
ਨਾ ਉਹ ਤਪੀ ਰਿਖੀ ਸੀ
ਜਿਸ ਦਾ ਵਰ ਮੋਏ ਵਿਚ ਜਾਨ ਪਾ ਦੇਵੇ

ਉਹ ਤਾਂ ਬਸ ਕੋਈ ਮੀਰਾ ਬਣ ਸਕਦੀ ਸੀ

ਜੋ ਆਪਣੇ ਕ੍ਰਿਸ਼ਨ ਦੇ ਬੁੱਤ
ਝੋਲੀ ਚੁੱਕ ਘਰ ਵਿਚ ਤੁਰੀ ਫਿਰੇ
ਜਾਂ ਉਹ ਬਸ ਮਾਂ ਬਣ ਸਕਦੀ ਸੀ...
ਜੋ ਆਪਣੇ ਅੱਟਣਾਂ ਨਾਲ ਕਿਸੇ ਬੱਚੇ ਨੂੰ
ਵਗਦੀ ਹਨੇਰੀ ਵਿਚ ਰੁੱਖੋਂ ਟੁੱਟਿਆ
ਟਾਹਣ ਬਣ ਕੇ ਉੱਡ ਜਾਣ ਤੋਂ ਟੋਕ ਦਵੇ
ਜੋ ਕਿਸੇ ਜਿਉਂਦੇ ਹੋਏ ਨੂੰ
ਸਮੇਂ ਤੋਂ ਪਹਿਲਾਂ ਜਾਂ ਜੀਂਦੇ ਜੀਅ
ਮਰ ਜਾਣ ਤੋਂ ਰੋਕ ਲਵੇ
ਜੋ ਕਿਸੇ ਦਾ ਪੱਲਾ ਫੜ ਲਵੇ
ਇੰਜ ਘੁੱਟ ਕੇ
ਕਿ ਉਹ ਕਿਤੇ ਜਾ ਨਾ ਸਕੇ
ਨਾ ਘਰ ਦੀ ਦਹਿਲੀਜ਼ ਛੱਡ ਕੇ
ਨਾ ਜਿਸਮ ਦੀ ਲੀਕ ਟੱਪ ਕੇ...
ਹਜ਼ਾਰਾਂ ਹੀ ਦਿਨ
ਲੱਖਾਂ ਹੀ ਘੰਟੇ
ਕਰੋੜਾਂ ਹੀ ਪਲ...

ਬੱਚੇ ਦੀ ਦੇਹ ਪਰਤ ਆਈ ਹੈ ਹਸਪਤਾਲ ਤੋਂ
ਦੇਹ ਦੇ ਨਾਲ ਸਾਹ ਨਹੀਂ ਪਰਤੇ...
ਦੇਹ ਮਿਲੀ ਸੀ ਮਾਂ-ਪਿਤਾ ਤੋਂ
ਉਨ੍ਹਾਂ ਕੋਲ ਹੀ ਪਰਤ ਆਈ ਹੈ ਵਿਦਾ ਲਈ
ਦੇਹ ਦੇ ਅੰਦਰ ਜੋ ਜੀਂਦਾ ਸੀ
ਸ਼ਾਇਦ ਪਰਤ ਗਿਆ ਉਸ ਕੋਲ
ਜਿਹੜਾ 'ਉਸ ਦਾ' ਮਾਤ-ਪਿਤਾ ਸੀ
ਕੌਣ ਸੀ ਉਹ ਜੋ ਜੀਵਿਆ ਅੰਦਰ ?
ਭੇਦ ਸੀ ਕੋਈ ਰੁੜ੍ਹਦਾ ਖੁੜ੍ਹਦਾ
ਧਰਤੀ ਦੇ ਸਭ ਬੰਦਿਆਂ ਵਾਂਗੂੰ
ਆਪਣੇ ਹੋਣ ਦੇ ਭੇਦ ਨੂੰ ਲੱਭਦਾ
ਤੁਰਿਆ ਫਿਰਦਾ...

ਵਿਦਾ ਦਾ ਪਲ
ਏਹ ਅੰਤਮ ਪਲ ਹੈ
ਪਹਿਲਾ ਪਲ ਤੇ ਅੰਤਮ ਪਲ
ਬਸ ਇਕ ਵਾਰ ਹੀ ਆਉਂਦੇ
ਵਿਚ ਵਿਚਾਲੇ ਪਲ ਅਨੰਤ
ਮੁੜ ਮੁੜ ਕੇ ਆਉਂਦੇ
ਨਿੱਕਾ ਧਾਗਾ, ਵਡ-ਦਰਿਆ ਤੇ ਲੰਮਾ ਜੀਵਨ
ਸੱਭੋ ਦੋ ਸਿਰਿਆਂ ਵਿਚ ਪਸਰੇ
ਕੇਵਲ ਮਹਾਂ-ਸ੍ਰਿਸ਼ਟੀ ਦੇ ਹੀ ਸਿਰੇ ਅਨੰਤ
ਜਿਸ ਦੇ ਅੰਦਰ ਸੱਭੇ ਬਿਖਰੇ

ਬੱਚੇ ਦੀ ਦੇਹ

ਲਹਿ ਆਈ ਹੈ ਧਰਤੀ 'ਤੇ
ਇਕ ਇਕ ਕਰਕੇ ਸਭ ਨੇ ਟੇਕ ਲਿਆ ਹੈ ਮੱਥਾ
ਸਭ ਦੇਂਦੇ ਪਏ ਵਿਦਾ
ਸ਼ਾਇਦ ਅਸਲ ਵਿਚ ਸਾਰੇ ਮੰਗਣ ਪਏ ਵਿਦਾ...
ਨਾਲ ਤਾਂ ਉਹ ਪਹਿਲਾਂ ਵੀ ਨਹੀਂ ਸਨ
ਨਾਲ ਰਹਿਣ ਦਾ ਭਰਮ ਤਾਂ ਸੀ
ਅੱਜ ਭਰਮ ਵੀ ਲਈ ਵਿਦਾ

ਭਰਮ ਵੀ ਓਨਾ ਸੱਚਾ, ਜਿੰਨਾ ਸੱਚ ਸੱਚਾ ਹੈ
ਭਰਮ ਦੇ ਵਿਚੋਂ ਭਉ ਭਾਵ ਤੇ ਕਾਰਜ ਉਪਜਣ
ਭਰਮ ਦੇ ਅੰਦਰ ਪੁੰਨ ਪਾਪ ਤੇ ਰੱਬ ਜਿਉਂਦਾ
ਭਰਮ ਦੇ ਅੰਦਰ ਬੰਦਾ ਮਰਦਾ
ਕਿਹੜਾ ਭਰਮ ਸੀ ਜਿਸ ਅੰਦਰ ਏਹ ਬੱਚਾ ਜੀਵਿਆ ?
ਸ਼ਾਇਦ ਉਸ ਦਾ ਜਿਉਂਦੇ ਹੋਣਾ
ਰੱਜ ਕੇ ਪੂਰਾ ਜੀ ਸਕਣਾ ਹੀ
ਭਰਮ ਸੀ ਉਸ ਦਾ ਤੇ ਸਭਨਾਂ ਦਾ
ਪਰ ਏਹ ਭਰਮ ਸੀ ਵਰ੍ਹਿਆਂ ਬੱਧੀ ਸੱਚ ਜਿੰਨਾ ਹੀ ਸੱਚਾ

ਮਾਂ ਨੇ ਬੂਹਾ ਢੋਅ ਦਿੱਤਾ ਹੈ...
ਕਮਰੇ ਵਿਚ ਬਸ ਮਾਂ ਤੇ ਪੁੱਤ ਹਨ

ਏਹ ਅੰਤਮ ਪਲ—
ਨਿੱਜੀ ਪਲ ਹੈ ਦੋ ਜਣਿਆਂ ਦਾ !
ਵਿਛੜਣ ਵੇਲੇ ਪ੍ਰੇਮੀਆਂ ਵਾਂਗ
ਮੇਲ ਦੇ ਪਲ ਵਿਚ ਭਗਤ ਅਤੇ ਭਗਵਾਨ ਦੇ ਵਾਂਗ
ਕੁੱਖ ਦੇ ਵਾਂਗ ਜਿਸ ਦੇ ਅੰਦਰ ਬੱਚਾ ਲੁਕਿਆ
ਕੁੱਖ ਉਦਾਲੇ ਮਾਂ ਲੁਕੀ
ਦੋਵੇਂ ਕੁੱਖ ਦੇ ਪਰਦੇ ਪਿੱਛੋਂ ਨਿੱਕੀਆਂ ਨਿੱਜੀ ਗੱਲਾਂ ਕਰਦੇ...

ਵਿਦਾ ਦੇ ਪਲ ਵਿਚ
ਪਹਿਲਾ ਪਲ ਤੇ ਅੰਤਮ ਪਲ
ਮੁੜ ਕੇ ਜੁੜ ਜਾਂਦੇ
ਪਿੱਛੇ ਕੋਈ ਸਿਰਾ ਨਾ ਬਚਦਾ
ਏਸ ਅਨੰਤ ਸ੍ਰਿਸ਼ਟੀ ਵਾਂਗ

ਹੌਲੀ ਹੌਲੀ ਮਾਂ ਬੱਚੇ ਦੇ
ਇਕ ਇਕ ਕਰਕੇ ਲੀੜੇ ਲਾਹੇ
ਨੰਗਾ ਪਿੰਡਾ ਗੋਦੀ ਪਾਵੇ
ਏਸ ਤਰ੍ਹਾਂ ਹੀ ਆਇਆ ਸੀ ਉਹ ਪਹਿਲੀ ਵਾਰੀ...
ਬੱਚੇ ਦੇ ਮੱਥੇ ਹੱਥ ਫੇਰੇ, ਪਿੰਡਾ ਛੋਹੇ
ਠੰਢਾ ਮੱਥਾ ਠੰਢਾ ਪਿੰਡਾ
ਮਾਂ ਕੰਬਲ ਚੁੱਕਣ ਲਈ ਉੱਠਦੀ
ਬਹਿ ਜਾਂਦੀ ਹੈ

ਚੇਤਾ ਆਵੇ—
ਨੌਂ ਮਹੀਨੇ ਕੁੱਖ ਅੰਦਰ ਉਹ ਨੰਗਾ ਹੀ ਸੀ
ਏਨੀ ਅੱਗ ਬਾਲ ਕੇ ਰੱਖੀ ਕੁੱਖ ਅੰਦਰ
ਇਸ ਨੂੰ ਰਤਾ ਠੰਢ ਨਾ ਲੱਗੀ
ਏਹ ਜੋ ਠੰਢ ਹੈ—ਅੰਤਮ ਠਾਰਾ
ਏਹ ਹੁਣ ਅੱਗ ਦੀ ਕੁੱਖ ਦੇ ਅੰਦਰ
ਲੁਕਣ 'ਤੇ ਹੀ ਜਾਣਾ...
ਸਾਰੀ ਉਮਰਾ ਏਹੀ ਲੱਗਿਆ, ਏਹੀ ਕੀਤਾ
ਇਸ ਬੱਚੇ ਨੂੰ ਠੰਢ ਨਾ ਲੱਗੇ
ਭੁੱਖ ਨਾ ਲੱਗੇ
ਇਸ ਪਲ ਮਾਂ ਦਾ ਜੀਅ ਮੱਚਦਾ ਹੈ
ਇਸ ਬੱਚੇ ਨੂੰ ਠੰਡ ਲੱਗੇ ਤੇ ਭੁੱਖ ਲੱਗੇ...

ਅੱਖਾਂ ਪੂੰਝੇ
ਬੱਚੇ ਬਾਝੋਂ ਕਿਸ ਦੀ ਮਾਂ ?
ਬੱਚੇ ਦੇ ਸੰਗ—ਮਾਂ ਵਿਦਾ ਹੋ ਜਾਵੇ
ਮਮਤਾ ਫਿਰ ਵੀ ਪਿੱਛੇ ਹੀ ਰਹਿ ਜਾਵੇ
ਮਾਂ ਦੇ ਕੋਲੋਂ ਪੂਰਾ ਵਿਦਾ ਨਾ ਹੋਇਆ ਜਾਵੇ...
ਮਾਤਾ ਧਰਤ ਮਹਤੁ ਅਤੇ ਪਾਣੀ ਪਿਤਾ
ਅਗਲੀ ਬਲੇ ਤਾਂ ਪਿੰਡੇ ਵਿਚੋਂ ਸਭ ਤੋਂ ਪਹਿਲਾਂ
ਪਿਤਾ ਵਿਦਾ ਹੋ ਜਾਵੇ
ਮਿੱਟੀ ਦੀ ਮੁੱਠ—
ਮਾਤਾ ਧਰਤੀ ਥੋੜ੍ਹੀ ਜਿੰਨੀ
ਫਿਰ ਵੀ ਬਚ ਹੀ ਜਾਵੇ
ਜਾਵਣ ਵਾਲਾ ਵੀ ਤਾਂ ਕਦੇ ਨਾ ਪੂਰਾ ਜਾਵੇ
ਚੇਤਾ ਪਿੱਛੇ ਹੀ ਛੱਡ ਜਾਵੇ...

ਬੱਚੇ ਬਾਝੋਂ ਕੌਣ ਹੈ ਮਾਂ ?
ਜੇਕਰ ਕੋਈ ਨਹੀਂ ਤਾਂ ਫਿਰ
ਇਸ ਪਲ ਉਹ ਦੋਵੇਂ ਕੀ ਹਨ ?
ਉਨ੍ਹਾਂ ਦਾ ਕੀ ਰਿਸ਼ਤਾ ?
ਸ਼ਾਇਦ ਓਹੀ ਜਿਹੜਾ ਮਿੱਟੀ ਦਾ ਤੇ ਕੁੱਖ ਦਾ
ਜਾਂ ਫਿਰ ਮਿੱਟੀ ਦਾ ਤੇ ਇੱਟ ਦਾ

ਮਾਂ ਮਿੱਟੀ ਸੀ—ਪਹਿਲਾਂ ਵੀ ਤੇ ਹੁਣ ਵੀ
ਬੱਚਾ ਹੁਣ ਤਕ ਰੁੱਖ ਸੀ
ਹੁਣ ਇਹ ਇੱਟ ਹੋ ਗਿਆ
ਇਸ ਇੱਟ ਨੇ ਹੁਣ ਅੱਗ ਵਿਚ ਪੈਣਾ...
ਏਸ ਇੱਟ ਨੇ ਪੱਕਣ ਮਗਰੋਂ ਕਿੱਥੇ ਜਾਣਾ ?
ਕਿਸ ਘਰ ਲੱਗਣਾ ?
ਕਿਹੜਾ ਰੱਬ ਹੈ ਕਿੱਥੇ ਹੈ ਉਹ

ਜਿਸ ਦੀ ਰੋਟੀ ਪੱਕਣ ਖ਼ਾਤਰ
ਸਾਡੇ ਪਿੰਡਿਆਂ ਉਸ ਦੇ ਚੁੱਲ੍ਹੇ ਨਿਤ ਨਿਤ ਬਲਣਾ ?

ਬੂਹਾ ਖੜਕੇ
ਮੌਤ ਕਿਸੇ ਜੀਂਦੇ ਦੇ ਹੱਥਾਂ ਅੰਦਰ ਵੜ
ਬੂਹਾ ਖੜਕਾਵੇ
ਕਿਸੇ ਜਿਊਂਦੇ ਦਾ ਗਲ ਫੜ
ਆਵਾਜ਼ ਲਗਾਵੇ—"ਬੂਹਾ ਖੋਲ੍ਹੋ ! ਅੰਤਮ ਕਿਰਿਆ ਦਾ ਵੇਲਾ ਹੈ !"

ਅੰਤਮ ਘੜੀਏ ! ਘੜੀ ਦੇ ਵਿਚੋਂ ਸਮਾਂ ਮੁੱਕ ਗਿਆ !
ਸੁੱਕਾ ਰੁੱਖ ਸਰੀਰ ਸੁੱਕੇ ਰੁੱਖ ਦੀ ਪੌੜੀ 'ਤੇ ਆ ਟਿਕਿਆ
ਹਾਲੇ ਤੀਕ ਹਰੇ ਰੁੱਖਾਂ ਦੇ ਮੋਢੇ ਟਿਕਿਆ
ਰੁੱਖ ਦੀ ਬਣੀ ਚੁਗਾਠ ਨੂੰ ਟੱਪਿਆ

ਮਾਂ ਚੁਗਾਠ ਨਾਲ ਲੱਗ ਖਲੋਤੀ
ਅੱਖਾਂ ਅੱਗੋਂ ਓਝਲ ਹੁੰਦੇ ਬਾਲ ਨੂੰ ਤੱਕਦੀ
ਇਸ ਘਰ ਦੀ ਮਰਿਆਦਾ ਹੈ
ਉਹ ਸ਼ਮਸ਼ਾਨ ਨਹੀਂ ਜਾ ਸਕਦੀ...
ਉਹ ਸ਼ਮਸ਼ਾਨ 'ਚ ਕੇਵਲ ਇਕ ਵਾਰ ਹੀ ਜਾ ਸਕਦੀ...

ਹੌਲੀ ਹੌਲੀ ਤੁਰ ਕੇ ਘਰ ਅੰਦਰ ਆਉਂਦੀ ਹੈ
ਬੂਹਾ ਢੋਂਦੀ, ਕੰਧ ਨਾਲ ਢੋਅ ਲਾਉਂਦੀ ਹੈ
ਕੰਧ 'ਤੇ ਲੱਗੀ ਮੀਰਾ ਦੀ ਤਸਵੀਰ ਅੱਜ ਵੀ
ਸਦਾ ਵਾਂਗ ਮੁਸਕਰਾਉਂਦੀ ਹੈ
ਹੌਲੀ ਹੌਲੀ ਚੁੱਪ ਚੁਪੀਤੇ
ਮਾਂ ਦੇ ਬੁੱਲ੍ਹ ਫਰਕਦੇ—
"ਆਪਾਂ ਦੋਵੇਂ ਸਕੀਏ ਭੈਣਾਂ
ਤੇਰੇ ਵਾਂਗੂੰ ਮੈਂ ਵੀ ਘਰ ਦੀ ਸਰਦਲ ਦੇ ਸੰਗ ਬੰਨ੍ਹੀ
ਘਰ ਵਰਗੇ ਪਿੰਡੇ ਸੰਗ ਬੰਨ੍ਹੀ
ਜਾ ਨਹੀਂ ਸਕਦੀ ਓਸ ਜਗ੍ਹਾ ਤੇ ਜੀਂਦੇ ਜੀਅ
ਜਿਥੇ ਬੰਦਾ ਪਿੰਡੇ 'ਚੋਂ ਸੁਤੰਤਰ ਹੁੰਦਾ
ਜਿਥੇ ਕੇਵਲ ਹਸਤੀ ਬਚਦੀ
ਕੁਲ ਸੰਸਾਰ ਸਮਾਪਤ ਹੁੰਦਾ
ਪਰ ਤੂੰ ਕ੍ਰਿਸ਼ਨ ਦਾ ਹੱਥ ਫੜ ਨਿਕਲ ਗਈ ਘਰ ਵਿਚੋਂ
ਮਰ ਗਈ ਸਭ ਲਈ
ਪਿੰਡੇ 'ਚੋਂ ਸੁਤੰਤਰ ਹੋ ਗਈ ਜੀਂਦੇ ਜੀਅ
ਤੇ ਮੈਂ ਆਪਣੇ ਕ੍ਰਿਸ਼ਨ ਦਾ ਹੱਥ ਫੜ
ਘਰ ਦੇ ਵਿਚ ਰਹੀ
ਆਪਣਾ ਪਿੰਡਾ ਦੇ ਦਿੱਤਾ ਮੈਂ ਕ੍ਰਿਸ਼ਨ ਆਪਣੇ ਨੂੰ
ਕੁਲ ਸੰਸਾਰ ਸਮਾਪਤ ਹੋਇਆ
ਮੇਰੀ ਵੀ ਬਸ ਹਸਤੀ ਰਹਿ ਗਈ
ਤੇਰੇ ਲਈ ਜਗ ਸੁਪਨਾ ਹੋਇਆ

ਮੇਰੇ ਲਈ ਵੀ ਸੁਪਨਾ ਸੀ—
ਇਹ ਜਗ ਸਾਰਾ ਹੀ
ਮੇਰੇ ਲਈ ਬਸ ਇਕ ਹੀ ਸੱਚ ਸੀ
ਜਿਸ ਨੂੰ ਮੈਂ ਦਿਨ ਰਾਤ ਸੀ ਜੀਂਦੀ
ਵੱਡਾ ਜਤਨ ਸੀ ਤੇਰਾ—ਤੈਨੂੰ
ਪੱਥਰ ਦੀ ਮੂਰਤ ਦੇ ਵਿਚੋਂ ਕੋਈ ਜਿਊਂਦਾ ਲੱਭਣਾ ਪਿਆ
ਵੱਡੀ ਕਿਸਮਤ ਮੇਰੀ ਸੀ
ਕ੍ਰਿਸ਼ਨ ਜਿਊਂਦਾ ਜਾਗਦਾ ਮੇਰੀ ਝੋਲੀ ਆਣ ਪਿਆ
ਬਹੁਤ ਤਪੱਸਿਆ ਤੂੰ ਕੀਤੀ
ਫੇਰ ਕ੍ਰਿਸ਼ਨ ਆ ਮਿਲਿਆ
ਮੈਨੂੰ ਉਹ ਆ ਮਿਲਿਆ ਪਹਿਲਾਂ
ਮੈਂ ਤਪੱਸਿਆ ਪਿੱਛੋਂ ਕੀਤੀ
ਆਪਾਂ ਦੋਵੇਂ ਸਕੀਆਂ ਭੈਣਾਂ, ਤੂੰ ਵੱਡੀ ਮੈਂ ਨਿੱਕੀ...”

ਰੋਜ਼ ਵਾਂਗ ਮਾਂ—
ਮੀਰਾ ਅੱਗੇ ਦੀਵਾ ਬਾਲੇ
ਨੇਰ੍ਹਾ ਕਮਰਾ ਚਾਨਣ ਚਾਨਣ ਹੋਵੇ
ਚਾਨਣ—ਮਾਂ ਦੀ ਅੱਖੀਂ ਲਿਸ਼ਕੇ
ਮਾਂ ਸੰਦੂਕ ਨੂੰ ਖੋਲ੍ਹੇ, ਅਲਮਾਰੀ ਨੂੰ ਫੋਲੇ
ਕੱਪੜੇ ਕੱਢੇ ਬੱਚੇ ਦੇ
ਕੱਪੜੇ ਚੁੱਕ ਵਿਹੜੇ ਵਿਚ ਆਵੇ
ਮੀਰਾ ਅੱਗੇ ਬਲਦਾ ਦੀਵਾ ਹੱਥੀਂ ਫੜ ਕੇ
ਹੌਲੀ ਹੌਲੀ ਇਕ ਇਕ ਬਸਤਰ
ਅਗਨੀ ਭੇਟੇ ਲਾਵੇ

ਦੂਰ ਦੁਰਾਡੇ ਪਿੰਡੋਂ ਬਾਹਰ
ਕ੍ਰਿਸ਼ਨ–ਅਸ਼ਟਮੀ ਦੀ ਉਸ ਰਾਤ
ਸੰਢ ਦੇ ਨੇੜ੍ਹੇ ਚਿਖਾ ਬਲੀ
ਇਕ ਲਾਟ ਨੇ ਸਿਰ ਨੂੰ ਚੁੰਮਿਆ
ਇਕ ਲਾਟ ਨੇ ਬਾਂਹ ਨੂੰ
ਕਿਸੇ ਲਾਟ ਨੇ ਲੱਤ ਸੰਭਾਲੀ
ਕਿਸੇ ਲਾਟ ਨੇ ਧੜ ਨੂੰ

ਘਰ ਦੇ ਅੰਦਰ—
ਇਕ ਲਾਟ ਨਾਲ ਊਨੀ ਟੋਪੀ
ਇਕ ਲਾਟ ਨਾਲ ਝੱਗੇ
ਕਿਸੇ ਲਾਟ ਸਸਕਾਰੀ ਤੇੜ
ਕਿਸੇ ਵਿਦਾ ਕੀਤੇ ਮੌਜੇ

ਕਿਸੇ ਲਾਟ ਮਮਤਾ ਨਾ ਛੋਹੀ
ਕਿਸੇ ਨਾ ਛੋਹੇ ਚੇਤੇ...

[ 13 ਅਗਸਤ-15 ਦਸੰਬਰ 2017 ]

ਕਵਿਤਾਵਾਂ

# ਭੁਪਿੰਦਰ ਕੌਰ ਪ੍ਰੀਤ

## • ਪ੍ਰਵੇਸ਼ ਦੁਆਰ

ਹਵਾ, ਮਿੱਟੀ
ਅਗਨ, ਪਾਣੀ ਨਾਲ
ਗੁੰਨ੍ਹਦੀ ਪੱਕਦੀ

ਰੁੱਤਾਂ, ਥਿੱਤਾਂ, ਵਾਰਾਂ
ਵਿਚ ਗਿੜ੍ਹਦੀ
ਪੁੱਗ ਰਹੀ ਸਾਂ ਮੈਂ
ਪੁੱਗ ਰਹੀ ਸੀ ਮਿੱਟੀ ਮੇਰੀ

ਤੂੰ ਆਇਓ!
ਨੱਚ ਰਹੀ ਧਰਤੀ
ਤਾ...ਥਈਆ...ਥਈਆ...

ਰੁਮਕਣ ਲੱਗੀ ਹਵਾ
ਜਿੰਦ ਬੰਸੁਰੀ
ਅੰਬਰ ਨੇ ਖੋਲ੍ਹ ਦਿੱਤੇ ਦਵਾਰ
ਭਿੱਜ ਰਹੀ ਕਾਇਆ
ਕਾਇਆ ਅੰਦਰ ਕਾਇਆ

ਅਗਨਕੁੰਡ ਵਿਚ ਤਪ ਰਿਹਾ ਤੇਰਾ ਨਾਂ
ਜਾਪ
ਜਾਪ...ਅਜਪਾ

ਤੂੰ ਆਰੰਭ—ਤੂੰ ਪ੍ਰਾਰੰਭ
ਤੂੰ ਆਦਿ—ਤੂੰ ਹੀ ਵਿਸਮਾਦ
ਤੂੰ ਅੱਧ—ਤੂੰ ਹੀ ਮੱਧ
ਤੂੰ ਪੂਰਣ—ਤੂੰ ਹੈ ਸੰਪੂਰਨ
ਤੂੰ ਹੀ ਹੈਂ ਇਸ ਧਰਤੀ ਦਾ ਪ੍ਰਵੇਸ਼ ਦੁਆਰ

## • ਭਾਵ

ਸ਼ਬਦ ਦੇ ਆਖਣ ਤੋਂ ਪਹਿਲਾਂ ਵੀ ਭਾਵ ਸੀ
ਸ਼ਬਦ ਦੇ ਸੁਨਣ ਤੋਂ ਮਗਰੋਂ ਵੀ ਭਾਵ ਹੀ ਹ

ਹਸਦੀਆਂ ਤੋਂ ਹਵਾ ਦੀ ਖਰਜ ਵਿਚ
ਲਰਜ ਰਿਹਾ ਹੈ ਭਾਵ!

ਆ ਫਿਰ ! ਚੁੱਪ ਰਹਿ ਕੇ
ਭਾਵ ਨੂੰ ਹੀ ਸੁਰ ਕਰੀਏ

ਸਮੇਂ ਦੀ ਬੰਨ੍ਹੀਂ 'ਤੇ ਰਲ ਕੇ
ਕੋਈ ਮਘਦੀ ਜਹੀ ਰੀਝ ਧਰੀਏ !

## • ਇਸ਼ਨਾਨ

ਸੁਣ !
ਚਿਹਰਿਆਂ ਦੀ ਲਿਸ਼ਕ
ਮੱਧਮ ਪੈਣ ਨਾਲ
ਅੱਖਾਂ ਦੀ ਤਪਸ਼ ਮੱਧਮ ਨਹੀਂ ਪੈਂਦੀ
ਬਲਕਿ ਹੋਰ ਜਾਗਣ
ਹੋਰ ਮਘਣ ਲੱਗ ਪੈਂਦੀ ਹੈ

ਬਸ ਤੂੰ ਉਡੀਕ ਦੀ ਕੰਨੀਂ ਫੜ ਕੇ ਰੱਖੀਂ
ਮੈਂ ਪਾਸ ਹੀ ਹਾਂ ਤੇਰੇ
ਅਸਾਂ ਰਲ ਕੇ ਰੂਹਾਂ ਦੇ ਪਾਣੀਆਂ ਨਾਲ
ਪਵਿੱਤਰ ਇਸ਼ਨਾਨ ਕਰਨਾ ਹੈ

## • ਸਿੱਪੀਆਂ

ਤੂੰ ਆਖਦੈਂ
ਮੈਂ ਤੈਨੂੰ ਹਾਕਾਂ ਮਾਰਦਾ
ਮੈਂ ਵੇਖ ਰਹੀ
ਤੇਰੇ ਮੱਥੇ ਵਿਚਕਾਰ ਮਘਦੀ ਲੋਅ ਨੂੰ

ਆ ਤੂੰ ! ਛੱਲਾਂ ਤੋਂ ਬਚ ਕੇ ਆ !!
ਇਸ ਲੋਅ ਦੇ ਚਾਨਣ ਵਿਚ ਸਿੱਪੀਆਂ ਲੱਭੀਏ
ਸੁੱਚੇ ਮੋਤੀਆਂ ਨੂੰ ਸਾਡੇ ਹੱਥਾਂ ਦੀ ਉਡੀਕ


## • ਨਿਸ਼ਬਦ

ਮੇਰੇ ਪਾਸ ਤੇਰੇ ਲਈ
ਸੁੱਚੇ ਹੀ ਭਾਵ—ਸੁੱਚੇ ਹੀ ਸ਼ਬਦ
ਸੁੱਚਾ ਹੀ ਵੇਲਾ ਹੈ—ਅੰਮ੍ਰਿਤ ਵੇਲਾ

ਹਵਾ ਦੀ ਕੰਨੀ 'ਤੇ
ਬੰਨ੍ਹ ਰਹੀ ਹਾਂ ਸੁਨੇਹਾ
ਘੱਲ ਰਹੀ ਹਾਂ ਸੁਨੇਹਾ
ਬਸ ਤੂੰ ਤਾਕੀ ਖੋਲ੍ਹ ਕੇ ਰੱਖੀਂ ਵ



ਭੁਪਿੰਦਰ ਕੌਰ ਪ੍ਰੀਤ



# ਕਿਤਾਬਾਂ

## ਐੱਸ. ਬਲਵੰਤ

ਵਿਚਾਰ ਦੇ ਪ੍ਰਸਾਰ ਦੀ ਗੱਲ ਕਰਨ ਲੱਗਿਆਂ ਮੈਂ ਪਹਿਲਾਂ ਇਸਦੇ ਇਤਿਹਾਸ ਦੀ ਗੱਲ ਕਰਨੀ ਚਾਹਾਂਗਾ ਤਾਂ ਕਿ ਅਸੀਂ ਸਮੁੱਚੀ ਲੋੜ ਅਤੇ ਉਹਦੇ ਵਿਚ ਆਉਂਦੀਆਂ ਔਕੜਾਂ ਬਾਰੇ ਖੁੱਲ੍ਹ ਕੇ ਗੱਲ ਕਰ ਸਕੀਏ ਕਿਉਂਕਿ ਸਮੇਂ-ਸਮੇਂ ਇਸ ਸਾਰੇ ਪ੍ਰਬੰਧ ਵਿਚ ਤਬਦੀਲੀ ਹੁੰਦੀ ਰਹੀ ਹੈ।

ਅਸਲ 'ਚ ਜਦੋਂ ਤੋਂ ਮਨੁੱਖ ਸਿਵਲਾਈਜ਼ਡ ਹੋਇਆ, ਉਦੋਂ ਤੋਂ ਹੀ ਮਨੁੱਖ ਆਪਣੀ ਜ਼ਿੰਦਗੀ ਨੂੰ ਬਿਹਤਰ ਤਰੀਕੇ ਨਾਲ ਜਿਉਣ ਬਾਰੇ ਖੋਜ ਜਾਂ ਅਨੁਭਵ ਕੀਤੇ ਵਿਚਾਰ ਤੇ ਉਸ ਦੇ ਪ੍ਰਸਾਰ ਬਾਰੇ ਫਿਕਰਮੰਦ ਰਿਹਾ ਕਿ ਇਸ ਨੂੰ ਵੱਧ ਤੋਂ ਵੱਧ ਲੋਕਾਂ ਤੀਕ ਕਿਵੇਂ ਪਹੁੰਚਾਇਆ ਜਾਵੇ। ਵਿਚਾਰ ਦੇ ਪੈਦਾ ਹੁੰਦਿਆਂ ਹੀ ਉਸ ਨੂੰ ਕਈ ਤਰੀਕਿਆਂ ਰਾਹੀਂ ਲੋਕਾਂ ਤੀਕ ਪਹੁੰਚਾਉਣਾ ਸ਼ੁਰੂ ਹੋਇਆ ਤਾਂ ਕਦੀ ਉਸ ਨੂੰ ਭੋਜ-ਪੱਤਰਾਂ, ਕਦੇ ਦਰੱਖਤਾਂ, ਮੰਦਰਾਂ ਜਾਂ ਹੋਰ ਸਾਧਨਾਂ ਰਾਹੀਂ ਪ੍ਰਸਾਰਤ ਕਰਨ ਦੀਆਂ ਸਮੇਂ ਸਮੇਂ ਚੱਲੀਆਂ ਪ੍ਰਥਾਵਾਂ ਹੋਂਦ ਵਿਚ ਆਈਆਂ। ਫਿਰ ਜਦੋਂ ਛਪਾਈ ਦੀ ਈਜਾਦ ਹੋਈ ਤਾਂ ਵਿਚਾਰ ਦਾ ਪ੍ਰਸਾਰ ਸੰਸਾਰ ਭਰ 'ਚ ਫੈਲਣਾ ਸ਼ੁਰੂ ਹੋ ਗਿਆ। ਕਾਗਜ਼ 'ਤੇ ਛਪੀ ਕਿਤਾਬ ਦਾ ਆਗਾਜ਼ ਸੰਨ 1442 'ਚ ਗੁਟਨਬਰਗ ਨੇ ਦੁਨੀਆਂ ਦੀ ਸਭ ਤੋਂ ਪਹਿਲੀ ਕਿਤਾਬ ਪ੍ਰਕਾਸ਼ 'ਚ ਲਿਆ ਕੇ ਕੀਤਾ ਮੰਨਿਆ ਜਾਂਦਾ ਹੈ ਤੇ ਇਸ ਕਿਤਾਬ ਨੂੰ ਪ੍ਰਕਾਸ਼ 'ਚ ਲਿਆਉਣ ਲਈ ਉਸ ਨੂੰ ਜਾਂ ਉਸ ਦੇ ਸਾਧਨਾਂ/ਸਾਥੀਆਂ ਨੂੰ ਚਾਰ ਸਾਲ ਲੱਗ ਗਏ ਤੇ ਅਖੀਰ ਇਹ ਸੰਪੂਰਨ ਦਿੱਖ ਵਿਚ 1456 ਵਿਚ ਛਪ ਕੇ ਸਾਹਮਣੇ ਆਈ ਸਮਝਿਆ ਜਾਂਦਾ। ਫਿਰ ਕਾਗਜ਼ ਦੇ ਆਉਣ ਨਾਲ 15ਵੀਂ ਸਦੀ ਵਿਚ ਛਪਾਈ ਲਗਾਤਾਰ ਹੋਣ ਲਗ ਪਈ। ਇਸ ਦੇ ਨਾਲ ਨਾਲ ਇਹ ਵੀ ਕਿਹਾ ਜਾਂਦਾ ਹੈ ਕਿ ਚੀਨ ਵਿਚ ਦੂਜੀ ਸਦੀ ਵੇਲੇ ਵੀ ਰੇਸ਼ਮ ਦੇ ਕੱਪੜੇ 'ਤੇ ਹਰਫ ਲਿਖ ਕੇ ਸੁਨੇਹਾ ਜਾਂ ਕਿਤਾਬ ਵਰਗੇ ਸੁਨੇਹੀ ਪ੍ਰਬੰਧ ਉਪਲੱਬਧ ਸਨ।

ਪਰ ਮੇਰਾ ਮੰਨਣਾ ਇਹ ਹੈ ਕਿ ਵਿਚਾਰਾਂ ਦਾ ਆਦਾਨ-ਪ੍ਰਦਾਨ ਹਮੇਸ਼ਾ ਹੀ ਹੁੰਦਾ ਸੀ। ਵਿਚਾਰ ਦੇ ਪ੍ਰਸਾਰ ਮੂੰਹ-ਜ਼ਬਾਨੀ ਜਾਂ ਜਿਸ ਨੂੰ ਅਸੀਂ ਓਰਲ ਟ੍ਰੇਡੀਸ਼ਨ, ਵੀ ਆਖਦੇ ਹਾਂ, ਦੀ ਵੀ ਬਹੁਤ ਵੱਡੀ ਦੇਣ ਹੈ। ਰਮਾਇਣ, ਮਹਾਭਾਰਤ, ਵੇਦ ਤੇ ਹੋਰ ਬਹੁਤ ਸਾਰੇ ਗ੍ਰੰਥਾਂ ਦੀ

ਲਿਖਤ ਮਗਰੋਂ ਇਸਦੇ ਪ੍ਰਸਾਰ ਲਈ ਓਰਲ ਟ੍ਰੇਡੀਸ਼ਨ ਨੇ ਬਹੁਤ ਯੋਗਦਾਨ ਪਾਇਆ। ਇਸੇ ਓਰਲ ਟ੍ਰਡੀਸ਼ਨ (ਮੌਖਿਕ ਪਰੰਪਰਾ) ਕਰਕੇ ਅੱਜ ਕਈ ਰਮਾਇਣਾਂ ਹਨ। ਉਦੋਂ ਲੋਕ ਇਕ ਥਾਂ ਤੇ ਇਕੱਠੇ ਹੋ ਕੇ ਇਸ ਦਾ ਵਿਸਥਾਰ ਤੇ ਸਾਰ ਗ੍ਰਹਿਣ ਕਰਦੇ ਹੁੰਦੇ ਸਨ, ਜਿਸ ਦੀ ਮਿਸਾਲ ਅੱਜ ਦੀ ਰਾਮਲੀਲਾ, ਸਾਂਗਾ, ਨਾਟਕ ਜਾਂ ਹੋਰ ਵੀ ਕਈ ਤਰੀਕੇ ਹੋਂਦ ਵਿਚ ਆਏ। ਇਸੇ ਕਾਰਣ ਜਦੋਂ ਲੋਕ ਸੁਣ-ਸੁਣਾ ਕੇ ਆਪੋ ਆਪਣੇ ਘਰ ਚਲੇ ਜਾਂਦੇ ਤਾਂ ਇਸਦੀ ਇੰਟਰਪ੍ਰਟੇਸ਼ਨ ਉਹ ਆਪਣੀ ਯਾਦ ਮੁਤਾਬਕ ਹੀ ਕਰਦੇ ਸਨ ਪਰ ਸੁਣਨ ਤੇ ਸੁਣਾਉਣ ਵਿਚ ਬਹੁਤ ਫਰਕ ਹੋਣ ਕਰਕੇ ਤੇ ਰਮਾਇਣ ਬਾਰੇ ਲੋਕਲ ਸਭਿਆਚਾਰ ਦਾ ਵਧੇਰੇ ਅਸਰ ਹੋਣ ਕਰਕੇ ਇਸ ਦੀਆਂ ਕਈ ਵਰਸ਼ਨਜ਼ ਹਨ। ਭਾਰਤ 'ਚ ਸਾਊਥ ਦੇ ਲੋਕਾਂ 'ਚ ਦਰਾਵੜੀਅਨ ਪ੍ਰਭਾਵ ਹੋਣ ਕਰਕੇ ਮਹਾ-ਪੰਡਤ ਰਾਵਣ ਅੱਜ ਵੀ ਇਕ ਵਿਸ਼ੇਸ਼ ਸਥਾਨ ਰੱਖਦਾ ਹੈ। ਕਿਹਾ ਜਾਂਦਾ ਹੈ ਕਿ ਇਸੇ ਕਰਕੇ ਅੱਜ ਸੱਤ ਰਾਮਾਇਣਾਂ ਵਜੂਦ 'ਚ ਹਨ ਪਰ ਆਧਾਰ ਸਭ ਦਾ ਵਾਲਮੀਕੀ ਦੀ ਰਾਮਾਇਣ ਹੀ ਮੰਨਿਆ ਜਾਂਦਾ। ਅਸੀਂ ਇਹ ਕਹਿ ਸਕਦੇ ਹਾਂ ਕਿ ਸਮੁਚੇ ਤੌਰ 'ਤੇ ਮਹਾਰਿਸ਼ੀ ਵਾਲਮੀਕੀ ਤੇ ਤੁਲਸੀ ਦਾਸ ਦੀਆਂ ਦੋ ਰਾਮਾਇਣਾਂ ਹੀ ਮੁੱਖ ਹਨ। ਸਾਊਥ, ਥਾਈਲੈਂਡ, ਨਿਊਜ਼ੀਲੈਂਡ ਤੇ ਹੋਰ ਬਹੁਤ ਸਾਰੀਆਂ ਵਰਸ਼ਨਾਂ ਉਪਲਬਧ ਹੋਈਆਂ, ਬਾਰੇ ਕਈ ਵਿਦਵਾਨਾਂ ਤੋਂ ਸੁਣਿਆਂ । ਦਿੱਲੀ ਦੀ ਸਾਹਿਤ ਅਕਾਦਮੀ ਦੇ ਪਿਛਲੇਰੇ ਇਕ ਚੇਅਰਮੈਨ ਮੁਤਾਬਕ, ਰਾਮਾਇਣ ਦੇ ਕਰੀਬ ਡੇਡ਼੍ਹ ਲੱਖ ਲੇਖਕ ਹਨ। ਇਸ ਦਾ ਸਿੱਧਾ ਭਾਵ ਇਹ ਨਿਕਲਦਾ ਹੈ ਕਿ ਜਦੋਂ ਵੀ ਇਸ ਦਾ ਪਾਠ ਹੁੰਦਾ ਉਹਦੇ ਵਿਚ ਲੋਕਲ ਆਸਥਾਵਾਂ ਨੂੰ ਵੀ ਜੋੜ ਲਿਆ ਜਾਂਦਾ ਜਾਂ ਇਹ ਆਸਥਾਵਾਂ ਸੁਤੇ-ਸਿੱਧ ਹੀ ਜੁੜ ਜਾਂਦੀਆ ਰਹੀਆਂ।

ਸੋ ਪੂਰੇ ਮਨੁੱਖੀ ਇਤਿਹਾਸ ਵਿਚ ਸਮੇਂ-ਸਮੇਂ ਵਿਚਾਰ ਦੇ ਪ੍ਰਕਾਸ਼ ਤੇ ਉਸ ਦੇ ਪ੍ਰਚਾਰ ਲਈ ਨਵੀਂਆਂ-ਨਵੀਂਆਂ ਕਾਢਾਂ ਕੱਢੀਆਂ ਜਾਂਦੀਆਂ ਰਹੀਆਂ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਮਾਂ ਤੇ ਸਾਧਨ ਕਿਵੇਂ ਬਦਲਦੇ ਰਹੇ। ਛਪਾਈ ਕਰਨ ਲਈ ਪਹਿਲਾਂ ਪਿੱਤਲ ਦੇ ਅੱਖਰ ਬਣਾਏ ਗਏ। ਫਿਰ ਲੱਕੜ ਦੇ। ਮਗਰੋਂ ਸਿੱਕੇ ਦੇ ਤੇ ਨਾਲ ਹੀ ਉਨ੍ਹਾਂ ਅੱਖਰਾਂ ਦੇ ਜੋੜ ਨੂੰ ਸ਼ਬਦ ਬਣਾ ਕੇ ਛਪਾਈ ਲਈ ਲੈਟਰ ਪ੍ਰੈੱਸ ਵਰਤੋਂ ਵਿਚ ਲਿਆਂਦੀ ਗਈ। ਫਿਰ ਲਿੱਥੋ ਪ੍ਰਿੰਟਿੰਗ ਆਈ। ਫਿਰ ਆਫਸੈੱਟ ਤੇ ਹੁਣ ਡਿਜ਼ੀਟਲ ਤੇ ਪ੍ਰਿੰਟ ਆਨ ਡਿਮਾਂਡ ਵਰਗੀਆਂ ਈਜਾਦਾਂ ਹੋ ਚੁੱਕੀਆਂ ਹਨ। ਕੰਪਿਊਟਰ ਵੀ ਪ੍ਰਿੰਟਿੰਗ ਤੇ ਪੁਸਤਕ ਪ੍ਰਕਾਸ਼ਨ ਵਿਚ ਯੋਗਦਾਨ ਪਾ ਰਿਹਾ ਹੈ। ਟੈਲੀਵਿਜ਼ਨ ਵੀ ਤੇ ਇਲੈਕਟ੍ਰਾਨਿਕ ਮੀਡੀਆ ਵੀ ਇਸ ਪ੍ਰਸਾਰ ਵਿਚ ਹਿੱਸੇਦਾਰ ਹਨ।

ਪਰ ਅੱਜ ਜੋ ਤਬਦੀਲੀ ਆਈ ਹੈ ਉਸਦੇ ਵਿਚ ਮੁਕਾਬਲਾ ਬਹੁਤ ਹੈ। ਕਿਤਾਬ ਨੂੰ ਖਾਣ 'ਚ ਜਾਂ ਪਾਠਕ ਘਟਾਉਣ 'ਚ ਅਖਬਾਰਾਂ, ਟੈਲੀਵਿਜ਼ਨ, ਇੰਟਰਨੈਟ ਦਾ ਯੋਗਦਾਨ ਵੀ ਮੰਨਦਾ ਹਾਂ ਪਰ ਇਹੋ ਚੀਜ਼ਾਂ ਉਸਨੂੰ ਸਪਲੀਮੈਂਟ ਵੀ ਕਰਦੀਆਂ ਹਨ। ਗੱਲ ਪਾਜ਼ਿਟਿਵ ਸੋਚ ਦੀ ਹੈ। ਜਦੋਂ ਪੰਜਾਬੀ ਪ੍ਰਕਾਸ਼ਨ 'ਚ ਨਿਘਾਰ ਆਇਆ ਤਾਂ ਬਹੁਤ ਸਾਰੇ ਚੰਗੇ ਲੇਖਕ ਅਖਬਾਰਾਂ ਵੱਲ ਤੁਰ ਗਏ। ਕਿਉਂਕਿ ਇਕ ਤਾਂ ਅਖਬਾਰ ਛਪਦੀ ਬਹੁਤ ਹੈ ਤੇ ਦੂਸਰਾ ਲੇਖਕ ਨੂੰ ਕੁਝ ਨਾ ਕੁਝ ਮੁਆਵਜ਼ਾ ਵੀ ਮਿਲ ਜਾਂਦਾ। ਚੰਗੇ ਲੇਖਕ ਪੁਸਤਕ ਤਾਂ ਪ੍ਰਕਾਸ਼ਤ ਕਰਵਾਉਣਾ ਚਾਹੁੰਦੇ ਹਨ ਪਰ ਅਖ਼ਬਾਰਾਂ ਰਾਹੀਂ ਵੱਧ ਤੋਂ ਵੱਧ ਲੋਕਾਂ ਤਕ ਵੀ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ। ਅੱਜ ਅਸੀਂ ਦੇਖਦੇ ਹਾਂ ਕਿ ਹਰ ਅਖਬਾਰ ਦੇ ਹਫ਼ਤੇ ਭਰ ਵਿਚ ਪਹਿਲੋਂ ਨਾਲੋਂ ਕਈ ਗੁਣਾ ਵਧੇਰੇ ਸਪਲੀਮੈਂਟ ਜਾਂ ਮੈਗਜ਼ੀਨ ਸੈਕਸ਼ਨ ਰੋਜ਼ਾਨਾ ਐਡੀਸ਼ਨ ਦੇ ਨਾਲ ਨਾਲ ਜੋੜੇ ਹੁੰਦੇ ਹਨ। ਅਖ਼ਬਾਰਾਂ ਵਾਲਿਆਂ ਨੂੰ ਵੀ ਇਸ ਦਾ ਦੋਤਰਫਾ ਫਾਇਦਾ ਹੈ ਕਿ ਉਨ੍ਹਾਂ ਨੂੰ ਵਧੀਆ ਮੈਟਰ ਤੇ ਉਹ ਵੀ ਕਿਸੇ ਨਾਮੀ ਲੇਖਕ ਦਾ ਲਿਖਿਆ ਲਿਖਾਇਆ ਤੇ ਚੰਗੀ ਤਰ੍ਹਾਂ ਟਾਈਪ ਤੇ ਸੰਪਾਦ ਕੀਤਾ ਹੋਇਆ। ਚੰਗੇ ਲੇਖਕ ਅਖਬਾਰਾਂ ਵਿਚ ਛਪਣ ਕਰਕੇ ਵੀ ਅਖਬਾਰਾਂ ਦੀ ਪਾਠਕ-ਗਿਣਤੀ ਵੀ ਵਧੀ ਹੈ।

ਪਰ ਖੋਜੀ ਵਿਦਵਾਨ ਸੋਚਦੈ ਕਿ ਪ੍ਰਕਾਸ਼ਕ ਨੇ ਮੇਰੀ ਪੁਸਤਕ ਦੋ ਚਾਰ ਸੌ ਕਾਪੀ ਹੀ ਪ੍ਰਕਾਸ਼ਤ ਕਰਨੀ ਹੈ ਤਾਂ ਉਹ ਇੰਟਰਨੈਟ ਵੱਲ ਚਲਾ ਗਿਆ। ਸੋਸ਼ਲ ਮੀਡੀਆ ਦੇ ਨਾਂਅ ਹੇਠ ਬੇਸ਼ੁਮਾਰ ਵੈੱਬ-ਸਾਈਟਾਂ ਜਾਂ ਚੈਨਲ ਸ਼ੁਰੂ ਹੋ ਗਏ ਜਿਸ ਨੇ ਹੁਣ ਪ੍ਰਿੰਟ ਮੀਡੀਆ ਦੀ ਹਕੂਮਤ ਵੀ ਘਟਾ ਦਿੱਤੀ ਹੈ। ਟੈਲੀਵਿਜ਼ਨ ਜਾਂ ਇਲੈਕਟ੍ਰੋਨਿਕ ਵਿਸਥਾਰ ਨੇ ਕਈ ਲੇਖਕਾਂ ਨੂੰ ਸੀਰੀਅਲ ਜਾਂ ਫਿਲਮਾਂ ਲਿਖਣ ਦਾ ਕੰਮ ਦੇ ਦਿੱਤਾ ਤੇ ਕਈ ਦੱਬੇ ਹੋਏ ਲੇਖਕ ਪ੍ਰਕਾਸ਼ ਵਿਚ ਆਉਣੇ ਸ਼ੁਰੂ ਹੋ ਗਏ। ਅੱਜ ਭਾਵੇਂ ਟੇਲੈਂਟ-ਹੰਟ ਦੇ ਨਾਂਅ ਹੇਠ ਟੈਲੀਵੀਜ਼ਨ 'ਤੇ ਮਨੋਰੰਜਨ-ਸ਼ੋਅ ਵੀ ਕੀਤੇ ਜਾਂਦੇ ਹਨ ਪਰ ਇਨ੍ਹਾਂ ਰਾਹੀ ਤੁਸੀਂ ਦੇਖੋਗੇ ਕਿ ਕਿਹੋ ਜਿਹੀਆਂ ਕਲਾਵਾਂ ਨੂੰ ਸਮੋਈ ਲੋਕ ਕਿੱਥੇ-ਕਿੱਥੇ ਬੈਠੇ ਹਨ। ਹੁਣ ਫੇਸ-ਬੁਕ ਹੀ ਲੈ ਲਓ। ਇਸ ਨੇ ਬੇਸ਼ੁਮਾਰ ਲੋਕਾਂ ਨੂੰ ਕਵਿਤਾ ਜਾਂ ਹੋਰ ਵਿਧਾਵਾਂ 'ਚ ਲਿਖਣ ਲਈ ਉਤਸਾਹਿਤ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਦੀ ਲੇਖਣੀ ਵਿਚ ਗੰਭੀਰ ਵਿਚਾਰ ਵੀ ਲਿਆਂਦੇ ਹਨ। ਬਹੁਤ ਸਾਰੇ ਕਵੀਆਂ/ਕਵਿਤਰੀਆਂ ਨੇ ਇਥੇ ਲਿਖਦਿਆਂ ਖ਼ੂਬ ਮੈਚਿਊਰਿਟੀ ਵੀ ਹਾਸਿਲ ਕੀਤੀ ਹੈ।

ਪਰ ਪੰਜਾਬੀ ਪ੍ਰਕਾਸ਼ਨ ਦਾ ਘਾਣ ਇਸ ਕਰਕੇ ਵੀ ਹੋਇਆ ਕਿ ਇਸ 'ਚ ਪ੍ਰੋਫੈਸ਼ਨਲਿਜ਼ਮ ਨਹੀਂ ਆਇਆ। ਨਾ ਹੀ ਕੋਈ ਸੰਪਾਦਕ ਤੇ ਨਾ ਕੋਈ ਚੰਗਾ ਪਰੂਫ ਰੀਡਰ ਲੱਭਦਾ ਤੇ ਨਾ ਕੋਈ ਪ੍ਰੋਫੈਸ਼ਨਲ ਡਿਜ਼ਾਇਨਰ ਇਨ੍ਹਾਂ ਕਿਤਾਬਾਂ 'ਚ ਯੋਗਦਾਨ ਪਾਉਂਦੈ। ਮੈਂ ਕਈ ਵਾਰੀ ਕਹਿੰਦਾ ਹੁੰਦਾ ਸੀ ਕਿ ਪੰਜਾਬੀ ਦੀ ਕਿਤਾਬ ਦਾ ਕਵਰ ਦੋ ਮੀਲ ਤੋਂ ਵੀ ਦੇਖ ਕੇ ਪਤਾ ਲਗ ਜਾਂਦਾ ਕਿ ਇਹ ਪੁਸਤਕ ਪੰਜਾਬੀ ਦੀ ਹੀ ਹੈ। ਇੱਕੋ ਜਿਹੀ ਲੁੱਕ। ਦੋ-ਚਾਰ ਹੀ ਕਲਾਕਾਰ ਹੁੰਦੇ ਸਨ ਕਵਰ ਡੀਜ਼ਾਈਨ ਕਰਨ ਵਾਲੇ। ਇਹ ਘਾਟਾ ਵੀ ਮੁਖ ਕਾਰਨ ਰਿਹਾ ਤੇ ਪ੍ਰਕਾਸ਼ਨ ਦੇ ਮਿਆਰ ਡਿੱਗਣੇ ਸ਼ੁਰੂ ਹੋ ਗਏ। ਪ੍ਰਕਾਸ਼ਕ ਵਲੋਂ ਵਿਸ਼ੇ ਦੀ ਚੋਣ ਤੇ ਰਚਨਾ ਦੇ ਨਿਭਾਅ ਬਾਰੇ ਕੋਈ ਬਹੁਤਾ ਧਿਆਨ ਨਹੀਂ ਦਿੱਤਾ ਗਿਆ। ਪ੍ਰਕਾਸ਼ਨ ਵਿਚ "ਐਕੂਈਜ਼ੀਸ਼ਨ ਸੰਪਾਦਕ" ਨਾਂਅ ਦੀ ਵੀ ਕੋਈ ਪੋਸਟ ਹੁੰਦੀ ਹੈ,ਸ਼ਾਇਦ ਹੀ ਕੋਈ ਪੰਜਾਬੀ ਪ੍ਰਕਾਸ਼ਕ ਜਾਣਦਾ ਹੋਵੇ। ਜੋ ਖਰੜਾ ਆਇਆ ਪੈਸੇ ਲੈ ਕੇ "ਪ੍ਰਿੰਟ" ਕਰ ਦਿਓ, ਦਾ ਸਿਲਸਿਲਾ ਸ਼ੁਰੂ ਹੋਇਆ ਤੇ ਚਲਦਾ ਜਾ ਰਿਹਾ। ਉਂਝ ਹਾਲੇ ਵੀ ਕਈ ਚੰਗੇ ਲੇਖਕ ਪੈਸੇ ਨਹੀਂ ਦਿੰਦੇ। ਸਗੋਂ ਆਪਣੇ ਵਿਸ਼ੇ ਤੇ ਉਸਦੇ ਨਿਭਾਅ ਬਾਰੇ ਉਚੇਚਾ ਧਿਆਨ ਦਿੰਦੇ ਹਨ, ਇਸ ਲਈ ਉਨ੍ਹਾਂ ਦੀ ਕਿਰਤ

ਪੜ੍ਹੀ ਵੀ ਜਾਂਦੀ ਹੈ। ਹੁਣ ਕੰਪਿਊਟਰ ਆਉਣ ਨਾਲ ਗ੍ਰਾਫਿਕਸ ਬਹੁਤ ਅੱਛੀ ਹੋ ਰਹੀ ਹੈ। ਕੋਰਲ-ਡਰਾਅ ਜਾਂ ਫੋਟੋ-ਸ਼ਾਪ ਦੀ ਇਸ ਵਿਚ ਬਹੁਤ ਦੇਣ ਹੈ।

ਦੂਸਰੇ ਪਾਸੇ ਟੈਲੀਵਿਜ਼ਨ ਤੇ ''ਰਮਾਇਣ'', ''ਮਹਾਭਾਰਤ'', ''ਤਮਸ'' ਅਤੇ ਹੋਰ ਬਹੁਤ ਸਾਰੀਆਂ ਰਚਨਾਵਾਂ ਤੇ ਅਧਾਰਤ ਪ੍ਰੋਗਰਾਮ ਪੇਸ਼ ਕੀਤੇ ਗਏ ਜੋ ਸਾਰੀ ਦੁਨੀਆਂ ਵਿਚ ਅਸਰਦਾਰ ਸਾਬਤ ਹੋਏ ਤੇ ਉਨ੍ਹਾਂ ਦੀ ਪੁਸਤਕ ਵਜੋਂ ਮੰਗ ਵੀ ਵਧ ਗਈ। ਰਮਾਇਣ ਤੇ ਮਹਾਭਾਰਤ ਅੱਜ ਦੁਨੀਆਂ ਦੀਆਂ ਕਈ ਭਾਸ਼ਾਵਾਂ ਵਿਚ ਪ੍ਰਕਾਸ਼ਤ ਹੋ ਰਹੇ ਹਨ ਜਾਂ ਹੋ ਚੁੱਕੇ ਹਨ। ਸੋ ਇਸ ਕਰਕੇ ਇਲੈਕਟ੍ਰਾਨਿਕ ਮੀਡੀਆ ਕਿਤਾਬ ਨੂੰ ਖਾ ਨਹੀਂ ਰਿਹਾ ਬਲਕਿ ਸਪਲੀਮੈਂਟ ਕਰ ਰਿਹੈ।

ਪਰ ਸਮਝਣ ਵਾਲੀ ਗੱਲ ਇਹ ਹੈ ਕਿ ਤਬਦੀਲੀ ਕੀ ਆ ਰਹੀ ਹੈ? ਜਦੋਂ ਅਸੀਂ ਵਿਸ਼ਵ ਪੱਧਰ ਤੇ ਸੋਚਦੇ ਹਾਂ ਤਾਂ ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਇਲੈਕਟ੍ਰਾਨਿਕ ਮੀਡੀਆ ਵਿਦੇਸ਼ਾਂ 'ਚ ਜ਼ਿਆਦਾ ਹੈ ਫਿਰ ਵੀ ਉਥੇ ਕਿਤਾਬ ਦਾ ਪ੍ਰਿੰਟ-ਰਨ ਲੱਖਾਂ ਦੀ ਗਿਣਤੀ ਵਿਚ ਹੈ ਤੇ ਹਰ ਤੀਸਰਾ ਬੰਦਾ ਉਥੇ ਕਿਤਾਬ ਨੂੰ ਮੋਹ ਕਰਦੈ। ਤੁਸੀਂ ਟ੍ਰੇਨ 'ਚ ਬੈਠੇ ਹੋਵੋਂ, ਬਸ 'ਚ ਜਾਂ ਫਿਰ ਜਹਾਜ਼ ਵਿਚ, ਤੁਹਾਨੂੰ ਆਮ ਲੋਕੀ ਪੜ੍ਹਦੇ ਨਜ਼ਰ ਆਉਣਗੇ। ਪਰ ਮੇਰਾ ਤਜਰਬਾ ਇਹ ਹੈ ਕਿ ਉਹ ਲੋਕ ਜਿਆਦਾ ਕਰਕੇ ਟਾਈਮ-ਪਾਸ ਵਰਗੀਆਂ ਕਿਤਾਬਾਂ ਪੜ੍ਹਦੇ ਹਨ। ਜਿਵੇਂ ਕਿ ਪਹਿਲਾਂ ਭਾਰਤੀ ਗ੍ਰਹਿਣੀਆਂ ਘਰ 'ਚ ਬੈਠੇ ਬੋਰ ਹੋਣ ਦੀ ਥਾਵਾਂ ਟਾਈਮ ਪਾਸ ਕਰਨ ਲਈ ਪਲਪ-ਲਿਟਰੇਚਰ ਪੜ੍ਹ ਕੇ ਗੁਜ਼ਾਰਾ ਕਰ ਲੈਂਦੀਆ ਸਨ। ਔਰ ਤੁਸੀਂ ਦੇਖੋਗੇ ਕਿ ਅੱਜ ਭਾਰਤੀ ਟੈਲੀਵਿਜ਼ਨ 'ਤੇ ਸੋਸ਼ਲ ਪ੍ਰੋਗਰਾਮਾਂ ਦੀ ਲੜੀ ਸਭ ਤੋਂ ਵੱਧ ਦੇਖੇ ਜਾਣ ਵਾਲੇ ਪ੍ਰੋਗਰਾਮ ਏਕਤਾ ਕਪੂਰ ਦੇ ਹਨ। ਇਹੀ ਦਰਸ਼ਕ ਉਦੋਂ ਉਨ੍ਹਾਂ ਕਿਤਾਬਾਂ ਦਾ ਪਾਠਕ ਹੁੰਦਾ ਸੀ ਪਰ ਅੱਜ ਵੀ ਸਾਡੇ ਕੋਲ ਕਈ ਐਸੇ ਲੇਖਕ ਹਨ, ਜਿਨ੍ਹਾਂ ਵਿਚ ਮੈਂ ਹਿੰਦੀ ਦੇ ਸੁਰਿੰਦਰ ਮੋਹਨ ਪਾਠਕ ਦਾ ਨਾਂਅ ਲੈਣਾ ਚਾਹਾਂਗਾ। ਉਹ ਹਰ ਦੋ ਮਹੀਨੇ 'ਚ ਇਕ ਕਿਤਾਬ ਪ੍ਰਕਾਸ਼ਕ ਨੂੰ ਦਿੰਦੈ। ਉਹ ਮੈਨੂੰ ਦੱਸ ਰਿਹਾ ਸੀ ਕਿ "ਮੈਂ ਆਪਣਾ ਖਰੜਾ ਕਦੇ ਉਸ ਪ੍ਰਕਾਸ਼ਕ ਨੂੰ ਨਹੀਂ ਦਿੰਦਾ, ਜਿਹੜਾ ਮੇਰੀ ਕਿਤਾਬ ਨੂੰ ਪਹਿਲੀ ਵਾਰ ਹੀ ਤਿੰਨ ਲੱਖ ਕਾਪੀਆਂ ਤੋਂ ਘੱਟ ਪ੍ਰਕਾਸ਼ਿਤ ਕਰੇ। ਉਸ ਦੇ ਨਾਵਲ ਸ਼ਹਿਰਾਂ 'ਚ ਘਰ ਦੀਆਂ ਸੁਆਣੀਆਂ ਲਈ ਵਧੇਰੇ ਹੁੰਦੇ ਹਨ। ਉਹ ਇਹੋ ਜਿਹੇ ਨਾਵਲ ਖਾਸ ਕਰਕੇ ਲਿਖਦੈ।ਦਿਲਚਸਪ ਤੇ ਮਸਾਲੇਦਾਰ ਕਹਾਣੀਆਂ ਤਿਆਰ ਕਰਕੇ ਉਹ ਇਹੋ ਜਿਹੇ ਖਰੜੇ ਪ੍ਰਕਾਸ਼ਕਾਂ ਨੂੰ ਦਿੰਦਾ ਹੈ। ਇਸੇ ਤਰਾਂ ਵੈਸਟ 'ਚ ਵੀ ਇਹੋ ਜਿਹੀਆਂ ਕਿਤਾਬਾਂ ਬਹੁਤ ਹੀ ਵਧੇਰੇ ਪੜ੍ਹੀਆਂ ਜਾਂਦੀਆਂ ਹਨ ਜਿਵੇਂ ਕਿ ਥ੍ਰਿਲ ਜਾਂ ਐਡਵੈਂਚਰ ਦੇ ਵਿਸ਼ੇ ਹੋਣ।

ਪੰਜਾਬੀ ਪ੍ਰਕਾਸ਼ਨ ਦੀ ਗੱਲ ਕਰਨ ਲੱਗਿਆਂ ਮੈਂ ਚੇਤਾ ਕਰਵਾਉਣਾ ਚਾਹੁੰਦਾ ਹਾਂ ਕਿ ਇਕ ਜ਼ਮਾਨਾ ਸੀ ਜਦੋਂ ਨਵਯੁਗ ਪਬਲਿਸ਼ਰਜ਼, ਲਾਹੌਰ ਬੁੱਕ ਸ਼ਾਪ, ਪ੍ਰੀਤਲੜੀ, ਸਿੰਘ ਬ੍ਰਦਰਜ਼, ਭਾਈ ਚਤਰ ਸਿੰਘ, ਨੈਸ਼ਨਲ ਬੁੱਕ ਸ਼ਾਪ ਤੇ ਕੁੱਝ ਹੋਰ ਨਾਮ ਲਏ ਜਾ ਸਕਦੇ ਹਨ ਜੋ ਕਿ ਪੂਰੇ ਅਦਾਰਿਆਂ ਵਾਂਗੂੰ ਕੰਮ ਕਰਦੇ ਸਨ। ਭਾਪਾ ਪ੍ਰੀਤਮ ਸਿੰਘ (ਨਵਯੁਗ ਪਬਲੀਸ਼ਰਜ਼) ਬਹੁਤ ਰੂਹ ਤੇ ਲਗਨ ਨਾਲ ਕੰਮ ਕਰਨ ਵਾਲੇ ਬੰਦੇ ਸਨ ਤੇ ਹਰ ਗੱਲ 'ਤੇ ਅਮਲ ਘੋਖ ਪਰਖ ਕੇ ਕਰਦੇ ਸਨ। ਇਨ੍ਹਾਂ ਦੇ ਸੰਪਾਦਕ ਤੇ ਪਰੂਫ ਰੀਡਰ ਰੰਧਾਵਾ ਜਦ ਤੀਕ ਅਖੀਰਲੀ ਛਪਾਈ ਲਈ ਫਰਮੇ ਤੇ ਸਾਇਨ ਨਾ ਕਰ ਦੇਣ, ਕਾਗਜ਼ ਮਸ਼ੀਨ 'ਤੇ ਨਹੀਂ ਸੀ ਜਾਂਦਾ। ਉਹੀ ਫਰਮਾ ਫਿਰ ਭਾਪਾ ਜੀ ਕੋਲ ਵੀ ਜਾਂਦਾ ਤੇ ਉਹ ਵੀ ਉਹਦੇ ਤੇ ਆਪਣੀ ਟਿੱਪਣੀ ਕਰਦੇ ਤੇ ਅਜਾਇਬ ਸਿੰਘ ਜੋ ਕਿ ਛਪਾਈ ਦੇ ਇੰਚਾਰਜ ਸਨ ਨੂੰ ਸਮਝਾ ਕੇ ਓ.ਕੇ. ਕਰਦੇ। ਇਹੋ ਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਹੋਰ ਵੀ ਹਨ ਤੇ ਜੇ ਇਹੋ ਜਿਹੀ ਕਿਤਾਬ ਪ੍ਰਕਾਸ਼ਤ ਹੋਵੇ ਤਾਂ ਦਿਲ ਕਿਉਂ ਨਾ ਕਰੇ ਕਿ ਖਰੀਦ ਕੇ ਪੜ੍ਹਾਂ ? ਜਿਸ ਵਿਚ ਨਾ ਗਲਤੀ ਲੱਭੇ, ਖੂਬਸੂਰਤ ਛਪੀ ਹੋਵੇ, ਪੂਰੀ ਤਰ੍ਹਾਂ ਸੰਪਾਦਤ ਹੋਵੇ ਤੇ ਵਿਸ਼ਾ ਦਿਲਚਸਪ ਹੋਵੇ।

ਜਦੋਂ ਮੈਂ ਪੰਜਾਬ ਬੁੱਕ ਸੈਂਟਰ ਸੰਭਾਲ ਰਿਹਾ ਸਾਂ ਤਾਂ ਇਹ ਗੱਲ ਮੈਨੂੰ ਬਹੁਤ ਸਹਾਈ ਹੋਈ। ਪਾਠਕ ਤੇ ਖਾਸ ਕਰਕੇ ਵਿਦਿਆਰਥੀ ਪੂਰੀ ਤਰਾਂ ਸੰਪਾਦਤ, ਖੂਬਸੂਰਤ ਦਿੱਖ, ਵਿਸ਼ੇ ਪੱਖੋਂ ਨਵੀਂ-ਨੁਹਾਰ, ਜਦ ਲੋਕ ਦੇਖਦੇ ਤਾਂ ਟੁੱਟ ਕੇ ਪੈ ਜਾਂਦੇ ਕਿਉਂਕਿ ਪਿੰਡਾਂ ਜਾਂ ਕਸਬਿਆਂ ਵਿਚ ਅਜਿਹੀਆਂ ਕਿਤਾਬਾਂ ਮਿਲਦੀਆਂ ਹੀ ਨਹੀਂ ਸਨ। ਇਕ ਗੱਲ ਨੂੰ ਮੈਂ ਬਾਰ-ਬਾਰ ਕਿਹਾ ਤੇ ਅੱਜ ਫਿਰ ਦੁਹਰਾ ਰਿਹਾਂ ਕਿ ਪ੍ਰਕਾਸ਼ਨ ਵਪਾਰ ਹੀ ਨਹੀਂ ਸਗੋਂ ਇਕ ਸਮਾਜਿਕ ਜ਼ਿੰਮੇਵਾਰੀ ਵੀ ਹੈ। ਮੈਂ ਸਮਝਦਾ ਕਿ ਇਹ ਇਕ ਸਿੱਕਾ ਹੈ, ਜਿਸਦੇ ਇਕ ਪਾਸੇ ਲੇਖਕ ਦਾ ਵਿਚਾਰ ਤੇ ਦੂਸਰੇ ਪਾਸੇ ਉਸ ਨੂੰ ਗ੍ਰਹਿਣ ਕਰਨ ਵਾਲਾ ਪਾਠਕ ਹੈ ਤੇ ਪ੍ਰਕਾਸ਼ਕ ਉਸ ਦੇ ਵਿਚਕਾਰਲਾ ਹਿੱਸਾ ਹੁੰਦਾ ਹੈ ਤੇ ਪ੍ਰਸਾਰ ਕਰਨ ਵਾਲਾ (ਬੁੱਕ ਸੈਲਰ ਜਾਂ ਕੋਈ ਹੋਰ) ਉਸਨੂੰ ਪਾਠਕ ਤੀਕ ਪਹੁੰਚਾਉਣ ਲਈ ਇਕ ਵਾਹਕ ਹੁੰਦਾ।

ਪੰਜਾਬੀ ਪੁਸਤਕ ਦੇ ਪ੍ਰਸਾਰ ਲਈ ਮੈਂ ਆਪਣੇ ਤਜਰਬੇ ਨਾਲ ਦੇਖਿਆ ਕਿ ਜਦ ਦਿੱਲੀਓਂ ਮੈਂ ਪੰਜਾਬ ਗਿਆ ਤਾਂ ਕਮਿਊਨਿਸਟ ਪਾਰਟੀ ਦਾ ਮੈਂਬਰ ਬਣਨ 'ਤੇ, ਪਾਰਟੀ ਨੇ ਬੰਦ ਹੋ ਰਹੇ ਪੰਜਾਬ ਬੁੱਕ ਸੈਂਟਰ ਜਲੰਧਰ 'ਚ ਹਰਿਆਵਲ ਲਿਆਉਣ ਲਈ ਮੇਰੀ ਡਿਊਟੀ ਲਗਾ ਦਿੱਤੀ। ਉਹ ਜ਼ਿੰਮੇਵਾਰੀ ਸੰਭਾਲਦਿਆਂ ਹੀ ਮੈਂ ਸਭ ਤੋਂ ਪਹਿਲੀ ਗੱਲ ਇਹ ਸੋਚੀ ਕਿ ਪੁਸਤਕ ਤੇ ਪਾਠਕ ਵਿਚ ਦੂਰੀ ਘਟਾਏ ਵਗੈਰ ਕੰਮ ਨਹੀਂ ਬਣਨਾ । ਸੋ ਅਸੀਂ ਇਕ ਟੁੱਟੀ ਜਹੀ ਪੁਰਾਣੀ ਜੀਪ ਲੈ ਲਈ ਤੇ ਥਾਂ-ਥਾਂ ਘੁੰਮਣਾ ਸ਼ੁਰੂ ਕਰ ਦਿੱਤਾ। ਕਾਲਜਾਂ, ਵੱਡੇ ਵਿਦਿਅਕ ਅਦਾਰਿਆਂ ਜਾਂ ਖਾਸ ਮੌਕਿਆਂ ਜਾਂ ਥਾਵਾਂ 'ਤੇ ਕਿਤਾਬਾਂ ਦੀਆਂ ਪ੍ਰਦਰਸ਼ਨੀਆਂ ਸ਼ੁਰੂ ਕਰ ਦਿੱਤੀਆਂ। ਸੋਵੀਅਤ ਕਿਤਾਬਾਂ ਤੋਂ ਬਿਨਾ ਮੈਂ ਨਵਯੁਗ ਪਬਲੀਸ਼ਰਜ਼, ਪ੍ਰੀਤਲੜੀ ਤੇ ਹੋਰ ਪ੍ਰਕਾਸ਼ਕਾਂ ਦੀਆਂ ਕਿਤਾਬਾਂ ਵੀ ਰੱਖਣੀਆਂ ਸ਼ੁਰੂ ਕਰ ਦਿੱਤੀਆਂ। ਜਿਹੜੇ ਲੋਕ ਕਮਿਊਨਿਸਟ ਰੁਝਾਨ ਦੇ ਸਨ ਉਹ ਆਪਣੀ ਪਸੰਦ ਦੀਆਂ ਕਿਤਾਬਾਂ ਖਰੀਦਦੇ ਤੇ ਦੂਸਰੇ ਪੰਜਾਬੀ ਲੇਖਕਾਂ ਦੀਆਂ। ਮੈਨੂੰ ਚੇਤੇ ਹੈ, ਫਗਵਾੜਾ ਦੇ ਰਾਮਗੜ੍ਹੀਆ ਕਾਲਜ 'ਚ ਇਕ ਮੁੰਡਾ ਸ਼ਿਵ ਬਟਾਲਵੀ ਦੀ ਇਕ ਪੁਸਤਕ ਲੈ ਗਿਆ ਤੇ ਕਈ ਦਿਨ ਕਾਲਜ 'ਚ ਇਕੱਲਾ ਬਹਿ ਕੇ ਸ਼ਿਵ ਹੀ ਗਾਉਂਦਾ ਤੇ ਰੋਂਦਾ ਰਿਹਾ। ਇਸੇ ਤਰ੍ਹਾਂ ਮੁਕਤਸਰ ਹੋਇਆ। ਅਗਾਂਹ ਵਧੂ ਵਿਚਾਰਧਾਰਾ ਦਾ ਲੇਖਕ ਜਸਵੰਤ ਸਿੰਘ ਕੰਵਲ ਉਦੋਂ ਉਨ੍ਹਾਂ ਦਾ ਮਸੀਹਾ ਹੁੰਦਾ ਸੀ। ਉਸ ਦੀਆਂ ਕਈ ਪੁਸਤਕਾਂ ਕੁਝ ਮੁੰਡੇ ਲੈ ਗਏ ਤੇ ਪਾਰਕ 'ਚ ਬੈਠ ਕੇ ਉਹਨਾਂ ਦਾ ਪਾਠ ਤੇ

ਉਹਦੇ ਬਾਰੇ ਬਹਿਸ ਕਰਦੇ ਰਹੇ, ਜਿਵੇਂ ਉਨ੍ਹਾਂ ਉਸੇ ਪਾਰਕ ਵਿਚ ਇਨਕਲਾਬ ਲੈ ਆਉਣਾ ਹੋਵੇ ਪਰ ਇਸ ਤਰ੍ਹਾਂ ਦੀਆਂ ਬਹਿਸਾਂ ਕਾਰਣ ਪੰਜਾਬ 'ਚੋਂ ਬਹੁਤ ਲੋਕ ਅਗਾਂਹ ਨਿਕਲ ਕੇ ਆਏ। ਪਾਸ਼ ਵੀ ਉਨ੍ਹਾਂ ਵਿਚੋਂ ਹੀ ਇਕ ਸੀ। ਸ੍ਰੀਨਗਰ ਮੈਂ ਹਰ ਸਾਲ ਦੋ ਮਹੀਨੇ ਰਹਿੰਦਾ ਸਾਂ। ਮਈ ਜੂਨ ਦੇ ਮਹੀਨਿਆਂ ਵਿਚ ਉਦੋਂ ਉੱਥੇ ਬਹੁਤ ਸੈਲਾਨੀ ਜਾਂਦੇ ਸਨ। ਉਥੇ ਪਹੁੰਚ ਕਾਲਜਾਂ/ਯੂਨੀਵਰਸਿਟੀਆਂ ਮਗਰੋਂ ਜਦੋਂ ਭਾਰਤ ਭਰ ਵਿਚੋਂ ਸੈਲਾਨੀਆਂ ਦੇ ਆਉਣ ਦਾ ਸਮਾਂ ਹੋਣਾ ਤਾਂ ਮੈਂ ਉਨ੍ਹਾਂ ਕਿਸੇ ਪਬਲਿਕ ਪਲੇਸ ਕਿਤਾਬਾਂ ਨਾਲ ਸਵਾਗਤ ਕਰਦਾ। ਉਹ ਖੁਸ਼ ਹੋ ਜਾਂਦੇ ਤੇ ਬਹੁਤ ਸਾਰੀਆਂ ਕਿਤਾਬਾਂ ਖਰੀਦ ਕੇ ਲੈ ਜਾਂਦੇ ਕਿਉਂਕਿ ਉੱਥੇ ਦੁਨੀਆ ਭਰ ਤੋਂ ਲੋਕ ਆਉਣ ਕਰਕੇ ਉਹ ਕਿਤਾਬਾਂ ਦੇਖ ਬਹੁਤ ਖੁਸ਼ ਹੁੰਦੇ ਤੇ ਖਾਸ ਕਰਕੇ ਉਸ ਇਲਾਕੇ ਦੇ ਲੋਕ ਜਿੱਥੇ ਇਹ ਕਿਤਾਬਾਂ ਨਹੀਂ ਸਨ ਮਿਲਦੀਆਂ। ਜਦੋਂ ਮੈਂ ਭਾਪਾ ਪ੍ਰੀਤਮ ਸਿੰਘ ਹੁਰਾਂ ਨੂੰ ਆਰਡਰ ਭੇਜਦਾ ਤਾਂ ਉਹ ਸੋਚਣ ਲੱਗ ਪੈਂਦੇ ਕਿ, "ਇਹ ਮੁੰਡਾ ਐਨੀਆਂ ਕਿਤਾਬਾਂ ਕਿੱਥੇ ਵੇਚਦਾ, ਸਾਡੇ ਸੇਲਜ਼ਮੈਨ ਤਾਂ ਕੋਰੇ ਵਾਪਸ ਪਰਤ ਆਉਂਦੇ ਤੇ ਇਹ ਕਹਿੰਦੇ ਨੇ ਕਿ ਪੰਜਾਬੀ ਵਿਚ ਤਾਂ ਕੋਈ ਕਿਤਾਬ ਪੜ੍ਹਦਾ ਹੀ ਨਹੀਂ।'' ਮੈਂ ਭਾਪਾ ਜੀ ਨੂੰ ਹੱਸ ਕੇ ਕਹਿ ਛੱਡਦਾ, "ਇਹਦੇ ਲਈ ਤਾਂ 'ਸੁਰਮੇ ਵਾਲੀ ਅੱਖ' ਚਾਹੀਦੀ ਹੈ।" ਉਹ ਹੱਸ ਪੈਂਦੇ।

ਉਂਝ ਇਕ ਗੱਲ ਹੋਰ ਹੈ ਜੋ ਮੈਂ ਕਲੀਅਰ ਕਰਨੀ ਚਾਹੁੰਦਾ ਹਾਂ, ਉਹ ਇਹ ਕਿ ਕਿਤਾਬਾਂ ਖਰੀਦਣ ਤੇ ਪੜ੍ਹਨ ਦੀ ਸਮੱਸਿਆ ਸਿਰਫ ਕ੍ਰੀਏਟਿਵ ਕਿਰਤਾਂ ਦੀ ਹੀ ਆਉਂਦੀ ਹੈ ਕਿਉਂਕਿ ਟੈਕਸਟ ਬੁੱਕਸ ਤਾਂ ਸਰਕਾਰੀ ਅਦਾਰੇ ਪ੍ਰਕਾਸ਼ਤ ਕਰਦੇ ਹਨ। ਸਕੂਲੀ ਕਿਤਾਬਾਂ ਨੂੰ ਕਾਫੀ ਸਮਾਂ ਪਹਿਲਾਂ ਇੰਦਰਾ ਗਾਂਧੀ ਵੇਲੇ ਹੀ ਨੈਸ਼ਨਲਾਈਜ਼ ਕਰ ਦਿੱਤਾ ਗਿਆ ਸੀ। ਉਦੋਂ ਪ੍ਰਕਾਸ਼ਕ ਨੂੰ ਟੈਕਸਟ ਬੁੱਕ ਤੋਂ ਕਾਫੀ ਆਮਦਨੀ ਹੁੰਦੀ ਸੀ ਤੇ ਉਸਨੂੰ ਕ੍ਰਿਏਟਿਵ ਕਿਰਤ ਪ੍ਰਕਾਸ਼ਤ ਕਰਨ ਵਿਚ ਕੋਈ ਔਖ ਨਹੀਂ ਸੀ ਹੁੰਦੀ। ਹੌਲੀ-ਹੌਲੀ ਹੈਲਪ ਬੁਕਸ ਦਾ ਰਿਵਾਜ ਆ ਗਿਆ। ਇਸ ਲਈ ਪ੍ਰਕਾਸ਼ਕ ਨੂੰ ਆਪਣੀ ਮਾਰਕੀਟ ਖ਼ੁਦ ਤਿਆਰ ਕਰਨੀ ਪੈਂਦੀ ਸੀ। ਇਸ ਕਰਕੇ ਪ੍ਰਕਾਸ਼ਕ ਕ੍ਰੀਏਟਿਵ ਕੰਮ ਤੋਂ ਕੰਨੀ ਕਤਰਾਉਣ ਲੱਗ ਪਏ। ਸਮੱਸਿਆ ਹੋਰ ਗੰਭੀਰ ਹੁੰਦੀ ਗਈ ਤੇ ਲੇਖਕ ਤੋਂ ਪੈਸੇ ਲੈ ਕੇ ਕਿਤਾਬ ਪ੍ਰਕਾਸ਼ਤ ਕਰਨ ਦੀ ਪ੍ਰਥਾ ਸ਼ੁਰੂ ਹੋ ਗਈ। ਉਂਝ ਭਾਂਵੇ ਕਿਹਾ ਜਾ ਸਕਦਾ ਹੈ ਕਿ ਭਾਪਾ ਪ੍ਰੀਤਮ ਸਿੰਘ ਕਿਤਾਬ ਦੇ ਬਹੁਤ ਪਾਰਖੂ ਸਨ ਤੇ ਬਿਹਤਰੀਨ ਕਿਤਾਬ ਪ੍ਰਕਾਸ਼ਤ ਕਰਦੇ ਸਨ। ਪਰ ਮੇਰੇ ਖਿਆਲ 'ਚ ਲਗਦਾ ਕਿ ਪੈਸੇ ਲੈਣ ਦੀ ਪ੍ਰਥਾ ਵੀ ਉਨ੍ਹਾਂ ਦੇ ਸਮੇਂ ਤੋਂ ਹੀ ਸ਼ੁਰੂ ਹੋਈ। ਉਦੋਂ ਤੋਂ ਹੀ ਪੁਸਤਕ ਪ੍ਰਕਾਸ਼ਤ ਕਰਵਾਉਣ ਲਈ ਡਾਲਰ ਤੇ ਪੌਂਡਾਂ ਦੀ ਚਕਾਚੌਂਧ ਵਧਣੀ ਸ਼ੁਰੂ ਹੋਈ।

ਪਰ ਮੇਰਾ ਆਪਣਾ ਪ੍ਰਕਾਸ਼ਨ-ਘਰ ਤਾਂ ਸ਼ੁਰੂ ਤੋਂ ਹੀ ਅੰਗ੍ਰੇਜ਼ੀ ਕਿਤਾਬਾਂ ਪ੍ਰਕਾਸ਼ਤ ਕਰਦਾ ਸੀ, ਇਸੇ ਲਈ ਮੇਰੇ ਵੱਖਰੇ ਤਜਰਬੇ ਹਨ। ਅੰਗਰੇਜ਼ੀ 'ਚ ਅੱਛੇ ਸੰਪਾਦਕ ਵੀ ਮਿਲ ਜਾਂਦੇ ਸਨ। ਸੰਪਾਦਕ ਵੀ ਕਈ ਵਿਸ਼ਿਆਂ ਦੇ ਮਾਹਿਰ ਹੁੰਦੇ ਹਨ ਜਿਵੇ ਕਿ ਐਕਉਜ਼ਿਸ਼ਨ, ਮਾਰਕਿਟਿੰਗ, ਵੈਟਿੰਗ, ਲੈਂਗੁਏਜ਼, ਸਬਜੈਕਟ ਵਗੈਰਾ। ਉਹ ਗੱਲਾਂ ਮੈਂ ਜਿੰਨੀਆਂ ਕੁ ਅਪਣਾ ਸਕਦਾ ਸੀ ਅਪਣਾ ਲਈਆਂ।

ਮੇਰਾ ਭਾਵ ਹੈ ਕਿ ਆਧੁਨਿਕ ਸਹੂਲਤਾਂ ਦਾ ਫਾਇਦਾ ਚੁੱਕਦਿਆਂ ਅੱਗੇ ਬੈਠੀ ਮਾਰਕਿਟ ਨੂੰ ਪਹਿਚਾਣਿਆ ਜਾਣਾ ਚਾਹੀਦੈ। ਪਾਠਕ ਦੇ ਮਨ ਵਿਚ ਵਿਸ਼ਵਾਸ ਪੈਦਾ ਕਰਨਾ ਚਾਹੀਦੈ। ਆਕਸਫੋਰਡ ਯੂਨੀਵਰਸਿਟੀ ਦੀ ਕੋਈ ਵੀ ਕਿਤਾਬ ਹੋਵੇ ਲੋਕ ਅੱਖਾਂ ਮੀਟ ਕੇ ਖਰੀਦ ਲੈਂਦੇ ਹਨ ਤੇ ਘਰ ਜਾ ਕੇ ਉਨ੍ਹਾਂ ਦਾ ਵਿਸ਼ਵਾਸ ਕਾਇਮ ਵੀ ਰਹਿੰਦਾ ਹੈ। ਪ੍ਰਕਾਸ਼ਕ ਨੂੰ ਚਾਹੀਦੈ ਕਿ ਆਪਣੇ ''ਲੋਗੋ'' ਦੀ ਐਸੀ ਇੱਜ਼ਤ ਬਣਾਵੇ ਕਿ ਦੇਖਣ ਵਾਲਾ ਝੱਟ ਕਹਿ ਦੇਵੇ, "ਇਹ ਫਲਾਣੇ ਪ੍ਰਕਾਸ਼ਕ ਦੀ ਕਿਤਾਬ ਹੈ, ਇਸ ਨੂੰ ਵੀ ਖਰੀਦ ਲਵੋ।'' ਫਿਰ ਪਾਠਕ ਦੀ ਕੋਈ ਘਾਟ ਨਹੀਂ ਰਹੇਗੀ। ਲੇਖਕ ਨੂੰ ਪੂਰਾ ਸਨਮਾਨ ਦਿਓ। ਉਸਦਾ ਵਿਸ਼ਵਾਸ ਜਿੱਤੋ। ਚੰਗੇ ਲੇਖਕ ਤੁਹਾਡੇ ਕੋਲ ਭੱਜ ਕੇ ਆਉਣਗੇ। ਜਦੋਂ ਕੋਈ ਪਾਠਕ ਕਿਸੇ ਪ੍ਰਕਾਸ਼ਕ ਦਾ ''ਲੋਗੋ'' ਦੇਖ ਕੇ ਇਹ ਕਹਿ ਦੇਵੇ ਕਿ, "ਛੱਡ ਯਾਰ ਇਹ ਪ੍ਰਕਾਸ਼ਕ ਤਾਂ ਲੇਖਕਾਂ ਤੋਂ ਪੈਸੇ ਲੈ ਕੇ ਊਲ-ਜਲੂਲ ਪ੍ਰਕਾਸ਼ਤ ਕਰਦਾ ਰਹਿੰਦਾ ਹੈ।'' ਤਾਂ ਸਾਰੀ ਇੱਜ਼ਤ ਖੂਹ 'ਚ ਪੈ ਜਾਂਦੀ ਹੈ। ਚੰਗੀ ਕਿਤਾਬ ਵੀ ਮਾੜੀ ਬਣ ਜਾਂਦੀ ਹੈ। ਪ੍ਰਕਾਸ਼ਕ ਨੂੰ ਇਸ ਪਾਸੇ ਤੋਂ ਚੇਤੰਨ ਹੋਣਾ ਬਹੁਤ ਜ਼ਰੂਰੀ ਹੈ। ਮੈਨੂੰ ਚੇਤੇ ਹੈ, ਇਕ ਵਾਰੀ ਇਕ ਕਾਨਫਰੈਂਸ ਦੇ ਵਿਚ ਆਸ਼ੀਸ਼ ਨੰਦੀ ਨੇ ਕਮੇਂਟ ਕੀਤੇ ਸਨ ਕਿ, "ਅੱਜ ਅਗਰ ਹਿੰਦੁਸਤਾਨ ਵਿਚ ਪੰਜ ਵਧੀਆ ਪ੍ਰਕਾਸ਼ਕ ਚੁਣਨੇ ਹੋਣ ਤਾਂ ਬਲਵੰਤ ਦਾ ਨਾਂਅ ਉਨ੍ਹਾਂ ਪੰਜਾਂ ਵਿਚ ਮੈਂ ਲੈ ਸਕਦਾ ਹਾਂ।'' ਉਸਦਾ ਇਸ਼ਾਰਾ ਆਕਸਫੋਰਡ ਯੂਨੀਵਰਸਿਟੀ ਪ੍ਰੈਸ, ਮੈਕਮਿਲਨ, ਓਰੀਐਂਟ ਲੌਂਗਮੈਨ ਵਰਗੇ ਪ੍ਰਕਾਸ਼ਕਾਂ ਵਿਚ ਮੇਰਾ ਨਾਂਅ ਸ਼ਾਮਲ ਕਰਨ ਵੱਲ ਸੀ।

ਇਥੇ ਜ਼ਾਤੀ ਤੇ ਆਸੇ-ਪਾਸੇ ਵਾਪਰੀਆਂ ਮਿਸਾਲਾਂ ਸਾਂਝੀਆਂ ਕਰਨੀਆਂ ਚਾਹਾਂਗਾ।

ਹਿੰਦੁਸਤਾਨ ਦੀ ਇਕ ਮਸ਼ਹੂਰ ਕੰਪਨੀ ਨੇ ਇਕ ਵਾਰੀ ਸੋਚਿਆ ਕਿ ਕਿਤਾਬ ਲੋਕਾਂ ਦੇ ਘਰਾਂ ਤੀਕ ਕਿਵੇਂ ਪਹੁੰਚਾਈ ਜਾਵੇ। ਸਾਰੀਆਂ ਸਲਾਹਾਂ ਮਗਰੋਂ "ਘਰੇਲੂ ਲਾਇਬ੍ਰੇਰੀ ਯੋਜਨਾ'' ਸ਼ੁਰੂ ਕਰ ਦਿੱਤੀ। ਸ਼ਾਇਦ ਉਨ੍ਹਾਂ ਉਦੋਂ ਦਸ ਰੁਪਏ ਮੈਂਬਰਸ਼ਿਪ ਡਿਪਾਜ਼ਿਟ ਰੱਖਣ ਦਾ ਫੈਸਲਾ ਕੀਤਾ ਤਾਂ ਕਿ ਜੇਕਰ ਕਿਤਾਬਾਂ ਦਾ ਪੈਕੇਟ ਵਾਪਸ ਆ ਜਾਵੇ ਤਾਂ ਪੋਸਟੇਜ਼ ਦਾ ਖਰਚਾ ਕੱਟ ਕੇ ਉਸਨੂੰ ਮੈਂਬਰਸ਼ਿਪ ਤੋਂ ਖਾਰਜ ਕੀਤਾ ਜਾ ਸਕੇ। ਉਸ ਸਕੀਮ ਮੁਤਾਬਕ ਮੈਂਬਰ ਨੂੰ ਹਰ ਮਹੀਨੇ ਇਕ ਚਵਾਇਸ ਦਿੱਤੀ ਜਾਂਦੀ ਕਿ ਇਸ ਲਿਸਟ ਵਿੱਚੋਂ ਦਸ ਰੁਪਏ ਦੀਆਂ ਕਿਤਾਬਾਂ ਪਸੰਦ ਕਰਕੇ ਸਾਨੂੰ ਚਿੱਠੀ ਪਾ ਦਿਓ ਤੇ ਉਸ ਨੂੰ ਦਸ ਰੁਪਏ ਦੀ ਵੀ.ਪੀ.ਪੀ. ਭੇਜ ਦਿੱਤੀ ਜਾਂਦੀ। ਸ਼ਰਤ ਇਹ ਸੀ ਕਿ ਹਰ ਮੈਂਬਰ ਨੂੰ ਮਹੀਨੇ 'ਚ ਦਸ ਰੁਪਏ ਦੀਆਂ ਕਿਤਾਬਾਂ ਖਰੀਦਣੀਆਂ ਪੈਣਗੀਆਂ ਤੇ ਇਹ ਕਿਤਾਬਾਂ ਕੀਮਤ ਵਜੋਂ ਬਹੁਤ ਸਸਤੀਆਂ ਸਨ (ਸ਼ਾਇਦ ਇਕ ਰੁਪੈ ਫੀ ਪੁਸਤਕ) ਤੇ ਵਿਸ਼ੇ ਤੇ ਬਾਕੀ ਗੱਲਾਂ ਵਿਚ ਬਹੁਤ ਅਮੀਰ। ਹਰ ਮਹੀਨੇ ਉਹ ਨਵੀਂ ਲਿਸਟ ਭੇਜਦੇ ਤੇ ਨਵੇਂ ਪਾਠਕਾਂ ਨੂੰ ਅਟ੍ਰੈਕਟ ਕਰਨ ਲਈ ਸਕੀਮ ਇੰਟਰੋਡਿਊਸ ਕਰਦੇ। ਡਾਕਖਾਨੇ ਵਾਲੇ ਉਨ੍ਹਾਂ ਦੇ ਦਫਤਰ ਜਾ ਕੇ ਉੱਥੋਂ ਹੀ ਵੈਨ 'ਚ ਪੈਕੇਟ ਭਰ ਕੇ ਜਾਂਦੇ ਤੇ ਰਸੀਦਾਂ ਵੀ ਉੱਥੇ ਹੀ ਦੇ ਕੇ ਜਾਂਦੇ। ਇਕ ਵਾਰੀ ਮੈਂ ਉਨ੍ਹਾਂ ਦੇ ਦਫਤਰ ਗਿਆ ਤਾਂ ਪਤਾ ਲੱਗਾ ਕਿ ਉਨ੍ਹਾਂ ਦੀ ਸਕੀਮ 'ਚ ਕਰੀਬ ਸਵਾ ਲੱਖ ਮੈਂਬਰ ਪ੍ਰੈਕਟੀਕਲੀ ਐਕਟਿਵ ਸੀ ਤੇ ਹਰ ਮਹੀਨੇ ਜਿਹੜੇ ਪੈਕੇਟ ਵਾਪਸ ਆਉਂਦੇ ਉਨ੍ਹਾਂ ਦੀ ਮੈਂਬਰਸ਼ਿਪ ਖਾਰਜ ਹੋ

ਜਾਂਦੀ ਤੇ ਇਸ ਤੋਂ ਦੁਗਣੇ ਹੋਰ ਐਡ ਹੋ ਜਾਂਦੇ। ਇਸ ਤਰਾਂ ਮੈਂਬਰਸ਼ਿਪ ਦੀ ਇਹ ਲਿਸਟ ਹੋਰ ਵਧਦੀ ਗਈ। ਉਨ੍ਹਾਂ 'ਚ ਕਈ ਮੈਂਬਰ ਆਹਲਾ ਅਫਸਰ ਸਨ ਤੇ ਮਸ਼ਹੂਰ ਫਿਲਮੀ ਹਸਤੀ ਪ੍ਰਿਥਵੀ ਰਾਜ ਕਪੂਰ ਵੀ ਉਨ੍ਹਾਂ ਦੇ ਮੈਂਬਰ ਸਨ। ਜਦ ਉਨ੍ਹਾਂ ਕਿਤਾਬਾਂ ਦੇਖੀਆਂ ਤਾਂ ਇਕ ਮੈਂਬਰਸ਼ਿਪ ਹੋਰ ਐਡ ਕਰ ਦਿੱਤੀ। ਜਦੋਂ ਇਹ ਕਿਤਾਬਾਂ ਆਰ.ਕੇ. ਸਟੂਡਿਓ ਵਿਚ ਜਾਂਦੀਆਂ ਤਾਂ ਪ੍ਰਿਥਵੀ ਰਾਜ ਕਪੂਰ ਉਹੀ ਕਿਤਾਬਾਂ ਆਪਣੇ ਉਨ੍ਹਾਂ ਵਰਕਰਾਂ ਨੂੰ ਭੇਂਟ ਕਰ ਦਿੰਦੇ ਜਿਨ੍ਹਾਂ ਨੂੰ ਪੜ੍ਹਨ ਦਾ ਸ਼ੌਕ ਸੀ। ਇਸੇ ਲਿਸਟ ਵਿਚ ਪੰਜਾਬੀ ਕਿਤਾਬਾਂ ਵੀ ਸ਼ਾਮਲ ਸਨ ਤੇ ਜਦੋਂ ਉਨ੍ਹਾਂ ਨੇ ਪੰਜਾਬੀ ਪ੍ਰਕਾਸ਼ਨ ਸ਼ੁਰੂ ਕੀਤਾ ਤਾਂ ਉਨ੍ਹਾਂ ਦਾ ਸੇਲਜ਼ਮੈਨ ਹਰਦੀਪ ਸਿੰਘ ਮੇਰੇ ਕੋਲ ਚੰਡੀਗੜ੍ਹ ਆਉਂਦਾ ਹੁੰਦਾ ਸੀ, ਉਹ ਮੈਨੂੰ ਦਸਦਾ ਕਿ ਪੰਜਾਬੀ ਕਿਤਾਬਾਂ ਦਾ ਪਹਿਲਾ ਪ੍ਰਿੰਟ ਰਨ 55 ਸੌ ਰੱਖਿਆ ਗਿਆ ਤੇ ਕਈ ਕਿਤਾਬਾਂ ਰੀਪ੍ਰਿੰਟ ਵੀ ਹੋ ਚੁੱਕੀਆਂ ਹਨ। ਇਸ ਗੱਲ ਨੇ ਮੈਨੂੰ ਵੀ ਬਹੁਤ ਹੱਲਾਸ਼ੇਰੀ ਦਿੱਤੀ ਕਿ ਪੰਜਾਬੀ 'ਚ ਪਾਠਕ ਮਰਿਆ ਨਹੀਂ।

ਆਜ਼ਾਦ ਹਿੰਦੁਸਤਾਨ ਵਿਚ "ਫਰੀਡਮ ਐਟ ਮਿਡ ਨਾਇਟ'' ਪੁਸਤਕ ਦੇ ਹਾਰਡ ਬੈਕ ਐਡੀਸ਼ਨ ਦੀ ਅੱਜ ਤੀਕ ਰਿਕਾਰਡ ਸੇਲ ਹੋਈ ਹੈ। ਪ੍ਰਕਾਸ਼ਕ ਦਾ ਦਾਅਵਾ ਸੀ ਕਿ ਉਨ੍ਹਾਂ ਇਹਦੀਆਂ ਕਰੀਬ ਪੌਣਾ ਲੱਖ ਕਾਪੀਆਂ ਹਿੰਦੁਸਤਾਨ 'ਚ ਲੋਕਾਂ ਦੇ ਘਰਾਂ 'ਚ ਪਹੁੰਚਾਈਆਂ ਹਨ। ਉਨ੍ਹਾਂ ਦੀ ਮਾਰਕਿਟਿੰਗ ਦੇ ਲੋਕ ਤੇ ਮੈਨੇਜਿੰਗ ਡਾਇਰੈਕਟਰ ਬਹੁਤ ਹੀ ਸੂਝਵਾਨ ਬੰਦੇ ਹਨ। ਇੰਗਲੈਂਡ 'ਚ ਜਦੋਂ ਇਹ ਕਿਤਾਬ ਛਪ ਰਹੀ ਸੀ ਤਾਂ ਇੰਗਲੈਂਡ ਦੇ ਪਬਲੀਸ਼ਿੰਗ ਹਾਊਸ ਨੇ ਇੰਡੀਅਨ ਪਾਰਟਨਰ ਤੋਂ ਪੁੱਛਿਆ ਕਿ ਇਸ ਕਿਤਾਬ ਲਈ ਇੰਡੀਅਨ ਮਾਰਕੀਟ ਵਿਚ ਕਿੰਨੀ ਕੁ ਥਾਂ ਹੈ।ਸੋ ਇਨ੍ਹਾਂ ਨੇ ਜੋ ਵੀ ਸਲਾਹ ਦੇਣੀ ਸੀ ਦਿੱਤੀ ਤੇ ਕੁਝ ਕਿਤਾਬਾਂ ਆਰਡਰ ਕਰ ਦਿੱਤੀਆਂ। ਇੰਗਲੈਂਡ ਦੇ ਪ੍ਰਕਾਸ਼ਕ ਨੇ ਉਹ ਕਿਤਾਬਾਂ ਸ਼ਿਪ ਰਾਹੀਂ ਨਵੀਂ ਦਿੱਲੀ ਨੂੰ ਰਵਾਨਾ ਕਰ ਦਿੱਤੀਆਂ ਤੇ ਕੁਝ ਕਾਪੀਆਂ ਹਵਾਈ ਡਾਕ ਰਾਹੀਂ ਭੇਜ ਦਿੱਤੀਆਂ ਤੇ ਇੰਡੀਅਨ ਪ੍ਰਕਾਸ਼ਕ ਨੇ ਉਹੀ ਕਾਪੀਆਂ ਕੁਝ ਸੀਨੀਅਰ ਜਰਨਲਿਸਟਸ ਤੇ ਕੁਝ ਬਿਉਰੋਕ੍ਰੇਟਸ ਨੂੰ ਪ੍ਰੈਜ਼ੈਂਟ ਕਰ ਦਿੱਤੀਆਂ। ਦੂਸਰੇ ਦਿਨ ਹੀ ਪਾਰਲੀਮੈਂਟ 'ਚ ਸਵਾਲ ਹੋ ਗਿਆ। ਸਾਰੀ ਅਫਸਰਸ਼ਾਹੀ ਤੇ ਐਮ. ਪੀ'ਜ਼ ਕਨਾਟ ਪਲੇਸ ਭੱਜੇ ਕਿ ਇਹ ਕਿਤਾਬ ਕਿੱਥੋਂ ਮਿਲੇਗੀ। ਕਿਤਾਬ ਦੀ ਮੰਗ ਇੰਨੀ ਵੱਧ ਗਈ ਕਿ ਅਖੀਰ ਭਾਰਤੀ ਪ੍ਰਕਾਸ਼ਕ ਨੂੰ ਇੰਗਲੈਂਡ ਦੇ ਓਰਿਜਨਲ ਪ੍ਰਕਾਸ਼ਕ ਨਾਲ ਅਰੇਂਜਮੇਂਟ ਕਰਕੇ ਇੰਡੀਅਨ ਐਡੀਸ਼ਨ ਪ੍ਰਕਾਸ਼ਿਤ ਕਰ ਭਾਰਤੀ ਪਾਠਕ ਕੋਲ ਕਿਤਾਬਾਂ ਪਹੁੰਚਦੀਆਂ ਕਰਨੀਆਂ ਪਈਆਂ। ਜੋ ਪਹਿਲੀਆਂ ਭੇਜੀਆਂ ਹੋਈਆਂ ਸਨ ਉਹ ਹਾਲੇ ਪਾਣੀ ਵਾਲੇ ਜਹਾਜ਼ ਵਿਚ ਹੀ ਤਰ ਰਹੀਆਂ ਸਨ।

ਪਾਠਕ ਤਕ ਪੁਸਤਕ ਪਹੁੰਚਾਉਣ ਦੀ ਇਕ ਹੋਰ ਬਹੁਤ ਦਿਲਚਸਪ ਮਿਸਾਲ ਹੈ। ਕੇਰਲਾ 'ਚ ਇਕ ਥਾਂ ਹੈ ਕਾਲੀਕਟ। ਇਸ ਸ਼ਹਿਰ ਦੇ ਇਕ ਵਿਅਕਤੀ ਨੇ ਟੀ.ਬੀ.ਐਸ. ਪਬਲਿਸ਼ਰਜ਼ ਨਾਂਅ ਦੀ ਇਕ ਸੰਸਥਾ ਬਹੁਤ ਪਹਿਲੇ ਬਣਾਈ ਤੇ ਇਕ ਮਿਸਾਲ ਕਾਇਮ ਕੀਤੀ ਸੀ। ਇਸਦੇ ਮਾਲਕ ਬਾਲਕ੍ਰਿਸ਼ਨ ਮਰਾਰ ਨੇ ਕਈ ਦਹਾਕੇ ਪਹਿਲਾਂ ਇਕ ਕਾਢ ਕੱਢੀ ਤੇ ਉਨ੍ਹਾਂ ਸਾਇਕਲ ਤੇ ਪੁਸਤਕਾਂ ਦੀ "ਮੋਬਾਇਲ ਦੁਕਾਨ'' ਬਣਾਈ ਅਤੇ ਗਲੀ-ਗਲੀ, ਮੁਹੱਲੇ-ਮੁਹੱਲੇ ਸਾਈਕਲ ਤੇ ਲੱਦ ਕਿਤਾਬਾਂ ਪਾਠਕਾਂ ਤੀਕ ਪਹੁੰਚਾਉਣ ਦਾ ਧੰਦਾ ਕਰ ਲਿਆ। ਅੱਜ ਉਨ੍ਹਾਂ ਦਾ ਸ਼ੋਅ ਰੂਮ ਕਈ ਮੰਜ਼ਿਲਾਂ ਦਾ ਹੈ, ਜਿੱਥੇ ਤੁਸੀਂ ਆਪਣੀ ਕਾਰ ਸਮੇਤ ਉਸ ਬੁਕ ਸ਼ਾਪ ਤੇ ਜਾ ਕੇ ਮੈਕਡੌਨਲ ਤੋਂ ਖਾਣਾ ਖਰੀਦਣ ਵਾਂਗ ਕਿਤਾਬਾਂ ਖਰੀਦ ਕੇ ਆਪਣੀ ਕਾਰ 'ਚ ਹੀ ਵਾਪਸ ਆ ਸਕਦੇ ਹੋ। ਇਸਨੇ ਤਜਰਬੇ ਨੇ ਵੀ ਕੇਰਲਾ ਦੇ ਵਿਚ ਰੀਡਿੰਗ-ਹੈਬਿਟ 'ਚ ਬਹੁਤ ਹਿੱਸਾ ਪਾਇਆ।


ਇਸੇ ਤਰਾਂ ਕੋਟਾਯਾਮ (ਕੇਰਲ) 'ਚ ਇਕ ਵੇਲੇ ਬਹੁਤ ਵੱਡੀ ਕੋਆਪਰੇਟਿਵ ਮੂਵਮੈਂਟ ਚੱਲੀ ਸੀ। ਉਸਦੇ ਮੋਢੀ ਸਨ ਸ੍ਰੀ ਡੀ.ਸੀ. ਕਿਜ਼ਾਕੇਮੂਰੀ। ਇਸ ਮੂਵਮੈਂਟ ਵਿਚ ਇਕ ਖਾਸ ਨੁਕਤਾ ਇਹ ਸੀ ਕਿ ਲੇਖਕ ਨੂੰ ਮਾਲਕ ਬਣਾ ਕੇ, ਆਪਣੇ ਨਾਲ ਹੀ ਜੋੜ ਲਵੋ ਤੇ ਉਸ ਨੂੰ ਮੁਨਾਫਾ ਰਾਇਲਟੀ ਵਜੋਂ ਦੇਵੋ। ਉਹ ਕੋਆਪਰੇਟਿਵ ਵਧਦੇ ਵਧਦੇ ਲੇਖਕ ਨੂੰ ਚਾਲੀ-ਪੰਜਾਹ ਫੀਸਦੀ ਰਾਇਲਟੀ ਵੀ ਨੂੰ ਦੇਣ ਲੱਗ ਪਈ। ਇਸ ਕੋਆਪਰੇਟਿਵ ਨੇ ਲੇਖਕਾਂ ਨੂੰ ਨਾਲ ਜੋੜਨ ਲਈ ਤੇ ਲੇਖਕਾਂ ਦੀ ਲਿਖਤ ਨੂੰ ਪ੍ਰਮੋਟ ਕਰਨ ਲਈ ਤੇ ਬਦਲੇ ਵਿਚ ਮੁਨਾਸਬ ਰਾਇਲਟੀ ਦੇਣ ਲਈ ਹੀ ਇਹ ਮੂਵਮੈਂਟ ਚਲਾਈ ਸੀ। ਸਾਰੇ ਹਿੰਦੁਸਤਾਨ ਵਿਚ ਤੜਥੱਲੀ ਮਚੀ ਹੋਈ ਸੀ ਉਦੋਂ। ਹਰ ਜ਼ੁਬਾਨ ਦਾ ਲੇਖਕ ਉਧਰ ਨੂੰ ਮੂੰਹ ਕਰਕੇ ਦੰਦਾਂ 'ਚ ਉਂਗਲਾਂ ਪਾ ਲੈਂਦਾ ਸੀ।ਸ੍ਰੀ ਕਜ਼ਾਕੇਮੂਰੀ ਬਾਅਦ 'ਚ ਐਮ.ਪੀ. ਵੀ ਰਹੇ। ਮੇਰੀ ਉਨ੍ਹਾਂ ਨਾਲ ਜ਼ਾਤੀ ਵਾਕਫੀਅਤ ਸੀ ਤੇ ਹੁਣ ਉਨ੍ਹਾਂ ਦਾ ਪੁੱਤਰ ਰਵੀ ਡੀ.ਸੀ. ਇਸ ਕਾਰੋਬਾਰ ਨੂੰ ਸੰਭਾਲਦਾ ਤੇ ਮੇਰਾ ਬਹੁਤ ਅੱਛਾ ਦੋਸਤ ਵੀ ਹੈ। ਇਕ ਵੇਰੀ ਅਸੀਂ ਉੱਥੇ ਰੀਜ਼ਨਲ ਲੈਂਗੁਏਜ਼ ਕਾਨਫਰੈਂਸ ਵੀ ਕੀਤੀ। ਰਵੀ ਸਾਡਾ ਹੋਸਟ ਸੀ। ਉੱਥੇ ਜਾ ਕੇ ਇਹ ਪਤਾ ਲੱਗਾ ਕਿ ਰਵੀ ਦੀ ਉਸ ਇਕੱਲੀ ਸੰਸਥਾ ਦੇ ਸਿਰਫ ਕੇਰਲਾ ਵਿਚ ਹੀ ਕਿਤਾਬਾਂ ਦੇ 28 ਸ਼ੋਅ ਰੂਮ ਹਨ। ਕੁੱਝ ਏਅਰਪੋਰਟਾਂ ਤੇ ਵੀ ਉਸਦੀਆਂ ਦੁਕਾਨਾਂ ਹਨ। ਜਦੋਂ ਮੈਂ ਦਿੱਲੀ ਸਾਂ ਤਾਂ ਉਸਨੇ ਦਿੱਲੀ ਤੇ ਹੋਰ ਸ਼ਹਿਰਾਂ ਵਿਚ ਵੀ ਕਿਤਾਬਾਂ ਦੇ ਸ਼ੋਅ ਰੂਮ ਖੋਲ੍ਹਣੇ ਸ਼ੁਰੂ ਕਰ ਦਿੱਤੇ ਸਨ। ਜਿਨ੍ਹਾਂ ਵਿਚ ਉਸ ਪਹਿਲਾ ਸ਼ੋਅਰੂਮ ਡਿਫੈਂਸ ਕਾਲੋਨੀ ਵਿਚ ਖੋਲ੍ਹਿਆ ਤੇ ਉਹਦੇ ਉਦਘਾਟਨ-ਸੈਰੇਮਨੀ ਵਿਚ ਮੈਂ ਵੀ ਸ਼ਾਮਲ ਸਾਂ। ਮਗਰੋਂ ਸੁਣਿਆ ਉਸਨੇ ਦੋ ਸ਼ੋਅ ਰੂਮ ਹੋਰ ਖੋਲ੍ਹੇ ਹਨ। ਕੋਟਾਯਾਮ 'ਚ ਰਵੀ ਦੀ ਪਤਨੀ ਹੀ ਸਾਰਾ ਮੈਨੇਜਮੈਂਟ ਸੰਭਾਲਦੀ ਹੈ। ਕਈ ਮੰਜ਼ਿਲਾਂ 'ਚ ਬਣੇ ਉਹਦੇ ਦਫਤਰ ਵਿਚ ਇਕ ਮੰਜ਼ਿਲ ਤੇ ਆਡੀਟੋਰੀਅਮ ਹੈ ਤੇ ਨਾਲ ਹੀ ਦੋ ਗੈਸਟ ਹਾਊਸ। ਇਕ ਉਸਦੇ ਖਾਸ ਮਹਿਮਾਨਾਂ ਲਈ, ਜਿੱਥੇ ਅਸੀਂ ਠਹਿਰੇ ਸਾਂ ਤੇ ਇਕ ਆਮ ਲੋਕਾਂ ਲਈ। ਉੱਥੇ ਕਈ ਕਮਰੇ ਹਨ। ਦੋਵੇਂ ਮੀਆਂ-ਬੀਵੀ ਸੁਭਾਅ ਦੇ ਮਿੱਠੇ ਅਤੇ ਦਿਲ ਦੇ ਸਾਫ ਤੇ ਕਾਰੋਬਾਰੀ ਸੂਝ ਦੀ ਇੰਤਹਾਅ ਦੇ ਮਾਲਕ ਹਨ। ਉੱਥੇ ਹੋਣ ਕਰਕੇ ਜਦ ਮੈਂ ਪਤਾ ਕੀਤਾ ਤਾਂ ਇਹ ਪਾਇਆ ਕਿ ਉਹ ਹਰ ਕਿਤਾਬ ਦੋ ਹਜ਼ਾਰ ਕਾਪੀਆਂ ਦੇ ਐਡੀਸ਼ਨ ਹੀ ਛਾਪਦੇ ਹਨ ਤੇ ਉਸ ਦੋ ਹਜ਼ਾਰ ਕਾਪੀ ਨੂੰ ਉਸੇ ਵੇਲੇ ਸਾਰੇ ਸ਼ੋਅ ਰੂਮਾਂ ਵਿਚ ਲੋੜ ਮੁਤਾਬਕ ਪਹਿਲੇ ਦਿਨ ਹੀ ਵੰਡ ਦਿੰਦੇ ਹਨ। ਇਸ ਦੇ ਨਾਲ ਪਾਠਕਾਂ ਨੂੰ ਇਕ ਸਹੂਲੀਅਤ ਇਹ ਵੀ ਹੁੰਦੀ ਹੈ ਕਿ ਉਹਨੂੰ ਪਤਾ ਹੁੰਦਾ ਹੈ ਕਿ ਉਸ ਦੀ ਪਸੰਦ ਦੀ ਕਿਤਾਬ ਕਿੱਥੋਂ ਮਿਲਣੀ ਹੈ ਤੇ ਉਹ ਨੇੜਲੀ ਬੁੱਕ ਸ਼ਾਪ ਨਾਲ ਜੁੜਿਆ ਰਹਿੰਦਾ ਹੈ। ਫਿਰ ਜਿਵੇਂ-ਜਿਵੇਂ ਲੋੜ ਪੈਂਦੀ ਹੈ ਤਾਂ ਉਸਦੇ

ਰੀਪ੍ਰਿੰਟ ਜਾਰੀ ਰਹਿੰਦੇ ਹਨ। ਇਸ ਗੱਲ ਨਾਲ ਅਹਿਸਾਸ ਹੋਇਆ ਕਿ ਜੇ ਕਿਤਾਬ ਜ਼ਿਆਦਾ ਵਿਕਣ ਦੀ ਸੰਭਾਵਨਾ ਵੀ ਹੋਵੇ ਤਾਂ ਜ਼ਰੂਰੀ ਨਹੀਂ ਕਿ ਉਸ ਨੂੰ ਬਹੁਤ ਸਾਰੀਆਂ ਕਾਪੀਆਂ ਪ੍ਰਿੰਟ ਕਰਕੇ ਆਪਣੇ ਗੁਦਾਮ ਭਰ ਲਓ, ਸਗੋਂ ਇਸ ਕਿਫਾਇਤ ਨਾਲ ਸਾਰੀਆਂ ਕਾਪੀਆਂ ਫਰੈੱਸ਼ ਵੀ ਰਹਿੰਦੀਆ ਹਨ ਤੇ ਕੋਈ ਜਗ੍ਹਾ ਜਾਂ ਵਧੇਰੇ ਪੂੰਜੀ ਦਾ ਬੋਝ ਵੀ ਨਹੀਂ ਪੈਂਦਾ। ਦੂਸਰਾ ਰਵੀ ਨੇ ਇੰਨਾ ਕੁ ਨਾਂਅ ਬਣਾਇਆ ਕਿ ਹੁਣ ਪਾਠਕ ਨੂੰ ਇਹ ਨਹੀਂ ਸੋਚਣਾ ਪੈਂਦਾ ਕਿ ਇਹ ਕਿਤਾਬ ਚੰਗੀ ਹੈ ਜਾਂ ਮਾੜੀ। ਉਹ ਅੱਖਾਂ ਬੰਦ ਕਰਕੇ ਉਸ ਕਿਤਾਬ ਨੂੰ ਖਰੀਦ ਲੈਂਦਾ ਹੈ ਕਿਉਂਕਿ ਇਹ ਰਵੀ ਡੀ.ਸੀ. ਦੀ ਪ੍ਰਕਾਸ਼ਤ ਕੀਤੀ ਹੁੰਦੀ ਹੈ।ਰਵੀ ਡੀ.ਸੀ. ਐਡੀਟੋਰਿਅਲ, ਪਰੂਫ ਰੀਡਿੰਗ, ਡਿਜ਼ਾਇਨਿੰਗ, ਪਬਲੀਸਿਟੀ ਤੇ ਹੋਰ ਬਹੁਤ ਸਾਰੀਆਂ ਗੱਲਾਂ ਲਈ ਖਰਚ ਦੀ ਪ੍ਰਵਾਹ ਨਹੀਂ ਕਰਦਾ ਬਲਕਿ ਕਵਾਲਿਟੀ ਕਾਂਨਸ਼ਿਅਸ ਰਹਿੰਦਾ ਹੈ। ਇਸ ਲਈ ਉਹਦਾ ਇਹ ਇਮੇਜ਼ ਬਣ ਗਿਆ।

ਆਧੁਨਿਕ ਮੈਨੇਜਮੈਂਟ ਬਾਰੇ ਇਕ ਹੋਰ ਉਦਾਹਰਣ ਹੈ। ਅਮਰੀਕਾ ਦੇ ਬਹੁਤ ਵੱਡੇ ਪ੍ਰਕਾਸ਼ਕ ਵਾਇਲੀ ਬ੍ਰਾਡਲੇ ਦਾ ਭਾਰਤੀ ਨਾਂਅ ਵਾਇਲੀ ਈਸਟਰਨ ਹੈ। ਉਦੋਂ ਮਰਾਠੀ/ਹਿੰਦੀ ਦੇ ਮਸ਼ਹੂਰ ਲੇਖਕ ਪ੍ਰਭਾਕਰ ਮਾਚਵੇ ਦਾ ਪੁੱਤਰ ਅਸੰਗ ਮਾਚਵੇ ਇਸ ਦਾ ਮੈਨੇਜਿੰਗ ਡਾਇਰੈਕਟਰ ਸੀ। ਵੱਡੇ ਮਾਚਵੇ ਮੇਰੇ ਚੰਗੇ ਵਾਕਿਫ ਸਨ ਪਰ ਅਸੰਗ ਮੇਰਾ ਦੋਸਤ ਸੀ। ਅਸੀਂ ਬਹੁਤ ਸਾਰੀਆਂ ਥਾਵਾਂ ਤੇ ਘੁੰਮਦੇ, ਮਾਸਕੋ ਵੀ ਗਏ ਤਾਂ ਇੱਕੋ ਕਮਰੇ ਵਿਚ ਠਹਿਰੇ। ਦਿੱਲੀ ’ਚ ਘੁੰਮਾ-ਘੁੰਮੀ ਵੀ ਇਕੱਠੇ ਕਰਦੇ। ਇਕ ਦਿਨ ਮੈਂ ਉਸ ਨਾਲ ਇੰਗਲੈਂਡ ਤੇ ਯੂਰਪ ਵਿਚ ਆਪਣੀਆਂ ਕਿਤਾਬਾਂ ਦੇ ਡਿਸਟ੍ਰੀਬਿਊਸ਼ਨ ਦੀ ਗੱਲ ਕੀਤੀ। ਉਹ ਕਹਿੰਦਾ ਅਸੀਂ ਕਨਸੋਰਟੀਅਮ ਬਣਾਇਆ ਤੇ ਤੂੰ ਵੀ ਸ਼ਾਮਲ ਹੋ ਜਾ ਤੇ ਮੈਂ ਹੋ ਗਿਆ। ਇੰਗਲੈਂਡ ’ਚ ਉਨ੍ਹਾਂ ਨੇ ਇਕ ਡਿਸਟ੍ਰੀਬਿਊਟਰ ਸਥਾਪਤ ਕੀਤਾ ਹੋਇਆ ਸੀ। ਮੇਰੀਆਂ ਕਿਤਾਬਾਂ ਵੀ ਉਸ ਪਾਸ ਜਾਣ ਲੱਗ ਪਈਆਂ ਤੇ ਉਸ ਕਨਸੋਰਟੀਅਮ ਰਾਹੀਂ ਯੂਰਪ ਦੇ ਹੋਰ ਦੇਸ਼ਾਂ ’ਚ ਵੀ। ਇਕ ਵਾਰੀ ਮੈਂ ਇੰਗਲੈਂਡ ਜਾਣਾ ਸੀ, ਅਸੰਗ ਨੂੰ ਕਿਹਾ ਕਿ ਮੈਂ ਆਪਣੇ ਡਿਸਟ੍ਰੀਬਿਊਟਰ ਨੂੰ ਮਿਲ ਕੇ ਆਵਾਂ? ਉਹ ਕਹਿੰਦਾ ਜ਼ਰੂਰ। ਉਸਨੇ ਆਪਣੇ ਇਕ ਕਾਰਿੰਦੇ ਨੂੰ ਫੋਨ ਕਰ ਦਿੱਤਾ ਕਿ ਮੇਰਾ ਦੋਸਤ ਆ ਰਿਹਾ। ਆਪਣਾ ਡਿਸਟ੍ਰੀਬਿਊਟਰ ਉਸ ਨੂੰ ਜਾਣਦਾ ਹੈ ਤੇ ਉਹ ਇਸਦਾ ਡਿਸਟ੍ਰੀਬਿਊਟਰ ਵੀ ਹੈ, ਦੋਨਾਂ ਨੂੰ ਮਿਲਾ ਦੇਈਂ। ਕਾਰਿੰਦੇ ਨੇ ਮੈਨੂੰ ਲੰਡਨ ਤੋਂ ਚੁੱਕਿਆ ਤੇ ਡਰਾਇਵ ਕਰਦਾ ਆਕਸਫੋਰਡ ਦੇ ਇਕ ਪਿੰਡ ਵਿਚ ਲੈ ਗਿਆ, ਜਿੱਥੇ ਸਾਡਾ ਡਿਸਟ੍ਰੀਬਿਊਟਰ ਰਹਿੰਦਾ ਸੀ। ਮਸਾਂ ਡੇਢ-ਦੋ ਸੌ ਘਰ ਹੋਣਗੇ ਉਸ ਪਿੰਡ ਵਿਚ। ਮੈਂ ਹੈਰਾਨ ਸੀ ਕਿ ਇਹ ਇੱਥੋਂ ਕਾਰੋਬਾਰ ਚਲਾਉਂਦਾ? ਖੈਰ! ਅਸੀਂ ਗਏ, ਕੌਫੀ ਪੀਤੀ, ਉਸ ਤੋਂ ਆਪਣੇ ਕੰਮ ਦੀ ਡਿਟੇਲ ਪੁੱਛੀ, ਉਹ ਕਹਿੰਦਾ, "ਮੇਰੇ ਕੋਲ ਪੰਜਾਹ ਸੇਲਜ਼ਮੈਨ ਹਨ, ਹਰੇਕ ਕੋਲ ਲੈਪਟੋਪ ਹੈ, ਕਾਰ ਤਾਂ ਹੈ ਹੀ, ਉਨ੍ਹਾਂ ਨੂੰ ਹਿਦਾਇਤ ਹੈ ਕਿ ਤਿੰਨ ਮਹੀਨੇ ਟੂਰ ਹੀ ਕਰਦੇ ਰਹਿਣ। ਇਲਾਕੇ ਵੰਡੇ ਹੋਏ ਹਨ, ਪੂਰੇ ਯੂਰੋਪ ਦੇ ਸਾਰੇ ਦੇਸ਼ ਕਵਰ ਕਰਦੇ ਹਨ। ਜੋ ਆਰਡਰ ਹੁੰਦਾ ਉਹ ਈ-ਮੇਲ ਰਾਹੀਂ ਸਾਡੇ ਵੇਅਰ ਹਾਉਸ ਨੂੰ ਭੇਜ ਦਿੰਦੇ ਹਨ, ਜੋ ਸਾਡੇ ਤੋਂ 200 ਕਿ.ਮੀ. ਦੂਰ ਹੈ। ਆਰਡਰ ਦੀ ਕਾਪੀ ਸਾਨੂੰ ਵੀ ਆ ਜਾਂਦੀ ਹੈ। ਵੇਅਰ ਹਾਊਸ ਉਸ ਆਰਡਰ ਨੂੰ ਸਪਲਾਈ ਕਰਕੇ ਰਸੀਦ ਤੇ ਆਰਡਰ ਦੀ ਕਾਪੀ ਬਿਲਿੰਗ ਡਿਪਾਰਟਮੈਂਟ ਨੂੰ ਭੇਜ ਦਿੰਦਾ। ਬਿਲਿੰਗ ਡਿਪਾਰਟਮੈਂਟ ਪਾਰਟੀ ਨੂੰ ਬਿਲ ਤੇ ਆਪਣਾ ਬੈਂਕ ਅਕਾਊਂਟ ਨੰਬਰ ਭੇਜ ਦਿੰਦਾ। ਪਾਰਟੀ ਉਸ ਅਕਾਊਂਟ ਵਿਚ ਬਿਲ ਦਾ ਅਮਾਊਂਟ ਜਮਾ ਕਰਵਾ ਦਿੰਦੀ ਹੈ। ਇਸ ਤਰਾਂ ਉਹ ਆਰਡਰ ਲੈਂਦੇ ਜਾਂਦੇ ਹਨ ਤੇ ਅਸੀਂ ਬਾਕੀ ਦਾ ਪ੍ਰੋਸੈਸ ਇੱਥੇ ਬੈਠ ਕੇ ਕਰਦੇ ਹਾਂ। ਤਿੰਨ ਮਹੀਨੇ ਬਾਅਦ ਸਾਡੀ ਸੇਲਜ਼ ਕਾਨਫਰੈਂਸ ਹੁੰਦੀ ਹੈ। ਹਰੇਕ ਸੇਲਜ਼ਮੈਨ ਦੇ ਕੰਮ ਦੀ ਘੋਖ ਹੁੰਦੀ ਹੈ। ਸਲਾਹ ਮਸ਼ਵਰਾ ਕੀਤਾ ਜਾਂਦੈ ਕਿ, ਕੀ ਪੜ੍ਹਿਆ ਜਾ ਰਿਹੈ, ਰੁਝਾਨ ਕੀ ਹੈ? ਕੀ ਵਿਕ ਰਿਹੈ, ਉਸ ਮੁਤਾਬਕ ਅਸੀਂ ਅੱਗੇ ਤੁਰ ਪੈਂਦੇ ਹਾਂ। ਅਸੀਂ ਇਸਦੇ ਨਾਲ ਕੁਝ ਆਨਰਜ਼ ਵੀ ਰੱਖੇ ਹਨ ਕਿ ਜਿਹੜਾ ਬੰਦਾ ਵਧੀਆ ਕੰਮ ਕਰੇਗਾ ਉਸਨੂੰ ਰੈਕੋਗਨਿਸ਼ਨ ਦੇ ਤੌਰ 'ਤੇ ਕੁਝ ਨਾ ਕੁਝ ਪ੍ਰੈਜ਼ੈਂਟ ਕਰਦੇ ਹਾਂ ਤਾ ਕਿ ਉਸ ਵਿਚ ਹੋਰ ਇਨਕਰੇਜ਼ਮੈਂਟ ਆਵੇ। ਮੈਂ ਇਸ ਪਿੰਡ ’ਚ ਬੈਠਾ ਹੀ ਕੰਟ੍ਰੋਲ ਕਰਦਾਂ ਪਰ ਹਰ ਵਿਭਾਗ ਵਿਚ ਆਪੋ-ਆਪਣੇ ਹੈਡ ਹਨ ਜੋ ਬਾਕੀ ਸਟਾਫ ਨੂੰ ਕੰਟਰੋਲ ਕਰਦੇ ਹਨ।"

ਉਹ ਇਸ ਤਰ੍ਹਾਂ ਗੱਲਾਂ ਕਰ ਰਿਹਾ ਸੀ ਜਿਸ ਤਰਾਂ ਵਿਹਲਾ ਹੋਵੇ ਪਰ ਉਹਦੇ ਜਿੰਨਾ ਮਸਰੂਫ ਹੋਰ ਕੋਈ ਨਹੀਂ ਹੋਣਾ। ਉਸਦਾ ਮੈਨੇਜਮੈਂਟ ਦੇਖ ਹੈਰਾਨੀ ਵੀ ਹੋਈ ਤੇ ਖੁਸ਼ੀ ਵੀ। ਉੱਥੇ ਮਹਿਸੂਸ ਹੋਇਆ ਕਿ ਸਮਾਂ ਕਿੰਨਾ ਬਦਲ ਗਿਆ।ਮੈਨੂੰ ਉਸ ਦਿਨ ਵਧੇਰੇ ਅਹਿਸਾਸ ਹੋਇਆ। ਇਹ ਕੋਈ ਪੱਚੀ-ਤੀਹ ਸਾਲ ਪੁਰਾਣੀ ਗੱਲ ਹੋਣੀ ਹੈ ਤੇ ਇੰਗਲੈਂਡ ਵਿਚ ਉਦੋਂ ਹੀ ਇਹ ਬਦਲ ਚੁੱਕਾ ਸੀ ਤੇ ਭਾਰਤ ਵਿਚ ਬਹੁਤ ਮਗਰੋਂ ਬਦਲਣਾ ਸ਼ੁਰੂ ਹੋਇਆ।

ਅਸਲ ’ਚ ਗੰਭੀਰਤਾ ਨਾਲ ਵਿਚਾਰਨ ਵਾਲੀ ਗੱਲ ਹੈ ਕਿ ਲੇਖਕ ਜੋ ਲਿਖਦਾ ਹੈ ਉਸਦੀ ਇੱਛਾ ਹੁੰਦੀ ਹੈ ਕਿ ਉਸ ਨੂੰ ਵੱਧ ਤੋਂ ਵੱਧ ਲੋਕ ਪੜ੍ਹਨ, ਗ੍ਰਹਿਣ ਕਰਨ। ਪਰ ਜੇ ਪੁਸਤਕ ਪ੍ਰਕਾਸ਼ ’ਚ ਤਾਂ ਆ ਗਈ ਪਰ ਅਸਲ ਪਾਠਕ ਤੀਕ ਨਾ ਪਹੁੰਚੀ ਤਾਂ ਲੇਖਕਾ ਦਾ ਮਕਸਦ ਨਾ-ਮੁਨਾਸਬ ਬਣ ਜਾਂਦਾ ਹੈ। ਉਸਦੀ ਲਿਖਤ ਤਾਂ ਬੇਕਾਰ ਹੁੰਦੀ ਹੀ ਹੈ ਤੇ ਅੱਗੋਂ ਲੇਖਕ ਦੇ ਹੋਰ ਉਤਸ਼ਾਹਤ ਹੋਣ ਦੇ ਮੌਕੇ ਵੀ ਖੁੱਸ ਜਾਂਦੇ ਹਨ। ਅਜਿਹੇ ਕੇਸਾਂ ’ਚ ਉਹੀ ਪੁਸਤਕ ਲਾਇਬ੍ਰੇਰੀਆਂ ਦੀਆਂ ਸ਼ੈਲਫਾਂ ’ਚ ਪਈ ਸੜਦੀ ਰਹਿੰਦੀ ਹੈ ਤੇ ਲੇਖਕ ਦਾ ਸੁਨੇਹਾ ਲਾਇਬ੍ਰੇਰੀ ਦੀਆਂ ਧੂੜਾਂ ’ਚ ਗਰਕ ਹੋ ਜਾਂਦੈ ਤੇ ਜੇ ਉਹੀ ਕਿਤਾਬ ਪਾਠਕ ਕੋਲ ਵੀ ਨਾ ਪਹੁੰਚੇ, ਲਾਇਬ੍ਰੇਰੀਆਂ ਵਿਚ ਵੀ ਨਾ ਜਾਵੇ ਤਾਂ ਰੱਦੀ ਵਾਲੇ ਕੋਲ ਪਹੁੰਚ ਜਾਂਦੀ ਹੈ। ਜਿਸਦਾ ਕਹਿਣਾ ਹੈ ਕਿ ਇੰਨੇ ਛੋਟੇ ਪੇਜ਼ਾਂ ਦਾ ਤਾਂ ਪਕੌੜਿਆਂ ਲਈ ਲਿਫਾਫਾ ਵੀ ਨਹੀਂ ਬਣਦਾ।



ਪਰ ਗੱਡਾ ਹਾਲੇ ਵੀ ਚਿੱਕੜ 'ਚੋਂ ਕੱਢਿਆ ਜਾ ਸਕਦਾ। ਪੁਸਤਕ ਪ੍ਰਕਾਸ਼ਨ ਤੇ ਉਸ ਦੀ ਮਾਰਕਿਟਿੰਗ ਬਾਰੇ ਨਵੇਂ-ਨਵੇਂ ਤਰੀਕੇ ਲੱਭੇ ਜਾ ਸਕਦੇ ਹਨ। ਪਾਠਕ ਦੀ ਕੋਈ ਕਮੀ ਨਹੀਂ ਸੀ, ਨਾ ਹੈ ਤੇ ਨਾ ਰਹੇਗੀ। ਬੱਸ ਸਿੱਕੇ ਦੇ ਦੋਨੋਂ ਪਾਸੇ ਮਿਲਾਉਣ ਵਾਲਾ ਮੈਟਲ ਚਾਹੀਦਾ।

# ਪੰਜਾਬੀ ਸਾਹਿਤਕਾਰੀ
# ਮੰਤਵਹੀਣਤਾ ਦਾ ਸੰਕਟ ਤੇ ਮੇਰਾ ਲਿਖਣ ਮੰਤਵ

–ਬਲਬੀਰ ਮਾਧੋਪੁਰੀ

ਸਮੁੱਚੇ ਭਾਰਤੀ ਸਾਹਿਤ ਸਮੇਤ ਪੰਜਾਬੀ ਸਾਹਿਤਕਾਰੀ ਵਿਚ ਮੰਤਵਹੀਣਤਾ ਦਾ ਸੰਕਟ ਪ੍ਰਗਤੀਵਾਦੀ ਵਿਚਾਰਧਾਰਾ ਦੇ ਬਿਖਰਾਅ ਮਗਰੋਂ ਡੂੰਘਾ ਹੋਇਆ ਹੈ। ਪਿਛਲੇ ਕੁੱਝ ਸਾਲਾਂ ਦੌਰਾਨ ਇਸ ਵਿਚ ਹੋਰ ਨਿਘਾਰ ਆਇਆ ਹੈ। ਜੇ ਥੋੜ੍ਹਾ ਵਿਆਪਕ ਦ੍ਰਿਸ਼ਟੀ ਨਾਲ ਦੇਖੀਏ ਤਾਂ ਵਿਸ਼ਵ ਪੱਧਰ ਉਤੇ ਸੰਸਾਰ ਸਾਹਿਤ ਵਿਚ ਦਲਿਤ ਸਾਹਿਤ, ਬਲੈਕ ਲਿਟਰੇਚਰ ਤੇ ਨਾਰੀਵਾਦੀ ਸਾਹਿਤ ਨੇ ਵਿਸ਼ੇਸ਼ ਥਾਂ ਮੱਲ ਲਈ ਹੈ। ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਪ੍ਰਗਤੀਸ਼ੀਲ ਤੇ ਪ੍ਰਗਤੀਵਾਦੀ ਵਿਚਾਰਧਾਰਾ ਦਾ ਪਹਿਲਾਂ ਨਾਲੋਂ ਜਲਵਾ ਤੇ ਜਲੌਅ ਘਟਣ ਦੇ ਬਾਵਜੂਦ ਪ੍ਰਗਤੀਵਾਦੀ, ਅਗਾਂਹਵਧੂ ਤੇ ਸੁਹਿਰਦ ਸਾਹਿਤਕਾਰਾਂ ਵਲੋਂ ਮਨੁੱਖਵਾਦੀ ਤੇ ਯਥਾਰਥਵਾਦੀ ਸਾਹਿਤ ਦੀ ਸਿਰਜਣਾ ਜਾਰੀ ਹੈ ਭਾਵੇਂ ਕਿ ਉਨ੍ਹਾਂ ਦੇ ਸਾਹਮਣੇ ਬੇਸ਼ੁਮਾਰ ਲਲਕਾਰਾਂ ਤੇ ਵੰਗਾਰਾਂ ਹਨ। ਖ਼ੈਰ, ਵਿਸ਼ੇ ਦੀ ਪ੍ਰਸੰਗਕਤਾ ਨੂੰ ਧਿਆਨਗੋਚਰੇ ਰਖਦਿਆਂ ਦੋ ਕੁ ਹਕੀਕਤਾਂ 'ਸਾਹਿਤ' ਤੇ 'ਰਚਨਾ' ਦੇ ਸੰਦਰਭ ਵਿਚ ਵਿਚਾਰਨੀਆਂ ਉਚਿਤ ਜਾਪਦੀਆਂ ਹਨ। ਪਹਿਲੀ, ਕੀ ਹਰ ਲਿਖਤ ਰਚਨਾ ਹੁੰਦੀ ਹੈ? ਕੀ ਕੋਈ ਵੀ ਲਿਖਤ ਸਾਹਿਤ ਦਾ ਹਿੱਸਾ ਬਣਨ ਦੇ ਸਮਰਥ ਹੁੰਦੀ ਹੈ? ਜੇ ਵਿਸ਼ਵ ਸਾਹਿਤ ਦੇ ਮਿਆਰਾਂ ਦੀ ਕਸੌਟੀ ਮੁਤਾਬਿਕ ਦੇਖੀਏ ਤਾਂ ਦੋ-ਟੁੱਕ ਸ਼ਬਦਾਂ ਵਿਚ ਕਹਿਣਾ ਠੀਕ ਹੋਵੇਗਾ ਕਿ ਵਿਰਲੀ-ਟਾਵੀਂ ਲਿਖਤ ਹੀ ਰਚਨਾ ਕਹਾਉਣ ਦੀ ਸਹੀ ਹੱਕਦਾਰ ਹੁੰਦੀ ਹੈ। ਦੂਜੇ ਸ਼ਬਦਾਂ ਵਿਚ ਕਿ ਉਹ ਸਾਹਿਤ ਦਾ ਚਿਰ-ਸਥਾਈ ਹਿੱਸਾ ਬਣਨ ਦੇ ਯੋਗ ਹੁੰਦੀ ਹੈ। ਇਸ ਨਜ਼ਰੀਏ ਤੋਂ ਇਹ ਸਤਰਾਂ ਬੜੇ 'ਡਰ' ਤੇ ਝਿਜਕ ਨਾਲ ਲਿਖਣੀਆਂ ਪੈ ਰਹੀਆਂ ਹਨ ਕਿ ਪੰਜਾਬੀ ਵਿਚ ਵਰਤਮਾਨ ਜੁਗਾੜਵਾਦ ਦੇ ਦੌਰ ਦੌਰਾਨ ਤੇ ਕਾਹਲ ਨਾਲ ਧੜਾ-ਧੜ ਵੱਡੀ ਮਾਤਰਾ ਵਿਚ ਲਿਖੇ ਤੇ ਛਪੇ ਜਾ ਰਹੇ ਸਾਹਿਤ ਦਾ ਨਾ ਕੋਈ ਮਕਸਦ ਹੁੰਦਾ ਤੇ ਨਾ ਹੀ ਉਸ ਅੰਦਰ ਸੇਧ ਦੇਣ ਵਾਲੀ ਦ੍ਰਿਸ਼ਟੀ ਹੁੰਦੀ ਹੈ। ਗੱਲ ਕੀ, ਸਾਹਿਤ ਤੇ ਸਮਾਜ ਨੂੰ ਉਹਦਾ ਕੋਈ ਫਾਇਦਾ ਨਹੀਂ ਹੁੰਦਾ। ਉਲਟਾ ਸਾਹਿਤਕ ਪ੍ਰਦੂਸ਼ਣ ਫਲਾਉਣ ਵਿਚ ਸਹਾਈ ਹੋ ਰਿਹਾ ਇਹ ਸਾਹਿਤ ਉਂਜ ਵੀ 600 ਦਰਖ਼ਤਾਂ ਦਾ ਵਢਾਂਗਾ ਕਰ ਕੇ ਇਕ ਟਰੱਕ ਤਿਆਰ ਕੀਤਾ ਕਾਗਜ਼ ਹਵਾ ਨੂੰ ਪ੍ਰਦੂਸ਼ਤ ਕਰਨ ਲਈ ਜ਼ੁੰਮੇਵਾਰ ਹੈ। ਸੱਚ ਇਹ ਵੀ ਹੈ ਕਿ ਸਹੀ ਸੇਧ ਵਿਚ ਲਿਖੇ ਜਾ ਰਹੇ ਸਾਹਿਤ ਮੋਹਰੇ ਇਹ ਅੜਿੱਕਾ ਬਣਨ ਦੇ ਆਹਰ ਵਿਚ ਹੁੰਦਾ ਹੈ- ਭੰਬਲਭੂਸਾ ਪਾ ਕੇ ਵਕਤੀ 'ਵਾਹ-ਵਾਹ' ਖੱਟਣ ਦੀ ਕੋਸ਼ਿਸ਼ ਕਰਦਾ ਹੈ।

ਹੋਰ ਤਾਂ ਹੋਰ ਪਿਛਲੇ ਸਾਲਾਂ ਵਿਚ ਕੁਝ ਪੰਜਾਬੀ ਆਲੋਚਕ ਪਿਆਰ-ਕਾਵਿ ਨੂੰ ਇਹ ਕਹਿ ਕੇ ਉਭਾਰਦੇ, ਪ੍ਰਚਾਰਦੇ ਤੇ ਪ੍ਰਸਾਰਦੇ ਰਹੇ ਕਿ ਇਹ ਵਿਸ਼ਵ ਸਾਹਿਤ ਦਾ ਰੁਝਾਨ ਬਣ ਚੁੱਕਾ ਹੈ। ਭਾਰਤ ਦੀ ਸਮਾਜਿਕ ਬਣਤਰ, ਭਾਰਤੀ ਦਰਸ਼ਨ ਦੀ ਕੰਗਾਲੀ ਤੇ ਆਰਥਿਕ ਮੰਦਹਾਲੀ ਨੂੰ ਅੱਖੋਂ ਓਹਲੇ ਕਰ ਕੇ ਦਿਤੇ ਜਾਂਦੇ ਰਹੇ ਅਜਿਹੇ ਬਿਆਨ ਪੰਜਾਬੀ ਸਾਹਿਤਕਾਰੀ ਵਿਚ ਪਹਿਲਾਂ ਹੀ ਮੌਜੂਦ ਮੰਤਵ-ਹੀਣਤਾ ਦੇ ਸੰਕਟ ਨੂੰ ਹੋਰ ਗਹਿਰਾ ਕਰਨ ਵਿਚ ਆਪਣਾ ਯੋਗਦਾਨ ਪਾਉਂਦੇ ਰਹੇ ਹਨ। ਅਜਿਹਾ ਰੁਝਾਨ ਤੇ ਮਨੋ-ਬਿਰਤੀ-ਪ੍ਰਵਿਰਤੀ ਸਾਹਿਤ ਦੇ ਵੱਖ-ਵੱਖ ਰੂਪਾਂ ਨਾਲ ਜੁੜੇ ਲੇਖਕਾਂ ਦੀਆਂ ਲਿਖਤਾਂ ਸਹਿਤ ਲਗਾਤਾਰ ਜਾਰੀ ਹੈ। ਕਹਿਣ ਦਾ ਮਤਲਬ ਕਿ ਯੁਵਾ ਪੀੜ੍ਹੀ ਤੇ ਬਜ਼ੁਰਗ ਸਾਹਿਤਕਾਰਾਂ ਦੀ ਇਕ ਢਾਣੀ ਪਿਆਰ-ਕਾਵਿ ਤੇ ਰੋਮਾਂਟਿਕ ਰਚਨਾਵਾਂ ਦੇ ਨਾਂ ਉਤੇ ਤਨ-ਮਨ ਦੀ ਕਾਮਕ ਅਤ੍ਰਿਪਤੀ ਵਾਲਾ ਸਾਹਿਤ ਸਿਰਜਣ ਵਿਚ ਹੀ ਲੱਗੀ ਹੋਈ ਹੈ। ਉਨ੍ਹਾਂ ਸਾਹਮਣੇ ਸ਼ਾਇਦ ਅਜੇ ਵੀ ਪੌਰਾਣਿਕ ਤੇ ਮਿਥ ਸਾਹਿਤ ਦਾ 'ਮਾਡਲ' ਹੈ ਅਤੇ ਕਾਮ ਦੇ ਦੇਵਤਿਆਂ ਵਾਂਗ ਅਮਰ ਹੋਣ ਵਾਲੀ ਅਜਿਹੀ ਸਿਰਜਣਾ ਕਰਨ ਦੇ ਪਾਸੇ ਯਤਨਸ਼ੀਲ ਹੈ। ਉਨ੍ਹਾਂ ਦਾ ਸਮੂਹ ਸਮਾਜ ਦੇ ਦੁੱਖ-ਦਲਿੱਦਰ, ਭੁੱਖ-ਮਰੀ, ਗਰੀਬੀ, ਧਰਮ ਦੇ ਜ਼ਰੀਏ ਊਚ-ਨੀਚ, ਛੂਤਛਾਤ, ਜਾਤਪਾਤ ਤੇ ਇਨ੍ਹਾਂ ਕਾਰਨ ਹਰ ਤਰ੍ਹਾਂ ਦਾ ਸ਼ੋਸ਼ਣ, ਵਿੱਤਕਰੇਬਾਜ਼ੀ ਤੇ ਅਸਮਾਨਤਾ ਨਾਲ ਕੋਈ ਸਰੋਕਾਰ ਨਹੀਂ। ਉਹ ਵਿਸ਼ਵ ਦੀ ਅੱਧੀ ਆਬਾਦੀ-ਔਰਤਾਂ ਨਾਲ ਹੁੰਦੀ ਸੀਨਾਜ਼ੋਰੀ, ਧੱਕੇਸ਼ਾਹੀ ਤੇ ਬੇਇਨਸਾਫ਼ੀ ਨੂੰ ਨਜ਼ਰ ਅੰਦਾਜ਼ ਕਰਦੇ ਹਨ। ਦਹਿਸ਼ਤਗਰਦੀ ਤੇ ਬੁਰਸ਼ਾਗਰਦੀ ਦੀਆਂ ਘਟਨਾਵਾਂ ਤੋਂ ਲੇਖਕਾਂ ਦਾ ਰਚਨਾਵਾਂ ਵਿਚ ਵਰਨਣ ਕਰਨ ਤੋਂ ਭੱਜਣਾ ਸਾਹਿਤ ਵਲ ਬਣਦੀ ਸਮਾਜਿਕ ਜ਼ੁੰਮੇਵਾਰੀ ਤੋਂ ਭੱਜਣਾ ਹੈ।

ਜਿਵੇਂ ਕਿ ਕਿਹਾ ਜਾਂਦਾ ਹੈ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੈ- ਇਸ ਕੱਥ ਤੇ ਵੱਥ ਤੋਂ ਕੋਈ ਵੀ ਸੁਹਿਰਦ ਤੇ ਚੇਤਨ

ਸਾਹਿਤਕਾਰ ਇਨਕਾਰੀ ਨਹੀਂ ਹੋ ਸਕਦਾ। ਹਰੇਕ ਸਾਹਿਤਕਾਰ ਨੇ ਇਸ ਤੱਥ ਨੂੰ ਧਿਆਨ ਗੋਚਰੇ ਰੱਖ ਕੇ ਰੂੜ੍ਹੀਵਾਦੀ ਤੇ ਸਮਕਾਲੀ ਸਥਿਤੀਆਂ-ਪਰਸਥਿਤੀਆਂ ਪ੍ਰਤਿ ਆਪਣੀ ਜ਼ਿੰਮੇਵਾਰੀ ਦੀ ਪਛਾਣ ਕਰਦਿਆਂ ਸਮਾਜਕ ਯਥਾਰਥ ਦੀ ਤਸਵੀਰ ਨੂੰ ਚੇਤਨਾ ਤੇ ਚਿੰਤਨ ਨਾਲ ਉਭਾਰਨਾ ਹੁੰਦਾ ਹੈ। ਬੇਜ਼ੁਬਾਨਿਆਂ ਦੀ ਜ਼ੁਬਾਨ, ਅਧਿਕਾਰਹੀਣਾਂ ਲਈ ਅਧਿਕਾਰ-ਚੇਤਨਾ, ਵੰਚਿਤ ਵਰਗਾਂ ਲਈ ਸੰਘਰਸ਼ ਦਾ ਪ੍ਰਤੀਕ ਬਣਨਾ ਹੁੰਦਾ ਹੈ ਤੇ ਨਾਲ ਹੀ ਉਨ੍ਹਾਂ ਦੀ ਆਵਾਜ਼ ਵੀ ਪਰ ਫੋਕੀ ਨਾਅਰੇਬਾਜ਼ੀ ਨਹੀਂ। ਸੁਹਿਰਦ ਸਾਹਿਤਕਾਰ ਮਨੁੱਖੀ ਅਧਿਕਾਰਾਂ,ਸਮਾਜਕ ਬਰਾਬਰੀ ਅਤੇ ਇਨਸਾਫ਼ ਦਾ ਝੰਡਾ-ਬਰਦਾਰ ਹੁੰਦਾ ਹੈ ਜਿਵੇਂ ਦੇਸ਼-ਵਿਦੇਸ਼ ਵਿਚ ਸੁਧਾਰਵਾਦੀ, ਸਮਾਜਵਾਦੀ ਤੇ ਖੱਬੇ-ਪੱਖੀ ਲਹਿਰ ਦੇ ਲੇਖਕ ਸਨ ਜਾਂ ਹਨ। ਇਨ੍ਹਾਂ ਤੋਂ ਪਹਿਲਾਂ ਭਾਰਤ ਭਰ ਵਿਚ ਭਗਤੀ ਲਹਿਰ ਦੇ ਕਵੀਆਂ ਨੇ ਸਮਾਜਕ ਬਰਾਬਰੀ ਲਈ ਬੀੜਾ ਚੁੱਕਿਆ ਸੀ ਤੇ ਆਰਥਕ ਕਾਣੀ ਵੰਡ ਦੀ ਆਲੋਚਨਾ ਬਿਨਾਂ ਕਿਸੇ ਭੈ ਦੇ ਕੀਤੀ। ਅਜੋਕੇ ਵਿਗਿਆਨਕ ਜੁੱਗ ਵਿਚ ਜੋ ਸਾਹਿਤਕਾਰ ਦੰਭੀ, ਪਾਖੰਡੀ, ਅੰਧ-ਵਿਸ਼ਵਾਸੀ, ਪ੍ਰੋਹਿਤਵਾਦੀ ਤੇ ਅਨਿਆਂ ਭਰੇ ਨਿਯਮਾਂ ਵਾਲੀਆਂ ਰਚਨਾਵਾਂ ਦੀ ਆਪਣੀਆਂ ਰਚਨਾਵਾਂ ਵਿਚ ਆਲੋਚਨਾ ਨਹੀਂ ਕਰਦਾ ਤਾਂ ਇਹ ਸਮਝ ਲਿਆ ਜਾਣਾ ਸੁਭਾਵਿਕ ਹੈ ਕਿ ਉਹ ਸਾਹਿਤ ਤੇ ਉਸ ਸਮਾਜਕ ਵਿਵਸਥਾ ਦਾ ਮੂਕ ਦਰਸ਼ਕ ਤੇ ਸਮਰਥਕ ਹੈ। ਇਸ ਸੰਦਰਭ ਵਿਚ ਲੋਕ-ਪੱਖੀ ਸਮਝੇ ਜਾਣ ਵਾਲੇ ਪਰੰਪਰਕ ਪ੍ਰਗਤੀਵਾਦੀਆਂ ਨੇ 'ਸਹਿਹੋਂਦ ਸਿਧਾਂਤ' ਦੇ ਫ਼ਲਸਫੇ ਤਹਿਤ ਆਪਣੇ ਦੇਸ਼ ਵਿਚਲੇ ਬ੍ਰਾਹਮਣਵਾਦੀ ਤੇ ਪ੍ਰੋਹਿਤਵਾਦੀ ਸਾਹਿਤ ਦੀ ਸੁਚੇਤ ਰੂਪ ਵਿਚ ਨਾ ਕੋਈ ਆਲੋਚਨਾ ਕੀਤੀ ਅਤੇ ਨਾ ਹੀ ਅੰਦੋਲਨ ਚਲਾਇਆ ਸਗੋਂ ਲੁਕਵੇਂ ਢੰਗ ਨਾਲ ਸਮਰਥਨ ਕੀਤਾ।

ਇਕ ਹੋਰ ਤੱਥ ਪੇਸ਼ ਕਰਨਾ ਉਚਿਤ ਹੋਵੇਗਾ ਕਿ ਸਾਹਿਤ ਵਿਚ ਪਰੰਪਰਕ ਪ੍ਰਗਤੀਵਾਦੀ 'ਮੁੱਖ-ਧਾਰਾ' ਦੀ ਝੁੱਲੀ ਹਨੇਰੀ ਵਿਚ ਉਨ੍ਹਾਂ ਰਚਨਾਵਾਂ ਨੂੰ ਵਧੇਰੇ ਗੌਲਿਆ ਜਾਂ ਉਨ੍ਹਾਂ ਉਤੇ ਗੌਰਵ ਕੀਤਾ ਗਿਆ ਜੋ ਕਿਸਾਨੀ ਦੀਆਂ ਸਮੱਸਿਆਵਾਂ ਤਕ ਹੀ ਸੀਮਤ ਸਨ ਪਰ ਹਕੀਕਤ ਇਹ ਹੋ ਨਿਬੜੀ ਕਿ ਉਹ ਜਗੀਰੂ ਰੁਚੀਆਂ ਦੀ ਰਹਿੰਦ-ਖੂੰਹਦ ਤੋਂ ਮੁਕਤ ਨਾ ਹੋ ਸਕੀਆਂ। ਅਛੂਤ ਜਾਂ ਸ਼ੂਦਰ ਪ੍ਰੋਲੋਤਾਰੀ ਵਰਗ ਪ੍ਰਗਤੀਵਾਦੀ ਸਾਹਿਤ ਦਾ ਕੇਂਦਰ ਨਾ ਬਣ ਸਕਿਆ ਜਿਸ ਨੂੰ ਆਧਾਰ ਬਣਾ ਕੇ ਇਸ ਫਲਸਫੇ ਦੀ ਉਸਾਰੀ ਹੋਈ ਸੀ। ਪੰਜਾਬੀ ਸਾਹਿਤਕਾਰਾਂ ਨੇ ਉਨ੍ਹਾਂ ਦੀ ਮਾਨਸਿਕ ਤ੍ਰਾਸਦੀ, ਸਮਾਜਕ ਅਸਮਾਨਤਾ ਤੇ ਆਰਥਕ ਮੰਦਹਾਲੀ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਨਾ ਬਣਾਇਆ ਸਗੋਂ ਇਸ ਧਾਰਾ ਤਹਿਤ ਸ਼ਬਦਾਂ ਦੇ ਹੇਰ-ਫੇਰ ਨਾਲ ਉਨ੍ਹਾਂ ਲਈ ਨਵਾਂ ਰੋਲ-ਘਚੋਲਾ ਖੜ੍ਹਾ ਕੀਤਾ ਗਿਆ। ਉਂਗਲਾਂ 'ਤੇ ਗਿਣੇ ਜਾਣਯੋਗ ਜਿਨ੍ਹਾਂ ਸੁਹਿਰਦ ਸਾਹਿਤਕਾਰਾਂ ਜਾਂ ਰਾਜਸੀ ਆਗੂਆਂ ਨੇ ਭਾਰਤੀ ਸਮਾਜ ਤੇ ਦਰਸ਼ਨ ਦੀ ਕੰਗਾਲੀ ਤੇ ਆਰਥਕ ਮੰਦਹਾਲੀ ਦੀ ਖੁੱਲ੍ਹ ਕੇ ਆਲੋਚਨਾ ਕੀਤੀ- ਇਸ ਗੰਭੀਰ ਸਮਾਜਕ ਕਲੰਕ ਨੂੰ ਹਟਾਉਣ ਲਈ ਆਪਣੀਆਂ ਲਿਖਤਾਂ ਰਾਹੀਂ ਉਪਰਾਲੇ ਕੀਤੇ ਪਰ ਉਨ੍ਹਾਂ ਨੂੰ 'ਮੁੱਖਧਾਰਾ' ਦੇ ਕੱਟੜ ਸਮਰਥਕਾਂ ਨੇ 'ਉਲਾਰ ਮਾਨਸਿਕਤਾ ਵਾਲੇ', 'ਜਾਤੀਵਾਦੀ' ਜਾਂ 'ਫ਼ਿਰਕੂ' ਗ਼ਰਦਾਨਿਆ। ਫਿਰ ਵੀ ਪੰਜਾਬੀ ਦੇ ਕੁਝ ਸੂਰਮੇ ਸਾਹਿਤਕਾਰ ਜੋ ਨਿਆਂ-ਪਸੰਦ ਹਨ, ਆਪਣੇ ਮੰਤਵ ਤੋਂ ਹਵਾ ਭਰ ਵੀ ਇਧਰ-ਉਧਰ ਨਹੀਂ ਹੋ ਰਹੇ।

ਬ੍ਰਿਤਾਂਤ ਤੋਂ ਬਚਦਿਆਂ ਮਨੁੱਖ-ਮੁਖੀ ਸੋਚ ਦੀ ਜਾਚੇ ਸਮਾਜ ਪ੍ਰਤਿ ਜ਼ਿੰਮੇਵਾਰ, ਈਮਾਨਦਾਰ ਤੇ ਸੁਹਿਰਦ ਸਾਹਿਤਕਾਰ ਦਾ ਰਚਨਾ-ਮੰਤਵ ਸਮੁੱਚੇ ਸਮਾਜ ਦੀ ਬਿਹਤਰੀ, ਸਮਾਜਕ ਸਮਾਨਤਾ, ਕਿਰਤ ਦੀ ਵਡਿਆਈ ਤੇ ਅਨਿਆਂ ਦੇ ਖ਼ਿਲਾਫ਼ ਹੋਣਾ ਚਾਹੀਦਾ ਹੈ ਨਾ ਕਿ ਦਿਮਾਗੀ-ਹੁਸ਼ਿਆਰੀ ਸਦਕਾ ਕੋਰੀ ਕਲਪਨਾ ਕਰ ਕੇ ਤੇ ਭੰਬਲਭੂਸੇ ਪੈਦਾ ਕਰ ਕੇ ਸਮਾਜ ਨੂੰ ਦਿਸ਼ਾਹੀਣ ਕਰਨ ਵਲ ਕੋਈ ਸ਼ਾਬਦਿਕ ਵਲ-ਛਲ ਵਾਲੀ ਰਚਨਾ ਕਰਨੀ ਚਾਹੀਦੀ ਹੈ। ਕਹਿਣਾ ਦਰੁੱਸਤ ਜਾਪਦਾ ਹੈ ਕਿ ਜੋ ਮੰਤਵਹੀਣ ਸਾਹਿਤ ਰਚਨਾ ਹੋ ਰਹੀ ਹੈ ਉਸ ਵਿਰੁੱਧ ਆਵਾਜ਼ ਬੁਲੰਦ ਹੋਣੀ ਚਾਹੀਦੀ ਹੈ ਭਾਵੇਂ ਕੁਝ ਲੋਕ ਇਸ ਵਿਚਾਰ ਨੂੰ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉਤੇ ਹਮਲਾ ਹੀ ਕਹਿਣ। ਮੁੱਕਦੀ ਗੱਲ ਉਹੀ ਰਚਨਾ ਚਿਰਜੀਵੀ ਹੋ ਸਕਦੀ ਹੈ ਜੋ ਕਿਸੇ ਲਈ ਪ੍ਰੇਰਨਾ ਦਾ ਸਬੱਬ ਬਣੇ ਜਿਵੇਂ ਕਿ ਸੋਵੀਅਤ ਸਾਹਿਤ ਤੇ ਬਲੈਕ ਲਿਟਰੇਚਰ ਜਾਂ ਫਿਰ ਕੁਝ ਹੱਦ ਤਕ ਦਲਿਤ ਸਾਹਿਤ ਤੇ ਨਾਰੀਵਾਦੀ ਸਾਹਿਤ ਨੂੰ ਸਮਝਿਆ ਜਾਂਦਾ ਹੈ। ਪੰਜਾਬੀ ਵਿਚ ਅਜਿਹੀਆਂ ਮੁੱਲਵਾਨ ਤੇ ਸਮਾਜਕ ਸਰੋਕਾਰਾਂ ਵਾਲੀਆਂ ਪੁਸਤਕਾਂ ਦੀ ਗਿਣਤੀ ਬਹੁਤ ਘੱਟ ਹੈ ਅਤੇ ਮੰਤਵਹੀਣਤਾ ਦੇ ਸੰਕਟ ਨਾਲ ਭਰਿਆ ਸਾਹਿਤ ਸਭ ਦੇ ਸਾਹਮਣੇ ਹੈ।

**ਮੇਰਾ ਲਿਖਣ ਮੰਤਵ :** ਦਰਅਸਲ, ਮੈਨੂੰ ਆਪਣੇ ਲਿਖਣ ਮੰਤਵ ਦੀ ਸੋਝੀ ਬਹੁਤ ਪਛੜ ਕੇ ਹੋਈ। ਏਸੇ ਕਰ ਕੇ 1990 ਤੋਂ ਪਹਿਲਾਂ ਲਿਖੀਆਂ ਮੇਰੀਆਂ ਕਵਿਤਾਵਾਂ ਪੁਸਤਕ ਰੂਪ ਨਹੀਂ ਲੈ ਸਕੀਆਂ ਚਾਹੇ ਉਹ 1977 ਤੋਂ ਵੱਖ-ਵੱਖ ਅਖ਼ਬਾਰਾਂ/ਮੈਗਜ਼ੀਨਾਂ ਵਿਚ ਪ੍ਰਕਾਸ਼ਤ ਹੋ ਚੁੱਕੀਆਂ ਸਨ। ਇਥੇ ਇਹ ਗੱਲ ਸਾਂਝੀ ਕਰਨੀ ਚਾਹਾਂਗਾ ਕਿ ਖੱਬੀ ਧਿਰ ਦੇ ਸਮਰਥਕ ਤੇ ਕਾਰਕੁੰਨ ਵਜੋਂ ਮੇਰੀਆਂ ਲਿਖਤਾਂ ਉਤੇ ਮਾਰਕਸਵਾਦੀ ਵਿਚਾਰਧਾਰਾ ਦਾ ਪ੍ਰਭਾਵ ਪੈਣਾ ਸੁਭਾਵਿਕ ਸੀ। ਫਿਰ ਜਦੋਂ ਅੰਬੇਡਕਰੀ, ਮੂਲ ਨਿਵਾਸੀ ਪੱਖੀ ਆਦਿ ਧਰਮ ਲਹਿਰ ਤੇ ਸਮਾਜਿਕ ਯਥਾਰਥ ਨੂੰ ਧਾਰਮਿਕ ਦਿੱਖ ਦੇ ਕੈਪਸੂਲ ਵਿਚ ਲਪੇਟੇ ਸੰਤ ਸਾਹਿਤ ਨੂੰ ਪੜ੍ਹਨਾ ਤੇ ਵਿਚਾਰਨਾ ਸ਼ੁਰੂ ਕੀਤਾ ਤਾਂ ਮੈਨੂੰ ਭਾਰਤ ਦੀ ਸਮਾਜਕ ਵਿਵਸਥਾ ਤੇ

ਇਸ ਦੀਆਂ ਪ੍ਰਸਥਿਤੀਆਂ ਦੇ ਸੰਦਰਭ ਵਿਚ ਮਾਰਕਸਵਾਦੀ ਸਿਧਾਂਤ ਕਾਇਲ ਕਰਨ ਵਾਲਾ ਤਾਂ ਲਗਦਾ ਪਰ ਏਸ਼ੀਆਈ ਦੇਸ਼ਾਂ ਤੇ ਭਾਰਤੀ ਸਥਿਤੀਆਂ ਅਨੁਸਾਰ ਥੋੜ੍ਹਾ ਓਪਰਾ ਜਿਹਾ ਇਸ ਕਰਕੇ ਲੱਗਾ ਕਿ ਪ੍ਰੋਲੋਤਾਰੀ ਵਰਗ ਦੀ ਇਥੇ ਅਜੇ ਨਾ ਗੁੰਜਾਇਸ਼ ਹੈ ਤੇ ਨਾ ਹੀ ਤੁਰੰਤ ਕੋਈ ਸੰਭਾਵਨਾ। ਇਹ ਵੱਖਰੀ ਗੱਲ ਹੈ ਕਿ ਕ੍ਰਾਂਤੀਕਾਰੀ ਸਾਹਿਤ, ਖ਼ਾਸ ਤੌਰ ਤੇ ਸੋਵੀਅਤ ਸਾਹਿਤ ਨੇ ਜੋ ਦ੍ਰਿਸ਼ਟੀ ਲੇਖਕਾਂ ਤੇ ਪੰਜਾਬੀ ਸਾਹਿਤਕਾਰਾਂ ਨੂੰ ਦਿਤੀ ਉਸ ਦੀ ਤੁਲਨਾ ਕਿਸੇ ਹੋਰ ਸਾਹਿਤ ਨਾਲ ਅਜੇ ਤਕ ਨਹੀਂ ਹੋ ਸਕਦੀ। ਖ਼ੈਰ, ਮੈਂ ਇਸ ਯੂਟੋਪੀਆ ਤੋਂ ਮੁਕਤ ਤਾਂ ਹੋ ਗਿਆ ਪਰ ਵਿਚਾਰਧਾਰਕ ਤੌਰ ਤੇ ਇਹ ਮਾਰਕਸੀ ਤੇ ਮੂਲ ਨਿਵਾਸੀ ਸੋਚ ਤੇ ਲੋਚ ਦੇ ਵਿਚਾਰਾਂ ਦਾ ਸੁਮੇਲ ਬਣਦਾ ਗਿਆ- ਕਿਤੇ ਵੀ ਵਿਰੋਧੀ-ਵਿਚਾਰ ਉਤਪੰਨ ਨਾ ਹੋਇਆ- ਸਗੋਂ ਇਕ-ਦੂਜੇ ਦੇ ਪੂਰਕ ਬਣ ਗਏ ਤੇ ਮੇਰੀ ਸਾਹਿਤ ਰਚਨਾ ਦਾ ਮਾਨਵਵਾਦੀ ਮੰਤਵ ਮੇਰੇ ਸਾਹਮਣੇ ਹੋਰ ਸਪਸ਼ਟ ਹੋ ਗਿਆ।

ਮੈਨੂੰ ਮਹਿਸੂਸ ਹੋਇਆ ਕਿ ਸਾਡੀਆਂ ਸਾਰੀਆਂ ਸਮਾਜਕ, ਆਰਥਿਕ, ਰਾਜਨੀਤਕ ਤੇ ਧਾਰਮਕ ਸਮੱਸਿਆਵਾਂ ਦੀ ਮੂਲ ਜੜ੍ਹ ਇਥੋਂ ਦਾ ਬ੍ਰਾਹਮਣਵਾਦ ਹੈ ਜਿਸ ਨੂੰ ਧਰਮ ਦਾ ਨਾਂ ਦਿਤਾ ਗਿਆ ਹੈ। ਅਸਲ ਵਿਚ, ਭਾਰਤ ਵਿਚ ਬ੍ਰਾਹਮਣਵਾਦ ਨੂੰ ਟੱਕਰ ਦੇਣ ਲਈ ਮੂਲ ਨਿਵਾਸੀ ਵਿਚਾਰਧਾਰਾ ਹੈ ਤੇ ਮਾਰਕਸਵਾਦ, ਪੂੰਜੀਵਾਦ ਨੂੰ ਧੋਬੀ ਪਟੜਾ ਮਾਰਨ ਲਈ। ਦੇਸ਼ ਅੰਦਰ ਵਰਣ-ਵਿਵਸਥਾ ਨੇ ਚਲਾਕੀ ਭਰੀ ਜੁਗਤ ਨਾਲ 'ਜਾਤ ਮੇਂ ਜਾਤ' ਅਤੇ 'ਪਾਤ ਮੇਂ ਪਾਤ' (ਉਦਾਹਰਣ ਲਈ ਪੱਤਾ ਗੋਭੀ, ਪਿਆਜ਼ ਤੇ ਕੇਲੇ ਦੇ ਪੱਤੇ ਉਤਾਰਦੇ ਜਾਓ ਤੇ ਨਿਕਲੇਗਾ ਕੁਝ ਵੀ ਨਹੀਂ) ਦੀ ਸਿਰਜਣਾ ਕਰ ਕੇ ਅਛੂਤਾਂ-ਸ਼ੂਦਰਾਂ ਦੇ ਸ਼ੋਸ਼ਣ ਦੇ ਅਨੇਕ ਰਸਤੇ ਲੱਭੇ। ਲੋਕਤੰਤਰੀ ਪ੍ਰਣਾਲੀ ਵਿਚ ਰਹਿੰਦਿਆਂ 'ਰਹਿਨੇ ਕੋ ਘਰ ਨਹੀਂ ਹਿੰਦੋਸਤਾਂ ਹਮਾਰਾ' ਵਰਗੇ ਵਿਚਾਰਾਂ ਨੇ ਮੇਰਾ ਰਸਤਾ ਯਾਨਿ ਮੇਰਾ ਲੇਖਣ ਮੰਤਵ ਹੋਰ ਵਧੇਰੇ ਸਪਸ਼ਟ ਕਰ ਦਿਤਾ।

ਇਕ ਗੱਲ ਹੋਰ ਕਿ ਮੇਰੇ ਕਈ ਸਾਹਿਤਕਾਰ ਮਿੱਤਰ ਮੇਰੇ ਕੋਲ ਬੜੇ ਫ਼ਖ਼ਰ ਨਾਲ ਦਾਹਵਾ ਕਰਦੇ ਹਨ ਕਿ ਉਹ ਮਾਰਕਸੀ ਵਿਚਾਰਧਾਰਾ ਉਤੇ ਅਡੋਲ ਪਹਿਰਾ ਦੇ ਰਹੇ ਹਨ ਤੇ ਤੂੰ ਬਦਲ ਗਿਆ ਏਂ। ਉਨ੍ਹਾਂ ਦੇ ਇਸ ਦਾਹਵੇ ਨੂੰ ਵਿਚਾਰਦਿਆਂ ਮੈਨੂੰ ਮਹਿਸੂਸ ਹੁੰਦਾ ਹੈ ਕਿ ਉਹ ਮੂਲ ਨਿਵਾਸੀਆਂ ਦੇ ਚਿੰਤਨ ਤੇ ਚੇਤਨਾ ਨੂੰ ਮਾਰਕਸੀ ਵਿਚਾਰਧਾਰਾ ਦਾ ਸੁਮੇਲ ਬਣਾਉਣ ਵਿਚ ਅਸਮਰਥ ਰਹੇ ਹਨ। ਜਾਂ ਫਿਰ ਉਨ੍ਹਾਂ ਨੂੰ ਭਾਰਤ ਦੇ ਬਹੁਜਨਾਂ ਦੀ ਮੰਦਹਾਲੀ ਦੀ ਪ੍ਰਵਾਹ ਨਹੀਂ। ਉਹ ਰੂੜ੍ਹੀਵਾਦੀ ਤੇ ਪਰੰਪਰਕ ਮਾਰਕਸੀ ਵਿਚਾਰਧਾਰਾ ਨੂੰ ਉਲੰਘਣ ਤੋਂ ਗੁਰੇਜ਼ ਕਰਦੇ ਹਨ ਜਾਂ ਉਨ੍ਹਾਂ ਦੀ ਕੋਈ ਮਜਬੂਰੀ ਹੈ। ਉਹ ਸੁਚੇਤ ਤੌਰ ਤੇ 'ਪੱਕੇ' ਪ੍ਰਗਤੀਵਾਦੀ ਰਹਿਣ ਖ਼ਾਤਰ ਇਉਂ ਕਰਦੇ ਹਨ ਜਾਂ ਸਾਹਿਤ ਦੀ ਪਰੰਪਰਕ 'ਮੁੱਖਧਾਰਾ' ਦੀ ਭੀੜੀ-ਹਨੇਰੀ ਗਲੀ ਵਿਚ ਰਹਿਣ ਨੂੰ ਪਸੰਦ ਕਰਦੇ ਹਨ- ਇਹ ਗੱਲਾਂ ਮੇਰੀ ਸਮਝ ਤੋਂ ਬਾਹਰ ਹਨ। ਇਸ ਲਈ ਮੇਰਾ ਲਿਖਣ ਮੰਤਵ ਮਨੁੱਖਾਂ ਵਿਚਾਲੇ ਵਿਤਕਰਿਆਂ ਦੇ ਥੰਮ੍ਹਾਂ ਉਤੇ ਖੜ੍ਹੀ ਸਾਹਿਤ ਦੀ ਅਖੌਤੀ 'ਮੁੱਖਧਾਰਾ' ਦੀਆਂ ਚੂਲਾਂ ਨੂੰ ਹਿਲਾਉਣਾ ਤੇ ਇਸ ਦੇ ਆਸਰੇ ਖੜ੍ਹੇ ਮਹਿਲ ਨੂੰ ਢਹਿ-ਢੇਰੀ ਕਰਨਾ ਵੀ ਹੈ। 'ਆਤਮ ਕਲਿਆਣ' ਵਾਲੇ ਸਾਹਿਤ ਦੀ ਥਾਂ ਲੋਕ ਕਲਿਆਣ ਵਾਲੀ ਸਾਹਿਤ ਸਿਰਜਣਾ ਦੀ ਪੈਰਵੀ ਕਰਨੀ ਹੈ ਤੇ ਉਸ 'ਤੇ ਪਹਿਰਾ ਦੇਣਾ ਹੈ।

ਜਿਵੇਂ ਕਿ ਆਮ ਹੀ ਆਖਿਆ ਜਾਂਦਾ ਹੈ ਕਿ ਸਾਹਿਤ ਸਮਾਜ ਨੂੰ ਪ੍ਰਭਾਵਤ ਕਰਦਾ ਹੈ ਅਤੇ ਸਾਹਿਤ ਸਮਾਜ ਨੂੰ। ਸੋ, ਮੈਂ ਇਸ ਦ੍ਰਿਸ਼ਟੀ ਤੋਂ ਆਪਣੀ ਸਾਹਿਤ ਰਚਨਾ ਤੇ ਇਸ ਨੂੰ ਮੁੱਖ ਰਖਦਿਆਂ ਕਈ ਮੋਰਚਿਆਂ ਉਤੇ ਲੜਨਾ ਹੈ- ਜ਼ਮੀਨ ਤੋਂ ਜ਼ਮੀਨ ਤਕ ਮਾਰ ਕਰਨ ਵਾਲੀਆਂ ਬੇਸ਼ੁਮਾਰ ਸ਼ਬਦ ਮਿਸਾਇਲਾਂ ਦਾਗਣੀਆਂ ਹਨ ਜਿਨ੍ਹਾਂ ਨਾਲ ਅਣਮਨੁੱਖੀ ਤੇ ਅਸਮਾਨਤਾ ਭਰੇ ਸਮਾਜਕ ਨਿਯਮਾਂ, ਅੰਧ-ਵਿਸ਼ਵਾਸਾਂ, ਬੰਦਸ਼ਾਂ, ਨਫ਼ਰਤਾਂ, ਪਾਖੰਡਵਾਦ, ਅਡੰਬਰਵਾਦ, ਅਵਿਗਿਆਨਕ ਭੇਦਭਾਵਾਂ ਨੂੰ ਨਿਸ਼ਾਨਾ ਬਣਾਉਣਾ ਹੈ ਅਤੇ ਇਨਸਾਨੀ ਕਦਰਾਂ-ਕੀਮਤਾਂ ਦੀ ਹਿਫ਼ਾਜ਼ਤ ਕਰਨੀ ਹੈ। ਅਧਿਕਾਰ-ਚੇਤਨਾ ਨੂੰ ਪ੍ਰਫੁਲਤ ਕਰਨਾ ਹੈ। ਪ੍ਰੋਹਿਤਵਾਦ ਦੇ ਬੱਜਰ-ਕਪਾਟ ਵਿਚ ਮੋਰੀਆਂ-ਮਘੋਰੇ ਕਰਨਾ ਹੈ ਤਾਂ ਕਿ ਮੂਲ ਨਿਵਾਸੀਆਂ ਸਮੇਤ ਹੋਰ ਹੱਕ ਵਿਹੂਣੇ ਗਰੀਬ ਲੋਕ ਲੋਕਤੰਤਰੀ ਪ੍ਰਣਾਲੀ ਵਿਚ ਮੁਕੰਮਲ ਤੌਰ ਤੇ ਆਜ਼ਾਦ ਹੋ ਸਕਣ ਤੇ ਦੇਸ਼ ਦੇ ਸਮੂਹ ਕੁਦਰਤੀ ਸਰੋਤਾਂ/ਜਾਇਦਾਦਾਂ ਵਿਚੋਂ ਆਪਣਾ ਬਣਦਾ ਹੱਕ ਮੰਗ ਸਕਣ। ਵਿਗਿਆਨਕ ਤੇ ਤਕਨਾਲੋਜੀਕਲ ਉਨਤੀ ਕੁਝ ਲੋਕਾਂ ਦੀ ਸੰਪਤੀ ਹੀ ਨਾ ਬਣੀ ਰਹੇ- ਆਮ ਲੋਕ ਵੀ ਇਸ ਦੇ ਭਾਈਵਾਲ ਬਣ ਸਕਣ।

ਅੰਤਰ-ਰਾਸ਼ਟਰੀ ਪੱਧਰ ਉਤੇ ਖੇਤਰੀ ਖਿੱਚੋਤਾਣਾਂ ਵਿਰੁੱਧ ਤੇ ਸੰਸਾਰ ਅਮਨ ਦੀ ਸਲਾਮਤੀ ਦੇ ਪੱਖ ਵਿਚ ਆਪਣੀਆਂ ਰਚਨਾਵਾਂ ਨੂੰ ਭਰੋਸੇ ਨਾਲ ਸੇਧਣਾ ਮੇਰਾ ਵਿਸ਼ੇਸ਼ ਮੰਤਵ ਹੈ। ਗੁਲਾਮ ਕੌਮਾਂ ਦੀ ਆਜ਼ਾਦੀ ਦੇ ਹੱਕ ਵਿਚ ਲਗਾਤਾਰ ਆਪਣੀ ਕਲਮ ਦੀ ਨੋਕ ਨੂੰ ਤਿੱਖਾ ਰਖਣਾ ਹੈ ਕਿਉਂਕਿ ਮੇਰਾ ਭਾਈਚਾਰਾ ਆਪਣੇ ਹੀ ਆਜ਼ਾਦ ਭਾਰਤ ਵਿਚ ਇਸ ਦਾ ਨਿਰੰਤਰ ਸ਼ਿਕਾਰ ਹੋ ਰਿਹਾ ਹੈ ਤੇ ਮਾਨਵੀ ਅਧਿਕਾਰਾਂ ਤੋਂ ਵਿਰਵਾ ਹੈ।

**ਸਾਹਿਤਕਾਰ ਵਜੋਂ ਪ੍ਰਤਿਬਧਤਾ :** ਇਕ ਅਦਨੇ ਜਿਹੇ ਸਾਹਿਤਕਾਰ ਵਜੋਂ ਮੈਂ ਉਨ੍ਹਾਂ ਬਾਲਸ਼ਿਵਿਕਾਂ (ਬਹੁਜਨਾਂ ਵਾਸਤੇ ਰੂਸੀ ਸ਼ਬਦ) ਨਾਲ ਖਲੋਂਦਾ ਹਾਂ ਜਿਨ੍ਹਾਂ ਨੂੰ ਸਮਾਜਕ ਸਮਾਨਤਾ, ਮਾਨਵ ਅਧਿਕਾਰਾਂ, ਜ਼ਮੀਨ-ਜਾਇਦਾਦ ਤੇ ਹੋਰ ਕੁਦਰਤੀ ਸਰੋਤਾਂ ਤੋਂ ਵਿਰਵੇ ਰਖਿਆ ਗਿਆ ਹੈ। ਮੇਰੀ ਪ੍ਰਤਿਬਧਤਾ ਜਾਤ-ਰਹਿਤ ਸਮਾਜ ਦੀ ਸਿਰਜਣਾ ਲਈ ਤਰਕਸ਼ੀਲ ਕਾਵਿ ਤੇ ਸਾਹਿਤ ਰਚਨਾ ਕਰਨਾ ਹੈ। ਮੇਰੀ ਪ੍ਰਤਿਬਧਤਾ ਉਨ੍ਹਾਂ ਰਚਨਾਵਾਂ-ਗ੍ਰੰਥਾਂ ਨੂੰ ਆਪਣੀਆਂ ਰਚਨਾਵਾਂ

ਰਾਹੀਂ ਰੱਦ ਕਰਨਾ ਹੈ ਜੋ ਮਨੁੱਖ ਨੂੰ ਮਨੁੱਖ ਵਾਸਤੇ ਗੁਲਾਮ ਬਣਾਉਣ ਦੇ ਮਨਸ਼ੇ ਨਾਲ ਲਿਖੀਆਂ ਗਈਆਂ ਹਨ ਜਾਂ ਜਿਨ੍ਹਾਂ ਦੇ ਸਮਰਥਨ ਵਿਚ ਅਜੇ ਵੀ ਲਿਖਿਆ ਜਾ ਰਿਹਾ ਹੈ ਤੇ ਉਹ ਵੀ ਧਰਮ ਦੀ ਆੜ ਵਿਚ।

ਇਸ ਦ੍ਰਿਸ਼ਟੀ ਤੋਂ ਮੇਰੀ ਸਵੈਜੀਵਨੀ 'ਛਾਂਗਿਆ ਰੁੱਖ' ਜਿਥੇ ਮੂਲ ਨਿਵਾਸੀਆਂ/ਦਲਿਤ ਵਰਗ ਨਾਲ ਹੁੰਦੀਆਂ ਅਮਨੁੱਖੀ ਵਧੀਕੀਆਂ ਤੇ ਕਰੂਰ ਯਥਾਰਥ ਨੂੰ ਪੇਸ਼ ਕਰਦੀ ਹੈ ਉਥੇ ਉਹ ਸਮਾਜਿਕ ਪਰਿਵਰਤਨ ਤੇ ਮਨੁੱਖੀ ਅਧਿਕਾਰਾਂ ਦੀ ਪ੍ਰਾਪਤੀ ਲਈ ਸਮੂਹ ਵਰਗਾਂ ਨੂੰ ਚੇਤਨ ਰੂਪ ਵਿਚ ਯਤਨਸ਼ੀਲ ਹੋਣ ਲਈ ਕੁਝ ਹੱਦ ਤਕ ਪ੍ਰੇਰਦੀ ਹੈ। ਸ਼ਾਇਦ ਏਸੇ ਕਰਕੇ ਇਹ ਕਿਤਾਬ ਕੁਝ ਕੁ ਭਾਰਤੀ ਭਾਸ਼ਾਵਾਂ ਸਮੇਤ ਸ਼ਾਹਮੁਖੀ ਵਿਚ ਤੇ ਅੰਗਰੇਜ਼ੀ ਵਿਚ ਔਕਸਫੋਰਡ ਯੂਨੀਵਰਸਿਟੀ ਪ੍ਰੈਸ ਵਲੋਂ 2010 ਛਾਪੀ ਗਈ ਤੇ ਅਗਲੇ ਸਾਲ ਕਰਾਸਵਰਡ ਅਵਾਰਡ ਵਾਸਤੇ ਨਾਮਜ਼ਦ ਕੀਤੀ ਗਈ ਸੀ। ਮੇਰੀ ਇਹ ਕਿਤਾਬ ਹੰਡਰਡ ਕਲਾਸਿਕ ਬੁਕਸ ਆਫ ਵਰਲਡ ਲਿਟਰੇਚਰ ਵਿਚ ਕੁਝ ਸਾਲ ਰਹੀ ਪਰ ਕੀ ਪੰਜਾਬੀ ਸਾਹਿਤ ਦੇ ਪ੍ਰਤਿਨਿਧ ਅਦਾਰਿਆਂ ਨੇ ਇਸ ਨੂੰ ਜਾਣਬੁਝ ਕੇ ਅਣਗੌਲਿਆ ਨਹੀਂ ਕੀਤਾ? ਭਾਵੇਂ ਕਿ ਇਸ ਦਾ 11ਵਾਂ ਐਡੀਸ਼ਨ ਵੀ ਇਨ੍ਹਾਂ ਦਿਨਾਂ 'ਚ ਆਉਣ ਵਾਲਾ ਹੈ ਤੇ ਸਾਧਾਰਣ ਪਾਠਕਾਂ ਤੋਂ ਲੈ ਕੇ ਹਰ ਵਰਗ ਦੇ ਬੁਧੀਜੀਵੀ ਨੇ ਇਸ ਨੂੰ ਪੜ੍ਹਿਆ ਤੇ ਮੇਰੇ ਨਾਲ ਲੰਮੀਆਂ ਗੱਲਾਂ ਕੀਤੀਆਂ। ਦੂਜੀ ਗੱਲ, ਮੇਰੇ ਲੇਖਣ ਉਤੇ ਆਲੋਚਨਾ ਦੀ ਥਾਂ ਸਾਹਿਤਕ ਲਤੀਫ਼ੇਬਾਜ਼ੀ ਹੋਈ। ਕੀ ਗ਼ੈਰ-ਜ਼ੁੰਮੇਵਾਰ ਤਨਜ਼ਾਂ-ਰਮਜ਼ਾਂ ਨਾਲ ਦਲਿਤ ਸਾਹਿਤ ਦੀ ਵਿਚਾਰਧਾਰਾ ਜਾਂ ਧਾਰਾ ਰੁਕੀ? ਭਾਰਤ ਪੱਧਰ ਉਤੇ ਇਹ ਸਾਹਿਤ ਪ੍ਰਵਾਹ ਥੰਮ੍ਹਣ ਵਾਲਾ ਨਹੀਂ। ਇਸ ਲਈ ਕਿ ਇਹ ਬਹੁਜਨਾਂ/ਬਾਲਸ਼ਿਵਿਕਾਂ ਦਾ ਪ੍ਰਤਿਨਿਧ ਸਾਹਿਤ ਹੈ ਜਿਹੜੇ ਆਪਣੀ ਪਛਾਣ ਤੇ ਮਨੁੱਖੀ ਅਧਿਕਾਰਾਂ ਲਈ ਜੂਝ ਰਹੇ ਹਨ। ਇਕ ਵਾਕ ਵਿਚ ਇਉਂ ਕਿਹਾ ਜਾ ਸਕਦਾ ਹੈ ਕਿ ਇਹ ਫ਼ਾਸ਼ੀਵਾਦ ਵਿਰੁੱਧ ਤਰਕਸ਼ੀਲਤਾ ਦਾ ਤੇਜ਼-ਤਿੱਖਾ ਮਾਧਿਅਮ ਹੈ।

**ਸਮਾਜ ਪ੍ਰਤਿ ਰੋਲ :** ਸਹੀ ਮਾਅਨਿਆਂ ਵਿਚ ਬੁੱਧੀਜੀਵੀ ਤੇ ਸੁਹਿਰਦ ਸਾਹਿਤਕਾਰ ਬਹੁਤ ਵੱਡੀ ਪ੍ਰਤਿਭਾ ਦਾ ਮਾਲਕ ਹੁੰਦਾ ਹੈ। ਇਸ ਕਥਨ ਦੇ ਡੂੰਘੇ ਅਰਥਾਂ ਕਰ ਕੇ ਮੇਰੀ ਤੌਬਾ-ਤੌਬਾ ਪਰ ਮੈਂ ਇਕ ਕਿਣਕੇ ਤੁੱਲ ਰਚਨਾਕਾਰ ਵਜੋਂ ਸਮਾਜ ਪ੍ਰਤਿ ਆਪਣਾ ਰੋਲ ਇਹ ਸਮਝਦਾ ਹਾਂ ਕਿ ਆਪਣੀਆਂ ਰਚਨਾਵਾਂ ਰਾਹੀਂ ਆਮ ਲੋਕਾਂ, ਖ਼ਾਸ ਤੌਰ ਤੇ ਹੱਕ ਵਿਹੂਣੇ ਲੋਕਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤਿ, ਉਨ੍ਹਾਂ ਅੰਦਰ ਅਣਖ ਤੇ ਗੌਰਵ ਦੀ ਭਾਵਨਾ ਪ੍ਰਤਿ ਚੇਤਨ ਕਰਾਂ। ਲੋਕਾਂ ਦੇ ਮਨ ਅੰਦਰ ਲੱਗੀ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ ਤੇ ਅਨੇਕ ਪ੍ਰਕਾਰ ਦੀਆਂ ਰੂੜ੍ਹੀਆਂ, ਰੀਤੀਆਂ-ਕੁਰੀਤੀਆਂ ਦੇ ਜਾਲਿਆਂ ਨੂੰ ਉਤਾਰਨ ਵਿਚ ਇਕ ਪਾਇਦਾਰ ਭੂਮਿਕਾ ਨਿਭਾਵਾਂ। ਦੇਸ਼-ਵਿਦੇਸ਼ ਦੇ ਸਾਹਿਤਕਾਰ ਜੋ ਸਮਾਜਕ ਬਿਹਤਰੀ, ਲੋਕਾਂ ਦੇ ਵੱਧ ਅਧਿਕਾਰਾਂ ਤੇ ਆਜ਼ਾਦੀ ਲਈ ਨਿਰੰਤਰ ਜੂਝਦੇ ਰਹੇ ਹਨ ਤੇ ਅੱਜ ਵੀ ਅਨੇਕ ਸਾਹਿਤਕਾਰ ਇਸ ਦਿਸ਼ਾ ਵਿਚ ਸੰਘਰਸ਼ਸ਼ੀਲ ਹਨ, ਵਾਂਗ ਕੁਝ ਕਰਦੇ ਰਹਿਣ ਲਈ ਯਤਨਸ਼ੀਲ ਰਹਾਂ। ਆਪਣੀ ਬੁੱਧੀ ਤੇ ਸਮਰਥਾ ਨਾਲ ਹੋਰ ਵਧੇਰੇ ਕੁਝ ਕਰ ਗੁਜ਼ਰਾਂ, ਇਹ ਮੇਰੀ ਦਿਲੀ ਤਾਂਘ ਹੈ।

ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਤਰਕਵਾਦੀ ਵਿਚਾਰਾਂ ਵਾਲਾ ਸਾਹਿਤ ਹਥਿਆਰਾਂ ਨੂੰ ਖੁੰਢਾ ਕਰਨ ਦੇ ਸਮਰਥ ਹੁੰਦਾ ਹੈ। ਸੰਸਾਰ ਅਮਨ, ਜਾਤੀ-ਹੀਣ ਤੇ ਰੰਗ, ਨਸਲ ਕਾਰਨ ਵਿਤਕਰੇਬਾਜ਼ੀ ਰਹਿਤ ਸਮਾਜ ਦੀ ਉਸਾਰੀ ਵਿਚ ਕਲਮ ਦਾ ਰੋਲ ਅਤਿ ਸਾਰਥਕ ਸਾਬਤ ਹੋ ਚੁੱਕਾ ਹੈ। ਸਾਹਿਤ-ਰਚਨਾਵਾਂ ਵਿਸ਼ਵ ਲੋਕ ਰਾਇ ਬਣਾਉਣ ਦੇ ਸਮਰਥ ਹੁੰਦੀਆਂ ਹਨ ਅਤੇ ਜੀਵਨ ਦੇ ਅਨੇਕ ਮਸਲਿਆਂ ਨੂੰ ਨਵਾਂ ਮੋੜ ਦਿੰਦੀਆਂ ਹਨ। ਜੀਵਨ ਤੇ ਇਨਸਾਨੀ ਕਦਰਾਂ-ਕੀਮਤਾਂ ਪ੍ਰਤਿ ਕਲਮ ਦਾ ਰੋਲ ਬਹੁਤ ਵਿਆਪਕ ਹੈ। ਸਾਹਿਤ ਨੇ ਸੰਸਾਰ ਬਦਲਿਆ ਹੈ। ਉਤਲੀ ਹੇਠਾਂ ਤੇ ਹੇਠਲੀ ਲੋਕਾਈ ਉਤੇ ਇਸ ਸਦਕੇ ਸੰਭਵ ਹੋਈ ਹੈ। ਵਿਸ਼ਵ ਭਰ ਵਿਚ ਹੋਈਆਂ ਸਮਾਜਿਕ ਤੇ ਰਾਜਨੀਤਕ ਤਬਦੀਲੀਆਂ ਸਭਨਾਂ ਦੇ ਸਾਹਮਣੇ ਹਨ, ਤਾਂ ਹੀ ਹੁਣ ਉਨ੍ਹਾਂ ਦੀਆਂ ਸ਼ਤਾਬਦੀਆਂ ਮਨਾਈਆਂ ਜਾ ਰਹੀਆਂ ਹਨ।

**ਇਕ ਵਿਅਕਤੀ ਵਜੋਂ... :** ਇਕ ਵਿਅਕਤੀ ਵਜੋਂ ਮੇਰਾ ਰੋਲ ਆਪ ਚੇਤਨ ਹੋਣ ਤੇ ਦੂਜਿਆਂ ਨੂੰ ਆਪਣੀ ਵਿਤ ਮੂਜਬ ਚੇਤਨ ਕਰਨਾ ਹੈ। ਸਹੀ ਦਿਸ਼ਾ ਵਿਚ ਪੁਲਾਂਘਾਂ ਪੁੱਟਣੀਆਂ ਹਨ ਤੇ ਹੋਰਾਂ ਨੂੰ ਨਾਲ ਨਾਲ ਤੋਰਨਾ ਤੇ ਅਗਾਂਹ ਵਧੂ ਲੋਕਾਂ ਸੰਗ ਤੁਰਨਾ ਹੈ ਜੋ ਆਪਣੀ ਜਾਨ ਜੋਖ਼ਮ ਵਿਚ ਪਾ ਕੇ ਲੋਕ-ਹਿਤ ਖਾਤਰ ਲਗਾਤਾਰ ਜੂਝਦੇ ਹਨ। ਭ੍ਰਿਸ਼ਟਾਚਾਰ, ਅਨਿਆਂ, ਅਸਮਾਨਤਾ ਵਿਰੁੱਧ ਆਪਣੇ ਵਿਚਾਰਾਂ ਨੂੰ ਸਮਾਜ ਦੇ ਅਨਪੜ੍ਹ ਲੋਕਾਂ ਤਕ ਪਸਾਰਨਾ ਹੈ ਜੋ ਸਮਾਜਿਕ ਪਰਿਵਰਤਨਾਂ ਤੇ ਸਮਾਜਿਕ ਕ੍ਰਾਂਤੀਆਂ ਦੇ ਸਿਰਜਕ ਹੁੰਦੇ ਹਨ।

ਇਹ ਹੋਰ ਗੱਲ ਸਾਂਝੀ ਕਰਨੀ ਦਰੁਸਤ ਹੋਵੇਗੀ ਕਿ ਮੇਰੀ ਕਵਿਤਾ, ਮੇਰੀ ਪੱਤਰਕਾਰੀ ਜਾਂ ਮੂਲ ਨਿਵਾਸੀ ਪਛਾਣ-ਪੱਖੀ ਰਚਨਾਕਾਰੀ ਮੇਰੀ ਸਮਾਜਿਕ ਜ਼ਿੰਮੇਵਾਰੀ ਵਾਲੀ ਹੈ। ਦੂਜੀ ਹਕੀਕਤ, 30 ਅਨੁਵਾਦਤ ਪੁਸਤਕਾਂ ਲੋਕ-ਮੁਖੀ, ਦਬੇ-ਕੁਚਲੇ ਲੋਕਾਂ ਤੇ ਤਰਕਵਾਦੀ ਵਿਚਾਰਧਾਰਾ ਸਦਕਾ ਸਰਵਹਾਰਾ ਲੋਕਾਂ ਨੂੰ ਸੰਘਰਸ਼ਸ਼ੀਲ ਰਹਿਣ ਲਈ ਪ੍ਰੇਰਨਾ ਦਾ ਸਬੱਬ ਹਨ ਜਿਵੇਂ, ਲੂ ਸ਼ੂਨ ਦੀਆਂ ਚੋਣਵੀਆਂ ਕਹਾਣੀਆਂ, ਚੋਣਵੀਆਂ ਅਫ਼ਰੀਕੀ ਕਹਾਣੀਆਂ, ਮਿੱਟੀ ਬੋਲਦੀ ਹੈ ਤੇ ਹੋਰ ਕ੍ਰਾਂਤੀਕਾਰੀ ਸਾਹਿਤ। ਇਹ ਸਿਲਸਿਲਾ ਬਿਨਾਂ ਕਿਸੇ ਵਿਘਨ ਦੇ ਮੇਰੀ ਸਮਰਥਾ ਅਨੁਸਾਰ ਜਾਰੀ ਹੈ।

*ਕਹਾਣੀ*

# ਪ੍ਰਸ਼ਨ ਚਿੰਨ੍ਹ

ਸਰਵਣ ਮਿਨਹਾਸ

ਸਿਆਲ ਦੀ ਠਰੀ ਹੋਈ ਚਾਨਣੀ ਰਾਤ ਦਾ ਪਤਾ ਨਹੀਂ ਕਿਹੜਾ ਪਹਿਰ ਸੀ...

ਠੰਢ ਤੇ ਵਕਤ ਤੋਂ ਬੇਖ਼ਬਰ ਜੀਤ ਆਪਣੇ ਘਰ ਦੀ ਛੱਤ ਦੇ ਬਨੇਰੇ ਕੋਲ ਨਾ ਜਾਣੇ ਕਦ ਦਾ ਖੜਾ ਸੀ। ਰਹਿ ਰਹਿ ਕੇ ਉਹਦੀ ਪਤਨੀ ਦੇ ਬੋਲ ਉਹਦੇ ਕੰਨਾ 'ਚ ਗੂੰਜ ਰਹੇ ਸੀ, ''ਜੀਤ, ਮੈਂ ਘਰ ਵਾਪਿਸ ਆਉਣਾ ਚਾਹੁਣੀ ਆਂ।'' ਜੀਤ ਨੇ ਬੱਸ ਏਨਾ ਸੁਣ ਕੇ ਫੋਨ ਰੱਖ ਦਿੱਤਾ ਸੀ। ਫੋਨ ਫਿਰ ਵੀ ਖੜਕਦਾ ਰਿਹਾ। ਹਾਰ ਕੇ ਉਹਨੇ ਦੁਬਾਰਾ ਫੋਨ ਚੁੱਕ ਲਿਆ ਸੀ, ਇਹ ਸੋਚ ਕੇ ਕਿਸੇ ਹੋਰ ਦਾ ਹੀ ਨਾ ਹੋਵੇ। ਫੋਨ ਉਹਦੀ ਪਤਨੀ ਬਲਬੀਰ ਦਾ ਹੀ ਸੀ। ਜਦੋਂ ਉਹਨੇ ਮੁੜ ਕੇ ਉਹੋ ਬੋਲ ਦੋਹਰਾਏ, ''ਮੈਂ ਆਉਣਾ ਚਾਹੁਣੀ ਆਂ'' ਤਾਂ ਜੀਤ ਨੇਕਿਹਾ ''ਨਹੀਂ'' ਤੇ ਫੋਨ ਕੱਟ ਦਿੱਤਾ ਸੀ।

ਉਹਦੀ ਪਤਨੀ ਦੇ ਫੋਨ ਨੇ ਉਹਨੂੰ ਏਨਾ ਬੇਚੈਨ ਕਰ ਦਿੱਤਾ ਜਿੰਨਾ ਸ਼ਾਇਦ ਉਹ ਉਦੋਂ ਵੀ ਨਹੀਂ ਸੀ ਹੋਇਆ ਜਦੋਂ ਬਲਬੀਰ ਉਸਨੂੰ ਛੱਡ ਕੇ ਚਲੀ ਗਈ ਸੀ। ਘਰ 'ਚ ਉਹ ਜਮਾਂ ਇਕੱਲਾ ਸੀ। ਖਾਣਾ ਜਿਹੜਾ ਕੁੱਕ ਆਥਣੇ ਬਣਾ ਕੇ ਗਿਆ, ਉਹਨੇ ਖਾਧਾ ਨਹੀਂ।

ਬੈਠਾ ਆਪਣੇ ਜੀਵਨ ਬਾਰੇ, ਅਤੀਤ ਬਾਰੇ, ਸੋਚਦਾ ਰਿਹਾ।

ਉਹ ਹੈਰਾਨ ਸੀ ਕਿ ਬਲਬੀਰ ਵਾਪਸ ਆਉਣ ਲਈ ਉਹਨੂੰ ਕਹਿ ਹੀ ਕਿਵੇਂ ਸਕਦੀ ਐ। ਕਿਸ ਮੂੰਹ ਨਾਲ? ਦੋ ਸਾਲ ਹੋ ਗਏ ਜਦੋਂ ਉਹ ਗਈ, ਨਾ ਮੁੜ ਕੇ ਮਿਲੇ, ਨਾ ਕੋਈ ਉਹਦੇ ਨਾਲ ਸੰਪਰਕ ਹੀ ਰਿਹਾ। ਜਿਸ ਤਰ੍ਹਾਂ ਰਿਸ਼ਤੇ ਨੂੰ ਦਰੜ ਕੇ, ਉਹਨੂੰ ਤੜਫਾ ਕੇ ਕਿਸੇ ਹੋਰ ਨਾਲ ਉਹ ਚਲੀ ਗਈ ਸੀ, ਕੋਈ ਸਬੱਬ ਜਾਂ ਮਤਲਬ ਹੀ ਨਹੀਂ ਸੀ ਉਹਦੇ ਨਾਲ ਤਅੱਲਕ ਰੱਖਣ ਦਾ।

ਜੀਤ ਕੁਰਸੀ 'ਤੇ ਬੈਠਾ ਰਿਹਾ। ਹੌਲੀ-ਹੌਲੀ ਹਰਖ ਦੀ ਜਿਹੜੀ ਲਹਿਰ ਉਹਦੇ ਮਨ 'ਚ ਉੱਠੀ ਸੀ, ਉਹ ਮੱਠੀ ਪੈਂਦੀ ਗਈ, ਪਰ ਉਹਦਾ ਜੀ ਬੜਾ ਉਦਾਸ ਹੋ ਗਿਆ। ਪਤਾ ਨਹੀਂ ਕਦੋਂ ਉਹ ਪੌੜੀਆਂ ਚੜ੍ਹ ਕੇ ਕੋਠੇ 'ਤੇ ਆ ਗਿਆ। ਜਿਵੇਂ ਉਹਦੀ ਆਦਤ ਸੀ, ਕਿੰਨਾ ਚਿਰ ਉਹ ਚੰਨ ਤਾਰਿਆਂ ਨੂੰ ਨਿਹਾਰਦਾ ਰਿਹਾ, ਸੋਚਦਾ ਰਿਹਾ...

ਜੀਤ ਪ੍ਰੋਫੈਸਰ ਸੀ। ਅੰਗਰੇਜ਼ੀ ਸਾਹਿਤ 'ਚ ਉਹਨੇ ਡਾਕਟਰੇਟ ਕੀਤੀ ਹੋਈ ਸੀ। ਸਾਹਿਤ ਪੜ੍ਹਦੇ-ਪੜ੍ਹਾਉਂਦੇ, ਉਹ ਹੌਲੇ-ਹੌਲੇ ਸਾਹਿਤ ਜਿਉਂਣ ਵੀ ਲੱਗ ਗਿਆ ਸੀ। ਚੈਖਵ, ਦੋਸਤੋਵਸਕੀ, ਕਾਫਕਾ, ਕੈਮਯੂ, ਟੈਗੋਰ, ਸ਼ਰਤ ਤੇ ਨਾ ਜਾਣੇ ਹੋਰ ਕੌਣ ਕੌਣ ਉਹਦੇ ਅੰਗ-ਸੰਗ ਰਹਿੰਦੇ। ਹਰ ਦੁਸ਼ਕਰਮ ਤੇ ਦੁਸ਼ਭਾਵਨਾ ਤੋਂ ਉਹਨੂੰ ਰੋਕ ਦਿੰਦੇ। ਇਹੋ ਜਿਹਾ ਹੋ ਗਿਆ ਸੀ ਉਹਦਾ ਸੁਭਾਅ ਕਿ ਕਿਸੇ ਦੀ ਚੁਗਲੀ-ਨਿੰਦਿਆ ਕਰਨੀ-ਸੁਣਨੀ ਜਾਂ ਕਿਸੇ ਬਾਰੇ ਮੰਦਾ ਸੋਚਣਾ ਉਹਨੂੰ ਲੱਗਦਾ ਜਿਵੇਂ ਉਹ ਖੁਦ ਮੈਲਾ ਹੋ ਜਾਏਗਾ।

ਤਿੰਨ ਵਰ੍ਹੇ ਪਹਿਲਾਂ, ਜਦੋਂ ਉਹਦਾ ਵਿਆਹ ਹੋਏ ਨੂੰ ਕੁਝ ਮਹੀਨੇ ਹੀ ਹੋਏ ਸੀ, ਉਹਦਾ ਇਕ ਬੜਾ ਪੁਰਾਣਾ ਮਿੱਤਰ ਤਬਦੀਲ ਹੋ ਕੇ ਉਸੇ ਸ਼ਹਿਰ ਆ ਗਿਆ। ਇਕ ਦਿਨ ਜੀਤ ਨੂੰ ਆਥਣੇ ਮਿਲਣ ਆ ਗਿਆ। ਚਿਰ ਹੋਇਆ ਸੀ ਉਹਨੂੰ ਮਿਲਿਆਂ, ਜੀਤ ਨੇ ਬੜਾ ਚਾਅ ਕੀਤਾ। ਜੀਤ ਪੀਂਦਾ ਨਹੀਂ ਸੀ, ਫਿਰ ਵੀ ਉਹਨੂੰ ਡਰਿੰਕ ਲਈ ਪੁੱਛਿਆ। ਇਕ ਅੱਧਾ ਪੈਗ ਆਪ ਵੀ ਲੈ ਲਿਆ। ''ਵਿਆਹ ਕਰਵਾਇਆ ਬਲਦੇਵ ਕਿ ਨਹੀਂ, ਰਹਿ ਕਿਥੇ ਰਿਹਾਂ,'' ਡਿੰਨਰ ਲੈਂਦਿਆਂ ਜੀਤ ਨੇ ਪੁੱਛਿਆ। ''ਨਹੀਂ ਕਰਾਇਆ, ਫਿਲਹਾਲ ਤਾਂ ਬਚਿਆ ਹੋਇਆਂ,'' ਉਹਨੇ ਹੱਸ ਕੇ ਕਿਹਾ, ''ਅਜੇ ਰੈਸਟ ਹਾਊਸ 'ਚ ਹੀ ਹਾਂ। ਲੱਭ ਰਿਹਾਂ ਕੋਈ ਸੁਟੇਬਲ ਅਕਾਮੋਡੇਸ਼ਨ। ਏਥੇ ਤੁਹਾਡੀ ਲੋਕੈਲਿਟੀ 'ਚ ਕੋਈ ਹੈ ਤਾਂ ਦੱਸੋ।'' ''ਸਮਾਨ ਚੱਕ ਤੇ ਉਪਰ ਆ ਜਾ। ਬੈੱਡ ਹੈਗਾ, ਥੋੜ੍ਹਾ ਫਰਨੀਚਰ ਖਰੀਦ ਲਾਂਗੇ। ਪਰਸ਼ਾਦੇ ਲੰਗਰ 'ਚੋਂ ਛਕੀ ਜਾਈਂ।'' ਉਹ ਹੱਸ ਪਿਆ, ''ਦੇਖਦਾਂ।'' ਘਰ ਵੱਲ ਝਾਤ ਮਾਰਕੇ ਕਹਿੰਦਾ, ''ਸ਼ਹਿਰ 'ਚ ਏਡੀ ਕੋਠੀ ਪਾ ਲਈ ਬਾਈ, ਮੱਲ ਮਾਰ ਲਈ।'' ''ਜ਼ਮੀਨ ਭਾਈਆਂ ਕੋਲ ਐ, ਕੁਸ਼ ਉਹਨਾਂ ਮੱਦਤ ਕਰ ਦਿੱਤੀ, ਕੁਸ਼ ਲੋਨ ਲੈ ਲਿਆ। ਕਰ ਕਰਾ ਕੇ ਸਰ ਗਿਆ,'' ਜੀਤ ਨੇ ਕਿਹਾ।

ਖਾਣਾ ਖਾ ਕੇ ਬਲਦੇਵ ਚਲਿਆ ਗਿਆ। ਬਾਦ ਵਿੱਚ ਬਲਬੀਰ ਜੀਤ ਨੂੰ ਕਹਿੰਦੀ ,''ਇਹ ਤੁਸੀਂ ਕੀ ਪੁਆੜਾ ਪਾਉਣ ਲੱਗੇ ਓ।'' ''ਦੋਸਤ ਐ ਮੇਰਾ, ਕਹਿ ਦਿੱਤਾ ਤਾਂ ਕੀ ਹੋ ਗਿਆ। ਊਂ ਲਗਦੈ ਉਹਨੇ ਆਉਣਾ ਨਹੀਂ।'' ''ਤੁਸੀਂ ਖਾਣੇ ਦਾ ਵੀ ਕਹੀ ਜਾਂਦੇ ਸੀ।'' ''ਉਹ ਨਿਆਣਾ ਥੋੜ੍ਹੇ ਐ ਆਪੇ ਆਪਣਾ ਇੰਤਜ਼ਾਮ ਕਰ ਲਊ। ਜੇ ਖਾ ਵੀ ਲਊ ਤਾਂ ਵੀ ਕੀ ਐ।'' ਜੀਤ ਬਹਿਸ ਨਹੀਂ

ਕਰਦਾ, ਇਹ ਉਹਦੀ ਪਤਨੀ ਜਾਣਦੀ ਸੀ। ਇਸ ਲਈ ਉਹਨੇ ਗੱਲ ਹੋਰ ਨਹੀਂ ਵਧਾਈ।

ਬਲਦੇਵ ਜਾਣ ਲੱਗਾ ਉਹਦੇ ਕੋਲੋਂ ਮੋਬਾਈਲ ਦਾ ਨੰਬਰ ਲੈ ਗਿਆ ਸੀ। ਇਕ ਦਿਨ, ਕੋਈ ਹਫਤਾ ਹੋ ਗਿਆ ਹੋਊ, ਬਲਦੇਵ ਦਾ ਜੀਤ ਨੂੰ ਫੋਨ ਆਇਆ, "ਜੀਤ, ਯਾਰ ਮੈਂ ਥੱਕ ਗਿਆਂ ਘਰ ਲੱਭ ਲੱਭ ਕੇ – ਕੋਈ ਸੁਟੇਬਲ ਮਿਲ ਹੀ ਨਹੀਂ ਰਿਹਾ।" "ਤੈਨੂੰ ਕਿਹਾ ਸੀ ਸਾਡੇ ਆ ਜਾ। 'ਰਾਮ ਨਾਲ ਲੱਭ ਲਈਂ।" "ਠੀਕ ਐ ਇਉਂ ਹੀ ਕਰਦਾਂ। ਉਪਰ ਸਾਫ-ਸੁਫ ਕਰਾਉਣ ਵਾਲਾ ਤਾਂ ਨਹੀਂ?" "ਸਾਫ ਵੀ ਹੋ ਜਾਊ, ਕੱਲ੍ਹ ਸ਼ਾਮ ਨੂੰ ਚੱਕ ਲਿਆਈਂ ਸਮਾਨ।" "ਓ ਕੇ," ਬਲਦੇਵ ਨੇ ਕਿਹਾ ਤੇ ਫੋਨ ਬੰਦ ਕਰ ਦਿੱਤਾ।

ਬਲਦੇਵ ਅਗਲੀ ਸ਼ਾਮ ਪੋਲੋ 'ਤੇ ਸਮਾਨ ਧਰ ਕੇ ਲੈ ਆਇਆ। ਕੋਈ ਖਾਸ ਸਮਾਨ ਨਹੀਂ ਸੀ: ਵੱਡਾ ਸਾਰਾ ਅਟੈਚੀ ਸੀ, ਪੁਰਾਣੀ ਕਿਸਮ ਦਾ ਬਿਸਤਰਾ-ਬੰਨ ਸੀ, ਤੇ ਹੈਂਡਬੈਗ। ਜੀਤ ਦੀ ਮਦਦ ਨਾਲ ਬਲਦੇਵ ਸਮਾਨ ਉਪਰ ਲੈ ਗਿਆ। ਉਪਰ ਇਕ ਕਮਰਾ ਵੱਡਾ ਸੀ, ਇਕ ਛੋਟਾ। ਨਾਲ ਕਿਚਨ ਸੀ ਤੇ ਵਾਸ਼ਰੂਮ। ਸਾਫ-ਸੁਥਰਾ ਸੈੱਟ ਦੇਖ ਕੇ ਬਲਦੇਵ ਕਹਿੰਦਾ, "ਮੇਰੇ ਲਈ ਪਰਫੈਕਟ ਐ ਜੀਤ, ਥੈਂਕਸ।" "ਅੱਛਾ," ਜੀਤ ਨੇ ਹੱਸ ਕੇ ਕਿਹਾ, "ਹੇਠਾਂ ਆ ਜੀਂ ਡਿਨਰ ਲਈ।" "ਬੱਸ ਆਇਆ ਚੇਂਜ ਕਰ ਕੇ।"

ਉਸ ਸ਼ਾਮ ਸਭ ਨੇ ਰਲ ਕੇ ਡਿਨਰ ਕੀਤਾ। ਬਲਦੇਵ ਖੁਸ਼-ਮਿਜ਼ਾਜ ਸੀ। ਮਜ਼ਾਕ ਕਰਦਾ, ਖੁੱਲ ਕੇ ਹੱਸਦਾ। ਉਸ ਸ਼ਾਮ ਹੀ ਘਰ 'ਚ ਰੌਣਕ ਜਿਹੀ ਹੋ ਗਈ। ਬਲਬੀਰ ਦੇ ਮਨ 'ਚ ਉਹਦੇ ਆਉਣ ਦੀ ਜਿਹੜੀ ਥੋੜ੍ਹੀ ਰੰਜਿਸ਼ ਸੀ, ਉਹ ਕਾਫੀ ਹਦ ਤੱਕ ਮਿਟ ਗਈ।

ਦੋ ਇਕ ਦਿਨ ਬਲਦੇਵ ਉਥੇ ਬਰੈਕਫਾਸਟ ਵੀ ਲੈਂਦਾ ਰਿਹਾ, ਡਿਨਰ ਵੀ। ਪਰ ਜਲਦੀ ਹੀ ਓਹਨੇ ਬਰੈਕਫਾਸਟ ਦਾ ਇੰਤਜ਼ਾਮ ਕਰ ਲਿਆ। ਸ਼ਾਮ ਨੂੰ ਜੇ ਕਦੇ ਦਫਤਰੋਂ ਲੇਟ ਹੋ ਜਾਂਦਾ, ਖਾਣਾ ਖਾ ਕੇ ਆਉਂਦਾ। ਕਈ ਵਾਰ ਉਪਰ ਆਪ ਹੀ ਕੁਝ ਕਰ ਕੁਰ ਲੈਂਦਾ। ਤੇ ਕਈ ਵਾਰ ਜੀਤ ਤੇ ਬਲਬੀਰ ਨਾਲ ਬੈਠਾ ਗੱਪਾਂ ਮਾਰਦਾ, ਉਹਨਾਂ ਨਾਲ ਡਿਨਰ ਵੀ ਕਰ ਲੈਂਦਾ। ਜੀਤ ਨੇ, ਬਾਅਦ ਵਿੱਚ ਬਲਬੀਰ ਨੇ ਵੀ, ਕਈ ਵਾਰ ਉਹਨੂੰ ਕਿਹਾ 'ਕੋਈ ਫਰਕ ਨੀਂ ਪੈਂਦਾ, ਏਥੇ ਹੀ ਜੋ ਬਣਦੈ ਖਾ ਲਿਆ ਕਰ', ਪਰ ਉਹ ਟਾਲ ਗਿਆ। ਹਾਂ,ਜਦੋਂ ਘਰ 'ਚ ਕੋਈ ਖਾਸ ਡਿਸ਼ ਬਣਦੀ ਤਾਂ ਬਲਬੀਰ ਦੇ ਕਹਿਣ 'ਤੇ ਜੀਤ ਉਹਨੂੰ ਬੁਲਾ ਲਿਆਉਂਦਾ ਜਾਂ ਉਪਰ ਫੜਾ ਆਉਂਦਾ। ਥੋੜ੍ਹੇ ਦਿਨਾਂ 'ਚ ਹੀ ਬਲਦੇਵ ਉਥੇ ਰਚ-ਮਿਚ ਗਿਆ। ਬੇਤਕੱਲਫੀ ਨਾਲ ਜਦੋਂ ਜੀ ਕਰਦਾ ਹੇਠਾਂ ਆ ਜਾਂਦਾ। ਕਈ ਵਾਰ ਜੀਤ ਨਹੀਂ ਵੀ ਹੁੰਦਾ ਤਾਂ ਵੀ ਅੰਦਰ ਲੰਘ ਆਉਂਦਾ, ਬੈਠਾ ਬਲਬੀਰ ਨਾਲ ਗੱਲਾਂ ਮਾਰਦਾ ਰਹਿੰਦਾ। ਕਦੇ ਦੋਨੋਂ ਬੈਠੇ ਵਿਆਹ ਵਾਲੀ ਵੀਡੀਓ ਦੇਖਣ ਲੱਗ ਜਾਂਦੇ ਜਾਂ ਐਲਬਮ ਦੇਖ-ਦੇਖ ਹੱਸਦੇ ਰਹਿੰਦੇ। ਇਕ ਅੱਧ ਵਾਰ ਤਾਂ ਬਲਬੀਰ ਇਹ ਵੀ ਭੁੱਲ ਗਈ ਕਿ ਜੀਤ ਬਾਹਰੋਂ ਆਇਐ, ਉਹਨੂੰ ਚਾਹ-ਪਾਣੀ ਪੁੱਛਣੈ।

ਖੈਰ, ਬਲਦੇਵ ਨੂੰ ਆਇਆਂ ਹੁਣ ਕਈ ਮਹੀਨੇ ਹੋ ਗਏ ਸੀ। ਜ਼ਿੰਦਗੀ ਆਪਣੀ ਰੁਟੀਨ ਚਾਲੇ ਤੁਰੀ ਜਾ ਰਹੀ ਸੀ। ਜੀਤ ਨੇ ਸਵੇਰੇ ਕਲਾਸ ਲੈਣੀ ਹੁੰਦੀ ਸੀ, ਉਹ ਚਲਿਆ ਜਾਂਦਾ। ਅਕਸਰ ਦੁਪਹਿਰ ਬਾਦ ਮੁੜਦਾ। ਜੇ ਵਿਭਾਗ 'ਚ ਸੈਮੀਨਾਰ ਹੁੰਦਾ, ਕਿਸੇ ਵਿਦਿਆਰਥੀ ਨੂੰ ਵਕਤ ਦਿੱਤਾ ਹੁੰਦਾ ਜਾਂ ਲਾਇਬਰੇਰੀ ਜਾਣਾ ਹੁੰਦਾ ਤਾਂ ਲੇਟ ਹੋ ਜਾਂਦਾ। ਘਰੇ ਉਹਦੇ ਕੋਲ ਕਿਤਾਬਾਂ ਦੀ ਘਾਟ ਨਹੀਂ ਸੀ। ਇੰਟਰਨੈਟ ਕੁਨੈਕਸ਼ਨ ਵੀ ਸੀ। ਆਪਣੀ ਸਟੱਡੀ 'ਚ ਬੈਠਾ ਪੜ੍ਹਦਾ-ਲਿਖਦਾ ਰਹਿੰਦਾ। ਬਲਬੀਰ ਘਰੇ ਰਹਿੰਦੀ। ਉਹ ਪੜ੍ਹੀ ਲਿਖੀ ਸੀ, ਪਰ ਜੀਤ ਨੇ ਕਿਹਾ 'ਛੱਡ ਕੀ ਕਰਨੀ ਐਂ ਨੌਕਰੀ। ਬਥੇਰੇ ਪੈਸੇ ਮਿਲ ਜਾਂਦੇ ਨੇ'। ਬਲਬੀਰ ਸਿਰਫ ਕੁਕਿੰਗ ਕਰਦੀ ਜਾਂ ਟੈਲੀਵਿਜ਼ਨ ਦੇਖਦੀ ਰਹਿੰਦੀ। ਬਾਕੀ ਕੰਮ ਤਾਂ ਸਾਰਾ ਮਾਈ ਕਰ ਜਾਂਦੀ ਸੀ, ਹੇਠਾਂ ਵੀ ਉਪਰ ਵੀ। ਬਲਦੇਵ ਅਫਸਰ ਸੀ। ਉਹ ਵੀ ਸਵੇਰੇ ਨਿਕਲ ਜਾਂਦਾ। ਜੇ ਸਿੱਧਾ ਘਰ ਆਉਣਾ ਹੋਵੇ, ਤਕਰੀਬਨ ਚਾਰ ਸਾਢੇ ਚਾਰ ਵਜੇ ਆ ਜਾਂਦਾ। ਹੇਠਾਂ ਜੀਤ ਜਾਂ ਬਲਬੀਰ ਦਾ ਉਹਦੇ ਗੋਚਰਾ ਕੋਈ ਕੰਮ ਹੁੰਦਾ, ਉਹ ਕਰ-ਕਰਵਾ ਦਿੰਦਾ। ਜੀਤ ਉਹਦੇ ਕੋਲੋਂ ਕਿਰਾਇਆ ਨਹੀਂ ਸੀ ਲੈਂਦਾ। ਇਸ ਲਈ ਜਾਣ ਕੇ ਬਿਜਲੀ-ਪਾਣੀ ਤੇ ਟੈਲੀਫੋਨ ਦੇ ਬਿਲ ਭਰਨਾ ਜਾਂ ਹੋਰ ਇਹੋ ਜਿਹੇ ਕੰਮ ਉਹਨੇ ਆਪਣੇ ਜਿੰਮੇ ਲਏ ਹੋਏ ਸੀ। ਜਦੋਂ ਕਦੇ ਆਪਣੇ ਪਿੰਡ ਜਾਂਦਾ ਵਾਪਸੀ 'ਚ ਘਿਓ, ਗੁੜ-ਸ਼ੱਕਰ, ਪਿੰਨੀਆਂ ਚੁੱਕੀ ਆਉਂਦਾ। ਆ ਕੇ ਬਲਬੀਰ ਮੂਹਰੇ ਰੱਖ ਦਿੰਦਾ। ਉਹ ਕਹਿੰਦੀ, "ਆਹ ਪਿੰਨੀਆਂ ਤਾਂ ਰੱਖ ਲਓ।" "ਬੇ ਜੀ ਨੇ ਮੇਰੇ ਲਈ ਅੱਡ ਪਾਤੀਆਂ ਸੀ," ਉਹ ਅੱਗੋਂ ਕਹਿੰਦਾ।

ਇਸ ਰੁਟੀਨ 'ਚ ਥੋੜ੍ਹਾ ਵਿਘਨ ਉਦੋਂ ਪਿਆ ਜਦੋਂ ਇਕ ਵਾਰ ਬਲਦੇਵ ਢਿੱਲਾ ਹੋ ਗਿਆ। ਤੇਜ਼ ਬੁਖਾਰ ਚੜ੍ਹ ਗਿਆ ਸੀ ਉਹਨੂੰ ਤੇ ਕਿੰਨੇ ਦਿਨ ਹਟਿਆ ਨਹੀਂ। ਬਲਦੇਵ ਦਾ ਪੀਅਨ ਗੇੜਾ ਮਾਰ ਜਾਂਦਾ ਸੀ, ਜੀਤ ਵੀ ਸੀ, ਪਰ ਬਹੁਤੀ ਤੀਮਾਰਦਾਰੀ ਤਾਂ ਬਲਬੀਰ ਨੂੰ ਹੀ ਕਰਨੀ ਪਈ।

ਬਲਦੇਵ ਦੇ ਬੁਖਾਰ ਚੜ੍ਹਨ ਦੇ ਕੁਝ ਹਫਤੇ ਬਾਦ ਦੀ ਗੱਲ ਐ। ਜੀਤ ਜਲਦੀ ਘਰ ਆ ਗਿਆ ਸੀ। ਬਲਬੀਰ ਨੂੰ ਉਹਨੇ ਇਕ ਖੁਸ਼ੀ ਦੀ ਖਬਰ ਸੁਣਾਉਣੀ ਸੀ। ਬਲਬੀਰ ਤੇ ਬਲਦੇਵ ਬੈਠੇ ਚਾਹ ਪੀ ਰਹੇ ਸੀ। ਜੀਤ ਥੋੜ੍ਹਾ ਹੈਰਾਨ ਹੋਇਆ, "ਤੂੰ ਆਫਿਸ ਨਹੀਂ ਗਿਆ?" "ਗਿਆ ਸੀ, ਕੁਝ ਫਾਈਲਾਂ ਦੇਖਣੀਆਂ ਸੀ, ਸੋਚਿਆ ਘਰੇ ਹੀ ਦੇਖ ਲਊਂਗਾ। ਚਾਹ ਬਣਾਉਣ ਲੱਗਾ, ਪੱਤੀ ਮੁੱਕੀ ਹੋਈ ਸੀ," ਬਲਦੇਵ ਨੇ ਕੁਝ ਇਉਂ ਕਿਹਾ ਕਿ ਜੀਤ ਕੁਝ ਪਲ ਉਹਦੇ ਵੱਲ ਦੇਖਦਾ ਰਿਹਾ। "ਹੂੰ" ਬੱਸ ਉਹਨੇ ਏਨਾ ਹੀ ਕਿਹਾ। ਬਲਬੀਰ ਚੁੱਪ ਰਹੀ। ਫਿਰ ਜੀਤ ਨੂੰ ਪੁੱਛਦੀ, "ਚਾਹ ਬਣਾਵਾਂ?" "ਪੀ ਲੈਣਾ," ਜੀਤ ਨੇ ਕਿਹਾ। "ਨਾਲ ਕੁਸ਼ ?" "ਨਹੀਂ," ਜੀਤ ਨੇ ਕਿਹਾ। ਚਾਹ ਪੀ ਕੇ ਬਲਦੇਵ ਚਲਿਆ ਗਿਆ। ਬਲਬੀਰ ਜੀਤ ਨੂੰ ਚਾਹ ਫੜਾ ਕੇ ਪਤਾ ਨਹੀਂ ਆਪ ਕਿੱਧਰ ਚਲੀ ਗਈ। ਉਹ

ਕੱਲਾ ਬੈਠਾ ਚਾਹ ਪੀਂਦਾ ਰਿਹਾ। ਉਹਦਾ ਮਨ ਹੋਰ ਤਰ੍ਹਾਂ ਦਾ ਹੋ ਗਿਆ ਸੀ।

ਚਾਹ ਮੁਕਾ ਕੇ, ਆਪਣਾ ਬੈਗ ਸਟੱਡੀ 'ਚ ਰੱਖ ਕੇ ਉਹ ਬਲਬੀਰ ਨੂੰ ਦੇਖਣ ਗਿਆ। ਉਹ ਸੌਣ ਵਾਲੇ ਕਮਰੇ 'ਚ ਪਈ ਸੀ। "ਕੀ ਗੱਲ? " ਜੀਤ ਨੇ ਪੁੱਛਿਆ। "ਕੁਸ਼ ਨੀਂ – ਸਿਰ ਦੁੱਖਦੈ," ਬਲਬੀਰ ਬੋਲੀ। "ਕੋਈ ਗੋਲੀ ਲੈ ਲੈਣੀ ਸੀ," ਜੀਤ ਨੇ ਕਿਹਾ।

ਕਹਿੰਦੀ,"ਚਾਹ ਨਾਲ ਲਈ ਐ ਹੁਣੇ।" "ਬਲਬੀਰ," ਲਾਗੇ ਪਈ ਕੁਰਸੀ 'ਤੇ ਬੈਠਦਿਆਂ ਉਹਨੇ ਕਿਹਾ,"ਇੱਕ ਖੁਸ਼ਖਬਰੀ ਐ।" ਉਹ ਝੱਟ ਉੱਠਕੇ ਬੈਠ ਗਈ, ਖੁਸ਼ ਹੋ ਕੇ ਕਹਿੰਦੀ, "ਕੀ?" "ਮੇਰਾ ਇਕ ਪੇਪਰ ਬਾਹਰ ਅਕਸੈਪਟ ਹੋ ਗਿਆ। ਅਗਲੇ ਮਹੀਨੇ ਮੈਂ ਵਿਲਾਇਤ ਜਾਊਂਗਾ। ਅੱਜ ਮੈਂ ਵੀ.ਸੀ. ਨੂੰ ਮਿਲਿਆ ਸੀ, ਖਰਚਾ ਯੂਨੀਵਰਸਿਟੀ ਦੇ ਦਊਗੀ।" "ਇਹ ਤੇ ਬਹੁਤ ਵੱਧੀਆ ਗੱਲ ਹੋ ਗਈ। ਕਿੰਨੇ ਦਿਨਾਂ ਲਈ ਜਾਓਗੇ?" "ਕਾਨਫਰੰਸ ਤੇ ਤਿੰਨ ਦਿਨ ਦੀ ਐ, ਸੋਚਦਾਂ ਏਡੀ ਦੂਰ ਜਾਣੈ, ਕੁਸ਼ ਦਿਨ ਰਹਿ ਲਊਂ ਉਥੇ। ਹੈਨੀ ਲੱਖਾ ਮੇਰਾ ਕਜ਼ਨ, ਉਹ ਲੰਡਨ ਈ ਐ। ਘੁਮਾ-ਫਿਰਾ ਦਊ। ਕਈ ਚੀਜ਼ਾਂ ਨੇ ਵੇਖਣ ਵਾਲੀਆਂ ਲੰਡਨ। ਦਸ ਕੁ ਦਿਨ ਤਾਂ ਲੱਗ ਜਾਣਗੇ।"

ਬਲਬੀਰ ਸੋਚਦੀ ਰਹੀ। ਫਿਰ ਕਹਿੰਦੀ, "ਠੀਕ ਐ ਮੈਂ ਵੀ ਪਿੰਡ ਜਾ ਆਊਂਗੀ। ਗੁਰਨੀਤ ਨੂੰ ਫੋਨ ਕਰ ਦੂੰ – ਲੈ ਜੂ ਆ ਕੇ।" ਥੋੜ੍ਹਾ ਰੁਕ ਕੇ ਬੋਲੀ, ਜਿਵੇਂ ਆਪਣੇ ਆਪ ਨੂ ਕਹਿ ਰਹੀ ਹੋਵੇ, "ਕਈ ਮਹੀਨੇ ਹੋ ਗਏ ਪਿੰਡ ਗਿਆਂ, ਪਤਾ ਕਰਾਂ ਜਾ ਕੇ ਸਾਧੂ ਕਿਆਂ ਨੇ ਠੇਕਾ ਵੀ ਦਿੱਤਾ ਕਿ ਨਹੀਂ।" ਜੀਤ ਨੇ ਬਲਬੀਰ ਵੱਲ ਦੇਖਿਆ। ਦੋ ਸਾਲ ਹੋਏ ਬਲਬੀਰ ਦੇ ਪਾਪਾ ਦਾ ਸ਼ਹਿਰੋਂ ਮੋਟਰ ਸਾਈਕਲ 'ਤੇ ਆਉਂਦਿਆਂ ਐਕਸੀਡੈਂਟ ਹੋ ਗਿਆ ਸੀ। ਉਹ ਗੁਜ਼ਰ ਗਏ। ਜੀਤ ਦੇ ਬਾਪੂ ਜੀ ਦੇ ਦੋਸਤ ਸੀ ਉਹ। ਪਿੱਛੋਂ ਰਹਿ ਗਏ ਬਲਬੀਰ, ਉਹਦੀ ਬੀਬੀ ਤੇ ਉਸਤੋਂ ਕਈ ਵਰ੍ਹੇ ਛੋਟਾ ਭਾਈ ਗੁਰਨੀਤ। ਜੀਤ ਬਲਬੀਰ ਵੱਲ ਕੁਝ ਪਲ ਦੇਖਦਾ ਰਿਹਾ, ਫਿਰ ਕਹਿੰਦਾ, "ਠੀਕ ਐ, ਜਾ ਆਈਂ। ਜੇ ਕਹੇਂ ਮੈਂ ਜਾਣ ਤੋਂ ਪਹਿਲਾਂ ਛੱਡ ਆਊਂਗਾ।" "ਕੋਈ ਨੀਂ, ਤੁਸੀ ਤਿਆਰੀ ਕਰੋ ਆਪਣੀ, ਗੁਰਨੀਤ ਆਜੂ ਲੈਣ।"

ਜੀਤ ਉੱਠ ਕੇ ਜਾ ਰਿਹਾ ਸੀ ਚੇਂਜ ਕਰਨ, ਜਦੋਂ ਪਿੱਛੋਂ ਬਲਬੀਰ ਨੇ ਹਾਕ ਮਾਰੀ, "ਸੁਣਿਓਂ।" ਜੀਤ ਨੇ ਪਲਟ ਕੇ ਉਹਦੇ ਵੱਲ ਦੇਖਿਆ, "ਹੂੰ?" ਕਹਿੰਦੀ, "ਬੈਠੋ।" ਜੀਤ ਉਹਦੇ ਵੱਲ ਦੇਖਦਾ ਰਿਹਾ। ਬਲਬੀਰ ਵੀ ਉਹਦੇ ਵੱਲ ਦੇਖਦੀ ਰਹੀ। ਉਹਦੀਆਂ ਅੱਖਾਂ ਵਿੱਚ ਜੋ ਨੁਮਾਇਆ ਹੋ ਰਿਹਾ ਸੀ, ਉਹ ਰਹਿਸਮਈ ਸੀ। ਕੁਝ ਲੱਜਿਆ, ਕੁਝ ਝਿਜਕ, ਕੁਝ ਸੰਸਾ ਜਿਹਾ ਸੀ ਜਿਵੇਂ ਉਹਦੀਆਂ ਅੱਖਾਂ ਵਿੱਚ। "ਹੂੰ –ਕੀ ਗੱਲ?" ਜੀਤ ਨੇ ਕਿਹਾ। "ਲੱਗਦੈ – ਮੈਂ ਪਰੈਗਨੈਂਟ ਆਂ," ਬਲਬੀਰ ਨੇ ਅੱਖਾਂ ਨੀਵੀਆਂ ਕਰਦਿਆਂ ਕਿਹਾ। "ਸੱਚੀਂ? ਜੀਤ ਨੇ ਖੁਸ਼ ਹੁੰਦਿਆਂ ਕਿਹਾ, "ਪਹਿਲਾਂ ਕਿਉਂ ਨਹੀਂ ਦੱਸਿਆ?" ਜੀਤ ਇਕਦਮ ਕੁਰਸੀ ਤੋਂ ਉਠਿਆ ਤੇ ਜਾ ਕੇ ਬਲਬੀਰ ਨੂੰ ਆਪਣੇ ਨਾਲ ਘੁੱਟ ਲਿਆ। ਉਹਨੇ ਹੱਥ ਨਾਲ ਉਹਦਾ ਮੂੰਹ ਉਪਰ ਕੀਤਾ ਤੇ ਉਹਦਾ ਮੱਥਾ ਚੁੰਮ ਲਿਆ। ਉਹਨੇ ਦੇਖਿਆ ਪਰਲ-ਪਰਲ ਬਲਬੀਰ ਦੀਆਂ ਅੱਖਾਂ 'ਚੋਂ ਹੰਝੂ ਵਹਿ ਰਹੇ ਸੀ। ਜੀਤ ਨੂੰ ਲੱਗਾ ਉਹ ਭਾਵੁਕ ਹੋ ਗਈ ਸੀ ਪਰ ਉਹ ਤਾਂ ਜਿਵੇਂ ਰੋਣ ਲੱਗ ਗਈ।

ਜੀਤ ਉਹਦੇ ਕੋਲ ਹੀ ਬੈੱਡ 'ਤੇ ਬੈਠ ਗਿਆ, ਉਹਦਾ ਹੱਥ ਫੜ ਲਿਆ, "ਇਹ ਤੇ ਖੁਸ਼ੀ ਦੀ ਗੱਲ ਐ ਬਲਬੀਰ – ਤੂੰ ਇਉਂ ਰੋਣ ਜਿਹੇ ਕਿਉਂ ਲੱਗ ਗੀ।" ਕੁੱਝ ਦੇਰ ਉਹ ਬੋਲੀ ਨਹੀਂ, ਫਿਰ ਹੌਲੀ ਦੇਣੇ ਕਹਿੰਦੀ, "ਪਤਾ ਨਹੀਂ।" "ਜੇ ਮੇਰੇ ਬਾਹਰ ਜਾਣ ਕਰਕੇ ਤੇਰਾ ਮੂਡ ਖਰਾਬ ਹੋਇਐ, ਮੈਂ ਨਹੀਂ ਜਾਂਦਾ।" ਉਹਨੇ ਨਾ ਵਿੱਚ ਸਿਰ ਹਿਲਾਇਆ, ਫਿਰ ਅੱਖਾਂ ਪੂੰਝੀਆਂ। ਕਹਿੰਦੀ,"ਜਾਣਾ ਕਿਉਂ ਨਹੀਂ।" ਜੀਤ ਨੇ ਉਹਦਾ ਹੱਥ ਘੁੱਟਿਆ, "ਸ਼ਾਮ ਨੂੰ ਗੁਰਦਵਾਰੇ ਚੱਲਾਂਗੇ ਮੱਥਾ ਟੇਕਣ, ਠੀਕ ਐ? ਨਾਲੇ ਕਨਫਰਮ ਕਰਨ ਲਈ ਟੈਸਟ ਵੀ ਦੇ ਆਵਾਂਗੇ।" ਬਲਬੀਰ ਨੇ ਬੱਸ ਹਾਂ ਵਿੱਚ ਸਿਰ ਹਿਲਾਇਆ।

ਜੀਤ ਨੇ ਚੇਂਜ ਨਹੀਂ ਕੀਤਾ। ਸਟੱਡੀ 'ਚ ਆ ਕੇ ਚੁੱਪ-ਚਾਪ ਬੈਠ ਗਿਆ। ਉਹਦਾ ਮਨ ਕਿਹੋ ਜਿਹਾ ਹੋ ਗਿਆ ਸੀ, ਉਹ ਖੁਸ਼ ਸੀ ਜਾਂ ਉਦਾਸ, ਉਹਨੂੰ ਖੁਦ ਵੀ ਸਮਝ ਨਹੀਂ ਸੀ ਆ ਰਹੀ। ਉਹਨੂੰ ਲੱਗਾ ਜਿਵੇਂ ਘਰ ਵਿੱਚ ਕਿੱਧਰੇ ਕੁਝ ਬਦਲ ਗਿਆ ਸੀ।

ਜਦੋਂ ਦਾ ਘਰੇ ਆਇਆ, ਬਲਬੀਰ ਦੇ ਹਾਅ-ਭਾਅ, ਉਹਦਾ ਵਿਹਾਰ, ਅਜੀਬ ਜਿਹੇ ਸੀ। ਕੋਈ ਧੁੰਦਲੀ ਸੋਚ ਉਹਦੇ ਮਨ 'ਚੋਂ ਲੰਘੀ, ਪਰ ਉਹਨੇ ਆਪਣੇ ਮਨ ਨੂੰ ਓਧਰੋਂ ਮੋੜ ਦਿੱਤਾ।

ਆਥਣੇ ਜੀਤ ਤੇ ਬਲਬੀਰ ਡਾ. ਸਰੀਨ ਦੇ ਟੈਸਟ ਦੇ ਕੇ ਗੁਰਦਵਾਰੇ ਚਲੇ ਗਏ। ਵਾਪਸੀ 'ਤੇ ਡਾਕਟਰ ਨੇ ਦੋਵਾਂ ਨੂੰ ਵਧਾਈ ਦਿੱਤੀ ਤੇ ਬਲਬੀਰ ਨੂੰ ਕੁਝ ਹਿਦਾਇਤਾਂ ਵੀ ਪਰ ਕਲੀਨਿਕ ਤੋਂ ਬਾਹਰ ਨਿਕਲ ਕੇ ਜੀਤ ਨੂੰ ਲੱਗਿਆ ਜਿਵੇਂ ਬਲਬੀਰ ਖੁਸ਼ ਹੋਣ ਦੀ ਥਾਂ ਚਿੰਤਤ ਹੋਵੇ। ਇਕ ਵਾਰ ਤੇ ਜੀਤ ਦੇ ਜੀ 'ਚ ਆਇਆ ਕਿ ਉਹਨੂੰ ਪੁੱਛੇ 'ਤੈਨੂੰ ਖੁਸ਼ੀ ਨਹੀਂ ਹੋਈ? ਤੈਨੂੰ ਬੱਚਾ ਨਹੀਂ ਚਾਹੀਦਾ?' ਪਰ ਉਹ ਚੁੱਪ ਕਰ ਰਿਹਾ।

ਅਗਲੇ ਅੱਠ ਦਸ ਦਿਨ ਜੀਤ ਦੇ ਤਿਆਰੀਆਂ 'ਚ ਲੰਘ ਗਏ। ਭਰਾਵਾਂ ਨੂੰ ਪਤਾ ਲੱਗਾ ਉਹ ਮਿਲਣ ਆ ਗਏ। ਜੀਤ ਦੇ ਨਾ-ਨਾ ਕਰਨ ਤੇ ਵੀ ਪੈਸੇ ਫੜਾ ਗਏ। ਉਹਦੇ ਜਾਣ ਤੋਂ ਇਕ ਦਿਨ ਪਹਿਲਾਂ ਆਥਣੇ ਜਿਹੇ ਗੁਰਨੀਤ ਆ ਗਿਆ। ਸਾਊ ਜਿਹਾ ਮੁੰਡਾ ਸੀ।

ਬਲਦੇਵ ਵੀ ਇਕ ਅੱਧੀ ਵਾਰ ਆਇਆ। ਜੀਤ ਨੇ ਤੇ ਨਹੀਂ ਸੀ ਦੱਸਿਆ, ਪਰ ਬਲਦੇਵ ਨੂੰ ਪਤਾ ਲੱਗ ਗਿਆ ਸੀ ਕਿ ਉਹ ਇੰਗਲੈਂਡ ਜਾ ਰਿਹੈ। ਜੀਤ ਨੂੰ ਕਹਿੰਦਾ, "ਮੈਂ ਚੜ੍ਹਾ ਆਊਂਗਾ।" ਪਰ ਜੀਤ ਨੇ ਮਨਾ ਕਰ ਦਿੱਤਾ, "ਓ ਨਹੀਂ, ਬੱਸ ਏਥੋਂ ਸਿੱਧੀ

ਏਅਰਪੋਰਟ ਜਾਂਦੀ ਐ। ਮੈਂ 'ਰਾਮ ਨਾਲ ਚਲੇ ਜਾਣੈ।" ਬਲਦੇਵ ਨੇ ਜ਼ਿਆਦਾ ਜ਼ੋਰ ਨਹੀਂ ਦਿੱਤਾ।

ਐਤਵਾਰ ਸੀ ਜਿੱਦਨ ਜੀਤ ਨੇ ਦਿੱਲੀ ਲਈ ਬਸ ਫੜੀ। ਵੀਜ਼ਾ ਉਹਦਾ ਲੰਮਾ ਸੀ, ਪਰ ਉਹਨੇ ਕੁਲ ਦਸ ਦਿਨ ਦਾ ਪ੍ਰੋਗਰਾਮ ਬਣਾਇਆ ਸੀ। ਗਿਆਰਵੇਂ ਦਿਨ ਤੜਕੇ ਉਹਦੀ ਰਿਟਰਨ ਫਲਾਈਟ ਸੀ। ਬਲਬੀਰ ਨੇ ਵੀ ਤਿਆਰੀ ਕਰ ਲਈ ਹੋਈ ਸੀ। ਜੀਤ ਦੇ ਮਗਰੇ ਹੀ ਉਹ ਵੀ ਗੁਰਨੀਤ ਨਾਲ ਪੇਕੀਂ ਚਲੀ ਗਈ।

ਹਫਤਾ-ਦਸ ਦਿਨ ਭਲਾ ਕਿੰਨੇ ਹੁੰਦੇ ਨੇ? ਕਾਨਫਰੰਸ ਤੋਂ ਬਾਦ, ਛੇ-ਸੱਤ ਦਿਨ ਜੀਤ ਕੋਲ ਸੀ ਸੈਰ ਸਪਾਟੇ ਲਈ। ਦੋ ਕੁ ਦਿਨ ਤਾਂ ਲੱਖਾ ਉਹਨੂੰ ਘੁਮਾਉਂਦਾ ਰਿਹਾ। ਉਹਦੀ ਵਹੁਟੀ ਤੇ ਬੇਟਾ ਵੀ ਕਈ ਵਾਰ ਨਾਲ ਹੁੰਦੇ। ਟੇਟ ਗੈਲਰੀ, ਬ੍ਰਿਟਿਸ਼ ਮਿਊਜ਼ੀਅਮ, ਮੈਡਮ ਟੂਸੋਡਜ਼, ਹਾਈਡ ਪਾਰਕ ਵਗੈਰਾ ਸਭ ਦਿਖਾ ਦਿੱਤੇ। ਤੀਸਰੇ ਦਿਨ ਉਹਨੂੰ ਕਹਿੰਦਾ, "ਜੀਤ, ਅੱਜ ਤਾਂ ਤੂੰ ਆਕਸਫੋਰਡ ਜਾਏਂਗਾ ਨਾ ਆਪਣੇ ਮਿੱਤਰ ਨੂੰ ਮਿਲਣ? ਟੇਸ਼ਨ ਬਹੁਤੀ ਦੂਰ ਨਹੀਂ ਏਥੋਂ, ਮੈਂ ਤੈਨੂੰ ਛੱਡ ਆਊਂਗਾ, ਆ ਤੂੰ ਆਪ ਜਾਈਂ। ਮੇਰਾ ਇਨਸ਼ੋਰੈਂਸ ਦਾ ਕੰਮ ਠੰਢੈ ਅੱਜ ਕੱਲ੍ਹ। ਸਾਰਾ ਦਿਨ ਦਫਤਰ ਬੈਠਣਾ ਪੈਂਦੈ, ਰਾਊਂਡ ਲਾਉਣੇ ਪੈਂਦੇ ਆ।" "ਕੋਈ ਨੀਂ," ਜੀਤ ਨੇ ਕਿਹਾ,"ਤੂੰ ਐਂ ਕਰੀਂ ਇਕ ਮੈਪ ਲੰਡਨ ਦਾ ਮੈਨੂੰ ਦੇਦੀਂ। ਈਲਿੰਗ ਤੋਂ ਮੈਂ ਟਿਊਬ ਫੜ ਕੇ ਜਿੱਧਰ ਜਾਣਾ ਹੋਇਆ ਵਗ ਜਾਇਆ ਕਰੂੰ। ਨੋ ਪਰਾਬਲਮਜ਼।" "ਮੈਪ ਪਿਐ ਦਫਤਰ, ਦੇਦੂੰ – ਬਾਕੀ ਤੇਰੇ ਜਾਣ ਤੋਂ ਪਹਿਲਾਂ ਫੇਰ ਕਿਸੇ ਦਿਨ ਘੁੰਮ-ਫਿਰ ਲਾਂਗੇ, ਜਿਥੇ ਕਹੇਂਗਾ ਜਾ ਵੜਾਂਗੇ।" "ਠੀਕ ਐ, ਲੱਖੇ," ਜੀਤ ਨੇ ਕਿਹਾ।

ਉਸ ਦਿਨ ਜੀਤ ਆਕਸਫੋਰਡ ਤੋਂ ਕਾਫੀ ਲੇਟ ਪਰਤਿਆ। ਅਗਲੇ ਦੋ ਦਿਨ ਉਹ ਇਕੱਲਾ ਘੁੰਮਦਾ ਰਿਹਾ – ਕਦੇ ਬੁੱਕ ਸਟੋਰ, ਕਦੇ ਮਿਊਜ਼ੀਅਮ, ਕਦੇ ਬ੍ਰਿਟਿਸ਼ ਲਾਇਬਰੇਰੀ। ਆਕਸਫੋਰਡ ਸਰਕਸ ਉਹ ਚਲਿਆ ਜਾਂਦਾ ਤੇ ਉਥੋਂ ਆਪਣੀ ਅਗਲੀ ਮੰਜ਼ਿਲ ਤਹਿ ਕਰ ਲੈਂਦਾ।

ਅਗਲੇ ਦਿਨ ਦੁਪਹਿਰ ਬਾਦ ਠੇਮਜ਼ ਨਦੀ ਕਿਨਾਰੇ ਬਣੇ ਰੈਸਤਰਾਂ ਦੇ ਬਾਹਰ ਬੈਂਚ 'ਤੇ ਉਹ ਬੈਠਾ ਸੀ। ਪੱਛਮੀ ਸਾਹਿਤ ਉਹਨੇ ਪੜ੍ਹਿਆ ਹੋਇਆ ਸੀ। ਪੱਛਮੀ ਸੱਭਿਆਚਾਰ ਤੋਂ ਉਹ ਅਣਜਾਣ ਨਹੀਂ ਸੀ। ਫਿਰ ਵੀ ਸਭ ਕੁਝ ਨੇੜਿਓਂ ਦੇਖ-ਸੁਣ ਕੇ ਉਹ ਬਹੁਤਾ ਮੁਤਾਸਿਰ ਨਹੀਂ ਸੀ ਹੋ ਸਕਿਆ। ਇਕ ਪਾਸੇ ਕੰਮ ਤੇ ਕਨੂੰਨ ਦੇ ਬੰਧਨ ਸੀ, ਦੂਸਰੇ ਪਾਸੇ ਸਮਾਜਿਕ ਜੀਵਨ ਵਿੱਚ ਬੇਰੋਕ ਖੁੱਲ੍ਹ ਸੀ। ਆਮ ਵਿਅਕਤੀ ਦੇ ਜੀਵਨ ਵਿੱਚ ਕੋਈ ਸਥਿਰਤਾ, ਕੋਈ ਡੂੰਘਾਈ ਨਜ਼ਰ ਨਹੀਂ ਸੀ ਆਉਂਦੀ। ਮੌਜ-ਮਸਤੀ ਜ਼ਿੰਦਗੀ ਦਾ ਮਕਸਦ ਸੀ,ਜਿਵੇਂ ਬੱਸ ਸਤਹਿ 'ਤੇ ਜਿਉਂ ਰਹੇ ਹੋਣ ਲੋਕ। ਜੀਤ ਜਾਣਦਾ ਸੀ ਕਿ ਏਨੇ ਥੋੜ੍ਹੇ ਸਮੇਂ 'ਚ ਕੁਲ ਸਮਾਜ ਬਾਰੇ ਅਨੁਮਾਨ ਲਾਉਣੇ ਸ਼ਾਇਦ ਠੀਕ ਨਹੀਂ, ਪਰ ਇਹ ਉਹਦੇ ਮੁੱਢਲੇ ਪ੍ਰਭਾਵ ਸੀ। ਉਹਨੂੰ ਤੇ ਬੱਸ ਆਪਣਾ ਸ਼ਹਿਰ, ਆਪਣਾ ਪਿੰਡ ਯਾਦ ਆ ਰਹੇ ਸੀ।

ਜੀਤ ਦਾ ਧਿਆਨ ਆਪਣੇ ਘਰ ਵੱਲ ਪਰਤਿਆ। ਵਿੱਚ-ਵਿੱਚ ਕਈ ਵਾਰ ਉਹ ਬਲਬੀਰ ਨੂੰ ਯਾਦ ਕਰ ਚੁੱਕਾ ਸੀ। ਪਰ ਪਤਾ ਨਹੀਂ ਕਿਉਂ ਉਹਨੂੰ ਮਹਿਸੂਸ ਹੁੰਦਾ ਕਿ ਉਹ ਬਦਲ ਗਈ ਸੀ। ਬੈਠਿਆਂ-ਬੈਠਿਆਂ ਜੀਤ ਨੂੰ ਇਕ ਦਮ ਖਿਆਲ ਆਇਆ ਕਿ ਮੈਂ ਹੋਰ ਏਥੇ ਰਹਿ ਕੇ ਕੀ ਕਰਨਾ, ਤੇ ਉਹਨੇ ਮਨ ਹੀ ਮਨ ਵਾਪਿਸ ਜਾਣ ਦਾ ਫੈਸਲਾ ਕਰ ਲਿਆ। ਈਲਿੰਗ ਬਰੌਡਵੇ ਉਹਨੇ 'ਈਲਿੰਗ ਟਰੈਵਲ ਏਜੰਟਸ' ਦਾ ਬੋਰਡ ਪੜ੍ਹਿਆ ਸੀ। ਉਹ ਫੌਰਨ ਉੱਠਿਆ ਤੇ ਸਟੇਸ਼ਨ ਤੇ ਪਹੁੰਚ ਕੇ ਈਲਿੰਗ ਦੀ ਟਿਊਬ ਫੜ ਲਈ। ਦਫਤਰ ਛੇ ਵਜੇ ਤੱਕ ਖੁੱਲ੍ਹਾ ਸੀ। ਉਹਨੇ ਰੀਸ਼ੈਪਨਿਸਟ ਨੂੰ ਆਪਣੀ ਸਮੱਸਿਆ ਦੱਸੀ ਤੇ ਕਿਹਾ,"ਆਈ ਨੀਡ ਟੂ ਗੋ ਬੈਕ ਟੂਮੌਰੋ।" ਕੁੜੀ ਉਹਨੂੰ ਇਕ ਹੋਰ ਸੱਜਣ ਕੋਲ ਲੈ ਗਈ। ਗੋਰਾ ਸੀ। ਉਹਨੇ ਜੀਤ ਕੋਲੋਂ ਟਿਕਟ ਮੰਗੀ। ਜੀਤ ਨੇ ਕਿਹਾ ਕਿ ਟਿਕਟ ਤਾਂ ਹੈ ਨਹੀਂ, ਬੱਸ ਇਹ ਪਤਾ ਕਰ ਦਿਓ ਕਿ ਕੱਲ੍ਹ ਮੈਨੂੰ ਸੀਟ ਮਿਲ ਸਕਦੀ ਐ ਕਿ ਨਹੀਂ। ਉਸ ਬੰਦੇ ਨੇ ਫੋਨ ਕੀਤਾ ਤੇ ਜੀਤ ਨੂੰ ਕਿਹਾ 'ਸੀਟ ਮਿਲ ਜਾਏਗੀ, ਪਰ ਪੌਂਡ ਲੱਗਣਗੇ'। ਅਗਲੇ ਦਿਨ ਅੱਧੀ ਰਾਤ ਦੀ ਫਲਾਈਟ ਸੀ। ਜੀਤ ਨੂੰ ਛੇ ਵਜੇ ਤੋਂ ਪਹਿਲਾਂ ਪਾਸਪੋਰਟ, ਟਿਕਟ ਵਗੈਰਾ ਲੈ ਆਉਣ ਲਈ ਕਿਹਾ। ਲੱਖੇ ਦਾ ਘਰ ਉਥੋਂ ਬਹੁਤ ਦੂਰ ਨਹੀਂ ਸੀ। ਜੀਤ ਨੇ ਆਉਣ-ਜਾਣ ਦੀ ਟੈਕਸੀ ਕੀਤੀ ਤੇ ਵਕਤ ਸਿਰ ਪਹੁੰਚ ਕੇ ਟਿਕਟ ਬਣਵਾ ਲਈ। ਇਕ ਪ੍ਰਿੰਟ- ਆਊਟ ਉਹਨੂੰ ਦੇਂਦਿਆਂ ਗੋਰੇ ਨੇ ਸਮਝਾਇਆ ਕਿ 'ਤਿੰਨ ਘੰਟੇ ਪਹਿਲਾਂ ਹੀਥਰੋ ਪਹੁੰਚ ਜਾਣਾ ਤੇ ਉਥੇ ਉਹ ਤੁਹਾਨੂੰ ਕਾਉਂਟਰ 'ਤੇ ਨਵੀਂ ਟਿਕਟ ਬਣਾ ਦੇਣਗੇ'। "ਗੁੱਡ ਲੱਕ," ਗੋਰੇ ਨੇ ਕਿਹਾ। ਜੀਤ ਥੈਂਕਸ ਕਰ ਕੇ ਬਾਹਰ ਆ ਗਿਆ ਤੇ ਬਸ ਫੜ ਕੇ ਘਰ ਪਹੁੰਚ ਗਿਆ।

ਪਹਿਲਾਂ ਤੇ ਉਹਦੀ ਭਾਬੀ ਹੈਰਾਨ ਹੋਈ ਤੇ ਆਥਣੇ ਲੱਖਾ ਕਹਿਣ ਲੱਗਾ, "ਬਾਈ ਕੀ ਗਲ ਐਉਂ ਕਿਉਂ ਪ੍ਰੋਗਰਾਮ ਬਦਲ ਲਿਆ। ਹੋਰ ਦੋ ਚਾਰ ਦਿਨ ਫਿਰ ਤੁਰ ਲੈਣਾ ਸੀ।" "ਜੋ ਦੇਖਣ ਵਾਲਾ ਸੀ ਦੇਖ ਲਿਆ ਲੱਖੇ," ਜੀਤ ਨੇ ਮੁਸਕਰਾ ਕੇ ਕਿਹਾ, "ਹੁਣ ਚੱਲੀਏ।"

ਲੱਖਾ ਜਾ ਕੇ ਸ਼ੀਸ਼ੀ ਤੇ ਚਿਕਨ ਲੈ ਆਇਆ। ਦੋਵਾਂ ਭਰਾਵਾਂ ਨੇ ਬੈਠ ਕੇ ਘੁੱਟ-ਘੁੱਟ ਪੀਤੀ ਤੇ ਦੇਰ ਰਾਤ ਤਕ ਪਿੰਡ-ਪਰਿਵਾਰ ਦੀਆਂ ਗੱਲਾਂ ਕਰਦੇ ਰਹੇ। ਲੱਖੇ ਨੂੰ ਪਤਾ ਸੀ ਜੀਤ ਪੀਂਦਾ ਨਹੀਂ। ਉਹਨੂੰ ਥੋੜ੍ਹੀ ਦਿੱਤੀ, ਪਰ ਆਪ ਪੈੱਗ ਦੋ ਪੈੱਗ ਵੱਧ ਲਾ ਲਏ। ਅੱਖਾਂ ਭਰ ਕੇ ਕਹਿੰਦਾ, "ਮੇਰਾ ਵੀ ਜੀ ਨਹੀਂ ਲੱਗਦਾ ਏਥੇ, ਮੈਨੂੰ ਵੀ ਲੈ ਚੱਲ ਨਾਲ।" "ਚੰਗਾ," ਜੀਤ ਨੇ ਕਿਹਾ, "ਹੁਣ ਰੋਟੀ ਖਾਈਏ ਤੇ ਸੌਂਈਏਂ। ਚੱਲ ਉੱਠ।"

ਅਗਲੇ ਦਿਨ ਜੀਤ, ਬਲਬੀਰ ਲਈ ਤੇ ਘਰਦਿਆਂ ਲਈ ਨਿੱਕੇ ਮੋਟੇ ਗਿਫਟ ਖਰੀਦਦਾ ਰਿਹਾ। ਰਾਤੀਂ ਲੱਖਾ, ਉਹਦੀ ਬੀਵੀ ਤੇ ਬੇਟਾ ਜੀਤ ਨੂੰ ਹੀਥਰੋ ਜਹਾਜ਼ ਚੜ੍ਹਾ ਆਏ। ਦਸ ਘੰਟਿਆਂ ਵਿੱਚ ਜੀਤ ਦਿੱਲੀ ਏਅਰਪੋਰਟ ਦੇ ਬਾਹਰ ਬਸ 'ਚ ਬੈਠਾ ਸੀ ਵਾਪਿਸ ਆਪਣੇ ਸ਼ਹਿਰ ਜਾਣ ਲਈ।

ਦੁਪਹਿਰ ਬਾਦ ਉਹ ਆਪਣੇ ਸ਼ਹਿਰ ਪਹੁੰਚ ਗਿਆ। ਥਰੀ ਵ੍ਹੀਲਰ 'ਤੇ ਸਮਾਨ ਰੱਖ ਕੇ ਘਰ ਪੁੱਜ ਗਿਆ। ਖੱਬੇ ਮੋਢੇ 'ਤੇ ਹੈਂਡ ਬੈਗ ਟੰਗਿਆ, ਸੱਜੇ ਨਾਲ ਬਰੀਫ ਕੇਸ ਚੁੱਕਿਆ ਤੇ ਬਾਹਰਲਾ ਗੇਟ ਖੋਲ੍ਹ ਕੇ ਅੰਦਰ ਦਾਖਲ ਹੋ ਗਿਆ। ਉਹਨੇ ਦੇਖਿਆ ਬਲਦੇਵ ਦੀ ਕਾਰ ਕੌਰੀਡੋਰ 'ਚ ਖੜੀ ਸੀ। ਵਰਾਂਢੇ 'ਚ ਸਮਾਨ ਰੱਖ ਕੇ ਉਹਨੇ ਖੀਸੇ 'ਚੋਂ ਚਾਬੀ ਕੱਢੀ। ਪਰ ਉਹਨੂੰ ਇਉਂ ਲੱਗਾ ਜਿਵੇਂ ਅੰਦਰ ਕੋਈ ਹੈ। ਹੌਲੀ-ਹੌਲੀ ਬੋਲ ਰਿਹਾ ਹੈ। ਜੀਤ ਨੇ ਬਾਹਰਲਾ ਜਾਲੀ ਵਾਲਾ ਦਰਵਾਜ਼ਾ ਮਾੜਾ ਜਿਹਾ ਖਿਚ ਕੇ ਦੇਖਿਆ। ਬੰਦ ਸੀ। ਸੱਜੇਪਾਸੇ ਖਿੜਕੀ ਦੀ ਝੀਤ ਥਾਨੀ ਉਹਨੇ ਦੇਖਿਆ: ਇਕੋ ਸੋਫੇ 'ਤੇ ਬਲਦੇਵ ਤੇ ਬਲਬੀਰ ਲਾਗੇ ਲਾਗੇ ਬੈਠੇ ਸੀ, ਬਹੁਤ ਗੰਭੀਰ ਬਣੇ...

ਹੈਰਾਨ, ਜੀਤ ਦੋ ਕਦਮ ਪਿੱਛੇ ਹਟ ਕੇ ਵਰਾਂਢੇ 'ਚ ਖੜ ਗਿਆ। ਉਹ ਸੁੰਨ ਜਿਹਾ ਹੋ ਗਿਆ। ਉਹਨੂੰ ਪਤਾ ਨਹੀਂ ਸੀ ਲੱਗ ਰਿਹਾ ਉਹ ਕੀ ਕਰੇ, ਕੀ ਨਾ ਕਰੇ, ਦਰਵਾਜ਼ਾ ਖੜਕਾਏ ਨਾ ਖੜਕਾਏ। ਪੰਜ-ਦਸ ਮਿੰਟ ਉਹ ਉਵੇਂ ਹੀ ਖੜਾ ਰਿਹਾ। ਕੋਈ ਚਾਰਾ ਨਹੀਂ ਸੀ, ਸੋ ਉਹਨੇ ਬੈੱਲ ਦਬਾ ਦਿੱਤੀ। ਕੁਝ ਦੇਰ ਖਮੋਸ਼ੀ ਰਹੀ। ਫਿਰ ਬਲਬੀਰ ਨੇ ਦਰਵਾਜ਼ਾ ਖੋਲ੍ਹਿਆ। ਹੈਰਾਨ ਹੋ ਗਈ, ਥੋੜ੍ਹਾ ਠਠੰਬਰ ਗਈ। ਪਰ ਛੇਤੀ ਸੰਭਾਲ ਲਿਆ ਉਹਨੇ ਆਪਣੇ ਆਪ ਨੂੰ। ਜੀਤ ਨੂੰ ਸੱਸਰੀ ਕਾਲ ਬੁਲਾਈ। ਕਹਿੰਦੀ ,"ਤੁਸੀਂ ਤੇ ਬੁੱਧ-ਵੀਰਵਾਰ ਆਉਣਾ ਸੀ।" ਜੀਤ ਨੇ ਕੋਈ ਜਵਾਬ ਨਹੀਂ ਦਿੱਤਾ। ਸਮਾਨ ਅੰਦਰ ਰੱਖਦੇ ਨੇ ਉਹਨੇ ਬਲਦੇਵ ਵੱਲ ਨਿਗਾੱਹ ਮਾਰੀ। ਹਲਕਾ ਮੁਸਕਰਾ ਕੇ ਉਹਨੇ ਵੀ ਸੱਸਰੀ ਕਾਲ ਕਹੀ। ਉਹਦੀ ਵੀ ਅਣਸੁਣੀ ਕਰਕੇ ਜੀਤ ਨੇ ਬਲਬੀਰ ਵੱਲ ਝਾਕਦਿਆਂ ਬੱਸ ਏਨਾ ਹੀ ਕਿਹਾ, "ਕੁੰਡੀ ਕਾਹਤੋਂ ਲਾਈ ਸੀ?" "ਬੇਧਿਆਨੇ ਲੱਗ ਗਈ ਮੇਰੇ ਕੋਲੋਂ," ਉਹ ਤਿਊੜੀ ਜਿਹੀ ਪਾ ਕੇ ਬੋਲੀ।

ਜੀਤ ਸੋਫਾ ਕੁਰਸੀ 'ਤੇ ਬੈਠ ਗਿਆ। ਬਲਦੇਵ ਖੜਾ ਸੀ, ਕਹਿੰਦਾ "ਅੱਛਾ ਜੀਤ, ਮੈਂ ਚਲਦਾਂ। ਥੱਕ ਕੇ ਆਏ ਓ – ਰੈਸਟ ਕਰੋ, ਫੇਰ ਗੱਲਾਂ ਸੁਣਾਗੇ ਤੁਹਾਡੇ ਕੋਲੋਂ ਵਲੈਤ ਦੀਆਂ।" ਕਹਿ ਕੇ ਉਹ ਚਲਾ ਗਿਆ। ਜੀਤ ਨੇ ਬੱਸ ਥੋੜ੍ਹਾ ਜਿਹਾ ਸਿਰ ਹਿਲਾਇਆ।

ਬਲਦੇਵ ਚਲਾ ਗਿਆ ਤਾਂ ਬਲਬੀਰ ਪਾਣੀ ਦਾ ਗਿਲਾਸ ਲੈ ਕੇ ਆ ਗਈ। ਜੀਤ ਨੇ ਗਿਲਾਸ ਫੜਦਿਆਂ ਬਿਨਾ ਉਹਦੇ ਵੱਲ ਦੇਖਿਆ ਪੁੱਛਿਆ, "ਤੂੰ ਕਦੋਂ ਆਈ? ਤੂੰ ਕਹਿੰਦੀ ਸੀ ਬੁੱਧਵਾਰ ਆਏਂਗੀ।" "ਕੱਲ੍ਹ ਸ਼ਾਮ ਨੂੰ ਆਈ ਸੀ – ਸੋਚਿਆ ਘਰ ਸਾਫ-ਸੁਫ ਕਰਾ ਲਾਂ ਜਾ ਕੇ।" ਜੀਤ ਨੇ ਉਹਦੇ ਵੱਲ ਗਹੁ ਨਾਲ ਦੇਖਿਆ। "ਮੈਂ ਚਾਹ ਲਿਆਉਣੀ ਆਂ ਬਣਾ ਕੇ।" ਆਖ ਕੇ ਉਹ ਰਸੋਈ 'ਚ ਚਲੇ ਗਈ। ਥੋੜ੍ਹੀ ਦੇਰ ਬਾਦ ਉਹ ਚਾਹ ਤੇ ਬਿਸਕੁਟ ਲੈ ਕੇ ਆ ਗਈ। ਜੀਤ ਚੁੱਪ-ਚਾਪ ਚਾਹ ਪੀਂਦਾ ਰਿਹਾ। ਕੋਈ ਗੱਲ ਨਹੀਂ ਕੀਤੀ,ਨਾ ਖਾਧਾ ਹੀ ਕੁਝ। "ਠੀਕ ਰਿਹਾ ਥੋਡਾ ਟਰਿਪ?" "ਹਾਂ," ਕਹਿ ਕੇ ਉਹ ਉੱਠ ਖੜਿਆ। ਸਮਾਨ ਚੁੱਕ ਕੇ ਆਪਣੀ ਸਟੱਡੀ 'ਚ ਲੈ ਗਿਆ। ਕਾਫੀ ਦੇਰ ਉਹ ਸਟੱਡੀ 'ਚ ਬੈਠਾ ਰਿਹਾ। ਕੱਪੜੇ ਵੀ ਨਹੀਂ ਬਦਲੇ। ਬਲਬੀਰ ਆਈ, "ਤੁਸੀਂ ਚੇਂਜ ਕਰਕੇ ਘੜੀ ਅਰਾਮ ਕਰ ਲਓ। ਥੱਕੇ ਹੋਵੋਗੇ। ਕੱਪੜੇ ਵਾਸ਼ਰੂਮ 'ਚ ਰੱਖ ਦਿੱਤੇ ਐ।" ਆਖ ਕੇ ਉਹ ਚਲੀ ਗਈ। ਥੱਕਿਆ ਤਾਂ ਜੀਤ ਹੋਇਆ ਸੀ। ਉਹਨੇ ਜੁੱਤੇ ਖੋਲ੍ਹੇ, ਜੇਬਾਂ ਖਾਲੀ ਕੀਤੀਆਂ ਤੇ ਉੱਠ ਕੇ ਨਹਾਉਣ ਚਲਿਆ ਗਿਆ।

ਨਹਾ ਕੇ ਆ ਕੇ ਉਹ ਸਟੱਡੀ ਵਿੱਚ ਡੱਠੇ ਦੀਵਾਨ 'ਤੇ ਹੀ ਅੱਖਾਂ ਮੀਚ ਕੇ ਪੈ ਗਿਆ। ਡੂੰਘੀ ਬੇਚੈਨੀ ਨੇ ਉਹਦਾ ਮਨ ਘੇਰ ਲਿਆ ਸੀ। ਪਿਆ-ਪਿਆ ਉਹ ਸਾਰੀ ਸਥਿਤੀ ਤੇ ਵਿਚਾਰ ਕਰਦਾ ਰਿਹਾ। ਕਦੇ ਉਹਨੂੰ ਇਉਂ ਵੀ ਲੱਗਦਾ ਕਿ ਕਿੱਧਰੇ ਉਹ ਹੀ ਗ਼ਲਤ ਨਾ ਹੋਵੇ, ਗਲਤ ਹੀ ਨਾ ਸੋਚ ਰਿਹਾ ਹੋਵੇ, ਪਰ ਉਹਦਾ ਮਨ ਨਹੀਂ ਸੀ ਮੰਨਦਾ। ਉਲਝ ਗਿਆ ਉਹ। ਉਹਨੂੰ ਇਹ ਵੀ ਨਹੀਂ ਸੀ ਪਤਾ ਲੱਗ ਰਿਹਾ ਕਿ ਉਹ ਕਰੇ ਤੇ ਕੀ, ਕਹੇ ਤੇ ਕੀ? ਪਰ ਇਕ ਫੈਸਲਾ ਉਹਨੇ ਕਰ ਲਿਆ।

ਉਸ ਰਾਤ ਉਹ ਮਾੜਾ-ਮੋਟਾ ਖਾ ਕੇ ਆਪਣੀ ਸਟੱਡੀ 'ਚ ਹੀ ਬੈਠ ਗਿਆ। ਈਮੇਲ ਵੀ ਚੈੱਕ ਕਰਨੀਆਂ ਸੀ। ਵੈਸੇ ਵੀ ਉਹਦਾ ਚਿੱਤ ਬੈੱਡ ਰੂਮ 'ਚ ਪੈਣ ਦਾ ਨਹੀਂ ਸੀ। ਇਹੋ ਜਿਹਾ ਹੀ ਸੀ ਉਹਦਾ ਸੁਭਾਅ। ਜਦੋਂ ਉਹਨੂੰ ਕਿਸੇ ਗੱਲ ਦਾ ਗੁੱਸਾ ਹੁੰਦਾ ਜਾਂ ਉਹਦਾ ਜੀ ਉਦਾਸ ਹੁੰਦਾ ਤਾਂ ਉਹ ਚੁੱਪ ਕਰ ਜਾਂਦਾ, ਸਭ ਕਾਸੇ ਤੋਂ ਮੂੰਹ ਮੋੜ ਲੈਂਦਾ। ਉਦੋਂ ਤੱਕ ਜਦੋਂ ਤੱਕ ਉਹਦਾ ਮਨ ਰਾਜ਼ੀ ਨਾ ਹੋ ਜਾਂਦਾ।

ਜੀਤ ਚੁੱਪ ਸੀ, ਬਲਬੀਰ ਵੀ ਚੁਪ ਸੀ ਤੇ ਘਰ 'ਚ ਘੁੱਟਣ ਸੀ। ਜੀਤ ਯੂਨੀਵਰਸਿਟੀ ਚਲਿਆ ਜਾਂਦਾ। ਲੇਟ ਮੁੜਦਾ ਤੇ ਆ ਕੇ ਸਟੱਡੀ 'ਚ ਬੈਠ ਜਾਂਦਾ। ਬਲਬੀਰ ਜੇ ਆ ਕੇ ਰੋਟੀ-ਪਾਣੀ ਪੁੱਛਦੀ ਹਾਂ-ਨਾਂਹ ਵਿੱਚ ਜਵਾਬ ਦੇ ਛੱਡਦਾ, ਅਕਸਰ ਉਹਦੇ ਵੱਲ ਝਾਕੇ ਬਿਨਾਂ। ਉਹਦੇ ਲਈ ਸੰਕਟ ਬਣਿਆ ਹੋਇਆ ਸੀ। ਉਹ ਸੋਚਦਾ ਗੱਲ ਨੂੰ ਇਕ ਪਾਸੇ ਲਾਉਣਾ ਚਾਹੀਦੈ। ਪਰ ਉਹਨੂੰ ਲੱਗਦਾ ਜੇ ਗੱਲ ਖੁੱਲ੍ਹੀ, ਪਤਾ ਨਹੀਂ ਕਿੱਧਰ ਚਲੀ ਜਾਏ। ਇਕ ਅਜੀਬ ਜਿਹੀ ਆਕੜ ਤੇ ਹੱਠ ਉਹਨੇ ਬਲਬੀਰ ਵਿੱਚ ਦੇਖੇ ਸੀ।

ਤੀਸਰੀ ਰਾਤ ਉਹ ਉਪਰ ਬਲਦੇਵ ਕੋਲ ਗਿਆ। ਬਲਦੇਵ ਅਖਬਾਰ ਦੇਖ ਰਿਹਾ ਸੀ। ਜੀਤ ਨੂੰ ਦੇਖ ਕੇ ਉੱਠ ਖੜਿਆ। ਕਹਿੰਦਾ, "ਆਓ"। ਜੀਤ ਲਾਗੇ ਪਈ ਕੁਰਸੀ 'ਤੇ ਬੈਠ ਗਿਆ। ਕੁਝ ਦੇਰ ਚੁੱਪ ਵਰਤੀ ਰਹੀ। ਬਲਦੇਵ ਉਹਦੇ ਵੱਲ ਦੇਖਦਾ

ਰਿਹਾ। ਜੀਤ ਨੇ ਉਹ ਕਿਹਾ ਜੀਹਦਾ ਫੈਸਲਾ ਤਿੰਨ ਦਿਨ ਪਹਿਲਾਂ ਉਹ ਕਰ ਚੁੱਕਾ ਸੀ। "ਬਲਦੇਵ ਇਉਂ ਐਂ ਸਾਨੂੰ ਉਪਰਲੇ ਪੋਰਸ਼ਨ ਦੀ ਲੋੜ ਪਏਗੀ। ਬਲਬੀਰ ਫੈਮਿਲੀ ਵੇ 'ਚ ਐ। ਕੱਲ੍ਹ ਨੂੰ ਮੇਰੀ ਮਦਰ ਜਾਂ ਭਾਬੀ ਨੇ ਆ ਕੇ ਰਹਿਣਾ ਹੋਇਆ, ਹੇਠਾਂ ਮੁਸ਼ਕਿਲ ਹੋਏਗੀ।" "ਮਕਾਨ ਮੈਂ ਦੇਖ ਲਿਆ। ਪੰਦਰਾਂ ਤਰੀਕ ਮੈਂ ਸ਼ਿਫਟ ਕਰ ਰਿਹਾਂ।" ਬਲਦੇਵ ਦੀ ਆਵਾਜ਼ ਰੁੱਖੀ ਸੀ। ਜੀਤ ਨੇ ਨੋਟ ਕੀਤਾ ਤੇ ਉੱਠ ਪਿਆ, "ਮੈਂ ਚਲਦਾਂ।"

ਅਗਲੇ ਦਿਨ ਆਥਣੇ ਜਦੋਂ ਜੀਤ ਵਾਪਿਸ ਘਰ ਆ ਕੇ ਸਟੱਡੀ 'ਚ ਬੈਠਾ ਸੀ ਤਾਂ ਬਲਬੀਰ ਅੰਦਰ ਆਈ। ਗੰਭੀਰ ਸੀ, ਅੱਖਾਂ 'ਚ ਗੁੱਸਾ ਸੀ। ਕਹਿੰਦੀ, "ਤੁਸੀਂ ਬਲਦੇਵ ਨੂੰ ਜਾਣ ਲਈ ਕਿਹੈ?" ਜੀਤ ਥੋੜ੍ਹਾ ਹੈਰਾਨੀ ਨਾਲ ਉਹਦੇ ਵੱਲ ਦੇਖਦਾ ਰਿਹਾ। ਇਹਦਾ ਮਤਲਬ ਉਹਦੀ ਬਲਦੇਵ ਨਾਲ ਗੱਲ ਹੋ ਚੁੱਕੀ ਸੀ। "ਹਾਂ," ਉਹ ਕੁਝ ਦੇਰ ਬਾਦ ਬੋਲਿਆ। "ਕਿਉਂ?" "ਕਿਉਂ ਕੀ – ਗਹਾਂ ਲੋੜ ਪਏਗੀ ਆਪਾਂ ਨੂੰ, ਨਾਲੇ ਉਹ ਤੇ ਪਹਿਲਾਂ ਹੀ ਤਿਆਰੀ ਕਰੀ ਬੈਠਾ ਸੀ ਜਾਣ ਦੀ।" "ਕੀ ਲੋੜ ਪਏਗੀ, ਹੇਠਾਂ ਕਮਰੇ ਥੋੜ੍ਹੇ ਨੇ?" ਜੀਤ ਚੁੱਪ ਕਰ ਗਿਆ। "ਤੁਸੀਂ ਮਨਾ ਕਰ ਦਿਓ ਉਹਨੂੰ, ਉਹ ਨਹੀਂ ਜਾਏਗਾ।" ਹੈਰਾਨ, ਜੀਤ ਇਕ ਵਾਰ ਫਿਰ ਬਲਬੀਰ ਵੱਲ ਸਵਾਰ ਕੇ ਝਾਕਿਆ। "ਜੇ ਉਹ ਗਿਆ, ਮੈਂ ਵੀ ਚਲੀ ਜਾਊਂਗੀ।" ਕਹਿ ਕੇ ਬਲਬੀਰ ਕਮਰੇ ਤੋਂ ਕਾਹਲੀ ਨਾਲ ਬਾਹਰ ਨਿਕਲ ਗਈ।

ਕੁਝ ਪਲ ਜੀਤ ਨੂੰ ਸਮਝ ਨਹੀਂ ਲੱਗੀ ਇਹ ਕੀ ਹੋ ਗਿਆ। ਇਹ ਕੀ ਕਹਿ ਗਈ ਬਲਬੀਰ। ਉਹਦਾ ਦਾ ਇਹ ਰੂਪ! ਇਹ ਰੂਪ ਉਹਨੇ ਕਿਆਸ ਨਹੀਂ ਕੀਤਾ ਸੀ ਕਦੇ। ਉਹਦਾ ਸਿਰ ਪੱਥਰ ਹੋ ਗਿਆ ਜਿਵੇਂ। ਨੇਰਾ ਹੋ ਗਿਆ ਸੀ ਜਦ ਜੀਤ ਘਰੋਂ ਬਾਹਰ ਨਿਕਲਿਆ। ਕਾਰ ਲੈਣ ਤੋਂ ਪਹਿਲਾਂ ਇਕ ਸਕੂਟਰ ਸੀ ਉਹਦੇ ਕੋਲੇ। ਕਦੇ-ਕਦੇ ਲੋੜ ਪੈਣ ਤੇ ਉਹਨੂੰ ਵਰਤ ਲੈਂਦਾ ਸੀ। ਗਰਾਜ 'ਚੋਂ ਉਹਨੇ ਸਕੂਟਰ ਕੱਢਿਆ ਤੇ ਉਸ ਸੜਕ ਵੱਲ ਘੁਮਾ ਦਿੱਤਾ ਜਿਹੜੀ ਨਹਿਰ ਵੱਲ ਜਾਂਦੀ ਸੀ। ਰਾਹ 'ਚੋਂ ਥੋੜ੍ਹੀ ਵਿਸਕੀ ਉਹਨੇ ਖਰੀਦ ਲਈ ਸੀ। ਨਹਿਰ ਤੇ ਪਹੁੰਚ ਕੇ ਸੜਕ ਤੋਂ ਥੋੜ੍ਹਾ ਦੂਰ ਉਹਨੇ ਸਕੂਟਰ ਇਕ ਪਾਸੇ ਲਾ ਦਿੱਤਾ ਤੇ ਜਾ ਕੇ ਨਹਿਰ ਦੇ ਕੰਢੇ ਬਹਿ ਗਿਆ। ਹੌਲੀ-ਹੌਲੀ ਨੀਟ ਵਿਸਕੀ ਦੇ ਘੁਟ ਭਰਦਾ ਰਿਹਾ।

ਇਹ ਤੇ ਉਹਨੂੰ ਦਿਸ ਰਿਹਾ ਸੀ ਕਿ ਸਭ ਟੁੱਟ-ਭੱਜ ਗਿਐ। ਅੱਗੇ ਕੀ ਹੋਣ ਵਾਲੈ, ਉਹਨੇ ਕੀ ਕਰਨੈ, ਇਹ ਉਹਨੂੰ ਨਹੀਂ ਸੀ ਪਤਾ ਲੱਗ ਰਿਹਾ। ਇਹ ਕੀ ਸਿਲਸਿਲਾ ਬਣਿਆ? ਉਹ ਨਹੀਂ ਸੀ ਜਾਣਦਾ ਕਿ ਬਲਦੇਵ ਦੀ ਆਮਦ ਇਹ ਰੰਗ ਲਿਆਏਗੀ। ਉਹ ਸੋਚਣ ਲੱਗਿਆ 'ਮੇਰੇ ਨਾਲੋਂ ਟੁੱਟ ਕੇ ਬਲਬੀਰ ਬਲਦੇਵ ਨਾਲ ਕਿਉਂ ਅਟੈਚ ਹੋ ਗਈ? ਕੀ ਦੋਸ਼ ਜਾਂ ਕਮੀ ਸੀ ਮੇਰੇ 'ਚ ? ਬਲਬੀਰ ਨੇ ਕੁਝ ਵੀ ਨਹੀਂ ਸੋਚਿਆ: ਨਾ ਆਪਣੇ ਬਾਰੇ, ਨਾ ਮੇਰੇ ਬਾਰੇ, ਨਾ ਕਿਸੇ ਹੋਰ ਚੀਜ਼ ਬਾਰੇ।'

ਬੈਠਿਆਂ-ਬੈਠਿਆਂ ਉਹਦੀਆਂ ਅੱਖਾਂ ਭਰ ਆਈਆਂ। ਪਰ ਵਿੱਚ-ਵਿੱਚ ਇਹ ਖਿਆਲ ਵੀ ਉਹਨੂੰ ਆਉਂਦਾ ਰਿਹਾ ਕਿ ਜੋ ਮੈਂ ਸੋਚ ਰਿਹੈਂ, ਉਹ ਠੀਕ ਵੀ ਹੈ? ਪਰ ਉਹਦਾ ਮਨ ਹਾਮੀ ਭਰਦਾ ਕਿ ਉਹ ਗਲਤ ਨਹੀਂ ਸੀ।

ਕਾਫੀ ਰਾਤ ਹੋ ਗਈ ਸੀ ਜਦੋਂ ਉਹ ਉਠਿਆ ਕਿਉਂਕਿ ਉਹਨੂੰ ਡਰਿੰਕ ਦੀ ਆਦਤ ਨਹੀਂ ਸੀ, ਇਸ ਲਈ ਨਸ਼ਾ ਉਹਨੂੰ ਵਾਹ-ਵਾਹ ਹੋ ਗਿਆ ਸੀ। ਪਰ ਉਹ ਸਕੂਟਰ ਚਲਾ ਸਕਿਆ ਤੇ ਘਰ ਪਹੁੰਚ ਗਿਆ। ਬਾਰ ਖੁੱਲ੍ਹਾ ਸੀ। ਡਰਾਇੰਗ-ਡਾਇਨਿੰਗ ਕਮਰੇ ਦੀ ਬੱਤੀ ਜਗ ਰਹੀ ਸੀ। ਟੇਬਲ 'ਤੇ ਸ਼ਾਇਦ ਖਾਣਾ ਵੀ ਰੱਖਿਆ ਸੀ। ਉਹਨੇ ਬਾਰ ਬੰਦ ਕੀਤਾ ਤੇ ਆਪਣੀ ਸਟੱਡੀ 'ਚ ਚਲਿਆ ਗਿਆ ਤੇ ਬੱਤੀ ਬੰਦ ਕਰ ਕੇ ਬਿਨਾਂ ਕੱਪੜੇ ਬਦਲੇ ਕੰਬਲ ਲੈ ਕੇ ਪੈ ਗਿਆ। ਪਤਾ ਨਹੀਂ ਬਲਬੀਰ ਨੂੰ ਖੜਕਾ ਸੁਣਿਆ ਜਾਂ ਨਹੀਂ, ਪਰ ਉਹ ਉੱਠੀ ਨਹੀਂ।

ਜੀਤ, ਬਲਦੇਵ ਨੂੰ ਮੁੜਕੇ ਨਹੀਂ ਮਿਲਿਆ ਤੇ ਬਲਦੇਵ ਪੰਦਰਾਂ ਤਰੀਕ ਤੋਂ ਵੀ ਪਹਿਲਾਂ ਸ਼ਿਫਟ ਕਰ ਗਿਆ। ਉਹ ਵੀ ਜੀਤ ਨੂੰ ਨਹੀ ਮਿਲਿਆ। ਬਲਦੇਵ ਤੇ ਚਲਿਆ ਗਿਆ, ਪਰ ਬਲਬੀਰ ਹਰ ਵਕਤ ਘੁੱਟੀ-ਵੱਟੀ ਜਾਂ ਖਿਝੀ ਰਹਿੰਦੀ। ਜੀਤ ਉਹਦੇ ਨਾਲ ਬਹੁਤੀ ਗੱਲ ਨਹੀਂ ਸੀ ਕਰਦਾ। ਸੌਣ ਵੀ ਉਹ ਆਪਣੀ ਸਟੱਡੀ 'ਚ ਹੀ ਲੱਗ ਪਿਆ ਸੀ। ਬਲਬੀਰ ਨਾਲ ਜੇ ਗੱਲ ਹੁੰਦੀ, ਖੁਸ਼ਗਵਾਰ ਨਾ ਹੁੰਦੀ। ਘਰ ਦਾ ਵਾਤਾਵਰਨ ਅਜਿਹਾ ਹੋ ਗਿਆ ਸੀ ਕਿ ਜੀਤ ਦਾ ਕਈ ਵਾਰ ਦਮ ਘੁੱਟਣ ਲੱਗ ਜਾਂਦਾ।

ਇਕ ਦਿਨ ਜੀਤ ਘਰੇ ਕੁਝ ਭੁੱਲ ਗਿਆ ਸੀ। ਲੈਣ ਆਇਆ ਤਾਂ ਮਾਈ ਕੰਮ ਕਰ ਰਹੀ ਸੀ, ਪਰ ਬਲਬੀਰ ਆਪ ਕਿੱਧਰੇ ਨਹੀਂ ਸੀ। "ਕਿਥੇ ਨੇ?" ਬਲਦੇਵ ਨੇ ਪੁੱਛਿਆ। "ਜੀ ਕਹਿੰਦੇ ਕੰਮ ਚੱਲੀ ਆਂ, ਘੰਟੇ ਡੇਢ ਘੰਟੇ ਤੱਕ ਆਊਂਗੀ। ਕਹਿੰਦੇ ਸੀ ਬਈ ਜੇ ਮੈਂ ਨਾ ਆਈ ਦਰਵੱਜਾ ਬੰਦ ਕਰਕੇ ਚਾਬੀ ਗਮਲੇ 'ਚ ਰੱਖਦੀਂ।" ਜੀਤ ਸੋਚਦਾ ਰਿਹਾ, ਡਾਕਟਰ ਸਰੀਨ ਕੋਲ ਨਾ ਗਈ ਹੋਵੇ। "ਪਹਿਲਾਂ ਵੀ ਚਲੇ ਜਾਂਦੇ ਹੁੰਦੇ ਨੇ ?" ਮਾਈ ਨੇ ਉਹਦੇ ਵੱਲ ਦੇਖਿਆ। ਕਹਿੰਦੀ, "ਹਾਂ ਜੀ ਦੂਸਰੇ ਚੌਥੇ ਦਿਨ ਚਲੇ ਜਾਂਦੇ ਐ।" ਜੀਤ ਨੇ ਯੂਨੀਵਰਸਿਟੀ ਵਾਪਿਸ ਜਾਣ ਦਾ ਖਿਆਲ ਛੱਡ ਦਿੱਤਾ। "ਐਂ ਕਰ ਪੁਸ਼ਪਾ ਇਕ ਕੱਪ ਚਾਹ ਬਣਾ ਦੇ।" ਆਖ ਕੇ ਉਹ ਸਟੱਡੀ 'ਚ ਚਲਿਆ ਗਿਆ। ਉਹ ਗੰਭੀਰ ਹੋ ਗਿਆ ਸੀ, ਹਰਖ ਵੀ ਗਿਆ ਸੀ। ਪੁਸ਼ਪਾ ਕੰਮ ਕਰਕੇ ਚਲੇ ਗਈ। ਨੈੱਟ ਤੋਂ ਜੀਤ ਨੂੰ ਡਾ. ਸਰੀਨ ਦਾ ਨੰਬਰ ਮਿਲ ਗਿਆ। ਉਹਨੇ ਡਾਕਟਰ ਨੂੰ ਆਪਣੇ ਬਾਰੇ ਦੱਸਿਆ ਤੇ ਫਿਰ ਬਲਬੀਰ ਬਾਰੇ ਪੁੱਛਿਆ। "ਅੱਜ ਤੇ ਉਹਨਾਂ ਦੀ ਕੋਈ ਅਪਾਇੰਟਮੈਂਟ ਨਹੀਂ ਸੀ," ਡਾ. ਸਰੀਨ ਨੇ ਕਿਹਾ।

ਕੋਈ ਘੰਟੇ ਬਾਦ ਬਲਬੀਰ ਵਾਪਿਸ ਆਈ। ਜੀਤ ਨੂੰ ਦੇਖ ਕੇ ਥੋੜ੍ਹਾ ਹੈਰਾਨ ਹੋਈ, ਪਰ ਬਿਨਾ ਕੁਝ ਕਿਹਾਂ ਬੇਪਰਵਾਹੀ ਨਾਲ

ਬੈਡ ਰੂਮ ਚਲੇ ਗਈ। ਮਗਰੇ ਜੀਤ ਵੀ ਚਲਿਆ ਗਿਆ। "ਕਿਥੇ ਗਈ ਸੀ?" ਬਲਬੀਰ ਉਹਦੇ ਵੱਲ ਝਾਕੀ, "ਕੰਮ ਸੀ।" "ਕੀ ਕੰਮਸੀ?" "ਕਿਉਂ ਮੈਨੂੰ ਕੋਈ ਕੰਮ ਨੀ ਹੋ ਸਕਦਾ?" "ਇਹੋ ਪੁੱਛ ਰਿਹਾਂ ਨਾ ਕੀ ਕੰਮ ਸੀ। ਹਰ ਦੂਸਰੇ ਦਿਨ ਜਾਨੀ ਐਂ –ਏਡੇ ਤੇਰੇ ਕਿਹੜੇ ਕੰਮ ਐਂ ?" ਬਲਬੀਰ ਚੁੱਪ ਕਰ ਗਈ। ਸਮਝ ਗਈ ਮਾਈ ਨੇ ਦੱਸਿਆ ਹੋਏਗਾ। ਉਠ ਕੇ ਬਦਲਣ ਲਈ ਅਲਮਾਰੀ 'ਚੋਂ ਕੱਪੜੇ ਕੱਢਣ ਲੱਗ ਗਈ। ਜੀਤ ਦਾ ਸਬਰ ਟੁੱਟ ਗਿਆ, ਉਸਤੋਂ ਰਿਹਾ ਨਹੀਂ ਗਿਆ, "ਬਲਦੇਵ ਵੱਲ ਗਈ ਸੀ? ਉਹਦੇ ਕੋਲ ਜਾਨੀ ਐਂ ਤੂੰ?" ਬਲਬੀਰ ਉਹਦੇ ਵੱਲ ਝਾਕੀ, ਕੁਝ ਕਹਿਣ ਲੱਗੀ, ਪਰ ਫਿਰ ਬਿਨਾ ਬੋਲੇ ਵਾਸ਼ਰੂਮ ਚਲੀ ਗਈ।

ਜੀਤ ਉੱਠ ਕੇ ਯੂਨੀਵਰਸਿਟੀ ਚਲਿਆ ਗਿਆ। ਉਥੇ ਆਪਣੇ ਕਮਰੇ 'ਚ ਬੈਠਾ ਸੋਚਦਾ ਰਿਹਾ, 'ਇਹ ਕੀ ਹੋ ਗਿਆ ਸਭ – ਕਦੇ ਸੋਚਿਆ ਨਹੀ ਸੀ ਮੇਰੇ ਨਾਲ ਐਂ ਹੋਊ – ਕਿਸੇ ਨਾਲ ਕੀ ਮਾੜਾ ਕੀਤਾ ਮੈਂ'। ਬਾਰ-ਬਾਰ ਉਹਦੇ ਮਨ 'ਚ ਏਹੋ ਆ ਰਿਹਾ ਸੀ ਕਿ ਬਲਬੀਰ ਨਾਲ ਹੁਣ ਉਹ ਰਹਿ ਨਹੀਂ ਸਕੇਗਾ। 'ਪਰ ਮੇਰਾ ਬੱਚਾ ਹੈ ਉਹਦੇ ਕੋਲ', ਇਹ ਸੋਚ ਉਹਨੂੰ ਨਿਢਾਲ ਕਰ ਦਿੰਦੀ। "ਕੀ ਕਰਾਂ?" ਉਹ ਬੇਬਸੀ 'ਚ ਪਤਾ ਨਹੀਂ ਕੀਹਨੂੰ ਆਖਦਾ।

ਅਗਲਾ ਦਿਨ ਸਲੇਟੀ ਰੰਗ ਦਾ ਸੀ। ਬੱਦਲ ਹੋਏ ਹੋਏ ਸੀ। ਸ਼ਾਮ ਨੂੰ ਜਦੋਂ ਜੀਤ ਘਰ ਪਹੁੰਚਿਆ ਤਾਂ ਬੱਦਲ ਹੋਰ ਵੀ ਗਾੜੇ ਹੋ ਗਏ ਸੀ। ਘੋਰ ਵੀ ਰਹੇ ਸੀ ਵਿੱਚ-ਵਿੱਚ। ਮੌਸਮ ਠੰਡਾ ਜਿਹਾ ਹੋ ਗਿਆ ਸੀ। ਕੱਪੜੇ ਬਦਲ ਕੇ ਉਹ ਕੰਬਲ ਲੈ ਕੇ ਸਟੱਡੀ 'ਚ ਪੈ ਗਿਆ। ਬੜਾ ਥੱਕਿਆ-ਹਾਰਿਆ ਮਹਿਸੂਸ ਕਰ ਰਿਹਾ ਸੀ।

ਉਹ ਪਿਆ ਸੀ, ਪਰ ਨੀਂਦ ਨਹੀਂ ਆਈ। ਅਚਾਨਕ ਉਹਦੀ ਸਟੱਡੀ ਦਾ ਦਰਵਾਜ਼ਾ ਖੁੱਲ੍ਹਾ। ਉਹਨੇ ਭਉਂ ਕੇ ਦੇਖਿਆ ਬਲਬੀਰ ਸੀ। ਉਹ ਅੰਦਰ ਆਈ, "ਗੱਲ ਕਰਨੀ ਐਂ।" ਜੀਤ ਨੇ ਉਹਦੇ ਵੱਲ ਦੇਖਿਆ। ਇਕ ਅਜੀਬ ਜਿਹੀ ਗੰਭੀਰਤਾ ਤੇ ਦ੍ਰਿੜਤਾ ਸੀ ਉਹਦੇ ਚਿਹਰੇ 'ਤੇ। "ਬੈਠ," ਜੀਤ ਨੇ ਉਠਦਿਆਂ ਕਿਹਾ। ਉਹ ਕੁਰਸੀ ਤੇ ਬੈਠ ਗਈ। "ਮੈਂ ਜਾ ਰਹੀ ਆਂ ਜੀਤ" ਉਹਨੇ ਸਹਿਜ ਨਾਲ ਕਿਹਾ। "ਕਿੱਥੇ?" ਉਹ ਹੈਰਾਨ ਹੋਇਆ। "ਬਲਦੇਵ ਕੋਲ – ਮੈਂ ਸਿਰਫ ਆਪਣੇ ਕੱਪੜੇ ਤੇ ਗਹਿਣੇ ਲੈ ਕੇ ਜਾ ਰਹੀ ਆਂ।"

ਪਤਾ ਨਹੀਂ ਬਲਬੀਰ ਨੇ ਕਿਵੇਂ ਕਿਹਾ ਕਿ ਜੀਤ ਵੀ ਜਮਾਂ ਭੜਕਿਆ ਨਹੀਂ, ਸਹਿਜ ਰਿਹਾ। "ਬਲਦੇਵ ਸਹਿਮਤ ਐ?"

"ਹਾਂ।"

"ਤੇਰੀ ਬੀਬੀ ਨੂੰ ਪਤੈ?" "ਦੱਸ ਦਊਂਗੀ ਆਪੇ।" "ਤੇਰੇ ਕੋਲ ਬੱਚਾ ਹੈ ਮੇਰਾ।" ਬਲਬੀਰ ਨੇ ਅੱਖਾਂ ਨੀਵੀਆਂ ਕਰ ਲਈਆਂ, "ਉਹ ਵੀ ਤੇਰਾ ਨਹੀਂ ਜੀਤ।" ਉਹਨੇ ਮੂੰਹ ਉਪਰ ਕੀਤਾ, ਉਹਦੀਆਂ ਅੱਖਾਂ ਭਰੀਆਂ ਹੋਈਆਂ ਸੀ। ਜੀਤ ਉਧਰੋਂ ਮੂੰਹ ਭੁਆਂ ਕੇ ਫਰਸ਼ ਵੱਲ ਝਾਕਦਾ ਰਿਹਾ। ਹੁਣ ਕੀ ਰਹਿ ਗਿਆ ਸੀ ਕਹਿਣ-ਸੁਣਨ ਨੂੰ। ਥੋੜ੍ਹੀ ਦੇਰ ਉਹ ਦੋਵੇਂ ਚੁੱਪ ਬੈਠੇ ਰਹੇ। ਫਿਰ ਬਲਬੀਰ ਉਠ ਖੜੀ, "ਜਾਣੀ ਆਂ – ਮੈਨੂੰ ਮਾਫ ਕਰ ਦਈਂ ਜੀਤ।" ਸੁਣ ਕੇ ਪਲ ਦੀ ਪਲ ਜੀਤ ਦੀਆਂ ਅੱਖਾਂ ਵੀ ਭਰ ਗਈਆਂ, ਪਰ ਉਹ ਜਿਵੇਂ ਸੀ ਉਵੇਂ ਹੀ ਬੈਠਾ ਰਿਹਾ।

ਜੀਤ ਨੂੰ ਖੜਕਾ ਸੁਣਦਾ ਰਿਹਾ, ਸ਼ਾਇਦ ਆਪਣਾ ਸਮਾਨ ਕੱਢ ਕੇ ਬਾਹਰ ਰੱਖ ਰਹੀ ਸੀ ਬਲਬੀਰ। ਤੇ ਫਿਰ ਉਹਨੇ ਥਰੀ ਵ੍ਹੀਲਰ ਦੀ ਆਵਾਜ਼ ਸੁਣੀ। ਬਲਬੀਰ ਚਲੇ ਗਈ।

ਜੀਤ ਦੇ ਭਰਾ ਉਹਨੂੰ ਮਿਲਣ ਆਏ। ਬਲਬੀਰ ਬਾਰੇ ਜਾਣ ਕੇ ਬਹੁਤ ਹਰਖ ਗਏ। ਛੋਟਾ ਕਹਿੰਦਾ, "ਕਹੇਂ ਦੋਨਾਂ ਨੂੰ ਮਾਰ ਦੇਣਾ।" ਜੀਤ ਨੇ ਵਰਜ ਦਿੱਤਾ ਸੀ, "ਨਾ, ਏਹੋ ਜਿਹਾ ਕੁਸ਼ ਨੀਂ ਕਰਨਾ, ਤੈਨੂੰ ਮੇਰੀ ਸਹੁੰ।"

... ਸਿਆਲ ਦੀ ਠਰੀ ਉਸ ਚਾਨਣੀ ਰਾਤ ਜੀਤ ਆਪਣੇ ਘਰ ਦੀ ਛਤ ਤੇ ਖੜਾ ਸੀ। ਬਲਬੀਰ ਚਲੇ ਗਈ, ਉਹਦਾ ਘਰ ਹੀ ਨਹੀਂ, ਉਹਦਾ ਹਰ ਵਿਸ਼ਵਾਸ ਤੋੜ ਕੇ, ਉਹਦਾ ਜੀਵਨ ਰੋਲ ਕੇ। ਅੱਜ ਤੱਕ ਉਹਨੂੰ ਸਮਝ ਨਹੀਂ ਆਈ ਕਿ ਉਹਨੇ ਜਾਂ ਬਲਦੇਵ ਨੇ ਇਹ ਕੀ ਕੀਤਾ, ਕਿਉਂ ਕੀਤਾ।

ਤੇ ਅੱਜ ਦੋ ਵਰ੍ਹਿਆਂ ਬਾਦ ਉਹਦਾ ਫੋਨ ਆ ਗਿਆ 'ਜੀਤ ਮੈਂ ਵਾਪਿਸ ਆਉਣਾ ਚਾਹੁਣੀ ਆਂ'। "ਨਹੀ," ਉਸ ਠਰੀ ਰਾਤ ਜੀਤ ਦੇ ਮੂੰਹੋਂ ਨਿਕਲਿਆ, "ਹੁਣ ਨਹੀਂ।" ਕੁਝ ਦੇਰ ਉਹ ਅਸਮਾਨ ਵੱਲ ਝਾਕਦਾ ਰਿਹਾ ਤੇ ਫੇਰ ਹੌਲੀ-ਹੌਲੀ ਪੌੜੀਆਂ ਉਤਰ ਕੇ ਹੇਠਾਂ ਚਲਿਆ ਗਿਆ ...। ੳ



ਪ੍ਰੋ. ਭੁਪਿੰਦਰ ਸਿੰਘ ਮਿਨਹਾਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ Sociology ਦੇ ਰਿਟਾਇਰਡ ਪ੍ਰੋਫ਼ੈਸਰ ਹਨ। ਇਨ੍ਹਾਂ ਦਾ ਕਲਮੀ ਨਾਮ ਸਰਵਣ, ਇਨ੍ਹਾਂ ਦੀ ਜੀਵਨ ਸਾਥਣ ਦਲੀਪ ਕੌਰ ਟਿਵਾਣਾ ਦੇ ਨਾਵਲ ਦੇ ਕੇਂਦਰੀ ਕਿਰਦਾਰ ਦਾ ਨਾਂ ਹੈ। ਸੁਭਾਅ ਦਾ ਸੰਵੇਦਨਸ਼ੀਲ, ਸੋਚਾਂ 'ਚ ਗੁੰਮਸੁੰਮ। ਸੰਪਰਕ : ਬੀ-13, ਪੰਜਾਬੀ ਯੂਨੀਵਰਸਿਟੀ ਪਟਿਆਲਾ-147002, ਫ਼ੋਨ : 0175-2281229

*ਸ਼ਬਦ ਚਿੱਤਰ*

# ਸਾਗਰ ਦਾ ਸੁੱਚਾ ਮੋਤੀ

ਭੋਲਾ ਸਿੰਘ ਸੰਘੇੜਾ

**ਸਾਲ 1969.**

ਸਾਉਣ ਦਾ ਮਹੀਨਾ। ਦਿਨ ਦਾ ਪਿਛਲਾ ਪਹਿਰ। ਗਲ਼ੀਆਂ 'ਚ ਚਿੱਕੜ ਹੀ ਚਿੱਕੜ।

ਅਜੇ ਕੱਲ੍ਹ ਹੀ ਮੀਂਹ ਪੈ ਕੇ ਹਟਿਆ ਸੀ।

ਸਕੂਲੋਂ ਛੁੱਟੀ ਤੋਂ ਬਾਅਦ ਮੈਂ ਘਰ ਪਹੁੰਚਦਾ ਹਾਂ। ਘਰ 'ਚ ਚੁੱਪ-ਚਾਂਅ ਹੈ। ਮੈਂ ਇਧਰ ਉਧਰ ਦੇਖਦਾ ਹਾਂ। ਬਸਤਾ ਝਲਾਨੀ 'ਚ ਰੱਖਦਾ ਹਾਂ।

ਘਬਰਾਇਆ ਹੋਇਆ ਸਬ੍ਹਾਤ ਅੰਦਰ ਜਾਂਦਾ ਹਾਂ। ਮੇਰਾ ਵੱਡਾ ਭਾਈ ਮੰਜੇ 'ਚ ਪਿਆ ਹੈ। ਮੰਜੇ ਦੁਆਲੇ ਮਾਂ, ਬਾਪ ਤੇ ਪਰਿਵਾਰ ਦੇ ਹੋਰ ਜੀਅ ਹੱਥ ਬੰਨ੍ਹੀ ਖੜ੍ਹੇ ਹਨ। ਇਨ੍ਹਾਂ 'ਚ ਇਕ ਓਪਰਾ ਸੱਜਣ ਵੀ ਨਜ਼ਰ ਆਉਂਦਾ ਹੈ। ਇਸਨੂੰ ਮੈਂ ਪਹਿਲੀ ਬਾਰ ਦੇਖ ਰਿਹਾ ਹਾਂ।

ਗੋਰਾ ਰੰਗ। ਮੂੰਹ ਤੇ ਮਾਤਾ ਦੇ ਦਾਗ਼। ਭਰਵੀਂ ਕਾਲ਼ੀ ਸਿਆਹ ਦਾੜ੍ਹੀ। ਉਸਦੇ ਇਕ ਹੱਥ 'ਚ ਮੇਰੇ ਭਾਈ ਦਾ ਗੁੱਟ ਫੜ੍ਹਿਆ ਹੋਇਆ ਹੈ। ਉਸਦੀ ਨਜ਼ਰ ਦੂਜੇ ਹੱਥ ਤੇ ਬੰਨ੍ਹੀ ਘੜੀ ਵੱਲ ਹੈ। ਸ਼ਾਇਦ ਉਹ ਨਬਜ਼ ਦੇਖ ਰਿਹਾ ਹੈ। ਇਕ ਕਾਲਾ ਬੈਗ ਮੰਜੇ ਤੇ ਸਿਰਹਾਣੇ ਵੱਲ ਪਿਆ ਹੈ।

ਮਾਂ ਮੈਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਦੀ ਹੈ। ਬਾਂਹ ਛੱਡ ਉਹ ਕਾਲੇ ਬੈਗ ਵਿਚੋਂ ਇਕ ਧਾਗਾ ਕੱਢਦਾ ਹੈ। ਫਿਰ ਧਾਗੇ ਨਾਲ ਭਾਈ ਦੇ ਪੇਟ ਦੀ ਮਿਣਤੀ ਕਰਦਾ ਹੈ। ਮਿਣਤੀ ਕਰਨ ਤੋਂ ਬਾਅਦ ਫਿਰ ਬਹੁਤ ਹੀ ਹੌਲੀ ਜਿਹੇ ਬੋਲਦਾ ਹੈ, "ਘਬਰਾਉਣ ਦੀ ਲੋੜ ਨ੍ਹੀ... ਮੁੰਡਾ ਥੋਡਾ ਠੀਕ ਹੋਜੂਗਾ... ਹਾਂ ਦਵਾਈ ਲਗਾਤਾਰ ਖਾਣੀ ਪਵੇਗੀ... ਅੱਧੇ ਕੁ ਘੰਟੇ ਬਾਅਦ ਕਿਸੇ ਨੂੰ ਡੇਰੇ ਭੇਜ ਦੇਣਾ।"

ਉਸਦੀ ਆਵਾਜ਼ ਵਿਚ ਬੇਹੱਦ ਠਰ੍ਹੰਮਾ ਹੈ। ਘਰੋਂ ਬਾਹਰ ਜਾਣ ਤੋਂ ਪਹਿਲਾਂ ਸਾਰੇ ਜੀਅ ਉਸਦੇ ਚਰਨ ਛੂੰਹਦੇ ਹਨ। ਬਾਪ ਚਰਨ ਛੂਹਣ ਲੱਗਿਆ ਸੌ ਰੁਪਏ ਦਾ ਮੱਥਾ ਵੀ ਟੇਕਦਾ ਹੈ।

ਉਸਦੇ ਘਰੋਂ ਬਾਹਰ ਜਾਣ ਤੋਂ ਬਾਅਦ ਮੈਂ ਮਾਂ ਨੂੰ ਪੁੱਛਦਾ ਹਾਂ, "ਕੌਣ ਸੀ ਇਹ?"

ਮਾਂ ਮੈਨੂੰ ਘੂਰਦੀ ਹੈ, "ਫੋਅਟ... ਬੋਲ਼ਾ ਨਾ ਹੋਵੇ... ਤੈਨੂੰ ਪਤਾ ਨ੍ਹੀ... ਇਹ ਡੇਰੇ ਦੇ ਮਹੰਤ ਸਨ... ਮਾਧਵਾ ਨੰਦ... ਕਮਲ਼ਿਆ ਪੈਰੀਂ ਹੱਥ ਲਾਈ ਦੇ ਐ... ਡੰਗਰ ਨਾ ਹੋਵੇ ਕਿਤੋਂ ਦਾ"

ਅੱਧੇ ਕੁ ਘੰਟੇ ਬਾਅਦ ਬਾਪ ਡੇਰੇ ਜਾਣ ਲਈ ਖੜ੍ਹਾ ਹੁੰਦਾ ਹੈ। ਮੈਂ ਵੀ ਨਾਲ ਹੋ ਉੱਠਦਾ ਹਾਂ।

ਪਹਿਲਾਂ ਬਾਜ਼ਾਰ, ਫਿਰ ਰੂੜੀਆਂ ਦੇ ਵਿੰਗ-ਤੜਿੰਗੇ ਰਸਤੇ, ਅਸੀਂ ਪਿੰਡ ਦੀ ਖਾਹਰਾ ਪੱਤੀ ਪਹੁੰਚਦੇ ਹਾਂ। ਸਾਹਮਣੇ ਇਕ ਵੱਡਾ ਦਰਵਾਜ਼ਾ ਨਜ਼ਰ ਆਉਂਦਾ ਹੈ। ਲਿਖਿਆ ਹੈ; ਡੇਰਾ ਬਾਬਾ ਟੇਕ ਦਾਸ। ਦਰਵਾਜ਼ਾ ਲੰਘ, ਖੱਬੇ ਮੁੜ, ਇਕ ਵੱਡੀ ਸਵਾਤ 'ਚ ਦਾਖ਼ਲ ਹੁੰਦੇ ਹਾਂ।

ਕੱਚੀਆਂ ਕੰਧਾਂ। ਇੱਟ-ਬਾਲੇ ਦੀ ਛੱਤ। ਕੰਧਾਂ 'ਚ ਕਈ ਥਾਂ ਤਰੇੜਾਂ ਦਿਖਾਈ ਦਿੰਦੀਆਂ ਹਨ।

ਉੱਥੇ ਬੈਂਚਾਂ ਤੇ ਦਸ ਬਾਰਾਂ ਮਰੀਜ਼ ਬੈਠੇ ਹਨ। ਸਾਹਮਣੇ ਕੁਰਸੀ 'ਤੇ ਬੈਠੇ ਸੰਤ ਪੁੜੀਆਂ ਬੰਨ੍ਹ ਰਹੇ ਹਨ। ਉਨ੍ਹਾਂ ਅੱਗੇ ਸ਼ੀਸ਼ੀਆਂ ਨਾਲ ਭਰਿਆ ਇਕ ਮੇਜ ਪਿਆ ਹੈ।

ਮਰੀਜ਼ਾਂ ਨੂੰ ਭੁਗਤਾਅ ਉਹ ਇਸ਼ਾਰੇ ਨਾਲ ਸਾਨੂੰ ਕੋਲ ਬੁਲਾਉਂਦੇ ਹਨ। ਬਾਪ ਦਵਾਈ ਦੀਆਂ ਖ਼ੁਰਾਕਾਂ ਬਾਰੇ ਸਮਝਦਾ ਹੈ। ਫਿਰ ਸੰਤ ਮੁਸਕਰਾਉਂਦੇ ਹੋਏ ਮੇਰੇ ਵੱਲ ਦੇਖਕੇ ਬੋਲਦੇ ਹਨ, "ਕਿਹੜੀ ਜਮਾਤ 'ਚ ਪੜ੍ਹਦੈਂ?"

"ਤੀਜੀ 'ਚ" ਮੈਂ ਸੰਗਦਾ-ਸੰਗਦਾ ਬੋਲਦਾ ਹਾਂ।

ਬਾਪ ਮੇਰੀ ਬਾਂਹ ਫੜ੍ਹ ਸੰਤਾਂ ਦੇ ਨੇੜੇ ਕਰਦੇ ਹੋਏ ਪੁੱਛਦੇ ਹਨ, "ਬਾਬਾ ਜੀ ਇਹਦੀਆਂ ਕੋਰਾਂ ਬੜੀਆਂ ਪੱਕਦੀਆਂ ਹਨ?"

ਸੰਤ ਮੇਰੇ ਹੱਥ ਫੜ੍ਹ ਉਂਗਲਾਂ ਵੱਲ ਦੇਖਦੇ ਹੋਏ ਬੋਲਦੇ ਹਨ, "ਨਹੁੰਆਂ ਦੀ ਸਫਾਈ ਦਾ ਧਿਆਨ ਰੱਖਿਆ ਕਰੋ... ਹਫ਼ਤੇ ਬਾਅਦ ਨਹੁੰ ਕੱਟਿਆ ਕਰੋ... ਦੇਖੋ ਨਾ ਕਿੱਡੇ ਕਿੱਡੇ ਵਧੇ ਨੇ"

ਦਰਅਸਲ ਭਰਾ ਦੀ ਬਿਮਾਰੀ ਪਾਣੀਝਾਰਾ (ਟਾਈਫਾਈਡ) ਵਿਗੜ ਗਿਆ ਸੀ। ਬਰਨਾਲੇ ਇਕ ਪ੍ਰਾਈਵੇਟ ਹਸਪਤਾਲ 'ਚ ਦੋ ਤਿੰਨ ਹਫ਼ਤੇ ਰੱਖਿਆ ਪਰ ਕੋਈ ਫ਼ਰਕ ਨਾ ਪਿਆ। ਆਖ਼ਰ ਕਿਸੇ ਨੇ ਸੰਤ ਮਾਧਵਾ ਨੰਦ ਨੂੰ ਦਿਖਾਉਣ ਲਈ ਕਿਹਾ। ਭਰਾ ਨੂੰ ਛੁੱਟੀ ਦਿਵਾ ਅਸੀਂ ਘਰ ਚੁੱਕ ਲਿਆਏ ਸਾਂ।

ਭਰਾ ਦੀ ਬਿਮਾਰੀ ਦੇ ਜ਼ਰੀਏ ਸਾਡਾ ਪਰਿਵਾਰ ਡੇਰੇ ਅਤੇ ਸੰਤਾਂ ਨਾਲ ਜੁੜ ਗਿਆ ਸੀ।

◆ ◆ ◆

ਡੇਰੇ ਦਾ ਮਹੰਤ ਬਣਨਾ ਮਾਧਵਾ ਨੰਦ ਦੀ ਆਪਣੀ ਮਰਜ਼ੀ ਨਹੀਂ ਸੀ।

ਮਾਂ ਦੁਰਗੀ ਦੇਵੀ ਤੇ ਬਾਪ ਮੁਨਸ਼ੀ ਰਾਮ ਨੇ ਉਸਦਾ ਨਾਂ ਮਾਧੋ ਰਾਮ ਰੱਖਿਆ ਸੀ। ਬਚਪਨ 'ਚ ਨਾਮੁਰਾਦ ਬਿਮਾਰੀ ਚੇਚਕ ਨੇ ਆ ਘੇਰਿਆ। ਮਾਧੋ ਰਾਮ ਠੀਕ ਹੋਣ 'ਚ ਹੀ ਨਾ ਆਵੇ। ਬਿਮਾਰੀ ਲਮਕਦੀ ਹੀ ਜਾਵੇ। ਉਨ੍ਹਾਂ ਦਿਨਾਂ 'ਚ ਕਿੰਨੇ ਹੀ ਇਸ ਬਿਮਾਰੀ ਦੀ ਭੇਟ ਚੜ੍ਹ ਚੁੱਕੇ ਸਨ। ਮਾਧੋ ਦੇ ਬਚਣ ਦੀ ਆਸ ਨਾ ਰਹੀ। ਮਾਂ ਨੂੰ ਚਿੰਤਾ ਹੋਈ। ਬਾਪ ਨੂੰ ਚਿੰਤਾ ਹੋਈ।

ਇਕ ਦਿਨ ਮਾਂ ਨੇ ਕਿਹਾ , "ਮਾਧੋ ਦੇ ਪਿਓ ! ਮੇਰੇ ਪੁੱਤ ਦੇ ਬਚਣ ਦੀ ਆਸ ਨਹੀਂ ਦੀਂਹਦੀ... ਖੌਰੇ ਰੱਬ ਏਹਨੂੰ ਸਾਡੇ ਘਰ ਰੱਖਣਾ ਹੀ ਨਾ ਚਾਹੁੰਦਾ ਹੋਵੇ... ਖੌਰੇ ਇਸ ਦੀ ਜਾਨ ਹੀ ਬਚ ਜਾਵੇ"

ਬਾਪ ਮਾਂ ਵੱਲ ਝਾਕਿਆ, "ਕਿਵੇਂ?"

ਮਾਂ ਬੋਲੀ, "ਆ ਰੱਬ ਅੱਗੇ ਦੁਆ ਕਰੀਏ"

ਮਾਂ ਪਿਓ ਖੜ੍ਹੇ ਹੋਏ ਤੇ ਹੱਥ ਬੰਨ੍ਹ ਦੁਆ ਕਰਨ ਲੱਗੇ, "ਹੇ ਪ੍ਰਮਾਤਮਾ ! ਇਹ ਤੇਰੀ ਹੀ ਦਿੱਤੀ ਹੋਈ ਦਾਤ ਹੈ... ਸਾਡੀ ਝੋਲੀ ਨਹੀਂ ਪਾਉਣੀ ਨਾ ਪਾ... ਸਾਡੇ ਘਰ ਨਹੀਂ ਰੱਖਣਾ ਚਾਹੁੰਦਾ ਨਾ ਰੱਖ... ਪਰ ਇਸਦੀ ਜਾਨ ਤਾਂ ਬਖਸ਼... ਸਾਡਾ ਪੁੱਤ ਲੋਕਾਂ ਦਾ ਸੇਵਕ ਬਣਕੇ ਰਹੇਗਾ... ਅੱਜ ਅਸੀਂ ਇਸਨੂੰ ਬਾਬਾ ਕੌਲ ਦਾਸ ਨੂੰ ਭੇਂਟ ਕਰਦੇ ਹਾਂ..."

ਬਾਬਾ ਕੌਲ ਦਾਸ ਇਲਾਕੇ ਦਾ ਪ੍ਰਸਿੱਧ ਵੈਦ ਸੀ। ਮਾਧੋ ਦਿਨ-ਬ-ਦਿਨ ਸਿਹਤਯਾਬ ਹੁੰਦਾ ਗਿਆ। ਹੁਣ ਉਦਾਸੀਨ ਡੇਰੇ ਰਹਿੰਦਾ ਮਾਧੋ ਰਾਮ, ਬਾਬਾ ਕੌਲ ਦਾਸ ਦਾ ਚੇਲਾ ਬਣ ਗਿਆ ਸੀ।

ਸੰਤ ਕੌਲ ਦਾਸ ਦੇ ਡੇਰੇ ਦੀ ਆਪਣੀ ਹੀ ਆਭਾ ਸੀ। ਇਹ ਉਹ ਧਰਤੀ ਸੀ ਜਿੱਥੇ ਆਯੁਰਵੈਦਿਕ ਦੇ ਗਿਆਤਾਵਾਂ ਦੇ ਚਰਨ ਪੈਂਦੇ ਰਹਿੰਦੇ ਸਨ। ਜਿੱਥੇ ਵਿਦਵਾਨ ਲੋਕ ਦੂਰੋਂ-ਦੂਰੋਂ ਆਉਂਦੇ ਰਹਿੰਦੇ ਸਨ। ਸਾਰਾ ਵਾਤਾਵਰਣ ਧਾਰਮਿਕਤਾ ਵਿਚ ਰੰਗਿਆ ਹੋਇਆ ਸੀ। ਇੱਥੇ ਅਕਸਰ ਵੈਦਿਕ ਵਿੱਦਿਆ ਬਾਰੇ ਚਰਚਾ ਹੁੰਦੀ ਰਹਿੰਦੀ। ਇਤਿਹਾਸ ਅਤੇ ਮਿਥਹਾਸ ਨੂੰ ਆਪੋ-ਆਪਣੇ ਨਜ਼ਰੀਏ ਤੋਂ ਪਰਖਿਆ ਜਾਂਦਾ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸ਼ੁੱਧ ਉਚਾਰਨ ਬਾਰੇ ਨੁਕਤੇ ਵਿਚਾਰੇ ਜਾਂਦੇ।

ਹੁਣ ਉਹ ਡੇਰੇ ਦਾ ਸੇਵਕ ਸੀ। ਉਸਨੇ ਗਲ 'ਚ ਬਗਲੀ ਪਾ ਲਈ। ਉਹ ਦੁੱਧ ਅਤੇ ਰੋਟੀਆਂ ਦੀ ਗਜ਼ਾ ਕਰਨ ਲਈ ਪਿੰਡ 'ਚ ਚੱਕਰ ਲਾਉਣ ਲੱਗਿਆ। ਉਹ ਤਿਲ-ਫੁੱਲ ਲੈ ਕੇ ਮੁੜਦਾ ਤਾਂ ਭੁੱਖਿਆਂ ਨੂੰ ਝੁਲਕਾ ਮਿਲਦਾ।

ਸ਼ਾਇਦ ਇਸ ਸੇਵਾ ਨੇ ਉਸ ਵਿੱਚ ਨਿਮਰਤਾ ਭਰੀ-ਇਸ ਸੇਵਾ ਨੇ ਹੀ ਉਸਦਾ ਮਨ ਨੀਂਵਾ ਤੇ ਮੱਤ ਉੱਚੀ ਕੀਤੀ।

ਉਸਦੇ ਨੰਗੇ ਪੈਰਾਂ ਨੂੰ ਕਿੰਨਾ ਹੀ ਸਫ਼ਰ ਤੈਅ ਕਰਨਾ ਪਿਆ ਹੋਵੇਗਾ। ਕੱਚੀਆਂ ਗਲੀਆਂ ਦਾ ਲੰਮਾ ਸਫ਼ਰ। ਇਸ ਸਫ਼ਰ ਨੇ ਉਸਨੂੰ ਕਿੰਨੇ ਹੀ ਸਬਕ ਦਿੱਤੇ ਹੋਣਗੇ। ਉਸਨੇ ਕੱਚੇ ਘਰਾਂ ਦੀਆਂ ਕੰਧਾਂ 'ਚ ਸਿਮਟਦੇ ਸੁਪਨਿਆਂ ਨੂੰ ਦੇਖਿਆ ਹੋਵੇਗਾ। ਉਸਨੇ ਜਾਣਿਆ ਹੋਵੇਗਾ ਕੱਚੇ ਘਰਾਂ ਦੇ ਦੁੱਖ ਤੇ ਦਰਦ ਨੂੰ। ਉਸਨੇ ਦਵਾਈ ਖੁਣੋਂ ਮੁਕਦੇ ਸਾਹਾਂ ਨੂੰ ਆਪਣੇ ਕੰਨੀ ਸੁਣਿਆ ਹੋਵੇਗਾ।


ਮਹੰਤ ਕੌਲ ਦਾਸ ਦੀ ਪਾਰਖੂ ਅੱਖ ਨੂੰ ਮਾਧੋ ਰਾਮ ਵਿੱਚੋਂ ਬੜਾ ਕੁੱਝ ਨਜ਼ਰ ਆਉਣ ਲੱਗਿਆ। ਕੌਲ ਦਾਸ ਉਸਦੀ ਬੁੱਧੀ, ਸਿਆਣਪ ਅਤੇ ਸਮਰੱਥਾ ਦਾ ਕਾਇਲ ਹੋ ਗਿਆ। ਡੇਰੇ ਦੀ ਗਜ਼ਾ ਕਰਨ ਲਈ ਤਾਂ ਹੋਰ ਬਥੇਰੇ ਮੁੰਡੇ ਸਨ। ਮਾਧੋ

ਰਾਮ ਸਿਰਫ ਇਸ ਕੰਮ ਲਈ ਹੀ ਨਹੀਂ ਸੀ ਬਣਿਆ। ਮਹੰਤ ਕੌਲ ਦਾਸ ਨੇ ਮਾਧੋ ਰਾਮ ਨੂੰ ਵਿੱਦਿਆ ਨਾਲ ਜੋੜਿਆ।ਪੜ੍ਹਾਈ ਤੋਂ ਬਿਨਾਂ ਵੈਦਿਕ ਦੀ ਪੜ੍ਹਾਈ ਵੀ ਕਰਵਾਈ।

ਹਰਫ਼ਾਂ ਦੇ ਸਾਥ ਨੇ ਉਸਦੀ ਸਿਆਣਪ ਵਿਚ ਹੋਰ ਤਾਜ਼ਗੀ ਭਰ ਦਿੱਤੀ। ਉਹ ਸਾਹਿਤ ਨਾਲ ਜੁੜ ਗਿਆ। ਪੰਜਾਬੀ ਤੋਂ ਬਿਨਾਂ ਉਸਦੀ ਨਜ਼ਰ ਹਿੰਦੀ ਤੇ ਸੰਸਕ੍ਰਿਤ ਦੇ ਸਾਹਿਤ ਵੱਲ ਵੀ ਗਈ। ਸਾਹਿਤ ਪੜ੍ਹਦਾ-ਪੜ੍ਹਦਾ ਤੇ ਅਧਿਐਨ ਕਰਦਾ-ਕਰਦਾ ਉਹ ਖ਼ੁਦ ਵੀ ਸਿਰਜਣਾ ਕਰਨ ਲੱਗਿਆ। ਹੁਣ ਉਹ ਮਾਧੋ ਰਾਮ ਤੋਂ 'ਮਾਧੋ ਰਾਮ ਸ਼ਰਮਾ' ਬਣ ਗਿਆ ਸੀ।

ਇੱਥੇ ਵਿਚਰਦੇ ਵਿਦਵਾਨਾਂ ਦੀ ਦੁਨੀਆ ਵਿੱਚ ਮਾਧੋ ਰਾਮ ਦੀ ਵਿਦਵਤਾ ਸਭ ਨੂੰ ਕਾਇਲ ਕਰਨ ਵਾਲੀ ਸੀ। ਉਹ ਅਜੋਕੀਆਂ ਘਟਨਾਵਾਂ ਤੇ ਵਰਤਾਰੇ ਨੂੰ ਇਤਿਹਾਸ ਜਾਂ ਮਿਥਿਹਾਸ ਦੇ ਪ੍ਰਸੰਗ 'ਚ ਰੱਖ ਕੇ ਆਪਣੇ ਹੀ ਢੰਗ ਨਾਲ ਵਿਆਖਿਆ ਕਰਦਾ। ਉਸਦੀ ਇਹ ਵਿਆਖਿਆ ਸੁਣਕੇ ਸਭ ਅਸ਼-ਅਸ਼ ਕਰ ਉੱਠਦੇ।

ਇਨ੍ਹਾਂ ਹੀ ਦਿਨਾਂ 'ਚ ਪਿੰਡ ਸੰਘੇੜਾ ਦੇ ਮਹੰਤ ਦੀ ਮ੍ਰਿਤੂ ਹੋ ਗਈ। ਬਾਬਾ ਕੌਲ ਦਾਸ ਨੇ ਮਾਧੋ ਰਾਮ ਨੂੰ ਆਪਣੇ ਕੋਲ ਬੁਲਾਇਆ ਤੇ ਕਿਹਾ, "ਮਾਧੋ ਪ੍ਰਮਾਤਮਾ ਨੇ ਤੈਨੂੰ ਅਥਾਹ ਸਮਰੱਥਾ ਬਖਸ਼ੀ ਹੈ... ਆਪਣੀ ਵਿਦਵਤਾ ਤੇ ਸਮਰੱਥਾ ਨੂੰ ਲੋਕਾਂ ਦੇ ਲੇਖੇ ਲਾਉਣ ਦਾ ਵਕਤ ਆ ਗਿਆ ਹੈ..."


ਸੰਤ ਮਾਧਵਾ ਨੰਦ

ਹੁਣ ਮਾਧੋ ਰਾਮ ਅੱਗੇ ਨਵੇਂ ਸਵਾਲ ਉੱਗ ਆਏ ਸਨ। ਉਹ ਉਸ ਮੋੜ ਤੇ ਆ ਖੜ੍ਹਿਆ ਸੀ ਜਿੱਥੋਂ ਅੱਗੇ ਦੋ ਰਸਤੇ ਸਨ-ਇਕ ਸਮਾਜ ਵੱਲ ਜਾਂਦਾ ਤੇ ਦੂਜਾ ਉਦਾਸੀਨ ਸੰਪ੍ਰਦਾਇ ਵੱਲ। ਇਕ ਪਾਸੇ ਗੁਰੂ ਕੌਲ ਦਾਸ ਨਾਲ ਕੀਤਾ ਉਸਦੇ ਮਾਪਿਆਂ ਦਾ ਕੌਲ ਸੀ ਤੇ ਦੂਜੇ ਪਾਸੇ ਆਮ ਲੋਕਾਚਾਰੀ। ਫੈਸਲਾ ਬੜਾ ਕਠਿਨ ਸੀ।

ਆਖ਼ਰ 1961 ਵਿਚ ਉਹ ਪਿੰਡ ਸੰਘੇੜਾ ਦੇ ਡੇਰੇ ਟੇਕ ਦਾਸ ਦਾ ਮਹੰਤ ਬਣ ਗਿਆ ਸੀ।

ਮਾਧਵਾ ਨੰਦ ਨੇ ਡੇਰੇ 'ਚ ਕਦਮ ਰੱਖੇ। ਇੱਧਰ ਉਧਰ ਨਿਗਾਹ ਘੁੰਮਾਈ। ਚਾਰੇ ਪਾਸੇ ਵਿਰਾਨਗੀ ਹੀ ਵਿਰਾਨਗੀ ਨਜ਼ਰ ਆਈ।

ਹੇਠਾਂ ਦੇਖਿਆ। ਕਲਰਾਠੀ ਧਰਤੀ। ਥਾਂ-ਥਾਂ ਤੋਂ ਉੱਫਣੀ ਹੋਈ। ਜਿਉਂ ਹੀ ਕਦਮ ਰੱਖਣ ਸਰਕ-ਸਰਕ ਕਰਕੇ ਰੇਤੇ 'ਚ ਧਸਦੇ ਜਾਣ।

ਕਮਰਿਆਂ 'ਚ ਫੇਰੀ ਲਾਈ। ਉੱਥੇ ਵੀ ਉਹੀ ਹਾਲ। ਰੇਹੀ ਦੀਆਂ ਖਾਧੀਆਂ ਕੱਚੀਆਂ ਕੰਧਾਂ। ਲਿਓੜ ਡਿੱਗਣ। ਕੰਧਾਂ 'ਚ ਤਰੇੜਾਂ ਹੀ ਤਰੇੜਾਂ। ਥਾਂ-ਥਾਂ ਕਬੂਤਰਾਂ ਤੇ ਉੱਲੂਆਂ ਦੀਆਂ ਬਿੱਠਾਂ।

ਰਾਤਾਂ ਹੋਰ ਵੀ ਭਿਆਨਕ। ਕੁੱਤਿਆਂ ਤੇ ਬਿੱਲੀਆਂ ਦੀਆਂ ਡਰਾਉਣੀਆਂ ਆਵਾਜ਼ਾਂ।

ਮਾਧਵਾ ਨੰਦ ਜ਼ਮੀਨ ਵੱਲ ਹੋਏ। ਕਹਿਣ ਨੂੰ ਸੱਠ ਕਿੱਲਿਆਂ ਦਾ ਵੱਡਾ ਟੱਕ ਪਰ ਸਾਰੀ ਦੀ ਸਾਰੀ ਬਰਾਨੀ। ਦੂਰ-ਦੂਰ ਤੱਕ ਟਿੱਬੇ ਹੀ ਟਿੱਬੇ। ਟਿੱਬਿਆਂ ਤੇ ਉੱਚੀ-ਉੱਚੀ ਕਾਹੀਂ ਤੇ ਮਲ੍ਹੇ-ਝਾੜੀਆਂ। ਮਾਧਵਾ ਨੰਦ ਸਿਰ ਫੜਕੇ ਡੇਰੇ ਦੇ ਖੂੰਢ ਤੇ ਆ ਬੈਠੇ। ਰਾਤਾਂ ਨੂੰ ਨੀਂਦ ਨਾ ਆਵੇ। ਸਾਰੇ ਕਾਰੋਬਾਰ ਨੂੰ ਥਾਂ ਸਿਰ ਕਰਨਾ ਪਹਾੜ ਦੇ ਨਾਲ ਮੱਥਾ ਲਾਉਣ ਦੇ ਤੁਲ ਸੀ।

ਇਨ੍ਹਾਂ ਹੀ ਦਿਨਾਂ'ਚ ਪੰਜਾਬ ਨਵੀਂ ਕਰਵਟ ਲੈ ਰਿਹਾ ਸੀ। ਖੇਤੀ ਦਾ ਇਕ ਦੌਰ ਖਤਮ ਹੋ ਰਿਹਾ ਸੀ ਤੇ ਦੂਜਾ ਸ਼ੁਰੂ ਹੋ ਰਿਹਾ ਸੀ। ਖੂਹਾਂ ਦਾ ਪਾਣੀ ਸੁੱਕ ਰਿਹਾ ਸੀ। ਖੂਹਾਂ ਦੀ ਥਾਂ ਟਿਊਬਵੈਲ ਲੈ ਰਹੇ ਸਨ। ਟਿਊਬਵੈਲ ਨੂੰ ਚਲਾਉਣ ਲਈ ਇੰਜਣ ਆ ਰਹੇ ਸਨ। ਕਿਤੇ-ਕਿਤੇ ਟਰੈਕਟਰ ਵੀ ਦਿਖਾਈ ਦੇਣ ਲੱਗੇ ਸਨ। ਇਹ ਸਮਾਂ ਹਰੇ ਇਨਕਲਾਬ ਦੀ ਆਮਦ ਦਾ ਸੀ। ਪਰ ਹਰੇ ਇਨਕਲਾਬ ਨੂੰ ਗਲਵੱਕੜੀ ਪਾਉਣ ਲਈ ਜੇਬ 'ਚ ਮਾਇਆ ਹੋਣੀ ਜ਼ਰੂਰੀ ਸੀ।

ਬੜਾ ਔਖਾ ਪੈਂਡਾ ਸੀ। ਉਂਝ ਮਾਧਵਾ ਨੰਦ ਇਨ੍ਹਾਂ ਚੁਣੌਤੀਆਂ ਤੋਂ ਬੇਖ਼ਬਰ ਨਹੀਂ ਸਨ। ਜੇ ਬੇਖ਼ਬਰ ਹੁੰਦੇ ਤਾਂ ਇਹ ਰਸਤਾ ਹੀ ਕਿਉਂ ਚੁਣਦੇ। ਉਹ ਜਾਣਦੇ ਸਨ ਕਿ ਅਜਿਹੀਆਂ ਪ੍ਰੀਖਿਆਵਾਂ ਦਾ ਪਤਾ ਨਹੀਂ ਕਿੰਨੇ ਵਾਰ ਸਾਹਮਣਾ ਕਰਨਾ ਪਵੇਗਾ। ਕਿੰਨੇ ਵਾਰੀ ਅਜਿਹੀਆਂ ਕੁਠਾਲੀਆਂ ਵਿੱਚੋਂ ਗੁਜ਼ਰਨਾ ਪਵੇਗਾ।

ਰਮਾਇਣ, ਮਹਾਂਭਾਰਤ ਤੇ ਗੁਰੂ ਗ੍ਰੰਥ ਸਾਹਿਬ ਉਨ੍ਹਾਂ ਦੇ ਅੰਗ-ਸੰਗ। ਇਤਿਹਾਸ, ਮਿਥਹਾਸ ਦਾ ਕਿੰਨਾ ਹੀ ਅਧਿਐਨ। ਉਹ ਸਿਰਫ ਵੈਦ ਹੀ ਨਹੀਂ ਸਨ ਸਗੋਂ ਲੋਕ ਮਾਨਸਿਕਤਾ ਨੂੰ ਸਮਝਣ ਵਾਲੇ ਮਹਾਂਪੁਰਖ ਸਨ।

ਉਨ੍ਹਾਂ ਨੇ ਆਪਣੇ ਸਫ਼ਰ ਦਾ ਆਗਾਜ਼ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਨਾਲ ਕੀਤਾ। ਭੋਗ ਉਪਰੰਤ ਇਕ ਲੰਮਾ ਪ੍ਰਵਚਨ ਦਿੱਤਾ। ਪਿੰਡ ਦੇ ਲੋਕਾਂ ਤੋਂ ਬਿਨਾਂ ਦੂਰੋਂ-ਨੇੜਿਓ ਸੰਤ,ਮਹੰਤ ਤੇ ਪਤਵੰਤੇ ਵੱਡੀ ਗਿਣਤੀ 'ਚ ਸ਼ਾਮਿਲ ਹੋਏ।

ਬੜੀ ਸੋਚ ਵਿਚਾਰ ਤੋਂ ਬਾਅਦ ਉਨ੍ਹਾਂ ਸਾਰਾ ਧਿਆਨ ਵੈਦਿਕ ਤੇ ਕੇਂਦਰਿਤ ਕਰ ਦਿੱਤਾ। ਇਹ ਕੰਮ ਵੀ ਉਨ੍ਹਾਂ ਲਈ ਚੁਣੌਤੀ ਭਰਿਆ ਸੀ। ਪਿੰਡ ਸੰਘੇੜਾ ਤੋਂ ਸ਼ਹਿਰ ਬਰਨਾਲਾ ਕੋਈ ਕੋਹ ਕੁ ਦੀ ਵਿੱਥ ਤੇ ਸੀ। ਬਰਨਾਲਾ 'ਚ ਬੜੇ ਪੁਰਾਣੇ ਤੇ ਤਜ਼ੱਰਬੇਕਾਰ ਡਾਕਟਰ ਤੇ ਵੈਦ ਬੈਠੇ ਸਨ। ਮਾਧਵਾ ਨੰਦ ਦਾ ਡੇਰਾ ਗਰੀਬ ਤੋਂ ਗਰੀਬ ਦੀ ਪ੍ਰੋਖੋ ਵਿੱਚ ਸੀ। ਖਾਲੀ ਜੇਬ ਵਾਲਾ ਵੀ ਉੱਥੋਂ ਖਾਲੀ ਹੱਥ ਨਹੀਂ ਸੀ ਜਾਂਦਾ। ਜਾਦੂਈ ਪ੍ਰਭਾਵ ਵਾਲੀ ਸ਼ਖ਼ਸੀਅਤ ਸੋਨੇ ਤੇ ਸੁਹਾਗਾ ਸਿੱਧ ਹੋਈ। ਉਨ੍ਹਾਂ ਦੇ ਹੱਥ-ਜਸ ਦੀ ਚਰਚਾ ਦੂਰ-ਦੂਰ ਹੋਣ ਲੱਗੀ।

ਪਹਿਲਾਂ ਉਨ੍ਹਾਂ ਡੇਰੇ ਦੀ ਨੁਹਾਰ ਬਦਲੀ। ਫਿਰ ਜ਼ਮੀਨ ਵੱਲ ਹੋਏ। ਟਰੈਕਟਰ ਖਰੀਦਿਆ। ਕਾਮੇ ਰੱਖੇ। ਟਿੱਬੇ ਕਰਾਹੇ। ਬੋਰ ਕੀਤੇ। ਬਰਨਾ ਉੱਡਣ ਵਾਲੇ ਟਿੱਬਿਆਂ 'ਚ ਦੇਖਦਿਆਂ ਹੀ ਦੇਖਦਿਆਂ ਹਰੀ ਚਾਦਰ ਵਿਛ ਗਈ। ਲੋਕ ਡੇਰੇ ਦੇ ਪਾਠੀਆਂ ਤੋਂ ਅਖੰਡ-ਪਾਠ ਕਰਾਉਣ 'ਚ ਮਾਣ ਮਹਿਸੂਸ ਕਰਨ ਲੱਗੇ। ਮਾਧਵਾ ਨੰਦ ਦੇ ਪ੍ਰਵਚਨ ਨੂੰ ਇਕ ਮਨ ਇਕ ਚਿੱਤ ਹੋ ਕੇ ਸਰਵਣ ਕਰਨ ਲੱਗੇ। ਮਾਧਵਾ ਨੰਦ ਪ੍ਰਤਿ ਲੋਕਾਂ ਦੀ ਆਸਥਾ ਹੋਰ ਵਧ ਗਈ ਸੀ।

ਜਿਹੜਾ ਵੀ ਸ਼ਖ਼ਸ ਇਕ ਵਾਰੀ ਉਨ੍ਹਾਂ ਨੂੰ ਮਿਲਦਾ ਉਨ੍ਹਾਂ ਦਾ ਹੀ ਬਣਕੇ ਰਹਿ ਜਾਂਦਾ।

ਰੂਹਾਨੀ ਰੰਗ 'ਚ ਰੰਗਿਆ ਚਿਹਰਾ। ਮੱਥੇ ਤੇ ਕੋਈ ਤਿਊੜੀ ਨਹੀਂ-ਕੋਈ ਸ਼ਿਕਨ ਨਹੀਂ। ਅੱਖਾਂ 'ਚ ਖੁਮਾਰੀ। ਆਵਾਜ਼ ਜਿਵੇਂ ਨਿੰਮੀ-ਨਿੰਮੀ ਵਜਦੀ ਵੰਝਲੀ ਦੀ ਹੂਕ-ਸ਼ਹਿਦ 'ਚ ਭਿੱਜੇ ਹੋਏ ਬੋਲ। ਮੁੱਖ 'ਚੋਂ ਗੁਲਾਬ ਦੀਆਂ ਪੱਤੀਆਂ ਵਾਂਗ ਨਿੱਕਲਦੇ ਸ਼ਬਦ।

ਹਮੇਸ਼ਾ ਸਹਿਜ ਅਵਸਥਾ 'ਚ ਰਹਿਣ ਵਾਲੇ। ਬੋਲਣ ਲੱਗੇ ਕੋਈ ਕਾਹਲ ਨਹੀਂ-ਕੋਈ ਅਟਕਦਾ ਨਹੀਂ। ਸੁਣਨ ਵਾਲਾ ਨਾ ਅੱਕਦਾ-ਨਾ ਥੱਕਦਾ। ਸਰੋਤਾ ਆਪਾ ਖੋ ਬਹਿੰਦਾ-ਜੀਅ ਕਰਦਾ ਜਿਵੇਂ ਸੰਤ ਬੋਲੀ ਜਾਣ ਤੇ ਮੈਂ ਸੁਣੀ ਜਾਵਾਂ। ਉਨ੍ਹਾਂ ਨੂੰ ਮਿਲਿਆਂ ਵਾਕਿਆ ਹੀ ਇਹ ਅਹਿਸਾਸ ਹੁੰਦਾ ਕਿ ਇਕ ਸੰਤ ਨੂੰ ਮਿਲੇ ਹਾਂ। ਇਸ ਅਵਸਥਾ ਦੀ ਪ੍ਰਾਪਤੀ ਉਨ੍ਹਾਂ ਨੂੰ ਸੌਖਿਆਂ ਹੀ ਨਹੀਂ ਸੀ ਹੋ ਗਈ। ਇਸ ਪਿੱਛੇ ਇਕ ਸਾਧਨਾ ਸੀ-ਇਕ ਤਪੱਸਿਆ ਸੀ-ਇਕ ਤਿਆਗ ਸੀ।

◆ ◆ ◆

**ਸਾਲ 1971.**

ਸਰਪੰਚ ਸੂਬੇਦਾਰ ਗੁਰਦਿੱਤ ਸਿੰਘ। ਵਿੱਦਿਆ ਮੰਤਰੀ ਸੁਰਜੀਤ ਸਿੰਘ ਬਰਨਾਲਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ। ਸੰਤਾਂ ਨੂੰ ਰੌਸ਼ਨੀ ਦੀ ਕਿਰਨ ਨਜ਼ਰ ਆਈ।

ਸਰਪੰਚ ਪੜ੍ਹਿਆ ਲਿਖਿਆ। ਵਿੱਦਿਆ ਮੰਤਰੀ ਆਪਣਾ। ਫਿਰ ਕਿਉਂ ਨਾ ਵਿੱਦਿਆ ਵਾਲੇ ਪਾਸੇ ਹੀ ਵਧਿਆ ਜਾਵੇ। ਉਨ੍ਹਾਂ ਸਰਪੰਚ ਨੂੰ ਆਪਣੇ ਮਨ ਦੀ ਗੱਲ ਦੱਸੀ। ਸਰਪੰਚ ਹੱਥ ਬੰਨ੍ਹ ਖਲੋਤਾ, "ਬਾਬਾ ਜੀ! ਇਸ ਕੰਮ ਦੀ ਅਗਵਾਈ ਤੁਸੀਂ ਕਰੋ... ਅਸੀਂ ਤੁਹਾਡੇ ਨਾਲ ਹਾਂ...।"

ਸੰਤਾਂ ਨੇ ਪਤਵੰਤਿਆਂ ਦੀ ਮੀਟਿੰਗ ਸੱਦੀ ਤੇ ਬੋਲੇ, "ਮੈਂ ਰਿਣੀ ਹਾਂ ਕਿ ਇਕ ਨਿਮਾਣੇ ਜਿਹੇ ਬੰਦੇ ਦੀ ਗੱਲ ਤੇ ਤੁਸੀਂ ਫੁੱਲ ਚੜ੍ਹਾਏ... ਤੇ ਇੱਥੇ ਆਏ... ਲੋਕਾਂ ਨੇ ਆਪਾਂ ਨੂੰ ਮਾਣ ਬਖ਼ਸ਼ਿਆ ਹੈ... ਆਪਣਾ ਵੀ ਫਰਜ਼ ਬਣਦਾ ਹੈ ਕਿ ਸਮਾਜ ਲਈ ਕੁੱਝ ਨਾ ਕੁੱਝ ਕਰੀਏ... ਸਿਆਣੇ ਕਹਿੰਦੇ ਹਨ ਕਿ ਕੁਦਰਤ ਮਨੁੱਖ ਨੂੰ ਮੌਕੇ ਬਖ਼ਸ਼ਦੀ ਹੈ... ਇਹ ਤਾਂ ਮਨੁੱਖ ਨੇ ਦੇਖਣਾ ਹੈ ਕਿ ਉਸਦਾ ਲਾਹਾ ਕਿਵੇਂ ਲੈਣਾ ਹੈ... ਤੁਸੀਂ ਮੇਰੇ ਨਾਲ ਸਹਿਮਤ ਹੋਵੋਗੇ... ਮੈਂ ਚਾਹੁੰਦਾ ਹਾਂ ਕਿ ਵਿੱਦਿਆ ਫੈਲਾਉਣ ਵਾਲਾ ਬੂਟਾ ਆਪਣੇ ਪਿੰਡ ਦੀ ਜ਼ਮੀਨ 'ਤੇ ਹੀ ਕਿਉਂ ਨਾ ਲਾਈਏ... ਮੇਰੀ ਮੁਰਾਦ ਇਕ ਕਾਲਜ ਬਣਾਉਣ ਤੋਂ ਹੈ।"

'ਕਾਲਜ' ਸ਼ਬਦ ਸੁਣਦਿਆਂ ਹੀ ਸਾਰਿਆਂ ਦੇ ਅੰਦਰੋਂ ਜਿਵੇਂ ਇਕ ਪ੍ਰਸ਼ਨ ਉੱਠਿਆ ਹੋਵੇ। ਸਾਰਿਆਂ ਨੇ ਹੈਰਾਨੀ ਜਿਹੀ 'ਚ ਪਹਿਲਾਂ ਇਕ ਦੂਜੇ ਵੱਲ ਤੇ ਫਿਰ ਸੰਤਾਂ ਵੱਲ ਦੇਖਿਆ।

ਸੰਤ ਬੋਲੇ "ਹਾਂ... ਹਾਂ... ਕਾਲਜ... ਤੁਸੀਂ ਸੋਚਦੇ ਹੋਵੋਂਗੇ ਕਿ ਇਕ ਪਿੰਡ ਵਿਚ ਕਾਲਜ... ਮਨੁੱਖ ਚਾਹੇ ਤਾਂ ਕੀ ਨਹੀਂ ਕਰ ਸਕਦਾ... ਹਾਂ ਕਾਲਜ ਲਈ ਜ਼ਮੀਨ ਤਾਂ ਦੇਣੀ ਹੀ ਪਵੇਗੀ..."

ਪੰਚਾਇਤ ਨੇ 45 ਕਿੱਲੇ ਜ਼ਮੀਨ ਕਾਲਜ ਦੇ ਨਾਂ ਕਰਵਾ ਦਿੱਤੀ।

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਾਲਜ ਦਾ ਨੀਂਹ ਪੱਥਰ ਰੱਖਣ ਲਈ ਪਿੰਡ ਸੰਘੇੜਾ ਵਿਖੇ ਆਏ। ਨੀਂਹ ਪੱਥਰ ਰੱਖਣ ਤੋਂ ਪਹਿਲਾਂ ਉਹ ਬੋਲੇ, "ਸੰਤ ਜੀ! ਚਲੋ ਨੀਂਹ ਪੱਥਰ ਤਾਂ ਮੈਂ ਰੱਖ ਹੀ ਦੇਣਾ ਹੈ... ਪਰ ਕਾਲਜ ਚਲਾਉਣਾ ਐਡਾ ਸੌਖਾ ਕੰਮ ਨਹੀਂ..."

ਸੰਤ ਹੱਥ ਬੰਨ੍ਹਦੇ ਹੋਏ ਬੋਲੇ, "ਬਾਦਲ ਸਾਹਿਬ! ਮੈਨੂੰ ਕੀ ਫਰਕ ਪੈਂਦਾ ਹੈ... ਹਾਂ ਤਾਂ ਮੈਂ ਸਾਧ ਹੀ ਕਾਲਜ ਖਾਤਰ ਜੇ ਗਲ 'ਚ ਬਗਲੀ ਪਾ ਕੇ ਦਰ-ਦਰ ਮੰਗਣਾ ਪਿਆ ਤਾਂ ਵੀ ਝਿਜਕਾਂਗਾ ਨਹੀਂ... ਮੇਰਾ ਯਕੀਨ ਜਾਣਿਓ... ਤੁਹਾਡੇ ਲਾਏ ਇਸ ਬੂਟੇ ਨੂੰ ਵਾਹ ਲੱਗਦੀ ਸੁੱਕਣ ਨਹੀਂ ਦੇਵਾਂਗਾ"

ਉਨ੍ਹਾਂ ਦਿਨਾਂ 'ਚ ਕਈ ਮਹੰਤਾਂ ਦੇ ਸਾਹ ਸੁਕਣੇ ਪਏ ਹੋਏ ਸਨ। ਬਹੁਤ ਸਾਰੇ ਡੇਰਿਆਂ ਦੇ ਕੋਰਟ 'ਚ ਕੇਸ ਚੱਲ ਰਹੇ ਸਨ। ਇਕ ਪਾਸੇ ਡੇਰੇ, ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ। 'ਡੇਰਾ ਟੇਕ ਦਾਸ ਸੰਘੇੜਾ' ਵੀ ਇਨ੍ਹਾਂ 'ਚ ਸ਼ਾਮਿਲ ਸੀ। ਕੇਸ ਹਾਰ ਜਾਣ ਦੇ ਡਰੋਂ ਮਹੰਤਾਂ ਨੇ ਡੇਰਿਆਂ 'ਚ ਸ਼ੁਸੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਸੰਤੋਖ ਦਿੱਤੇ ਸਨ। ਕਈਆਂ ਨੇ ਤਾਂ ਬੀੜਾਂ ਨੂੰ ਵੀ ਆਸੇ-ਪਾਸੇ ਕਰ ਦਿੱਤਾ ਸੀ।

ਕਈ ਮਹੰਤਾਂ ਨੇ ਜਦੋਂ ਮਾਧਵਾ ਨੰਦ ਨੂੰ ਅਜਿਹਾ ਕਰਨ ਲਈ ਕਿਹਾ ਤਾਂ ਉਹ ਬੋਲੇ, "ਬੀੜਾਂ ਛੁਪਾਉਣ ਵਾਲਿਆਂ ਨੂੰ ਮੈਂ ਚੰਗਾ ਨਹੀਂ ਸਮਝਦਾ... ਇਸ ਤਰ੍ਹਾਂ ਸੱਚਾਈ ਤੋਂ ਪਾਸਾ ਵੱਟਣਾ ਹੈ... ਮੇਰੀ ਗੁਰੂ ਗ੍ਰੰਥ ਸਾਹਿਬ ਵਿਚ ਪੂਰਨ ਆਸਥਾ ਹੈ... ਮੈਂ ਬੇਮੁੱਖ ਨਹੀਂ ਹੋ ਸਕਦਾ... ਡੇਰੇ 'ਚੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਛੁਪਾਉਣਾ ਮੈਨੂੰ ਇੰਝ ਲੱਗਦਾ ਹੈ ਜਿਵੇਂ ਸਰੀਰ 'ਚੋਂ ਆਤਮਾ ਕੱਢ ਰਹੇ ਹੋਈਏ... ਤੇ ਪਿਛੇ ਕਲਬੂਤ ਬਚਾ ਰਹੇ ਹੋਈਏ"

ਡੇਰੇ ਦਾ ਨਿਰੀਖਣ ਕਰਨ ਆਏ ਜੱਜ ਸਾਹਮਣੇ ਸੰਤ ਮਾਧਵਾ ਨੰਦ ਦਾ ਵਿਸ਼ਵਾਸ ਅਡੋਲ ਰਿਹਾ। ਉਨ੍ਹਾਂ ਨੇ ਉਸ ਦੇ ਹਰ ਸਵਾਲ ਦਾ ਜਵਾਬ ਬਾਦਲੀਲ ਦਿੱਤਾ। ਉਨ੍ਹਾਂ ਦੀਆਂ ਦਲੀਲਾਂ ਸੁਣਕੇ ਜੱਜ ਬੇਹੱਦ ਪ੍ਰਭਾਵਿਤ ਹੋਇਆ। ਆਖ਼ਰ ਫੈਸਲਾ ਡੇਰੇ ਦੇ ਪੱਖ 'ਚ ਹੋ ਗਿਆ।

ਉਦਾਸੀ ਸੰਪਰਦਾਇ ਦੀ ਪ੍ਰੰਪਰਾ ਅਨੁਸਾਰ ਉਨ੍ਹਾਂ ਕੋਲ ਡੇਰੇ ਦੇ 'ਮਹੰਤ' ਦੀ ਉਪਾਧੀ ਸੀ ਪਰ ਲੋਕ ਉਨ੍ਹਾਂ ਨੂੰ ਸੰਤ ਕਹਿਕੇ ਸਤਿਕਾਰਦੇ ਸਨ। ਉਨ੍ਹਾਂ ਦੀ ਸਮਝ ਅਨੁਸਾਰ ਸ਼ਾਇਦ ਮਹੰਤ ਦੀ ਉਪਾਧੀ ਉਨ੍ਹਾਂ ਦੇ ਕੱਦ-ਬੁੱਤ ਨੂੰ ਮੇਚ ਨਹੀਂ ਸੀ ਖਾਂਦੀ। ਪਰ ਸੰਤ ਮਾਧਵਾ ਨੰਦ ਜੀ ਦੀ ਨਿਮਰਤਾ ਦੇਖੋ ਕਿ ਉਹ ਆਪਣੇ ਆਪ ਨੂੰ ਸਾਧ ਕਹਿ ਲਿਆ ਕਰਦੇ ਸਨ।

ਸਾਧ ਤਾਂ ਕਈ ਵਾਰ ਸੰਤ ਹਰਚੰਦ ਸਿੰਘ ਲੌਂਗੋਵਾਲ ਵੀ ਆਪਣੇ-ਆਪ ਨੂੰ ਕਹਿ ਲਿਆ ਕਰਦੇ ਸਨ।

ਪਤਾ ਨਹੀਂ ਕਿਉਂ ਸੰਤ ਮਾਧਵਾ ਨੰਦ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਚਿਹਰੇ ਮੇਰੇ ਲਈ ਰਲ ਗੱਡ ਹੋ ਜਾਇਆ ਕਰਦੇ ਸਨ। ਮੈਂ ਜਦੋਂ ਵੀ ਸੰਤ ਮਾਧਵਾ ਨੰਦ ਵੱਲ ਦੇਖਣਾ ਤਾਂ ਅੱਖਾਂ ਅੱਗੇ ਸੰਤ ਲੌਂਗੋਵਾਲ ਦਾ ਚਿਹਰਾ ਉੱਭਰ ਆਉਣਾ ਤੇ ਜਦੋਂ ਸੰਤ ਲੌਂਗੋਵਾਲ ਜਾਂ ਉਨ੍ਹਾਂ ਦੀ ਤਸਵੀਰ ਵੱਲ ਦੇਖਣਾ ਤਾਂ ਸੰਤ ਮਾਧਵਾ ਨੰਦ ਦਾ ਚਿਹਰਾ ਸਾਕਾਰ ਹੋ ਜਾਣਾ।

ਉਸੇ ਤਰ੍ਹਾਂ ਦੀ ਦਸਤਾਰ। ਉਸੇ ਤਰ੍ਹਾਂ ਦੀ ਦਾਹੜੀ ਤੇ ਉਸੇ ਤਰ੍ਹਾਂ ਦੇ ਨੈਣ ਨਕਸ਼। ਹੈਰਾਨੀ ਤਾਂ ਇਸ ਗੱਲ ਦੀ ਕਿ ਬੋਲਣ ਚੱਲਣ ਦਾ ਅੰਦਾਜ਼ ਵੀ ਮਿਲਦਾ ਜੁਲਦਾ। ਇਤਫਾਕਨ ਦੋਹਾਂ ਦੇ ਪਿੰਡ ਵੀ ਕੋਲੋ-ਕੋਲ।

ਇਕ ਵਾਰ ਸੰਤ ਮਾਧਵਾ ਨੰਦ ਕਾਲਜ ਦੇ ਸਮਾਗਮ ਦੇ ਸਬੰਧ 'ਚ ਸੰਤ ਲੌਂਗੋਵਾਲ ਨੂੰ ਮਿਲਣ ਲਈ ਗਏ। ਸੰਤ ਮਾਧਵਾ ਨੰਦ ਨਿਮਰਤਾ ਨਾਲ ਬੋਲੇ, "ਸੰਤ ਲੌਂਗੋਵਾਲ ਜੀ!... ਮੈਂ ਤੁਹਾਡੇ ਚਰਨਾ 'ਚ ਇਕ ਬੇਨਤੀ ਲੈਕੇ ਆਇਆ ਹਾਂ ਜੇ ਆਗਿਆ ਹੋਵੇ ਤਾਂ ਅਰਜ਼ ਕਰਾਂ?"

"ਜ਼ਰੂਰ" ਸੰਤ ਲੌਂਗੋਵਾਲ ਬੋਲੇ।

ਸੰਤ ਮਾਧਵਾ ਨੰਦ ਕੁੱਝ ਪਲ ਰੁਕੇ ਤੇ ਫਿਰ ਹੱਥ ਜੋੜਦੇ ਹੋਏ ਕਹਿਣ ਲੱਗੇ, "ਅਸੀਂ ਕਾਲਜ ਸੰਘੇੜਾ ਦਾ ਸਾਲਾਨਾ ਸਮਾਗਮ ਕਰਨ ਜਾ ਰਹੇ ਹਾਂ... ਸੰਗਤਾਂ ਦੀ ਇੱਛਾ ਹੈ ਕਿ ਉੱਥੇ ਤੁਸੀਂ ਜ਼ਰੂਰ ਚਰਨ ਪਾਓਂ... ਜੇ ਤੁਹਾਡੀ ਮਜਬੂਰੀ ਹੈ ਤਾਂ ਕਿਸੇ ਵਜ਼ੀਰ ਦੀ ਡਿਊਟੀ ਲਾ ਦਿਓ... ਬੜੀ ਮੇਹਰਬਾਨੀ ਹੋਵੇਗੀ"

ਸੰਤ ਲੌਂਗੋਵਾਲ ਮੁਸਕਰਾਉਂਦੇ ਹੋਏ ਕਹਿਣ ਲੱਗੇ, "ਮਾਧਵਾ ਨੰਦ ਜੀ... ਤੁਸੀਂ ਕਿਸਮਤ ਵਾਲੇ ਹੋ ਜੋ ਡੇਰੇ ਵਿਚ ਸ਼ਾਂਤੀ ਨਾਲ ਦਿਨ ਗੁਜ਼ਾਰ ਰਹੇ ਹੋ... ਸਿਆਸਤੀ ਲੋਕਾਂ ਬਾਰੇ ਮੈਂ ਕੀ ਕਹਾਂ... ਜਦੋਂ ਤਾਂ ਟਿਕਟਾਂ ਲੈਣੀਆਂ ਹੁੰਦੀਆਂ ਹਨ

ਓਦੋਂ ਤਾਂ ਇਹ ਲੋਕ ਅੱਗੇ ਪਿੱਛੇ ਸੰਤ ਜੀ-ਸੰਤ ਜੀ ਕਹਿੰਦੇ ਫਿਰਨਗੇ ਤੇ ਜਦੋਂ ਬਣ ਜਾਣ ਵਜ਼ੀਰ ਫਿਰ ਤੂੰ ਕੌਣ ਤੇ ਮੈਂ ਕੌਣ... ਫਿਰ ਇਨ੍ਹਾਂ ਦੀਆਂ ਨਜ਼ਰਾਂ 'ਚ ਅਸੀਂ ਸਾਧ ਬਣ ਜਾਂਦੇ ਹਾਂ... ਖੈਰ ਵਜ਼ੀਰ ਸਾਹਿਬ ਨੂੰ ਭੇਜ ਦਿਆਂਗਾ"

ਵਜ਼ੀਰ ਦੇ ਆਉਣ ਬਾਰੇ ਸੁਣ ਕੇ ਕਾਲਜ ਵਾਲਿਆਂ ਵੱਲੋਂ ਚਾਅ ਨਾ ਚੱਕਿਆ ਜਾਵੇ। ਵਜ਼ੀਰ ਸਾਹਿਬ ਲਈ ਉਚੇਚੇ ਪ੍ਰਬੰਧ ਕੀਤੇ ਜਾਣ ਲੱਗੇ। ਇਸ਼ਤਹਾਰ ਛਪਾਏ ਗਏ। ਭਾਂਤ-ਭਾਂਤ ਦੇ ਹਾਰ ਮੰਗਵਾਏ ਗਏ। ਸਨਮਾਨ ਚਿੰਨ੍ਹ ਸ਼ੀਸ਼ੇ 'ਚ ਜੜਵਾਕੇ ਰੱਖਿਆ ਗਿਆ।

ਸਮਾਗਮ ਆਰੰਭ ਹੋਇਆ। ਸੰਤ ਮਾਧਵਾ ਨੰਦ ਅਤੇ ਪ੍ਰਬੰਧਕ ਕਮੇਟੀ ਦੇ ਮੈਂਬਰ ਹੱਥਾਂ 'ਚ ਹਾਰ ਲਈ ਸਮਾਗਮ ਦੇ ਅਖ਼ੀਰ ਤੱਕ ਕਾਲਜ ਦੇ ਗੇਟ ਵੱਲ ਦੇਖਦੇ ਰਹੇ ਪਰ ਵਜ਼ੀਰ ਸਾਹਿਬ ਨਾ ਆਏ। ਸੰਤਾਂ ਦਾ ਚਿਹਰਾ ਹੱਥਾਂ 'ਚ ਫੜੇ ਫੁੱਲਾਂ ਵਾਂਗ ਕੁਮਲਾ ਗਿਆ ਸੀ। ਉਹ ਬੇਹੱਦ ਨਾਮੋਸ਼ੀ ਮੰਨ ਗਏ ਸਨ। ਦੂਜੇ ਦਿਨ ਪ੍ਰਬੰਧਕ ਕਮੇਟੀ ਦੀ ਮੀਟਿੰਗ ਬੁਲਾਈ ਤੇ ਆਖਣ ਲੱਗੇ, "ਦੁੱਖ ਦੀ ਗੱਲ ਤਾਂ ਇਹ ਹੈ ਕਿ ਅਸੀਂ ਇਨ੍ਹਾਂ ਸਿਆਸਤਦਾਨਾਂ ਦੇ ਕਿਰਦਾਰ ਬਾਰੇ ਜਾਣਦੇ ਹੋਏ ਵੀ ਇਨ੍ਹਾਂ ਦੀਆਂ ਗੱਲਾਂ ਤੇ ਭਰੋਸਾ ਕਰ ਜਾਂਦੇ ਹਾਂ... ਇਹ ਤੁਸੀਂ ਦੇਖ ਹੀ ਲਿਆ ਹੈ... ਦਰਅਸਲ ਕਸੂਰ ਸਾਡਾ ਹੈ... ਜੇ ਇਹੀ ਮਾਣ-ਸਤਿਕਾਰ ਅਸੀਂ ਕਿਸੇ ਕਲਾਕਾਰ, ਲੇਖਕ ਜਾਂ ਬੁੱਧੀਜੀਵੀ ਨੂੰ ਦੇਈਏ ਤਾਂ ਇਹ ਸਮਾਜ ਹੀ ਨਾ ਸੁਧਰ ਜਾਵੇ... ਖ਼ੈਰ ਤੁਹਾਡੇ ਨਾਲ ਇਕ ਵਾਅਦਾ ਰਿਹਾ ਕਿ ਜਿਨ੍ਹਾਂ ਚਿਰ ਮੈਂ ਕਾਲਜ ਦਾ ਪ੍ਰਧਾਨ ਰਹਾਂਗਾ... ਘੱਟੋ ਘੱਟ ਕਿਸੇ ਸਿਆਸਤਦਾਨ ਅੱਗੇ ਹੱਥ ਨਹੀਂ ਅੱਡਾਂਗਾ"

ਪਰ ਸੰਤਾਂ ਅੱਗੇ ਹੱਥ ਅੱਡਣ ਵਾਲਿਆਂ ਦੇ ਹੱਥ ਖਾਲ੍ਹੀ ਨਹੀਂ ਸਨ ਰਹਿੰਦੇ। ਉਹ ਸੰਸਥਾਵਾਂ ਤੇ ਵਿਅਕਤੀਆਂ ਦੀਆਂ ਲੋੜਾਂ ਬਾਰੇ ਭਲੀ ਭਾਂਤ ਜਾਣਦੇ ਸਨ।

ਉਨ੍ਹਾਂ ਨੂੰ ਸਕੂਲ ਦੇ ਸਮਾਗਮਾਂ 'ਚ ਅਕਸਰ ਬੁਲਾਇਆ ਜਾਂਦਾ। ਆਜ਼ਾਦੀ ਅਤੇ ਸਵਤੰਤਰਤਾ ਦਿਵਸ ਤੇ ਉਹ ਗੇੜਾ ਮਾਰਦੇ ਹੀ ਮਾਰਦੇ। ਇਕ ਵਾਰ ਉਨ੍ਹਾਂ ਐਲਾਨ ਕੀਤਾ ਕਿ ਅੱਠਵੀਂ ਜਮਾਤ ਵਿੱਚੋਂ ਪਹਿਲਾ ਸਥਾਨ ਲੈਣ ਵਾਲੇ ਵਿਦਿਆਰਥੀ ਦਾ ਨਕਦ ਰਾਸ਼ੀ ਦੇ ਕੇ ਸਨਮਾਨ ਕੀਤਾ ਜਾਇਆ ਕਰੇਗਾ। ਮੇਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ ਕਿਉਂਕਿ ਹਰ ਸਾਲ ਮੈਂ ਹੀ ਆਪਣੀ ਜਮਾਤ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰਦਾ ਸਾਂ।

ਸਾਲਾਨਾ ਸਮਾਗਮ ਹੋਇਆ। ਨਾ ਸੰਤ ਆਏ ਤੇ ਨਾ ਹੀ ਕਿਸੇ ਨੂੰ ਸਨਮਾਨਿਤ ਕੀਤਾ ਗਿਆ।

ਕੁੱਝ ਦਿਨਾਂ ਬਾਅਦ ਪਤਾ ਲੱਗਿਆ ਕਿ ਮੇਰੇ ਵਾਲਾ ਇਨਾਮ ਤਾਂ ਕੋਈ ਹੋਰ ਹੀ ਲੈ ਗਿਆ ਹੈ। ਮੈਨੂੰ ਬੜਾ ਗੁੱਸਾ ਆਇਆ। ਮੈਂ ਸੰਤਾਂ ਨੂੰ ਮਿਲਣ ਦਾ ਫੈਸਲਾ ਕੀਤਾ। ਮੈਂ ਸੰਤਾਂ ਅੱਗੇ ਧੋਖੇ ਨਾਲ ਇਨਾਮ ਲੈਣ ਵਾਲੇ ਦੀ ਪੋਲ ਖੋਲ੍ਹਣੀ ਚਾਹੁੰਦਾ ਸਾਂ।

ਇਕ ਸ਼ਾਮ ਮੈਂ ਡੇਰੇ ਗਿਆ। ਸਾਹਮਣੇ ਕੁਰਸੀ ਤੇ ਬੈਠੇ ਸੰਤ ਮਰੀਜ਼ਾਂ ਨੂੰ ਦਵਾਈ ਦੇ ਰਹੇ ਸਨ।

ਮੈਂ ਨਮਸਕਾਰ ਕੀਤੀ ਤੇ ਆਪਣੀ ਥਾਂ ਤੇ ਹੀ ਖੜ੍ਹਾ ਰਿਹਾ।

ਆਮ ਕਰਕੇ ਮਰੀਜ਼ ਨਮਸਕਾਰ ਕਰਕੇ ਜਾਂ ਚਰਨੀ ਹੱਥ ਲਾਕੇ ਬੈਂਚਾਂ ਤੇ ਬੈਠ ਜਾਂਦੇ ਸਨ।

ਸੰਤਾਂ ਨੇ ਸਿਰ ਤੋਂ ਪੈਰਾਂ ਤੀਕ ਮੇਰੇ ਵੱਲ ਨਜ਼ਰ ਸੁੱਟੀ ਤੇ ਬੋਲੇ, "ਆਓ ਕਾਕਾ ਜੀ !"

ਮੈਂ ਝਿਜਕਦਾ ਝਿਜਕਦਾ ਬੋਲਿਆ, "ਬਾਬਾ ਜੀ ! ਮੈਂ ਇਨਾਮ ਬਾਰੇ ਪਤਾ ਕਰਨ ਆਇਆ ਹਾਂ ਜੋ ਤੁਸੀਂ ਦੇਣ ਬਾਰੇ ਕਿਹਾ ਸੀ। "

ਉਹ ਪੁੜੀਆਂ ਬੰਨ੍ਹਦੇ-ਬੰਨ੍ਹਦੇ ਰੁਕੇ ਤੇ ਫਿਰ ਮੇਰੇ ਵੱਲ ਗਹੁ ਨਾਲ ਦੇਖਣ ਲੱਗੇ। ਫਿਰ ਜਿਵੇਂ ਕੁੱਝ ਯਾਦ ਆ ਗਿਆ ਹੋਵੇ, ਮੇਰੇ ਵੱਲ ਉਂਗਲ ਕਰਦੇ ਹੋਏ ਬੋਲੇ, "ਭਲਾਂ ਤੂੰ ਰਟੋਲਾਂ ਦੇ ਪਰਿਵਾਰ ਵਿੱਚੋਂ ਨ੍ਹੀ... ਕੀ ਨਾਂ ਸੀ ਤੇਰਾ...?"

"ਭੋਲਾ ਸਿੰਘ" ਮੈਂ ਕਿਹਾ।

"ਹਾਂ-ਹਾਂ... ਬੈਠ ਆਪਾਂ ਕਰਦੇ ਹਾਂ ਗੱਲ" ਉਨ੍ਹਾਂ ਬੈਂਚ ਤੇ ਬੈਠਣ ਦਾ ਇਸ਼ਾਰਾ ਕੀਤਾ।

ਸਾਰੇ ਮਰੀਜ਼ ਚਲੇ ਜਾਣ ਤੋਂ ਬਾਅਦ ਮੈਨੂੰ ਕੋਲ ਸੱਦਿਆ ਤੇ ਫਿਰ ਕੁਰਸੀ ਤੇ ਆਪਣੇ-ਆਪ ਨੂੰ ਠੀਕ ਕਰਦਿਆਂ ਕਹਿਣ ਲੱਗੇ, "ਗੱਲ ਇਹ ਆ ਭੋਲਾ ਸਿਆਂ... ਇਨਾਮ ਦਾ ਹੱਕਦਾਰ ਤਾਂ ਤੂੰ ਹੀ ਸੀ... ਬਿਨਾਂ ਸ਼ੱਕ... ਮੈਨੂੰ ਪਤਾ ਵੀ ਲੱਗ ਗਿਆ ਸੀ... ਹੋਇਆ ਕੀ ਕਿ ਸੂਜਾ ਪੱਤੀ ਵਾਲੇ ਕਈ ਜਣੇ ਆ ਕੇ ਕਹਿਣ ਲੱਗੇ ਕਿ ਭੋਲਾ ਸਿੰਘ ਦੇ ਘਰ ਦੀ ਹਾਲਤ ਤਾਂ ਠੀਕ ਹੈ... ਕਿਉਂ ਨਾ ਇਹ ਇਨਾਮ ਉਸ ਲੜਕੀ ਨੂੰ ਦੇ ਦਿਓ ਜੋ ਗ਼ਰੀਬ ਘਰ ਦੀ ਹੈ...ਹਾਂ ਪੜ੍ਹਨ ਨੂੰ ਵੀ ਹੁਸ਼ਿਆਰ ਹੈ... ਪਰ ਮੈਂ ਜਾਣਦਾਂ ਬਈ ਉਹ ਤੇਰੇ ਬਰਾਬਰ ਨਹੀਂ... ਭਰੀ ਪੰਚਾਇਤ ਨੂੰ ਮੈਂ ਕਿਵੇਂ ਨਾਂਹ ਕਰਦਾ... ਦਰਅਸਲ ਉਸ ਲੜਕੀ ਨੂੰ ਤੁਹਾਡਾ ਇਨਾਮ ਨਹੀਂ ਦਿੱਤਾ... ਇਹ ਤਾਂ ਇਕ ਤਰ੍ਹਾਂ ਉਸਦੀ ਤੁੱਛ ਜਿਹੀ ਆਰਥਿਕ

ਸਹਾਇਤਾ ਸੀ... ਅਸੀਂ ਡੇਰੇ ਵਾਲੇ ਹਾਂ... ਸਾਡੇ ਵੱਲ ਜੋ ਆਸ ਤੱਕ ਕੇ ਆਉਂਦਾ ਹੈ, ਕੋਸ਼ਿਸ ਹੁੰਦੀ ਹੈ ਕਿ ਉਹ ਨਿਰਾਸ਼ ਨਾ ਪਰਤੇ... ਬੱਸ ਇਹ ਸਮਝ ਲੈ ਕਿ ਆਪਾਂ ਸਾਰਿਆਂ ਨੇ ਹੀ ਰਲਕੇ ਉਸ ਗ਼ਰੀਬ ਕੁੜੀ ਦੀ ਮਦਦ ਕੀਤੀ ਹੈ... ਹਾਂ ਐਨਾ ਤੇਰੇ ਨਾਲ ਵਾਅਦਾ ਰਿਹਾ... ਕਿ ਸਮਾਂ ਆਉਣ ਤੇ ਤੇਰੇ ਉਲਾਂਭੇ ਵੀ ਲਾਹ ਦਿਆਂਗੇ।"

ਪਰ ਮੈਂ ਉਨ੍ਹਾਂ ਦਾ ਉਲਾਂਭਾ ਅਣਭੋਲਪੁਣੇ 'ਚ ਹੀ ਖੱਟ ਲਿਆ ਸੀ। ਉਹ ਕਦੇ-ਕਦੇ ਇਸਨੂੰ ਚੇਤੇ ਕਰਕੇ ਹੱਸਿਆ ਕਰਦੇ ਸਨ।

◆ ◆ ◆

ਹੋਇਆ ਇਉਂ ਕਿ ਅੱਜ ਕੱਲ੍ਹ ਕੈਨੇਡਾ ਰਹਿੰਦਾ ਮੇਰਾ ਮਿੱਤਰ ਅਜਾਇਬ ਟੱਲੇਵਾਲੀਆ 1986 ਦੇ ਆਸ ਪਾਸ ਮਲੰਗੀ ਦੇ ਕੰਧੇੜੀ ਚੜ੍ਹਿਆ ਹੋਇਆ ਸੀ। ਉਹਦੇ ਪੈਰ ਚੱਕਰ ਸੀ। ਅੱਜ ਕਿਸੇ ਲੇਖਕ ਦੇ ਘਰ ਕੱਲ੍ਹ ਕਿਸੇ ਹੋਰ ਦੇ। ਇਕ ਦਿਨ ਉਹ ਮੈਨੂੰ ਪ੍ਰੋ. ਪ੍ਰੀਤਮ ਸਿੰਘ ਰਾਹੀ ਦੀ ਦੁਕਾਨ ਵਿਚ ਮਿਲ ਗਿਆ। ਮੈਂ ਕਿਹਾ, "ਟੱਲੇਵਾਲੀਆ ਤੇਰੀ ਤਾਂ ਬਹੁਤ ਸਾਰੇ ਲੇਖਕਾਂ ਨਾਲ ਜਾਣ ਪਹਿਚਾਣ ਹੈ... ਕਦੇ ਮੈਨੂੰ ਵੀ ਨਾਲ ਲੈ ਚੱਲਿਆ ਕਰ"

"ਇਹ ਕਿੱਡੀ ਕੁ ਗੱਲ ਐ... ਤੂੰ ਜਾਣ ਆਲਾ ਬਣ" ਉਹ ਬੋਲਿਆ।

"ਹੁਣ ਫੇਰ 'ਦੀਵਾ ਬਲੇ ਸਾਰੀ ਰਾਤ' ਗੋਸ਼ਟੀ ਕਦੋਂ ਹੋਣੀ ਹੈ" ਮੈਂ ਪੁੱਛਿਆ।

"ਹੋਣ ਨੂੰ ਕੀ ਐ... ਚਾਹੇ ਅੱਜ ਕਰਲੈ... ਬੋਲ ਤੇਰੇ ਘਰ ਨਾ ਰੱਖ ਦੇਈਏ"

ਇਸ ਗੋਸ਼ਟੀ ਵਿਚ ਸਾਰੀ ਰਾਤ ਕਹਾਣੀਆਂ ਤੇ ਚਰਚਾ ਹੁੰਦੀ ਰਹਿੰਦੀ ਸੀ। ਉਨ੍ਹਾਂ ਦਿਨਾਂ 'ਚ ਇਸ ਗੋਸ਼ਟੀ 'ਚ ਇਕ ਤਰ੍ਹਾਂ ਖੜ੍ਹੋਤ ਆਈ ਹੋਈ ਸੀ।

ਲਿਖਣ ਦੇ ਮਾਮਲੇ 'ਚ ਤਾਂ ਮੈਂ ਅਜੇ ਪਰ ਹੀ ਤੋਲ ਰਿਹਾ ਸਾਂ। ਨਾ ਕਿਸੇ ਨਾਲ ਜਾਣ ਨਾ ਪਛਾਣ, ਨਾ ਇਸ ਗੋਸ਼ਟੀ ਦੇ ਪ੍ਰਬੰਧ ਦਾ ਪਤਾ। ਅਸੀਂ ਕੱਲ੍ਹ ਨੂੰ ਫੇਰ ਮਿਲਣ ਦਾ ਵਾਅਦਾ ਕਰਕੇ ਆਪੋ-ਆਪਣੇ ਘਰਾਂ ਨੂੰ ਚਲੇ ਗਏ ਸਾਂ।

ਮੈਨੂੰ ਫ਼ੁਰਨਾ ਫ਼ੁਰਿਆ ਕਿਉਂ ਨਾ ਗੋਸ਼ਟੀ ਕਰਵਾਈਏ ਹੀ ਸੰਤਾਂ ਦੇ ਡੇਰੇ।

ਮੈਂ ਦੂਜੇ ਦਿਨ ਡੇਰੇ ਜਾ ਧਮਕਿਆ। ਸੰਤਾਂ ਨੇ ਅਜੇ ਦਵਾਖ਼ਾਨੇ ਦੀ ਕੁਰਸੀ ਨਹੀਂ ਸੀ ਮੱਲੀ। ਮੈਂ ਉਨ੍ਹਾਂ ਦੇ ਸੇਵਕ ਨੂੰ ਆਪਣੇ ਆਉਣ ਦਾ ਮਕਸਦ ਦੱਸ ਦਿੱਤਾ।

ਸੰਤਾਂ ਨੇ ਮੈਨੂੰ ਆਪਣੇ ਕੋਲ ਅੰਦਰ ਬੁਲਾਇਆ। ਮੈਂ ਕਿਹਾ, "ਬਾਬਾ ਜੀ ਮੈਂ 'ਦੀਵੇ ਬਲੇ ਸਾਰੀ ਰਾਤ' ਕਹਾਣੀ ਗੋਸ਼ਟੀ ਆਪਣੇ ਪਿੰਡ ਰੱਖਣੀ ਚਹੁੰਦਾ ਹਾਂ... ਜੇ ਤੁਸੀਂ ਆਗਿਆ ਦਿਓ ਤਾਂ ਕਿਉਂ ਨਾ ਡੇਰੇ ਰੱਖ ਦੇਈਏ"

"ਵਾਹ ਅੰਨ੍ਹਾ ਕੀ ਭਾਲੇ ਦੋ ਅੱਖਾਂ... ਬਹੁਤ ਹੀ ਠੀਕ ਸੋਚਿਆ ਤੁਸੀਂ... ਪਿਆਸੇ ਨੂੰ ਤਾਂ ਖੂਹ ਕੋਲ ਜਾਣ ਬਾਰੇ ਸੁਣਿਆ ਸੀ ਪਰ ਖੂਹ ਪਿਆਸੇ ਕੋਲ ਚੱਲਕੇ ਆਉਂਦਾ ਮੈਂ ਪਹਿਲੀ ਵਾਰ ਦੇਖ ਰਿਹਾਂ... ਮੈਂ ਤਾ ਇਸਨੂੰ ਨਿਆਮਤ ਹੀ ਕਹਾਂਗਾ... ਹਾਂ ਇਕ ਗੱਲ ਬਾਰੇ ਪਹਿਲਾਂ ਹੀ ਆਗਾਹ ਕਰ ਦਿੰਦਾ ਹਾਂ ਕਿ ਡੇਰੇ ਦੀਆਂ ਕੁਝ ਮਰਿਯਾਦਾਵਾਂ ਹਨ... ਕੋਈ ਸ਼ਰਾਬ ਵਗੈਰਾ ਪੀਣ ਵਾਲਾ ਨਾ ਹੋਵੇ... ਉਹਦੇ ਨਾਲ ਸਾਨੂੰ ਤਾਂ ਠੇਸ ਪਹੁੰਚੂ ਹੀ ਪਹੁੰਚੂ ਨਾਲ ਡੇਰੇ ਨੂੰ ਵੀ ਧੱਬਾ ਲੱਗੂ... ਤੇ ਤੇਰੇ ਮਿੱਤਰ ਤੇਰੇ ਨਾਲ ਗੁੱਸੇ ਵੀ ਹੋਣਗੇ"

ਦੂਜੇ ਦਿਨ ਅਜਾਇਬ ਤੇ ਮੈਂ ਫਿਰ ਪ੍ਰੋ. ਰਾਹੀ ਦੀ ਦੁਕਾਨ 'ਚ ਇਕੱਠੇ ਹੋਏ।

ਮੈਂ ਕਿਹਾ, "ਗੋਸ਼ਟੀ ਡੇਰੇ ਹੀ ਨਾ ਰੱਖ ਲਈਏ... ਉੱਥੇ ਸਾਰਾ ਬੰਦੋਬਸਤ ਹੈਗਾ"

ਉਹ ਬੋਲਿਆ, "ਗੱਲ ਤਾਂ ਤੇਰੀ ਠੀਕ ਐ... ਪਰ ਗੋਸ਼ਟੀ ਦਾ ਸੰਚਾਲਕ ਤਾਂ ਪ੍ਰੇਮ ਗੋਰਖੀ ਐ... ਚੱਲ ਕੱਲ੍ਹ ਨੂੰ ਚੰਡੀਗੜ੍ਹ ਚਲਦੇ ਆਂ"

ਅਗਲੇ ਦਿਨ ਅਸੀਂ ਪ੍ਰੇਮ ਗੋਰਖੀ ਦੇ ਘਰ ਚੰਡੀਗੜ੍ਹ ਪਹੁੰਚ ਗਏ ਸੀ।

ਪ੍ਰੇਮ ਗੋਰਖੀ ਬੋਲਿਆ, "ਹੋ ਸਕਦੈ ਕਈ ਮਿੱਤਰ ਡੇਰੇ 'ਚ ਗੋਸ਼ਟੀ ਦੇ ਹੱਕ 'ਚ ਨਾ ਹੋਣ... ਔਰ ਮੇਰਾ ਤਾਂ ਡੇਰੇ ਦੇ ਸੰਤਾਂ ਨਾਲ ਕੋਈ ਰਾਬਤਾ ਵੀ ਨਹੀਂ... ਅਗਲੀ ਗੱਲ ਕਿ ਕਈ ਆਪਣੇ-ਆਪ ਨੂੰ ਬੜੇ ਪ੍ਰਗਤੀਵਾਦੀ ਕਹਾਉਂਦੇ ਐ... ਉਨ੍ਹਾਂ ਐਵੇਂ ਹੀ ਗੁੱਡਾ ਬੰਨ੍ਹ ਲੈਣੈ... ਔਰ ਅਜੇ ਤੱਕ ਕਿਸੇ ਲੇਖਕ ਦੇ ਘਰ ਤੋਂ ਬਿਨਾਂ ਅਸੀਂ ਗੋਸ਼ਟੀ ਕਰਵਾਈ ਵੀ ਨਹੀਂ... ਤੁਸੀਂ ਡੇਰੇ ਦਾ ਤਾਂ ਖ਼ਿਆਲ ਛੱਡੋ"

ਮੈਨੂੰ ਬੜੀ ਨਾਮੋਸ਼ੀ ਦਾ ਸਾਹਮਣਾ ਕਰਨਾ ਪਿਆ। ਮੈਂ ਕਿਹੜੇ ਮੂੰਹ ਸੰਤਾਂ ਦੇ ਮੱਥੇ ਲੱਗਦਾ। ਚੁੱਪ ਚੁਪੀਤੇ ਹੀ ਗੋਸ਼ਟੀ ਮੈਂ ਆਪਣੇ ਘਰ ਰੱਖ ਦਿੱਤੀ।

ਗੋਸ਼ਟੀ ਤੋਂ ਕਈ ਦਿਨਾਂ ਬਾਅਦ ਜਦ ਮੈਂ ਡੇਰੇ ਗਿਆ ਤਾਂ ਸੰਤ ਉਲਾਂਭਾ ਦਿੰਦੇ ਹੋਏ ਬੋਲੇ, "ਭੋਲਾ ਸਿਆਂ ਮੈਂ ਤਾਂ ਤੇਰੇ ਲਿਖਾਰੀ ਮਿੱਤਰਾਂ ਨੂੰ ਉਡੀਕਦਾ ਰਿਹਾ... ਮੈਨੂੰ ਤਾਂ ਬਹੁਤ ਉਮੀਦ ਸੀ ਕਿ ਚਲੋ ਗੋਸ਼ਟੀ ਵਾਸਤੇ ਤਾਂ ਸੱਦਾ-ਪੱਤਰ ਆਏਗਾ ਹੀ... ਇਸੇ ਬਹਾਨੇ ਚਲੋ ਲੇਖਕਾਂ ਦੇ ਦਰਸ਼ਨ ਹੋ ਜਾਣਗੇ... ਖੈਰ ਕੋਈ ਗੱਲ ਨ੍ਹੀ... ਮੈਂ ਤਾਂ ਸਾਰੀ ਗੱਲ ਸਮਝ ਗਿਆ ਸਾਂ... ਕਸੂਰ ਤੇਰਾ ਨਹੀਂ... ਕਸੂਰ ਉਨ੍ਹਾਂ ਲੇਖਕਾਂ ਦਾ ਵੀ ਨਹੀਂ... ਗੱਲ ਸਾਰੀ ਵਿਵਸਥਾ ਦੀ ਹੈ... ਅਸੀਂ ਬਹੁਤ ਕੁੱਝ ਚਾਹੁੰਦੇ ਹੋਏ ਵੀ ਕੁੱਝ ਨਹੀਂ ਕਰ ਸਕਦੇ... ਦਰਅਸਲ ਡੇਰੇ, ਸੰਤਾਂ ਅਤੇ ਮਹੰਤਾਂ ਵਗੈਰਾ ਦਾ ਅਕਸ ਹੀ ਅਜਿਹਾ ਬਣ ਗਿਆ ਹੈ ਜਾਂ ਬਣਾ ਦਿੱਤਾ ਗਿਆ ਹੈ ਕਿ ਬਹੁਤ ਸਾਰੇ ਅਗਾਂਹਵਧੂ ਲੋਕਾਂ ਦਾ ਡੇਰੇ ਪ੍ਰਤਿ ਨਜ਼ਰੀਆ ਠੀਕ ਨਹੀਂ... ਬਿਨਾਂ ਸ਼ੱਕ ਮੈਂ ਤੇਰੀ ਭਾਵਨਾ ਦੀ ਕਦਰ ਕਰਦਾਂ ਹਾਂ... ਚਲੋ ਕਦੇ ਫੇਰ ਪ੍ਰਮਾਤਮਾ ਮੌਕਾ ਮੇਲ ਕਰਾਏ... ਮੇਰੀ ਗੱਲ ਦਾ ਗੁੱਸਾ ਨਾ ਕਰੀਂ"

ਸੰਤਾਂ ਦੀ ਗੱਲ ਠੀਕ ਸੀ। ਇਹ ਖੱਪਾ ਤਾਂ ਹੈਗਾ ਹੀ ਹੈਗਾ ਸੀ। ਸੰਤਾਂ ਦੀ ਇੱਛਾ ਅਨੁਸਾਰ ਅੱਗੇ ਤੋਂ ਮੈਂ ਉਨ੍ਹਾਂ ਨੂੰ ਸਾਹਿਤਕ ਸਮਾਗਮਾਂ 'ਚ ਸ਼ਾਮਿਲ ਕਰਨ ਬਾਰੇ ਸੁਚੇਤ ਹੋ ਗਿਆ ਸੀ।

ਉਨ੍ਹਾਂ ਦਿਨਾਂ 'ਚ ਮੈਂ ਸਾਹਿਤ ਸਭਾ ਸ਼ੇਰਪੁਰ ਦਾ ਮੈਂਬਰ ਸਾਂ ਤੇ ਪੜ੍ਹਾਉਂਦਾ ਵੀ ਸ਼ੇਰਪੁਰ ਸਕੂਲ ਵਿਖੇ ਹੀ ਸੀ। ਸਾਹਿਤ ਸਭਾ ਨੇ ਆਪਣੇ ਮੈਂਬਰਾਂ ਦੀ ਸਾਂਝੇ ਤੌਰ ਤੇ ਛਾਪੀ ਕਾਵਿ-ਪੁਸਤਕ ਤੇ ਗੋਸ਼ਟੀ ਰੱਖੀ। ਸਮਾਗਮ ਦੀ ਪ੍ਰਧਾਨਗੀ ਓਮ ਪ੍ਰਕਾਸ਼ ਗਾਸੋ ਨੇ ਕਰਨੀ ਸੀ। ਮੁੱਖ ਮਹਿਮਾਨ ਦੇ ਤੌਰ ਤੇ ਸੰਤ ਮਾਧਵਾ ਨੰਦ ਨੂੰ ਬੁਲਾਉਣ ਦਾ ਫੈਸਲਾ ਹੋਇਆ। ਸੰਤਾਂ ਨੂੰ ਲਿਆਉਣ ਦੀ ਜ਼ਿੰਮੇਵਾਰੀ ਮੇਰੀ ਸੀ।

ਦੂਜੇ ਦਿਨ ਸੰਤਾਂ ਨੂੰ ਸੁਨੇਹਾ ਲਾਉਣ ਮੈਂ ਡੇਰੇ ਗਿਆ।

ਜਾ ਕੇ ਦੇਖਿਆ, ਸੰਤਾਂ ਦੀ ਕੁਰਸੀ ਖਾਲੀ ਪਈ ਸੀ। ਸੇਵਕ ਤੋਂ ਪਤਾ ਲੱਗਿਆ ਕਿ ਉਹ ਅੱਜ-ਕੱਲ੍ਹ ਢਿੱਲੇ ਮੱਠੇ ਸਨ। ਉਸ ਵਕਤ ਉਹ ਅੰਦਰ ਆਰਾਮ ਕਰ ਰਹੇ ਸਨ। ਮੈਂ ਬੈਂਚ ਤੇ ਬੈਠ ਗਿਆ। ਮਨ 'ਚ ਦੁਚਿੱਤੀ ਕਿ ਸੰਤਾਂ ਨਾਲ ਗੱਲ ਕਰਾਂ ਕਿ ਨਾ। ਇਸ ਦੁਚਿੱਤੀ 'ਚ ਮੈਂ ਵਾਪਿਸ ਮੁੜ ਪਿਆ ਸੀ।

ਡੇਰੇ ਤੋਂ ਬਾਹਰ ਅਜੇ ਮੈਂ ਥੋੜ੍ਹੀ ਦੂਰ ਹੀ ਆਇਆ ਸੀ ਕਿ ਪਿੱਛੋਂ ਸੇਵਕ ਦੀ ਆਵਾਜ਼ ਸੁਣਾਈ ਦਿੱਤੀ।

ਜਦ ਮੈਂ ਵਾਪਿਸ ਸੰਤਾਂ ਕੋਲ ਗਿਆ ਤਾਂ ਉਹ ਮੰਜੇ ਪਏ ਆਰਾਮ ਕਰ ਰਹੇ ਸਨ। ਮੈਨੂੰ ਦੇਖਣਸਾਰ ਉੱਠ ਬੈਠੇ। ਕੁਰਸੀ ਤੇ ਬੈਠਣ ਦਾ ਇਸ਼ਾਰਾ ਕੀਤਾ। ਸੇਵਕ ਮੇਰੇ ਲਈ ਪਾਣੀ ਲੈ ਆਇਆ। ਉਨ੍ਹਾਂ ਚਾਹ ਬਣਾਉਣ ਲਈ ਵੀ ਕਿਹਾ।

"ਕਿਵੇਂ ਮੁੜ ਚੱਲੇ ਸੀ?" ਉਹ ਬੋਲੇ।

"ਪਤਾ ਲੱਗਿਆ ਤੁਸੀਂ ਆਰਾਮ ਕਰ ਰਹੇ ਹੋ ਸੋਚਿਆ ਚਲੋ ਫੇਰ ਆ ਜਾਵਾਂਗਾ"

"ਕਿਵੇਂ ਆਏ ਸੀ?"

"ਬੱਸ ਤੁਹਾਡੇ ਦਰਸ਼ਨ ਕਰਨ"

ਮੇਰੀ ਗੱਲ ਸੁਣਕੇ ਉਹ ਹੱਸੇ ਤੇ ਬੋਲੇ, "ਲੇਖਕਾਂ ਨਾਲ ਮੇਰਾ ਰਾਬਤਾ ਵੱਖਰੀ ਤਰ੍ਹਾਂ ਦਾ ਹੈ... ਆਹ ਦਰਸ਼ਨਾਂ ਵਾਲੀ ਗੱਲ ਤਾਂ ਆਮ ਲੋਕ ਕਰਦੇ ਹੁੰਦੇ ਨੇ... ਭੋਲਾ ਸਿਆਂ ਮੈਂ ਇਨ੍ਹਾਂ ਢਿੱਲਾ ਵੀ ਨਹੀਂ ਬਈ ਕਿਧਰੇ ਨੇੜੇ ਤੇੜੇ ਆ ਜਾ ਵੀ ਨਾ ਸਕਾਂ... ਮੈਨੂੰ ਲਗਦੈ ਬਈ ਤੂੰ ਜਿਸ ਕੰਮ ਲਈ ਆਇਐਂ... ਉਸ ਬਾਰੇ ਦੱਸ ਨਹੀਂ ਰਿਹਾ"

ਜਦੋਂ ਮੈਂ ਆਉਣ ਦਾ ਕਾਰਨ ਦੱਸਿਆ ਤਾਂ ਉਹ ਬੋਲੇ, "ਸਾਹਿਤਕ ਸਮਾਗਮ ਮੇਰੇ ਲਈ ਤੀਰਥ ਵਾਂਗ ਹੈ... ਕਈ ਵਾਰ ਮਨੁੱਖ ਜੋ ਮਨ 'ਚ ਧਾਰ ਲੈਂਦਾ ਹੈ ਤਾਂ ਕੁਦਰਤ ਵੀ ਉਸਨੂੰ ਉਸਦੀ ਇੱਛਾ ਪੂਰੀ ਕਰਨ ਦੇ ਯੋਗ ਵੀ ਬਣਾ ਦਿੰਦੀ ਹੈ... ਮੈਨੂੰ ਤਾਂ ਇਉਂ ਲੱਗ ਰਿਹੈ ਜਿਵੇਂ ਕਿਸੇ ਨੇ ਆ ਕੇ ਦਵਾ ਹੀ ਦੇ ਦਿੱਤੀ ਹੋਵੇ... ਫੰਕਸ਼ਨ ਤਾਂ ਅਜੇ ਚਾਰ ਪੰਜ ਦਿਨਾਂ ਤੱਕ ਹੋਣਾ... ਫੇਰ ਕੀ ਐ... ਓਦੋਂ ਤੱਕ ਤਾਂ ਮੈਂ ਟਹਿਕਣ ਲੱਗ ਜੂੰ... ਤੁਸੀਂ ਹਾਂ ਕਰ ਦਿਓ... ਹਾਂ ਇਕ ਤਕਲੀਫ ਜ਼ਰੂਰ ਉਠਾਉਣੀ ਪਊ... ਬਈ ਲਿਜਾਣ ਤੇ ਛੱਡਣ ਦੀ ਜ਼ਿੰਮੇਵਾਰੀ ਤੇਰੀ ਹੋਵੇਗੀ"

ਇਸ ਸਮਾਗਮ ਦੇ ਮੁੱਖ ਪ੍ਰਬੰਧਕ ਅਮਰ ਸਿੰਘ ਭੁੱਲਰ (ਅੱਜ-ਕੱਲ੍ਹ ਕੈਨੇਡਾ) ਸਨ। ਉਹ ਸ਼ੇਰਪੁਰ ਵਿਖੇ ਲੜਕੀਆਂ ਦਾ ਕਾਲਜ ਚਲਾ ਰਹੇ ਸਨ। ਕਾਲਜ ਦਾ ਇਹ ਸਾਲਾਨਾ ਸਮਾਗਮ ਸੀ।

ਸੰਤਾਂ ਨੂੰ ਸਕੂਟਰ 'ਤੇ ਲੈ ਕੇ ਜਦ ਮੈਂ ਕਾਲਜ ਦੇ ਨੇੜੇ ਗਿਆ ਤਾਂ ਉੱਥੇ ਬਹੁਤ ਸਾਰੇ ਲੋਕ ਇਧਰ-ਉਧਰ ਤੁਰਦੇ ਹੋਏ, ਤਰਲੋਮੱਛੀ ਜਿਹੀ ਵੀ ਕਰਦੇ ਦਿਖਾਈ ਦਿੱਤੇ।

ਉਨ੍ਹਾਂ ਨੂੰ ਦੇਖ ਕੇ ਸੰਤਾਂ ਨੇ ਮੈਨੂੰ ਪੁੱਛਿਆ, "ਆਹ ਲੋਕ ਵੀ ਸਮਾਗਮ 'ਚ ਸ਼ਾਮਿਲ ਹੋਣ ਲਈ ਆਏ ਹੋਏ ਨੇ?"

ਮੈਂ ਕਿਹਾ, "ਆਏ ਤਾਂ ਬਾਬਾ ਜੀ ਸਮਾਗਮ ਵਾਸਤੇ ਨੇ ਪਰ ਇਨ੍ਹਾਂ ਲਈ ਗਾਇਕ ਹਾਕਮ ਸੂਫ਼ੀ ਨੇ ਆਪਣੇ ਸਮਾਗਮ ਤੋਂ ਪਿੱਛੋਂ ਅਖਾੜਾ ਲਾਉਣਾ ਹੈ"

ਅੰਦਰ ਜਾ ਕੇ ਦੇਖਿਆ ਕਿ ਜੋ ਰੌਣਕਾਂ ਪੰਡਾਲ ਦੇ ਬਾਹਰ ਸਨ, ਉਹ ਅੰਦਰ ਨਹੀਂ ਸਨ। ਕੁਰਸੀਆਂ 'ਤੇ ਸਿਰਫ 20-25 ਜਣੇ ਹੀ ਬੈਠੇ ਸਨ, ਬਾਕੀ ਸਭ ਖਾਲੀ ਸਨ।

ਦਰਅਸਲ ਇਸ ਸਮਾਗਮ 'ਚ ਸ਼ਾਮਿਲ ਹੋਣ ਲਈ ਐਂਟਰੀ 'ਕਾਰਡਾਂ' 'ਤੇ ਸੀ। ਕਾਰਡ ਦਾ ਮੁੱਲ 20 ਰੁੱਪਏ ਰੱਖਿਆ ਹੋਇਆ ਸੀ। ਪਰ ਪੰਜਾਬ ਦੇ ਲੋਕ ਤਾਂ ਖੁੱਲ੍ਹੇ ਅਖਾੜੇ ਸੁਣਨ ਦੇ ਆਦੀ ਸਨ।

ਆਖ਼ਰ ਸਾਹਿਤਕ ਸਮਾਗਮ ਆਰੰਭ ਹੋਇਆ। ਮੈਂ ਡਾ. ਅਮਰ ਕੋਮਲ ਦਾ ਲਿਖਿਆ ਹੋਇਆ ਪਰਚਾ ਪੜ੍ਹਨਾ ਆਰੰਭ ਕਰ ਦਿੱਤਾ।

ਬਾਹਰ ਲੋਕ ਸ਼ੋਰ ਮਚਾ ਰਹੇ ਸਨ। ਖਾਲੀ ਕੁਰਸੀਆਂ ਦੇਖਕੇ ਪ੍ਰਬੰਧਕਾਂ ਦੀ ਚਿੰਤਾ ਵਧ ਰਹੀ ਸੀ। ਹਾਕਮ ਸੂਫੀ ਵਾਰ-ਵਾਰ ਪੁੱਛ ਰਿਹਾ ਸੀ ਕਿ ਇਨ੍ਹਾਂ ਲੋਕਾਂ ਨੂੰ ਅੰਦਰ ਕਿਉਂ ਨ੍ਹੀ ਆਉਣ ਦਿੱਤਾ ਜਾ ਰਿਹਾ ਹੈ। ਜਦੋਂ ਉਸਨੂੰ ਕਾਰਡ ਐਂਟਰੀ ਬਾਰੇ ਪਤਾ ਲੱਗਿਆ ਤਾਂ ਉਸਦੇ ਚਿਹਰੇ ਤੇ ਵੀ ਚਿੰਤਾ ਦੇ ਨਿਸ਼ਾਨ ਉੱਭਰ ਆਏ।

ਮੈਂ ਪੇਪਰ ਪੜ੍ਹ ਚੁੱਕਿਆ ਸਾਂ। ਆਖ਼ਰ ਬਾਹਰਲੇ ਲੋਕਾਂ ਲਈ ਗੇਟ ਖੋਲ੍ਹ ਦਿੱਤੇ ਗਏ। ਅੰਦਰ ਕੁਰਬਲ-ਕੁਰਬਲ ਹੋਣ ਲੱਗੀ। ਇਹ ਲੋਕ ਤਾਂ ਸੂਫੀ ਨੂੰ ਸੁਣਨ ਲਈ ਕਾਹਲੇ ਸਨ। ਸੂਫੀ ਦੇ ਸਾਜ਼ਿੰਦਿਆਂ ਨੇ ਸਟੇਜ 'ਤੇ ਸਾਜ਼ ਰੱਖ ਲਏ ਸਨ। ਸੰਤਾਂ ਅਤੇ ਗਾਸੋ ਦੀਆਂ ਵਿਦਵਤਾ ਭਰੀਆਂ ਗੱਲਾਂ ਲੋਕਾਂ ਦੇ ਸ਼ੋਰ ਦੀ ਧੂੜ 'ਚ ਦੱਬ ਕੇ ਰਹਿ ਗਈਆਂ ਸਨ।

ਆਉਂਦੇ ਹੋਏ ਸੰਤ ਮੈਨੂੰ ਕਹਿਣ ਲੱਗੇ, "ਦੇਖ ਭਈ ਭੋਲਾ ਸਿਆਂ... ਚਾਹੇ ਗੁੱਸੇ ਰਹਿ ਚਾਹੇ ਰਹਿ ਰਾਜੀ... ਮੈਨੂੰ ਤਾਂ ਨ੍ਹੀ ਆਨੰਦ ਆਇਆ... ਬਿਨਾਂ ਸ਼ੱਕ ਤੁਹਾਡਾ ਯਤਨ ਮਾੜਾ ਨਹੀਂ... ਪਰ ਜੋ ਉਥੇ ਮਾਹੌਲ ਸੀ ਉਹ ਸਾਹਿਤ ਦੇ ਅਨਕੂਲ ਨਹੀਂ ਸੀ... ਕਾਲਜ ਵਾਲਿਆਂ ਲਈ ਤਾਂ ਇਹ ਜਸ਼ਨ ਦਾ ਦਿਨ ਸੀ। ਪਰ ਸਾਹਿਤ ਤਾਂ ਜ਼ਿੰਦਗੀ ਦੀ ਗੰਭੀਰਤਾ ਨਾਲ ਜੁੜਿਆ ਹੋਇਆ ਹੈ... ਇਹੋ ਜਿਹੇ ਹਲਕੇ-ਫੁਲਕੇ ਸਮਾਗਮਾਂ 'ਚ ਸਾਹਿਤਕ ਸਮਾਗਮ ਕਰਾਉਣ ਤੋਂ ਬਚਿਆ ਕਰੋ... ਸਾਹਿਤਕ ਸਮਾਗਮਾਂ ਲਈ ਵੱਡੇ-ਵੱਡੇ 'ਕੱਠਾਂ ਦੀ ਕੋਈ ਜ਼ਰੂਰਤ ਨਹੀਂ ਹੁੰਦੀ... ਗੰਭੀਰਤਾ ਲਈ ਤਾਂ ਚਾਰ ਬੰਦੇ ਹੀ ਕਾਫੀ ਹੁੰਦੇ ਹਨ।"

ਸ਼ੋਰ-ਸ਼ਰਾਬੇ ਤੋਂ ਬਚਣ ਲਈ ਤਾਂ ਰਾਮ ਸਰੂਪ ਅਣਖੀ ਅਕਸਰ ਡੇਰੇ ਆਉਂਦਾ-ਜਾਂਦਾ ਸੀ। ਕਦੇ ਦਵਾਈ-ਬੂਟੀ ਲੈਣ, ਕਦੇ ਮਿਲਣ-ਗਿਲਣ ਤੇ ਕਦੇ ਓਦੋਂ ਜਦੋਂ ਲਿਖਣ ਲਈ ਘਰ ਦਾ ਮਹੌਲ ਸਾਜ਼ਗਰ ਨਾ ਹੁੰਦਾ। ਉਹ ਸਾਈਕਲ ਚੁੱਕਦਾ ਤੇ ਡੇਰੇ ਆ ਜਾਂਦਾ। ਸੇਵਕਾਂ ਨੂੰ ਹੁਕਮ ਸੀ ਕਿ ਅਣਖੀ ਜਦੋਂ ਵੀ ਰੋਟੀ ਜਾਂ ਚਾਹ ਪਾਣੀ ਮੰਗਣ ਤੁਰੰਤ ਪਹੁੰਚਦਾ ਕਰਨ। 'ਕੋਠੇ ਖੜਕ ਸਿੰਘ' ਅਤੇ 'ਦੁੱਲੇ ਦੀ ਢਾਬ' ਨਾਵਲ ਇੱਥੇ ਬੈਠਕੇ ਹੀ ਲਿਖੇ ਸਨ।

ਅਣਖੀ ਨੂੰ ਫੁਰਨਾ ਫੁਰਿਆ ਕਿ ਕਿਉਂ ਨਾ ਸੰਤਾਂ ਦੀ ਜ਼ਿੰਦਗੀ ਨੂੰ ਆਧਾਰ ਬਣਾਕੇ ਹੀ ਨਾਵਲ ਲਿਖਿਆ ਜਾਵੇ। ਉਸਨੂੰ ਨੂੰ ਜਦੋਂ ਵੀ ਮੌਕਾ ਮਿਲਦਾ ਸੰਤਾਂ ਤੋਂ ਉਨ੍ਹਾਂ ਦੀ ਜ਼ਿੰਦਗੀ ਦੀਆਂ ਘਟਨਾਵਾਂ ਸੁਣਦਾ ਰਹਿੰਦਾ। ਫਿਰ ਇਕ ਦਿਨ ਘਰ ਬੈਠਕੇ ਹੀ ਨਾਵਲ ਲਿਖਣਾ ਸ਼ੁਰੂ ਕੀਤਾ। ਪਹਿਲੇ ਦਿਨ ਵੀਹ ਸਫੇ ਲਿਖੇ। ਦੂਜੇ ਦਿਨ ਪੜ੍ਹੇ ਤੇ ਪਾੜ ਕੇ ਸੁੱਟ ਦਿੱਤੇ। ਫਿਰ ਤੀਜੇ ਦਿਨ ਪੰਦਰਾਂ ਸਫੇ ਲਿਖੇ ਤੇ ਅਗਲੇ ਦਿਨ ਪਾੜ ਸੁੱਟੇ। ਫਿਰ ਉਹ ਲਿਖਣਾ ਸ਼ੁਰੂ ਕਰਿਆ ਕਰੇ ਤੇ ਕੱਟ ਦਿਆ ਕਰੇ। ਇਸ ਤਰ੍ਹਾਂ ਦਿਨ, ਮਹੀਨੇ ਅਤੇ ਸਾਲ ਲੰਘ ਗਏ। ਜਦੋਂ ਵੀ ਸੰਤਾਂ ਦੇ ਰੂਬਰੂ ਹੋਇਆ ਕਰੇ ਤਾਂ ਉਹ ਪੁੱਛਿਆ ਕਰੇ, "ਅਣਖੀ! ਸਾਡੇ ਵਾਲੇ ਨਾਵਲ ਦਾ ਕੀ ਬਣਿਆ?"

ਆਖਰ ਇਕ ਦਿਨ ਅਣਖੀ ਨੇ ਦੱਸ ਹੀ ਦਿੱਤਾ, "ਮੇਰੇ ਮਨ 'ਚ ਇਕ ਡਰ ਜਿਹਾ ਬਣਿਆ ਰਹਿੰਦਾ ਹੈ ਕਿ ਇਹ ਨਾਵਲ ਛਪਣ ਨਾਲ ਕਿਤੇ ਤੁਹਾਡਾ ਅਕਸ ਧੁੰਦਲਾ ਹੀ ਨਾ ਪੈ ਜਾਵੇ...ਸਾਧੂ ਸਮਾਜ ਇਕ ਵਿਸ਼ੇਸ਼ ਦੁਨੀਆ ਹੈ... ਤੁਹਾਡੇ ਅਕਸ ਨੂੰ ਏਵੇਂ ਹੀ ਬਣਿਆ ਰਹਿਣ ਦਿਓ"

ਸੰਤ ਬੋਲੇ, "ਅਣਖੀ! ਜਦੋਂ ਮੈਨੂੰ ਪਰਵਾਹ ਨ੍ਹੀ... ਤੂੰ ਕਿਉਂ ਪਰਵਾਹ ਕਰਦੈਂ ਕਿਸੇ ਦੀ... ਮੈਂ ਤਾਂ ਚਾਹੁੰਨਾ ਕਿ ਮੇਰੇ ਅੰਦਰਲਾ ਵਿਅਕਤਿਤਵ ਸਗੋਂ ਬਾਹਰ ਆਵੇ... ਅੱਗੇ ਤੁਹਾਡੀ ਮਰਜ਼ੀ"

ਭਵੇਂ ਅਣਖੀ ਸੰਤਾਂ ਦੇ ਵਿਅਕਤਿਤਵ ਤੋਂ ਐਨਾ ਪ੍ਰਭਾਵਿਤ ਸੀ ਕਿ 'ਕੋਠੇ ਖੜਕ ਸਿੰਘ' ਵਿੱਚ ਨਸੀਬ ਨਾਂ ਦਾ ਪਾਤਰ ਪਿੰਡ ਸੰਘੇੜਾ ਤੋਂ ਲਿਆ ਅਤੇ ਇਸਦੀ ਆਰਥਿਕ ਮਦਦ ਕਰਨ ਵਾਲਾ ਇਕ ਸੰਤ ਪਾਤਰ, ਮਾਧਵਾ ਨੰਦ ਦਾ ਪੇਸ਼ ਕੀਤਾ ਪਰ ਸੰਤਾਂ ਦੇ ਜੀਵਨ 'ਤੇ ਨਿਰੋਲ ਨਾਵਲ ਲਿਖਣ ਤੋਂ ਅਣਖੀ ਹੱਥ ਖੜ੍ਹੇ ਕਰ ਗਿਆ ਸੀ।

ਉਂਜ ਉਹ ਆਪਣੇ ਵਿਰੋਧੀਆਂ ਨਾਲ ਦੋ-ਦੋ ਹੱਥ ਕਰਨ ਲਈ ਵੀ ਤਿਆਰ ਹੋ ਜਾਂਦਾ ਸੀ।

ਅਕਤੂਬਰ 1996 'ਚ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਨੇ ਨਾਵਲ ਵਰਕਸ਼ਾਪ ਕਰਾਉਣ ਦਾ ਫੈਸਲਾ ਲਿਆ। ਇਸ ਸਮਾਗਮ ਦੇ ਸੰਚਾਲਕ ਰਾਮ ਸਰੂਪ ਅਣਖੀ ਨੂੰ ਬਣਾਇਆ ਗਿਆ। ਅਣਖੀ ਇਸਨੂੰ ਬਰਨਾਲਾ ਵਿਖੇ ਹੀ ਕਰਨਾ ਚਾਹੁੰਦਾ ਸੀ। ਪਰ ਬਰਨਾਲੇ ਦੇ ਕਈ ਲੇਖਕ ਉਸ ਨਾਲ ਖਾਰ ਖਾਂਦੇ ਸਨ। ਉਨ੍ਹਾਂ ਅਣਖੀ ਦੀ ਨੁਕਤਾ-ਚੀਨੀ ਕਰਨੀ ਸ਼ੁਰੂ ਕਰ ਦਿੱਤੀ। ਪ੍ਰਚਾਰ ਇਹ ਕੀਤਾ ਗਿਆ ਕਿ ਇਹ ਸਮਾਗਮ ਤਾਂ ਵਨਮੈਨ ਸ਼ੋਅ ਹੀ ਹੋਵੇਗਾ ਜਿਸਦਾ ਸਿੱਧਾ ਲਾਭ ਤਾਂ ਅਣਖੀ ਨੂੰ ਹੀ ਹੋਵੇਗਾ।

ਇਸ ਨੁਕਤਾਚੀਨੀ ਬਾਰੇ ਪਤਾ ਤਾਂ ਅਣਖੀ ਨੂੰ ਵੀ ਲੱਗ ਗਿਆ ਸੀ ਪਰ ਉਹ ਖਾਹ ਮਖਾਹ ਕਿਸੇ ਵਿਵਾਦ 'ਚ ਨਹੀਂ ਸੀ ਉਲਝਣਾ ਚਾਹੁੰਦਾ।

ਦੂਜੇ ਦਿਨ ਅਣਖੀ ਮੇਰੇ ਪਿੰਡ ਆਇਆ। ਉਸਨੇ ਮੈਨੂੰ ਨਾਲ ਲਿਆ ਤੇ ਅਸੀਂ ਸੰਤਾਂ ਕੋਲ ਡੇਰੇ ਚਲੇ ਗਏ। ਸੰਤਾਂ ਨੇ ਸਾਨੂੰ ਕਮਰੇ ਅੰਦਰ ਬਿਠਾਇਆ। ਉਨ੍ਹਾਂ ਦੇ ਸੇਵਕ ਪਾਣੀ ਤੇ ਚਾਹ ਲੈ ਆਏ। ਅੱਧੇ ਕੁ ਘੰਟੇ ਬਾਅਦ ਮਰੀਜ਼ਾਂ ਨੂੰ ਭੁਗਤਾ ਕੇ ਉਹ ਸਾਡੇ ਕੋਲ ਆਏ। ਕੁਰਸੀ ਤੇ ਬੈਠਦਿਆਂ ਹੀ ਬੋਲੇ,"ਅਣਖੀ! ਅੱਜ ਤਾਂ ਇਉਂ ਲੱਗਦੈ ਜਿਵੇਂ ਕੋਈ ਖਾਸ ਪੈਗ਼ਾਮ ਲੈਕੇ ਆਏ ਹੁੰਨੇ ਓਂ।"

"ਪੈਗ਼ਾਮ ਕਾਹਦਾ ਪੰਗਾ ਕਹੋ... ਕਿਉਂ ਭੋਲਾ ਸਿਆਂ"

"ਇਸ ਪੰਗੇ 'ਚ ਭੋਲਾ ਸਿਉਂ ਵੀ ਸ਼ਾਮਿਲ ਹੈ ਕਿ ਨਹੀਂ?" ਸੰਤ ਹਸਦੇ ਹੋਏ ਬੋਲੇ।

"ਹੁਣ ਤਾਂ ਇਹਨੂੰ ਵੀ ਨਾਲ ਹੀ ਸਮਝੋ... ਇਹ ਵੀ ਤਾਂ ਸਾਹਿਤ ਸਭਾ ਦਾ ਜਨਰਲ ਸਕੱਤਰ ਹੈ" ਅਣਖੀ ਬੋਲਿਆ।

"ਪੰਗਾ ਅਣਖੀ ਥੋਡਾ ਕਾਹਦਾ ਹੋਣੈ... ਤੁਸੀਂ ਕਿਹੜਾ ਕਿਸੇ ਦੀ ਵੱਟ ਵੱਢੀ ਹੋਣੀ ਐ... ਆਹ ਕੋਈ ਸਾਹਿਤਕ ਸਮਾਗਮ ਦੀ ਗੱਲ ਹੋਣੀ ਐ... ਤੁਸੀਂ ਤਾਂ ਏਸੇ ਨੂੰ ਹਊਆ ਬਣਾਕੇ ਬਹਿ ਜਾਨੇ ਓਂ।" ਸੰਤ ਹੱਸੇ।

"ਗੱਲ ਇਹ ਹੈ ਕਿ ਆਪਾਂ ਨਾਵਲ ਵਰਕਸ਼ਾਪ ਕਰਾਉਣੀ ਐ... ਅਕਾਦਮੀ ਨੇ ਕਨਵੀਨਰ ਮੈਨੂੰ ਬਣਾਇਆ... ਕੰਮ ਹੈ ਵੱਡਾ... ਕਰਨਾ ਤਾਂ ਭਾਵੇਂ ਆਪਾਂ ਸਾਰਿਆਂ ਨੇ ਰਲਕੇ ਹੀ ਐ ਪਰ ਮੈਨੂੰ ਲੱਗਦੈ ਬਈ ਭਾਰ ਚਾਰ-ਪੰਜ ਜਣਿਆ ਨੂੰ ਹੀ ਚੱਕਣਾ ਪਊ" ਅਣਖੀ ਬੋਲਿਆ।

"ਤੁਸੀਂ ਮੈਨੂੰ ਦੱਸੋ ਕਿੰਨਾ ਕੁ ਭਾਰ ਚੁਕਾਉਣਾ" ਸੰਤ ਅਣਖੀ ਵੱਲ ਝਾਕੇ।

"ਆਏਂ ਸਮਝ ਲਓ ਵੀ ਸਾਰਾ ਥੋਨੂੰ ਹੀ ਚੁੱਕਣਾ ਪਊ"

ਸੰਤ ਹੱਥ ਬੰਨਦੇ ਹੋਏ ਬੋਲੇ, "ਅਣਖੀ ਜੀ ਤੁਸੀਂ ਇਸ ਨੂੰ ਭਾਰ ਸਮਝਦੇ ਹੋ... ਮੇਰੇ ਲਈ ਤਾਂ ਇਹ ਯੱਗ ਕਰਨ ਸਮਨ ਹੈ... ਮੈਂ ਤਾਂ ਆਪਣੇ-ਆਪ ਨੂੰ ਭਾਗਯਾਸ਼ਾਲੀ ਸਮਝਾਂਗਾ ਇਹ ਪੁੰਨ ਦਾ ਕੰਮ ਕਰਕੇ।"

ਇਹ ਸਮਾਗਮ ਦੋ ਦਿਨ ਦਾ ਸੀ।

ਪਹਿਲੇ ਦਿਨ 'ਨਾਵਲ ਦੀ ਦਸ਼ਾ ਅਤੇ ਦਿਸ਼ਾ' ਵਿਸ਼ੇ ਤੇ ਵਿਚਾਰ ਚਰਚਾ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ ਵਿਖੇ ਹੋਣੀ ਸੀ। ਇਸ ਦੇ ਦੋ ਸੈਸ਼ਨ ਸਨ। ਇਸੇ ਤਰ੍ਹਾਂ ਦੂਜੇ ਦਿਨ 'ਮੈਂ ਨਾਵਲ ਕਿਵੇਂ ਲਿਖਦਾ ਹਾਂ' ਵਿਸ਼ੇ ਤੇ ਆਧਾਰਿਤ ਹਾਈ ਸਕੂਲ ਬਰਨਾਲਾ ਵਿਖੇ ਚਰਚਾ ਹੋਣੀ ਸੀ। ਦੋਵੇਂ ਦਿਨ ਖਾਣੇ ਦਾ ਪ੍ਰਬੰਧ ਸੰਤਾਂ ਨੇ ਕਰਨਾ ਸੀ।

ਪਹਿਲੇ ਦਿਨ ਲੇਖਕ ਸਿੱਧੇ ਹੀ ਸੰਘੇੜਾ ਕਾਲਜ ਪਹੁੰਚ ਗਏ ਸਨ। ਸੰਤਾਂ ਦੇ ਸੇਵਕਾਂ ਤੇ ਪਿੰਡ ਦੀ ਸੰਗਤ ਨੇ ਲੇਖਕਾਂ ਲਈ ਬ੍ਰੇਕਫਾਸਟ ਕਾਲਜ ਵਿੱਚ ਹੀ ਪਹੁੰਚਾ ਦਿੱਤਾ ਸੀ।

ਇਕ ਵਜੇ ਤੱਕ ਵਿਚਾਰ ਚਰਚਾ ਚਲਦੀ ਰਹੀ। ਇਕ ਤੋਂ ਦੋ ਵਜੇ ਤੱਕ ਦੁਪਹਿਰ ਦੇ ਖਾਣੇ ਦਾ ਸਮਾਂ ਸੀ। ਦੋ ਵਜੇ ਫਿਰ ਦੂਜਾ ਸੈਸ਼ਨ ਸ਼ੁਰੂ ਹੋਣਾ ਸੀ। ਦੁਪਹਿਰ ਦੇ ਖਾਣੇ ਦਾ ਪ੍ਰਬੰਧ ਡੇਰੇ 'ਚ ਸੀ।

ਸੰਤਾਂ ਨੇ ਲੇਖਕਾਂ ਦੇ ਡੇਰੇ ਜਾਣ ਵਾਸਤੇ ਦੋ ਕਾਰਾਂ ਦਾ ਪ੍ਰਬੰਧ ਕੀਤਾ ਹੋਇਆ ਸੀ। ਦੋ ਕਾਰਾਂ ਲੇਖਕਾਂ ਕੋਲ ਵੀ ਸਨ।

ਪਰ ਡੇਰੇ ਜਾਣ ਤੋਂ ਲੇਖਕ ਆਨਾ-ਕਾਨੀ ਕਰ ਰਹੇ ਸਨ।

ਕੋਈ ਕਹੇ-ਇਹ ਤਾਂ ਸਮੇਂ ਦੀ ਬਰਬਾਦੀ ਹੈ। ਕੋਈ ਕਹੇ-ਇਹ ਕੀ ਪ੍ਰਬੰਧ ਹੋਇਆ ਬਈ। ਕਈ ਆਖਣ ਲੱਗੇ-ਰੋਟੀ ਹੀ ਇੱਥੇ ਮੰਗਵਾ ਲਓ।

ਸੰਤ ਹੱਥ ਬੰਨਦੇ ਹੋਏ ਬੋਲੇ, "ਦੇਖੋ ਹੈ ਤਾਂ ਤੁਹਾਡੀ ਮਰਜ਼ੀ... ਜਿਵੇਂ ਤੁਸੀਂ ਹੁਕਮ ਕਰੋਗੇ ਹੋਵੇਗਾ ਤਾਂ ਓਵੇਂ ਹੀ... ਪਰ ਇਸ ਨਾਚੀਜ਼ ਨੂੰ ਵੀ ਮਾਣ ਬਖਸ਼ੋ... ਮੇਰੀ ਇੱਛਾ ਹੈ ਕਿ ਇਨ੍ਹਾਂ ਮਹਾਨ ਆਤਮਾਵਾਂ ਦੇ ਚਰਨ ਡੇਰੇ 'ਚ ਜ਼ਰੂਰ ਪੈਣ... ਉੱਥੇ ਪਿੰਡ ਦੇ ਕਈ ਪਤਵੰਤੇ ਤੁਹਾਡੇ ਦਰਸ਼ਨਾਂ ਲਈ ਬੈਠੇ ਹਨ... ਹਾਂ ਐਨਾ ਤੁਹਾਡੇ ਨਾਲ ਵਾਅਦਾ ਰਿਹਾ ਕਿ ਦੋ ਵਜੇ ਤੋਂ

ਪਹਿਲਾਂ-ਪਹਿਲਾਂ ਇੱਥੇ ਪਹੁੰਚਾ ਦਿੱਤਾ ਜਾਏਗਾ''

ਆਖ਼ਰ ਲੇਖਕ ਡੇਰੇ ਜਾਣਾ ਮੰਨ ਗਏ ਸਨ।

ਡੇਰੇ ਦਾ ਆਪਣਾ ਹੀ ਮਾਹੌਲ ਸੀ।

ਖੁੱਲ੍ਹਾ-ਡੁੱਲ੍ਹਾ ਵਿਹੜਾ। ਹਰੇ ਭਰੇ ਦਰਖਤਾਂ ਦੇ ਝੁੰਡ। ਨਿੰਮ, ਤੂਤਾਂ ਅਤੇ ਬੋਹੜ ਦੀ ਠੰਡੀ-ਠੰਡੀ ਛਾਂ। ਨਿੱਕੀਆਂ-ਨਿੱਕੀਆਂ ਕਿਆਰੀਆਂ 'ਚ ਗੇਂਦੇ ਤੇ ਗੁਲਸ਼ਰਫੀ ਦੇ ਬੂਟੇ। ਕਿਤੇ-ਕਿਤੇ ਗੁਲਾਬ ਤੇ ਗੁਲਦੌਦੀ ਦੇ ਖਿੜੇ ਹੋਏ ਫੁੱਲ। ਹਰੇ ਕਚੂਰ ਘਾਹ ਦਾ ਇਕ ਵੱਡਾ ਪਾਰਕ। ਲੇਖਕਾਂ ਦੇ ਬੈਠਣ ਲਈ ਤੱਪੜ, ਕੁਰਸੀਆਂ, ਮੰਜੇ ਤੇ ਤਖਤਪੋਸ਼ ਦਾ ਪ੍ਰਬੰਧ ਕੀਤਾ ਹੋਇਆ ਸੀ। ਜਿੱਥੇ ਜੀ ਕਰਦਾ ਬੈਠਣ।

ਡੇਰੇ ਦੇ ਲੰਗਰ ਦਾ ਆਪਣਾ ਹੀ ਲੁਤਫ।

ਕਿਧਰੇ ਸਰੋਂ ਦਾ ਸਾਗ ਤੇ ਮੱਕੀ ਦੀ ਰੋਟੀ। ਮਾਂਹ-ਛੋਲਿਆਂ ਦੀ ਤੜਕੀ ਹੋਈ, ਹਾਰੀ ਵਾਲੀ ਦਾਲ। ਕਾੜ੍ਹਨੀ ਦੇ ਦੁੱਧ ਦੀ ਦਹੀਂ ਦੇ ਭਰੇ ਕੌਲੇ। ਕਿਧਰੇ ਲੁਸ-ਲੁਸ ਕਰਦੇ ਮੱਖਣ ਦੇ ਪੇੜੇ। ਲੱਸੀ ਦੇ ਭਰੇ ਹੋਏ ਕੰਗਣੀ ਵਾਲੇ ਗਿਲਾਸ। ਤਰ੍ਹਾਂ-ਤਰ੍ਹਾਂ ਦਾ ਆਚਾਰ ਤੇ ਸਲਾਦ। ਕਾਜੂ ਬਦਾਮਾਂ ਵਾਲੀ ਕੜ੍ਹੇ ਹੋਏ ਦੁੱਧ ਦੀ ਖੀਰ। ਦੇਸੀ ਘਿਓ ਤੇ ਸ਼ੱਕਰ।

ਡੇਰੇ 'ਚ ਵਿਆਹ ਵਰਗਾ ਮਾਹੌਲ ਬਣ ਗਿਆ ਸੀ। ਲੰਗਰ ਛਕਦੇ ਹੋਏ ਲੇਖਕ ਇਕ ਦੂਜੇ ਨਾਲ ਅੱਖਾਂ ਹੀ ਅੱਖਾਂ 'ਚ ਹੱਸੀ ਜਾਣ ਜਿਵੇਂ ਕਹਿ ਰਹੇ ਹੋਣ-ਕਿਉਂ ਦੇਖਿਐ ਕਦੇ ਇਹੋ ਜਿਹਾ ਨਜ਼ਾਰਾ। ਕਈਆਂ ਨੂੰ ਤਾਂ ਪਤਾ ਹੀ ਨਾ ਲੱਗੇ ਕਿ ਕੀ ਖਾਣ ਤੇ ਕੀ ਛੱਡਣ।

ਰੋਟੀ ਖਾਣ ਤੋਂ ਬਾਅਦ ਲੇਖਕ ਆਪੋ ਆਪਣੀਆਂ ਟੋਲੀਆਂ ਜਿਹੀਆਂ ਬਣਾ ਕੇ ਖੜ੍ਹ ਗਏ।

ਅਣਖੀ ਮੋਢੇ 'ਚ ਲਟਕਾਏ ਝੋਲੇ ਨੂੰ ਸੰਭਾਲ-ਸੰਭਾਲ ਕੇ ਤੁਰਿਆ ਫਿਰੇ। ਕਰਮਜੀਤ ਕੁੱਸਾ ਅਣਖੀ ਦੇ ਪਿੱਛੇ-ਪਿੱਛੇ। ਅਣਖੀ ਰੁਕਿਆ ਤੇ ਬੋਲਿਆ, ''ਹਾਂ ਯਾਰ! ਦੱਸ ਤੈਨੂੰ ਕੀ ਬਿਮਾਰੀ ਐ?''

''ਦੇਖੋ ਅਣਖੀ ਸਾਹਬ! ਤੁਸੀਂ ਜਿਹੜਾ ਮੈਨੂੰ ਪੰਜਾ ਛਿੱਕਾ ਦੇਣੇ ਦਿਓ... ਮੈਂ ਤਾਂ ਤੁਰਦਾ ਬਣਾ'' ਕੁੱਸਾ ਬੋਲਿਆ।

''ਦੇਖ ਕੁੱਸੇ! ਜੇ ਮੈਂ ਆਏਂ ਸੇਵਾ ਫਲ ਵੰਡਣ ਲੱਗ ਪਿਆ ਫਿਰ ਇਥੇ ਕਿਹੜੇ ਭੜੂਏ ਨੇ ਰੁਕਣਾ... ਘੱਟੋ-ਘੱਟ ਦੋ ਘੰਟੇ ਲੱਗਣਗੇ... ਅੱਜ ਘੰਟਾ ਮਗਰੋਂ ਡੱਫ ਲੀਂ'' ਅਣਖੀ ਪੂੰਝਾ ਛੁਡਾ ਗਿਆ ਸੀ।

ਫਿਰ ਬਲਦੇਵ ਸਿੰਘ ਦੂਜਿਆਂ ਨੂੰ ਸੁਣਾ ਕੇ ਉੱਚੀ ਦੇਣੇ ਬੋਲਿਆ, ''ਮੈਂ ਵੀ ਸੋਚਾਂ ਬਈ ਅਣਖੀ ਦੀ ਲਿਖਣ ਦੀ ਸਪੀਡ ਐਨੀ ਕਿਉਂ ਐ... ਇਹੋ ਜਿਹੇ ਡੇਰੇ 'ਚ ਬੈਠਕੇ ਲਿਖਣਾ ਕੀ ਔਖਾ... ਜੀ ਕਰਦਾ ਮੈਂ ਜੁੱਲੀ-ਬਿਸਤਰਾ ਇੱਥੇ ਹੀ ਚੱਕ ਲਿਆਵਾਂ''

ਬਲਦੇਵ ਸਿੰਘ ਦਾ ਮੋੜਾ ਦਿੰਦਾ ਜਸਵੰਤ ਸਿੰਘ ਕੰਵਲ ਬੋਲਿਆ, ''ਬਲਦੇਵ ਸਿਆਂ, ਇਹ ਡੇਰਾ... ਇੱਥੇ ਐਰੇ-ਗੈਰੇ ਬੰਦੇ ਲਈ ਕੋਈ ਥਾਂ ਨ੍ਹੀ'' ਕੰਵਲ ਦੀ ਗੱਲ ਸੁਣ ਕੇ ਹਾਸੜ ਮੱਚ ਗਿਆ।

ਸੰਤੋਖ ਸਿੰਘ ਧੀਰ ਤੋਂ ਵੀ ਰਿਹਾ ਨਾ ਗਿਆ। ਕੁਰਸੀ ਤੋਂ ਉੱਠਦਾ ਹੋਇਆ ਉਹ ਬੋਲਿਆ, ''ਕੰਵਲ ਭਲਾ ਬਲਦੇਵ ਨੂੰ ਕੋਈ ਪੁੱਛੇ ਬਈ ਅਣਖੀ ਤੇ ਗਾਸੋ ਤੈਨੂੰ ਇੱਥੇ ਬੜਨ ਦੇ ਦੇਣਗੇ''

''ਭਰਾਓ ਗੱਲ ਸੁਣੋ ਮੇਰੀ! ਮਾਰੋ ਚਾਹੇ ਛੱਡੋ ਮੇਰਾ ਤਾਂ ਨ੍ਹੀ ਹੁਣ ਕਾਲਜ ਜਾਣ ਨੂੰ ਦਿਲ ਕਰਦਾ'' ਕਹਿਕੇ ਜਸਬੀਰ ਭੁੱਲਰ ਮੰਜੇ 'ਚ ਡਿੱਗ ਪਿਆ।

''ਗੱਲਾਂ ਈ ਕਰਨੀਆਂ ਨੇ... ਇੱਥੇ ਵਰਗਾ ਮਾਹੌਲ ਕਿੱਥੇ ਮਿਲੂ'' ਉੱਚੀ ਆਵਾਜ਼ 'ਚ ਕਹਿਕੇ ਨਿਰੰਜਣ ਤਸਨੀਮ ਵੀ ਕੁਰਸੀ ਤੇ ਬੈਠ ਗਿਆ।

ਸੰਤਾਂ ਨੇ ਘੜੀ ਵੱਲ ਦੇਖਿਆ, ਪੌਣੇ ਦੋ ਵੱਜ ਰਹੇ ਸਨ। ਉਹ ਅਣਖੀ ਵੱਲ ਝਾਕੇ।

''ਚਲੋ ਬਈ ਮਿੱਤਰੋ ਹੋਵੋ ਤਿਆਰ'' ਅਣਖੀ ਬੋਲਿਆ।

ਅੱਗੇ ਵਧਦਾ ਹੋਇਆ ਕੇ. ਐੱਲ. ਗਰਗ ਬੋਲਿਆ, ''ਭਲਿਓ ਮਾਣਸੋ... ਜੇ ਮੇਰੀ ਗੱਲ ਮੰਨੋ ਜਿਹੜੇ ਦੋ ਘੰਟੇ ਲਾਉਣੇ ਆ ਇੱਥੇ ਹੀ ਲਾ ਲਓ''

ਗਰਗ ਦੀ ਗੱਲ ਸੁਣਕੇ ਪ੍ਰੋ. ਰਵਿੰਦਰ ਭੱਠਲ, ਡਾ. ਐੱਸ. ਤਰਸੇਮ, ਜਸਦੇਵ ਸਿੰਘ ਧਾਲੀਵਾਲ ਅਤੇ ਪਰਗਟ ਸਿੰਘ ਸਿੱਧੂ ਲੇਖਕ ਆਪਸ ਵਿਚ ਵਿਚਾਰ ਕਰਨ ਲੱਗੇ।

ਫਿਰ ਧੀਰ ਬੋਲਿਆ, ''ਬਾਬਾ ਜੀ ਇੱਥੇ ਨ੍ਹੀ ਬੈਠਣ ਦਾ ਪ੍ਰਬੰਧ ਹੋ ਸਕਦਾ?''



ਡੇਰੇ ਵਿਚ ਬੈਠੇ ਮੂਹਰਲੀਆਂ ਕੁਰਸੀਆਂ ’ਤੇ ਨਜ਼ਰ ਆ ਰਹੇ
ਸੰਤੋਖ ਸਿੰਘ ਧੀਰ, ਡਾ. ਰਘਬੀਰ ਸਿੰਘ ਸਿਰਜਣਾ ਅਤੇ ਰਾਮ ਸਰੂਪ ਅਣਖੀ

ਸੰਤ ਬੋਲੇ, “ਧੀਰ ਸਾਹਬ! ਤੁਸੀਂ ਬੈਠਣ ਵਾਲੇ ਬਣੋ... ਹੋ ਕੀ ਨ੍ਹੀ ਸਕਦਾ, ਬੱਸ ਦੱਸ ਮਿੰਟ ਸੁਸਤਾਓ”

ਆਖ਼ਰ ਡੇਰੇ 'ਚ ਹੀ ਗੋਸ਼ਟੀ ਕਰਨ ਦਾ ਫੈਸਲਾ ਹੋ ਗਿਆ। ਸੇਵਕਾਂ ਨੇ ਫਟਾ-ਫਟਾ ਬਰਾਂਡੇ 'ਚ ਬੈਂਚ ਤੇ ਕੁਰਸੀਆਂ ਲਾ ਦਿੱਤੀਆਂ।

ਗੋਸ਼ਟੀ ਫਿਰ ਸ਼ੁਰੂ ਹੋ ਗਈ ਸੀ।

ਗੋਸ਼ਟੀ 'ਚ ਨਾਵਲਕਾਰ ਆਪੋ ਆਪਣੇ ਵਿਚਾਰ ਪੇਸ਼ ਕਰਦੇ ਰਹੇ। ਅਖੀਰ 'ਚ ਰਾਮ ਸਰੂਪ ਅਣਖੀ ਧੰਨਵਾਦ ਕਰਨ ਲਈ ਉੱਠਿਆ। ਉਹ ਕਾਹਲ ਜਿਹੀ 'ਚ ਬੋਲਿਆ, “ਦੋਸਤੋ ਭਾਵੇਂ ਕਨਵੀਨਰ ਦੇ ਤੌਰ ਤੇ ਧੰਨਵਾਦ ਕਰਨ ਦਾ ਫ਼ਰਜ਼ ਤਾਂ ਮੇਰਾ ਹੀ ਬਣਦਾ ਹੈ ਪਰ ਆਪਾਂ ਡੇਰੇ ਵਿੱਚ ਬੈਠੇ ਹਾਂ ਤੇ ਆਪਣੀ ਆਓਭਗਤ ਸੰਤ ਮਾਧਵਾ ਨੰਦ ਜੀਆਂ ਨੇ ਕੀਤੀ ਹੈ ਤੇ ਤੁਹਾਡੇ ਤੋਂ ਮੁਆਫੀ ਚਾਹੁੰਦਾ ਹੋਇਆ ਇਹ ਜ਼ਿੰਮੇਵਾਰੀ ਵੀ ਮੈਂ ਸੰਤਾਂ ਨੂੰ ਹੀ ਦਿੰਦਾ ਹਾਂ।”

ਸੰਤ ਖੜ੍ਹੇ ਹੋ ਕੇ ਸੰਬੋਧਨ ਕਰਨ ਲੱਗੇ, “ਪਰਮ ਸਤਿਕਾਰਯੋਗ ਲਿਖਾਰੀ ਸੱਜਣੋ! ਮੈਂ ਇਕ ਨਿਮਾਣਾ ਜਿਹਾ ਸੇਵਕ ਭਲਾਂ ਤੁਹਾਡਾ ਕੀ ਧੰਨਵਾਦ ਕਰ ਸਕਦਾ ਹਾਂ... ਮੈਨੂੰ ਸਮਝ ਨਹੀਂ ਆਉਂਦੀ ਕਿ ਮੈਂ ਕਿਸ ਦੀ ਕਰਾਮਾਤ ਮੰਨਾ... ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ, ਜੋ ਇਸ ਥਾਂ ਤੇ ਸ਼ਸ਼ੋਭਿਤ ਹਨ ਜਾਂ ਉਹ ਪਵਿੱਤਰ ਸਾਹਿਤ ਦੀ ਜਿਸ ਨਾਲ ਜੁੜੀਆਂ ਐਨੀਆਂ ਮਹਾਨ ਆਤਮਾਵਾਂ ਨੇ ਇਸ ਥਾਂ ਤੇ ਕਦਮ ਰੱਖੇ... ਅਸੀਂ ਸਾਧ ਲੋਕ ਅਕਸਰ ਮਨ ਦੀ ਸ਼ਾਂਤੀ ਲਈ ਤੀਰਥਾਂ ਦੀ ਯਾਤਰਾ ਕਰਦੇ ਰਹਿੰਦੇ ਹਾਂ ਪਰ ਇਸ ਸਮਾਗਮ ਵਿਚ ਵਿਚਰਦਿਆਂ, ਐਨਾਂ ਰੂਹਾਂ ਦੇ ਦਰਸ਼ਨ ਕਰਕੇ ਤੇ ਵਿਚਾਰ ਸੁਣਕੇ ਜੋ ਸ਼ਾਂਤੀ ਮਨ ਨੂੰ ਮਿਲੀ ਹੈ, ਉਹ ਸ਼ਾਇਦ ਕਿਸੇ ਤੀਰਥ ਅਸਥਾਨ ਤੋਂ ਵੀ ਨਾ ਮਿਲੇ... ਹਾਂ ਇਕ ਗੱਲ ਦਾ ਮੈਨੂੰ ਗਿਲਾ ਜ਼ਰੂਰ ਹੈ ਕਿ ਸਾਡੇ ਦੋਹਾਂ ਧਿਰਾਂ... ਲੇਖਕ ਅਤੇ ਡੇਰੇ ਵਾਲਿਆਂ ਵਿਚਕਾਰ ਪਤਾ ਨ੍ਹੀ ਕਿਉਂ ਇਕ ਖੱਪਾ ਪੈਦਾ ਹੋ ਗਿਆ ਹੈ... ਮੇਰੀ ਦਿਲੀ ਇੱਛਾ ਕਿ ਇਹ ਖੱਪਾ ਪੂਰਿਆ ਜਾਵੇ। ਡੇਰਾ ਤਾਂ ਹੈ ਹੀ ਸਮਾਜ ਦੀ ਸੇਵਾ ਲਈ... ਮੈਨੂੰ ਯਾਦ ਹੈ ਕਿ



ਡੇਰੇ ਵਿਚ ਨਾਵਲ ਵਰਕਸ਼ਾਪ ਸਮੇਂ
ਕੇ. ਐੱਲ. ਗਰਗ, ਨਛੱਤਰ, ਪ੍ਰੇਮ ਗੋਰਖੀ ਅਤੇ ਨਿਰੰਜਨ ਤਸਨੀਮ ਆਦਿ ਨਾਲ ਸੰਤ ਮਾਧਵਾ ਨੰਦ

ਇਕ ਵਾਰੀ ਡੇਰੇ 'ਚ ਕਹਾਣੀ ਗੋਸ਼ਟੀ ਕਰਾਉਣ ਦੀ ਗੱਲ ਚੱਲੀ ਸੀ... ਇਹ ਗੋਸ਼ਟੀ ਪਿੰਡ ਸੰਘੇੜਾ ਵਿੱਚ ਤਾਂ ਹੋ ਗਈ ਪਰ ਇੱਥੇ ਨਾ ਹੋ ਸਕੀ ਕਿਉਂਕਿ ਇਹ ਡੇਰਾ ਸੀ... ਮੈਂ ਕੋਈ ਲਿਖਾਰੀ ਤਾਂ ਨਹੀਂ ਪਰ ਪਾਠਕ ਜ਼ਰੂਰ ਹਾਂ। ਮੈਂ ਲਗਭਗ ਤੁਹਾਨੂੰ ਸਾਰਿਆਂ ਨੂੰ ਪੜ੍ਹਿਆਂ ਹੋਇਆ ਹੈ... ਮੇਰੀ ਹੱਥ ਬੰਨ੍ਹਕੇ ਬੇਨਤੀ ਹੈ ਕਿ ਸਾਡੇ ਤੋਂ ਐਨਾ ਦੂਰ ਨਾ ਰਿਹਾ ਕਰੋ... ਐਨਾ ਥੋਡੇ ਨਾਲ ਵਾਅਦਾ ਰਿਹਾ ਕਿ ਬਰਨਾਲਾ ਖੇਤਰ 'ਚ ਕਿਸੇ ਵੀ ਸਮਾਗਮ ਲਈ ਜੋ ਸੇਵਾ ਲਾਓਗੇ, ਮੈਂ ਉਸ ਲਈ ਹਮੇਸ਼ਾ ਤਿਆਰ ਹਾਂ... ਹਾਂ ਕਿਸੇ ਲੇਖਕ ਸੱਜਣ ਕੋਲ ਲਿਖਣ ਪੜ੍ਹਨ ਲਈ ਥਾਂ ਨਾ ਹੋਵੇ... ਇਹ ਡੇਰਾ ਹਾਜ਼ਰ ਹੈ। ਇੱਥੇ ਜੋ ਵੀ ਤਿਲਫੁਲ ਹੈ... ਰੋਟੀ ਚਾਹ ਪਾਣੀ ਤੇ ਮੰਜਾ ਬਿਸਤਰਾ ਤੁਹਾਡੇ ਲਈ ਹਾਜ਼ਰ ਹੈ... ਇਸ ਉਮੀਦ ਨਾਲ ਕਿ ਫਿਰ ਵੀ ਮਿਲਦੇ ਰਹਾਂਗੇ, ਤੁਹਾਡਾ ਬਹੁਤ-ਬਹੁਤ ਸ਼ੁਕਰੀਆ। "

ਦਸੀਂ-ਪੰਦਰੀਂ ਦਿਨੀਂ ਉਨ੍ਹਾਂ ਨੂੰ ਮਿਲਣ ਲਈ ਮੈਂ ਡੇਰੇ ਗੇੜਾ ਮਾਰਦਾ ਹੀ ਮਾਰਦਾ। ਜੇ ਕਦੇ ਅਜਿਹਾ ਨਾ ਹੁੰਦਾ ਤਾਂ ਮਨ ਨੂੰ ਅੱਚਵੀ ਜਿਹੀ ਲੱਗ ਜਾਂਦੀ। ਉਨ੍ਹਾਂ ਨੂੰ ਮਿਲਕੇ ਸੱਚਮੁੱਚ ਹੀ ਇੰਝ ਮਹਿਸੂਸ ਹੁੰਦਾ ਜਿਵੇਂ ਤਨ-ਮਨ ਨੂੰ ਕੋਈ ਊਰਜਾ ਮਿਲ ਗਈ ਹੋਵੇ ਤੇ ਤਰੋਤਾਜ਼ਾ ਹੋ ਗਿਆ ਹੋਵਾਂ।

ਸ਼ੁਰੂ -ਸ਼ੁਰੂ 'ਚ ਮੈਂ ਉਨ੍ਹਾਂ ਦੇ ਚਰਨੀ ਹੱਥ ਲਾ ਕੇ ਸਤਿਕਾਰ ਕਰਦਾ ਸਾਂ। ਫਿਰ ਪਤਾ ਨਹੀਂ ਕਿਉਂ ਉਨ੍ਹਾਂ ਨੇ ਮੈਨੂੰ ਅਜਿਹਾ ਕਰਨ ਤੋਂ ਮਨ੍ਹਾ ਕਰ ਦਿੱਤਾ ਸੀ। ਭਾਵੇਂ ਫਿਰ ਵੀ ਸਤਿਕਾਰ ਵਜੋਂ ਮੈਂ ਆਮ ਲੋਕਾਂ ਵਾਂਗ ਝੁੱਕ ਕੇ ਨਮਸ਼ਕਾਰ ਕਰਦਾ ਸਾਂ ਪਰ ਕਈ ਵਾਰ ਉਹ ਆਪ ਹੀ ਅੱਗੇ ਹੋ ਕੇ ਹੱਥ ਮਿਲਾ ਲਿਆ ਕਰਦੇ ਸਨ। ਆਪਣਾ ਪਹਿਲਾ ਕਹਾਣੀ ਸੰਗ੍ਰਹਿ 'ਜ਼ਹਿਰ ਦਾ ਘੁੱਟ' ਮੈਂ ਉਨ੍ਹਾਂ ਨੂੰ ਹੀ ਸਮਰਪਿਤ ਕੀਤਾ ਸੀ।

ਜਦ ਸ਼ਾਮ ਨੂੰ ਮੈਂ ਗੇੜਾ ਮਾਰਦਾ ਓਦੋਂ ਤੱਕ ਉਹ ਵਿਹਲੇ ਹੋ ਗਏ ਹੁੰਦੇ। ਫਿਰ ਕਿਸੇ ਨਾ ਕਿਸੇ ਕਿਤਾਬ ਜਾਂ ਵਿਸ਼ੇ ਤੇ ਗੱਲ-ਬਾਤ ਚੱਲ ਪੈਣੀ।

ਇਕ ਦਿਨ ਡੇਰੇ 'ਚ ਬੈਠਿਆਂ ਮੇਰੀ ਨਿਗਾਹ ਡੇਰੇ ਦੇ ਗੁੰਬਦ ਤੇ ਪਈ। ਮੈਨੂੰ ਇਹ ਕੋਈ ਬਹੁਤਾ ਉੱਚਾ ਨਾ ਲੱਗਿਆ। ਉਂਝ ਜਦੋਂ ਮੈਂ ਆਪਣੀ ਨਿਆਈ ਵਾਲੇ ਖੇਤ 'ਚ ਖੜ੍ਹਕੇ ਪਿੰਡ ਵੱਲ ਝਾਤੀ ਮਾਰਦਾ ਸਾਂ ਤਾਂ ਡੇਰੇ ਦਾ ਗੁੰਬਦ ਸਭ ਤੋਂ ਉੱਚਾ ਤੇ ਨਿਰਾਲਾ ਦਿਖਾਈ ਦਿੰਦਾ ਸੀ। ਸੰਤਾਂ ਨਾਲ ਮੈਂ ਗੁੰਬਦ ਦੇ ਉੱਚੇ ਹੋਣ ਦੀ ਗੱਲ ਛੇੜੀ ਤਾਂ ਉਹ ਦੱਸਣ ਲੱਗੇ, "ਇਸ ਪਿੰਡ ਦੇ ਵਿਚਕਾਰਲੇ ਘਰ ਉੱਚੀ ਥਾਂ 'ਤੇ ਹਨ... ਇਹ ਡੇਰਾ ਵੀ ਪਿੰਡ ਜਿੰਨਾਂ ਹੀ ਪੁਰਾਣਾ ਹੈ ਤੇ ਇਹ ਵੀ ਉੱਚੀ ਥਾਂ ਤੇ ਹੀ ਹੈ... ਕਹਿੰਦੇ ਨੇ ਬਈ ਜਦੋਂ ਇਹ ਪਿੰਡ ਬੱਝ ਰਿਹਾ ਸੀ ਬੜੀ ਔਖ ਆਈ... ਜਦੋਂ ਵੀ ਇੱਥੋਂ ਦੇ ਲੋਕ ਮੋਹੜੀ ਗੱਡਿਆ ਕਰਨ ਤਾਂ ਪਿੰਡ ਭੱਦਲਵੱਢ ਤੇ ਸਹਿਜੜਿਆਂ ਦੇ ਮੁਸਲਮਾਨ ਧਾੜਵੀ ਆਕੇ ਮੋਹੜੀ ਪੁੱਟ ਜਾਇਆ ਕਰਨ ਭਾਵ ਪਿੰਡ ਨਾ ਬੱਝਣ ਦੇਣ... ਇਕ ਦਿਨ ਬਾਬਾ ਟੇਕ ਦਾਸ ਜੀ ਨੇ ਆਪਣੇ ਪਿੰਡ ਦੇ ਸੂਏ ਤੇ ਇਕ ਬੇਰੀ ਹੇਠ ਡੇਰਾ ਲਾਇਆ... ਪਿੰਡ ਦੇ ਲੋਕਾਂ ਨੇ ਜਾ ਕੇ ਆਪਣਾ ਦੁੱਖ ਦੱਸਿਆ... ਬਾਬਾ ਟੇਕ ਦਾਸ ਜੀ ਨੇ ਮੋਹੜੀ ਗਡਵਾ ਦਿੱਤੀ... ਧਾੜਵੀਆਂ ਨੂੰ ਪਤਾ ਲੱਗਿਆ ਤਾਂ ਉਹ ਨਗਾਰਾ ਵਜਾਉਂਦੇ ਆਏ ਤੇ ਹਮਲਾ ਕਰ ਦਿੱਤਾ... ਖ਼ੂਨੀ ਜੰਗ ਹੋਈ... ਅਖ਼ੀਰ ਧਾੜਵੀ ਆਪਣਾ ਨਗਾਰਾ ਛੱਡਕੇ ਭੱਜ ਗਏ... ਇਸ ਤਰ੍ਹਾਂ ਇਹ ਪਿੰਡ ਬੱਝ ਗਿਆ। ਆਮ ਨਗਾਰਿਆਂ ਨਾਲੋਂ ਚਾਰ ਗੁਣਾ ਵੱਡਾ ਇਹ ਨਗਾਰਾ ਅੱਜ ਵੀ ਡੇਰੇ 'ਚ ਸੰਭਾਲ ਕੇ ਰੱਖਿਆ ਹੋਇਆ ਹੈ... ਲੋਕਾਂ ਨੇ ਥੇਹ ਵਾਲੀ ਥਾਂ 'ਤੇ ਭਰਤ ਪਾਈ... ਇਸ ਤਰ੍ਹਾਂ ਪਿੰਡ ਦੇ ਨਾਲ-ਨਾਲ ਡੇਰੇ ਦਾ ਨਿਰਮਾਣ ਵੀ ਉੱਚੀ ਥਾਂ 'ਤੇ ਹੋ ਗਿਆ।"

ਡੇਰੇ 'ਚ ਹੋਈ ਨਾਵਲ ਵਰਕਸ਼ਾਪ ਮੌਕੇ ਸੰਤਾਂ ਵੱਲੋਂ ਸਾਹਿਤਕ ਸਮਾਗਮ ਓਟਣ ਬਾਰੇ ਦਿੱਤੇ ਵਾਅਦੇ ਨੇ ਸਾਡੇ ਹੌਸਲੇ ਵਧਾ ਦਿੱਤੇ ਸਨ। ਇਨ੍ਹਾਂ ਹੀ ਦਿਨਾਂ 'ਚ ਕਿਸਾਨ ਖੁਦਕੁਸ਼ੀਆਂ ਬਾਰੇ ਅਜੀਤ ਅਖ਼ਬਾਰ 'ਚ ਛਪੀ ਰਿਪੋਰਟ ਚਰਚਾ ਵਿੱਚ ਸੀ।

ਇਕ ਸ਼ਾਮ ਪੱਤਰਕਾਰ ਦਾ ਫੋਨ ਆਇਆ, "ਭੋਲਾ ਸਿੰਘ ਕੱਲ੍ਹ ਨੂੰ ਤੇਰੇ ਪਿੰਡ ਦਿੱਲੀ ਤੇ ਲੁਧਿਆਣੇ ਤੋਂ ਖੁਦਕੁਸ਼ੀਆਂ ਬਾਰੇ ਵਿਚਾਰ ਚਰਚਾ ਕਰਨ ਲਈ ਕੁੱਝ ਏਜੰਸੀਆਂ ਵਾਲੇ ਆ ਰਹੇ ਹਨ...ਤੂੰ ਵੀਹ-ਪੱਚੀ ਸਿਆਣੇ ਕਿਸਾਨਾਂ ਨੂੰ ਸੁਨੇਹੇ ਲਾ ਦੇਈਂ"

ਫੋਨ ਸੁਣਕੇ ਮੈਂ ਪ੍ਰੇਸ਼ਾਨ ਹੋ ਗਿਆ ਸਾਂ ਕਿ ਆਉਣ ਵਾਲੇ ਮਹਿਮਾਨਾਂ ਲਈ ਐਨੀ ਜਲਦੀ ਪ੍ਰਬੰਧ ਕਿਵੇਂ ਕੀਤਾ ਜਾਊ?

ਪੱਤਰਕਾਰ ਮੈਨੂੰ ਹੌਸਲਾ ਦਿੰਦਾ ਬੋਲਿਆ, "ਵਾਹ ਬਈ ਵਾਹ... ਸੰਤਾਂ ਦੇ ਹੁੰਦਿਆਂ ਆਪਾਂ ਨੂੰ ਕਾਹਦੀ ਚਿੰਤਾ... ਦੇਖ ਸਹੀ ਧੰਨ-ਧੰਨ ਕਰਵਾ ਦਿਆਂਗੇ... ਡੇਰੇ 'ਚ ਲਾਵਾਂਗੇ ਰੌਣਕਾਂ"

ਜਦ ਮੈਂ ਸੰਤਾਂ ਨਾਲ ਤਾਲਮੇਲ ਕੀਤਾ ਤਾਂ ਉਨ੍ਹਾਂ ਨੇ ਸਵੱਖਤੇ ਆਉਣ ਲਈ ਕਿਹਾ। ਭਾਵੇਂ ਦੂਜੇ ਦਿਨ ਮੈਂ ਸਦੇਹਾਂ ਹੀ ਡੇਰੇ ਪਹੁੰਚ ਗਿਆ ਸਾਂ ਪਰ ਮੇਰੇ ਜਾਣ ਤੋਂ ਪਹਿਲਾਂ ਹੀ ਸੰਤ ਅਤੇ ਸੇਵਕ ਪ੍ਰਬੰਧ ਕਰਨ ਵਿੱਚ ਜੁਟੇ ਹੋਏ ਸਨ।

ਖੇਤੀ ਅਤੇ ਕਿਸਾਨਾਂ ਦੀਆਂ ਮੁਸ਼ਕਿਲਾਂ ਬਾਰੇ ਤਿੰਨ ਘੰਟੇ ਦੇ ਲੱਗਭੱਗ ਵਿਚਾਰ ਚਰਚਾ ਹੁੰਦੀ ਰਹੀ। ਸੰਤਾਂ ਨੇ ਖ਼ੁਦ ਵੀ ਕਿਸਾਨੀ ਦੇ ਤੌਰ ਤੇ ਆਪਣੇ ਤਜਰਬੇ ਸਾਂਝੇ ਕੀਤੇ। ਅੱਜ ਜੋ ਸਵਰਗਵਾਸੀ ਲੋਕਾਂ ਦੀਆਂ ਅੰਤਿਮ ਅਰਦਾਸਾਂ ਅਤੇ ਭੋਗ ਗੁਰਦੁਆਰਿਆਂ ਵਿਚ ਪਾਏ ਜਾਂਦੇ ਹਨ ਉਨ੍ਹਾਂ ਦਿਨਾਂ ਵਿਚ ਇਹ ਘਰਾਂ ਵਿਚ ਪਾਏ ਜਾਂਦੇ ਸਨ। ਕਿਸਾਨੀ ਖਰਚੇ ਘਟਾਉਣ ਦੇ ਸੰਦਰਭ 'ਚ ਪਹਿਲੀ ਵਾਰ ਇਸ ਇਲਾਕੇ 'ਚ ਇੱਥੇ ਹੀ ਗੱਲ ਚੱਲੀ ਸੀ ਕਿ ਕਿਉਂ ਨਾ ਇਹ ਭੋਗ ਗੁਰਦੁਆਰਿਆਂ ਵਿਚ ਪਾਏ ਜਾਇਆ ਕਰਨ। ਇਸ ਸੈਮੀਨਾਰ ਦੀ ਕਾਰਵਾਈ ਨੂੰ ਰਿਕਾਰਡ ਕਰਨ ਲਈ ਸੰਸਾਰ ਪੱਧਰ ਦੇ ਟੀ. ਵੀ. ਚੈਨਲਾਂ ਦੇ ਨੁਮਾਇੰਦੇ ਵੀ ਪੁੱਜੇ ਹੋਏ ਸਨ। ਇਸ ਰਿਕਾਰਡਿੰਗ ਨੂੰ ਬੀ. ਬੀ. ਸੀ. ਲੰਦਨ ਤੋਂ ਵੀ ਪੇਸ਼ ਕੀਤਾ ਗਿਆ।

ਇਕ ਦਿਨ ਸੰਤਾਂ ਦੇ ਅਸਤੀਫੇ ਦੀ ਚਰਚਾ ਮੇਰੇ ਕੰਨੀ ਪਈ। ਉਨ੍ਹਾਂ ਨੇ ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨਗੀ ਪਦ ਤੋਂ ਅਸਤੀਫਾ ਦੇ ਦਿੱਤਾ ਸੀ।

ਉਸੇ ਸ਼ਾਮ ਮੈਂ ਡੇਰੇ ਗਿਆ। ਕੁਰਸੀ ਤੇ ਬੈਠਦਿਆਂ ਮੈਂ ਜਦ ਅਸਤੀਫੇ ਬਾਰੇ ਪੁੱਛਿਆ ਤਾਂ ਕਹਿਣ ਲੱਗੇ, "ਤੂੰ ਠੀਕ ਸੁਣਿਐਂ... ਹੋਇਆ ਇਉਂ ਕਿ ਕੁੱਝ ਵਿਦਿਆਰਥੀ ਸ਼ਾਇਦ ਯੂਨੀਅਨ ਵਾਲੇ ਹੀ ਸਨ ਨਾਅਰੇਬਾਜੀ ਕਰ ਰਹੇ ਸਨ... ਮੈਂ ਉਨ੍ਹਾਂ ਨੂੰ ਕੋਲ ਬੁਲਾਇਆ ਤੇ ਪੁੱਛਿਆ ਕਿ ਮਸਲਾ ਕੀ ਹੈ... ਕਹਿੰਦੇ ਤੁਹਾਡਾ ਅਸਤੀਫਾ ਚਾਹੀਦੈ... ਮੈਂ ਕਿਹਾ ਨਾਅਰੇ ਲਾਉਂਣ ਵਾਲੀ ਤਾਂ ਗੱਲ ਹੀ ਕੋਈ ਨਹੀਂ ਸੀ... ਤੁਸੀਂ ਸਿੱਧੇ ਮੇਰੇ ਕੋਲ ਤਾਂ ਆਉਂਦੇ... ਅਸਤੀਫਾ ਤਾਂ ਮੈਂ ਦੇ ਦਿੱਤਾ ਹੈ.... ਹੋਰ ਦੱਸੋ... ਵਿਦਿਆਰਥੀ ਹੱਕੇ ਬੱਕੇ ਇਕ ਦੂਜੇ ਦੇ ਮੂੰਹ ਬੰਨੀ ਝਾਕੀ ਜਾਣ... ਇਸ ਘਟਨਾ ਨੇ ਮੈਨੂੰ ਪਿੱਛੇ ਝਾਕਣ ਵੱਲ ਮਜਬੂਰ ਕਰ ਦਿੱਤਾ ਕਿ ਵਿਦਿਆਰਥੀ ਇਸ ਪੱਧਰ ਤੱਕ ਵੀ ਲਾਈਲੱਗ ਹੁੰਦੇ ਹਨ... ਜੇ ਇੰਨ੍ਹਾ ਵਿਦਿਆਰਥੀਆਂ ਨੂੰ ਅਜੇ ਵੀ ਨਹੀਂ ਪਤਾ ਕਿ ਮੈਂ ਕਾਲਜ ਲਈ ਕੀ ਕਰ ਰਿਹਾ ਹਾਂ ਤੇ ਕੀ ਕਰਨਾ ਚਹੁੰਦਾ ਹਾਂ ਤਾਂ ਮੈਨੂੰ ਬਹਿਸ 'ਚ ਪੈਕੇ ਇਹ ਦੱਸਣ ਦੀ ਲੋੜ ਵੀ ਨਹੀਂ... ਸਮਾਂ ਆਪੇ ਦੱਸ ਦੇਵੇਗਾ... ਮੈਨੂੰ ਕਾਲਜ ਅਤੇ ਵਿਦਿਆਰਥੀਆਂ ਦੀ ਰਾਜਨੀਤੀ 'ਚ ਉਲਝਣ ਦੀ ਕੀ ਲੋੜ...ਇਹ ਵੀ ਨਹੀਂ ਕਿ ਮੈਨੂੰ ਕਿਸੇ ਗੱਲ ਦਾ ਪਤਾ ਨਹੀਂ... ਇਹ ਦੁਨੀਆਦਾਰੀ ਹੈ... ਲੋਕ ਤਾਂ ਥਾਂ-ਥਾਂ ਮੇਰੀ ਪੈੜ

ਸੁੰਘਦੇ ਫਿਰਦੇ ਹਨ... ਜੇ ਮੇਰੇ 'ਚ ਰੱਤੀ ਭਰ ਵੀ ਕੋਈ ਖਾਮੀ ਹੁੰਦੀ ਤੇਰੇ ਭਾਅਦੀ ਇਹ ਮੈਨੂੰ ਇੱਥੇ ਟਿਕਣ ਦਿੰਦੇ... ਪੰਜਾਬ 'ਚ ਕਿੰਨੀਆਂ ਹੀ ਹਵਾਵਾਂ ਚੱਲੀਆਂ ਕਿਸੇ ਕੋਲ ਮੇਰੇ ਵੱਲ ਉਂਗਲ ਕਰਨ ਦਾ ਕੋਈ ਬਹਾਨਾ ਨਹੀਂ ਸੀ... ਹੋ ਸਕਦਾ ਮੇਰੇ ਨਾਲੋਂ ਵਧੀਆ ਪ੍ਰਬੰਧਕ ਉਨ੍ਹਾਂ ਦੀ ਨਜ਼ਰ 'ਚ ਹੋਵੇ... ਮੈਂ ਕਿਉਂ ਅੜਿੱਕਾ ਬਣਾ"

ਕਾਲਜ ਨੂੰ ਅਖਾੜਾ ਬਣਾਕੇ ਸ਼ੁਰੂ ਕੀਤੀ ਰਾਜਨੀਤਿਕ ਖੇਡ ਦਾ ਚਿੱਠਾ ਲੋਕਾਂ ਅੱਗੇ ਛੇਤੀ ਹੀ ਖੁੱਲ੍ਹ ਗਿਆ ਸੀ। ਸਾਲ ਵਿਚ ਹੀ ਨਵੇਂ ਰੰਗ ਉੱਭਰ ਆਏ ਸਨ। ਕਾਲਜ ਦੀ ਹਾਲਤ ਬਦ ਤੋਂ ਬਦਤਰ ਹੋ ਗਈ ਸੀ। ਹਾਲਤ ਇੱਥੋਂ ਤੱਕ ਚਲੀ ਗਈ ਸੀ ਕਿ ਕਾਲਜ ਦੀ ਹੋਂਦ ਨੂੰ ਹੀ ਖਤਰਾ ਪੈਦਾ ਹੋ ਗਿਆ ਸੀ। ਇਕ ਦਿਨ ਪਿੰਡ ਦੇ ਪਤਵੰਤੇ ਤੇ ਕਮੇਟੀ ਮੈਂਬਰ ਇੱਕਠੇ ਹੋਏ ਤੇ ਸੰਤਾਂ ਨੂੰ ਬੇਨਤੀ ਕੀਤੀ, "ਬਾਬਾ ਜੀ ਤੁਹਾਡਾ ਲਾਇਆ ਬੂਟਾ ਸੁੱਕਣ ਲੱਗਿਆ ਹੈ... ਉਸਨੂੰ ਸੰਭਾਲੋ"

ਸੰਤਾਂ ਨੂੰ ਫਿਰ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ ਸੀ।

ਪੂਰਨ ਖਾਮੋਸ਼ੀ ਵਿੱਚ ਤਾਂ ਡੇਰਾ ਕਦੇ ਵੀ ਨਹੀਂ ਸੀ ਡੁੱਬਦਾ। ਲੋਕ ਅਕਸਰ ਹੀ ਆਉਂਦੇ ਜਾਂਦੇ ਸਨ। ਉੱਥੇ ਆਮ ਲੋਕ ਆਉਂਦੇ ਸਨ-ਸ਼ਰਧਾਲੂ ਆਉਂਦੇ ਸਨ-ਮਰੀਜ਼ ਆਉਂਦੇ ਸਨ।

ਸੰਤ ਇਕ ਘਣਛਾਵੇਂ ਦਰੱਖਤ ਦੀ ਤਰ੍ਹਾਂ ਸਨ। ਆਉਣ ਵਾਲਿਆਂ ਨੂੰ ਜ਼ਰੂਰ ਇੱਥੇ ਸਕੂਨ ਮਿਲਦਾ ਹੋਵੇਗਾ। ਸ਼ਾਇਦ ਹਰ ਇਕ ਨੂੰ ਇਹੀ ਮਹਿਸੂਸ ਹੁੰਦਾ ਹੋਵੇ ਕਿ ਮੈਂ ਹੀ ਸੰਤਾਂ ਦੇ ਨੇੜੇ ਹਾਂ। ਉੱਥੇ ਮੈਂ ਰਾਗੀਆਂ ਨੂੰ ਆਉਂਦਿਆਂ ਦੇਖਿਆ-ਢਾਡੀਆਂ ਨੂੰ ਆਉਂਦਿਆਂ ਦੇਖਿਆ। ਉੱਥੇ ਕਾਮਰੇਡਾਂ ਨੂੰ ਵੀ ਆਉਂਦਿਆਂ ਦੇਖਿਆ। ਉਥੇ ਮੈਂ ਠੰਡੀ-ਤੱਤੀ ਵਿਚਾਰਧਾਰਾ ਵਾਲੇ ਲੋਕਾਂ ਨੂੰ ਵੀ ਸੰਤਾਂ ਦਾ ਸਤਿਕਾਰ ਹੋਏ ਦੇਖਿਆ।

--0--

ਇਕ ਸ਼ਾਮ ਮੈਂ ਸਾਈਕਲ ਤੇ ਘਰੋਂ ਬਾਹਰ ਨਿੱਕਲਿਆ ਸੀ ਕਿ ਸਾਈਕਲਾਂ ਤੇ ਆਉਂਦੇ ਓਮ ਪ੍ਰਕਾਸ਼ ਗਾਸੋ ਤੇ ਇੰਦਰ ਸਿੰਘ ਖਾਮੋਸ਼ ਟੱਕਰ ਗਏ।

ਓਮ ਪ੍ਰਕਾਸ਼ ਗਾਸੋ ਬੋਲਿਆ, "ਆ ਬਈ ਭਗਤਾ ਡੇਰੇ ਲੈ ਚੱਲੀਏ... ਆਜਾ ਆਜਾ ਸ਼ੇਰ ਬੱਗਿਆ... ਸਾਡੇ ਬਹਾਨੇ ਸੰਤਾਂ ਤੋਂ ਚਾਰ ਕੰਮ ਦੀਆਂ ਸੁਣ ਲਈਂ"

ਮੈਂ ਵੀ ਉਨ੍ਹਾਂ ਦੇ ਨਾਲ ਹੋ ਤੁਰਿਆ ਸਾਂ।

ਸੰਤਾਂ ਨੇ ਸਾਡੀਆਂ ਕੁਰਸੀਆਂ ਦਵਾਖਾਨੇ ਦੇ ਨਾਲ ਦੇ ਕਮਰੇ ਵਿਚ ਲਵਾ ਦਿੱਤੀਆਂ ਸਨ।

ਅਜੇ ਅਸੀਂ ਪਾਣੀ ਹੀ ਪੀਤਾ ਸੀ ਕਿ ਬਾਹਰੋਂ ਸੰਤਾਂ ਨਾਲ ਗੱਲਾਂ ਕਰਦੇ ਰਾਮ ਸਰੂਪ ਅਣਖੀ ਦੀ ਆਵਾਜ਼ ਸੁਣਾਈ ਦਿੱਤੀ। ਸ਼ਾਇਦ ਉਹ ਚੁਬਾਰੇ 'ਚੋਂ ਉੱਤਰਕੇ ਆਏ ਸਨ।

ਗਾਸੋ ਤੋਂ ਰਿਹਾ ਨਾ ਗਿਆ, "ਓਹ ਵੱਡਿਆ ਨਾਵਲਕਾਰਾ ਹੁਣ ਬਾਹਰ ਈ ਗੱਲਾਂ ਮਾਰੀ ਜਾਵੇਂਗਾ ਕਿ ਅੰਦਰ ਚੱਕ ਕੇ ਲਿਆਉਣਾ ਪਵੇਂਗਾ... ਆਜਾ-ਆਜਾ ਅਸੀਂ ਪੁੱਛਕੇ ਕੀ ਲੈਣਾ ਬਈ ਇੱਥੇ ਬੈਠਾ ਤੂੰ ਕੀ ਲਿਖਦਾ ਸੀ।"

ਅਣਖੀ ਵੀ ਸਾਡੇ ਕੋਲ ਅੰਦਰ ਆ ਬੈਠਾ।

ਮਰੀਜ਼ਾਂ ਦੇ ਜਾਣ ਤੋਂ ਬਾਅਦ ਸੰਤ ਵੀ ਅੰਦਰ ਆ ਬੈਠੇ।

"ਅੱਜ ਤਾਂ ਸਾਰੀ ਪੰਜਾਬੀ ਸਾਹਿਤ ਸਭਾ ਹੀ 'ਕੱਠੀ ਹੋ ਗਈ" ਅਣਖੀ ਬੋਲਿਆ।

"ਫਿਰ ਅੱਜ ਸਭਾ ਵਾਲੀ ਗੱਲ ਹੀ ਕਰੀਏ" ਖਾਮੋਸ਼ ਨੇ ਆਪਣੀ ਖਾਮੋਸ਼ੀ ਤੋੜੀ।

"ਨਹੀਂ-ਨਹੀਂ ਅੱਜ ਰੱਬ ਸਬੱਬੀ ਇੱਥੇ 'ਕੱਠੇ ਹੋਏ ਹਾਂ... ਅੱਜ ਆਪਾਂ ਸੰਤਾਂ ਤੋਂ ਕਵਿਤਾਵਾਂ ਸੁਣਾਂਗੇ" ਅਣਖੀ ਬੋਲਿਆ।

ਪਹਿਲਾਂ ਤਾਂ ਸੰਤ ਕਿੰਨਾਂ ਹੀ ਚਿਰ ਨਾਂਹ-ਨੁੱਕਰ ਕਰਦੇ ਰਹੇ। ਫਿਰ ਡਾਇਰੀ ਲੈਣ ਲਈ ਅੰਦਰ ਚਲੇ ਗਏ।

ਡੇਰੇ ਦੇ ਭਰੇ ਮੇਲੇ ਵਿਚ ਕਦੇ-ਕਦੇ ਸੰਤਾਂ ਨੂੰ ਇਕੱਲਤਾ ਵੀ ਘੇਰ ਲੈਂਦੀ ਸੀ।

ਆਖ਼ਰ ਉਹ ਵੀ ਤਾਂ ਇਕ ਮਨੁੱਖ ਸਨ। ਉਨ੍ਹਾਂ ਦੀਆਂ ਵੀ ਰੀਝਾਂ ਸਨ। ਉਨ੍ਹਾਂ ਅੰਦਰ ਵੀ ਵਲਵਲਿਆਂ ਦਾ ਪਰਵਾਹ ਚਲਦਾ ਸੀ। ਉਹ ਦੋ ਬੋਲ ਸਾਂਝੇ ਕਰਨ ਤਾਂ ਕਿਸ ਨਾਲ-ਕਿਸ ਨਾਲ ਸਾਂਝੇ ਕਰਨ ਆਪਣੇ ਜਜ਼ਬਾਤ-ਕਿਸਨੂੰ ਦੱਸਣ ਆਪਣੇ ਮਨ ਦੀਆਂ ਗੱਲਾਂ-ਆਖ਼ਰ ਕਿਸ ਕੋਲ ਫਰੋਲਣ ਆਪਣਾ ਦੁੱਖ।

ਅਜਿਹੇ ਪਲਾਂ ਵਿਚ ਕਲਮ ਹੀ ਸਹਾਰਾ ਬਣਦੀ। ਕਲਮ ਹੀ ਸਾਥ ਦਿੰਦੀ। ਸਾਹਿਤ ਨਾਲ ਸਾਂਝ ਤਾਂ ਉਨ੍ਹਾਂ ਦੀ ਪਹਿਲਾਂ ਹੀ ਸੀ। ਉਨ੍ਹਾਂ ਦੇ ਅੰਦਰੋਂ ਕਵਿਤਾ ਫੁੱਟਣ ਲੱਗਦੀ।

ਕੁਰਸੀ ਤੇ ਬੈਠਦਿਆਂ ਹੀ ਸੰਤ ਡਾਇਰੀ ਦੇ ਪੰਨੇ ਪਲਟਣ ਲੱਗੇ।

ਪਹਿਲੀ ਕਵਿਤਾ ਦਾ ਇਕ ਬੰਦ ਸੀ;

ਗ਼ਮ ਮੇਰਾ ਹੈ ਮੈਂ ਹੀ ਸਹਿਣਾ, ਕੋਈ ਨਾ ਨੈਣੋਂ ਨੀਰ ਬਹਾਵੇ।
ਜਦ ਕੋਈ ਪੁੱਛੇ ਗ਼ਮ ਦੀ ਗਾਥਾ, ਮੇਰੇ ਸੁੱਤੇ ਦਰਦ ਜਗਾਵੇ।

ਅਗਲੀ ਕਵਿਤਾ ਦੀ ਇਕ ਟੁੱਕੜੀ ਸੀ;

ਕੀ ਕਰਾਂ ਤੇ ਕਿੱਧਰ ਜਾਵਾਂ, ਦਿਲ ਵਿਚ ਰੁਕੀਆਂ ਚੀਸਾਂ ਆਹਾਂ,
ਜਾਕੇ ਕਿਸਦੇ ਕੰਨ 'ਚ ਪਾਵਾਂ, ਕੌਣ ਸੁਣੇਗਾ ਮੇਰੀਆਂ ਆਹਾਂ।

ਇਕ ਹੋਰ ਸੀ;

ਇਲਜ਼ਾਮ ਮੇਰੇ ਤੇ ਲਾਇਆ ਹੈ ਦੁਨੀਆ ਨੇ ਮੁਹੱਬਤ ਕਰਨੇ ਦਾ,
ਪਰ ਮੈਂ ਤਾਂ ਭੇਤ ਮੁਹੱਬਤ ਦਾ, ਦੁਨੀਆ ਤੋਂ ਛੁਪਾਈ ਫਿਰਦਾ ਹਾਂ।
ਕਿੰਝ ਦਰਦ ਵੰਡਾਵਾਂ ਹੋਰਾਂ ਦੇ, ਮੈਂ ਬੇਵਸ ਤੇ ਮਜਬੂਰ ਬੜਾ,
ਮੈਂ ਕਿਣਕਾ-ਕਿਣਕਾ ਹੋ ਕੇ ਜਦ ਥਾਂ-ਥਾਂ 'ਮਾਧਵ' ਕਿਰਦਾ ਹਾਂ।

ਇਸ ਤਰ੍ਹਾਂ ਇਕ-ਇਕ ਕਰਕੇ ਉਨ੍ਹਾਂ ਕਿੰਨੀਆਂ ਹੀ ਕਵਿਤਾਵਾਂ ਦਾ ਪਾਠ ਕੀਤਾ। ਅਖੀਰ 'ਚ ਬੜੀ ਨਿਮਰਤਾ ਨਾਲ ਬੋਲੇ, "ਇਹ ਕਵਿਤਾਵਾਂ ਹਨ ਵੀ ਜਾਂ ਨਹੀਂ ਮੈਨੂੰ ਨਹੀਂ ਪਤਾ... ਮੇਰੇ ਨਾਲੋਂ ਬਿਹਤਰ ਤੁਸੀਂ ਜਾਣਦੇ ਹੋਂ... ਅੱਜ ਪਹਿਲੀ ਵਾਰ ਤੁਹਾਡੇ ਨਾਲ ਸਾਹਿਤਕ ਭਾਵਨਾਵਾਂ ਸਾਂਝੀਆਂ ਕੀਤੀਆਂ ਹਨ"

--0--

ਇਕ ਦਿਨ ਉਨ੍ਹਾਂ ਨੇ ਮੇਰੇ ਅਤੇ ਅਣਖੀ ਨਾਲ ਆਪਣੀਆਂ ਯੋਜਨਾਵਾਂ ਪਹਿਲੀ ਵਾਰ ਸਾਂਝੀਆਂ ਕੀਤੀਆਂ ਸਨ। ਅਣਖੀ ਨੇ ਪੰਜਾਬੀ ਸਾਹਿਤ ਸਭਾ ਕੋਲ ਆਪਣੀ ਜਗ੍ਹਾ ਨਾ ਹੋਣ ਬਾਰੇ ਗੱਲ ਛੇੜੀ ਸੀ। ਉਹ ਦੱਸਣ ਲੱਗੇ ਸਨ, "ਤੁਸੀਂ ਤਾਂ ਅਣਖੀ ਜੀ ਸਿਰਫ ਸਭਾ ਦੀ ਗੱਲ ਕਰਦੇ ਹੋ... ਮੈਂ ਤਾਂ ਪਤਾ ਨ੍ਹੀਂ ਕਿੰਨੀਆਂ ਕੁ ਯੋਜਨਾਵਾਂ ਬਣਾਉਂਦਾ ਰਹਿੰਦਾ ਹਾਂ... ਇਹ ਤਾਂ ਸਮਾਂ ਹੀ ਦੱਸੇਗਾ ਕਿ ਇਹ ਨੇਪਰੇ ਚੜ੍ਹਨਗੀਆਂ ਵੀ ਕਿ ਨਹੀਂ... ਪਹਿਲੀ ਤਾਂ ਇਹ ਹੈ ਕਿ ਪਿੰਡ ਸੰਘੇੜਾ 'ਚ ਡੇਰੇ ਦੀ ਥਾਂ 'ਚ ਅਯੁਰਵੈਦਿਕ ਦਾ ਇਕ ਵੱਡਾ ਖੋਜ ਕੇਂਦਰ ਹੋਵੇ... ਕੱਲੀ ਦੁਆਈ ਬੂਟੀ ਹੀ ਨਹੀਂ ਨਵੀਂਆਂ ਖੋਜਾਂ ਵੀ ਇੱਥੇ ਹੁੰਦੀਆਂ ਰਹਿਣ... ਵਿਦਿਆਰਥੀ ਆਯੁਰਵੈਦਿਕ ਦੇ ਕੋਰਸ ਕਰਨ... ਦੂਜੀ ਇਹ ਕਿ ਇਕ ਆਲੀਸ਼ਾਨ ਆਡੀਟੋਰੀਅਮ ਹੋਵੇ ਜਿੱਥੇ ਲੇਖਕਾਂ ਦੇ ਪੜ੍ਹਨ ਲਿਖਣ ਤੇ ਰਹਿਣ ਦਾ ਬੰਦੋਬਸਤ ਵੀ ਹੋਵੇ... ਅਗਲੀ ਗੱਲ ਸਾਡੇ ਅਧਿਆਤਮਵਾਦੀਆਂ ਲਈ ਕਿ ਬਿਰਲਾ ਮੰਦਿਰ ਵਰਗਾ, ਬਾਬਾ ਸ੍ਰੀ ਚੰਦਰ ਜੀ ਦਾ ਇਕ ਸ਼ਾਨਦਾਰ ਮੰਦਿਰ ਵੀ ਹੋਵੇ"

--0--

ਪਿੰਡ ਸੰਘੇੜਾ ਤੋਂ ਇਲਾਵਾ ਉਹ ਆਪਣੇ ਪਿੰਡ ਬਹਾਦਰਪੁਰ ਨਾਲ ਵੀ ਜੁੜੇ ਹੋਏ ਸਨ। ਹਰ ਬੁੱਧਵਾਰ ਉਹ ਬਹਾਦੁਰਪੁਰ ਦਵਾਈ ਦੇਣ ਲਈ ਜਾਇਆ ਕਰਦੇ ਸਨ।

15 ਜੁਲਾਈ 1998 ਵਾਲੇ ਦਿਨ ਵੀ ਆਪਣੇ ਪਿੰਡ ਹੀ ਗਏ ਹੋਏ ਸਨ ਕਿ ਵਾਪਿਸ ਆਉਂਦਿਆਂ ਉਨ੍ਹਾਂ ਦੀ ਕਾਰ ਪਲਟ ਗਈ ਤੇ ਮੌਕੇ ਤੇ ਹੀ ਮ੍ਰਿਤੂ ਹੋ ਗਈ।

ਉਨ੍ਹਾਂ ਦੀ ਲਾਸ਼ ਨੂੰ ਡੇਰੇ 'ਚ ਲਿਆਂਦਾ ਗਿਆ। ਦੇਖਦਿਆਂ ਹੀ ਦੇਖਦਿਆਂ ਡੇਰੇ ਦਾ ਵਿਹੜਾ ਲੋਕਾਂ ਨਾਲ ਭਰ ਗਿਆ। ਉਦਾਸੀ 'ਚ ਡੁੱਬੇ ਤੇ ਖਾਮੋਸ਼ ਖੜ੍ਹੇ ਲੋਕ ਕਦੇ ਸੰਤਾਂ ਦੀ ਲਾਸ਼ ਵੱਲ ਤੇ ਕਦੇ ਇਕ ਦੂਜੇ ਦੇ ਮੂੰਹ ਵੱਲ ਦੇਖ ਰਹੇ ਸਨ।

ਐਨੇ ਲੋਕਾਂ 'ਚੋਂ ਕਿਸੇ ਦੇ ਵੀ ਰੋਣ ਦੀ ਆਵਾਜ਼ ਨਹੀਂ ਸੀ ਸੁਣਾਈ ਦੇ ਰਹੀ।

ਮੈਂ, ਅਣਖੀ ਤੇ ਗਾਸੋ ਇਕ ਪਾਸੇ ਨਿੰਮ ਹੇਠ ਖੜ੍ਹੇ ਸੀ। ਭਰੇ ਗਲੇ ਨਾਲ ਅਣਖੀ ਹੌਲੀ ਜਿਹੀ ਬੋਲਿਆ, "ਦੇਖੋ ਯਾਰ... ਸਾਧਾਂ ਨੂੰ ਤਾਂ ਕੋਈ ਰੋਣ ਵਾਲਾ ਵੀ ਨਹੀਂ ਹੁੰਦਾ... ਕਦੇ-ਕਦੇ ਸੰਤ ਕਿਹਾ ਕਰਦੇ ਸਨ ਕਿ ਅਣਖੀ ਸਾਡਾ ਇੱਥੇ ਕੌਣ ਹੈ... ਕਿਸੇ ਦਿਨ ਭਰਿਆ ਮੇਲਾ ਛੱਡ ਜਾਵਾਂਗੇ... ਮਿੱਤਰੋ ਆਪਣਾ ਵੀ ਹੁਣ ਡੇਰੇ 'ਚ ਕੌਣ ਹੈ... ਆਪਣਾ ਆਉਣ ਜਾਣ ਤਾਂ ਸੰਤਾਂ ਕਰਕੇ ਹੀ ਸੀ... ਹੁਣ ਨ੍ਹੀ ਮਿੱਤਰੋ ਕਦੇ ਗੇੜਾ ਵੱਜਿਆ ਕਰਨਾ।"

**ਸੰਪਰਕ : ਭੋਲਾ ਸਿੰਘ ਸੰਘੇੜਾ, ਮਾਡਲ ਟਾਊਨ, ਗਲੀ ਨੰ. 2ਏ, ਪੱਤੀ ਰੋਡ, ਬਰਨਾਲਾ-148101**
**ਮੋਬਾਇਲ : 9814787506**



*ਇਕ ਪਾਤਰੀ ਨਾਟਕ*

# ਕਦੋਂ ਤਕ

ਸ਼ਿਆਮ ਸੁੰਦਰ ਦੀਪਤੀ

(ਸਟੇਜ 'ਤੇ ਇਕ ਅਰਥੀ ਪਈ ਹੈ। ਲਾਈਟ ਅਰਥੀ 'ਤੇ ਪੈ ਰਹੀ ਹੈ। ਉਸ ਵਿਚ ਹਿਲਜੁਲ ਹੁੰਦੀ ਹੈ ਤੇ ਇਕ ਨੌਜਵਾਨ ਉਸ ਵਿਚੋਂ ਹੌਲੀ-ਹੌਲੀ ਉੱਠਦਾ ਹੈ ਤੇ ਸਟੇਜ ਦੇ ਸੈਂਟਰ ਵਿਚ ਆ ਜਾਂਦਾ ਹੈ। ਉਸ ਦੇ ਚਿਹਰੇ ਤੇ ਉਲਝੀ ਹੋਈ, ਖਿੱਲਰੀ ਬੇਤਰਤੀਬੀ ਦਾੜ੍ਹੀ ਹੈ।)

ਗੀਤ ਚੱਲ ਰਿਹਾ ਹੈ।

*ਕਦੋਂ ਤੱਕ ਮਿਲਣਗੀਆਂ ਚਾਵਾਂ ਨੂੰ ਕਬਰਾਂ*
*ਕਦੋਂ ਤੱਕ ਸੁਆਹ ਹੋਵਣਗੇ ਸੁਪਨੇ*
*ਕਦੋਂ ਤੱਕ ਰੁਲਣਗੀਆਂ ਸਾਡੀਆਂ ਸੱਧਰਾਂ...*
*ਕਦੋਂ ਤੱਕ, ਕਦੋਂ ਤੱਕ...*

ਤੁਸੀਂ ਮੈਨੂੰ ਜਾਣਦੇ ਹੋ ? ਜਾਣਦੇ ਹੋ ਮੈਨੂੰ ? ਮੈਂ ਤੁਹਾਨੂੰ ਪੁੱਛ ਰਿਹਾਂ ? ਤੁਹਾਨੂੰ ਸਭ ਨੂੰ।...ਸ਼ਾਇਦ ਨਹੀਂ। ਨਹੀਂ ਜਾਣਦੇ ਹੋ। ਜਾਨਣਾ ਚਾਹੁੰਦੇ ਹੋ ? ਮੇਰਾ ਨਾਂ, ਪਤਾ ਜਾਂ ਹੋਰ ਕੁਝ।...(ਹਲਕਾ ਜਿਹਾ ਮੁਸਕਰਾ ਕੇ)...ਵੈਸੇ, ਕੀ ਫ਼ਰਕ ਪੈਂਦਾ ਹੈ, ਮੇਰਾ ਨਾਂ ਕੁਝ ਵੀ ਹੋਵੇ।

ਤੁਸੀਂ ਮੈਨੂੰ ਦੇਖ ਹੀ ਰਹੇ ਹੋ। ਮੇਰਾ ਕੱਦ ਕਾਠ, ਮੇਰੇ ਨੈਣ-ਨਕਸ਼...ਮੇਰੀ ਸੂਰਤ ਤੋਂ ਅੰਦਾਜ਼ਾ ਤਾਂ ਲਗਾ ਸਕਦੇ ਹੋ, ਮੈਂ ਨੌਜਵਾਨ ਹਾਂ, ਗੱਭਰੂ।...ਕਿਹੋ ਜਿਹਾ ਲੱਗ ਰਿਹਾ ਹੈ ? ਇਹ ਜਾਣ-ਪਛਾਣ।

...ਮੈਂ ਕਿਥੋਂ ਆਇਆ ਹਾਂ। (ਮੁਸਕਰਾ ਕੇ) ਉਹ ਤੁਹਾਨੂੰ ਕਿਵੇਂ ਪਤਾ ਹੋਵੇਗਾ ?

ਸ਼ਾਇਦ ਤੁਸੀਂ ਭੁੱਲ ਗਏ ਹੋ ਜਾਂ ਇਹ ਗੱਲ ਤੁਹਾਡੇ ਚੇਤਿਆਂ 'ਚੋਂ ਕਿਤੇ ਪਿੱਛੇ ਚਲੀ ਗਈ ਹੈ ਕਿ ਕਿਥੋਂ ਉੱਠ ਕੇ ਆਇਆ ਹਾਂ।...ਸਾਡੇ ਚੇਤੇ ਵੈਸੇ ਵੀ ਛੋਟੀ ਉਮਰ ਦੇ ਨੇ। ਕੁਝ ਘੰਟੇ, ਦਿਨ, ਸਾਲ ਤਾਂ ਬਹੁਤ ਵੱਡੀ ਗੱਲ ਹੈ। ਅਸੀਂ ਭੁੱਲਣ ਦੇ ਆਦੀ ਹੋ ਗਏ ਹਾਂ। ਘਟਨਾਵਾਂ, ਸਾਡਾ ਪਿਛੋਕੜ, ਇਤਿਹਾਸ, ਕੱਲ੍ਹ ਕੀ ਹੋਇਆ ਸੀ। ਇਹ ਜੇਕਰ ਯਾਦ ਵੀ ਕਰਦੇ ਹਾਂ ਤਾਂ...ਤਾਂ ਇਹ ਸਾਡੇ ਵਾਸਤੇ ਕਹਾਣੀਆਂ, ਟੋਟਕੇ, ਚੁਟਕਲੇ ਤੋਂ ਵੱਧ ਨਹੀਂ ਹੁੰਦੇ।

...ਇਹ ਭੁੱਲਣ ਦਾ ਅਸਰ...ਇਸ ਦਾ ਹਸ਼ਰ, ਅਸੀਂ ਭੋਗ ਰਹੇ ਹਾਂ, ਦੇਖ ਰਹੇ ਹਾਂ।

ਮੇਰੀ ਗੱਲ ਤਾਂ ਇਥੇ ਮਾਇਨੇ ਹੀ ਨਹੀਂ ਰੱਖਦੀ।...ਮਤਲਬ ਮੈਂ ਕੌਣ ਹਾਂ, ਕਿਥੋਂ ਆਇਆ ਹਾਂ ?

* * *

ਤੁਸੀਂ ਦੇਖਿਆ ਹੀ ਹੈ, ਮੈਂ ਕਬਰ 'ਚੋਂ ਉੱਠ ਕੇ ਆਇਆ ਹਾਂ। ਓ ਨਹੀਂ। ਮੈਂ ਅਜੇ ਕਬਰ 'ਚ ਉਤਰਨਾ ਹੈ। ਓ ਕੀ ਕਹਿੰਦੇ ਨੇ...ਜੋ ਕੁਝ ਵੀ...ਮੇਰਾ ਅੰਤਿਮ ਸੰਸਕਾਰ ਹੋਣਾ ਹੈ।

ਮੇਰੇ ਰਿਸ਼ਤੇਦਾਰ ਕੁਝ ਰਸਮਾਂ ਕਰਨ ਦੇ ਬਾਰੇ ਵਿਚਾਰ ਕਰ ਰਹੇ ਨੇ। ਸਭ ਆਪਣੀ ਆਪਣੀ ਰਾਏ ਦੇ ਰਹੇ ਨੇ...ਕੁੰਵਾਰਾ ਜੋ

ਮਰਿਆ ਹਾਂ।

ਪੰਡਤ ਦੀ ਉਡੀਕ ਹੋ ਰਹੀ ਹੈ...ਸ਼ਾਇਦ ਮੇਰਾ ਅੱਗਾ ਸੰਵਾਰਨ ਲਈ। ਅਗਲਾ ਜਨਮ।

ਅਗਲਾ ਜਨਮ...ਕਰਮ ਕਾਂਡ, ਸ਼ਰਾਧ, ਅਸੀਂ ਦਰਅਸਲ ਸ਼ਰਾਧ-ਸਭਿਆਚਾਰ ਵਾਲੇ ਲੋਕ ਹਾਂ। ਮਰਨ ਪਿੱਛੋਂ ਗੁਣਗਾਨ, ਉਸ ਦੀ ਪੁੱਛ-ਗਿੱਛ, ਮਰਨ ਪਿੱਛੋਂ ਸਨਮਾਨ।

ਸਨਮਾਨ। ਗੁਣਗਾਨ !! ਇਹ ਵੀ ਸਾਲਾ ਵਹਿਮ ਹੈ।

* * *

ਇਥੇ ਮੈਂ ਕਿਵੇਂ ਪਹੁੰਚਿਆ ? ਮੇਰਾ ਮਤਲਬ ਉਸ ਅਰਥੀ 'ਤੇ ?

ਫੌਰੀ ਤੌਰ 'ਤੇ ਜਿਨ੍ਹਾ ਨੂੰ ਪਤਾ ਹੈ...ਮੈਂ ਐਕਸੀਡੈਂਟ ਨਾਲ ਮਰਿਆ ਹਾਂ। ਮੋਟਰ ਸਾਈਕਲ ਚਲਾ ਰਿਹਾ ਸੀ। ਕਈ ਖੁਸਰ ਪੁਸਰ ਕਰ ਰਹੇ ਨੇ, ਸੁਣ ਰਹੇ ਹੋ ਤੁਸੀਂ। ਜੋ ਥੋੜ੍ਹਾ ਨੇੜਿਓਂ ਜਾਣਦੇ ਨੇ, ਉਹ ਇਹ ਵੀ ਜਾਣਦੇ ਨੇ ਕਿ ਮੈਂ ਨਸ਼ੇ ਨਾਲ ਮਰਿਆ ਹਾਂ...(ਹੌਲੀ ਪੁਸਰ ਅੰਦਾਜ਼ ਵਿਚ)...ਇਹ ਸਾਰੇ ਠੀਕ ਬੋਲ ਰਹੇ ਨੇ। ਉਹ ਝੂਠ ਨਹੀਂ ਨੇ।...(ਰੁਕ ਕੇ।)

...ਹੁਣ ਤੁਸੀਂ ਸੋਚੋ, ਮੇਰੀ ਇਸ ਉਮਰ 'ਤੇ...ਮੈਨੂੰ ਉਥੇ ਹੋਣਾ ਚਾਹੀਦਾ ਸੀ ? (ਅਰਥੀ ਵੱਲ ਇਸ਼ਾਰਾ ਕਰਦਾ ਹੈ) ਉਥੇ, ਜਿਥੋਂ ਮੈਂ ਹੁਣੇ ਹੁਣੇ ਤੁਹਾਡੇ ਸਾਹਮਣਿਓਂ ਉੱਠ ਕੇ ਆਇਆ ਹਾਂ।

ਮੈਨੂੰ ਉਥੇ ਕਿਸ ਨੇ ਪਹੁੰਚਾਇਆ ? ਕਿਸ ਨੇ ?

ਨਸ਼ਾ ? ਤੇਜ ਸਪੀਡ, ਰੈਸ਼ ਡਰਾਇਵਿੰਗ ! ਮਰਨਾ ਹੀ ਹੈ ਨਾ ?

ਮੈਂ ਮਰਨਾ ਕਿਉਂ ਚਾਹੁੰਦਾ ?

ਮੈਨੂੰ ਚੰਗਾ ਲੱਗਦੈ !

ਆਪੇ ਸਵਾਲ, ਆਪੇ ਜਵਾਬ। ਪਰ ਸਵਾਲ ਹੈ, ਮੈਂ ਕਿਉਂ ਮਰਨਾ ਚਾਹੁੰਦਾ ?

ਮੈਂ ਜਵਾਨ, ਗੱਭਰੂ...ਮੇਰੀ ਉਮਰ ਸੁਪਨਿਆਂ ਦੀ ਉਮਰ ਹੈ। ਪੰਖ ਲਾ ਕੇ ਅਸਮਾਨੀ ਉੱਡਣ ਦੀ। ਸੁਪਨੇ ਸਾਕਾਰ ਕਰਨ ਦੀ।...(ਥੋੜ੍ਹੀ ਚੁੱਪ, ਫਿਰ ਹੌਲੀ)...ਪਰ ਤੁਹਾਡੇ ਵਿਚੋਂ ਬਹੁਤ ਮੈਨੂੰ ਵੀ ਕਸੂਰਵਾਰ ਕਹਿੰਦੇ ਨੇ।...ਤੁਸੀਂ ਕੀ...ਮੇਰੇ ਮਾਂ ਪਿਓ। ਜਿਨ੍ਹਾਂ ਦੇ ਵਿਹੜੇ ਵਿਚ ਮੈਂ ਵੱਡਾ ਹੋਇਆ। ਇੰਨਾ ਵੱਡਾ, ਛੇ ਫੁੱਟ ਦਾ ਗੱਭਰੂ। (ਚੁੱਪ) ਉਨ੍ਹਾਂ ਨੇ ਮੈਨੂੰ ਮਾਰਿਆ, ਕੁੱਟਿਆ, ਘਰੋਂ ਬਾਹਰ ਕੱਢਿਆ, ਜ਼ਲੀਲ ਕੀਤਾ...ਜਿਨ੍ਹਾਂ ਨੇ ਬਚਪਨ ਤੋਂ ਹੁਣ ਤੱਕ ਮੇਰੀ ਹਰ ਹਰਕਤ, ਹਰ ਸੁਭਾਅ ਬਾਰੇ, ਪਲ-ਪਲ ਜੁੜਦੇ-ਟੁੱਟਦੇ ਦੇਖਿਆ, ਉਨ੍ਹਾਂ ਨੇ ਕਿਹਾ ਮੈਂ ਕਸੂਰਵਾਰ ਹਾਂ।...

...ਤੁਸੀਂ ਤਾਂ ਅੱਜ ਮੈਨੂੰ ਪਹਿਲੀ ਵਾਰ ਦੇਖ ਰਹੇ ਹੋ। ਸਿਰਫ਼ ਦੇਖ ਰਹੇ ਹੋ। ਮਿਲੇ ਨਹੀਂ ਹੋ। ਤੁਸੀਂ ਕੁਝ ਵੀ ਕਹਿ ਸਕਦੇ ਹੋ। ਸੁਣਿਆ-ਸੁਣਾਇਆ। ਆਪਣੇ ਨਤੀਜੇ ਕੱਢ ਸਕਦੇ ਹੋ।...

ਮੈਨੂੰ ਮੇਰੇ ਅਧਿਆਪਕਾਂ ਨੇ ਵੀ ਇਹੀ ਟੈਗ ਲਾਇਆ ਹੈ। ਮੈਂ ਹੀ ਦੋਸ਼ੀ ਹਾਂ। ਜਿਨ੍ਹਾਂ ਨੇ ਮੈਨੂੰ ਕਿੰਨੇ ਹੀ ਸਾਲ ਪੜ੍ਹਾਇਆ, ਖੇਡਿਆ ਮੈਂ ਉਨ੍ਹਾਂ ਨਾਲ, ਮੈਨੂੰ ਸਮਝਾਇਆ, ਮੇਰੇ ਇਮਤਿਹਾਨ ਲਏ, ਮੇਰੇ ਨਤੀਜੇ ਦੇਖੇ।...

ਮੇਰੀਆਂ ਪ੍ਰਾਪਤੀਆਂ ਨੂੰ ਵਡਿਆਇਆ, ਗਲਤੀਆਂ ਤੇ ਗੁੱਸੇ ਹੋਏ, ਪ੍ਰੇਰਿਆ...ਉਹ ਕਹਿ ਰਹੇ ਨੇ।

*(ਮੁਸਕਰਾ ਕੇ ਹੂੰ ਹੂੰ।)*

ਹੁਣ ਉਹ ਮੇਰੇ ਸਕੂਲੀ ਦਿਨਾਂ ਦੀ ਘੋਖ ਪੜਤਾਲ ਕਰਕੇ, ਕੋਈ ਖੁਫ਼ੀਆ ਜਾਣਕਾਰੀ ਲੱਭ ਦੇ ਦੱਸਦੇ ਨੇ, ਮੇਰੀਆਂ ਹਰਕਤਾਂ ਹੀ ਅਜਿਹੀਆਂ ਸੀ ਕਿ ਮੈਂ ਅਵਾਰਾ, ਨਸ਼ਈ ਹੀ ਹੋਣਾ ਹੈ ਸੀ।

*(ਰੁਕ ਕੇ)*

ਮੈਂ ਦੱਸਵੀਂ ਵਿਚੋਂ ਫਸਟ ਨਹੀਂ ਸੀ ਆਇਆ ? ਆਇਆ ਸੀ ਨਾ। ਮਾਂ-ਪਿਓ ਨੂੰ ਵੀ ਮਾਣ ਸੀ, ਸਕੂਲ ਵਾਲਿਆਂ ਨੇ ਅਖ਼ਬਾਰ ਵਿਚ ਫੋਟੋ ਛਾਪੇ, ਆਪਣੀ ਮਸ਼ਹੂਰੀ ਕੀਤੀ ਸੀ। ਮੇਰੀ ਮਿਹਨਤ ਨੂੰ ਆਪਣੇ ਖਾਤੇ ਵਿਚ ਪਾ ਰਹੇ ਸੀ। (ਰੁਕ ਕੇ।) ...ਐਵੇਂ ਹੀ ਹੁੰਦਾ ਹੈ। ਜਿਥੇ ਜਿਵੇਂ ਫ਼ਾਇਦਾ ਮਿਲਿਆ ਵਰਤਿਆ। ਵਡਿਆਉਣ 'ਚ ਫ਼ਾਇਦਾ ਹੈ, ਤਾਰੀਫ਼ਾਂ ਦੇ ਪੁਲ ਬੰਨੋ। ਗਾਲ੍ਹਾਂ ਕੱਢ ਕੇ ਸ਼ੋਹਰਤ ਮਿਲਦੀ ਹੈ, ਬਦਨਾਮ ਕਰ ਦਿਉ।...ਸਿਆਸੀ ਕਿਰਦਾਰ।...ਸਿਆਸੀ ਤੋਂ ਵੀ ਵੱਧ ਵਪਾਰੀ।

ਪਲਸ ਵਨ ਵਿਚ ਦਾਖਲਾ...ਮੇਰੇ ਲਈ ਕੀ, ਸਾਰਿਆਂ ਲਈ ਜ਼ਿੰਦਗੀ ਦੀਆਂ ਨਵੀਆਂ ਪੈੜਾਂ ਉਲੀਕ ਜਾਂਦਾ ਹੈ। ਪੱਕੀਆਂ ਪੈੜਾਂ। ਜਿਸ ਦਾ ਕਿਸੇ ਨੂੰ ਪਤਾ ਨਹੀਂ ਹੁੰਦਾ ਕਿ ਕਿਥੇ ਜਾ ਰਹੀਆ ਨੇ, ਕਿਥੇ ਪਹੁੰਚਣਗੀਆਂ।

ਸਾਡੇ ਲਾਈਲੱਗ ਜਾਂ ਬੇਸਮਝੇ ਲੋਕਾਂ ਲਈ, ਤਾਂ ਇਹ ਇਕ ਹਨੇਰੀ ਗਲੀ ਹੈ। ਪਲੱਸ ਵੰਨ ਵਿਚ ਦਾਖਲ ਹੋਣਾ।

* * *

ਪਾਪਾ ਕਹਿੰਦੇ, ਮੈਡੀਕਲ ਰੱਖਣਾ ਹੈ, ਅਧਿਆਪਕ ਕਹਿਣ ਮੈਥ ਰਖਵਾਓ।...ਮੇਰੇ ਤੋਂ ਕੋਈ ਨਹੀਂ ਪੁੱਛ ਰਿਹਾ...ਦੋਵੇਂ ਗਿਟਮਿਟ ਕਰ ਰਹੇ ਨੇ।

ਪਾਪਾ ਦਲੀਲ ਦੇ ਰਹੇ ਨੇ !...ਸਾਡੇ ਘਰ ਵਿਚ ਪਹਿਲੀ ਵਾਰ ਮੈਂ ਸਕੂਲ ਗਿਆ। ਡਾਕਟਰ ਬਣਨ ਦਾ ਮਨ ਸੀ, ਪਰ ਘਰ ਦੇ ਹਾਲਾਤਾਂ ਨੇ ਸਾਥ ਨਾ ਦਿੱਤਾ, ਇਹਨੂੰ ਮੈਂ ਡਾਕਟਰ ਬਣਾਉਣਾ ਹੈ...ਮੇਰਾ ਸੁਪਨਾ ਇਹ ਪੂਰਾ ਕਰੇਗਾ। ਬੱਚੇ ਕਰਦੇ ਹੀ ਨੇ, ਬੱਚੇ ਨਹੀਂ ਕਰਨਗੇ ਤਾਂ ਹੋਰ ਕੌਣ ਕਰੇਗਾ...ਮਾਂ-ਪਿਓ ਦੇ ਸੁਪਨੇ ਪੂਰੇ।

ਮਾਂ-ਪਿਓ ਦੇ ਸੁਪਨੇ...ਠੀਕ ਹੈ। ਮਾਂ ਪਿਓ ਦੇ ਸੁਪਨੇ ਹੁੰਦੇ ਨੇ, ਸਭ ਦੇ ਸੁਪਨੇ ਹੁੰਦੇ ਨੇ, ਹੋਣੇ ਚਾਹੀਦੇ ਨੇ। ਪਰ ਇਹ ਕਿਹੋ ਜਿਹਾ ਸੁਪਨਾ ਹੈ, ਮੈਂ ਡਾਕਟਰ ਨਹੀਂ ਬਣ ਸਕਿਆ, ਬੇਟਾ ਬਣੇਗਾ।...

ਸੁਪਨਾ ਤਾਂ ਇਕ ਵਧੀਆ ਜ਼ਿੰਦਗੀ ਦਾ ਹੁੰਦਾ ਹੈ।

* * *

ਮੇਰਾ ਮਨ ਨਹੀਂ ਲੱਗਿਆ। ਮੈਨੂੰ ਸਕੂਲ ਵਾਲਿਆਂ ਨੇ, ਤਿੰਨ ਮਹੀਨੇ ਬਾਅਦ, ਪਹਿਲੇ ਟੈਸਟ ਦੇ ਨੰਬਰਾਂ ਦੇ ਬੇਸ 'ਤੇ ਆਰਟਸ ਵਿਚ ਭੇਜ 'ਤਾ। ਕਿਸੇ ਨੇ ਇਸ ਦਾ ਕਾਰਨ ਨਾ ਲੱਭਿਆ।

ਸਕੂਲ ਦਾ ਇਕੋ ਹੀ ਤਰਕ ਸੀ, ਇਸ ਨੇ ਮੈਡੀਕਲ ਵਿਚ ਨਹੀਂ ਚੱਲਣਾ। ਨੰਬਰ ਦੇਖ ਕੇ ਉਨ੍ਹਾਂ ਨੇ ਨਾਲ-ਮੈਡੀਕਲ ਵਿਚ ਵੀ ਰਿਸਕ ਨਾ ਲਿਆ। ਰਿਸਕ...ਰਿਸਕ ਸੀ, ਸਕੂਲ ਦਾ ਰਿਜ਼ਲਟ ਖਰਾਬ ਕਰੇਗਾ। ਸਕੂਲ ਦੇ ਰਿਸਕ ਅੱਗੇ ਪਾਪਾ ਦੀ ਕੋਈ ਦਲੀਲ ਵੀ ਨਾ ਚੱਲੀ। ਜੇ ਮੈਡੀਕਲ 'ਚ ਨਹੀਂ ਚੱਲ ਸਕਦਾ ਤਾਂ ਜਿਥੇ ਮਰਜ਼ੀ ਜਾਵੇ...ਕਹਿ ਰਹੇ ਸੀ, ਜਿਥੇ ਮਰਜ਼ੀ ਧੱਕੇ ਖਾਵੇ।

ਮੇਰਾ ਕੀ ਹੋਵੇਗਾ...ਇਹ ਰਿਸਕ ਕਿਸੇ ਨੂੰ ਨਹੀਂ ਦਿੱਸਿਆ। ਕਿਸੇ ਨੂੰ ਸਮਝ ਨਹੀਂ ਆਇਆ।

ਆਰਟਸ ਟੀਚਰ ਨੇ ਮਾਂ-ਪਿਓ ਨੂੰ ਸਮਝਾਇਆ, ਆਰਟਸ ਵਿਚ ਵੀ ਬਹੁਤ ਵਧੀਆ ਕੈਰੀਅਰ ਹੈ। ਭਾਸ਼ਾ, ਸਾਹਿਤ, ਕਲਾ, ਸਮਾਜ ਸ਼ਾਸਤਰ, ਮਨੋਵਿਗਿਆਨ...ਕਿੰਨੇ ਹੀ ਵਿਸ਼ੇ ਨੇ। ਇੰਨਾ ਵੱਡਾ ਸੰਸਾਰ। ਆਰਟਸ ਟੀਚਰ ਨੂੰ ਆਪਣੀ ਧਾਰਨਾ 'ਤੇ ਵਿਸ਼ਵਾਸ ਸੀ, ਉਸ ਦੇ ਇਹ ਸ਼ਬਦ,...ਆਰਟਸ ਵਿਅਕਤੀ ਨੂੰ ਮਨੁੱਖ, ਚੰਗਾ ਇਨਸਾਨ ਬਣਨ ਵਿਚ ਮਦਦ ਕਰਦਾ ਹੈ, ਜਿਸ ਦੀ ਕਿ ਅੱਜ ਸਾਨੂੰ ਲੋੜ ਹੈ...।

* * *

ਪਹਿਲੀ ਵਾਰ ਮੈਨੂੰ ਉਸ ਟੀਚਰ, ਕਿਸੇ ਟੀਚਰ ਬਾਰੇ ਇਹ ਅਹਿਸਾਸ ਹੋਇਆ ਕਿ ਉਹ ਵਧੀਆ ਰਾਹ ਦਿਖਾ ਸਕਦੇ ਹਨ।

ਮੈਨੂੰ ਲੱਗਿਆ ਉਸ ਮੈਡਮ ਨੇ ਮੇਰੀਆਂ ਰੁਚੀਆਂ ਨੂੰ ਪਛਾਣਿਆ ਹੈ। ਮੈਨੂੰ ਵੀ ਕਲਾ ਦਾ ਗਿਆਨ ਨਹੀਂ ਸੀ। ਪਰ ਉਸ ਨੇ ਮੈਨੂੰ ਤਰਾਸ਼ਿਆ।

ਮੈਨੂੰ ਵੀ ਲੱਗਿਆ, ਕਿ ਮੈਂ ਇਕ ਵੱਖਰੀ ਦੁਨੀਆਂ ਵਿਚ ਪ੍ਰਵੇਸ਼ ਕਰ ਰਿਹਾ ਹਾਂ।

ਮੈਂ ਬਹੁਤ ਸੋਹਣੇ ਚਿੱਤਰ ਬਣਾਏ। ਸਕੂਲ ਦੀ ਸਲਾਨਾ ਮੈਗਜ਼ੀਨ 'ਚ ਬੈਕ ਕਵਰ ਤੇ ਛਪਿਆ, ਮੇਰਾ ਬਣਾਇਆ ਇਕ ਚਿੱਤਰ।

* * *

ਦਸਵੀਂ ਤੱਕ ਪੜ੍ਹਾਉਣ ਵਾਲੇ ਟੀਚਰ ਨਿਰਾਸ਼ ਸੀ।...ਉਨ੍ਹਾਂ ਦੇ ਟਿਊਸ਼ਨ ਸੰਸਾਰ ਦਾ ਹਿੱਸ ਨਹੀਂ ਬਣ ਸਕਿਆ। ਮਾਂ-ਪਿਓ ਵੀ। ਘਰੇ ਨਾ ਦੇ ਬਰਾਬਰ ਗੱਲਬਾਤ ਹੁੰਦੀ। ਪਿਤਾ ਜੀ ਕਦੇ-ਕਦੇ ਤਨਜ ਨਾਲ, ਵਿਅੰਗ ਭਰੇ ਲਹਿਜ਼ੇ ਨਾਲ ਗੱਲ ਕਰਦੇ...ਇਸ ਦੇ ਰੰਗਾਂ ਨੇ ਸਾਡੀ ਜ਼ਿੰਦਗੀ ਤਾਂ ਸਿਆਹ ਕਰ 'ਤੀ। ਅਸੀਂ ਕੀ-ਕੀ ਸੋਚਿਆ ਸੀ।...

ਮੈਨੂੰ ਲੱਗਦਾ ਸੀ, ਇਹ ਰੰਗ ਸੋਹਣੇ ਨੇ। ਇਨ੍ਹਾਂ ਦੀ ਲੋੜ ਹੈ, ਦੁਨੀਆਂ ਨੂੰ ਹਸੀਨ ਬਣਾਉਣ ਲਈ।

*(ਬੋਲਦੇ-ਬੋਲਦੇ ਆਪਣੇ ਖ਼ਿਆਲਾਂ ਵਿਚ ਖੋਇਆ ਜਿਹਾ ਲੱਗਦਾ ਹੈ ਤੇ ਫਿਰ ਕਵਿਤਾ ਦੀਆਂ ਸਤਰਾਂ ਵਿਚ ਚਲਾ ਜਾਂਦਾ ਹੈ।)*

ਰੰਗਾਂ ਦੀ ਧਰਤੀ 'ਤੇ
ਖੁਸ਼ਬੂਆਂ ਦੇ ਸ਼ਹਿਰ ਵਿਚ
ਮੇਰੀ ਇਕ ਹਸਤੀ ਹੋਵੇ
ਇਹ ਮੇਰਾ ਸੀ ਸੁਪਨਾ।

*(ਕੁਝ ਪਲ ਦੀ ਖਾਮੋਸ਼ੀ ਤੇ ਫਿਰ ਉਸੇ ਪੁਰਾਣੇ ਲਹਿਜ਼ੇ 'ਚ।)*

* * *

...ਮੈਂ ਆਰਟਸ ਕਾਲਜ ਜਵਾਇਨ ਕਰ ਲਿਆ। ਚੰਡੀਗੜ੍ਹ।

*(ਰੁਕਦਾ ਹੈ...ਮੁਸਕਰਾਉਂਦਾ ਹੈ, ਗੱਲ ਬਦਲ ਕੇ।)*

ਜਿੰਨੀ ਦੇਰ ਮੈਨੂੰ ਤੁਹਾਡੇ ਨਾਲ ਗੱਲਾਂ ਕਰਦੇ ਹੋਗੀ, ਜੇਕਰ ਜਿੰਦਾ ਹੁੰਦਾ ਤਾਂ ਨਸ਼ੇ ਦੀ ਲੋੜ ਪੈ ਜਾਣੀ ਸੀ।

ਨਸ਼ਾ।...ਇਹ ਛੱਡੋ ਕਿਹੜਾ। ਸਮੈਕ, ਹੀਰੋਇਨ, ਕੈਪਸੂਲ ਜਾਂ ਕਿੰਨੇ ਹੀ ਹੋਰ ਅੱਜ ਕੱਲ੍ਹ। ਛਿਪਕਲੀ ਦੀ ਪੂਛ ਤੋਂ ਲੈ ਕੇ ਬੂਟਾਂ ਦੀ ਪਾਲਿਸ਼।

ਨਸੈਸਿਟੀ ਇਜ ਦਾ ਮਦਰ ਆੱਫ਼ ਅਕਸਪੈਰੀਮੈਂਟ। ਲੋੜ ਕਿਵੇਂ ਤਜ਼ਰਬੇ ਕਰਨ ਵੱਲ ਲੈ ਜਾਂਦੀ ਹੈ। ਨਹੀਂ।

...ਸੱਪ ਪਰਿਵਾਰ ਦੀ ਹੁੰਦੀ ਹੈ ਛਿਪਕਲੀ।...ਤਜ਼ਰਬਾ ਕਰਨ 'ਚ ਕੀ ਹਰਜ਼ ਹੈ। ਮਨੁੱਖ ਦੀ ਫ਼ਿਤਰਤ ਹੈ ਤਜ਼ਰਬੇ ਕਰਨਾ। ਨੌਜਵਾਨਾਂ ਦੀ ਸਭ ਤੋਂ ਵੱਧ ਹੁੰਦੀ ਹੈ। ਨਵੀਂ ਸੋਚ 'ਤੇ ਤਜ਼ਰਬਾ।

ਨਸ਼ਾ! ਹਲਕਾ ਜ਼ਹਿਰ ਹੀ ਤਾਂ ਹੁੰਦਾ ਹੈ।...

ਮਨੁੱਖ ਨੇ ਇਕ ਕਮਾਲ ਤਾਂ ਕੀਤੀ ਹੈ। ਕੁਦਰਤ ਨੂੰ ਬੜੇ ਸਲੀਕੇ ਨਾਲ ਨਵਾਂ ਲਿਬਾਸ ਪਵਾਇਆ ਹੈ। ਮਿੱਠਾ ਜ਼ਹਿਰ, ਹਲਕਾ ਜ਼ਹਿਰ, ਸਲੋ ਪਵਾਇਜਨਿੰਗ।

ਅਜਿਹੀਆਂ ਖੋਜਾਂ ਵੀ ਸਾਡੇ ਹਿੱਸੇ ਹੀ ਆਈਆਂ ਨੇ। ਸਾਡੇ...ਮਨੁੱਖ ਦੇ।

ਨਸ਼ਾ। ਨਸ਼ੇ ਦੀ ਇਕੋ ਹੀ ਖ਼ਾਸੀਅਤ ਹੈ ਬਸ। ਉਹ ਪਿੱਛੇ ਲਾ ਲੈਂਦਾ ਹੈ। ਕੁਝ ਨੀ ਹੋਰ ਕਰਨ ਦਿੰਦਾ, ਕੁਝ ਨਹੀਂ ਹੋਰ ਸੋਚਣ ਦਿੰਦਾ। ਇਕੋ ਹੀ ਧੁੰਨ। ਨਸ਼ਾ, ਨਸ਼ਾ, ਨਸ਼ਾ।

...ਸਾਰੇ ਸਮਝਾਉਂਦੇ ਨੇ। ਇਕੋ ਹੀ ਧੁੰਨ ਵਿਚ ਲੱਗਣ ਨਾਲ ਹੀ ਕੁਝ ਮਿਲਦਾ ਹੈ। ਬਸ! ਕਿਸੇ ਚੀਜ਼ ਨੂੰ ਹਾਸਿਲ ਕਰਨਾ ਹੈ, ਪਿੱਛੇ ਲੱਗ ਜਾਓ।

...ਇਹੀ ਗੱਲ ਹੈ ਨਾ, ਲੋਕ ਰੱਬ ਦੇ ਪਿੱਛੇ, ਸੱਤਾ ਦੇ ਪਿੱਛੇ, ਪੈਸੇ ਪਿੱਛੇ, ...ਨੌਜਵਾਨ ਕੁੜੀਆਂ ਪਿੱਛੇ, ਫ਼ੈਸ਼ਨ ਪਿੱਛੇ, ਦਿਖਾਵੇ ਪਿੱਛੇ।...ਨਸ਼ਾ ਹੀ ਹੈ ਨਾ।

ਸਾਡੇ 'ਤੇ ਇਲਜ਼ਾਮ ਲੱਗਦਾ ਹੈ, ਸਾਡੇ ਵਿਚ ਪੈਸ਼ਨ ਨਹੀਂ। ਕੰਮ ਪ੍ਰਤੀ ਸ਼ਿੱਦਤ ਨਹੀਂ ਹੈ। ਭਟਕੇ ਹੋਏ ਨੇ। ਨਸ਼ਿਆਂ ਪ੍ਰਤੀ,...ਇਹ ਵੀ ਤਾਂ ਪੈਸ਼ਨ ਨਾਲ ਹੀ ਹੁੰਦਾ ਹੈ।

ਪੈਸ਼ਨ ਸੀ। ਲਗਨ ਸੀ। ਪੂਰੀ ਸ਼ਿੱਦਤ ਨਾਲ ਕੰਮ ਦੀ ਲਲਕ...। ਪਰ ਇਹ ਸਭ ਨਸ਼ੇ ਖਿੱਚ ਕੇ ਲੈ ਗਏ।

ਪਰ ਮੈਨੂੰ ਲੱਗਿਆ, ਰੰਗਾਂ ਪਿੱਛੇ ਲੱਗਣਾ ਨਸ਼ਾ ਨਹੀਂ ਹੈ। ਇਹ ਸਿਰਜਣਾ ਹੈ। ਰੱਬ, ਸੱਤਾ, ਪੈਸੇ, ਸ਼ੌਹਰਤ, ਤਾਕਤ ਸਭ...ਸਿਰਜਣਾ ਅੱਗੇ ਕੁਝ ਨਹੀਂ। ਇਨ੍ਹਾਂ ਰੰਗਾਂ ਅੱਗੇ ਸਭ ਫਿੱਕਾ ਹੈ।

...ਮੈਂ ਰੰਗਾਂ ਨੂੰ ਪੜ੍ਹਿਆ ਹੈ, ਰੰਗਾਂ ਨੂੰ ਜਾਣਿਆ ਹੈ, ਰੰਗਾਂ ਨੂੰ ਮਿਲਾਉਣਾ ਸਿੱਖਿਆ ਹੈ, ਨਵੇਂ ਰੰਗ ਬਣਾਉਣੇ ਸਿੱਖੇ ਨੇ...ਟਰੈਜਿਡੀ ਹੈ ਇਹ...ਨਾ ਰੰਗ ਮਿਲਾਉਣੇ ਮਨਜ਼ੂਰ ਨੇ, ਨਾ ਹੀ ਨਵੇਂ ਰੰਗ ਕਬੂਲ ਨੇ (ਰੁਕ ਕੇ)...ਨਵਾਂ ਇਨਸਾਨ ਕਿਵੇਂ ਪੈਦਾ ਹੋਵੇਗਾ?

* * *

ਚੰਡੀਗੜ੍ਹ। ਇਸ ਇਲਾਕੇ ਦਾ ਸਭ ਤੋਂ ਖ਼ੂਬਸੂਰਤ ਸ਼ਹਿਰ। ਪੱਥਰਾਂ ਦਾ ਸ਼ਹਿਰ।...ਪੱਥਰਾਂ ਵਿਚ ਵੀ ਖ਼ੂਬਸੂਰਤੀ ਹੁੰਦੀ ਹੈ। ਉਹ ਨਜ਼ਰ ਆਉਂਦੀ ਹੈ, ਜੇਕਰ ਸੁਹਜ ਨਾਲ ਤਰਾਸ਼ੇ ਹੋਣ। ਤਰਾਸ਼ਣ ਵਾਲੇ ਹੱਥਾਂ ਵਿਚ ਮਰਮ ਹੋਵੇ, ਕੋਮਲਤਾ। ਆਪਣੇਪਨ ਦਾ ਅਹਿਸਾਸ ਹੋਵੇ।

ਸ਼ਹਿਰ ਵਿਚ ਕੁਝ ਬੋਲਦਾ। ਸ਼ਹਿਰ ਦੀ ਧੜਕਣ ਨਹੀਂ। ਜਜ਼ਬਾਤ ਨਹੀਂ।...ਸ਼ਹਿਰ ਦੀ ਆਪਣੀ ਹੋਣੀ ਦੀ ਖ਼ਾਸੀਅਤ ਹੈ।

ਮੈਨੂੰ ਹਿੰਦੀ ਦੇ ਲੇਖਕ ਦੀ ਇਕ ਛੋਟੀ ਜਿਹੀ ਕਵਿਤਾ ਯਾਦ ਆ ਰਹੀ ਹੈ।

ਏ ਸੱਪ,  
ਤੂੰ ਸ਼ਹਿਰ ਕਦੇ ਨਹੀਂ ਆਇਆ  
ਫਿਰ ਇਹ ਜ਼ਹਿਰ  
ਕਿਥੋਂ ਲਿਆਇਆ।  
ਤੈਨੂੰ ਡੱਸਣਾ ਕਿਵੇਂ ਆਇਆ। ਕਿੰਨੇ ਸਿਖਾਇਆ।

* * *

ਕਹਿਣ ਵਾਲੇ ਕਹਿ ਸਕਦੇ ਨੇ। ਰੋਜ ਗਾਰਡਨ ਹੈ ਇਥੇ।...

ਰੋਜ ਗਾਰਡਨ ਦੀ ਲੋੜ ਵੀ ਤਾਂ ਹੀ ਪੈਂਦੀ ਹੈ ਕਿ ਪੱਥਰਾਂ ਦੀ ਅਸਲੀਅਤ ਨੂੰ ਲੁਕੋਇਆ ਜਾ ਸਕੇ। ਲੋਕਾਂ ਦੀ ਬੇਰੰਗੀ ਨੂੰ ਕਿਤੇ ਹੋਰ ਦੇਖ ਸਕੀਏ।

ਜਦੋਂ ਅੰਦਰ ਖੁਸ਼ਬੂ ਨਾ ਹੋਵੇ, ਤਾਂ ਹੀ ਬਾਹਰੀ ਖੁਸ਼ਬੂਆਂ ਦੀ ਲੋੜ ਪੈਂਦੀ ਹੈ। ਸੈਂਟਾਂ ਦੀ।

* * *

ਇਕ ਮੇਰਾ ਸੀਨੀਅਰ ਸਾਥੀ ਕਹਿੰਦਾ,ਨਸ਼ਾ ਕੀਤਾ ਹੈ ਕੋਈ ।ਮੈਂ ਮੁਸਕਰਾਇਆ ।...ਦਰਅਸਲ ਮੈਨੂੰ ਸਮਝ ਨਹੀਂ ਆਇਆ ਕਿ ਉਹ ਕਿਹੜੇ ਨਸ਼ੇ ਬਾਰੇ ਪੁੱਛ ਰਿਹੈ।

ਫਿਰ ਉਹ ਕਹਿਣ ਲੱਗਿਆ, ਨਸ਼ੇ ਤੋਂ ਬਾਅਦ ਦੁਨੀਆਂ ਬੜੀ ਰੰਗੀਨ ਹੋ ਜਾਂਦੀ ਹੈ। ਨਵੇਂ-ਨਵੇਂ, ਵੰਨ-ਸੁਵੰਨੇ ਰੰਗ ਦਿੱਸਦੇ ਨੇ। ਜਦੋਂ ਉਨ੍ਹਾਂ ਨੂੰ ਆਪਣੀਆਂ ਪੇਂਟਿੰਗ ਵਿਚ ਢਾਲੋ ਨਾ, ਲੋਕ ਬਹੁਤ ਐਪਰੀਸ਼ਿਏਟ ਕਰਦੇ ਨੇ। ਖੁੱਭ ਜਾਂਦੇ ਨੇ।

...ਓ. ਕੇ, ਮੇਰੇ ਮੂੰਹੋਂ ਨਿਕਲਿਆ, ਹੁਣ ਸਮਝ ਆਈ ਤੇਰੇ ਚਿੱਤਰਾਂ ਵਿਚ ਅਜਬ ਅਜਬ ਰੰਗ ਕਿਉਂ ਦਿੱਸਦੇ ਨੇ। ...ਅਸਲੀ ਜ਼ਿੰਦਗੀ ਤੋਂ ਦੂਰ। ਸਮਝ ਤੋਂ ਪਰ੍ਹੇ।...ਖੁੱਭ ਜਾਂਦੇ ਨੇ..., ਤੀਰ, ਤ੍ਰਿਸ਼ੂਲ, ਤਲਵਾਰ ਵਾਂਗ।...

ਫਿਰ ਕਹਿੰਦਾ, ਸਿਗਰੇਟ, ਬੀਅਰ ਕੋਈ ਨਸ਼ਾ ਨਹੀਂ ਹੁੰਦੇ।...

* * *

ਤੇ ਇੰਝ ਸਿਗਰੇਟ ਤੇ ਤੰਬਾਕੂ ਵਾਲੇ ਧੂੰਏ ਵਿਚ, ਕਦੋਂ ਸਮੈਕ ਨੇ ਥਾਂ ਲੈ ਲਈ, ਪਤਾ ਹੀ ਨਾ ਚੱਲਿਆ।...ਨਸ਼ਾ ਹੈ ਨਾ। ਪਿੱਛੇ ਲਾ ਲੈਂਦਾ ਹੈ।...ਰੋਕਣ ਵਾਲਾ ਵੀ ਤਾਂ ਕੋਈ ਨਹੀਂ ਸੀ।

...ਲੱਗਦਾ ਹੈ ਕਿ ਬੰਦਾ ਪਿੱਛੇ ਲੱਗ ਰਿਹਾ। ਨਹੀਂ। ਨਸ਼ਾ ਪਿੱਛੇ ਲਾ ਲੈਂਦਾ ਹੈ। ਤੁਸੀਂ ਆਪ ਹੀ ਲੱਭਣ ਤੁਰ ਪੈਂਦੇ ਹੋ, ਇਸ ਤਰ੍ਹਾਂ ਸਿਰਫ਼ ਦਿੱਸਦਾ ਹੈ।

...ਮੈਂ ਰੰਗਾਂ ਨੂੰ ਛੱਡ ਉਸ ਧੂੰਏਂ ਨੂੰ ਲੱਭਣ ਤੁਰ ਪਿਆ।

ਜਿੰਨਾਂ ਰੰਗਾਂ ਤੇ ਯਕੀਨ ਸੀ...ਸਭ ਕੁਝ ਬੇਭਰੋਸਗੀ ਵਿਚ ਬਦਲ ਗਿਆ।...ਨਸ਼ਾ ਨਹੀਂ ਸੀ, ਹੋਰ ਈ ਕੁਝ ਸੀ।

*(ਗੀਤ ਦੇ ਬੋਲ ਗੂੰਜਦੇ ਨੇ।)*

ਸਮਿਆਂ ਦੇ ਪਰਾਂ ਤੇ ਮੇਰੀ ਉਡਾਨ ਸੀ
ਦਿਸਹੱਦੇ ਤੋਂ ਪਰ੍ਹੇ, ਮੇਰੇ ਅਰਮਾਨ ਸੀ
ਅੱਜ ਮੇਰਾ ਆਪਣਾ ਸੀ, ਕੱਲ੍ਹ 'ਤੇ ਵੀ ਮਾਣ ਸੀ
ਉਲਝ ਗਈ ਤਾਣੀ ਦਾ ਕਿਹੜਾ ਲੜ ਫੜਾਂ
ਕਦੋਂ ਤੱਕ ਰੁਲਣਗੀਆਂ ਸਾਡੀਆਂ ਸੱਧਰਾਂ

* * *

ਰੰਗਾਂ ਵਿਚ ਪਛਾਣ ਦੇਖਣ ਦਾ ਸੁਪਨਾ ਸੀ, ਜੋ ਮੈਡਮ ਨੇ ਸਿਖਾਇਆ ਸੀ ਸਕੂਲੇ। ਪੈਸੇ ਅਤੇ ਪੁਰਸਕਾਰਾਂ ਵਿਚ ਬਦਲਦੇ ਦੇਖਿਆ। ਕਲਾ ਵਪਾਰ, ਬਾਜ਼ਾਰ, ਚਮਕਦੇ, ਚੁੰਧਿਆਉਂਦੇ ਪੰਜ ਤਾਰਾ ਹੋਟਲਾਂ ਦੇ ਕੌਰੀਡੋਰ, ਕਮਰਿਆਂ, ਬਾਥਰੂਮਾਂ ਤੱਕ ਸ਼ਿੰਗਾਰ ਬਣ ਰਹੀ ਸੀ।

...ਸਕੂਲ ਅਤੇ ਕਾਲਜ ਦੀ ਪੜ੍ਹਾਈ ਦਾ ਸੰਤੁਲਨ ਵਿਗੜ ਰਿਹਾ ਸੀ।

...ਘਰ ਅਤੇ ਬਾਹਰ ਦਾ ਤਾਲਮੇਲ ਡਗਮਗਾ ਰਿਹਾ ਸੀ।

...ਕਸਬੇ ਅਤੇ ਸ਼ਹਿਰ ਦਾ ਫ਼ਰਕ ਵੱਧਦਾ ਜਾ ਰਿਹਾ ਸੀ।

ਨਿਰਾਸ਼ਾ ਅਤੇ ਇਕੱਲੇਪਣ ਦੀ ਖਾਈ ਸੀ।...ਡੂੰਘੀ, ਹੋਰ ਡੂੰਘੀ ਹੋ ਰਹੀ ਸੀ।

* * *

ਛੋਟੇ ਤੋਂ ਵੱਡੇ ਸ਼ਹਿਰ, ਸਕੂਲ ਤੋਂ ਕਾਲਜ, ਘਰ ਤੋਂ ਬਾਹਰਲੀ ਦੁਨੀਆਂ, ਕੀ ਚਾਹੀਦਾ ਸੀ ? ਇਕ ਵਿਸ਼ਵਾਸ, ਇਕ ਭਰੋਸਾ।

ਦਿਲ ਦੇ ਨੇੜੇ, ਆਪਣਾ ਹੋਣ ਦਾ ਅਹਿਸਾਸ।

ਭਰੋਸਾ ਮਿਲ ਨਹੀਂ ਸੀ ਰਿਹਾ। ਸਿਰਫ਼ ਦਿਵਾਇਆ ਜਾ ਰਿਹਾ ਸੀ।

ਭਰੋਸਾ ਦਿਵਾਇਆ ਜਾ ਰਿਹਾ ਸੀ, ਚੰਗੇ ਕੱਲ੍ਹ ਦਾ, ਸੁਨਹਿਰੇ ਭਵਿੱਖ ਦਾ।

ਸਹੂਲਤਾਂ ਨਾਲ ਲੈਸ ਜ਼ਿੰਦਗੀ ਦਾ।
ਸਹੂਲਤਾਂ ! ਜੋ ਸ਼ਾਇਦ ਸੁੱਖ ਦਾ ਬਦਲ ਨਹੀਂ ਹੁੰਦੀਆਂ।
ਭਰਮ ਜ਼ਰੂਰ ਪਾਲਦੀਆਂ।
ਭਰਮਾਂ...ਭਰਿਆ ਭਰੋਸਾ...ਭਰਮਾਂ ਭਰਿਆ...

* * *

ਇਨ੍ਹਾਂ ਭਰਮਾਂ ਵਿਚ ਇਕ ਸੱਚ ਸੀ, ਖੁਸ਼ਬੂ। ਇਹੀ ਸੀ ਉਸ ਦਾ ਨਾਂ। ਉਸ ਦੇ ਰੰਗਾਂ ਨੂੰ, ਉਸ ਦੇ ਅਹਿਸਾਸਾਂ ਨੂੰ ਆਪਣੀ ਜ਼ਿੰਦਗੀ ਦੇ ਕੈਨਵਸ ਤੇ ਉਤਾਰਨ ਚਾਹਿਆ। ਉਸ ਦੀ ਹਿੰਮਤ ਨੂੰ ਉਥੇ ਕੋਈ ਥਾਂ ਨਾ ਦੇ ਸਕਿਆ। ਉਸ ਦੀ ਹਿੰਮਤ ! ਉਸ ਦੀ ਮਜ਼ਬੂਰੀ !! ਸਮਾਜ ਦਾ ਕੋਝਾਪਨ !!...

*(ਹੌਲੀ ਹੌਲੀ ਕਵਿਤਾ ਦੇ ਮੂਡ ਵਿਚ ਆ ਜਾਂਦਾ ਹੈ।)*

ਹਰ ਇਕ ਨੇ ਇਹੋ ਕਿਹਾ
ਰੰਗਾਂ ਨੂੰ, ਅੱਖਾਂ ਦੇ ਵਿਚ ਨਹੀਂ ਵਸਾਉਣਾ
ਖੁਸ਼ਬੂ ਨੂੰ, ਸਾਹਾਂ ਦੇ ਵਿਚ ਥਾਂ ਨਹੀਂ ਦੇਣੀ
ਸੁਪਨੇ ਨੂੰ, ਸ਼ਬਦਾਂ ਦਾ ਜਾਮਾ ਨ੍ਹੀਂ ਪਵਾਉਣਾ
ਜ਼ਿੰਦਗੀ ਨੂੰ, ਚਾਵਾਂ ਦੀ ਉਂਗਲੀ ਨ੍ਹੀਂ ਫੜਾਉਣੀ।

* * *

ਖੁਸ਼ਬੂ ਦੀ ਥਾਂ ਹੁਣ ਧੂੰਆਂ ਸੀ ਜੋ ਹੋਰ ਗਾੜ੍ਹਾ, ਹੋਰ ਗੂੜ੍ਹਾ ਹੁੰਦਾ ਗਿਆ।

ਮੈਂ ਕਈ ਵਾਰ ਸੋਚਦਾਂ,...ਮੈਨੂੰ ਨਿਰਾਸ਼ਾ, ਉਦਾਸੀ ਦੇ ਦੌਰੇ ਪੈਂਦੇ ਰਹੇ। ਮੈਨੂੰ ਗੁੱਸਾ ਨਹੀਂ ਸੀ ਆਉਂਦਾ।

ਨਹੀਂ ! ਆਉਂਦਾ ਸੀ, ਜਦੋਂ ਮੈਨੂੰ ਨਸ਼ਾ ਮਿਲਣ ਵਿਚ ਦੇਰੀ ਹੁੰਦੀ। ਉਹ ਵੀ ਕੁਝ ਪਲਾਂ ਲਈ। ਫਿਰ ਤਾਂ ਆਵਾਜ਼ ਮੱਧਮ ਹੋ ਜਾਂਦੀ। ਮੈਂ ਲੇਲੜੀਆਂ ਕੱਢਣ ਲੱਗਦਾ, ਮਿੰਨਤਾਂ, ਤਰਲੇ...ਪੈਰੀਂ ਪੈ ਜਾਂਦਾ।

ਗੁੱਸਾ ਵੀ ਕੀ ਹੁੰਦਾ, ਕੰਬ ਰਿਹਾ ਹੁੰਦਾ। ਤਲਬ ਦੀ ਚੀਖ ਹੁੰਦੀ।

...ਉਸ ਗੁੱਸੇ ਦਾ ਕੀ ਫ਼ਾਇਦਾ, ਜੋ ਤੁਹਾਡਾ ਹੀ ਮਜ਼ਾਕ ਬਣ ਜਾਵੇ। ਤੁਹਾਡੀ ਨਮੋਸ਼ੀ ਨੂੰ ਵਧਾ ਦੇਵੇ।

* * *

ਮੈਨੂੰ ਇਕ ਵਾਰੀ ਘਰਦਿਆਂ ਨੇ ਦਾਖਲ ਵੀ ਕਰਵਾਇਆ। ਨਸ਼ਾ ਛੁਡਵਾਉਣ ਲਈ।

ਇਤਫ਼ਾਕ ਕਹਿ ਲਵੋ, ਮੈਂ ਦਾਖਲੇ ਦੌਰਾਨ ਇਕ ਐਸ.ਐਸ.ਪੀ., ਡੀ.ਐਸ.ਪੀ. ਤੇ ਨਾਲ ਹੋਰ ਕਈ ਅਫ਼ਸਰ, ਨਸ਼ਾ ਛੁਡਾਊ ਕੇਂਦਰ ਦਾ ਦੌਰਾ ਕਰਨ ਆਏ। ਸਾਨੂੰ ਮਿਲਣ ਆਏ।

ਮੇਰੇ ਤੋਂ ਪੁੱਛਿਆ, ਕਿਥੋਂ ਲੈਂਦਾ ਸੀ ਡਰਗਜ਼। ਮੈਂ ਸਿਰ ਹਿਲਾ ਦਿੱਤਾ।

ਕੀ ਪਛਾਣ ਸਕਦੈਂ ? ਮੈਂ ਫਿਰ ਸਿਰ ਹਿਲਾ ਦਿੱਤਾ।

ਫਿਰ ਕਹਿੰਦੇ, ਕਮਾਲ ਹੈ, ਡਰਦੈ, ਤੂੰ ਦੱਸ। ਮੈਂ ਹੁਣ ਬੋਲਿਆ, ਹਲਕੇ ਜਿਹੇ, ਮੈਨੂੰ ਪਤਾ ਨੀਂ।

ਕੋਈ ਨਿਸ਼ਾਨੀ, ਸੁਰਾਗ। ਮੈਂ ਕਹਿਣਾ ਸ਼ੁਰੂ ਕੀਤਾ,...ਮੇਰੀਆਂ ਅੱਖਾਂ ਅੱਗੇ ਤਾਂ ਹਨੇਰਾ ਹੁੰਦਾ। ਪਤਾ ਨੀਂ ਉਹ ਕਾਲੇ ਕੱਪੜਿਆਂ ਵਿਚ ਹੁੰਦਾ। ਮੈਂ ਪੈਸੇ ਵਧਾ ਦਿੰਦਾ, ਉਹ ਪੁੜੀ ਦੇ ਦਿੰਦਾ ਜਾਂ ਇੰਜੈਕਸ਼ਨ। ਬੇਪਛਾਣ, ਮੂੰਹ ਲਕੋਇਆ।

ਮੇਰੇ ਨਾਲ ਬੈੱਡ ਤੇ, ਇਕ ਹੋਰ ਮੇਰੇ ਵਰਗਾ ਪਿਆ ਸੁਣ ਰਿਹਾ ਸੀ ਸਾਡੀ ਗੱਲਬਾਤ। ਉਸ ਨੂੰ ਗੁੱਸਾ ਚੜ੍ਹ ਗਿਆ। ਉਹ ਫਿਰ ਉੱਚੀ ਉੱਚੀ ਬੋਲਿਆ।

(ਉੱਚੀ, ਗੁੱਸੇ ਵਾਲੇ ਅੰਦਾਜ਼ ਵਿਚ।)

...ਏਧਰ ਆਓ ਅਫ਼ਸਰੋ। ਮੈਂ ਦੱਸਦਾਂ ਉਸ ਦਾ ਨਾਂ, ਪਤਾ ਸਭ ਕੁਝ। ਏਧਰ ਆਓ ਮੇਰੇ ਕੋਲ ਦੱਸਾਂ ਨਾਂ। ਕੀ ਕਰੋਗੇ ? ਫੜ ਸਕੋਂਗੇ ? ਸਾਨੂੰ ਬੇਵਕੂਫ਼ ਬਣਾਉਣ ਆਏ ਨੇ। ਤੁਹਾਡਾ ਸਿਪਾਹੀ...ਥਾਣੇਦਾਰ ਆਉਂਦਾ ਹੈ। ਨਾਟਕ ਜਿਹਾ ਕਰ, ਗੱਡੀ ਵਿਚ ਬੈਠਾਉਂਦਾ ਹੈ। ਥਾਣੇ ਤੱਕ ਕਦੀ ਨਹੀਂ ਪਹੁੰਚਿਆ। ਤੁਸੀਂ ਰਾਹ ਵਿਚ ਹੀ ਲਾਹ ਦਿੰਦੇ ਹੋ। ਨਾਂ ਦੱਸ ! ਡਰਦਾ ਕਿਉਂ ਹੈਂ ? ਹੈ ਹਿੰਮਤ ! ਸਾਡੇ ਤੋਂ ਪੁੱਛਦੇ ਨੇ। ਤੁਹਾਡਾ ਡਿਪਾਰਟਮੈਂਟ ਕੀ ਕਰਦੈ ? ਤੁਸੀਂ ਡਰਦੇ ਹੋ,ਤੁਸੀਂ।

ਵਾਰਡ ਦੇ ਡਾਕਟਰ, ਨਰਸਾਂ ਉਸ ਨੂੰ ਚੁੱਪ ਕਰਵਾਉਣ। ਪਰ ਉਹ ਤਾਂ...।

ਮੈਨੂੰ ਕਦੇ ਅਜਿਹਾ ਗੁੱਸਾ ਨਹੀਂ ਆਇਆ।...ਬਾਕੀਆਂ ਦਾ ਤਾਂ ਪਤਾ ਨਹੀਂ, ਪਰ ਮੈਨੂੰ ਬੜਾ ਚੰਗਾ ਚੰਗਾ ਲੱਗਿਆ। ਉਸ ਦਿਨ ਲੱਗਿਆ ਕਿ ਅੱਜ ਕੁਝ ਤਬੀਅਤ ਠੀਕ ਹੈ।...

* * *

ਫਿਰ ਇਕ ਦਿਨ ਪਤਾ ਚੱਲਿਆ, ਪਿਤਾ ਜੀ ਦੀ ਡੈੱਥ ਹੋਗੀ। ਮਾਂ ਚੁੱਪ ਹੋਗੀ। ਪਿਤਾ ਜੀ ਨਾਲ ਗੱਲਬਾਤ ਪਹਿਲਾਂ ਹੀ ਨਹੀਂ ਸੀ। ਮਾਂ ਨਾਲ ਵੀ ਦੂਰੀ ਵੱਧਗੀ।

ਮਾਂ ਨੂੰ ਲੱਗਿਆ, ਪਾਪਾ ਮੇਰੇ ਕਰਕੇ, ਇਥੋਂ ਤੱਕ ਪਹੁੰਚੇ। ਉਨ੍ਹਾਂ ਦੀ ਮੌਤ ਦਾ ਕਸੂਰਵਾਰ ਵੀ ਮੈਂ ਹਾਂ।...ਮੇਰੇ ਕੋਲ ਕੀ ਦਲੀਲ ਸੀ।

* * *

ਘਰ ਤੋਂ ਦੂਰੀ ਹੋਰ ਵੱਧ ਗਈ। ਕਦੀ ਕਦੀ ਆਉਂਦਾ।...ਮਜ਼ਬੂਰੀ। ਜਦੋਂ ਕੋਈ ਹੋਰ ਹੀਲਾ ਨਾ ਹੁੰਦਾ।...ਨਸ਼ੇ ਲਈ ਮੈਂ ਸਾਰੇ ਕੰਮ ਕੀਤੇ। ਕਰਨੇ ਪਏ। ਕੋਈ ਚਾਰਾ ਨਹੀਂ ਸੀ। ਦੋਸਤਾਂ ਨੂੰ ਵਰਗਲਾਇਆ, ਫਸਾਇਆ, ਨਸ਼ਾ ਵੇਚਿਆ, ਵੇਚਣ ਲਾਇਆ,...ਆਪਣੇ ਜਿਊਣ ਲਈ। (ਮੁਸਕਰਾਉਂਦਾ ਹੈ।)

ਆਪਣੇ ਜੀਊਣ ਲਈ।...ਠੀਕ ਲੱਗ ਰਿਹਾ ਹੈ ਤੁਹਾਨੂੰ, ਮੇਰਾ ਇਸ ਤਰ੍ਹਾਂ ਕਹਿਣਾ।...ਜਿਊਣਾ ਕਹਿੰਦੇ ਨੇ ਇਸ ਨੂੰ ?

ਸ਼ਾਇਦ ਇਸੇ ਕਰਕੇ ਮਾਂ ਨੇ ਵੀ ਕਈ ਵਾਰ ਕਿਹਾ, ਮਰ ਜਾ ਇਸ ਨਾਲੋਂ ਤਾਂ (ਰੁਕ ਕੇ)

ਮਾਂ ਕਹਿ ਰਹੀ ਹੈ। ਆਪਣੇ ਜਵਾਨ ਪੁੱਤ ਨੂੰ। ਉਸ ਪੁੱਤ ਨੂੰ, ਜਿਸ ਤੋਂ ਉਸ ਨੂੰ ਸਹਾਰਾ ਬਨਣ ਦੀ ਆਸ ਹੈ। ਜਿਸ ਨੂੰ ਸਾਡੇ ਲੋਕ ਮੰਨਤਾ ਮੰਨ ਕੇ, ਮੰਗ ਮੰਗ ਕੇ ਲੈਂਦੇ ਨੇ।

ਇਹ ਸੋਚ ਕੇ ਹੀ ਅਜੀਬ ਲੱਗ ਰਿਹਾ ਹੈ। (ਅਰਥੀ ਵੱਲ ਦੇਖਦਾ ਹੈ।) ਹੋਰੂ ਹੋਰੂ...ਮਾਂ ਹੀ ਮੈਨੂੰ ਇਥੇ ਮੋਢਿਆਂ ਤੇ ਚੁੱਕ ਕੇ ਲਿਆਈ ਹੈ।...ਮਾਂ !...ਕੋਈ ਸੋਚ ਸਕਦਾ ਹੈ। ਪਿਓ ਦੀ ਅਰਥੀ ਨੂੰ ਮੋਢਾ ਦੇਣ ਲਈ ਪਹੁੰਚ ਸਕਿਆ। ਕਿਸੇ ਨੂੰ ਮੇਰਾ ਪਤਾ ਹੀ ਨਹੀਂ ਸੀ, ਮੈਂ ਕਿਥੇ ਲੁੜਕਿਆ ਪਿਆ ਸੀ।

ਤੇ ਅੱਜ ਮਾਂ...।

* * *

ਘਰੇ ਜਦੋਂ ਵੀ ਆਉਂਦਾ, ਇਕੋ ਹੀ ਮਕਸਦ। ਆਉਂਦਾ...ਮਾਂ ਨੂੰ ਤੰਗ ਕਰਨ। ਝਿੜਕਦਾ ਮਾਂ ਨੂੰ। ਧਮਕਾਉਂਦਾ। ਉਹ ਚੁੱਪਚਾਪ ਬੈਠੀ ਸੁਣਦੀ ਰਹਿੰਦੀ।

...ਫਿਰ ਕਿਸੇ ਕੋਣਿਓਂ ਪੈਸੇ ਕੱਢ ਵੀ ਦਿੰਦੀ। ਉਸ ਨੂੰ ਲੱਗਦਾ ਮੈਂ ਕਿਤੇ ਮਰ ਹੀ ਨਾ ਜਾਵਾਂ। ਮੇਰੇ ਮਰਨ ਦੇ ਅਹਿਸਾਸ ਤੋਂ ਡਰ ਜਾਂਦੀ ਹੋਣੀ ਹੈ। ਉਸ ਨੂੰ ਲੱਗਦਾ, ਮੈਂ ਮਰ ਜਾਵਾਂਗਾ ਤਾਂ ਉਸ ਦਾ ਕੀ ਹੋਵੇਗਾ...।

ਕਿਉਂ ਜੋ...ਮੈਂ, ਮਾਂ ਦਾ ਸਹਾਰਾ, ਇਕੱਲੀ ਮਾਂ ਦਾ ਸਹਾਰਾ...ਨਸ਼ੇ ਦੇ ਸਹਾਰੇ ਦਿਨ ਕੱਟਣ ਵਾਲਾ।

...ਮਾਂ ਹੁੰਦੀ ਹੀ ਅਜਿਹੀ ਹੈ। ਹਰ ਵਕਤ ਸਹਾਰਾ ਭਾਲਦੀ। ਸਹਾਰੇ ਦੀ ਆਸ ਵਿਚ ਜਿਊਂਦੀ। ਨਹੀਂ। ਗਲਤਫਹਿਮੀ ਵਿਚ ਜ਼ਿੰਦਗੀ ਲੰਘਾਉਂਦੀ। ਤਾਂ ਹੀ ਤਾਂ, ਤਾਂ ਹੀ ਨਾ ਪਿਤਾ ਖ਼ਾਤਰ ਮੇਰੇ ਨਾਲ ਲੜ ਸਕੀ ਤੇ ਨਾ ਮੇਰੀ ਖ਼ਾਤਰ ਪਿਤਾ ਨੂੰ ਗੁੱਸੇ ਹੋ ਸਕੀ। ਵਿਚ ਵਿਚਕਾਰ ਲਟਕਦੀ ਮਾਂ ਦੀ ਹੋਣੀ।

...ਨਸ਼ੇ ਨਾਲ ਮਾੜੀ ਮੋਟੀ ਜਾਨ ਆਉਂਦੀ ਸੀ। ਲੱਗਦਾ ਸੀ ਆਪਣੇ ਸਹਾਰੇ ਤੇ ਖੜ੍ਹਾ ਹਾਂ।

ਉਹ ਕਾਲੇ ਮੂੰਹ ਵਾਲਾ, ਕਾਲੇ ਵਸਤਰਾਂ ਵਾਲਾ, ਉਹ ਨਕਾਬਪੋਸ਼...ਉਹ ਵੀ ਕਹਿੰਦਾ, ਆ ਜਾ ਸਾਡੇ ਕੋਲ, ਜਾਨ ਪਾ ਦਿਆਂਗੇ।...ਸੱਚੀਂ ਪਾ ਵੀ ਦਿੰਦਾ। ਫਿਰ ਨਾਲ ਖੜਾ ਕੇ ਕਹਿੰਦਾ, ਦੇਖ। ਇਸੇ ਤਰ੍ਹਾਂ ਪੈਰਾਂ ਤੇ ਖੜਨ ਦਾ ਬੰਦੋਬਸਤ ਕਰ ਦਿਆਂਗੇ ਤੇਰਾ। ਵਾਰੇ-ਨਿਆਰੇ ਕਰ ਦਿਆਂਗੇ। ਲਿਆ ਪੰਜ ਸੱਤ ਸਾਥੀ ਯੂਨੀਵਰਸਿਟੀ 'ਚੋਂ।

ਮੈਂ ਡਰਦਾ-ਡਰਦਾ ਕਹਿੰਦਾ, ਬਹੁਤ ਮੁਸ਼ਕਿਲ ਹੈ। ਪੁਲਿਸ ਕਾਫ਼ੀ ਸਖ਼ਤ ਹੈ ਅੱਜਕਲ੍ਹ। ਮੇਰੇ ਕਹਿਣ ਦੀ ਦੇਰ, ਉਸ ਦਾ ਹਾਸਾ ਸੁਣਨ ਵਾਲਾ ਹੁੰਦਾ। ਹਾ...ਹਾ...ਹਾ..., ਰਾਕਸ਼ ਲੱਗਦਾ...ਡਰਾਉਣ ਵਾਲਾ ਹਾਸਾ, ਪਤਾ ਨਹੀਂ ਕਿਹੋ ਜਿਹੀ ਆਵਾਜ਼ ਕੱਢਦਾ—ਕਹਿੰਦਾ, ਐਵੇਂ ਪਰਵਾਹ ਨਾ ਕਰਿਆ ਕਰ। ਇਹ ਜੋ ਲਾਲ-ਨੀਲੀਆਂ ਬੱਤੀਆਂ ਵਾਲੀਆਂ ਕਾਰਾਂ ਦੇਖਦੈਂ ਹੈ ਨਾ, ਐਵੇਂ ਨੀਂ ਮਿਲਦੀਆਂ। ਐਵੇਂ ਨਾ ਡਰਿਆ ਕਰ।

ਪਤਾ ਨਹੀਂ ਉਹ ਮੇਰਾ ਡਰ ਘਟਾ ਰਿਹਾ ਹੁੰਦਾ ਜਾਂ ਵਧਾ ਰਿਹਾ ਹੁੰਦਾ।

* * *

ਤੁਹਾਨੂੰ ਪਤਾ ਹੈ ਮੈਂ ਉਥੋਂ ਉੱਠ ਕੇ ਕਿਉਂ ਆਇਆ ਹਾਂ ? ਮੈਂ ਉਥੇ ਵਾਪਸ ਚਲੇ ਜਾਣਾ ਹੈ। ਜਾਣਾ ਹੀ ਪੈਣਾ ਹੈ।...

ਮੈਂ ਗੁੱਸੇ ਹੋਣ ਆਇਆ ਹਾਂ। ਮੈਂ ਆਪਣੀ ਇਹ ਆਖਰੀ ਖਾਹਿਸ਼ ਪੂਰੀ ਕਰਨਾ ਚਾਹੁੰਦਾ।

ਹਾਂ ! ਗੁੱਸੇ ਹੋਣ ਆਇਆਂ। (ਗੁੱਸੇ ਵਿਚ) ਜੋ ਮੈਨੂੰ ਸਮੇਂ ਸਿਰ ਹੋਣਾ ਚਾਹੀਦਾ ਸੀ। ਤੇ ਮੈਂ ਉਦਾਸ ਨਿਰਾਸ਼ ਹੋ ਗਿਆ।

ਗੁੱਸਾ ! (ਠੀਕ ਆਵਾਜ਼ ਵਿਚ) ਮੈਂ ਦੇਖਿਐ। ਨੌਜਵਾਨਾਂ ਦੀ ਤਾਂ ਗੱਲ ਕੋਈ ਨਹੀਂ ਸੁਣਦਾ, ਗੁੱਸਾ ਤਾਂ ਜ਼ਹਿਰ ਲੱਗਦੈ

ਸਭ ਨੂੰ। (ਗੁੱਸੇ ਵਿਚ)

ਵਾਧੂ ਗੁੱਸਾ, ਫਾਲਤੂ ਗੁੱਸਾ, ਨਜਾਇਜ਼ ਗੁੱਸਾ।...ਨਜਾਇਜ ਕਾਹਦਾ। ਜਾਇਜ਼...ਨਜਾਇਜ਼ ਤਾਂ ਸੰਬੰਧ ਹੁੰਦੇ ਨੇ, ਔਲਾਦ ਨਜਾਇਜ਼ ਨਹੀਂ ਹੁੰਦੀ। ਮੇਰੇ ਤੁਹਾਡੇ ਨਾਲ ਸੰਬੰਧ ਨੇ, ਤੁਹਾਡੇ ਸਭ ਨਾ। ਜੇ ਗੁੱਸਾ ਆਇਆ ਹੈ ਤਾਂ ਸੰਬੰਧਾਂ ਵਿਚ ਖੋਟ ਹੈ। ਮੇਰਾ ਤੁਹਾਡੇ ਨਾਲ ਮੇਲ ਮਿਲਾਪ, ਉੱਠਣ-ਬੈਠਣ, ਬੋਲਣ-ਚਾਲਣ, ਪਾਲਣ-ਪੋਸ਼ਣ...ਨਜਾਇਜ਼ ਸੀ ਨਾ।

...(ਆਵਾਜ਼ ਠੀਕ ਕਰ ਕੇ) ਕਬਰ ਵਿਚੋਂ ਉੱਠ ਕੇ ਆਇਆ ਬੰਦਾ ਤਾਂ ਗੁੱਸੇ ਹੋ ਸਕਦੈ ਨਾ ? ਹੁਣ ਮੈਂ ਨਸ਼ੇ ਵਿਚ ਵੀ ਨਹੀ। ਕੰਬ ਵੀ ਨਹੀਂ ਰਿਹਾ।

* * *

ਤੁਹਾਨੂੰ ਪਤਾ ਹੈ ਮੇਰਾ ਐਕਸੀਡੈਂਟ ਕਿਉਂ ਹੋਇਆ ?

ਮੈਂ ਦੱਸਿਆ ਵੀ ਹੈ ਤੁਹਾਨੂੰ, ਅਖ਼ਬਾਰ ਵਿਚ ਵੀ ਛਪ ਗਿਐ। ਨਸ਼ੇ ਕਰ ਕੇ ਐਕਸੀਡੈਂਟ।

...ਵੈਸੇ ਮੈਂ ਮਰ ਤਾਂ ਜਾਣਾ ਹੀ ਸੀ, ਹੋਰ ਕੁਝ ਸਮਾਂ ਠਹਿਰ ਕੇ। ਛੇ ਮਹੀਨੇ, ਸਾਲ...ਮੈਂ ਮਾਂ ਦੇ ਮਗਰ ਪੈ ਕੇ, ਇਹ ਨਵੇਂ ਮਾਡਲ ਦਾ ਮੋਟਰ ਸਾਈਕਲ ਲਿਆ। ਮਾਂ ਨੇ ਲੈ 'ਤਾ। ਮੇਰਾ ਦੋਸਤ ਕਾਰ ਖਰੀਦ ਕੇ ਆਇਆ ਸੀ, ਪੂਰੀ ਟੌਹਰ, ਮੇਰੇ ਦਿਮਾਗ 'ਚ ਫਸ ਗਿਆ। ਬੱਸ ਫਿਰ ਕੀ !

...ਮੇਰੇ ਕੰਨ ਵਿਚ ਸਬੱਬੀ ਗੱਲ ਪਈ...ਵੈਸੇ ਬਹੁਤੀ ਅਨੋਖੀ ਨਹੀਂ ਸੀ। ਮਾਮਾ ਮੇਰਾ ਮਾਂ ਨੂੰ ਗੁੱਸੇ ਹੋ ਰਿਹਾ ਸੀ, ਇਹ ਕੀ ਕੀਤਾ ਤੂੰ ਭੈਣੇਂ, ਕਿਉਂ ਲੈ 'ਤਾ ਮੋਟਰ ਸਾਈਕਲ। ਤੁਰਿਆ ਉਸ ਤੋਂ ਜਾਂਦਾ ਨੀਂ।

ਮਾਂ ਨੇ ਕਿਹਾ, ਕੋਈ ਨੀਂ। ਐਕਸੀਡੈਂਟ ਕਰ ਬੈਠੂ। ਇਕੋ ਵਾਰੀ ਰੋ ਲਵਾਂਗੀ। ਇਹ ਰੋਜ਼ ਰੋਜ਼...। ਇਸ ਦੇ ਜੰਮਣ ਦੀਆਂ ਪੀੜਾਂ ਵੀ ਤਾਂ ਸਹੀਆਂ ਨੇ...ਇਹ ਦਰਦ ਵੀ ਬਰਦਾਸ਼ਤ ਕਰ ਲਵਾਂਗੀ।...ਇਹ ਮਾਂ ਕਹਿ ਰਹੀ ਸੀ।

ਤੁਸੀਂ। ਹੁਣ ਕੀ ਕਹਿੰਦੇ ਹੋ। ਮੇਰੀ ਮਾਂ ਨੇ ਮੇਰੀ ਮੌਤ ਦੀ ਸਾਜਿਸ਼ ਰਚੀ ਹੈ...ਜਾਂ ਮੈਂ, ਮੈਂ ਮਾਂ ਨੂੰ ਇਸ ਹੱਦ ਤੱਕ ਲੈ ਗਿਆ।

ਸਾਰੀ ਸਮੱਸਿਆ ਦਾ ਤਾਣਾ-ਬਾਣਾ, ਮੇਰੇ ਅਤੇ ਮਾਂ ਵਿਚ ਸਿਮਟ ਗਿਆ ਹੈ ਨਾਂ।

...(ਗੁੱਸੇ ਵਿਚ)

ਕੌਣ ਹੈ ਦੋਸ਼ੀ ਮੇਰੀ ਇਸ ਹਾਲਤ ਦਾ। ਮੇਰੀ ਮੌਤ ਦਾ। ਮਾਂ, ਪਿਓ, ਅਧਿਆਪਕ, ਪੁਲਿਸ, ਪ੍ਰਸ਼ਾਸ਼ਨ, ਨੇਤਾ...ਤੁਸੀਂ। ਕੌਣ ਹੈ ਦੁਸ਼ਮਣ ? ਕੌਣ ਰਚ ਰਿਹਾ ਹੈ ਸਾਜਿਸ਼ ? ਹੈ ਕੋਈ ਸਪੱਸ਼ਟ ਚਿਹਰਾ ? ਹੈ ਕੋਈ ਤਸਵੀਰ ? ਆਉਂਦਾ ਹੈ ਕੋਈ ਨਾਂ ਤੁਹਾਡੇ ਜਹਿਨ ਵਿਚ।

(ਗੀਤ ਦੇ ਬੋਲ ਗੂੰਜਦੇ ਨੇ...)

ਕਾਲਖ ਦੀ ਹੁੰਦੀ ਹੈ, ਆਪਣੀ ਹੀ ਫ਼ਿਤਰਤ
ਹਨੇਰੀ ਜੋ ਮਰਜੀ ਕਰੇ, ਮਿਲਦੀ ਨੀਂ ਸ਼ੌਹਰਤ
ਹਨੇਰੀ ਜੋ ਮਰਜੀ ਕਰੇ, ਹੁੰਦੀ ਨੀਂ ਇੱਜ਼ਤ
ਚੁੱਪੀ ਤੁਹਾਡੀ ਦੇਵੇ ਇਨ੍ਹਾਂ ਨੂੰ ਤਾਕਤ
ਉਠੋ ਤੇ ਸੰਭਾਲੋ, ਹੁਣ ਆਪਣੇ ਘਰ ਗਰਾਂ

ਜੇਕਰ ਦੋਸ਼ੀ ਦੀ ਪਛਾਣ ਨਹੀਂ ਤਾਂ ਸਜ਼ਾ ਕਿਸ ਨੂੰ ਦਿਓਗੇ। ਕਿਸ ਨੂੰ ?

...ਤਾਂ ਹੀ ਤਾਂ ਉਹ ਚਿਹਰਾ ਸ਼ਰੇਆਮ ਘੁੰਮ ਰਿਹਾ ਹੈ। ਉੱਚੀ ਉੱਚੀ ਹੱਸਦਾ, ਆਪਣੇ ਹਾਸੇ ਨਾਲ ਡਰਾਉਂਦਾ।

...ਪਰ ਸਜ਼ਾ ਮਿਲ ਰਹੀ ਹੈ। ਮੈਨੂੰ ਮਿਲੀ ਹੈ ਸਜ਼ਾ। ਮੇਰੇ ਸਪਨੇ, ਮੇਰੇ ਅਰਮਾਨ, ਮੇਰੀਆਂ ਖਾਹਿਸ਼ਾਂ...।

ਮਰਨਾ ਮੇਰੀ ਖਾਹਿਸ਼ ਨਹੀਂ ਸੀ।...ਉਥੋਂ ਉੱਠ ਕੇ ਇਸ ਤਰ੍ਹਾਂ ਗੁੱਸੇ ਹੋਣਾ ਵੀ ਮੇਰੀ ਆਖਰੀ ਇੱਛਾ ਨਹੀਂ ਸੀ...

ਜਦੋਂ ਮੈਂ ਆਪਣੇ ਸੁਪਨਿਆਂ ਦੀ ਗੱਲ ਛੇੜੀ, ਤੁਹਾਨੂੰ ਤਾਂ ਇਹੀ ਲੱਗਿਆ, ਮੈਂ ਵਿਗੜ ਗਿਆ, ਅੱਗੋਂ ਬੋਲਦਾ...

...ਮੇਰੇ ਰੰਗਾਂ ਦੀ ਦੁਨੀਆਂ ਨੂੰ ਗ੍ਰਹਿਣ ਲੱਗਿਆ ਹੈ। ਅਜਿਹਾ ਗ੍ਰਹਿਣ ਜੋ ਫਿਰ ਆਪਣੀ ਥਾਂ ਨਹੀਂ ਮੁੜਿਆ। ਅਜਿਹਾ ਹਨੇਰਾ ਹੋਇਆ, ਜਿਸ ਦਾ ਨਾਂ ਫਿਰ ਸੂਰਜ ਚੜ੍ਹਿਆ ਨਾ ਚੰਨ ਹੀ ਦਿੱਖਿਆ।

...ਮੈਂ ਤੁਹਾਡੀ ਅਦਾਲਤ ਵਿਚ ਹਾਂ। ਤੁਸੀ ਮੈਨੂੰ ਮੇਰੀ ਇਸ ਹਾਲਤ ਲਈ, ਜਿਸ ਦਾ ਕਿ ਮੈਂ ਸ਼ਿਕਾਰ ਹਾਂ, ਮੈਨੂੰ ਹੀ ਮੁਜ਼ਰਿਮ ਕਰਾਰ ਦਿੱਤਾ ਹੈ।

...ਮੈਂ ਤੁਹਾਡੀ ਅਦਾਲਤ ਵਿਚ ਹਾਂ। ਮੈਂ...ਮੇਰੀ ਹਸਤੀ, ਮੇਰੀ ਪੜ੍ਹਾਈ, ਮੇਰੀ ਪਰਵਰਿਸ਼...ਸਭ ਕੁਝ, ਜਿਸ ਵਿਚ ਤੁਸੀਂ ਸ਼ਾਮਿਲ ਹੋ।

...ਮੇਰੇ ਕੋਲ ਤਾਂ ਕੋਈ ਪਰੂਫ ਨਹੀਂ। ਤੁਹਾਨੂੰ ਕਸੂਰਵਾਰ ਕਹਿਣ ਲਈ। ਮੈਂ ਕਿਸੁ ਨੂੰ ਕਟਹਿਰੇ ਵਿਚ ਖੜ੍ਹਾ ਨਹੀਂ ਕਰ

ਸਕਦਾ।
...ਪਰ ਤੁਸੀਂ ਐਵੇਂ ਬਚ ਵੀ ਨਹੀਂ ਸਕਦੇ।

* * *

...ਲੱਗਦਾ ਹੈ ਮੇਰੇ ਅੰਤਿਮ ਸੰਸਕਾਰ ਬਾਰੇ ਗੱਲ ਥਾਂ ਠਿਕਾਣੇ ਲੱਗਦੀ ਜਾਪਦੀ ਹੈ।
...ਮੈਂ ਬੀਤੇ ਕੱਲ੍ਹ ਦੀ ਗੱਲ ਹੋ ਜਾਣਾ ਹੈ। ਭੁੱਲ ਜਾਣਾ ਹੈ ਸਭ ਨੂੰ।
ਭੁਲਕੱੜਾਂ ਦੀ ਕੌਮ ਵਿਚ ਪਹਿਲਾ ਹਾਂ ਮੈਂ।
...ਵੈਸੇ ਤਾਂ ਅਜਿਹੀਆਂ ਗੱਲਾਂ ਨੂੰ ਯਾਦ ਰੱਖਣ ਲਈ ਅਸੀਂ ਕਹਿੰਦੇ ਵੀ ਨਹੀਂ। ਇਹੋ ਜਿਹੇ ਨਾਮੁਰਾਦ ਕਾਰੇ ਨੂੰ ਚੇਤੇ ਰੱਖਣਾ। ਭੈੜੇ ਸੁਪਨੇ ਵਾਂਗ।
ਮੈਂ ਕੁਝ ਸਮੇਂ ਬਾਅਦ ਅੱਗ ਦੇ ਹਵਾਲੇ ਹੋ ਜਾਣਾ ਹੈ। ਇਹ ਅੱਗ ਜੋ ਮੇਰੇ ਸੀਨੇ ਵਿਚ ਲੱਗਣੀ ਚਾਹੀਦੀ ਸੀ।...
...ਇਹ ਅੱਗ, ਹੁਣ ਤੁਹਾਡੇ ਸੀਨੇ ਵਿਚ ਲੱਗਦੀ ਹੈ ਕਿ ਨਹੀਂ ?
ਸ਼ਾਇਦ ਨਹੀਂ। ਯਕੀਕਨ ਨਹੀਂ।...
...ਤੁਹਾਨੂੰ ਬਰਦਾਸ਼ਤ ਕਰਨ ਦੀ ਆਦਤ ਹੈ। ਹੈ ਨਾ। ਸਹੀ ਕਹਿ ਰਿਹਾ ਨਾ। ਇਹੀ ਆਦਤ ਤੁਸੀਂ ਸਾਨੂੰ ਦਿੱਤੀ ਹੈ। ਬਰਦਾਸ਼ਤ ਕਰਨ, ਚੁੱਪ ਰਹਿਣ, ਟੈਮ ਟਪਾਉਣ ਦੀ ਆਦਤ।

* * *

ਇਸ ਅੱਗ ਨੇ ਮੈਨੂੰ ਸਵਾਹ ਕਰ ਦੇਣਾ ਹੈ।
ਇਹ ਅੱਗ ਸਵਾਹ ਵੀ ਕਰਦੀ ਹੈ, ਪਰ ਇਸ ਅੱਗ ਵਿਚ ਜ਼ਿੰਦਗੀ ਵੀ ਹੈ।
—ਇਸ ਅੱਗ ਦੀ ਲਿਸ਼ਕੋਰ ਕਾਲੇ ਚਿਹਰੇ ਬੇਨਕਾਬ ਵੀ ਕਰ ਸਕਦੀ ਹੈ।
ਇਹ ਅੱਗ ਇਨ੍ਹਾਂ ਚਿਹਰਿਆਂ ਨੂੰ ਸਵਾਹ ਵੀ ਕਰ ਸਕਦੀ ਹੈ ?
ਅਸੀਂ ਕਹਿੰਦੇ ਹਾਂ, ਅੱਗ ਵਿਚ ਤਪ ਕੇ ਸੋਨਾ ਕੁੰਦਨ ਬਣਦਾ ਹੈ। ਲਿਸ਼ਕਦਾ ਹੈ।...ਪਰ, ਤੁਸੀਂ ਬੜੇ ਮਾਣ ਨਾਲ ਕਹਿੰਦੇ ਹੋ, ਅਸੀਂ ਭਵਿੱਖ ਹਾਂ, ਕੱਲ੍ਹ ਹਾਂ...ਤੁਸੀਂ ਭਵਿੱਖ ਨੂੰ ਅੱਗ ਦੇ ਹਵਾਲੇ ਕਰ ਰਹੇ ਹੋ। ਇਹ ਅੱਗ ਮੈਨੂੰ ਸਵਾਹ ਕਰ ਦੇਵੇਗੀ।
(ਗੀਤ ਦੇ ਬੋਲ ਗੂੰਜਦੇ ਨੇ...)
ਸੂਰਤ ਨਹੀਂ ਬਦਲਦੀ, ਹੰਗਾਮਿਆਂ ਦੇ ਨਾਲ
ਨਾਹਰਿਆਂ ਦੇ ਨਾਲ, ਨਾ ਬਹਾਨਿਆਂ ਦੇ ਨਾਲ
ਹਾਲਾਤ ਨੇ ਬਦਲਦੇ
ਹਾਲਾਤ ਨੇ ਬਦਲਦੇ ਕੁਰਬਾਨੀਆਂ ਦੇ ਨਾਲ
ਕੁਰਬਾਨੀਆ ਦੇ ਨਾਲ ਤੇ ਪਰਵਾਨਿਆਂ ਦੇ ਨਾਲ
ਨਾਹਰਿਆਂ ਦੇ ਨਾਲ ਨਾ, ਬਹਾਨਿਆਂ ਦੇ ਨਾਲ
ਤੁਸੀਂ ਸਾਰੇ ! ਤੁਸੀਂ ਸਾਰੇ...ਹੋਰ ਕਿੰਨਾ ਚਿਰ, ਨੌਜਵਾਨਾਂ ਨੂੰ ਅੱਗ ਦੇ ਹਵਾਲੇ ਕਰਦੇ ਰਹੋਗੇ ?
ਕਦੋਂ ਤੱਕ ਇਹ ਚਿਹਰੇ ਅਣਪਛਾਣੇ ਰਹਿਣਗੇ, ਕਦੋਂ ਤੱਕ
ਇਹ ਉਨ੍ਹਾਂ ਚਿਹਰਿਆਂ ਨੂੰ ਕਿਉਂ ਨਹੀਂ ਸਾੜਦੀ, ਉਸ ਨਿਜ਼ਾਮ ਨੂੰ ਸਵਾਹ ਕਿਉਂ ਨਹੀਂ ਕਰਦੀ, ਜਿਥੇ ਅਜਿਹੇ ਕਾਲੇ ਚਿਹਰੇ ਪੈਦਾ ਹੁੰਦੇ ਹਨ।
ਇਹ ਅੱਗ ਇਨ੍ਹਾਂ ਚਿਹਰਿਆਂ ਨੂੰ ਉਦੋਂ ਤੱਕ ਬਚਾਉਂਦੀ ਰਹੇਗੀ, ਉਦੋਂ ਤੱਕ ਜਦੋਂ ਤੱਕ ਇਹ ਤੁਹਾਡੇ ਸੀਨੇ ਵਿਚ ਨਹੀਂ ਲੱਗਦੀ।...ਤੁਹਾਡੇ ਸੀਨੇ ਵਿਚ ਨਹੀਂ ਲੱਗਦੀ।
(ਗੀਤ ਦੇ ਬੋਲ ਗੂੰਜਦੇ ਨੇ...)
ਹਾਲਾਤ ਨੇ ਬਦਲਦੇ ਕੁਰਬਾਨੀਆਂ ਦੇ ਨਾਲ
ਕੁਰਬਾਨੀਆਂ ਦੇ ਨਾਲ ਤੇ ਪਰਵਾਨਿਆਂ ਦੇ ਨਾਲ
ਨਾਹਰਿਆਂ ਦੇ ਨਾਲ ਨਾ, ਬਹਾਨਿਆਂ ਦੇ ਨਾਲ
(ਹੌਲੀ ਹੌਲੀ ਰੌਸ਼ਨੀ ਮੱਧਮ ਹੁੰਦੀ ਹੈ।)

**ਮੋਬਾਇਲ : 98158-08506**

# ਨਾਲ਼ੀ ਵਗਦੀ ਭਲੀ, ਮਨ ਠਹਿਰਿਆ ਭਲਾ

ਮੋਨੀਕਾ ਕੁਮਾਰ

ਇਹ ਕਥਾ ਸੁਹਣੀ ਹੈ ਕਿ ਧਰਤੀ ਨੂੰ ਬੌਲ਼ਦ ਨੇ ਚੁੱਕਿਆ ਹੋਇਆ ਹੈ। ਇਹ ਸੁਣ ਕੇ ਦ੍ਰਿਸ਼ ਤਾਂ ਇਹੀ ਬੱਝਦਾ ਹੈ ਕਿ ਬੌਲ਼ਦ ਨੇ ਦੋ ਸਿੰਙਾਂ 'ਤੇ ਧਰਤੀ ਨੂੰ ਚੁੱਕਿਆ ਹੋਇਆ ਹੈ, ਇਕ ਸਿੰਙ 'ਤੇ ਚੁੱਕਿਆਂ ਤਾਂ ਏਨਾ ਭਾਰ ਚੁੱਕਣ ਦੀ ਜੁਗਤ ਨਹੀਂ ਬਣਨੀ ਸੀ। ਉਂਵ ਤਾਂ ਦੋ ਸਿੰਙਾਂ 'ਤੇ ਵੀ ਏਨਾ ਭਾਰ ਕਿਵੇਂ ਚੁੱਕਿਆ ਹੋਵੇਗਾ, ਪਰ ਦੋ ਸੁਣ ਕੇ ਲਗਦਾ ਏ ਇਕ ਤੋਂ ਤਾਂ ਦੋ ਭਲੇ ਹੁੰਦੇ ਨੇ। ਦੁਨੀਆ ਦੇ ਕਿਸੇ ਵੀ ਤੰਤਰ ਵਿਚ ਸ਼ਕਤੀ ਦੀ ਵੰਡ ਹੁੰਦੀ ਹੈ, ਵਖ-ਵਖ ਦਿਸ਼ਾਵਾਂ ਚ ਕੰਮ ਕਰਦੀਆਂ ਸ਼ਕਤੀਆਂ ਆਪਸੀ ਤਾਲ-ਮੇਲ ਨਾਲ਼ ਇਕ ਕੇਂਦਰ ਦੀ ਕਲਪਨਾ ਤੇ ਆਭਾਸ ਪੈਦਾ ਕਰਦੀਆਂ ਭਾਵੇਂ ਹੌਲ਼ੀ-ਹੌਲ਼ੀ ਕੇਂਦਰ ਦਾ ਆਭਾਸ ਬਹੁਤ ਸ਼ਕਤੀਸ਼ਾਲੀ ਹੋ ਜਾਂਦਾ ਤੇ ਤੰਤਰ ਨੂੰ ਤੰਤਰ ਬਣਾਉਣ ਵਾਲ਼ੀਆਂ ਅਨੇਕ ਪਰਿਧੀ ਤੇ ਕੰਮ ਕਰਦੀਆਂ ਸੁੰਦਰ ਸ਼ਕਤੀਆਂ ਗੌਣ ਹੋ ਜਾਂਦੀਆਂ। ਇਸੇ ਤਰਜ਼'ਤੇ ਜਾਣੀਏ; ਤਾਂ ਇਕ ਪਿੰਡ, ਕਸਬੇ ਜਾਂ ਸ਼ਹਿਰ ਨੂੰ ਓਹਦੇ ਹਰ ਰਹਿਣ ਵਾਲ਼ੇ ਨੇ ਅਪਣੇ ਮੋਢਿਆ 'ਤੇ ਚੁੱਕਿਆ ਹੁੰਦਾ। ਇਸੇ ਤਰਜ਼'ਤੇ ਜਾਣੀਏ, ਤਾਂ ਨਕੋਦਰ ਨੂੰ ਕੇਵਲ ਉਹਦੀਆਂ ਇਤਿਹਾਸਕ ਇਮਾਰਤਾਂ ਜਾਂ ਪੱਕੀਆਂ ਸੜਕਾਂ ਨੇ ਨਹੀਂ ਸਾਂਭਿਆਂ ਹੋਇਆ, ਸਗੋਂ ਨਾਲ਼ੀਆਂ ਦੇ ਤੰਤੂ ਜਾਲ਼ ਨੇ ਵੀ ਇਹਨੂੰ ਅਪਣੇ ਮੋਢਿਆ 'ਤੇ ਚੁੱਕਿਆ ਹੋਇਆ ਹੈ। ਮੈਨੂੰ ਨਾਲ਼ੀਆਂ ਵੇਖਣ ਦਾ ਸ਼ੌਕ ਬਚਪਨ ਵਿਚ ਪਿਆ, ਜਿਹਦੀ ਸ਼ੁਰੁਆਤ ਇੰਜ ਹੋਈ ਕਿ ਮੈਂ ਅਪਣੀਆਂ ਸਹੇਲੀਆਂ ਨਾਲ਼ ਕਈ ਵਾਰ ਸ਼ਾਮ ਨੂੰ ਮਨਿਆਰੀ ਦੀ ਦੁਕਾਨ ਦੇ ਬੰਦ ਹੋਣ ਮਗਰੋਂ ਉਹਦੇ ਬਾਹਰੋਂ ਜਾਂ ਉਹਦੇ ਬਾਹਰ ਦੀ ਨਾਲ਼ੀ ਵਿੱਚੋਂ ਅਪਣੇ ਖੇਡਣ ਜੋਗੇ ਕੱਚ ਦੀਆਂ ਵੰਙਾਂ ਦੇ ਟੋਟੇ ਲਭਣ ਜਾਂਦੀ ਸੀ। ਵੰਙਾਂ ਚੜ੍ਹਾਉਂਦਿਆਂ ਜੋ ਵੰਙਾਂ ਟੁੱਟ ਜਾਂਦੀਆਂ, ਓਹਦੀਆਂ ਕਿਰਚਾਂ ਦੁਕਾਨਦਾਰ ਬਾਹਰ ਸੁੱਟ ਦਿੰਦੇ ਸੀ, ਜੋ ਸਾਡੇ ਖੇਡ ਖੇਡਣ ਦੇ ਕੰਮ ਆ ਜਾਂਦੀਆਂ। ਆਰੰਭ ਤਾਂ ਅਸੀਂ ਸਾਫ਼ ਥਾਂ ਤੋਂ ਚੁੱਕਣ ਤੋਂ ਕਰਦੇ, ਪਰ ਲਾਲਚ ਬੰਦੇ ਤੋਂ ਕੀ ਨਾ ਕਰਾਵੇ! ਜੇ ਕੋਈ ਬੜਾ ਸੁਹਣਾ ਟੋਟਾ ਨਾਲ਼ੀ ਵਿਚ ਦਿਸ ਜਾਂਦਾ, ਤਾਂ ਮਲਕ ਦੇਣੀ ਨਾਲ਼ੀ ਵਿੱਚੋਂ ਵੀ ਕਢ ਲੈਂਦੇ, ਘਰ ਆ ਕੇ ਇਕ ਵਾਰੀ ਵੰਙਾਂ ਵੀ ਧੋ ਲਓ ਤੇ ਹੱਥ ਵੀ, ਫੇਰ ਕੋਈ ਪ੍ਰੇਤ ਨਹੀਂਪਿੱਛਾ ਕਰਦਾ। ਸਾਡੀ ਸੰਸਕ੍ਰਿਤੀ ਵਿਚ ਹੱਥ ਧੋਣ ਦੀ ਅਦਭੁਤ ਮਹਿਮਾ ਏ, ਕਈ ਭ੍ਰਿਸ਼ਟੇ ਕੰਮ ਤੇ ਪਾਪ ਤਾਂ ਹੱਥ ਧੋਤਿਆਂ ਹੀ ਲਹਿ ਜਾਂਦੇ, ਲਹਿਣ ਨਾ ਸਹੀ; ਪਰ ਹੱਥ ਧੋਣ ਨਾਲ਼ ਤੁਰੰਤ ਰਾਹਤ ਜ਼ਰੁਰ ਮਹਿਸੂਸ ਹੁੰਦੀ ਏ। ਖ਼ੈਰ! ਅਪਣੀਆਂ ਸਹੇਲੀਆਂ ਦੇ ਸੰਗ ਨਾਲ਼ ਚੂੜੀਆਂ ਲਭਣ ਦੇ ਸਿਲਸਿਲੇ ਵਿਚ ਮੈਨੂੰ ਨਾਲ਼ੀਆਂ ਨੂੰ ਨੇੜਿਓਂ ਵੇਖਣ ਦਾ ਸ਼ੌਕ ਪਿਆ। ਹੌਲ਼ੀ-ਹੌਲ਼ੀ ਮੈਂ ਵੇਖਿਆ ਕਿ ਸਾਡੇ ਮੁਹੱਲੇ ਦੀ ਹਰ ਗਲ਼ੀ ਦੀ ਨਾਲ਼ੀ ਵਖਰੀ ਹੈ, ਗਲ਼ੀਆਂ ਨਾਲ਼ ਸਾਂਝ ਮੁਤਾਬਕ ਵੱਖੋ-ਵੱਖ ਨਾਲ਼ੀਆਂ ਵੀ ਅਪਣੀਆਂ ਬਿਗਾਨੀਆਂ ਲਗਦੀਆਂ ਸੀ।

ਵਗਦੀ ਨਾਲ਼ੀ ਵਿਚ ਕੁਝ ਵੀ ਵਗਾ ਦਿਓ, ਇਹ ਅਪਣੇ ਨਾਲ਼ ਵਗਾ ਕੇ ਲੈ ਜਾਂਦੀ ਹੈ। ਜੇ ਕੋਈ ਅੰਨ੍ਹੇਵਾਹ ਕੂੜਾ ਨਾਲ਼ੀ ਵਿਚ ਸੁੱਟ ਦੇਵੇ, ਤਾਂ ਨਾਲ਼ੀ ਇਹ ਕੂੜਾ ਨਹੀਂਝਲਦੀ ਤੇ ਇਹਦੇ 'ਚ ਡੱਕਾ ਲੱਗ ਜਾਂਦਾ ਏ, ਰੁਕੀ ਹੋਈ ਨਾਲ਼ੀ ਬੋ ਮਾਰਨ ਲਗਦੀ ਹੈ। ਸਵੇਰ ਵੇਲੇ ਜਦੋਂ ਕਮੇਟੀ ਦੇ ਜਮਾਦਾਰ ਨਾਲ਼ੀਆਂ ਵਿੱਚੋਂ ਕੂੜਾ ਕੱਢ ਕੇ ਸਾਫ਼ ਕਰ ਜਾਂਦੇ, ਤਾਂ ਕੁਝ ਦੇਰ ਨਾਲ਼ੀਆਂ ਵੀ ਨਦੀਆਂ ਵਾਂਗ ਕਲ ਕਲ ਵਗਦੀਆਂ, ਦੁਪਹਿਰ ਤੀਕਰ ਤਰ੍ਹਾਂ ਤਰ੍ਹਾਂ ਦੇ ਕੂੜੇ ਨਾਲ਼ ਨਾਲ਼ੀਆਂ ਦੀ ਪਾਰਦਰਸ਼ਿਤਾ ਖ਼ਤਮ ਹੋਣ ਲਗਦੀ। ਸ਼ਾਮ ਵੇਲੇ ਕੁਝ ਲੋਕ ਚੁੰਬਕ ਵਾਲ਼ੀ ਭੰਬੀਰੀ ਲੈ ਕੇ ਲੋਹੇ ਦੀਆਂ ਕਾਤਰਾਂ ਵੀ ਨਾਲ਼ੀਆਂ ਵਿੱਚੋਂ ਕਢ ਕੇ ਕਬਾੜੀ ਨੂੰ ਵੇਚ ਦਿੰਦੇ। ਲੋਹੇ ਦੀਆਂ ਕਿੱਲਾਂ ਕਾਤਰਾਂ ਲੱਭਦਾ ਕਾਤਰ ਮਨੁੱਖ ਨਾਲ਼ੀ ਵਿਚ ਇੰਜ ਖੁੱਭਿਆ ਦਿਸਦਾ, ਜਿਵੇਂ ਕੋਈ ਧਰਤੀ ਦੀ ਕੁੱਖ ਚੋਂ ਹੀਰੇ ਪੰਨੇ ਭਾਲਦਾ ਹੈ। ਕੂੜੇ ਵਿੱਚੋਂ ਮੁੱਲਵਾਨ ਵਸਤ ਵੀ ਇਸ ਸ਼ੋਧ ਨਾਲ਼ ਕੱਢ ਲਈ ਜਾਂਦੀ, ਉਸ ਤੋਂ ਮਗਰੋਂ ਕੂੜਾ ਖ਼ਾਲਿਸ ਕੂੜਾ ਰਹਿ ਜਾਂਦਾ ਤੇ ਅਖ਼ੀਰ ਪਤਾ ਨਹੀਂ ਕਿਹੜੇ ਨਾਲ਼ੇ ਵਿਚ ਜਾ ਡਿਗਦਾ ਸੀ।

ਤੇਜ਼ ਵਰ੍ਹਦੇ ਮੀਂਹ ਵਿਚ ਇਹਨਾਂ ਨਾਲ਼ੀਆਂ ਵਿਚ ਹੜ੍ਹ ਦੀ ਸਥਿਤੀ ਬਣ ਜਾਂਦੀ, ਪਾਣੀ ਦੀਆਂ ਛੱਲਾਂ ਆਵੇਸ਼ ਵਿਚ ਅਪਣੇ ਵਿਚਲਾ ਵਾਧੂ ਸਾਮਾਨ ਵਗਾਹ ਵਗਾਹ ਕੇ ਗਲ਼ੀ ਦੇ ਵਿਚਕਾਰ ਸੁੱਟ ਦਿੰਦੀਆਂ। ਪਾਣੀ ਨਿਕਲ ਜਾਣ ਤੇ ਨਾਲ਼ੀਆਂ ਚੋਂ ਮੁੜ ਕੇ ਨਿਕਲੇ ਸਾਮਾਨ ਨੂੰ ਦੇਖ ਲੋਕਾਂ ਨੂੰ ਘ੍ਰਿਣਾ ਹੁੰਦੀ। ਮਨੁੱਖ ਸੁਹਜ ਦਾ ਭੋਗੀ ਬਣਨਾ ਚਾਹੁੰਦਾ, ਪਰ ਬਾਰੰਬਾਰ ਕੁਹਜ ਓਹਦੇ ਮੱਥੇ ਲਗਦਾ ਏ। ਓਹ ਸਾਰੀਆਂ ਨਾਲ਼ੀਆਂ, ਕੂੜੇ ਦਾਨ,ਅਲਮਾਰੀਆਂ ਤੇ ਅਪਣਾ ਆਪ ਕੱਜ ਦੇਣਾ ਚਾਹੁੰਦਾ ਹੈ। ਕੋਈ ਅਜਿਹਾ ਕੱਜਣ ਹੋਵੇ, ਜਿਸ ਨਾਲ਼ ਸਭ ਕੁਝ ਇੱਕੋ ਵਾਰ ਕੱਜਿਆ ਜਾ ਸਕੇ! ਕਿਉਂਕਿ ਓਹ ਕੂੜੇ ਦੀ ਸੀਰਤ ਸਮਝੇ ਬਿਨਾਂ ਕੂੜੇ ਤੇ ਕੱਜਣ ਪਾ ਦਿੰਦਾ ਹੈ, ਇਸ ਲਈ ਢਕਿਆ ਕੂੜਾ ਨੰਗੇ ਕੂੜੇ ਤੋਂ ਵਧ ਜ਼ਹਿਰੀਲਾ ਤੇ ਬਦਬੂਦਾਰ ਹੁੰਦਾ ਹੈ। ਬਰਸਾਤੀ ਚੁਮਾਸੇ ਵਿਚ ਦੱਖਣੀ ਅੱਡੇ ਦਾ ਸੀਵਰੇਜ ਸਿਸਟਮ ਜਿੱਦਾਂ ਜਵਾਬ ਦਿੰਦਾ ਏ, ਓਹਦੇ ਅੱਗੇ ਕਿਸੇ ਦੀ ਪੇਸ਼ ਨਹੀਂ ਚਲਦੀ, ਇਕ ਇਕ ਕਣੀ ਸਵਾਈ ਹੋਕੇ ਸੜਕ ਤੇ ਜਲ ਥਲ ਕਰ ਦਿੰਦੀ; ਕਿਉਂਕਿ ਬਾਰੀਕ ਜਿਹੀਆਂ ਨਾਲ਼ੀਆਂ ਬਰਸਾਤੀ ਪਾਣੀ ਨੂੰ ਨਹੀਂਸਮੇਟ ਸਕਦੀਆਂ। ਮੈਨੂੰ ਤਾਂ ਹੁਣ ਏਦਾਂ ਵੀ ਲਗਦਾ ਕਿ ਕੋਈ ਨਹੀਂ ਚਾਹੁੰਦਾ ਦੱਖਣੀ ਅੱਡੇ 'ਚ ਪਾਣੀ ਨਾ ਖੜ੍ਹਾ ਹੋਵੇ, ਏਨੇ ਸਾਲਾਂ ਤੋਂ ਕੋਈ ਸੁਧਾਰ ਨਹੀਂ ਆਇਆ। ਕਸਬੇ ਦਾ ਜੀਵਨ ਕਈ ਮਾਇਨਿਆਂ ਵਿਚ ਏਨਾ ਨੀਰਸ ਹੁੰਦਾ ਕਿ ਇੰਜ ਦੀਆਂ ਸਾਲਾਨਾ ਘਟਨਾਵਾਂ ਸਦਕਾ ਓਥੋਂ ਦੇ ਜੀਵਨ ਦੀ ਇਕਸੁਰਤਾ ਵਿਚ ਭੰਗ ਪੈ ਕੇ ਸੰਵਾਦ ਵਿਚ ਤਾਜ਼ਗੀ ਤੇ ਉਤੇਜਨਾ ਆਉਂਦੀ ਹੈ। ਛੋਟੀਆਂ ਮੋਟੀਆਂ ਖੁਆਰੀਆਂ ਵੀ ਕਸਬੇ ਦੇ ਲੋਕਾਂ ਦਾ ਮਨੋਰੰਜਨ ਕਰਦੀਆਂ ਨੇ।

ਇਕ ਹੋਰ ਨਾਲ਼ੀ ਜੋ ਮੈਨੂੰ ਯਾਦ ਆਉਂਦੀ ਹੈ –ਉਹ ਹੈ ਕਚਹਿਰੀ ਵਾਲ਼ੇ ਸ਼ਿਵਾਲੇ ਦੇ ਅੰਦਰ ਸ਼ਿਵਲਿੰਗ ਚੋਂ ਨਿਕਲ਼ਦੀ ਬਾਹਰ ਵਾਰ ਵਗਦੀ ਨਾਲ਼ੀ। ਭਗਤਾ ਜਿਸ ਕੱਚੀ ਲੱਸੀ ਜਾਂ ਦੁਧ ਨਾਲ਼ ਸ਼ਿਵਲਿੰਗ ਦਾ ਜਲ ਅਭਿਸ਼ੇਕ ਕਰਦੇ, ਮੁੜ ਕੇ ਓਹ ਇਸ ਨਾਲ਼ੀ ਰਾਹੀਂ ਬਾਹਰ ਕੱਢਿਆ ਜਾਂਦਾ। ਚਾਹੇ ਇਸ ਨਾਲ਼ੀ ਨਾਲ਼ ਲੋਕਾਂ ਦੀ ਸ਼ਰਧਾ ਬੱਝੀ ਹੈ, ਪਰ ਪਰਿਕਰਮਾ ਕਰਦਿਆਂ ਇਹਦੇ ਵਿੱਚੋਂ ਵੀ ਜੰਮ ਗਏ ਖੱਟੇ ਹੋਏ ਦੁੱਧ ਦੀ ਮਹਿਕ ਆਉਂਦੀ, ਕਿਉਂਕਿ ਕੰਢਿਆਂ 'ਤੇ ਜੰਮ ਗਈ ਥਿੰਦਿਆਈ ਹੌਲ਼ੀ-ਹੌਲ਼ੀ ਕਸਰ ਜਾਂਦੀ ਸੀ। ਪਰਿਕਰਮਾ ਪੂਰੀ ਕਰਕੇ ਮੈਂ ਵੀ ਦੁਚਿੱਤੀ ਚ ਪੈ ਜਾਂਦੀ ਸੀ ਕਿ ਇਸ ਜਲ ਨੂੰ ਮੱਥੇ ਲਾਵਾਂ ਜਾਂ ਚੁੱਪ ਕਰਕੇ ਅੱਗੇ ਹੋ ਜਵਾਂ। ਨਾਲ਼ੇ ਭਗਤਾਂ ਦਾ ਕੰਮ ਸੀ ਜਲ ਅਭਿਸ਼ੇਕ ਕਰਨਾ, ਬਾਕੀ ਸਭ ਸ਼ਿਵ ਜੀ ਜਾਣਨ, ਮੰਦਰ ਦੇ ਪ੍ਰਬੰਧਕ ਜਾਣਨ। ਅੰਤ ਨੂੰ ਇਹ ਦੁਧੀਆ ਪਾਣੀ ਵੇਲ ਬੂਟਿਆਂ ਦੀ ਕਿਆਰੀ 'ਚ ਮੋੜ ਦਿੱਤਾ ਜਾਂਦਾ ਹੋਵੇ, ਇਜਿਹਾ ਮੇਰਾ ਅਨੁਮਾਨ ਹੈ।

ਨੁੱਖ ਦੀ ਬਿਰਤੀ ਆਨੰਦ ਤੇ ਸੁਹਜ ਵਿਚ ਰਹਿਣ ਵਾਲ਼ੀ ਹੈ, ਪਰ ਸਮਝਣ ਵਾਲ਼ੀ ਗੱਲ ਇਹ ਵੀ ਹੈ ਕਿ ਸੁਹਜ ਉਪਹਾਰ ਨਹੀਂ, ਸਗੋਂ ਸਾਧਨਾ ਏ। ਸੁਹਜ ਦੀ ਸਾਧਨਾ ਦਾ ਕਿਫ਼ਾਇਤੀ ਢੰਗ ਨਿਰਾ ਸੁਹਜ ਨੂੰ ਵਧਾਉਣਾ ਨਹੀਂ, ਸਗੋਂ ਇਹਦਾ ਸਸਤਾ ਤਰੀਕਾ ਹੈ ਕੁਹਜ ਨੂੰ ਘਟਾਉਣਾ। ਕਿਉਂਕਿ ਕੁਹਜ ਘਟਾਉਣ ਨਾਲ਼ ਸੁਹਜ ਆਪੇ ਵਧ ਜਾਂਦਾ ਹੈ

ਪਿੰਡਾਂ, ਕਸਬਿਆਂ ਤੇ ਸ਼ਹਿਰ ਦੀਆਂ ਨਾਲ਼ੀਆਂ ਦਾ ਨਾਪ ਵੱਖਰਾ ਵੱਖਰਾ ਹੁੰਦਾ ਹੈ। ਪੰਜਾਬੀ ਜਾਂ ਸ਼ਾਇਦ ਪਹਾੜੀ ਦਾ ਇਕ ਲੋਕ ਗੀਤ ਹੈ, "ਅਸਾਂ ਨਹੀਓਂ ਤੱਕਣਾ ਵੇ ਤੈਨੂੰ ਅੱਧਾ ਬੂਹਾ ਢੋ ਕੇ"। ਅੱਧੇ ਬੂਹੇ ਚੋਂ ਤੱਕਣਾ ਰੁਮਾਂਟਕ ਖ਼ਿਆਲ ਹੈ, ਕਸਬੇ ਦਾ ਰਹਿਣ ਵੀ ਅੱਧੇ ਬੂਹੇ ਥਾਣੀਂ ਦੁਨੀਆ ਵੇਖਣ ਦੇ ਤੁਲ ਹੈ। ਕਸਬੇ ਅਪਣੀ ਕਰਨੀ ਵਿਚ ਨਾਂ ਹੁਣ ਪਿੰਡਾਂ ਵੱਲ ਮੁੜ ਸਕਦੇ ਤੇ ਨਾਂ ਹੀ ਸ਼ਹਿਰ ਬਣ ਸਕਦੇ ਹਨ। ਪਿੰਡਾਂ ਦੀਆਂ ਪਤਲੀਆਂ ਨਾਲ਼ੀਆਂ ਦੀ ਤੁਲਨਾ ਚ ਕਸਬੇ ਦੀਆਂ ਨਾਲ਼ੀਆਂ ਵੀ ਮਧਿਅਮ ਆਕਾਰ ਦੀਆਂ ਨੇ। ਨਕੋਦਰ ਦੀਆਂ ਨਾਲ਼ੀਆਂ ਵਿਚ ਵਗਦੇ ਕੂੜੇ ਦਾ ਫੇਰ ਵੀ ਕੋਈ ਰੰਗ ਰੂਪ ਨਜ਼ਰ ਆਉਂਦਾ ਸੀ, ਪਰ ਅਪਣੇ ਨਾਨਕੇ ਸ਼ਹਿਰ ਲੁਧਿਆਣੇ ਦੇ ਖੁੱਡ ਮੁਹੱਲੇ ਵਰਗੇ ਇਲਾਕੇ ਜਿਥੇ ਰਿਹਾਇਸ਼ੀ ਇਲਾਕੇ ਦੇ ਬਾਵਜੂਦ ਹਰ ਘਰ 'ਚ ਹੌਜ਼ਰੀ ਦਾ ਜਾਂ ਕੋਈ ਹੋਰ ਬਿਜ਼ਨੇਸ ਵੀ ਚਲਦਾ ਹੈ, ਓਥੇ ਦੀਆਂ ਨਾਲ਼ੀਆਂ ਸੁਰਮਈ ਰੰਗ ਦੇ ਗਾੜ੍ਹੇ ਕੂੜੇ ਨਾਲ਼ ਭਰੀਆਂ ਤੇ ਅਕਸਰ ਫਸੀਆਂ ਰਹਿੰਦੀਆਂ ਸਨ। ਇਹਨਾਂ ਨਾਲ਼ੀਆਂ ਦਾ ਆਕਾਰ ਕੇਵਲ ਬੰਦਿਆਂ ਦੇ ਕੂੜੇ ਨੂੰ ਸੰਮ੍ਹਾਲਣ ਜੋਗਾ ਸੀ, ਮਸ਼ੀਨਾਂ ਦੇ ਲੇਸਲੇ ਕੂੜੇ ਨੂੰ ਇਹ ਨਾਲ਼ੀਆਂ ਸਮੋ ਨਹੀਂ ਨਾ ਸਕਦੀਆਂ। ਇਸ ਲਈ ਹਰ ਵੇਲੇ ਨੱਕੋ-ਨੱਕ ਭਰੀਆਂ ਰਹਿੰਦੀਆਂ। ਬਹੁਤੀ ਮੁਸੀਬਤ ਪਿਆਂ ਮੇਰੀ ਨਾਨੀ ਤੇ ਓਹਦੀਆਂ ਗਵਾਂਢਣਾਂ ਬਾਹਰਲੇ ਬੂਹੇ ਮਗਰ ਛੇਕ ਕੇ ਰੱਖੀ ਸੋਟੀ ਨਾਲ਼ ਕੂੜਾ ਅਗਾਂਹ ਟੋਰ ਦਿੰਦੀਆਂ। ਵੱਡੇ ਸ਼ਹਿਰ ਦੀਆਂ ਖ਼ਾਸ ਤੌਰ 'ਤੇ ਕਿਸੇ ਸਨਅਤੀ ਸ਼ਹਿਰ ਦੀਆਂ ਨਾਲ਼ੀਆਂ ਵੇਖ ਕੇ ਮੈਂ ਦੰਗ ਰਹਿ ਗਈ। ਕਈ ਸਾਲ ਮੈਨੂੰ ਸਮਝ ਨਹੀਂਆਇਆ ਕਿ ਇਹ ਨਾਲ਼ੀਆਂ ਨਕੋਦਰ ਦੀਆਂ ਨਾਲ਼ੀਆਂ ਨਾਲ਼ੋਂ ਕਿਵੇਂ ਵੱਖਰੀਆਂ ਨੇ। ਪਿੰਡੋਂ ਕਸਬੇ ਨੂੰ ਤੇ ਕਸਬੇ ਚੋਂ ਸ਼ਹਿਰ ਜਾਣ ਦੀ ਯਾਤਰਾ ਦੇ ਕਈ ਸਾਮਾਜਿਕ ਸਾਂਸਕ੍ਰਿਤਿਕ ਅਰਥ ਨੇ। ਪਰ ਇਕ ਅਰਥ ਜੋ ਮੈਨੂੰ ਸਮਝ ਆਇਆ,ਉਹ ਇਹ ਹੈ ਕਿ ਇਹ ਯਾਤਰਾ ਨਿਰੰਤਰ ਪਾਰਦਰਸ਼ੀ ਕੂੜੇ ਤੋਂ ਧੁੰਧਲਕੇ ਕੂੜੇ ਵੱਲ ਵਧਣ ਦੀ ਵੀ ਹੈ। ਇਕ ਆਧੁਨਿਕ ਤੇ ਵਿਵਸਥਿਤ ਸ਼ਹਿਰ ਆਖ਼ਿਰਕਾਰ ਐਸਾ ਕੂੜਾ ਪੈਦਾ ਕਰਦਾ ਹੈ, ਜਿਹਨੂੰ ਵਿਗਿਆਨ ਤੇ ਵਾਤਾਵਰਨ ਵਿਗਿਆਨ ਦੀਆਂ ਗੂੜ੍ਹੀਆਂ ਸਮਝਾਂ ਬਗ਼ੈਰ ਨਹੀਂਸਮਝਿਆ ਜਾ ਸਕਦਾ।

ਇਹ ਸਹੀ ਮੌਕਾ ਹੈ ਜਦੋਂ ਨਕੋਦਰ ਦੇ ਬਾਬਾ ਮਲਿਕ ਬਜ਼ਾਰ ਦੀ ਇਕ ਕੰਧ ਦੀ ਹਾਜ਼ਰੀ ਲਾਈ ਜਾਵੇ। ਰੌਂਤਾ ਮੁਹੱਲੇ ਵੱਲੋਂ ਮਲਿਕ ਬਾਜ਼ਾਰ ਜਾਂਦਿਆਂ ਗਲ਼ੀ ਦੇ ਅਖ਼ੀਰ 'ਤੇ ਕੰਧ ਹੈ, ਜਿਹਨੂੰ ਪਿਸ਼ਾਬ ਕਰਨ ਦੀ ਇਤਿਹਾਸਿਕ ਕੰਧ ਦਾ ਦਰਜਾ ਮਿਲਣਾ ਚਾਹੀਦਾ ਹੈ। ਬਾਜ਼ਾਰ ਵਿਚ ਜਨ ਸੇਵਾ ਦੀ ਸਕੀਮ ਹੇਠਾਂ ਅਜੇ ਕੋਈ ਹਾਜਤ ਖ਼ਾਨਾ ਨਹੀਂਸੀ। ਇਸਲਈ ਬਾਜ਼ਾਰ ਦੇ ਸਾਰੇ ਪੁਰਸ਼ ਇਸੇ ਨੁੱਕਰ ਨੂੰ ਪਿਸ਼ਾਬ ਕਰਨ ਲਈ ਇਸਤੇਮਾਲ ਕਰਦੇ। ਵਰ੍ਹਿਆਂਬੱਧੀ ਇਹਨੂੰ ਇਸੇ ਕੰਮ ਲਈ ਇਸਤੇਮਾਲ ਕਰਦੇ ਰਹਿਣ ਦਾ ਨਤੀਜਾ ਇਹ ਹੋਇਆ ਕਿ ਆਉਂਦੇ-ਜਾਂਦੇ ਨੂੰ ਇਹਦੀ ਨਾਲ਼ੀ ਕੋਲੋਂ ਲੰਘਦਿਆਂ ਤੇਜ਼ ਤੇਜ਼ਾਬੀ ਗੰਧ ਆਉਂਦੀ ਹੈ, ਇਸ ਗਲ਼ੀ ਚੋਂ ਬਾਜ਼ਾਰ 'ਚ ਵੜਨ ਦੇ ਦੋ ਤਰੀਕੇ ਰਹੇ, ਜਾਂ ਤਾਂ ਨੱਕ ਘੁੱਟ ਕੇ ਜਾਂ ਫੇਰ ਨੱਕ ਤੇ ਬਾਕਾਇਦਾ ਹੱਥ ਜਾਂ ਰੁਮਾਲ ਰਖ ਕੇ। ਔਰਤਾਂ ਤਾਂ ਕੋਲੋਂ ਅਕਸਰ ਇੰਜ ਲੰਘਦੀਆਂ, ਜਿਵੇਂ ਉਹ ਇਸ ਕੰਧ ਦੀ ਤੇ ਲੋਕਾਂ ਦੀ ਕਰਨੀ ਤੋਂ ਬਿਲਕੁਲ ਅਣਜਾਣ ਨੇ। ਇਸੇ ਕੰਧ 'ਤੇ ਲਿਖਿਆ ਹੁੰਦਾ – "ਕੁੱਤੇ ਦੇ ਪੂਤ, ਇਥੇ ਨਾ ਮੂਤ"। ਕੋਈ ਇਲਤੀ ਆਤਮਾ ਕਾਲ਼ੇ ਰੋਗ਼ਨ ਦੇ ਲਿਖੇ ਇਸ ਲਲਕਾਰੇ ਵਿੱਚੋਂ 'ਨਾ' ਸ਼ਬਦ ਮੇਟ ਦਿੰਦੀ ਹੈ।

ਸਾਫ਼ ਤੇ ਪੱਕੇ ਬਾਥਰੂਮ ਸਭ ਕੁਝ ਨੂੰ ਕੱਜ ਲੈਂਦੇ ਨੇ, ਫੇਰ ਕੂੜਾ ਕਿਧਰ ਜਾਂਦਾ ਕਿਧਰ ਨਹੀਂ, ਇਹ ਗੱਲ ਭੇਤ ਰਹਿੰਦੀ ਹੈ। ਆਧੁਨਿਕਤਾ ਦਾ ਇਕ ਅਰਥ ਅਤਿਅੰਤ ਲੁਕੋ ਕਰਨਾ ਵੀ ਹੈ; ਅਪਣੇ ਪੈਦਾ ਕੀਤੇ ਕੂੜ-ਕਪਟ ਨੂੰ ਸੁਹਣੇ ਕੂੜੇਦਾਨ ਵਿਚ ਲੁਕੋ ਦੇਣਾ। ਕੋਈ ਕੂੜਾ ਅੱਖਾਂ ਮੂਹਰੇ ਨਹੀਂਦਿਸਣਾ ਚਾਹੀਦਾ। ਅਪਣੀ ਨੁਹਾਰ ਦੀ ਪਰਾਕਾਸ਼ਠਾ ਵਿਚ ਸ਼ਹਿਰ ਗੰਧਹੀਣ ਹੋ ਜਾਣਾ ਚਾਹੁੰਦਾ ਹੈ ਤੇ ਹਰ ਗੰਧ ਤੋਂ ਮੁਕਤ ਹੋ ਕੇ ਮਨੁੱਖ ਇਤਰ ਫੁਲੇਲਾਂ ਨਾਲ਼ ਅਪਣੇ ਡ੍ਰੈਸਿੰਗ ਟੇਬਲ ਨੂੰ ਸਜਾਉਣਾ ਚਾਹੁੰਦਾ ਹੈ।

ਮੈਂ ਬਦਬੂ ਦੀ ਪੈਰੋਕਾਰ ਨਹੀਂ, ਪਰ ਮੈਂ ਐਸੀ ਖ਼ੁਸ਼ਬੂ ਦੀ ਸ਼ੌਕੀਨ ਵੀ ਨਹੀਂ, ਜਿਹਦਾ ਮੁੱਲ ਏਨਾ ਮਹਿੰਗਾ ਹੋਵੇ ਕਿ ਜਿਹਨੂੰ ਤਾਰਦੇ ਅਸੀਂ ਹੋਰ ਕੁਹਜ ਪੈਦਾ ਕਰ ਦੇਵੀਏ। ਬੇਸ਼ੱਕ ਮਨੁੱਖ ਦੀ ਬਿਰਤੀ ਆਨੰਦ ਤੇ ਸੁਹਜ ਵਿਚ ਰਹਿਣ ਵਾਲ਼ੀ ਹੈ, ਪਰ ਸਮਝਣ ਵਾਲ਼ੀ ਗੱਲ ਇਹ ਵੀ ਹੈ ਕਿ ਸੁਹਜ ਉਪਹਾਰ ਨਹੀਂ, ਸਗੋਂ ਸਾਧਨਾ ਏ। ਸੁਹਜ ਦੀ ਸਾਧਨਾ ਦਾ ਕਿਫ਼ਾਇਤੀ ਢੰਗ ਨਿਰਾ ਸੁਹਜ ਨੂੰ ਵਧਾਉਣਾ ਨਹੀਂ, ਸਗੋਂ ਇਹਦਾ ਸਸਤਾ ਤਰੀਕਾ ਹੈ ਕੁਹਜ ਨੂੰ ਘਟਾਉਣਾ। ਕਿਉਂਕਿ ਕੁਹਜ ਘਟਾਉਣ ਨਾਲ਼ ਸੁਹਜ ਆਪੇ ਵਧ ਜਾਂਦਾ ਹੈ।

ਮੋਬਾਇਲ : 94175-32822, ਈ-ਮੇਲ : tutle.walks@gmail.com

ਕਵਿਤਾਵਾਂ

## ਸਤਿੰਦਰ

### • ਨਿਰਭਉ

ਵਰਤਮਾਨ ਵਿਚ ਇਤਿਹਾਸ ਦਾ ਕਾਲਖੰਡ
ਖੰਡਿਤ ਹੁੰਦਿਆਂ ਵੀ ਸੰਪੂਰਨ ਹੁੰਦਾ ਹੈ
ਜਦੋਂ ਚੇਤਨਾ ਜਾਗਦੀ ਹੈ ਤਾਂ
ਇਤਿਹਾਸਕ ਕਾਲਖੰਡ
ਕਾਲ ਰਹਿ ਹੋ ਜਾਂਦਾ ਹੈ

ਅਸੰਖ ਸਿਮਰਤੀਆਂ ਤੇ ਯਾਦਾਂ
ਵੀਰ ਗਥਾਵਾਂ ਵਿਚ ਵਟ ਜਾਂਦੀਆਂ ਹਨ
ਅਸੰਖ ਨਿੱਕੀਆਂ ਨੁਕੀਲੀਆਂ ਸਿਮਰਤੀਆਂ
ਕਾਲ-ਕ੍ਰਮਕਤਾ ਨੂੰ ਭੰਨ ਦਿੰਦੀਆਂ ਹਨ
ਅਤੇ ਮਨ-ਮਸਤਕ ਵਿਚ
ਖ਼ੁਦ ਚੇਤਨਾ ਬਣ ਉਭਰਦੀਆਂ ਹਨ

ਚੇਤਨਾ ਦਾ ਹਿੱਸਾ ਬਣਿਆ
ਇਤਿਹਾਸਕ ਕਾਲਖੰਡ
ਪਾਠ-ਕ੍ਰਮ ਦੀਆਂ ਪੋਥੀਆਂ ਦਾ ਮੁਹਤਾਜ ਨਹੀਂ ਹੁੰਦਾ
ਕਦੇ ਮਲਕਭਾਗੋ ਤੇ ਭਾਈਲਾਲੋ ਦੀ ਸਾਖ ਵਿਚ ਵਟਦਾ ਹੈ

ਕਦੇ 'ਕੁਝ ਵੰਡ ਸ਼ੁਦੈਣੇ
ਕਾਇਰ ਪਿਉ ਦੇ ਘਰ ਬਹਾਦਰ ਪੁੱਤ ਜੰਮਿਐ'
ਦੇ ਵਾਕ ਵਿਚ ਰੁਪਾਂਤਰਿਤ ਹੁੰਦਾ ਹੈ
ਕਦੇ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ' ਸੁਣਾਉਂਦਾ ਹੈ
ਕਦੇ 'ਉਡਦਿਆਂ ਬਾਜਾਂ ਮਗਰ'
ਉਡਾਰੀਆਂ ਲਾਉਂਦਾ ਹੈ

ਸਿਮਰਤੀ ਵਿਚ ਉਕਰਿਆ ਇਤਿਹਾਸ
ਕਾਲਖੰਡ ਹੁੰਦਿਆਂ ਵੀ
'ਕਾਲ' ਦੇ ਭੈ ਤੋਂ ਮੁਕਤ ਹੁੰਦਾ ਹੈ
ਅਤੇ ਨਿਰਭਉ ਦਾ ਬੋਧ ਕਰਾਉਂਦਾ ਹੈ
ਕਿਉਂਕਿ ਵਰਤਮਾਨ ਵਿਚ ਇਤਿਹਾਸ ਦਾ ਕਾਲ-ਖੰਡ
ਖੰਡਿਤ ਹੁੰਦਿਆਂ ਵੀ ਸੰਪੂਰਨ ਹੁੰਦਾ ਹੈ

## • ਜੰਗਲ ਰਾਜ

ਸ਼ੇਰ ਆਇਆ
ਸ਼ੇਰ ਆਇਆ
ਆਜੜੀ ਦੀ ਕਹਾਣੀ ਹੁਣ ਸੱਚ ਹੋ ਗਈ

ਹੁਣ ਸੱਚਮੁੱਚ ਹੀ ਸ਼ੇਰ ਆ ਗਿਆ
ਜਿਸ ਨੇ ਭੇਡਾਂ ਲੇਲ੍ਹੇ ਬੱਕਰੀਆਂ ਨੂੰ
ਨਾ ਖਾਣ ਦਾ ਪ੍ਰਣ ਲਿਆ ਹੈ
ਉਹ ਮਾਸਾਹਾਰੀ ਨਹੀਂ
ਸਗੋਂ ਸ਼ੁੱਧ ਸ਼ਾਕਾਹਾਰੀ ਹੈ
ਭੇਡਾਂ-ਲੇਲ੍ਹੇ ਬੱਕਰੀਆਂ ਤਾਂ ਉਸ ਦੇ ਸਮਰੱਥਕ ਹਨ
ਉਨ੍ਹਾਂ ਬੁਨਿਆਦੀ ਚੀਜ਼ਾਂ ਨੂੰ
ਜਿਹੜੀਆਂ ਆਜ਼ਾਦੀ, ਭਰਾਤਰੀ
ਮਨੁੱਖਤਾ ਤੇ ਸਮਾਨਤਾ ਦੇ
ਸੰਕਲਪ ਨਾਲ ਜੁੜੀਆਂ ਹੋਈਆਂ ਹਨ
ਜੀਣ ਦੇ ਜਿਉਣ ਦੇ ਸੰਕਲਪ ਨਾਲ ਜੁੜੀਆਂ ਹਨ

ਉਹ ਸ਼ੇਰ ਆਪਣੇ ਨੌਂਹਾਂ ਦੀ ਵਰਤੋਂ ਨਹੀਂ ਕਰਦਾ
ਸਗੋਂ ਸ਼ਿਕਾਰ ਲਈ
ਅਜਿਹੀ ਮਿੱਠੀ ਭਾਸ਼ਾ ਦੀ ਵਰਤੋਂ ਕਰਦਾ ਹੈ
ਜਿਹੜੀ ਸਾਡੇ ਕੰਨਾਂ ਤਕ ਪਹੁੰਚਦਿਆਂ
ਗਰਜ ਤੇ ਦਿਹਾੜ ਨਹੀਂ ਬਣਦੀ
ਸਗੋਂ ਪ੍ਰਵਚਨ ਦੀ ਭਾਸ਼ਾ ਦਾ ਨਿਰਮਾਣ ਕਰਦੀ ਹੈ
ਅਸੀਂ ਸਹਿਮ ਜਾਂਦੇ ਹਾਂ—ਅਸੀਂ ਡਰ ਜਾਂਦੇ ਹਾਂ
ਕੁਝ ਵੀ ਕਰਨ ਤੋਂ ਪਹਿਲਾਂ
ਅਨੇਕਾਂ ਨਵ-ਸੰਕਲਪਾਂ ਦਾ ਮਨਨ ਕਰਦੇ ਹਾਂ
ਜਿਨ੍ਹਾਂ ਨੂੰ 'ਨਵੇਂ-ਰਾਜ' ਦਾ ਨਾਂ ਦਿੱਤਾ ਗਿਆ ਹੈ

ਆਪਣੇ ਮਨ ਤੇ ਸਰੀਰ ਨੂੰ
ਗਰਜ ਦੇ ਦਿਹਾੜ ਦੇ ਰਾਗ ਵਿਚ ਸੁਰਬੱਧ ਕਰਦੇ ਹਾਂ
ਅਤੇ ਆਪਣੇ ਆਪ ਨੂੰ ਸੋਧਦੇ ਹਾਂ, ਸੋਧਦੇ ਹਾਂ
ਤੇ ਪ੍ਰਵਚਨ ਦੀ ਭਾਸ਼ਾ ਵਿਚ ਲੀਨ ਹੋ ਜਾਂਦੇ ਹਾਂ

ਸਦੀਆਂ ਤੋਂ ਸੁਣਦੇ ਸੀ
ਕਹਾਣੀ ਆਜੜੀ ਦੀ
ਸ਼ੇਰ ਆਇਆ—ਸ਼ੇਰ ਆਇਆ
ਅੱਜ ਸੱਚਮੁੱਚ ਸ਼ੇਰ ਆ ਗਿਆ
ਜਿਸ ਨੇ ਸਾਡਾ ਅੱਜ ਹੀ ਨਹੀਂ ਭਵਿੱਖ ਵੀ ਖਾਣਾ ਹੈ

ਚਲੋ ਇਕੱਠੇ ਹੋਈਏ
ਤੇ ਜੰਗਲ ਰਾਜ ਦਾ ਕੋਈ ਹੱਲ ਲੱਭੀਏ
ਆਪਣਾ ਅੱਜ ਤੇ ਭਵਿੱਖ ਸੁਰੱਖਸਤ ਕਰੀਏ ❸

*ਪਾਕਿਸਤਾਨੀ ਕਹਾਣੀ*

# ਕਾਇਮ ਦੀਨ

*ਅਲੀ ਅਕਬਰ ਨਾਤਿਕ*



ਹਾਂ ਫਿਰ ਦੱਸ ਇਸ ਡੱਕ-ਖੜੱਬੀ ਦਾ ਕੀ ਲਏਂਗਾ ? ਨਾਲੇ ਇਕ ਗੱਲ ਕਹਾਂ ? ਚੋਰੀ ਦਾ ਮਾਲ ਐ, ਸੋਚ ਕੇ ਭਾਅ ਲਾਂਵੀ। ਕੱਲ ਕਲੋਤਰ ਨੂੰ ਪੁਲਿਸ ਆ ਖੜੋਤੀ ਤਾਂ ਉਨ੍ਹਾਂ ਨਾਲ ਵੀ ਮੁੱਕ-ਮੁਕਾ ਕਰਨਾ ਪੈਣੈ", ਨੂਰ ਦੀਨ ਨੇ ਮੱਝ ਦੀ ਪਿੱਠ 'ਤੇ ਹੱਥ ਫੇਰਦੇ ਨੇ ਕਿਹਾ।

"ਦੇਖ ਮੀਆਂ ਨੂਰੇ, ਪੰਜ ਹਜ਼ਾਰ ਤੋਂ ਇਕ ਟਕਾ ਘੱਟ ਨੀ ਲੈਣਾ। ਅਠਾਰਾਂ ਲੀਟਰ ਦੁੱਧ ਆਥਣ ਸਵੇਰ ਬਾਟੇ ਨਾਲ ਮਿਣ ਕੇ ਚੋ ਲਈਂ। ਤੁਪਕਾ ਵੀ ਘੱਟ ਹੋਇਆ ਤਾਂ ਥੜ੍ਹੇ 'ਤੇ ਖੜ੍ਹ ਕੇ ਮੁੱਛਾਂ ਮੁਨਵਾ ਦੇਊਂ। ਰਹੀ ਪੁਲਿਸ ਦੀ ਗੱਲ, ਜੇ ਤੈਥੋਂ ਕੋਈ ਪੁੱਛੇ ਤਾਂ ਸਿੱਧਾ ਮੇਰੇ ਢਾਰੇ ਦੇ ਰਾਹ ਪਾ ਦੇਈਂ, ਫਿਰ ਮੈਂ ਜਾਣਾ ਤੇ ਪੁਲਿਸ," ਕੁੰਮੇ ਨੇ ਰੁੱਖੇਪਣ ਨਾਲ ਕੀਮਤ ਦੱਸਦਿਆਂ ਕਿਹਾ।

"ਪੰਜ ਹਜ਼ਾਰ ! ਕਹਿਰ ਖ਼ੁਦਾ ਦਾ ਹੈ। ਹੈ ਤਾਂ ਮੱਝ ਈ ? ਕੋਈ ਹਾਥੀ ਤਾਂ ਨੀ। ਤੇ ਤੂੰ ਕਿਹੜਾ ਮੁੱਲ ਲੈ ਕੇ ਆਇਆਂ। ਮੁਫ਼ਤ ਦੀ ਮਾਰ ਐ। ਤਿੰਨ ਹਜ਼ਾਰ ਲੈ ਤੇ ਕੰਬਲ ਤੋਂ ਜਾਨ ਛੁਡਾ।" ਨੂਰਾ ਫਿਰ ਬੋਲਿਆ, "ਮਾਈ ਨਜ਼ੀਰਾਂ ਨੂੰ ਤਾਂ ਪਿਛਲੇ ਮਹੀਨੇ ਝੋਟੇ ਵਰਗੀ ਇਕ ਹਜ਼ਾਰ 'ਚ ਦੇ 'ਤੀ ਤੇ ਮੈਥੋਂ ਪੰਜ ਹਜ਼ਾਰ ਮੰਗੀ ਜਾਨੈਂ।"

"ਉਏ ਜਾਅ ਪਰ੍ਹਾਂ, ਮੁਫ਼ਤ ਦੀ ਮਾਰ ਐ ! ਬਾਡਰ ਪਾਰੋਂ ਚੋਰੀ ਕਰਕੇ ਲਿਆਉਣਾ ਤਾਂ ਇਕ ਪਾਸੇ, ਅੱਧੀ ਰਾਤ ਨੂੰ ਦਰਿਆ ਪਾਰ ਕਰਕੇ ਹੀ ਦਿਖਾ ਦੇ। ਇਹੋ ਜਿਹੀਆਂ ਮੱਝਾਂ ਮੁਫ਼ਤ ਨਾ ਦਿੱਤੀਆਂ ਤਾਂ ਨਿਜ਼ਾਮੁਦੀਨ ਦਾ ਪੁੱਤ ਨਾ ਜਾਣੀਂ।" ਕੁੰਮਾ ਤਲਖ਼ੀ ਨਾਲ ਬੋਲਿਆ। ਪੋਹ ਦੀਆਂ ਠੰਢੀਆਂ ਰਾਤਾਂ ਵਿਚ ਸਤਲੁਜ ਦੇ ਚੜ੍ਹਦੇ ਪਾਣੀਆਂ ਨੂੰ ਪਾਰ ਕਰਕੇ, ਨੇੜੇ ਦਿਆਂ ਜੰਗਲਾਂ 'ਚ ਕਾਲਿਆਂ ਸੱਪਾਂ ਦੀਆਂ ਸਿਰੀਆਂ ਨੱਪਣਾ, ਕੋਈ ਅੰਮਾ ਜੀ ਦੀ ਖੇਡ ਨਹੀਂ ਤੇ ਹੱਦੋਂ ਪਾਰ ਇਹ ਸਿੱਖੜੇ ਮਾਲ ਕੋਈ ਤਲੀ 'ਤੇ ਰੱਖ ਕੇ ਨਹੀਂ ਖੜ੍ਹੇ ਰਹਿੰਦੇ। ਮੌਤ ਦੇ ਮੂੰਹ 'ਚੋਂ ਕੱਢ ਕੇ ਲਿਆਉਣਾ। ਤੇ ਤੈਨੂੰ ਮੁਫ਼ਤ ਦੇ ਦਿਆਂ ? ਜੇ ਪੰਜਾਂ 'ਚ ਲੈਣੀ ਆ ਤਾਂ ਲੈ, ਨਹੀਂ ਤਾਂ ਆਪਣੀ ਡੰਡੀ ਪੈ। ਮਾਈ ਨਜ਼ੀਰਾਂ ਦਾ ਤੂੰ ਠੇਕਾ ਲਿਆ ? ਵਿਚਾਰੀ ਦਾ ਅੱਗਾ ਨਾ ਪਿੱਛਾ, ਕੱਲੀ ਜਾਨ, ਮੈਂ ਉਹਨੂੰ ਮੁਫ਼ਤ ਦੇਵਾਂ ਜਾਂ ਪੈਸੇ ਲਵਾਂ, ਡੇਰਾ ਢਿੱਡ ਦੁੱਖਦੈ ?"

ਕੁੰਮੇ ਦੀ ਗੱਲ ਸੁਣ ਕੇ ਨੂਰਦੀਨ ਝਿੱਥਾ ਜਿਹਾ ਮੂੰਹ ਲੈ ਕੇ ਵਾੜੇ 'ਚੋਂ ਬਾਹਰ ਨਿਕਲ ਆਇਆ। ਇਧਰ ਕੁੰਮੇ ਨੇ ਛੇਤੀ ਨਾਲ ਮੱਝਾਂ ਟਰੱਕ 'ਚ ਲੱਦਣ ਦੀ ਤਿਆਰੀ ਕੀਤੀ, ਜੋ ਉਹਦਾ ਭਾਈ ਜਲਾਲਦੀਨ ਰਾਤ ਦੀ ਮੰਡੀ ਅਹਿਮਦਾਬਾਦ ਤੋਂ ਕਿਰਾਏ 'ਤੇ ਲੈ ਆਇਆ ਸੀ। ਉਹ ਉਸ 'ਤੇ ਛੇ ਮੱਝਾਂ ਤੇ ਦੋ ਗਾਵਾਂ ਲੱਦ ਕੇ ਲਾਇਲਪੁਰ ਮੰਡੀ ਲੈ ਗਿਆ।

ਓਧਰ ਜਲਾਲਦੀਨ ਮਾਲ ਲੈ ਕੇ ਤੁਰਿਆ, ਇਧਰ ਕਹਾਣੀਆ ਤੁਰ ਪਈਆਂ।

"ਭਾਈ ਸ਼ਾਦੇ ਖਾਂ, "ਕੁੰਮੇ ਨੇ ਮੁੱਛ 'ਤੇ ਹੱਥ ਫੇਰ ਕੇ ਹੁੱਕੇ ਦਾ ਲੰਮਾ ਘੁੱਟ ਭਰਿਆ। "ਜਦੋਂ ਮੈਂ ਦਰਿਆ ਦੇ ਕੰਢੇ ਪਹੁੰਚਿਆ ਤਾਂ ਰਾਤ ਦੇ ਨੌਂ ਵੱਜੇ ਸੀ। ਰਾਤ ਘੁੱਪ ਹਨੇਰੀ, ਐਹੋ ਜਿਹੀ ਕਿ ਅਜ਼ਰਾਈਲ ਫ਼ਰਿਸ਼ਤੇ ਦੇ ਵੀ ਸਾਹ ਨਿਕਲ ਜਾਣ। ਓਧਰ ਸਤਲੁਜ ਦਾ ਠਾਠ੍ਹਾਂ ਮਾਰਦਾ ਠੰਢਾ ਪਾਣੀ। ਮੈਂ ਦਿਲ 'ਚ ਕਿਹਾ, ਲੈ ਬਈ ਕੁੰਮਿਆ ਤੇਰਾ ਤਾਂ ਹੁਣ ਰੱਬ ਰਾਖਾ ਤੇ ਸਾਈਂ

ਚੰਨਣ ਸ਼ਾਹ ਤੇਰਾ ਮਦਦਗਾਰ। ਮਾਰ ਦੇ ਛਾਲ ਦਰਿਆ 'ਚ। ਬਸ ਫਿਰ ਇਕ ਦੋ ਮਿੰਟ ਠੰਢ ਲੱਗੀ, ਉਸ ਤੋਂ ਬਾਅਦ ਤਾਂ ਮੈਂ ਦਰਿਆ ਨੂੰ ਚੀਰ ਕੇ ਲੰਘ ਗਿਆ, ਪੰਦਰਾਂ ਮਿੰਟਾਂ 'ਚ ਰੱਬ ਸਾਈਂ ਦੇ ਕਰਮ ਨਾਲ ਅਗਲੇ ਕੰਢੇ।"

"ਤੇ ਨੜੇ ਦਾ ਜੰਗਲ ਕਿਵੇਂ ਪਾਰ ਕੀਤਾ ? ਉਥੇ ਤਾਂ ਕਾਟੋਆਂ ਵਾਂਗੂੰ ਸੱਪ ਨੱਚਦੇ ਆ", ਸ਼ਮਸ ਅਲੀ ਨੇ ਹੈਰਾਨੀ ਨਾਲ ਪੁੱਛਿਆ।

"ਸ਼ੰਮੇ ਖਾਂ, ਨੜੇ ਦਾ ਨਹੀਂ, ਸੱਪਾਂ ਦਾ ਜੰਗਲ ਕਹਿ, ਸੱਪਾਂ ਦਾ", ਕੁੰਮਾ ਮਿੱਠੀ ਧੁੱਪ 'ਚ ਅੰਗੜਾਈ ਲੈਂਦਾ ਬੋਲਿਆ, "ਇੰਨੇ ਮੋਟੇ ਆ ਕਿ ਬੰਦੇ ਨੂੰ ਸਬੂਤਾ ਖਾ ਜਾਣ। ਡਕਾਰ ਮਾਰਨਾ ਤਾਂ ਅੱਡ ਗੱਲ, ਜੀਭ ਵੀ ਨੀ ਚੱਟਦੇ। ਬੱਸ ਦੋ ਪਾਸੇ ਮਾਰੇ ਤੇ ਬੰਦਾ ਹਜ਼ਮ। ਸਹੁੰ ਚੰਨਣ ਸ਼ਾਹ ਦੀ, ਇਨ੍ਹਾਂ ਅੱਖਾਂ ਨੇ ਵੀਹਾਂ ਬੰਦਿਆਂ ਨੂੰ ਨੜੇ ਦੇ ਇਸ ਜੰਗਲ 'ਚ ਗਾਇਬ ਹੁੰਦਿਆਂ ਦੇਖਿਆ ਐ। ਦੋ ਚਾਰ ਤਾਂ ਮੇਰੇ ਸਾਹਮਣੇ ਨਿਗਲ ਗਏ। ਪਰ ਮੈਂ ਕਿਹੜਾ ਕੋਈ ਜਵਾਕ ਸੀ ਕਿ ਇਹਦਾ ਤੋੜ ਨਾ ਜਾਣਦਾ। ਪੀਰ ਨਿਜ਼ਾਮ ਬਖਸ਼ ਤੋਂ ਮੰਤਰ ਇਸੇ ਔਕੜ ਵਾਸਤੇ ਤਾਂ ਸਿੱਖਿਆ ਸੀ। ਬੱਸ ਭਾਈ ਐਧਰ ਮੈਂ ਮੰਤਰ ਪੜ੍ਹਿਆ ਓਧਰ ਬਾਸ਼ਕ ਨਾਗ, ਕਲਸਾਢ, ਅਰਗਨ ਨਾਗ, ਪਦਮ ਨਾਗ, ਖਪਰਾ, ਕਲਚੂੜੀਆ, ਸੰਗਚੋੜ, ਕੁਲਹਰੀਆ, ਇਕ ਇਕ ਕਰਕੇ ਸਲਾਮੀ ਦੇਣ ਵਾਸਤੇ ਹਾਜ਼ਰ ਹੋ ਗਏ। ਨੀਲਬਾਨੀਆ ਨਹੀਂ ਮੰਨਿਆ ਤਾਂ ਇਕ ਫੂਕ ਮਾਰ ਕੇ ਰਾਖ ਕਰ ਦਿੱਤਾ।"

"ਪਰ ਸੂਰਾਂ 'ਤੇ ਤਾਂ ਮੰਤਰ ਚੱਲਦੇ ਨਹੀਂ ਤੇ ਮੈਂ ਜਾਣਦਾ ਵੀ ਦਸ ਵੀਹ ਨਹੀਂ, ਸੈਂਕੜੇ ਸੂਰ ਇਸ ਜੰਗਲ 'ਚ ਨੇ। ਜਿਵੇਂ ਹਿੰਦੋਸਤਾਨੀ ਫ਼ੌਜ ਮੂੰਹ 'ਚ ਕਟਾਰ ਲੈ ਕੇ ਘੁੰਮਦੀ ਫਿਰਦੀ ਹੋਵੇ। ਉਨ੍ਹਾਂ ਤੋਂ ਕਿਵੇਂ ਬਚਿਆ ?" ਹਾਮਦੀ ਨੇ ਟਕੋਰ ਕੀਤੀ।

"ਵਾਹ ਹਾਮਦੀ ਵਾਹ, ਆਪ ਤੂੰ ਖ਼ੂਬ ਕਹੀ ! ਆਹ ਕੰਧ ਨਾਲ ਲੱਗੀ ਛੇ ਫਲੀ ਬਰਛੀ ਦੇਖੀ ਐ ? ਵੱਢਣ ਵੇਲੇ ਦੁਸ਼ਮਣ ਤੇ ਸੂਰ 'ਚ ਫ਼ਰਕ ਨਹੀਂ ਕਰਦੀ। ਪੰਦਰਾਂ ਸੂਰ ਵੱਢ ਕੇ ਦੇਖ ਕਿਵੇਂ ਅਰਾਮ ਨਾਲ ਪਈ ਐ। ਜਨਮਾਂ ਜਨਮਾਂ ਦੀ ਸਾਥਣ। ਭਾਗਾਂ-ਭਰੀ ਨੇ ਰਾਤੀਂ ਕਮਾਲ ਕਰ ਦਿੱਤਾ।"

"ਮੁੱਕਦੀ ਗੱਲ, "ਕੁੰਮੇ ਨੇ ਕਹਾਣੀ ਅੱਗੇ ਵਧਾਉਂਦਿਆਂ ਕਿਹਾ, "ਸੂਰਾਂ ਨੂੰ ਪਾੜਦਾ ਤੇ ਸੱਪਾਂ ਨੂੰ ਕੁਚਲਦਾ ਰਾਤ ਦੇ ਇਕ ਕੁ ਵਜੇ ਮੈਂ ਫੌਜਾ ਸਿਓਂ ਕੇ ਵਾੜੇ 'ਚ ਪਹੁੰਚ ਗਿਆ ਅਤੇ ਇਕ ਇਕ ਕਰਕੇ ਸਾਰੀਆਂ ਮੱਝਾਂ ਖੋਲ੍ਹ ਕੇ ਅੱਗੇ ਲਾ ਲਈਆਂ। ਝੋਨੇ ਦੇ ਖੇਤਾਂ ਵਿਚ ਦੀ ਲੰਘ ਕੇ ਇਕ ਘੰਟੇ 'ਚ ਬਾਡਰ ਤੋਂ ਐਧਰ ਲੈ ਆਇਆ।"

"ਤੇ ਸਿੱਖੜਾ ਫੀਮ ਖਾ ਕੇ ਸੁੱਤਾ ਸੀ ਵੀ ਜਾਗਿਆ ਨਹੀਂ ?" ਇਰਸ਼ਾਦ ਅਲੀ ਨੇ ਪੁੱਛਿਆ।

"ਸਾਲਾ ਬੰਦਾ ਥੋੜ੍ਹੈ, ਮੈਂਹ ਐ। ਹਰ ਰੋਜ਼ ਚਾਰ ਜੱਗ ਲੱਸੀ ਦੇ ਪੀ ਕੇ ਸੌਂਦਾ ਐ। ਜੋ ਐਨੀ ਲੱਸੀ ਪੀ ਲਏ, ਫਿਰ ਓਹ ਤਾਂ ਕੀ ਓਹਦੇ ਤਾਂ ਭਾਗ ਵੀ ਸੌਂ ਜਾਂਦੇ ਆ।"

ਕੁੰਮਾ ਸਿਆਲਾਂ ਦੀ ਇਸ ਖਿੜੀ ਧੁੱਪ 'ਚ ਥੜ੍ਹੇ 'ਤੇ ਬੈਠਾ ਪਿੰਡ ਦੇ ਲੋਕਾਂ ਨੂੰ ਆਪਣੀ ਇਸ ਵਾਰਦਾਤ ਦੇ ਕਿੱਸੇ ਸੁਣਾ ਰਿਹਾ ਸੀ ਕਿ ਦੂਰੋਂ ਮੌਲਵੀ ਸਿਰਾਜ ਦੀਨ ਤਸਬੀ ਫੇਰਦਾ ਹੋਇਆ ਨੇੜੇ ਆਇਆ ਤੇ ਕੁੰਮੇ ਨੂੰ ਕਹਿਣ ਲੱਗਿਆ, "ਕੁੰਮੇ, ਗ਼ਨੀਮਤ ਦਾ ਮਾਲ ਮੁਬਾਰਕ ਹੋਵੇ। ਸੁਣਿਐ ਰਾਤ ਅੱਲ੍ਹਾ ਨੇ ਤੇਰੀ ਬੜੀ ਮਦਦ ਕੀਤੀ, ਪੂਰੇ ਅੱਠ ਡੰਗਰ ਲੈ ਕੇ ਆਇਐਂ। ਬੱਸ ਕਾਫ਼ਰਾਂ ਦੇ ਨਾਲ ਜ਼ਿਹਾਦ ਦਾ ਅੱਜ ਕੱਲ੍ਹ ਇਹੀ ਤਰੀਕਾ ਠੀਕ ਐ। ਅੱਲ੍ਹਾ ਨੇ ਚਾਹਿਆ ਤਾਂ ਮੇਰੀ ਬਖਸ਼ਿਸ਼ ਪੱਕੀ ਐ।"

ਸਾਰੇ ਜਣਿਆਂ ਨੇ ਮੌਲਵੀ ਦੀ ਇਸ ਗੱਲ ਨੂੰ ਧਿਆਨ ਨਾਲ ਸੁਣਿਆ ਤੇ ਕੁੰਮੇ ਵੱਲ ਈਰਖਾ ਨਾਲ ਦੇਖਣ ਲੱਗੇ। ਸੁਣ ਕੇ ਕੁੰਮਾ ਵੀ ਮਾਣ ਨਾਲ ਮੁੱਛਾਂ 'ਤੇ ਹੱਥ ਫਿਰਨ ਲੱਗਿਆ ਤੇ ਬਣਾਉਟੀ ਹਲੀਮੀ ਨਾਲ ਮੌਲਵੀ ਵੱਲ ਝੁਕਿਆ। ਫਿਰ ਮੌਲਵੀ ਸਾਹਿਬ ਨੇ ਪੰਦਰਾਂ ਵੀਹ ਮਿੰਟ ਇਸਲਾਮ ਅਤੇ ਕੁਫ਼ਰ 'ਤੇ ਭਾਸ਼ਨ ਦਿੱਤਾ। ਇਸ ਤੋਂ ਬਾਅਦ ਕੁੰਮੇ ਦੇ ਘਰੋਂ ਸਾਰੇ ਜਣਿਆਂ ਵਾਸਤੇ ਚਾਹ ਬਣ ਕੇ ਆ ਗਈ, ਜਿਹਨੂੰ ਸਾਰੇ ਸਵਾਦ ਨਾਲ ਪੀਣ ਲੱਗੇ। ਚਾਹ ਪੀ ਕੇ ਮੌਲਵੀ ਸਿਰਾਜ ਦੀਨ ਉੱਠਿਆ, ਉੱਠ ਕੇ ਜਾਣ ਲੱਗਿਆ ਤਾਂ ਸਾਰੇ ਖੜ੍ਹੇ ਹੋ ਗਏ। ਦੋ ਪੈਰ ਤੁਰ ਕੇ ਮੌਲਵੀ ਸਾਹਿਬ ਫਿਰ ਰੁਕੇ ਤੇ ਕੁੰਮੇ ਨੂੰ ਕਹਿਣ ਲੱਗੇ, "ਪੁੱਤਰ ਕੁੰਮੇ, ਮਸਜਿਦ ਦਾ ਹਿੱਸਾ ਛੇਤੀ ਭੇਜ ਦੇਈਂ, ਕਿਤੇ ਖ਼ੁਦਾ ਨਰਾਜ਼ ਨਾ ਹੋ ਜਾਵੇ।"

"ਬਸ ਮੌਲਵੀ ਸਾਹਿਬ ਜਲਾਲਦੀਨ ਮੰਡੀ ਤੋਂ ਵਾਪਿਸ ਆ ਜਾਵੇ, ਤਾਂ ਸਭ ਤੋਂ ਪਹਿਲਾਂ ਮਸਜਿਦ ਦਾ ਹਿੱਸਾ ਪਹੁੰਚੂ, "ਕੁੰਮੇ ਨੇ ਤੜੱਕ ਨਾਲ ਜਵਾਬ ਦਿੱਤਾ।

* * *

"ਲੈ ਭਾਈ ਕੁੰਮੇ, ਅੱਜ ਤੋਂ ਤੀਸਰੇ ਦਿਨ ਭਾਦੋਂ ਦੀ ਸੋਲਾਂ ਹੈ", ਖਾਨੂੰ ਸਿਆਨ ਨੇ ਬੈਠਦਿਆਂ ਕਿਹਾ। "ਮੈਂ ਤੇਰੇ ਤੇ ਦੋ ਹਜ਼ਾਰ ਦੀ ਝੰਡੀ ਰੱਖਤੀ। ਹਮੀਦਾ ਗੁੱਜਰ ਇਸ ਵਾਰ ਕੁਸ਼ਤੀ 'ਚ ਜਿੱਤ ਨਾ ਜਾਏ। ਸ਼ਾਮਦੀਨ ਤੇ ਫੈਜੇ ਨੇ ਉਹਦੇ 'ਤੇ ਸ਼ਰਤ ਲਾਈ ਐ।"

"ਚਾਚਾ ਖਾਨੂੰ, ਤੂੰ ਫ਼ਿਕਰ ਨਾ ਕਰ, ਹਰਾਮੀ ਨੂੰ ਐਸਾ ਧੋਬੀ ਪਟਕਾ ਦੇਊਂਗਾ ਕਿ ਫਿਰ ਦਸ ਪੁਸ਼ਤਾਂ ਤੱਕ ਕੋਈ ਕੁਸ਼ਤੀ ਨਾ

ਕਰੂ। ਗੈਂਡੇ ਦੀ ਔਲਾਦ ਨੇ ਪਿਛਲੇ ਸਾਲ ਮਾਈ ਜੁੰਮਨ ਦੇ ਪੁੱਤਰ ਦੀ ਲੱਤ ਤੋੜ ’ਤੀ, ਤੇ ਪਸਲੀਆਂ ’ਤੇ ਵੀ ਬਿਨਾਂ ਗੱਲੋਂ ਜ਼ੋਰ ਪਾਉਂਦਾ ਰਿਹਾ”, ਕੁੰਮਾ ਤੜ੍ਹਫ ਕੇ ਬੋਲਿਆ। “ਉਹ ਤਾਂ ਸਰਦਾਰ ਨਬੀ ਬਖਸ਼ ਨੇ ਕੁਸ਼ਤੀ ਛੁਡਵਾ ਤੀ, ਨਹੀਂ ਤਾਂ ਇਹਨੇ ਤਾਂ ਉਹਨੂੰ ਮਾਰ ਹੀ ਦੇਣਾ ਸੀ। ਪਰ ਇਹ ਤਾਂ ਦੱਸ ਕਿ ਐਨੇ ਪੈਸੇ ਆ ਕਿਥੋਂ ਗਏ ਜਿਹੜੇ ਪੂਰੇ ਦੋ ਹਜ਼ਾਰ ਲਾਉਣ ਲੱਗਿਐਂ ? ਤੇ ਫਿਰ ਕੁੱਤਿਆਂ ਦੀ ਲੜਾਈ ਤੇ ਕਬੱਡੀ ’ਤੇ ਵੀ ਵੀ ਦਾਅ ਲਾਉਣਾ ਹੋਊ।”

“ਪੁੱਤਰ ਤੂੰ ਇਹਦੀ ਚਿੰਤਾ ਨਾ ਕਰ”, ਖਾਨੂੰ ਸਿਆਲ ਬੋਲਿਆ। “ਇਸ ਵਾਰ ਝੋਨੇ ਤੇ ਕਮਾਦ ਦੀ ਫ਼ਸਲ ਨੇ ਸਾਰੇ ਦਲਿੱਦਰ ਧੋ ਦਿੱਤੇ। ਪੂਰੇ ਇਕ ਲੱਖ ਦੀ ਫ਼ਸਲ ਹੋਈ ਐ। ਕਰਜ਼ਾ ਉਧਾਰ ’ਤਾਰ ਕੇ ਵੀਹ ਹਜ਼ਾਰ ਐਸੇ ਔਖੇ ਵੇਲੇ ਵਾਸਤੇ ਬਚਾ ਕੇ ਰੱਖਿਐ। ਹਾਂ ਪਰ ਇਸ ਸਾਲ ਤੂੰ ਵੀ ਤਾਂ ਤਿੰਨ ਚੋਰੀਆਂ ਕੀਤੀਆਂ। ਉਹ ਕਿੰਨੀਆਂ ਕੁ ਹੋਈਆਂ ? ਜਿਥੋਂ ਤੱਕ ਮੈਨੂੰ ਪਤੈ ਘੱਟੋ ਘੱਟ ਇਕ ਲੱਖ ਦਾ ਮਾਲ ਹੋਊਗਾ। ਜਾਨੂੰ, ਸ਼ਰੀਫ਼ਾ, ਸ਼ੰਮਾ ਤੇ ਕਾਲੂ ਨਾਈ ਤਾਂ ਇਸੇ ਕੰਮ ’ਚੋਂ ਮੁਰੱਬਿਆਂ ਦੇ ਮਾਲਕ ਬਣ ਗਏ ਤੇ ਤੂੰ ਉਹੀ ਫੱਕਰ ਦਾ ਫੱਕਰ।”

“ਚਾਚਾ ਕੀ ਦੱਸਾਂ”, ਕੁੰਮਾ ਹਿਰਖ਼ ਨਾਲ ਬੋਲਿਆ, “ਜਿਸ ਦਿਨ ਚੋਰੀ ਕਰਕੇ ਲਿਆਉਂਨਾ, ਦੂਜੇ ਹੀ ਦਿਨ ਅੱਧਾ ਪਿੰਡ ਉਧਾਰ ਮੰਗਣ ਆ ਜਾਂਦੈ। ਤੇ ਅੱਜ ਤਾਈਂ ਕਿਸੇ ਨੇ ਇਕ ਪਾਈ ਵੀ ਨੀ ਮੋੜੀ। ਪੁਲੀਸ ਤੀਜਾ ਹਿੱਸਾ ਅੱਡ ਉਗਰਾਹ ਲੈਂਦੀ ਐ। ਉਹਤੋਂ ਬਿਨਾਂ ਪੰਦਰਾਂ ਜਣੇ ਘਰ ਦੇ ਤੇ ਅੱਲਾ ਬਖਸ਼ੇ ਭਾਈ ਰਹਿਮਤ ਦਾ ਟੱਬਰ ਅੱਡ। ਬਸ ਸਮਝੋ ਇਧਰ ਆਇਆ ਤੇ ਓਧਰ ਨਿਕਲ ਗਿਆ। ਖ਼ੈਰ ਚਾਚਾ, ਤੂੰ ਇਸ ਕਿੱਸੇ ਨੂੰ ਛੱਡ, ਇਸ ਦੋ ਹਜ਼ਾਰ ’ਚੋਂ ਇਕ ਹਜ਼ਾਰ ਮੇਰਾ ਤੇ ਬਾਕੀ ਸਭ ਤੇਰਾ। ਅੱਲ੍ਹਾ ਨੇ ਚਾਹਿਆ ਤਾਂ ਸੋਲਾਂ ਭਾਦੋਂ ਨੂੰ ਚਾਨਣ ਸ਼ਾਹ ਦਾ ਮੇਲਾ ਰੰਗ ਦੇਊਗਾ।

ਮੇਲਾ ਹਾਲੇ ਤਿੰਨਾਂ ਦਿਨਾਂ ਨੂੰ ਸੀ। ਚੱਕ ਕਾਸਿਮ ਸ਼ਾਹ ਅਤੇ ਆਲੇ-ਦੁਆਲੇ ਦੇ ਦਸ ਪੰਦਰਾਂ ਪਿੰਡ ਜਿਹੜੇ ਦਰਿਆ ਦੇ ਹਠਾੜ ਵਿਚ ਪੈਂਦੇ ਸੀ। ਸਾਰੇ ਮੇਲੇ ਤੋਂ ਬਿਨਾਂ ਸਭ ਕੁਝ ਭੁੱਲ ਗਏ। ਭਲਵਾਨਾਂ ਦੀਆਂ ਮਾਲਿਸ਼ਾਂ ਹੋ ਰਹੀਆਂ ਨੇ। ਕੁੱਤਿਆਂ ਤੇ ਕੁੱਕੜਾਂ ਦੀ ਸੇਵਾ ਦੁੱਗਣੀ ਹੋ ਗਈ। ਚਾਨਣ ਸ਼ਾਹ ਦੇ ਮਜ਼ਾਰ ਦੇ ਖੱਬੇ ਪਾਸੇ ਦਰਿਆ ਦੇ ਕੰਢੇ ਅਖਾੜ੍ਹੇ ਦੀ ਜਗ੍ਹਾ ਹਲ ਵਾਹ ਕੇ ਪੋਲੀ ਕਰ ਦਿੱਤੀ ਗਈ। ਮਜ਼ਾਰ ’ਤੇ ਝੰਡੀਆਂ ਤੇ ਰੰਗ-ਬਿਰੰਗੀਆਂ ਚੁੰਨੀਆਂ ਲਹਿਰਾਉਣ ਲੱਗੀਆਂ। ਦੂਰ-ਦੂਰ ਦੇ ਪਿੰਡਾਂ ਦੀਆਂ ਬੀਬੀਆਂ ਮਜ਼ਾਰ ’ਤੇ ਘਿਓ ਦੇ ਚਿਰਾਗ਼ ਜਗਾਉਣ ਆਈਆਂ ਅਤੇ ਮੰਨਤਾਂ ਦਾ ਦੁੱਧ ਵੰਡਿਆ ਜਾਣ ਲੱਗਿਆ। ਮਲੰਗਾਂ ਨੇ ਬੂਟੀ ਦੇ ਰਗੜੇ ਤੇ ਹੱਕ ਅਲੀ ਦੇ ਨਾਅਰੇ ਹੋਰ ਤੇਜ਼ ਕਰ ਦਿੱਤੇ।

ਤੂਤਾਂ ਨੇ ਨਿੰਮਾਂ ਦੀ ਗੂੜ੍ਹੀ ਛਾਂ ’ਚ ਧਮਾਲਾਂ ਪਾਈਆਂ ਤਾਂ ਹਠਾੜ ਵਿਚ ਜਿਵੇਂ ਜ਼ਿੰਦਗੀ ਚਹਿਕ ਪਈ। ਬੱਚਿਆਂ ਤੋਂ ਲੈ ਕੇ ਬੁੱਢਿਆਂ ਤੱਕ ਹਰ ਕੋਈ ਮਜ਼ਾਰ ਵੱਲ ਤੁਰ ਪਿਆ। ਮਜ਼ਾਰ ਦੇ ਨਾਲ ਦੀ ਵੀਹ ਕੁ ਕਿੱਲੇ ਜ਼ਮੀਨ ਮਠਿਆਈ, ਜਲੇਬੀਆਂ ਤੇ ਪਕੌੜਿਆਂ ਵਾਲਿਆਂ ਦੀ ਹੱਟੀਆਂ ਨਾਲ ਭਰ ਗਈ।

ਪੰਦਰਾਂ ਦੀ ਰਾਤ ਨੂੰ ਦਰਬਾਰ ਵਿਚ ਹਰ ਪਾਸੇ ਘਿਓ, ਗੈਸ ਤੇ ਤੇਲ ਦੇ ਚਿਰਾਗ਼ ਜਗ ਪਏ। ਨਕਾਲਾਂ ਅਤੇ ਭੰਡਾਂ ਦੀਆਂ ਟੋਲੀਆਂ ਨੇ ਆਪਣੇ ਅਖਾੜ੍ਹਿਆਂ ਵਾਸਤੇ ਅੱਡ-ਅੱਡ ਥਾਵਾਂ ਮੱਲ ਲਈਆਂ ਤੇ ਅੱਧੀ ਰਾਤ ਤੱਕ ਤਿਆਰੀਆਂ ਵਿਚ ਲੱਗੇ ਰਹੇ। ਚੰਨ ਦੀ ਚੌਦਵੀਂ ਦਾ ਦੁੱਧ ਵਰ੍ਹ ਰਿਹਾ ਸੀ ਅਤੇ ਮੇਲਾ ਪੂਰੀ ਰੌਣਕ ਵਿਚ ਸੀ ਕਿ ਸ਼ਫ਼ੀ ਕੰਬੋਅ ਨੇ ਆ ਖ਼ਬਰ ਦਿੱਤੀ : “ਦਰਿਆ ਦਾ ਪਾਣੀ ਖ਼ਤਰੇ ਦੇ ਨਿਸ਼ਾਨ ’ਤੋਂ ਉੱਤੇ ਚੜ੍ਹ ਰਿਹਾ ਐ। ਆਪਣਾ ਆਪਣਾ ਬੰਦੋਬਸਤ ਕਰ ਲਓ।” ਇਹ ਸੁਣ ਕੇ ਅਚਾਨ ਲੋਕਾਂ ਵਿਚ ਬੇਚੈਨੀ ਫੈਲ ਗਈ।

ਰਫ਼ੀਕ ਜੋਹੀਆ ਘਰੋਂ ਰੇਡੀਓ ਚੁੱਕ ਲਿਆਇਆ। ਅੱਠਾਂ ਦਸਾਂ ਦਿਨਾਂ ਤੋਂ ਉਹ ਖ਼ਬਰ ਤਾਂ ਸੁਣ ਰਹੇ ਸੀ ਕਿ ਦਰਿਆ ਦਾ ਪਾਣੀ ਚੜ੍ਹਨ ਵਾਲਾ ਹੈ, ਪਰ ਉਹ ਇਹਨੂੰ ਅਫ਼ਵਾਹ ਹੀ ਸਮਝੇ। ਕਿਉਂਕਿ ਹਰ ਸਾਲ ਇਹੋ ਜਿਹੀਆਂ ਅਫ਼ਵਾਹਾਂ ਉੱਡਦੀਆਂ ਰਹਿੰਦੀਆਂ ਸਨ, ਪਰ ਪਾਣੀ ਕਦੇ ਵੀ ਖ਼ਤਰੇ ਦੇ ਨਿਸ਼ਾਨ ਤੋਂ ਉੱਤੇ ਨਾ ਚੜ੍ਹਿਆ। ਹਾਂ, ਵੀਹ ਸਾਲ ਪਹਿਲਾਂ ਹੜ੍ਹ ਆਇਆ ਸੀ ਜੀਹਨੇ ਇਨ੍ਹਾਂ ਦਾ ਕਾਫ਼ੀ ਨੁਕਸਾਨ ਕੀਤਾ। ਫਿਰ ਉਸ ਤੋਂ ਬਾਅਦ ਕੋਈ ਐਹੋ ਜਿਹੀ ਮੁਸੀਬਤ ਨਹੀਂ ਆਈ।

ਰਾਤ ਦੇ ਇਕ ਵਜੇ ਸਾਰੇ ਜਾਣੇ ਰੇਡੀਓ ਦੁਆਲੇ ਬੈਠ ਗਏ ਅਤੇ ਖ਼ਬਰਾਂ ਵਿਚ ਹੜ੍ਹ ਬਾਰੇ ਸੁਣਨ ਵਾਸਤੇ ਤਿਆਰ ਹੋਏ, ਪਰ ਸਾਰੀਆਂ ਖ਼ਬਰਾਂ ਵਿਚ ਹੜ੍ਹ ਦਾ ਰਤਾ ਵੀ ਜ਼ਿਕਰ ਨਹੀਂ ਸੀ। ਫਿਰ ਵੀ ਬੇਚੈਨੀ ਨਾ ਗਈ। ਲੋਕ ਮੇਲਾ ਭੁੱਲ ਕੇ ਦਰਿਆ ਵੱਲ ਦੇਖਣ ਲੱਗੇ, ਇਥੋਂ ਤੱਕ ਕਿ ਦੂਰੋਂ ਹੀ ਪਾਣੀ ਦੀ ਆਵਾਜ਼ ਸੁਣਨ ਲੱਗੀ। ਰਾਤ ਦੇ ਕੋਈ ਤਿੰਨ ਵਜੇ ਦਰਿਆ ਨੇ ਆਪਣੇ ਪੱਤਣ ਡੁਬੋ ਲਏ ਤੇ ਫ਼ਸਲਾਂ ਨਿਗਲਣ ਲੱਗਿਆ। ਹੁਣ ਤਾਂ ਐਹੋ ਜਿਹਾ ਡਰ ਫੈਲਿਆ ਕਿ ਲੋਕਾਂ ਵਿਚ ਭਗਦੜ ਮੱਚ ਗਈ। ਕੁਝ ਕੁ ਚਿਰ ’ਚ ਪਾਣੀ ਜਦੋਂ ਮਜ਼ਾਰ ਦੇ ਨੇੜੇ ਆ ਗਿਆ ਤਾਂ ਦੁਕਾਨਦਾਰਾਂ ਨੇ ਛੇਤੀ-ਛੇਤੀ ਦੁਕਾਨਾਂ ਵਧਾ ਦਿੱਤੀਆਂ। ਨਕਾਲ ਤੇ ਭੰਡ ਅਖਾੜ੍ਹੇ ਸਮੇਟਣ ਲੱਗੇ। ਲੋਕ ਆਪਣੇ-ਆਪਣੇ ਪਿੰਡਾਂ ਵੱਲ ਭੱਜੇ, ਪਰ ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਦਰਿਆ ਪਿੰਡਾਂ ਦੀਆ ਕੱਚੀਆਂ ਕੰਧਾਂ ਖਾ ਚੁੱਕਿਆ ਸੀ।

ਰਾਤ ਵੇਲੇ ਲੋਕਾਂ ਤੋਂ ਜੋ ਕੁਝ ਸਮੇਟਿਆ ਗਿਆ ਉਹਨੂੰ ਸਮੇਟਿਆ, ਤੇ ਬਾਕੀ ਸਾਰਾ ਕੁਝ ਉਥੇ ਛੱਡ ਕੇ ਵੱਡੇ ਬੰਨ੍ਹ ਵੱਲ ਜਾਣ ਲੱਗੇ। ਟਰਾਲੀਆਂ, ਛਕੜੇ ਅਤੇ ਗਧੀ ਰੇੜ੍ਹੀਆਂ ਜੁੜ ਗਈਆਂ। ਪਰ ਦਰਿਆ ਦੀ ਰਫ਼ਤਾਰ ਉਨ੍ਹਾਂ ਨਾਲੋਂ ਕਿਤੇ ਤੇਜ

ਸੀ। ਤੇਜ ਸ਼ੂਕਦਾ ਹੋਇਆ ਦਰਿਆ ਕਿਸੇ ਮਸਤ ਹਾਥੀ ਵਾਂਗੂ ਚੜ੍ਹਿਆ ਆਉਂਦਾ ਸੀ। ਕੁੰਮੇ ਨੇ ਦੇਖਿਆ ਤਾਂ ਆਪਣੀਆਂ ਮੱਝਾਂ ਤੇ ਘਰ ਦੇ ਜੀਆਂ ਤੋਂ ਬਿਨਾਂ ਸਾਰੀਆਂ ਚੀਜ਼ਾਂ ਉਥੇ ਹੀ ਛੱਡ ਦਿੱਤੀਆਂ ਤੇ ਉਨ੍ਹਾਂ ਨੂੰ ਹੱਕਦਾ ਵੱਡੇ ਬੰਨ੍ਹ ਵੱਲ ਤੁਰ ਪਿਆ।

ਸਵੇਰੇ ਪੰਜ ਵਜੇ ਕੁੰਮਾਂ ਤੇ ਦਰਿਆ ਬਰਾਬਰ ਹੀ ਬੰਨ੍ਹ 'ਤੇ ਪਹੁੰਚੇ। ਬੰਨ੍ਹ 'ਤੇ ਕੁੰਮੇ ਵਾਂਗੂ ਹੋਰ ਵੀ ਸੈਂਕੜੇ ਲੋਕ ਦੂਰ ਤੱਕ ਕੰਢੇ 'ਤੇ ਬੈਠੇ ਹੋਏ ਸਨ। ਜਿਨ੍ਹਾਂ ਨੇ ਛੇਤੀ ਨਾਲ ਹਠਾੜ ਛੱਡ ਦਿੱਤਾ ਸੀ। ਕੁੰਮੇ ਨੇ ਕੰਢੇ 'ਤੇ ਖੜ੍ਹ ਕੇ ਜਦੋਂ ਦਰਿਆ ਨੂੰ ਦੇਖਿਆ, ਤਾਂ ਉਹਨੂੰ ਇਵੇਂ ਲੱਗਿਆ ਜਿਵੇਂ ਜ਼ਮੀਨ ਵਿਚੋਂ ਪਾਣੀ ਦਾ ਵੱਡਾ ਅਜਗਰ ਨਿਕਲ ਆਇਆ ਹੋਵੇ।

ਹਜ਼ਾਰਾਂ ਛੱਪਰ ਵਹੀ ਜਾ ਰਹੇ ਸਨ। ਸੈਂਕੜੇ ਬੱਕਰੀਆਂ ਤੇ ਗਾਵਾਂ-ਮੱਝਾਂ ਤਰਦੀਆਂ ਤੇ ਡੁੱਬਦੀਆਂ ਢਹਿੰਦੀਆਂ ਬੰਨ੍ਹ ਵੱਲ ਆਉਣ ਦੀ ਕੋਸ਼ਿਸ਼ ਕਰ ਰਹੀਆਂ ਸਨ ਕਿ ਚਾਣਚੱਕ ਉਹਦੀ ਨਿਗ੍ਹਾ ਅਰਸ਼ਦ ਅਲੀ 'ਤੇ ਪਈ, ਜਿਹੜਾ ਆਪਣੇ ਦੋ ਨਿਆਣਿਆਂ ਤੇ ਘਰਵਾਲੀ ਨੂੰ ਮੁਸ਼ਕਿਲ ਨਾਲ ਸੰਭਾਲਦਾ, ਹਫ਼ਦਾ ਹੋਇਆ ਬੰਨ੍ਹ ਵੱਲ ਆ ਰਿਹਾ ਸੀ। ਕੁੰਮੇ ਨੇ ਜਿਵੇਂ ਹੀ ਦੇਖਿਆ, ਛਾਲ ਮਾਰ ਕੇ ਚੀਤੇ ਦੀ ਫੁਰਤੀ ਨਾਲ ਇਰਸ਼ਾਦ ਅਲੀ ਕੋਲ ਪਹੁੰਚ ਗਿਆ ਤੇ ਦੋਨੇ ਨਿਆਣੇ ਬੋਚ ਕੇ ਬੰਨ੍ਹ ਵੱਲ ਵਧਿਆ। ਇਰਸ਼ਾਦ ਅਲੀ ਦੀ ਜਾਨ ਵਿਚ ਜਾਨ ਆਈ। ਪਰ ਹੁਣ ਕੁੰਮੇ ਨੂੰ ਚੈਨ ਕਿਥੇ। ਇਧਰੋਂ ਉਧਰੋਂ ਡੁੱਬਣ ਵਾਲਿਆਂ ਨੇ ਬੁਲਾਉਣਾ ਸ਼ੁਰੂ ਕਰ ਦਿੱਤਾ। ਉਹਨੇ ਦਰਿਆ ਤੋਂ ਬੰਨ੍ਹ ਤੱਕ ਤੋਂ ਦਰਿਆ ਤੱਕ ਕਈ ਚੱਕਰ ਲਾਏ। ਕਿੰਨਿਆਂ ਨੂੰ ਖਿੱਚ-ਖਿੱਚ ਕੇ ਬਾਹਰ ਲਿਆਇਆ। ਮੌਲਵੀ ਸਿਰਾਜਦੀਨ, ਚੌਧਰੀ ਨੂਰਦੀਨ, ਫ਼ੈਜ਼ ਚੌਧਰੀ, ਖਾਨੂ ਸਿਆਲ ਤੇ ਸੈਂਕੜੇ ਪਿੰਡਾਂ ਵਾਲੇ ਬੰਨ੍ਹ ਤੇ ਬੈਠੇ, ਲਾਚਾਰੀ ਦੀ ਹਾਲਤ 'ਚ, ਮੱਕੀ, ਕਣਕ ਤੇ ਬਾਜਰੇ ਦੀਆ ਪੰਡਾਂ ਨੂੰ ਪਾਣੀ 'ਚ ਵਹਿੰਦਿਆਂ ਦੇਖਦੇ ਰਹੇ। ਹੁਣ ਦਰਿਆ ਦਾ ਪਾਣੀ ਇੰਨਾ ਵੱਧ ਗਿਆ ਸੀ ਕਿ ਬੰਨ੍ਹ ਦੀ ਅਖੀਰਲੀ ਹੋਂਦ ਨੂੰ ਛੋਹਣ ਲੱਗਿਆ। ਵੱਡੇ-ਵੱਡੇ ਦਰੱਖਤਾਂ ਦੀਆਂ ਟੀਸੀਆਂ ਡੁੱਬਣ ਤੋਂ ਬਚ ਗਈਆਂ, ਜਿਹੜੀਆਂ ਪੰਛੀਆਂ ਨਾਲ ਢੱਕੀਆਂ ਪਈਆਂ ਸਨ। ਦਰਿਆ ਨੇ ਕਈ ਦਰਖਤ ਵੀ ਜੜ੍ਹੋਂ ਪੁੱਟ ਦਿੱਤੇ। ਹਜ਼ਾਰਾਂ ਡੰਗਰ ਡੁੱਬ ਗਏ, ਜਿਨ੍ਹਾਂ ਨੂੰ ਪਾਣੀ ਵਹਾ ਕੇ ਲੈ ਗਿਆ ਸੀ। ਇੱਕਾ-ਦੁੱਕਾ ਇਨਸਾਨਾਂ ਦੀਆਂ ਵੀ ਲਾਸ਼ਾਂ ਤੈਰਦੀਆਂ ਨਜ਼ਰ ਆਈਆਂ, ਤੇ ਦਰਿਆ ਦਾ ਪੱਤਣ ਮੀਲਾਂ ਤੱਕ ਫੈਲ ਗਿਆ। ਐਸੀ ਹਾਲਤ ਵਿਚ ਕੁੰਮੇ ਨੇ ਦੁਪਹਿਰ ਢਲਣ ਤੱਕ ਆਪਣੀ ਡੁੱਬੀ ਹੋਈ ਬਸਤੀ ਤੋਂ ਬੰਨ੍ਹ ਤੱਕ ਰੱਬ ਜਾਣੇ ਕਿੰਨੇ ਚੱਕਰ ਲਾਏ ਤੇ ਥੱਕ ਕੇ ਨਿਢਾਲ ਹੋ ਗਿਆ। ਇਸ ਦੇ ਬਾਵਜੂਦ ਹਰ ਕਿਸੇ ਦੀ ਨਿਗ੍ਹਾ ਮਦਦ ਵਾਸਤੇ ਉਹਦੇ ਵੱਲ ਪੈਂਦੀ ਤੇ ਉਹ ਹਰ ਚੱਕਰ 'ਚ ਬੰਨ੍ਹ 'ਤੇ ਪਹੁੰਚ ਕੇ ਫ਼ਖਰ ਨਾਲ ਲੋਕਾਂ 'ਤੇ ਨਿਗ੍ਹਾ ਮਾਰਦਾ, ਜਿਵੇਂ ਕਹਿ ਰਿਹਾ ਹੋਵੇ, "ਦੇਖਿਆ! ਮੈਂ ਜੋ ਥੋਨੂੰ ਆਪਣੇ ਕਾਰਨਾਮੇ ਗਿਣਵਾਉਂਦਾ ਸੀ ਹੁਣ ਤਾਂ ਉਨ੍ਹਾਂ 'ਤੇ ਯਕੀਨ ਆ ਗਿਆ ਕਿ ਨਹੀਂ ? ਮੈਥੋਂ ਬਿਨਾਂ ਅੱਜ ਕੌਣ ਹੈ ਦਰਿਆ ਨਾਲ ਦੋ ਹੱਥ ਕਰਨ ਵਾਲਾ ? ਐਸੀ ਨਜ਼ਰ ਮਾਰ ਕੇ ਫਿਰ ਬਿਫਰੇ ਹੋਏ ਪਾਣੀ ਵਿਚ ਛਾਲ ਮਾਰ ਦਿੰਦਾ। ਪਰ ਬੰਦਾ ਆਖਿਰ ਬੰਦਾ ਹੈ, ਦੁਪਹਿਰ ਤੱਕ ਥੱਕ ਕੇ ਨਿਢਾਲ ਹੋ ਗਿਆ। ਘਰਵਾਲੀ ਨੇ ਇਹ ਹਾਲਤ ਦੇਖੀ ਤਾਂ ਰੋਣ ਲੱਗੀ ਕਿ ਹੁਣ ਨਾ ਕੁੱਦੀਂ। ਹੌਲੀ-ਹੌਲੀ ਉਹਦਾ ਆਪਣਾ ਜੋਸ਼ ਵੀ ਠੰਢਾ ਪੈ ਗਿਆ। ਪਰ ਇਹ ਸੋਚ ਕੇ ਕਿ ਲੋਕ ਉਹਨੂੰ ਨਾਮਰਦ ਦਾ ਤਾਅਨਾ ਦੇਣਗੇ, ਦੁਬਾਰ ਪਾਣੀ ਵਿਚ ਕੁੱਦ ਜਾਂਦਾ। ਕਰਦਿਆਂ ਕਰਦਿਆਂ ਆਥਣ ਹੋ ਗਿਆ। ਫਿਰ ਅਚਾਨਕ ਇਹ ਦੇਖ ਕੇ ਉਹਦੀ ਜਾਨ 'ਚ ਜਾਨ ਆਈ ਕਿ ਲੋਕਾਂ ਦੀ ਮਦਦ ਵਾਸਤੇ ਪਾਕਿਸਤਾਨ ਫ਼ੌਜ ਦਰਿਆ 'ਚ ਉਤਰ ਆਈ ਹੈ। ਹੁਣ ਉਹਨੇ ਜਲਦੀ ਨਾਲ ਆਪਣੇ ਕਬੀਲੇ ਨੂੰ ਨਾਲ ਲਿਆ ਤੇ ਚੱਕ ਜਿੰਦੇ ਕਾ ਵਿਚ ਫ਼ੌਜ ਦੇ ਲਾਏ ਹੋਏ ਤੰਬੂਆਂ ਵਿਚੋਂ ਇਕ ਤੰਬੂ ਵਿਚ ਜਾ ਬੈਠਿਆ। ਫਿਰ ਐਹੇ-ਜਿਹਾ ਸੁੱਤਾ ਕਿ ਅਗਲੇ ਦਿਨ ਦੁਪਹਿਰ ਨੂੰ ਅੱਖ ਖੁੱਲ੍ਹੀ। ਉਹ ਛੇਤੀ ਦੇਣੇ ਉਠਿਆ ਤੇ ਬੰਨ੍ਹ ਵੱਲ ਭੱਜਿਆ।

ਦੇਖਿਆ ਤਾਂ ਹਰ ਪਾਸੇ ਸਕੂਨ ਸੀ। ਰਾਤ ਨੂੰ ਹਰ ਚੀਜ਼ ਤਾਂ ਡੁੱਬ ਗਈ ਸੀ ਜਾਂ ਵਹਿ ਚੁੱਕੀ ਸੀ। ਜਿਧਰ ਵੀ ਨਿਗ੍ਹਾ ਜਾਂਦੀ ਪਾਣੀ ਤੋਂ ਬਿਨਾਂ ਕੁਝ ਨਾ ਦਿੱਸਦਾ। ਪਰ ਪਾਣੀ 'ਤੇ ਉੱਡਦੇ ਛੋਟੇ-ਛੋਟੇ ਪਰਿੰਦੇ ਜ਼ਰੂਰ ਕਲਾਬਾਜ਼ੀਆਂ ਲਾ ਰਹੇ ਸਨ, ਜਿਵੇਂ ਹਠਾੜ ਦੀ ਬਰਬਾਦੀ ਤੇ ਖੁਸ਼ੀਆਂ ਮਨਾਉਂਦੇ ਹੋਣ। ਉਨ੍ਹਾਂ ਨੂੰ ਦੇਖ ਕੇ ਜ਼ਿੰਦਗੀ ਵਿਚ ਪਹਿਲੀ ਵਾਰ ਉਹਦੇ ਹੰਝੂ ਵਗ ਪਏ। ਉਹ ਆਥਣ ਤੱਕ ਬੰਨ੍ਹ 'ਤੇ ਖੜ੍ਹਿਆ ਰਿਹਾ। ਅੱਜ ਉਹ ਐਨਾ ਬੁਝਿਆ ਹੋਇਆ ਸੀ ਕਿ ਕੁਝ ਵੀ ਹੋ ਜਾਂਦਾ ਪਾਣੀ ਨਾ ਵੜਦਾ। ਸੂਰਜ ਡੁੱਬਣ ਲੱਗਿਆ ਤਾਂ ਕੁੰਮੇ ਨੂੰ ਮਹਿਸੂਸ ਹੋਇਆ ਕਿ ਉਹਨੂੰ ਤੇਜ਼ ਭੁੱਖ ਲੱਗੀ ਹੈ। ਫਿਰ ਉਹਨੂੰ ਯਾਦ ਆਇਆ ਕਿ ਉਹਨੇ ਪਰਸੋਂ ਸ਼ਾਮ ਤੋਂ ਕੁਝ ਨਹੀਂ ਖਾਧਾ। ਉਹ ਆਪਣੇ ਤੰਬੂ ਵੱਲ ਮੁੜ ਗਿਆ। ਉਸ ਤੋਂ ਬਾਅਦ ਉਹਦਾ ਰੋਜ਼ ਦਾ ਕੰਮ ਬਣ ਗਿਆ। ਰੋਜ਼ਾਨਾ ਸਵੇਰੇ ਆ ਕੇ ਬੰਨ੍ਹ 'ਤੇ ਬੈਠ ਜਾਂਦਾ ਤੇ ਮੀਲਾਂ ਬੱਧੀ ਫੈਲੇ ਦਰਿਆ ਦੇ ਪੱਤਣ ਨੂੰ ਵੇਖਦਾ ਰਹਿੰਦਾ, ਫਿਰ ਸ਼ਾਮ ਤੋਂ ਬਾਅਦ ਤੰਬੂ ਵੱਲ ਮੁੜ ਜਾਂਦਾ। ਸੱਤਵੇਂ ਦਿਨ ਉਹਨੇ ਦੇਖਿਆ, ਕਿ ਪਾਣੀ ਆਪਣੇ ਪੱਧਰ ਤੋਂ ਥੱਲੇ ਉਤਰ ਰਿਹਾ ਹੈ। ਪਹਿਲੇ ਦੋ ਦਿਨ ਹੌਲੀ-ਹੌਲੀ, ਫਿਰ ਉਸ ਤੋਂ ਬਾਅਦ ਤੇਜ਼ੀ ਨਾਲ ਹੇਠਾ ਲੱਥਣ ਲੱਗਿਆ, ਤੇ ਹਰ ਦਿਨ ਕੋਈ ਦੋ ਫੁੱਟ ਹੇਠਾਂ ਚਲਿਆ ਜਾਂਦਾ। ਵੀਹ-ਕੁ ਦਿਨਾਂ ਦੇ ਵਿਚ ਵਿਚ ਦਰਿਆ ਦਾ ਪਾਣੀ ਆਪਣੇ ਪਹਿਲੇ ਕੰਢਿਆਂ ਤੱਕ ਆ ਗਿਆ, ਪਰ ਜ਼ਮੀਨ ਵਿਚ ਨਮੀ ਤੇ ਚਿੱਕੜ ਐਨਾ ਜ਼ਿਆਦਾ ਸੀ ਕਿ ਲੋਕਾਂ ਦਾ ਆਬਾਦ ਹੋਣਾ ਨਾਮੁਮਕਿਨ (ਅਸੰਭਵ) ਸੀ। ਥਾਂ-ਥਾਂ 'ਤੇ ਛੱਪੜ ਬਣ ਗਏ ਸਨ। ਇਧਰ ਓਧਰ ਮਰੇ ਪਸ਼ੂਆਂ ਦੀਆਂ ਹੱਡੀਆਂ ਖਿੱਲਰੀਆਂ ਪਈਆਂ ਸਨ। ਜਿਨ੍ਹਾਂ ਨੂੰ

ਸਾਰਾ ਸਾਰਾ ਦਿਨ ਗਿਰਝਾਂ ਅਤੇ ਕਾਂ ਨੋਚਦੇ ਰਹਿੰਦੇ। ਸੈਂਕੜੇ ਦਰੱਖਤ ਜ਼ਮੀਨ ’ਤੇ ਡਿੱਗੇ ਹੋਏ ਸੀ, ਜਿਨ੍ਹਾਂ ਵਿਚ ਕੂੜਾ-ਕਰਕਟ ਫਸਿਆ ਹੋਇਆ ਸੀ। ਇਸੇ ਹਾਲਤ ਵਿਚ ਹੜ੍ਹ ਤੋਂ ਬਾਅਦ ਚਾਰ ਮਹੀਨੇ ਬੀਤ ਗਏ। ਹੁਣ ਲੋਕ ਵੀ ਤੰਬੂਆਂ ਦੀ ਜ਼ਿੰਦਗੀ ਤੋਂ ਤੰਗ ਆ ਚੁੱਕੇ ਸੀ। ਉਹ ਚਾਹੁੰਦੇ ਸਨ ਕਿ ਛੇਤੀ ਛੇਤੀ ਆਪਣੀ ਹਠਾੜ ਵਿਚ ਜਾ ਵੱਸਣ, ਪਰ ਜਿਧਰ ਵੇਖਦੇ, ਟੋਇਆਂ ’ਚ ਖੜ੍ਹੇ ਪਾਣੀ ਚੋਂ ਮੁਸ਼ਕ ਉੱਠ ਰਿਹਾ ਸੀ। ਹਰ ਪਾਸੇ ਤਰ੍ਹਾਂ ਤਰ੍ਹਾਂ ਦੀਆਂ ਝਾੜੀਆਂ ਉੱਗ ਆਈਆਂ। ਜਿਨ੍ਹਾਂ ਦੀ ਓਟ ’ਚ ਹਜ਼ਾਰਾਂ ਜੀਅ-ਜੰਤ ਜੰਮ ਪਏ। ਕੀੜਿਆਂ-ਮਕੌੜਿਆਂ ਤੇ ਸੱਪਾਂ ਦੀ ਬਹੁਤਾਤ ਹੋ ਗਈ। ਐਹੋ ਜਿਹੀ ਹਾਲਤ ਵਿਚ ਤੰਬੂਆਂ ’ਚੋਂ ਨਿਕਲਣ ਵਾਲਾ ਪਹਿਲਾ ਬੰਦਾ ਕੁੰਮਾ ਸੀ, ਜੋ ਆਪਣੀ ਬਸਤੀ ਵਾਸਤੇ ਬੇਚੈਨ ਸੀ। ਉਸ ਤੋਂ ਬਾਅਦ ਲੋਕਾਂ ਦਾ ਤਾਂਤਾ ਲੱਗ ਗਿਆ।

ਕੁੰਮੇ ਨੇ ਜਿਵੇਂ ਹੀ ਆਪਣੇ ਦਰਿਆ ਹੜ੍ਹੇ ਘਰ ਵਿਚ ਪੈਰ ਰੱਖਿਆ, ਉਹਦੇ ਸਰੀਰ ਵਿਚੋਂ ਬਿਜਲੀ-ਜਿਹੀ ਲੰਘ ਗਈ। ਸਾਰੇ ਘਰ ਵਾਲਿਆਂ ਨੂੰ ਲਿਆ ਕੇ, ਚਿੱਕੜ ਅਤੇ ਮਿੱਟੀ ਗਾਰੇ ਨਾਲ ਕੰਧ ਖੜ੍ਹੀ ਕਰਨੀ ਸ਼ੁਰੂ ਕੀਤੀ। ਉਹਨੂੰ ਵੇਖ ਕੇ ਸਾਰਾ ਪਿੰਡ ਹੌਂਸਲੇ ’ਚ ਆ ਗਿਆ, ਇਥੋਂ ਤੱਕ ਕਿ ਦੋ ਮਹੀਨਿਆਂ ਵਿਚ ਬਸਤੀ ਦੁਬਾਰਾ ਵੱਸ ਗਈ। ਹੌਲੀ-ਹੌਲੀ ਜ਼ਮੀਨ ’ਚੋਂ ਮੁਸ਼ਕ ਅਤੇ ਗੰਦਗੀ ਸਾਫ਼ ਹੋਣ ਲੱਗੀ। ਲੋਕਾਂ ਨੇ ਮੁਰਦਾ ਹੱਡੀਆਂ ਅਤੇ ਇੰਜਰ-ਪਿੰਜਰ ਦਫ਼ਨ ਕਰ ਦਿੱਤੇ। ਆਪਣੀਆਂ-ਆਪਣੀਆਂ ਜ਼ਮੀਨਾਂ ਦੀ ਦੁਬਾਰਾ ਹੱਦਬੰਦੀ ਕੀਤੀ ਗਈ ਅਤੇ ਛੇ ਮਹੀਨਿਆਂ ਦੇ ਅੰਦਰ ਹੀ ਦੁਬਾਰ ਹਲ ਚੱਲਣ ਲੱਗ ਪਏ। ਬਸਤੀ ਦੇ ਬਹੁਤ ਸਾਰੇ ਦਰੱਖਤ ਉੱਖੜ ਗਏ ਸਨ। ਲੋਕਾਂ ਨੇ ਛਾਂ ਵਾਸਤੇ ਆਪਣੇ-ਆਪਣੇ ਘਰਾਂ ਵਿਚ ਦੁਬਾਰਾ ਬੂਟੇ ਲਾਏ। ਕੁੰਮੇ ਦੇ ਘਰ ਵਿਚ ਵੀ ਤਿੰਨ ਕਿੱਕਰਾਂ ਅਤੇ ਇਕ ਬੇਰੀ ਦਾ ਦਰੱਖਤ ਸੀ, ਜਿਨ੍ਹਾਂ ’ਤੇ ਸਾਰਾ ਸਾਰਾ ਦਿਨ ਕਾਂ ਤੇ ਚਿੜੀਆਂ ਰੌਲਾ ਪਾਉਂਦੇ। ਉਨ੍ਹਾਂ ਦੀਆਂ ’ਵਾਜ਼ਾਂ ਕੰਨਾਂ ਵਿਚ ਇਕ ਤਰ੍ਹਾਂ ਦਾ ਰਸ ਘੋਲਦੀਆਂ ਸਨ। ਹੜ੍ਹ ਉਨ੍ਹਾਂ ਦਰੱਖਤਾਂ ਨੂੰ ਵੀ ਵਹਾ ਕੇ ਲੈ ਗਿਆ, ਇਸ ਕਰਕੇ ਕੁੰਮੇ ਨੇ ਵੀ ਬੰਨ੍ਹ ਪਾਰੋਂ (ਉਤਾੜ ਚੋਂ) ਬੇਰੀ ਦਾ ਇਕ ਬੂਟਾ ਲਿਆ ਕੇ ਘਰ ’ਚ ਲਾ ਦਿੱਤਾ, ਜੋ ਦਰਿਆ ਦੀ ਜ਼ਰਖੇਜ (ਉਪਜਾਊ) ਜ਼ਮੀਨ ’ਚ ਚੰਗਾ ਵਧਣ ਲੱਗਿਆ। ਦਿਨ ਲੰਘਣ ਲੱਗੇ। ਇਥੋਂ ਤੱਕ ਕਿ ਤਿੰਨ ਸਾਲਾਂ ਤਾਂ ਇਵੇਂ ਹੋ ਗਿਆ, ਜਿਵੇਂ ਕਦੇ ਹੜ੍ਹ ਆਇਆ ਹੀ ਨਹੀਂ ਸੀ। ਕੁੰਮੇ ਨੇ ਵੀ ਦੁਬਾਰਾ ਆਪਣਾ ਕਾਰੋਬਾਰ ਸ਼ੁਰੂ ਕਰ ਲਿਆ।

ਹੁਣ ਦਰਿਆ ਦੇ ਪਾਰ ਅੱਠ ਕਿਲੋਮੀਟਰ ਵਿਚ ਫੈਲਿਆ ਨੜੇ ਦਾ ਜੰਗਲ ਪਹਿਲਾਂ ਨਾਲੋਂ ਜ਼ਿਆਦਾ ਖ਼ਤਰਨਾਕ ਤੇ ਸੰਘਣਾ ਹੋ ਗਿਆ। ਜੰਗਲ ’ਚ ਪਾਣੀ ਜੋ ਕਦੇ ਗਿੱਟਿਆਂ ਤੱਕ ਹੁੰਦਾ ਸੀ, ਹੁਣ ਗੋਡਿਆਂ ਤੱਕ ਹੋ ਗਿਆ ਸੀ। ਨੂੰਹੇਂ, ਸੱਪ, ਨਿਉਲੇ ਤੇ ਪਤਾ ਨਹੀਂ ਕਿਹੜੇ-ਕਿਹੜੇ ਜਾਨਵਰ ਫਿਰਦੇ ਰਹਿੰਦੇ। ਕਈ ਅਜਗਰ ਵਲੇਵੇਂ ਖਾਂਦੇ ਫਿਰਦੇ, ਗਿੱਦੜਾਂ ਤੇ ਸੂਰਾਂ ਦੀ ਘੁਰ-ਘੁਰ, ਉੱਲੂਆਂ ਤੇ ਚਾਮਚੜਿੱਕਾਂ ਦਾ ਰੌਲਾ ਕੰਨਾਂ ਦੀ ਸੁਣਨ ਸ਼ਕਤੀ ਖੋਹ ਸਕਦਾ ਸੀ। ਐਹੋ ਜਿਹੀ ਖੌਫ਼ਨਾਕ ਹਾਲਤ ਵਿਚ ਬੰਦਾ ਰਾਤ ਨੂੰ ਤਾਂ ਕੀ ਦਿਨੇ ਵੀ ਉਥੋਂ ਨਾ ਲੰਘਦਾ। ਪਰ ਕੁੰਮੇ ਵਾਸਤੇ ਇਹ ਕੋਈ ਅਜੀਬ ਗੱਲ ਨਹੀਂ ਸੀ। ਉਹਨੇ ਜੰਗਲ ਵਿਚ ਕਈ ਜਗ੍ਹਾ ਆਪਣੇ ਠਿਕਾਣੇ ਵਾਸਤੇ ਬਣਾ ਕੇ ਰੱਖੇ ਸਨ। ਬਾਲ ਵਰੇਸ ਤੋਂ ਉਹ ਜੰਗਲ ਦੀ ਊਚ-ਨੀਚ ਦਾ ਜਾਣਕਾਰ ਸੀ। ਉਹ ਜਾਣਦਾ ਸੀ ਕਿ ਕਿਹੜੀ ਜਗ੍ਹਾ ਜ਼ਿਆਦਾ ਖ਼ਤਰਨਾਕ ਹੈ ਅਤੇ ਕਿਹੜੀ ਘੱਟ, ਜੇ ਕਿਸੇ ਬਲਾਅ ਨਾਲ ਵਾਸਤਾ ਪੈ ਜਾਵੇ, ਤਾਂ ਕਿਵੇਂ ਬਚਾਅ ਕਰਨਾ ਹੈ। ਉਹ ਆਪਣੇ ਕੋਲ ਅੱਗ ਦਾ ਬੰਦੋਬਸਤ ਜ਼ਰੂਰ ਰੱਖਦਾ। ਉਹਨੂੰ ਅੱਗ ਨੇ ਕਈ ਖ਼ਤਰਨਾਕ ਹਾਲਤਾਂ ’ਚੋਂ ਕੱਢਿਆ ਸੀ।

ਦਿਨ ਢਲਣ ਤੋਂ ਪਹਿਲਾਂ ਹੀ ਕੁੰਮਾ ਦਰਿਆ ਪਾਰ ਕਰਕੇ ਨੜੇ ਦੇ ਜੰਗਲ ਵਿਚ ਆ ਜਾਂਦਾ ਅਤੇ ਵਿਚੇ-ਵਿਚ ਦੀ ਅੱਠ ਕਿਲੋਮੀਟਰ ਦਾ ਫ਼ਾਸਲਾ ਤੈਅ ਕਰਕੇ ਹਿੰਦੋਸਤਾਨ ਦੀ ਸਰਹੱਦ ’ਤੇ ਪਹੁੰਚ ਜਾਂਦਾ। ਰਾਤ ਦੇ ਪਿਛਲੇ ਪਹਿਰ ਬਾਡਰ ਪਾਰ ਕਰਕੇ ਗਾਂ, ਮੱਝ, ਬਲਦ ਜਾਂ ਭੇਡਾਂ-ਬੱਕਰੀਆਂ ਜੋ ਵੀ ਹੱਥ ਲੱਗਦਾ ਹੱਕ ਕੇ ਨੜੇ ਦੇ ਇਸ ਜੰਗਲ ’ਚੋਂ ਹੁੰਦਾ ਹੋਇਆ ਦਰਿਆ ’ਤੇ ਆਉਂਦਾ ਅਤੇ ਸਵੇਰੇ ਦਸ ਵਜੇ ਤੋਂ ਪਹਿਲਾਂ ਆਪਣੇ ਪਿੰਡ ਪਹੁੰਚ ਜਾਂਦਾ। ਕੁੰਮਾ ਹਰ ਚੋਰੀ ਵਿਚ ਘੱਟੋ-ਘੱਟ ਦੋ ਮਹੀਨਿਆਂ ਦੀ ਵਿੱਥ ਜ਼ਰੂਰ ਰੱਖਦਾ। ਹਿੰਦੋਸਤਾਨੀ ਰੇਂਜਰਾਂ ਨੇ ਕਈ ਵਾਰ ਪਾਕਿਸਤਾਨੀ ਰੇਂਜਰਾਂ ਨੂੰ ਸ਼ਿਕਾਇਤ ਵੀ ਕੀਤੀ, ਪਰ ਨੜੇ ਦਾ ਜੰਗਲ ਦੋਵਾਂ ਵਾਸਤੇ ਮੁਸੀਬਤ ਸੀ, ਜਦ ਕਿ ਕੁੰਮੇ ਵਾਸਤੇ ਓਹੀ ਜੰਗਲ ਨਿਆਮਤ (ਵਰਦਾਨ) ਸੀ। ਹੜ੍ਹ ਨੂੰ ਦਸ ਸਾਲ ਲੰਘ ਗਏ। ਇਸ ਦੌਰਾਨ ਕੁੰਮੇ ਨੇ ਰੱਬ ਜਾਣੇ ਕਿੰਨੇ ਲੰਮੇ ਹੱਥ ਮਾਰੇ। ਉਹਨੇ ਆਪਣੇ ਪਿੰਡ ਡੰਗਰਾਂ ਨਾਲ ਭਰ ਦਿੱਤੇ। ਹੜ੍ਹ ’ਚ ਤਬਾਹ ਹੋਏ ਕਈ ਲੋਕਾਂ ਦੇ ਚੁੱਲ੍ਹੇ ਮੁਫ਼ਤ ਮਚਾਏ। ਬਹੁਤ ਸਾਰੇ ਲੋਕਾ ਨੂੰ ਸਸਤੇ ਭਾਅ ਵੇਚਦਾ ਰਿਹਾ।

ਪਹਿਲੇ-ਪਹਿਲ ਤਾਂ ਪਾਕਿਸਤਾਨੀ ਰੇਂਜਰ ਉਹਨੂੰ ਅੱਖੋਂ-ਪਰੋਖੇ ਕਰਦੇ ਰਹੇ। ਪਰ ਹੁਣ ਮਾਮਲਾ ਵਿਗੜ ਗਿਆ ਸੀ, ਕਿਉਂਕਿ ਹਿੰਦੋਸਤਾਨੀ ਫ਼ੌਜ ਦਾ ਦਬਾਅ ਵੱਧ ਰਿਹਾ ਸੀ। ਇਸ ਕਰਕੇ ਪਾਕਿਸਤਾਨੀ ਰੇਂਜਰਾਂ ਨੇ ਗੰਭੀਰਤਾ ਨਾਲ ਚੋਰਾਂ ਨੂੰ ਫੜਨ ਬਾਰੇ ਸੋਚਿਆ। ਦਰਿਆ ਸਮੇਤ ਨੜੇ ਦੇ ਜੰਗਲ ਦੀ ਖੁਫ਼ੀਆ ਨਾਕਾਬੰਦੀ ਕਰ ਦਿੱਤੀ ਗਈ। ਜਗ੍ਹਾ ਜਗ੍ਹਾ ਛਾਪੇ ਮਾਰੇ ਗਏ ਜੀਹਦੇ ਵਿਚ ਪਹਿਲੇ ਮਹੀਨੇ ਹੀ ਸ਼ੰਮਾ ਅਤੇ ਕਾਲੂ ਫੜੇ ਗਏ। ਪਰ ਕੁੰਮਾ ਹੱਥ ਨਾ ਆਇਆ। ਉਹਦੀ ਖ਼ਾਸ ਵਜ੍ਹਾ ਇਹ ਸੀ ਕਿ ਉਹ ਚੋਰੀ ਕਰਨ ਤੋਂ ਪਹਿਲਾਂ ਪੂਰੇ ਇਲਾਕੇ ਦੀ ਜਾਸੂਸੀ ਕਰਦਾ, ਤਾਂ ਕਿ ਹਾਲਾਤ ਜਾਣ ਸਕੇ। ਉਹਨੇ ਆਪਣੇ ਪਿਓ ਦੇ ਨਾਲ ਕੰਮ ਕਰਦਿਆਂ ਚੰਗਾ ਤਜ਼ਰਬਾ ਹਾਸਿਲ ਕੀਤਾ ਹੋਇਆ ਸੀ। ਉਹ ਜਾਣਦਾ ਸੀ ਕਿ ਉਹਨੇ ਕਿਸ ਤਰ੍ਹਾਂ ਨਾਲ

ਮੁਸ਼ਕਿਲ ਹਾਲਾਤ ਦਾ ਸਾਹਮਣਾ ਕਰਨਾ ਹੈ। ਉਹਦੇ ਪਿਓ ਨੇ ਉਹਨੂੰ ਬਹੁਤ ਸਾਰੇ ਗੁਰ ਸਿਖਾਏ ਸੀ, ਪਰ ਇਸ ਸਾਲ ਉਹਨੇ ਸਿਰਫ਼ ਦੋ ਸਫ਼ਲ ਚੋਰੀਆਂ ਕੀਤੀਆਂ।

ਦੂਸਰੀ ਚੋਰੀ ਉਹਨੇ ਦਸੰਬਰ ਦੀ ਅੱਤ ਦੀ ਠੰਢ ਰਾਤ ਨੂੰ ਕੀਤੀ, ਜਿਸ ਵਿਚ ਪੂਰੀਆਂ ਗਿਆਰਾਂ ਮੱਝਾਂ ਹਿੰਦੋਸਤਾਨੀ ਇਲਾਕੇ ਵਿਚ ਤਿੰਨ ਕਿਲੋਮੀਟਰ ਅੰਦਰ ਜਾ ਕੇ ਲੈ ਆਇਆ ਸੀ। ਇਹ ਚੋਰੀ ਐਹੋ ਜਿਹੀ ਨਹੀਂ ਸੀ ਕਿ ਜਿਹਨੂੰ ਅਣਦੇਖਿਆਂ ਕਰ ਦਿੱਤਾ ਜਾਂਦਾ। ਦੋਨਾਂ ਪਾਸਿਆਂ ਦੇ ਰੇਂਜਰਾਂ 'ਚ ਭੂਚਾਲ ਜਿਹਾ ਆ ਗਿਆ ਅਤੇ ਵੱਡੇ ਅਫ਼ਸਰਾਂ ਨੇ ਕਾਫ਼ੀ ਝਾੜ-ਝੰਬ ਕੀਤੀ। ਇਨ੍ਹਾਂ ਹਾਲਾਤਾਂ 'ਚ ਰੇਂਜਰਾਂ ਨੇ ਆਪਣੀ ਸਰਗਰਮੀ ਹੋਰ ਸਖ਼ਤ ਅਤੇ ਤੇਜ਼ ਕਰ ਦਿੱਤੀ। ਪਰ ਮੁਸੀਬਤ ਇਹ ਸੀ ਕਿ ਮਾਲ ਜੰਗਲ 'ਚੋਂ ਹੋ ਕੇ ਨਿਕਲਦਾ ਸੀ। ਫਿਰ ਵੀ ਰੇਂਜਰਾਂ ਨੇ ਇਹ ਤੈਅ ਕਰ ਲਿਆ, ਚਾਹੇ ਕੁਝ ਵੀ ਹੋਵੇ ਹੁਣ ਚੋਰ ਜ਼ਰੂਰ ਫੜਨਾ ਹੈ। ਮੁਖਬਰ ਤਿਆਰ ਕੀਤੇ ਗਏ ਅਤੇ ਸਾਰਾ ਬੰਦੋਬਸਤ ਬਹੁਤ ਹੀ ਖ਼ੁਫ਼ੀਆ ਤਰੀਕੇ ਨਾਲ ਕੀਤਾ ਗਿਆ।

15 ਫਰਵਰੀ ਦੀ ਸ਼ਾਮ ਨੂੰ ਕੁੰਮਾ ਦਰਿਆ 'ਤੇ ਪਹੁੰਚਿਆ ਤਾਂ ਉਹਨੂੰ ਇਰਸ਼ਾਦ ਅਲੀ ਸਾਹਮਣਿਓਂ ਆਉਂਦਾ ਦਿੱਸਿਆ। ਕੁੰਮੇ ਦੇ ਹੱਥ ਵਿਚ ਛਵ੍ਹੀ ਦੇਖ ਕੇ ਇਰਸ਼ਾਦ ਮੁਸਕਰਾਇਆ ਅਤੇ ਦੂਰੋਂ ਹੀ ਹੱਥ ਹਿਲਾ ਕੇ ਪਿੰਡ ਵੱਲ ਮੁੜ ਗਿਆ। ਕੁੰਮੇ ਨੇ ਸੋਚਿਆ, ਇਰਸ਼ਾਦ ਕਿੰਨਾ ਹਰਾਮੀ ਹੈ, ਮੇਰੀਆਂ ਦੋ ਮੱਝਾਂ ਦੇ ਪੈਸੇ ਖਾ ਗਿਆ, ਛੇ ਮਹੀਨੇ ਹੋ ਗਏ, ਇਕ ਟਕਾ ਨਹੀਂ ਦਿੱਤਾ, ਹੁਣ ਨੇੜੇ ਆ ਕੇ ਸਲਾਮ ਕਹਿਣ ਤੋਂ ਵੀ ਗਿਆ। ਉਹਨੇ ਸੋਚਿਆ, ਹੁਣ ਮੈਂ ਸਾਰਾ ਮਾਲ ਮੰਡੀ ਹੀ ਘੱਲਿਆ ਕਰਾਂਗਾ। ਪਿੰਡ ਵਾਲਿਆਂ ਨੂੰ ਕਿਸੇ ਜਾਨਵਰ ਦੀ ਪੂਛ ਵੀ ਨਹੀਂ ਦੇਣੀ। ਐਨੇ ਮੁਸ਼ਕਿਲ ਹਾਲਾਤ 'ਚ ਮੌਤ ਦੇ ਮੂੰਹ 'ਚੋਂ ਜਾਨਵਰ ਕੱਢ ਕੇ ਲਿਆਉਨਾ ਅਤੇ ਇਹ ਪਿੰਡ ਵਾਲੇ ਬੈਠੇ ਬਿਠਾਏ ਮੁਫ਼ਤ 'ਚ ਲੈ ਜਾਂਦੇ ਨੇ। ਕੰਜਰ ਬਾਅਦ 'ਚ ਪੈਸੇ ਵੀ ਨਹੀਂ ਦਿੰਦੇ।

ਖ਼ੈਰ ! ਰਾਤ ਦੇ ਦੋ ਵਜੇ ਕੁੰਮਾ ਜਿਵੇਂ ਹੀ ਨੜੇ 'ਚੋਂ ਨਿਕਲਿਆ ਅਤੇ ਹਿੰਦੋਸਤਾਨ ਵਿਚ ਵੜਨ ਲੱਗਿਆ, ਤਾਂ ਪਾਕ ਰੇਂਜਰਾਂ ਨੇ ਦੱਬ ਲਿਆ। ਕੁੰਮੇ ਨੂੰ ਐਨਾ ਮੌਕਾ ਵੀ ਨਾ ਮਿਲਿਆ ਕਿ ਉਹ ਦੁਬਾਰ ਜੰਗਲ ਵਿਚ ਵੜ ਸਕਦਾ। ਉਹ ਹੈਰਾਨ ਹੋਇਆ ਕਿ ਉਨ੍ਹਾਂ ਨੂੰ ਕਿਵੇਂ ਪਤਾ ਲੱਗਿਆ। ਉਹ ਓਸੇ ਸੋਚ ਵਿਚ ਸੀ ਕਿ ਉਹਦੇ ਹੱਥ ਪਿੱਠ 'ਤੇ ਬੰਨ੍ਹ ਦਿੱਤੇ ਗਏ ਅਤੇ ਰੇਂਜਰ ਹੈੱਡਕੁਆਰਟਰ ਵਿਚ ਲਿਜਾ ਕੇ ਮਾਰ-ਕੁੱਟ ਸ਼ੁਰੂ ਕਰ ਦਿੱਤੀ। ਕੁੰਮੇ ਨੇ ਆਪਣੀ ਜ਼ਬਾਨ ਐਹੋ ਜਿਹੀ ਬੰਦ ਕੀਤੀ ਕਿ ਰੇਂਜਰਾਂ ਦਾ ਹਰ ਤਰੀਕਾ ਫੇਲ੍ਹ ਹੋ ਗਿਆ। ਦੋ ਮਹੀਨੇ ਤੱਕ ਕੁੰਮੇ ਨੇ ਇੰਨੀ ਕੁੱਟ ਖਾਧੀ ਕਿ ਜ਼ਮੀਨ ਹਿੱਲਣ ਲੱਗਦੀ ਸੀ। ਰੋਜ਼ ਕੁੱਟ ਤੋਂ ਬਾਅਦ ਕੁੰਮਾ ਸੋਚਦਾ ਰਹਿੰਦਾ ਕਿ ਉਹਦੀ ਮੁਖ਼ਬਰੀ ਕਰਨ ਵਾਲਾ ਹੈ ਕੌਣ ? ਛੇ ਮਹੀਨਿਆਂ ਤੱਕ ਰੇਂਜਰਾਂ ਨੇ ਕੁੰਮੇ ਤੋਂ ਕਬੂਲ-ਏ-ਜ਼ੁਰਮ ਕਰਵਾਉਣ ਦਾ ਹਰ ਹੱਥਕੰਡਾ ਵਰਤਿਆ। ਪਜਾਮੇ ਵਿਚ ਚੂਹੇ ਛੱਡੇ ਗਏ, ਪੁੱਠਾ ਲਟਕਾਇਆ ਗਿਆ, ਪਾਣੀ ਵਿਚ ਗੋਤੇ ਦਿੱਤੇ ਗਏ ਅਤੇ ਕੁੱਟ ਤਾਂ ਐਨੀ ਪਈ ਕਿ ਆਪ ਰੇਂਜਰਾਂ ਨੂੰ ਉਹਦੇ 'ਤੇ ਤਰਸ ਆਉਣ ਲੱਗਿਆ। ਜਦੋਂ ਉਹ ਕਿਸੇ ਤਰ੍ਹਾਂ ਵੀ ਨਾ ਮੰਨਿਆ ਤਾਂ ਸ਼ਰਾਬ ਦਾ ਕੇਸ ਬਣਾ ਕੇ ਉਹਨੂੰ ਮੰਡੀ ਅਹਿਮਦਾਬਾਦ ਥਾਣੇ ਘੱਲ ਦਿੱਤਾ ਗਿਆ। ਪਰ ਇਨ੍ਹਾਂ ਛੇ ਮਹੀਨਿਆਂ 'ਚ ਕੁੰਮਾ ਜਿਸਮਾਨੀ ਅਤੇ ਦਿਮਾਗੀ ਤੌਰ 'ਤੇ ਬਿਲਕੁਲ ਖੁੰਗਲ ਹੋ ਚੁੱਕਿਆ ਸੀ। ਕਿਉਂਕਿ ਰੇਂਜਰਾਂ ਦੇ ਡਰੋਂ ਕਿਸੇ ਨੇ ਵੀ ਪਿੰਡੋਂ ਆ ਕੇ ਉਹਦੀ ਖ਼ਬਰ ਨਾ ਲਈ ਅਤੇ ਦੂਜਾ ਇਹ ਕਿ ਉਹਦਾ ਭਾਈ ਜਲਾਲਦੀਨ ਰੇਂਜਰਾਂ ਦੀ ਕੁੱਟ ਨਾ ਝੱਲ ਸਕਣ ਕਾਰਨ ਚਾਰ ਮਹੀਨੇ ਪਹਿਲਾਂ ਮਰ ਗਿਆ। ਕੁੰਮੇ ਨੂੰ ਮੱਠਾ ਮੱਠਾ ਤਾਪ ਚੜ੍ਹਨ ਲੱਗਿਆ। ਉਹਨੂੰ ਮੰਡੀ ਅਹਿਮਦਾਬਾਦ ਥਾਣੇ ਵਿਚ ਛੇ ਮਹੀਨੇ ਤੱਕ ਰੱਖਿਆ ਗਿਆ ਤੇ ਹਲਕੀਆਂ ਫੁਲਕੀਆਂ ਦਵਾਈਆਂ ਵੀ ਦਿੰਦੇ ਰਹੇ, ਪਰ ਤਾਪ ਨਾ ਉਤਰਿਆ। ਆਖ਼ਰ ਇਕ ਦਿਨ ਥਾਣੇਦਾਰ ਨੇ ਉਹਨੂੰ ਬੁਲਾਇਆ ਅਤੇ ਥੋੜ੍ਹੀ-ਬਹੁਤੀ ਖੁੰਭ ਠੱਪ ਕੇ ਉਹਨੂੰ ਛੱਡ ਦਿੱਤਾ।

ਹਵਾਲਾਤ 'ਚੋਂ ਨਿਕਲਣ ਤੋਂ ਬਾਅਦ ਉਹਨੇ ਅੰਗੜਾਈ ਲਈ ਤੇ ਥੋੜ੍ਹਾ ਚਿਰ ਥਾਣੇ ਦੀ ਬਾਹਰਲੀ ਕੰਧ ਦੇ ਨਾਲ ਲੱਗੇ ਕਿੱਕਰ ਦੇ ਮੁੱਢ ਨਾਲ ਲੱਗ ਕੇ ਬੈਠ ਗਿਆ। ਇਹ ਸਿਆਲ ਦੀ ਇਕ ਠੰਢੀ ਦੁਪਹਿਰ ਸੀ, ਉਹਦੇ ਉੱਪਰ ਕੋਈ ਕੱਪੜਾ ਵੀ ਨਹੀਂ ਸੀ। ਹਵਾ ਦਾ ਇਕ ਠੰਢਾ ਬੁੱਲ੍ਹਾ ਉਹਦੇ ਪਿੰਡੇ ਨੂੰ ਚੀਰ ਕੇ ਨਿਕਲ ਗਿਆ। ਮੰਡੀ ਅਹਿਮਦਾਬਾਦ ਦੇ ਥਾਣੇ ਤੋਂ ਉਹਦਾ ਪਿੰਡ 22 ਕਿਲੋਮੀਟਰ ਦੂਰ ਸੀ। ਉਹ ਬਾਜਰੇ ਦੇ ਖੇਤਾਂ ਦੇ ਨਾਲ-ਨਾਲ ਤੁਰਨ ਲੱਗਾ। ਠੰਢ ਕਰਕੇ ਤਾਪ ਹੋਰ ਤੇਜ਼ ਹੁੰਦਾ ਗਿਆ ਅਤੇ ਸਿਰ ਵੀ ਤੇਜ਼ ਦੁੱਖਣ ਲੱਗਿਆ, ਪਰ ਉਹ ਚੱਲਦਾ ਗਿਆ। ਰਾਤ ਇਕ ਕੁ ਵਜੇ ਉਹਨੂੰ ਚੱਕਰ ਜਿਹਾ ਆਇਆ ਤੇ ਉਹ ਡਿੱਗ ਪਿਆ।

ਸਵੇਰੇ ਸੱਤ ਵਜੇ ਸ਼ਰੀਫ਼ ਹੁਸੈਨ ਲੇ ਕੁੰਮੇ ਦੇ ਪੁੱਤਰ ਤੁਫ਼ੈਲ ਨੂੰ ਦੱਸਿਆ ਕਿ ਤੇਰਾ ਬਾਪ ਖਰਬੂਜ਼ਿਆਂ ਦੇ ਖੇਤ ਵਿਚ ਬੇਹੋਸ਼ ਪਿਆ ਸੀ, ਮੈਂ ਬਹੁਤ ਮੁਸ਼ਕਿਲ ਨਾਲ ਉਹਨੂੰ ਹੋਸ਼ ਵਿਚ ਲਿਆਂਦਾ, ਤਾਂ ਉਹ ਉਸ ਵੇਲੇ ਤੋਂ ਯੱਭਲੀਆਂ ਮਾਰ ਰਿਹਾ ਹੈ। ਉਹਨੇ ਮੈਨੂੰ ਪਛਾਣਿਆ ਵੀ ਨਹੀਂ। ਰੱਬ ਖ਼ੈਰ ਕਰੇ, ਮੈਨੂੰ ਤਾਂ ਲੱਗਦਾ ਹੈ ਉਹਦਾ ਦਿਮਾਗ ਹਿੱਲ ਗਿਆ ਹੈ। ਉਹਨੂੰ ਬਹੁਤ ਤੇਜ਼ ਬੁਖਾਰ ਵੀ ਹੈ। ਲੱਗਦੈ ਬੁਖਾਰ ਉਹਦੇ ਸਿਰ ਨੂੰ ਚੜ੍ਹ ਗਿਆ ਹੈ।

ਇਹ 1998 ਦੀ ਗੱਲ ਹੈ। ਕੁੰਮੇ ਨੂੰ ਕਮਲੇ ਹੋਏ ਨੂੰ ਅਠਾਰਾਂ ਸਾਲ ਹੋ ਗਏ। ਪਹਿਲਾਂ-ਪਹਿਲਾਂ ਤਾਂ ਬਹੁਤ ਇਲਾਜ

ਕਰਵਾਇਆ। ਪਿੰਡ ਦੇ ਹਕੀਮ ਦੇ ਦੇਸੀ ਨੁਸਖਿਆਂ ਤੋਂ ਲੈ ਕੇ ਪੀਰ ਚਿਰਾਗਸ਼ਾਹ ਦੇ ਤਵੀਤ ਵੀ ਅਜ਼ਮਾਏ। ਪਰ ਪਾਗਲਪਣ ਵੱਧਦਾ ਹੀ ਗਿਆ। ਇਸ ਦੌਰਾਨ ਉਹ ਕਦੇ ਕਦੇ ਠੀਕ ਵੀ ਹੋ ਜਾਂਦਾ ਪਰ ਇਹ ਹਾਲਤ ਕੁਝ ਦਿਨਾਂ ਤੋਂ ਜ਼ਿਆਦਾ ਨਾ ਰਹਿੰਦੀ। ਪਿਛਲੇ ਦਸ ਸਾਲ ਤਾਂ ਉਹ ਇਕ ਪਲ ਲਈ ਵੀ ਠੀਕ ਨਹੀਂ ਹੋਇਆ। ਹੁਣ ਉਹ ਪਿੰਡ ਵਾਲਿਆਂ ਨੂੰ ਗਾਲ੍ਹਾਂ ਵੀ ਕੱਢਣ ਲੱਗ ਪਿਆ। ਜਿਹੜਾ ਵੀ ਕੋਲੋਂ ਦੀ ਲੰਘਦਾ, ਉਸ ਨੂੰ ਗੰਦੀਆਂ ਗਾਲ੍ਹਾਂ ਦਿੰਦਾ। ਹੌਲੀ-ਹੌਲੀ ਹਾਲਤ ਇਹ ਹੋ ਗਈ ਕਿ ਉਹ ਲੋਕਾਂ ਦੇ ਰੋੜੇ ਚੁੱਕ-ਚੁੱਕ ਮਾਰਨ ਲੱਗ ਪਿਆ। ਇਹ ਹਾਲਤ ਦੇਖ ਕੇ ਲੋਕ ਉਹਤੋਂ ਕੰਨੀ ਕਤਰਾ ਕੇ ਲੰਘਣ  ਲੱਗੇ। ਇਧਰ ਇਹ ਉਨ੍ਹਾਂ ਦੀ ਇਸ ਹਰਕਤ ’ਤੇ ਹੋਰ ਵੀ ਗਾਲ੍ਹਾਂ ਦਿੰਦਾ। ਉਨ੍ਹਾਂ ਦੇ ਪਿੱਛੇ ਭੱਜਣ ਲੱਗਿਆ, ਜਿਹਨੂੰ ਲੋਕਾਂ ਨੇ ਕੁਝ ਸਮਾਂ ਤਾਂ ਝੱਲਿਆ, ਪਰ ਫਿਰ ਉਹ ਤੰਗ ਆ ਗਏ ਅਤੇ ਕੁੰਮੇ ਦੇ ਮੁੰਡੇ ਤੁਫ਼ੈਲ ਨੂੰ ਉਲ੍ਹਾਮੇ ਆਉਣ ਲੱਗੇ। ਜਦੋਂ ਉਲ੍ਹਾਮੇ ਵੱਧਣ ਲੱਗ ਪਏ ਤਾਂ ਇਕ ਦਿਨ ਤੁਫ਼ੈਲ ਨੇ ਕਾਇਮ ਦੀਨ ਨੂੰ ਇਕ ਛੋਟੇ ਜਿਹੇ ਸੰਗਲ ਨਾਲ ਓਸੇ ਮੰਜੇ ਨਾਲ ਬੰਨ੍ਹ ਦਿੱਤਾ, ਤਾਂ ਕਿ ਘਰੋਂ ਬਾਹਰ ਨਾ ਨਿਕਲੇ। ਕਾਇਮ ਦੀਨ ਦੋ ਤਿੰਨ ਦਿਨ ਤਾਂ ਓਸੇ ਹਾਲਤ ਵਿਚ ਰਿਹਾ, ਪਰ ਇਕ ਰਾਤ ਮੰਜੇ ਸਮੇਤ ਬਾਹਰ ਨਿਕਲ ਕੇ ਪਿੰਡ ਦੇ ਚੌਂਕ ਵਿਚ ਬੈਠ ਗਿਆ ਤੇ ਫਿਰ ਉਹੀ ਗਾਲ੍ਹਾਂ ਕੱਢਣ ਲੱਗਿਆ। ਇਹ ਦੇਖ ਕੇ ਤੁਫ਼ੈਲ ਨੇ ਉਹ ਮੰਜਾ ਘਰ ਵਿਚ ਖੜ੍ਹੀ ਬੇਰੀ ਨਾਲ ਬੰਨ੍ਹ ਦਿੱਤਾ। ਹੁਣ ਕਾਇਮ ਦੀਨ ਘਰ ਦੇ ਲੋਕਾਂ ਨੂੰ ਸਾਰਾ-ਸਾਰਾ ਦਿਨ ਕੋਸਦਾ ਅਤੇ ਸੰਗਲ ਖੜਕਾਉਂਦਾ ਰਹਿੰਦਾ। ਦੋ ਤਿੰਨ ਮਹੀਨੇ ਇਸੇ ਤਰ੍ਹਾਂ ਲੰਘ ਗਏ। ਇਕ ਦਿਨ ਰੱਬ ਜਾਣੇ ਕਿਵੇਂ ਸੰਗਲ ਟੁੱਟਿਆ ਤੇ ਕਾਇਮ ਦੀਨ ਆਜ਼ਾਦ ਹੋ ਗਿਆ। ਤੁਫ਼ੈਲ ਘਰੇ ਨਹੀਂ ਸੀ। ਤੀਵੀਆਂ ਤੋਂ ਫੜਿਆ ਨਾ ਗਿਆ। ਪਾਗਲਪਣ ਆਪਣੇ ਸਿਖ਼ਰ ’ਤੇ ਸੀ। ਸ਼ਾਮ ਤੱਕ ਕਈ ਜਣਿਆਂ ਨੂੰ  ਜ਼ਖ਼ਮੀ ਕਰ ਦਿੱਤਾ ਤੇ ਬਹੁਤਿਆਂ ਨੂੰ ਗੰਦੀਆਂ ਗਾਲ੍ਹਾਂ ਦਿੱਤੀਆਂ। ਪਿੰਡ ਵਿਚ ਬਹੁਤ ਰੌਲਾ ਪਿਆ। ਕੰਬਖ਼ਤ ਨੇ ਇਰਸ਼ਾਦ ਅਲੀ ਦੀ ਕੁੜੀ ਦੇ ਤਾਂ ਐਸੀ ਇੱਟ ਮਾਰੀ, ਵਿਚਾਰੀ ਸਿੱਧੀ ਹਸਪਤਾਲ ਪਹੁੰਚ ਗਈ। ਦੂਜਾ, ਮਸਜਿਦ ਵਿਚ ਵੜ ਕੇ ਸਾਰੇ ਨਮਾਜ਼ੀਆਂ ਦੇ ਸਿਰ ’ਚ ਮਿੱਟੀ ਪਾ ਦਿੱਤੀ ਅਤੇ ਜੁੱਤੀਆਂ ਚੁੱਕ ਕੇ ਖੂਹ ਵਿਚ ਸੁੱਟ ਦਿੱਤੀਆਂ। ਉਹਦੀ ਇਸ ਹਰਕਤ ਤੋਂ ਤੁਫ਼ੈਨ ਅੱਗ ਬਗੂਲਾ ਹੋ ਗਿਆ। ਮੌਲਵੀ ਸਾਹਬ ਨੇ ਬੁਰ ਭਲਾ ਕਿਹਾ। ਚੌਧਰੀ ਆਸ਼ਿਕ  ਅਲੀ ਨੇ ਤੁਫ਼ੈਲ ਨੂੰ ਸੱਦ ਕੇ ਕਹਿ ਦਿੱਤਾ, “ਜੇ ਤੇਰੇ ਪਿਓ ਨੇ ਦੁਬਾਰਾ ਐਹੋ ਜਿਹੀ ਹਰਕਤ ਕੀਤੀ ਤਾਂ ਪਿੰਡ ਵਿਚੋਂ ਆਪਣਾ ਬੋਰੀ ਬਿਸਤਰ ਬੰਨ੍ਹ ਲਿਓ। ਬੁੜ੍ਹੇ ਨੇ ਵੀਹ ਸਾਲਾਂ ਤੋਂ ਸਭ ਨੂੰ ਕਮਲਾ ਕਰ ਰੱਖਿਆ ਹੈ, ਜਾਂ ਤਾਂ ਉਹਨੂੰ ਬੰਨ੍ਹ ਕੇ ਘਰ ਰੱਖੋ ਜਾਂ ਜ਼ਹਿਰ ਦੇ ਕੇ ਕਿੱਸਾ ਮੁਕਾਓ, ਤਾਂ ਕਿ ਨਿੱਤ ਦੀ ਕੈਂ-ਕੈਂ ਤੋਂ ਜਾਨ ਛੁੱਟੇ।

ਇਸ ਕਰਕੇ ਤੁਫ਼ੈਲ ਨੇ ਕਾਇਮ ਦੀਨ ਨੂੰ  ਹੁਣ ਜਿਹੜਾ ਬੰਨ੍ਹਿਆ, ਉਹ ਕਿਸੇ ਮਸਤ ਹਾਥੀ ਵਾਸਤੇ ਵੀ ਕਾਫ਼ੀ ਸੀ। ਉਹਨੇ ਆਉਂਦਿਆਂ ਹੀ ਲੁਹਾਰ ਤੋਂ 15 ਕਿਲੋ ਦਾ ਸੰਗਲ ਅਤੇ 2 ਕਿਲੋ ਦਾ ਦੇਸੀ ਜਿੰਦਾ ਬਣਵਾ ਕੇ ਕਾਇਮ ਦੀਨ ਨੂੰ ਬੇਰੀ ਦੇ ਮੋਟੇ ਤਣੇ ਨਾਲ ਬੰਨ੍ਹ ਦਿੱਤਾ। ਕੋਲੇ ਇਕ ਮੰਜੀ ਰੱਖ ਦਿੱਤੀ ਕਿ ਚਾਹੇ ਤਾਂ ਮੰਜੀ ’ਤੇ ਪੈ ਜਾਇਆ ਕਰੇ ਨਹੀਂ ਤਾਂ ਜ਼ਮੀਨ ਤਾਂ ਹੈ ਹੀ। ਕਾਇਮ ਦੀਨ ਦੀ ਨੂੰਹ ਸਵੇਰੇ ਸ਼ਾਮ ਉਹਦੇ ਸਾਹਮਣੇ ਰੋਟੀ ਰੱਖ ਦਿੰਦੀ, ਉਹ ਉਹਦੀ ਸਕੀ ਭਤੀਜੀ ਵੀ ਸੀ। ਜੇ ਕੋਈ ਹੋਰ ਨੇੜੇ ਆਉਂਦਾ ਤਾਂ ਉਹ ਰੋਟੀ ਬਿਲਕੁਲ ਨਾ ਖਾਂਦਾ। ਕਾਇਮ ਦੀਨ ਨੂੰ ਉਸ ਸੰਗਲ  ਨਾਲ ਬੰਨ੍ਹੇ ਨੂੰ ਛੇ ਮਹੀਨੇ ਹੋ ਗਏ ਸੀ। ਖੱਬੇ ਪਾਸੇ ਤੇ ਡੂੰਘੇ ਜ਼ਖ਼ਮ ਸਾਫ਼ ਦਿੱਸਣ ਲੱਗ ਪਏ। ਦੋ ਸਾਲ ਤੋਂ ਨੂੰਹ ਰੋਜ਼ਾਨਾ ਉਸ ਦਾ ਮਲ ਸਾਫ਼ ਕਰਦੀ। ਇਹ ਉਸ ਦੀ ਦਿਨ ਚਰਿਆ ਵਿਚ ਸ਼ਾਮਿਲ ਸੀ।

ਪਿਛਲੇ ਇੱਕੀ ਵਰ੍ਹਿਆਂ ਵਿਚ ਬੇਰੀ ਐਨੀ ਫੈਲ ਗਈ ਸੀ ਕਿ ਪੂਰੇ ਵਿਹੜੇ ਨੂੰ ਆਪਣੇ ਘੇਰੇ ਵਿਚ ਲੈ ਲਿਆ। ਹਰੀਆਂ-ਭਰੀਆਂ ਲਚਕੀਲੀਆਂ ਟਾਹਣੀਆਂ ’ਤੇ ਕਾਟੋਆਂ, ਤੋਤੇ ਚਿੜੀਆਂ ਚਹਿਕਦੇ ਰਹਿੰਦੇ। ਕਦੇ-ਕਦੇ ਕਾਇਮ ਦੀਨ ਦੇ ਸਿਰ ’ਤੇ ਵੀ ਆ ਬੈਠ ਜਾਂਦੀਆਂ ਅਤੇ  ਐਨਾ ਚੀਂ-ਚੀਂ ਕਰਦੀਆਂ ਕਿ ਕਾਇਮ ਦੀਨ ਦਾ ਸਾਰਾ ਧਿਆਨ ਉਨ੍ਹਾਂ ਵੱਲ ਚਲਿਆ ਜਾਂਦਾ। ਹੁਣ ਉਹ ਸਾਰਾ-ਸਾਰਾ ਦਿਨ ਬੇਰੀ ’ਤੇ ਟਪੂਸੀਆਂ ਮਾਰਦੀਆਂ ਕਾਟੋਆਂ, ਰਸ ਚੂਸਦੀਆਂ ਸ਼ਹਿਦ ਦੀਆਂ ਮੱਖੀਆਂ ਅਤੇ ਹਰੇ ਪੱਤਿਆਂ ਵਿਚ ਚਹਿਕਦੀਆਂ ਚਿੜੀਆਂ ਨੂੰ ਵੇਖਦਾ ਰਹਿੰਦਾ। ਹੌਲੀ-ਹੌਲੀ ਉਨ੍ਹਾਂ ’ਚ ਇੰਨਾ ਰਮ ਗਿਆ ਕਿ ਕਿਸੇ ਹੋਰ ਪਾਸੇ ਧਿਆਨ ਹੀ ਨਾ ਦਿੰਦਾ। ਹੁਣ ਗਾਲ੍ਹਾਂ ਕੱਢਣੀਆਂ ਤਾਂ ਇਕ ਪਾਸੇ, ਉਹਨੇ ਬੋਲਣਾ ਵੀ ਛੱਡ ਦਿੱਤਾ। ਬਸ ਟੁਕ-ਟੁਕ ਬੇਰੀ ਦੀਆਂ ਟਾਹਣੀਆਂ ਵੱਲ ਵੇਖਦਾ ਤੇ ਚਹਿਕਦੇ ਹੋਏ ਪੰਛੀਆਂ ਵਿਚ ਹੀ ਮਗਨ ਰਹਿੰਦਾ।

ਸ਼ਾਇਦ 20 ਜੂਨ 1999 ਦਾ ਦਿਨ ਸੀ। ਤੁਫ਼ੈਲ ਆਪਣੀ ਘਰਵਾਲੀ ਨਾਲਲ ਹੁਜਰੇ ਸ਼ਾਹ ਮੁਕੀਮ ਕਿਸੇ ਮਰਨੇ ’ਤੇ ਗਿਆ ਹੋਇਆ ਸੀ। ਉਹ ਕਾਇਮ ਦੀਨ ਦੀ ਜ਼ਿੰਮੇਵਾਰੀ ਆਪਣੇ ਗੁਆਂਢੀ ਨਜ਼ੀਰੇ ਨੂੰ ਸੌਂਪ ਗਿਆ, ਕਿਉਂਕਿ ਉਹਨੂੰ ਹੂਜਰੇ ਵਿਚ ਦੋ-ਚਾਰ ਦਿਨ ਲੱਗ ਜਾਣੇ ਸਨ। ਉਨ੍ਹੀਂ ਦਿਨੀਂ ਇਹ ਖ਼ਬਰ ਉੱਡੀ ਕਿ ਹਿੰਦੋਸਤਾਨ ਨੇ ਸਤਲੁਜ ਦਾ ਪਾਣੀ ਛੱਡ ਦਿੱਤਾ ਹੈ। ਖ਼ਬਰ ਉਸ ਵੇਲੇ ਪਹੁੰਚੀ ਜਦੋਂ ਪਾਣੀ ਬਹੁਤ ਨੇੜੇ ਆ ਗਿਆ। ਇਸ ਖ਼ਬਰ ਨੇ ਸਾਰੇ ਹਠਾੜ ਵਿਚ ਡਰ ਫੈਲਾ ਦਿੱਤਾ। ਫਿਰ ਵੀ ਹਠਾੜ ਵਾਲਿਆਂ ਕੋਲ ਬਚਣ ਵਾਸਤੇ ਕੁਝ ਸਮਾਂ ਸੀ। ਲੋਕਾਂ ਨੂੰ 32 ਵਰ੍ਹੇ ਪਹਿਲਾਂ ਦਾ ਹੜ੍ਹ ਯਾਦ ਸੀ। ਉਨ੍ਹਾਂ ਨੇ ਛੇਤੀ-ਛੇਤੀ ਆਪਣੇ ਬੋਰੀਆਂ ਬਿਸਤਰੇ ਵਲ੍ਹੇਟੇ ਤੇ ਬੰਨ੍ਹ ਵੱਲ ਭੱਜ ਤੁਰੇ। ਹਰ ਕਿਸੇ ਦੀ ਇਹੀ ਕੋਸ਼ਿਸ਼ ਸੀ ਕਿ ਜੋ ਸਮਾਂ ਮਿਲਿਆ ਹੈ ਉਹਦਾ ਫ਼ਾਇਦਾ ਚੁੱਕ ਕੇ ਆਪਣੀ ਹਰ ਚੀਜ਼ ਵਸਤ ਬਚਾ ਕੇ ਲੈ ਜਾਣ। ਜਿਸ ਕਰਕੇ ਹਰ ਬੰਦਾ ਕੰਮ

ਵਿਚ ਇੰਨਾ ਰੁਝਿਆ ਹੋਇਆ ਸੀ ਕਿ ਕਿਸੇ ਨੂੰ ਖ਼ਬਰ ਨਹੀਂ ਸੀ। ਜਿਹਨੂੰ ਦੇਖੋ ਆਪਣਾ ਸਾਮਾਨ ਗੱਡਿਆਂ ਅਤੇ ਰੇੜ੍ਹਿਆਂ ਉੱਤੇ ਬੰਨ੍ਹ ਕੇ ਬੰਨ੍ਹ ਵੱਲ ਭੱਜਿਆ ਜਾ ਰਿਹਾ ਹੈ। ਮਕਾਲਾਂ ਦੀਆਂ ਛੱਤਾਂ ਵਿਚੋਂ ਸ਼ਤੀਰ ਕੱਢ ਲਏ ਗਏ ਅਤੇ ਇਕ ਇਕ ਚੀਜ਼ ਸਮੇਟ ਲਈ ਗਈ। ਨਜ਼ੀਰੇ ਨੇ ਵੀ ਛੇਤੀ ਛੇਤੀ ਆਪਣਾ ਸਾਮਾਨ ਬੰਨ੍ਹਿਆ। ਸਮਾਂ ਬਹੁਤ ਘੱਟ ਸੀ ਜਦ ਕਿ ਪਾਣੀ ਹਠਾੜ ਵੱਲ ਨੂੰ ਤੇਜ਼ੀ ਨਾਲ ਵੱਧ ਰਿਹਾ ਸੀ। ਉਹਨੇ ਆਪਣੇ ਸਾਰੇ ਪਸ਼ੂ ਡੰਗਰ ਅਤੇ ਸਾਮਾਨ ਦੇ ਤਿੰਨ ਚੱਕਰਾਂ ਵਿਚ ਬੰਨ੍ਹ ਉੱਤੇ ਪਹੁੰਚਾ ਦਿੱਤੇ। ਇੰਨੇ ਵਿਚ ਪਾਣੀ ਘਰ ਵੜ ਕੇ ਗਿੱਟਿਆਂ ਤੋਂ ਉੱਪਰ ਚੜ੍ਹਨ ਲੱਗਿਆ। ਤੁਫ਼ੈਲ ਨੂੰ ਜਦੋਂ ਹੜ੍ਹ ਦੀ ਖ਼ਬਰ ਦੀ ਮਿਲੀ ਤਾਂ ਉਹ ਛੇਤੀ ਨਾਲ ਮੰਡੀ ਅਹਿਮਦਾਬਾਦ ਵਾਲੀ ਬੱਸ ਵਿਚ ਬੈਠਿਆ, ਤਾਂ ਕਿ ਵੇਲੇ ਨਾਲ ਪਹੁੰਚ ਸਕੇ। ਉਹ ਮੰਡੀ ਅਹਿਮਦਾਬਾਦ ਪਹੁੰਚਿਆ ਤਾਂ ਸ਼ਾਮ ਦੇ ਪੰਜ ਵੱਜ ਚੁੱਕੇ ਸੀ। ਅਗਲਾ ਰਸਤਾ ਉਹਨੇ ਪੈਦਲ ਤੈਅ ਕਰਨਾ ਸੀ, ਕਿਉਂਕਿ ਉਸ ਇਲਾਕੇ ਵਿਚ ਬੱਸ ਜਾਂ ਤਾਂਗੇ ਨਹੀਂ ਜਾਂਦੇ ਸਨ। ਓਧਰ ਪਿੰਡ ਵਿਚ ਪਾਣੀ ਗੋਡਿਆਂ ਤੋਂ ਉੱਤੇ ਆ ਚੁੱਕਿਆ ਸੀ। ਸ਼ਾਮ ਦੇ ਛੇ ਵਜੇ ਤੱਕ ਦਰਿਆ ਨੇ ਬਚੀਆਂ-ਖੁਚੀਆਂ ਕੰਧਾਂ ਅਤੇ ਮਕਾਨ ਵੀ ਬਰਾਬਰ ਕਰ ਦਿੱਤੇ। ਕਾਇਮ ਦੀਨ ਦਾ ਮੰਜਾ ਪਾਣੀ ਵਿਚ ਡੁੱਬ ਚੁੱਕਿਆ ਸੀ, ਪਰ ਉਹ ਬੇਫ਼ਿਕਰੀ ਨਾਲ ਪ੍ਰੇਸ਼ਾਨੀ ਵਿਚ ਦੌੜਦੇ ਹੋਏ ਲੋਕ ਦੇਖਣ ਵਿਚ ਮਗਨ ਸੀ। ਹਰ ਕਿਸੇ ਨੂੰ ਆਪਣੀ ਪਈ ਸੀ। ਲੋਕ ਕਾਇਮਦੀਨ ਨੂੰ ਸੰਗਲ ਨਾਲ ਬੰਨ੍ਹਿਆ ਹੋਇਆ ਦੇਖਦੇ ਅਤੇ ਲੰਘ ਜਾਂਦੇ।

ਨਜ਼ੀਰੇ ਨੇ ਬੰਨ੍ਹ ਤੇ ਪਹੁੰਚ ਕੇ ਸੁੱਖ ਦਾ ਸਾਹ ਲਿਆ ਅਤੇ ਸੋਚਿਆ, ਸ਼ੁਕਰ ਹੈ, ਹਰ ਚੀਜ਼ ਸਹੀ ਸਲਾਮਤ ਪਹੁੰਚ ਗਈ। ਪਰ ਅਚਾਨਕ ਉਸ ਦੇ ਦਿਲ ਨੂੰ ਡੋਬਾ ਜਿਹਾ ਪਿਆ। ਉਹਨੂੰ ਖ਼ਿਆਲ ਆਇਆ ਕਿ ਤੁਫ਼ੈਲ ਨੇ ਕਾਇਮ ਦੀਨ ਦੀ ਜ਼ਿੰਮੇਦਾਰੀ ਉਹਨੂੰ ਸੌਂਪੀ ਸੀ। ਪਰ ਹਫ਼ਰਾ-ਤਫ਼ਰੀ 'ਚ ਕੁਝ ਯਾਦ ਨਾ ਰਿਹਾ। ਉਹਨੇ ਸੋਚਿਆ ਕਿ ਵਾਪਸ ਜਾਏ, ਪਰ ਪਾਣੀ ਦੇ ਰੌਲੇ ਅਤੇ ਹਨੇਰੇ ਤੋਂ ਡਰ ਗਿਆ। ਸੋਚਿਆ ਕਿ ਪਾਣੀ ਤਾਂ ਬਹੁਤ ਉੱਪਰ ਆ ਚੁੱਕਿਆ ਹੈ ਅਤੇ ਸੰਗਲ ਦੀ ਚਾਬੀ ਵੀ ਮੇਰੇ ਕੋਲ ਨਹੀਂ, ਇਸ ਕਰਕੇ ਹੁਣ ਜਾਣ ਦਾ ਕੋਈ ਫ਼ਾਇਆ ਨਹੀਂ।

ਪਾਣੀ ਜਦੋਂ ਕਾਇਮ ਦੀਨ ਦੇ ਗੋਡਿਆਂ ਤੋਂ ਉੱਪਰ ਚੜ੍ਹਿਆ, ਤਾਂ ਉਹ ਬੇਰੀ ਦੇ ਤਣੇ ਨਾਲ ਚਿੰਬੜ ਗਿਆ ਤੇ ਬੇਰੀ 'ਤੇ ਚੜ੍ਹਨ ਦੀ ਕੋਸ਼ਿਸ਼ ਕਰਨ ਲੱਗਿਆ। ਪਰ ਪੈਰਾਂ 'ਚ ਪਿਆ ਸੰਗਲ ਰੁਕਾਵਟ ਬਣ ਗਿਆ। ਤੁਫ਼ੈਲ ਹਾਲੇ ਤੱਕ ਅੱਠ ਕਿਲੋਮੀਟਰ ਆਪਣੇ ਘਰ ਤੋਂ ਦੂਰ ਸੀ। ਕਦੇ ਭੱਜਦਾ ਅਤੇ ਕਦੇ ਤੁਰਦਾ ਪਰ ਇੰਨਾ ਰਸਤਾ ਘੰਟਿਆਂ 'ਚ ਤੈਅ ਕਰਨਾ ਸੌਖਾ ਨਹੀਂ ਸੀ, ਜਦ ਕਿ ਹਠਾੜ ਵਿਚ ਪਾਣੀ ਗੋਡਿਆਂ ਤੋਂ ਉੱਪਰ ਹੋ ਚੁੱਕਿਆ ਸੀ।

ਰਾਤ ਨੌਂ ਵਜੇ ਦੇ ਨੇੜੇ ਪਾਣੀ ਜਦ ਕਾਇਮ ਦੀਨ ਦੇ ਮੋਢਿਆਂ ਤੱਕ ਪਹੁੰਚਿਆ ਤਾਂ ਉਹਨੇ ਤੇਜ਼ੀ ਨਾਲ ਆਪਣੇ ਪੈਰ ਪਟਕਣੇ ਸ਼ੁਰੂ ਕਰ ਦਿੱਤੇ। ਕਦੇ ਹੱਥਾਂ ਨਾਲ ਸੰਗਲ ਨੂੰ ਖਿੱਚਦਾ ਅਤੇ ਜ਼ੋਰ ਨਾਲ ਹੱਥ ਪੈਰ ਮਾਰਦਾ। ਕਦੇ ਬੇਰੀ 'ਤੇ ਚੜ੍ਹਨ ਦੀ ਕੋਸ਼ਿਸ਼ ਕਰਦਾ ਪਰ ਸੰਗਲ ਫਿਰ ਅੜਚਣ ਬਣ ਜਾਂਦਾ। ਆਖਰ 70 ਸਾਲ ਦਾ ਬੁੱਢਾ 15 ਕਿਲੋ ਭਾਰੇ ਲੋਹੇ ਦੇ ਸੰਗਲ ਨਾਲ ਕਿੰਨਾ ਕੁ ਜੂਝਦਾ, ਬੇਸੁੱਧ ਜਿਹਾ ਹੋ ਗਿਆ ਅਤੇ ਜਿਥੋਂ ਤੱਕ ਹੋ ਸਕਦਾ ਸੀ ਉੱਪਰ ਚੜ੍ਹ ਕੇ ਬੇਰੀ ਦੇ ਤਣੇ ਨਾਲ ਚਿੰਬੜ ਗਿਆ। ਪਾਣੀ ਸੀ ਕਿ ਥੋੜ੍ਹੇ ਚਿਰ ਬਾਅਦ ਹੋਰ ਉੱਚਾ ਹੋ ਜਾਂਦਾ। ਹੁਣ ਕਾਇਮ ਦੀਨ ਕੋਈ ਪੰਜ ਫੁੱਟ ਦੀ ਉਚਾਈ 'ਤੇ ਸੰਗਲ ਸਮੇਤ ਬੇਰੀ ਦੇ ਤਣੇ ਨਾਲ ਚਿੰਬੜਿਆ ਹੋਇਆ ਸੀ। ਉਹਦੇ ਹੱਥ ਪੈਰ ਇੰਨੇ ਭਾਰੇ ਸੰਗਲ ਨੂੰ ਲਗਾਤਾਰ ਚੁੱਕੀ, ਕਿਰਲੀ ਵਾਂਗ ਚਿੰਬੜੇ ਰਹਿਣ ਦੇ ਕਾਰਨ ਸੁੰਨ ਹੋ ਗਏ। ਉੱਤੇ ਜ਼ੁਲਮ ਇਹ ਕਿ ਪਾਣੀ ਦਾ ਪੱਧਰ ਹੋਰ ਉੱਚਾ ਹੋ ਗਿਆ। ਹੌਲੀ-ਹੌਲੀ ਪਾਣੀ ਐਨਾ ਉੱਚਾ ਹੋ ਗਿਆ ਕਿ ਕਾਇਮ ਦੀਨ ਗੋਤੇ ਖਾਣ ਲੱਗਿਆ। ਉਹ ਵਾਰੀ ਵਾਰੀ ਪੈਰ ਨਾਲ ਸੰਗਲ ਪਟਕਦਾ ਤੇ ਗੋਤੇ ਖਾਂਦਾ ਰਿਹਾ। ਪਰ ਸਭ ਕੁਝ ਬੇਕਾਰ ਸੀ। ਨ੍ਹੇਰੀ ਰਾਤ ਵਿਚ ਪਾਣੀ ਤੋਂ ਬਿਨਾਂ ਉਹਨੂੰ ਕੋਈ ਚੀਜ਼ ਨਹੀਂ ਦਿੱਸ ਰਹੀ ਸੀ। ਇਥੋਂ ਤੱਕ ਕਿ ਰਾਤ ਦੇ ਦਸ ਵਜੇ ਪਾਣੀ ਦਾ ਪਹਿਲਾ ਘੁੱਟ ਉਸ ਦੇ ਮੂੰਹ ਅੰਦਰ ਚਲਿਆ ਗਿਆ।

ਪਾਣੀ ਐਨਾ ਜ਼ਿਆਦਾ ਸੀ ਕਿ ਕਾਇਮ ਦੀਨ ਸਾਹ ਨਾ ਲੈ ਸਕਿਆ। ਬੇਬਸੀ ਦੀ ਹਾਲਤ ਵਿਚ ਉਹਦੇ ਮੂੰਹ ਵਿਚੋਂ ਇਕ ਜ਼ੋਰਦਾਰ ਚੀਕ ਨਿਕਲੀ ਜੀਹਦੀ ਆਵਾਜ਼ ਸੁਣ ਕੇ ਸਾਰਾ ਹਠਾੜ ਸਹਿਮ ਗਿਆ। ਫਿਰ ਪਾਣੀ ਦੇ ਅੰਦਰ ਕੁਝ ਦੇਰ ਇਕ ਭਰਪੂਰ ਹਲਚਲ ਹੋਈ, ਅਤੇ ਉਹਤੋਂ ਬਾਅਦ ਇਕ ਚੁੱਪ ਛਾ ਗਈ। ਤੁਫ਼ੈਲ ਹਾਲੇ ਤੱਕ ਆਪਣੇ ਪਿੰਡ ਤੋਂ ਚਾਰ ਕਿਲੋਮੀਟਰ ਦੂਰ ਸੀ।

ਪੰਜਾਬੀ ਅਨੁਵਾਦ :ਜਸਦੀਪ ਸਿੰਘ
ਈ-ਮੇਲ : jasdeep.jogewala@gmail.com



ਅਲੀ ਅਕਬਰ ਨਾਤਿਕ ਪਾਕਿਸਤਾਨੀ ਪੰਜਾਬ ਦਾ ਉਰਦੂ ਸ਼ਾਇਰ ਅਤੇ ਕਹਾਣੀਕਾਰ ਹੈ। ਉਸਦੀ ਸ਼ਾਇਰੀ ਦੋਵਾਂ ਮੁਲਕਾਂ ਵਿੱਚ ਮਕਬੂਲ ਹੈ ਅਤੇ ਉਸਦੀਆਂ ਕਹਾਣੀਆਂ ਦੇ ਅੰਗਰੇਜੀ ਅਤੇ ਹਿੰਦੀ ਅਨੁਵਾਦਾਂ ਦੀਆਂ ਕਿਤਾਬਾਂ ਛਪ ਚੁੱਕੀਆਂ ਹਨ। ਉਸਦੀਆਂ ਕਹਾਣੀਆਂ ਤੇ ਅਧਾਰਿਤ ਹਿੰਦੋਸਤਾਨੀ ਨਾਟਕ "ਏਕ ਪੰਜਾਬ ਯੇਹ ਭੀ" ਬੰਬਈ ਅਤੇ ਦਿੱਲੀ ਵਿੱਚ ਖੇਡਿਆ ਜਾ ਚੁੱਕਿਆ ਹੈ। ਜ਼ਿਕਰਯੋਗ ਪੁਸਤਕਾਂ : ਸ਼ਾਹ ਮੁਹੰਮਦ ਕਾ ਟਾਂਗਾ ਅਨੁਵਾਦ: ਮਿਰਜ਼ਾ ਏ. ਬੀ. ਬੇਗ, ਕਾਇਮ ਦੀਨ, ਵਟ ਵਿੱਲ ਯੂ ਗਿਵ ਫੌਰ ਦਿਸ ਬਿਊਟੀ ਅਨੁਵਾਦ: ਅਲੀ ਮਦੀਹ ਹਾਸ਼ਮੀ

**ਮੀਨਮੇਖ.com**

# ਰਾਵਣ ਦਾ ਸ਼ਹੀਦੀ ਦਿਵਸ

ਪ੍ਰੋ. ਰਮਨ

ਦੁਸਹਿਰੇ ਵਾਲੇ ਦਿਨ ਦਾ ਅਕੇਵਾਂ ਬਰਦਾਸ਼ਤ ਤੋਂ ਬਾਹਰ ਹੁੰਦਾ ਮਹਿਸੂਸ ਹੋਇਆ ਤਾਂ ਮੈਂ ਸੁਰਜੀਤ ਜੱਜ ਨੂੰ ਫ਼ੋਨ ਮਿਲਾ ਲਿਆ। ਅੱਗੋਂ ਉਹਨੇ ਫ਼ੋਨ ਨਾ ਚੁੱਕਿਆ ਤਾਂ ਕੁਝ ਅਫ਼ਸੋਸ ਹੋਇਆ। ਅਕੇਵਾਂ ਭੋਗਦੇ ਬੰਦੇ ਨੂੰ ਜਦੋਂ ਆਪਣੀ ਮਨੋਸਥਿਤੀ ਬਦਲਣ ਦਾ ਮੌਕਾ ਨਾ ਮਿਲੇ ਤਾਂ ਉਹ ਅਕਸਰ ਆਪਣੇ ਪ੍ਰਤੀ ਤਰਸਵਾਨ ਹੋ ਜਾਂਦਾ ਹੈ। ਅਕੇਵਾਂ ਦੂਰ ਕਰਨ ਦਾ ਕੋਈ ਹੀਲਾ-ਵਸੀਲਾ ਨਾ ਬਣੇ ਤਾਂ ਉਸ ਨੂੰ ਅਜੀਬ ਅਚਵੀ ਜਹੀ ਲੱਗੀ ਰਹਿੰਦੀ ਹੈ। ਮੈਂ ਮੁੜ ਜੱਜ ਨੂੰ ਫ਼ੋਨ ਲਾਇਆ। ਐਤਕੀਂ ਉਹ ਆਪਣੇ ਗੜ੍ਹਕਵੇਂ ਅੰਦਾਜ਼ ਵਿਚ ਫ਼ੋਨ 'ਤੇ ਹਾਜ਼ਰ ਸੀ। ਮੈਂ ਪੁੱਛਿਆ, "ਕਿਉਂ, ਫ਼ੋਨ ਨੀ ਚੁੱਕਦਾ, ਮਸਰ ਗੁੱਡਣ ਗਿਆ ਹੋਇਆ ਸੀ ?" ਸੁਰਜੀਤ ਜੱਜ ਆਪਣੀ ਕੋਠੀ ਲਾਗਲੇ ਖ਼ਾਲੀ ਪਲਾਟ ਵਿਚ ਸਬਜ਼ੀਆਂ ਦੇ ਨਾਲ ਨਾਲ ਦਾਲਾਂ ਵੀ ਉਗਾਉਂਦਾ ਹੈ। ਆਪਣਾ ਵਿਹਲਾ ਸਮਾਂ ਉਹ ਆਪਣੇ ਘਰੇਲੂ ਬਗੀਚੇ ਵਿਚ ਹੀ ਮਸਤ ਰਹਿੰਦਾ ਹੈ। ਉਹ ਅੱਗੋਂ ਹੱਸ ਕੇ ਬੋਲਿਆ, "ਲਗਦਾ ਕੁਝ ਮਸਰਾਂ ਦਾ, ਮਸਰ ਐਸ ਰੁੱਤ 'ਚ ਨੀਂ ਹੁੰਦੇ, ਇਹ ਹਾੜ੍ਹੀ ਦੀ ਫਸਲ ਐ, ਨਾ ਤੈਨੂੰ ਕਿਸਾਨੀ ਦੇ ਕੰਮ ਨਾਲ ਜੁੜੇ ਰਹੇ ਬੰਦੇ ਨੂੰ ਵੀ ਇਸ ਗੱਲ ਦਾ ਪਤਾ ਨਹੀਂ ?" ਮੈਂ ਕਿਹਾ ਭਰਾਵਾ ਫਸਲੀ ਚੱਕਰ ਚਿਰੋਕਣਾ ਬਦਲ ਚੁੱਕਾ ਹੈ, ਝੋਨਾ ਰਹਿ ਗਿਆ ਹੈ ਜਾਂ ਕਣਕ। ਬਾਕੀ ਫ਼ਸਲਾਂ ਦੀ ਬਿਜਾਈ-ਗਹਾਈ ਦੇ ਮੌਸਮ ਤਾਂ ਵਿੱਸਰ ਹੀ ਗਏ ਹਨ।" ਮੈਂ ਸ਼ੁਕਰ ਕੀਤਾ ਕਿ ਉਹਨੇ ਵੀ ਬਦਲਾਵ ਦੀ ਹਾਮੀ ਭਰ ਦਿੱਤੀ। ਮੈਂ ਗੱਲਬਾਤ ਦਾ ਵਿਸ਼ਾ ਬਦਲਿਆ ਤਾਂ ਮਹਿਸੂਸ ਹੋਇਆ ਕਿ ਤਬਦੀਲੀ ਤਾਂ ਸਾਡੀ ਸੋਚ ਵਿਚ ਵੀ ਪਲਸੇਟੇ ਮਾਰ ਰਹੀ ਹੈ। ਮੈਂ ਜੱਜ ਤੋਂ ਪੁੱਛਿਆ, "ਕਿਵੇਂ ਮਨਾਏਂਗਾ ਅੱਜ ਬਦੀ ਉੱਪਰ ਨੇਕੀ ਦੀ ਜਿੱਤ ਦਾ ਪ੍ਰਤੀਕ ਤਿਉਹਾਰ ?" ਅੱਗੋਂ ਉਹਨੇ ਦ੍ਰਿੜ੍ਹਤਾ ਨਾਲ ਜਵਾਬ ਦਿੱਤਾ, "ਮੈਂ ਤਾਂ ਰਾਵਣ ਵੱਲ ਹਾਂ, ਮਹਾਂ ਪੰਡਿਤ ਰਾਵਣ ਵੱਲ। ਇਕ ਬੰਨੇ ਗਿਆਨ ਹੈ ਅਤੇ ਦੂਜੇ ਬੰਨੇ ਤੀਰ ਕਮਾਨ...ਮੈਂ ਤਾਂ ਗਿਆਨ ਵੱਲ ਹਾਂ...ਅੱਜ ਤਾਂ ਰਾਵਣ ਦਾ ਸ਼ਹੀਦੀ ਦਿਵਸ ਮਨਾਵਾਂਗਾ।" ਉਹਨੇ ਆਪਣੇ ਸੰਵਾਦ ਨੂੰ ਜਾਰੀ ਰੱਖਦਿਆਂ ਕਿਹਾ ਕਿ ਰਾਵਣ ਦੀਆਂ ਆਰਥਿਕ ਨੀਤੀਆਂ ਵੀ ਚੰਗੀਆਂ ਹੀ ਹੋਣਗੀਆਂ, ਤਾਂ ਹੀ ਉਹਦੀ ਲੰਕਾ ਸੋਨੇ ਦੀ ਬਣੀ। ਉਹਨੇ ਆਮ ਲੋਕਾਂ ਨੂੰ ਤਕੜੇ ਕਰਕੇ ਯੋਧੇ ਵੀ ਬਣਾਇਆ। ਉਹ ਹਾਰ ਗਿਆ ਕਿਉਂਕਿ ਉਹ ਕਪਟੀ ਨਹੀਂ ਸੀ।" 'ਸਤਿ ਬਚਨ' ਆਖ ਮੈਂ ਉਹਦੇ ਸੱਚੋ-ਸੱਚ ਸੰਵਾਦ ਨੂੰ ਵਿਰਾਮ ਦਿੱਤਾ ਹੀ ਸੀ ਕਿ ਕਿਸੇ ਸਮੇਂ ਸਾਡੇ ਦੋਹਾਂ ਦੇ ਵਿਦਿਆਰਥੀ ਰਹੇ ਲੇਖਕ ਭਗਵੰਤ ਰਸੂਲਪੁਰੀ ਦਾ ਵਟਸਐਪ ਮੈਸੇਜ ਆ ਗਿਆ : ਅਣਖੀ, ਦਲੇਰ, ਮਹਾਂਬਲੀ, ਗਿਆਨ ਦੇ ਪ੍ਰਤੀਕ, ਸੱਚ ਦੇ ਪਹਿਰੇਦਾਰ ਮਰਦ ਰਾਜਾ ਸ੍ਰੀ ਰਾਵਣ ਜੀ ਦੀ ਸ਼ਹਾਦਤ ਨੂੰ ਕੋਟਿ ਕੋਟਿ ਪ੍ਰਣਾਮ!!

ਮੈਂ ਇਸ ਮੈਸੇਜ ਦੇ 'ਕੱਲੇ-'ਕੱਲੇ ਵਿਸ਼ੇਸ਼ਣ ਨੂੰ ਘੋਖਣ ਲੱਗ ਪਿਆ। ਰਾਵਣ ਅਣਖੀ ਵੀ ਸੀ, ਭੈਣ ਦਾ ਨੱਕ ਕੱਟੇ ਜਾਣ ਦੀ ਸੂਚਨਾ ਪਾ ਕੇ ਅਣਖੀਲੇ ਮਰਦਾਂ ਵਾਂਗ ਉਹਦਾ ਖ਼ੂਨ ਖੌਲਿਆ। ਦਲੇਰ ਸੀ, ਇਸੇ ਲਈ ਉਹਨੇ ਆਪਣੇ ਵੈਰੀ ਨੂੰ ਵੰਗਾਰਿਆ। ਮਹਾਂਬਲੀ ਸੀ, ਉਹ ਹਾਰ ਗਿਆ, ਮਾਰਿਆ ਗਿਆ ਪਰ ਉਹਨੇ ਛਲ, ਕਪਟ ਤੇ ਝੂਠ ਦਾ ਸਹਾਰਾ ਨਹੀਂ ਲਿਆ। ਉਹਦੀ ਭੈਣ ਨਾਲ ਜ਼ਿਆਦਤੀ ਹੋਈ ਸੀ ਪਰ ਉਹਨੇ ਖ਼ੁਦ ਆਪਣੇ ਵਿਰੋਧੀ ਦੀ ਇਸਤਰੀ ਨੂੰ ਸਪਰਸ਼ ਤਕ ਨਹੀਂ ਕੀਤਾ। ਭਗਵੰਤ ਨੇ ਰਾਵਣ ਲਈ ਬਿਲਕੁਲ ਸਹੀ ਵਿਸ਼ੇਸ਼ਣ ਵਰਤੇ ਸਨ। ਮੈਸੇਜ ਪੜ੍ਹ ਕੇ ਮਹਿਸੂਸ ਹੋਇਆ ਕਿ ਅੱਜ ਰਾਮ ਦਾ ਵਿਜੈ ਦਿਵਸ ਘੱਟ ਤੇ ਰਾਵਣ ਦਾ ਸ਼ਹੀਦੀ ਦਿਵਸ ਵੱਧ ਹੈ।

ਵਟਸਐਪ ਮੈਸੇਜ ਵਿਚ ਹੀ ਇਕ ਹੋਰ ਸੱਜਣ ਨੇ ਰਾਵਣ ਦੇ ਪ੍ਰਚਲਤ ਕਿਰਦਾਰ ਨੂੰ ਮਨਘੜਤ ਦੱਸਦਿਆਂ ਲਿਖਿਆ ਹੈ ਕਿ ਭਾਰਤ ਵਿਚ ਮੂਲਵਾਸੀਆਂ ਦੀਆਂ ਦਸ ਪੀੜ੍ਹੀਆਂ ਦਾ ਰਾਜ ਰਿਹਾ ਹੈ। ਦਸਵੀਂ ਪੀੜ੍ਹੀ ਦੇ ਮੂਲਵਾਸੀ ਰਾਜੇ ਨੂੰ ਬ੍ਰਾਹਮਣਾਂ ਨੇ ਹਰਾ ਕੇ, ਜਿੱਤ ਦੇ ਦਿਨ ਨੂੰ ਦੁਸਹਿਰੇ ਦਾ ਨਾਮ ਦਿੱਤਾ ਤੇ ਭਾਰਤ ਦੇ ਮੂਲਵਾਸੀਆਂ ਨੂੰ ਬ੍ਰਾਹਮਣਵਾਦੀ ਸੱਤਾ ਦੇ ਜੂਲੇ ਵਿਚ ਫਸਾ ਲਿਆ। ਦੁਸਹਿਰੇ ਅਥਵਾ ਰਾਵਣ ਦੀ ਇਹ ਵਿਆਖਿਆ ਦਿਲਚਸਪ ਵੀ ਹੈ ਅਤੇ ਸੋਚਣ ਲਈ ਮਜਬੂਰ ਵੀ ਕਰਦੀ ਹੈ।

ਰਾਵਣ ਦੇ ਪ੍ਰਚਲਤ ਕਿਰਦਾਰ ਦੇ ਪੱਖ ਵਿਚ ਕਿਸੇ ਨੇ ਫੇਸਬੁੱਕ ਉੱਪਰ ਇਕ ਬੜੀ ਦਿਲ ਟੁੰਬਵੀਂ ਹਿੰਦੀ ਕਵਿਤਾ ਵੀ ਪੋਸਟ ਕੀਤੀ ਹੈ। ਇਸ ਕਵਿਤਾ ਦਾ ਤਾਂ ਇਥੇ ਲਿਪੀਅੰਤਰ ਕਰਨਾ ਹੀ ਠੀਕ ਰਹੇਗਾ :

*ਰਾਵਣ ਬਨਨਾ ਭੀ ਕਹਾਂ ਆਸਾਨ ਥਾਂ ?*
*ਰਾਵਣ ਮੇਂ ਅਹੰਕਾਰ ਥਾ ਤੋ ਪਸ਼ਚਾਤਾਪ ਭੀ ਥਾ / ਰਾਵਣ ਮੇਂ ਵਾਸਨਾ ਥੀ ਤੋਂ ਸੰਯਮ ਭੀ ਥਾ*

*ਰਾਵਣ ਮੇਂ ਸੀਤਾ ਕੇ ਅਪਹਰਣ ਕੀ ਤਾਕਤ ਥੀ... / ਤੋ ਬਿਨਾ ਸਹਮਤੀ ਪਰਸਤ੍ਰੀ ਕੋ ਸਪਰਸ਼ ਭੀ ਨ ਕਰਨੇ ਕਾ ਸੰਕਲਪ ਭੀ ਥਾ*

*ਸੀਤਾ ਜੀਵਿਤ ਮਿਲੀ ਯਹ ਰਾਮ ਕੀ ਹੀ / ਤਾਕਤ ਥੀ...ਪਰ...*
*ਸੀਤਾ ਪਵਿੱਤਰ ਮਿਲੀ ਯਹ ਰਾਵਣ ਕੀ ਭੀ ਮਰਯਾਦਾ ਥੀ*

*ਰਾਮ, ਤੁਮ੍ਹਾਰੇ ਯੁੱਗ ਕਾ ਰਾਵਣ ਅੱਛਾ ਥਾ...*
*ਦਸ ਕੇ ਦਸ ਚੇਹਰੇ ਸਬ 'ਬਾਹਰ' ਰਖਤਾ ਥਾ*

ਦੁਸਹਿਰੇ ਵਾਲੇ ਦਿਨ ਸੋਸ਼ਲ ਮੀਡਿਆ ਉੱਪਰ ਰਮਾਇਣ ਤੇ ਰਾਵਣ ਤੋਂ ਛੁੱਟ ਹੋਰ ਕਿਸੇ ਵੀ ਪਾਤਰ ਬਾਰੇ ਕੋਈ ਚਰਚਾ ਨਹੀਂ ਸੀ। ਰਾਵਣ ਦੀ ਚਰਚਾ ਰਵਾਇਤ ਤੋਂ ਬਿਲਕੁਲ ਹਟ ਕੇ ਹੋ ਰਹੀ ਸੀ। ਇਸ ਚਰਚਾ ਵਿਚ ਰਾਵਣ ਦੀ ਕਿਰਦਾਰ-ਕੁਸ਼ੀ ਕਰਨ ਵਾਲੀਆਂ ਧਾਰਨਾਵਾਂ ਨੂੰ ਸਿਰੇ ਤੋਂ ਖਾਰਜ ਕੀਤਾ ਜਾ ਰਿਹਾ ਸੀ। ਰਾਵਣ ਦੇ ਯਥਾਰਥਕ ਬਿੰਬ ਨੂੰ ਮੁੜ ਤੋਂ ਉਭਾਰਨ ਦਾ ਯਤਨ ਕੀਤਾ ਜਾ ਰਿਹਾ ਸੀ। ਰਾਵਣ ਦੇ ਪੱਖ ਵਿਚ ਤਰਕ ਪੇਸ਼ ਕਰਨ ਵਾਲਿਆਂ ਨੂੰ ਆਪਣੇ ਯਤਨ ਵਿਚ ਸਫ਼ਲਤਾ ਮਿਲ ਰਹੀ ਵੀ ਪ੍ਰਤੀਤ ਹੋ ਰਹੀ ਸੀ ਕਿਉਂਕਿ ਮੇਰੇ ਵਰਗੇ ਲੋਕਾਂ ਲਈ ਉਨ੍ਹਾਂ ਦੀਆਂ ਦਲੀਲਾਂ ਅਕੱਟ ਸਨ।

ਘਰ ਸਾਹਮਣਿਓਂ ਲੰਘਦੇ ਚੌੜੇ ਰਸਤੇ ਦੇ ਇਕ ਸਿਰੇ ਤੋਂ ਬੈਂਡ ਵਾਜੇ ਦਾ ਕੰਨ ਪਾੜਵਾਂ ਸ਼ੋਰ ਸੁਣਾਈ ਦਿੰਦਾ ਹੈ। ਨਗਰ ਦੇ ਮੰਦਰ ਤੋਂ ਦੁਸਹਿਰੇ ਦੀਆਂ ਵੰਨ-ਸੁਵੰਨੀਆਂ ਝਾਕੀਆਂ ਵਾਲਾ ਜਲੂਸ ਮੇਰੇ ਘਰ ਵੱਲ ਵਧਦਾ ਆ ਰਿਹਾ ਹੈ। ਘਰੋਂ ਬਾਹਰ ਨਿਕਲ ਮੈਂ ਗਲੀ ਦੇ ਇਕ ਕਿਨਾਰੇ ਖਲੋ ਗਿਆ ਹਾਂ। ਜਲੂਸ ਦੀ ਅਗਵਾਈ ਦੁਸਹਿਰਾ ਕਮੇਟੀ ਦਾ ਪ੍ਰਧਾਨ ਅਤੇ ਉਹਦੇ ਸਿਆਸੀ ਜੋਟੀਦਾਰਾਂ ਦੀ ਟੋਲੀ ਕਰ ਰਹੀ ਹੈ। ਪ੍ਰਧਾਨ ਬੈਂਡ ਵਾਲਿਆਂ ਨੂੰ ਜ਼ਰਾ ਫੁਰਤੀ ਨਾਲ ਅੱਗੇ ਵਧਣ ਲਈ ਕਹਿ ਰਿਹਾ ਹੈ। ਉਹਨੂੰ ਸ਼ਾਇਦ ਸਮੇਂ ਸਿਰ ਰਾਵਣ ਦੇ ਪੁਤਲੇ ਨੂੰ ਅੱਗ ਲਾ ਕੇ ਫੂਕਣ ਦੀ ਕਾਹਲੀ ਹੈ। ਸਾਹੋ-ਸਾਹ ਹੋਇਆ ਪ੍ਰਧਾਨ ਬਾਕੀ ਸਾਰਿਆਂ ਨੂੰ ਵਾਰ-ਵਾਰ ਸਹਿਯੋਗ ਦੇਣ ਲਈ ਕਹਿ ਰਿਹਾ ਹੈ।

ਪ੍ਰਧਾਨ ਦੀਆਂ ਅਪੀਲਾਂ ਦੇ ਬਾਵਜੂਦ ਜਲੂਸ ਰੁਕ-ਰੁਕ ਕੇ ਅੱਗੇ ਵਧ ਰਿਹਾ ਸੀ। ਸਬੱਬ ਨਾਲ ਮੇਰੇ ਸਾਹਮਣੇ ਉਹ ਝਾਕੀ ਰੁਕ ਗਈ ਜਿਸ ਵਿਚ ਰਾਮ ਅਤੇ ਸੀਤਾ ਬਣੀ ਹੋਈ ਜੋੜੀ ਦੀ ਸਵਾਰੀ ਸੀ। ਰਾਮ ਮੇਰੇ ਵੱਲ ਦੇਖ ਕੇ ਮੁਸਕਰਾਇਆ, ਉਹ ਕੁਝ ਬੋਲਿਆ ਵੀ, ਪਰ ਰੌਲੇ-ਰੱਪੇ 'ਚ ਹੀ ਉਹਦੇ ਬੋਲ ਗੁਆਚ ਗਏ। ਮੈਨੂੰ ਕੇਵਲ ਉਹਦੇ ਹੋਂਠ ਹਿੱਲਦੇ ਦਿਖਾਈ ਦਿੱਤੇ। ਜ਼ਰਾ ਗਹੁ ਨਾਲ ਤੱਕਣ 'ਤੇ ਮੈਂ ਉਹਨੂੰ ਪਛਾਣ ਲਿਆ। ਇਹ ਬਿੱਟੂ ਖੁੱਲਰ ਸੀ, ਦੂਰ ਈ ਰਿਸ਼ਤੇਦਾਰੀ 'ਚ ਮੇਰਾ ਭਤੀਜਾ ਲਗਦਾ ਸੀ। ਵਿਚਾਰਾ ਮੁੜ੍ਹਕੋ-ਮੁੜ੍ਹਕੀ ਹੋਇਆ ਪਿਆ ਸੀ। ਉਹਨੇ ਕੋਲ ਆਉਣ ਲਈ ਇਸ਼ਾਰਾ ਕੀਤਾ, ਭੀੜ 'ਚੋਂ ਰਾਹ ਬਣਾ ਮੈਂ ਉਹਦੇ ਕੋਲ ਜਾ ਖੜ੍ਹਾ ਹੋਇਆ। ਉਹਦਾ ਬੁਰਾ ਹਾਲ ਸੀ, ਭੀੜੇ ਜਿਹੇ ਰੱਥ 'ਚ ਸਵਾਰ ਬਿੱਟੂ ਤਾਂ ਲਗਜ਼ਰੀ ਗੱਡੀ 'ਚੋਂ ਪੈਰ ਬਾਹਰ ਨਹੀਂ ਸੀ ਕੱਢਦਾ, ਜਿਮ ਵੀ ਗੱਡੀ 'ਚ ਹੀ ਜਾਂਦਾ ਸੀ। ਮੈਂ ਉਹਦੇ ਕੰਨ ਕੋਲ ਮੂੰਹ ਕਰਕੇ ਪੁੱਛਿਆ, "ਭਤੀਜ, ਕਿਉਂ ਪੰਗਾ ਲੈ ਲਿਆ ?" ਉਹਨੇ ਅੱਗੋਂ ਆਪਣੀ ਮਜਬੂਰੀ ਦਰਸਾਈ, "ਚਾਚੂ, ਪ੍ਰਧਾਨ ਖਹਿੜੇ ਹੀ ਪੈ ਗਿਆ, ਕਹਿੰਦਾ ਤੇਰੀ ਪਰਸਨੈਲਿਟੀ ਹੀ ਰਾਮ ਨੂੰ ਸੂਟ ਕਰਦੀ ਐ, ਤੂੰ ਹੀ ਰਾਮ ਬਣੇਂਗਾ, ਦੱਸ ਕਿਵੇਂ ਜਵਾਬ ਦਿੰਦਾ ?" ਫਿਰ ਨਾਲ ਦੀ ਸੀਟ ਵੱਲ ਕੁਨੱਖਾ ਜਿਹਾ ਝਾਕ ਕੇ ਬੁੜਬੁੜਾਇਆ, "ਇਹਦੀ ਪਰਸਨੈਲਿਟੀ ਦੇਖ ਲੈ ਚਾਚੂ" ਮੈਂ ਬਿੱਟੂ ਨੂੰ ਮਿੱਠੀ ਜਿਹੀ ਘੁਰਕੀ ਮਾਰੀ, "ਕੰਜਰਾ, ਮੁੰਡੇ ਤੋਂ ਬਣਾਈ ਹੋਈ ਕੁੜੀ ਇਸ ਤਰ੍ਹਾਂ ਦੀ ਹੀ ਹੁੰਦੀ ਹੈ, ਚੱਲ ਸਬਰ ਕਰ, ਹੁਣ ਬਸ ਅੱਧੇ ਘੰਟੇ ਦੀ ਮਾਰ ਹੈ ਦੁਸਹਿਰਾ ਗਰਾਊਂਡ, ਪ੍ਰਧਾਨ ਤਾਂ ਤੈਥੋਂ ਵੀ ਕਾਹਲਾ।" ਬਿੱਟੂ ਨੂੰ ਧਰਵਾਸ ਦਿੱਤਾ ਤਾਂ ਉਹ ਜ਼ਰਾ ਠੀਕ ਜਿਹਾ ਹੋ ਕੇ ਬੈਠ ਗਿਆ।

ਜਲੂਸ ਦੇ ਅੱਗੇ ਜ਼ੋਰਦਾਰ ਧਮਕ ਪੈਦਾ ਕਰਦਾ ਬੈਂਡ ਸੀ। ਬੈਂਡ ਦੇ ਪਿੱਛੇ ਨਗਰ ਦੇ ਨਸ਼ੇੜੀ ਅਤੇ ਮਸਖ਼ਰੇ, ਨਸ਼ੇ 'ਚ ਧੁੱਤ, ਰਾਕਸ਼ਾਂ ਦੇ ਭੇਖ ਵਿਚ ਭੀੜ ਦੀ ਖਿੱਚ ਦਾ ਕਾਰਨ ਬਣੇ ਹੋਏ ਸਨ। ਉਨ੍ਹਾਂ ਦੇ ਮਗਰ ਰਮਾਇਣ ਦੇ ਵੱਖ-ਵੱਖ ਕਿਰਦਾਰ ਰੱਥਾਂ ਵਿਚ ਤੇ ਕੁਝ ਟਰੈਕਟਰਾਂ ਮਗਰ ਪਾਈਆਂ ਟਰਾਲੀਆਂ ਉੱਪਰ ਸਵਾਰ ਸਨ। ਸਭ ਝਾਕੀਆਂ ਅੱਗੇ ਲੰਘ ਗਈਆਂ। ਮੈਂ ਭੀੜ ਨਾਲੋਂ ਵੱਖ ਹੋ ਗਿਆ, ਬਿਲਕੁਲ ਇਕੱਲਾ। ਦਰਅਸਲ, ਭੀੜ ਨਾਲੋਂ ਅਲੱਗ ਹੋ ਕੇ ਹੀ ਬੰਦੇ ਨੂੰ ਚਿੰਤਨ ਕਰਨ ਦਾ ਮੌਕਾ ਮਿਲਦਾ ਹੈ। ਜਲੂਸ ਆਪਣੇ ਖੋਖਲੇਪਣ ਦੇ ਅਟਪਟੇ ਜਿਹੇ ਪ੍ਰਭਾਵ ਛੱਡਦਾ ਹੋਇਆ ਦੂਰ ਨਿਕਲ ਗਿਆ ਤਾਂ ਮੈਂ ਫਿਰ ਆਪਣੇ ਪਹਿਲੇ ਮਿਜਾਜ਼ ਵਿਚ ਵਾਪਸ ਪਰਤਣ ਦਾ ਯਤਨ ਕਰਨ ਲੱਗਾ। ਇਸ ਪ੍ਰਕਿਰਿਆ ਦੌਰਾਨ ਮੈਂ ਸਭ ਤੋਂ ਪਹਿਲਾਂ ਇਸ ਨੁਕਤੇ 'ਤੇ ਹੀ ਅਟਕਿਆ ਕਿ ਰਾਵਣ ਨੂੰ ਸ਼ਹੀਦ ਕਹਿਣ ਵਾਲੇ ਲੋਕਾਂ ਦੀ ਗੱਲ ਵਿਚ ਦਮ ਹੈ ਜਦ ਕਿ ਦੁਸਹਿਰੇ ਦਾ ਪ੍ਰਚਲਤ ਸਭਿਆਚਾਰ ਮਾਤਰ ਸ਼ੋਰ-ਸ਼ਰਾਬਾ ਹੀ ਹੈ। ਭਵਿੱਖ ਜ਼ਰੂਰ ਰਾਵਣ ਦੇ ਕਿਰਦਾਰ ਨਾਲ ਇਨਸਾਫ਼ ਕਰੇਗਾ। ਭੇਖਾਂ ਤੋਂ ਪਰਦੇ ਹਟਣਗੇ ਅਤੇ ਸੱਚ ਜ਼ਰੂਰ ਲੋਕਾਂ ਦਾ ਮਾਰਗਦਰਸ਼ਨ ਕਰਨ ਲਈ ਅੱਗੇ ਆਵੇਗਾ। ਠੀਕ ਹੈ, ਦੁਸਹਿਰੇ ਦਾ ਮਨਾਇਆ ਜਾਣਾ ਵੀ ਜਾਰੀ ਰਹੇਗਾ ਪਰ ਇਕ ਵੱਡੀ ਧਿਰ ਰਾਵਣ ਦਾ ਸ਼ਹੀਦੀ ਦਿਵਸ ਮਨਾਉਣ ਵਾਲੀ ਵੀ ਉਭਰੇਗੀ। ਇੰਜ ਯੁੱਗ ਪਲਟੇਗਾ ਜਿਵੇਂ ਕਿ ਪਹਿਲਾਂ ਵੀ ਯੁੱਗ ਪਲਟਦੇ ਆਏ ਹਨ। ਵ

## ਪੁਸਤਕ ਪੜਚੋਲ

# ਜਿਉਣ ਲਈ ਜ਼ਿੰਦਗੀ ਦੇ ਗਲ ਵਿਚ ਪਟਾ ਪਾਉਣਾ ਪੈਂਦਾ ਹੈ

(ਸਵਰਾਜਬੀਰ ਦਾ ਨਾਟਕ 'ਤਸਵੀਰਾਂ' ਇਕ ਪਾਠਕ ਦੀ ਨਜ਼ਰ ਵਿਚ)

ਭਗਵਾਨ ਜੋਸ਼

ਜਦ ਮੈਂ 'ਤਸਵੀਰਾਂ' ਨਾਟਕ ਦਾ ਮੰਚਣ ਦੇਖਿਆ ਤਾਂ ਪਹਿਲੇ ਦ੍ਰਿਸ਼ ਨੇ ਹੀ ਮੈਨੂੰ ਆਪਣੀ ਪਕੜ ਵਿਚ ਲੈ ਲਿਆ। ਪੰਜਾਬੀ ਨਾਟਕ ਦੇਖਣ ਦੀ ਦਿਲਚਸਪੀ ਦੇ ਬਾਵਜੂਦ, ਨਾਟਕ ਦੇਖਣ ਦੌਰਾਨ, ਮੈਨੂੰ ਹਮੇਸ਼ਾ ਇਹ ਲੱਗਦਾ ਰਹਿੰਦਾ ਹੈ ਕਿ ਸ਼ਾਇਦ ਨਾਟਕਕਾਰ ਜੋ ਕਹਿਣਾ ਚਾਹੁੰਦਾ ਸੀ, ਉਹ ਕਹਿ ਨਹੀਂ ਸਕਿਆ। ਕਿਰਦਾਰਾਂ ਦੇ ਮੂੰਹ ਵਿਚ ਪਾਏ ਡਾਇਲਾਗ ਤੇ ਬੋਲਣ ਦਾ ਅੰਦਾਜ਼ ਹਮੇਸ਼ਾ ਓਪਰਾ-ਓਪਰਾ ਲੱਗਦਾ ਰਹਿੰਦਾ ਹੈ। ਪਰ ਮੈਂ ਹੀ ਨਹੀਂ, ਮੇਰੇ ਵਰਗੇ ਹੋਰ ਵੀ ਬਹੁਤੇ ਲੋਕ ਬਿਨਾਂ ਕਿਸੇ ਨੁਕਤਾਚੀਨੀ ਦੇ ਅਜਿਹੇ ਨਾਟਕਾਂ ਨੂੰ ਪੰਜਾਬੀ ਮਾਂ ਬੋਲੀ ਦੀ ਸੇਵਾ ਸਮਝ ਕੇ ਸਵੀਕਾਰ ਕਰ ਲੈਂਦੇ ਹਨ।

ਪਰ ਇਸ ਨਾਟਕ ਦੀ ਬਣਤਰ ਤੇ ਬੁਣਤੀ (Structure and discourse) ਨੇ ਮੈਨੂੰ ਇਸ ਹਮਦਰਦੀ ਦੀ ਜ਼ਰੂਰਤ ਤੇ ਹੀਣ-ਭਾਵਨਾ ਤੋਂ ਮੁਕਤ ਕਰ ਦਿੱਤਾ। ਹਾਲਾਂਕਿ ਜਿਨ੍ਹਾਂ ਕਿਰਦਾਰਾਂ ਨੇ ਇਹ ਨਾਟਕ ਪੇਸ਼ ਕੀਤਾ, ਉਹ ਸਾਰੇ ਪ੍ਰੋਫ਼ੈਸ਼ਨਲ ਨਾਟਕ-ਅਦਾਕਾਰ ਨਹੀਂ ਸਨ ਪਰ ਤਾਂ ਵੀ ਤੀਸਰੇ ਦ੍ਰਿਸ਼ ਤੋਂ ਬਾਅਦ ਮੈਨੂੰ ਇਹ ਲੱਗਣਾ ਲੱਗਾ ਕਿ ਮੈਂ ਕਿਤੇ ਚੈਖ਼ੋਵ ਦਾ ਨਾਟਕ 'ਤਿੰਨ ਭੈਣਾਂ' ਤਾਂ ਨਹੀਂ ਦੇਖ ਰਿਹਾ। ਨਾਟਕਕਾਰ ਨੇ ਜਿਸ ਸੰਜਮੀ ਤੇ ਸਹਿਜ ਭਾਸ਼ਾ ਨਾਲ ਆਪਣੇ ਕਿਰਦਾਰਾਂ ਨੂੰ ਉਸਾਰਿਆ ਹੈ, ਲੱਗਦਾ ਸੀ ਇਹ ਡਾਇਲਾਗ ਨਾ ਤਾਂ ਲਿਖੇ ਗਏ ਹਨ, ਨਾ ਯਾਦ ਕਰਕੇ ਬੋਲੇ ਗਏ ਹਨ, ਇਹ ਤਾਂ ਬਸ ਸਮੇਂ ਦੇ ਵਹਿਣ ਵਿਚ ਵਹਿ ਰਹੀਆਂ ਤਿੰਨ ਪੰਜਾਬੀ ਭੈਣਾਂ ਦੀ ਰੋਜ਼ਮੱਰਾ ਦੀ ਜ਼ਿੰਦਗੀ ਬਾਰੇ ਇਕ ਸਹਿਜ ਭਾਵ ਵਾਲਾ ਵਾਰਤਾਲਾਪ ਹੈ। ਜਿਸ ਤਰ੍ਹਾਂ ਇਹ ਭਾਸ਼ਾ ਤਰਾਸ਼ੀ ਗਈ ਹੈ, ਹਰ ਬੇਲੋੜੇ ਸ਼ਬਦ ਨੂੰ ਵਾਰਤਾਲਾਪ ਵਿਚ ਆਉਣ ਤੋਂ ਰੋਕਿਆ ਗਿਆ ਹੈ, ਇਹ ਤੱਥ ਨਾਟਕਕਾਰ ਦੀ ਨਾਟਕੀ-ਸੂਝ ਜਾਂ ਕਰਾਫਟ ਵੱਲ ਇਸ਼ਾਰਾ ਕਰਦੇ ਹਨ। ਅਜਿਹੀ ਭਾਸ਼ਾ ਰਾਹੀਂ ਨਾਟਕ ਦੇ ਜੋ ਕਿਰਦਾਰ ਉਸਾਰੇ ਤੇ ਘੜੇ ਗਏ ਹਨ, ਉਹ ਸਿਰਫ਼ ਉਨ੍ਹਾਂ ਦੇ ਮਨ ਦੀਆਂ ਮੌਨ ਤੈਹਾਂ ਨੂੰ ਫਰੋਲਣ ਤੇ ਇਕ ਖ਼ਾਸ ਕਿਸਮ ਦੀ ਇਤਿਹਾਸਕ ਮਾਨਸਿਕਤਾ ਨੂੰ ਸਪੱਸ਼ਟ ਕਰਨ ਲਈ ਹੀ ਸੰਬੰਧਤ ਰਹਿੰਦੇ ਹਨ ਤੇ ਇਸ ਥੀਮ ਦੀ ਵੇਵ-ਲੈਂਗਥ (wave-length) ਤੋਂ ਇਧਰ-ਉਧਰ ਨਹੀਂ ਹੁੰਦੇ। ਸ਼ਾਇਦ ਇਹ ਇਸੇ ਕਰਕੇ ਹੀ ਨਾਟਕ ਦੇਖਣ ਵਾਲੇ, ਇਸ ਸਹਿਜ ਭਾਵ ਦੀ ਭਾਸ਼ਾ 'ਚ ਵਿਚਰ ਕੇ ਨਾਟਕ ਅੰਦਰ ਵਿਕਸਿਤ ਹੋ ਰਹੀਆਂ ਦੁਬਿਧਾਵਾਂ ਨਾਲ ਇਕਸੁਰ ਹੋ ਜਾਂਦੇ ਹਨ। ਅਜਿਹੀ ਇਕਸੁਰਤਾ ਤੋਂ ਬਿਨਾ ਨਾਟਕਕਾਰ ਉਹ 'ਤਲਿਸਮ' ਸਿਰਜਣ ਤੋਂ ਮਹਿਰੂਮ ਰਹਿੰਦਾ ਹੈ ਜੋ ਉਸ ਦੀ ਨਾਟਕ ਕਲਾ ਦਾ ਮੁੱਖ ਉਦੇਸ਼ ਹੁੰਦਾ ਹੈ ਤੇ ਸ਼ਾਇਦ ਹੋਣਾ ਵੀ ਚਾਹੀਦਾ ਹੈ।

ਸ਼ਾਇਦ ਅਜਿਹਾ 'ਤਲਿਸਮ' ਹੀ ਨਾਟਕਕਾਰੀ ਦਾ 'ਅਸਥੈਟਿਕਸ' ਵੀ ਹੁੰਦਾ ਹੈ ਜਿਸ ਤੋਂ ਬਿਨਾਂ ਕਿਰਦਾਰਾਂ ਦੇ ਬੋਲੇ ਬੋਲ ਨਾ ਤਾਂ ਦੇਖਣ ਵਾਲਿਆਂ ਦੇ ਮਾਨਸਿਕ ਸੰਸਾਰ ਵਿਚ ਕੋਈ ਝੁੰਜਲਾਹਟ ਪੈਦਾ ਕਰਦੇ ਹਨ ਤੇ ਨਾ ਹੀ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਨੂੰ ਅੰਦਰੋਂ ਦੇਖਣ ਲਈ ਕੋਈ 'ਤਾਕੀ' ਖੋਲ੍ਹਣ ਵਿਚ ਕਾਮਯਾਬ ਹੁੰਦੇ ਹਨ। ਇਸ ਨਾਟਕ ਦੀ ਇਹ ਦੂਸਰੀ ਇਕਸੁਰਤਾ ਹੀ ਕਿਰਦਾਰਾਂ ਤੇ ਦੇਖਣ ਵਾਲਿਆਂ ਲਈ ਭਾਸ਼ਾ ਦੇ ਸੰਸਾਰ ਤੋਂ ਪਾਰ ਕਿਸੇ ਹੋਰ ਸੰਸਾਰ ਵਿਚ ਦਾਖ਼ਲ ਹੋਣ ਦੇ ਦਰ ਖੋਲ੍ਹਦੀ ਹੈ ਜਿਥੇ ਮਨੁੱਖੀ ਹੋਂਦ ਤੇ ਪਛਾਣ ਦੇ ਸਵਾਲ ਖੜ੍ਹੇ ਹੁੰਦੇ ਹਨ।

ਮਨੁੱਖ ਦਾ ਸਾਰਾ ਜੀਵਨ ਚੁਣ-ਚੁਣ ਕੇ ਲਾਈਆਂ 'ਫ਼ੈਸਲੇ ਨੁਮਾ ਇਟਾਂ' ਦੀ ਕੁਝ ਤਰਤੀਬ-ਬੱਧ ਤੇ ਕੁਝ ਕੁ ਉੱਘੜ-ਦੁੱਗੜ ਚਿਣਤੀ ਤੋਂ ਹੀ ਉਸਰਦਾ ਹੈ। ਕਈ ਵਾਰ ਇਹ ਫ਼ੈਸਲਾ ਜਾਂ ਚੋਣ, ਅਸੀਂ ਆਪ ਕਰਦੇ ਹਾਂ ਤੇ ਉਸ ਦੇ ਸਿੱਟੇ ਭੁਗਤਦੇ ਹਾਂ। ਪਰ ਬਹੁਤੀ ਵਾਰ ਇਹ ਚੋਣ ਸਾਡੇ ਲਈ ਜ਼ਿੰਦਗੀ ਦੇ ਹਾਲਾਤ (force of circumstances) ਆਪ ਹੀ ਕਰ ਦਿੰਦੇ ਹਨ। ਕੀ ਇਹ ਚੋਣ ਚੰਗੀ ਸੀ ਜਾਂ ਮਾੜੀ, ਇਸ ਦਾ ਪਤਾ ਤਾਂ ਬਾਅਦ ਵਿਚ ਹੀ ਲੱਗਦਾ ਹੈ। ਅਸਲੀਅਤ ਵਿਚ, ਅਸੀਂ ਸਾਰੇ ਮੱਧ-ਸ਼੍ਰੇਣੀ ਦੇ ਲੋਕ, ਹਾਲਾਤ ਦੇ ਦਬਾਅ ਹੇਠ ਤੇ ਆਪਣੀ ਆਪਣੀ ਸੂਝ-ਸਮਝ ਨਾਲ ਕੀਤੀ ਚੋਣ ਦੇ ਨਤੀਜੇ ਹੁੰਦੇ ਹਾਂ। ਸਰਮਾਏਦਾਰੀ ਨਿਜ਼ਾਮ ਵਿਚ ਸਧਾਰਨ ਸਮਾਜੀ ਜੀਵਨ ਹਮੇਸ਼ਾ 'ਬੀਚ ਕਾ ਰਾਸਤਾ' ਹੀ ਹੁੰਦਾ ਹੈ। ਸਮੁੱਚਾ ਸਮਾਜ ਆਪਣੇ

ਆਪ ਨੂੰ ਅੱਗੇ ਤੋਰਨ ਲਈ ਇਹੀ ਰਾਹ ਅਖ਼ਤਿਆਰ ਕਰਦਾ ਹੈ। ਸਮਾਜੀ ਇਨਕਲਾਬਾਂ ਦਾ ਇਤਿਹਾਸ ਵੀ ਸਾਨੂੰ ਇਹੀ ਦੱਸਦਾ ਹੈ ਕਿ ਕਿਵੇਂ ਇਕ ਇਨਕਲਾਬੀ ਲਹਿਰ ਵੀ ਇਕ ਬਹੁਤ ਵੱਡੇ ਜਵਾਰਭਾਟੇ ਤੋਂ ਵਾਪਸ ਪਰਤ ਕੇ ਸਮੁੱਚੇ ਸਮਾਜ ਨੂੰ ਮੁੜ ਸਹਿਜ-ਭਾਵ ਦੀ ਤੋਰ ਬਖ਼ਸ਼ਦੀ ਹੈ। ਪਰ ਅਜਿਹੇ ਸਮਾਜਕ ਇਨਕਲਾਬਾਂ ਰਾਹੀਂ ਅੱਗੇ ਨਾ ਵਧਣ ਵਾਲੇ ਸਮਾਜਾਂ ਲਈ, ਇਹ ਧੀਮੀ ਤੋਰ ਵਾਲਾ 'ਬੀਚ ਕਾ ਰਾਸਤਾ' ਹੀ ਰਾਸ ਆਉਂਦਾ ਹੈ। ਅਸਲ ਵਿਚ ਇਹ 'ਬੀਚ ਕਾ ਰਾਸਤਾ' ਕੋਈ ਇਕ ਰਸਤਾ ਨਹੀਂ, ਬਹੁਤ ਸਾਰੇ ਰਸਤਿਆਂ ਦੀ ਇਕ ਬਹੁਰੰਗੀ ਸਪੈਕਟਰਮ ਹੁੰਦੀ ਹੈ। 'ਬੀਚ ਕਾ ਰਾਸਤਾ' ਹੁੰਦੇ ਹੋਏ ਵੀ ਸਾਡੇ ਸਭਨਾਂ ਦੇ 'ਬੀਚ ਕੇ ਰਾਸਤੇ' ਅਲੱਗ ਅਲੱਗ ਹੁੰਦੇ ਹਨ। ਕਿਉਂ? ਅਸੀਂ ਜ਼ਿੰਦਗੀ ਵਿਚ, ਅੱਡ-ਅੱਡ ਸਥਿਤੀਆਂ ਤੇ ਮੌਕਿਆਂ 'ਤੇ, ਅੱਡ-ਅੱਡ ਫ਼ੈਸਲਿਆਂ ਦੀ ਚੋਣ ਕਰਦੇ ਹਾਂ ਜਾਂ ਨਹੀਂ ਕਰਦੇ। ਹਾਲਾਤ ਦੀ ਹਕੂਮਤ ਵੀ ਸਾਡੇ ਸਾਰਿਆਂ ਉੱਪਰ ਅੱਡ-ਅੱਡ ਢੰਗ ਨਾਲ ਰਾਜ ਕਰਦੀ ਹੈ; ਕਈ ਥਾਈਂ ਸਖ਼ਤੀ ਨਾਲ ਤੇ ਕਈ ਥਾਈਂ ਜ਼ਰਾ ਢਿੱਲੀ ਮੱਠੀ ਤੇ ਇੰਝ ਕਰਕੇ ਇਹ ਸਾਡੀ ਚੋਣ ਕਰਨ ਦੀ ਸਮਰੱਥਾ ਨੂੰ ਇਕ ਹੋਰ ਰੰਗ ਦੇ ਦਿੰਦੀ ਹੈ। ਹਰ ਸਮਾਜ ਵਿਚ, ਖ਼ਾਸ ਕਰਕੇ ਸਰਮਾਏਦਾਰੀ ਵੱਲ ਉੱਭਰਦੇ ਸਮਾਜ ਵਿਚ ਪੀੜ੍ਹੀ-ਦਰ-ਪੀੜ੍ਹੀ, ਬਚਪਨ, ਜਵਾਨੀ, ਅਧੇੜ ਉਮਰ ਤੇ ਬੁਢਾਪਾ, ਉਹ ਮਹੱਤਵਪੂਰਨ ਸਥਿਤੀਆਂ ਹੁੰਦੀਆਂ ਹਨ ਜਦੋਂ ਜੀਵਨ ਦੇ ਮੌਸਮਾਂ ਵਿਚ ਇਕ ਵੱਡਾ ਮੋੜ ਆਉਂਦਾ ਹੈ ਤੇ ਇਨਸਾਨ ਨੂੰ ਜੀਵਨ ਤਬਦੀਲੀ ਦੇ ਨਵੇਂ ਦਰਾਂ ਉੱਪਰ ਦਸਤਕ ਦੇਣ ਲਈ ਵੰਗਾਰਦਾ ਹੈ। ਇਸ ਸੰਸਾਰ ਵਿਚ, ਹਰ ਜੀਵਨ ਇਕ ਸੀਮਤ ਸਮਾਂ ਹੁੰਦਾ ਹੈ। ਇਨਸਾਨ ਪਿਛਾਂਹ ਵੱਲ ਪਿਛਲਝਾਤ ਪਾ ਕੇ ਵੇਖ ਸਕਦਾ ਹੈ। ਵੇਖਦਾ ਵੀ ਹੈ, ਪਰ ਇਹ ਵੇਖਣਾ ਵੀ ਜਵਾਨੀ ਢਲ ਜਾਣ ਦੇ ਬਾਅਦ ਹੁੰਦਾ ਹੈ। ਜੀਵਨ ਜੋ ਮਨੁੱਖੀ ਹੋਂਦ ਦੀ ਉਸਾਰੀ ਵੀ ਹੈ, ਉਸ ਫ਼ਿਲਮ ਵਾਂਗ ਹੈ ਜੋ ਇਕੋ ਵਾਰ ਆਪਣੀ ਲਗਾਤਾਰਤਾ ਵਿਚ 'ਸ਼ੂਟ' ਹੁੰਦੀ ਹੈ। ਜੇਕਰ ਐਡਿਟ ਹੁੰਦੇ ਹਨ ਤਾਂ ਸਿਰਫ਼ ਉਸ ਦੀਆਂ ਯਾਦਾਂ ਦੇ ਫਰੇਮ। ਭੂਮਿਕਾ ਨੂੰ ਹੋਰ ਲੰਬਾ ਨਾ ਕਰਦੇ ਹੋਏ, ਉਸ ਸਵਾਲ ਵੱਲ ਮੁੜੀਏ ਜੋ ਸਾਡੇ ਸਾਰਿਆਂ ਦੇ ਮਨ ਵਿਚ ਹੈ। ਆਖ਼ਰ ਇਹ ਨਾਟਕ ਹੈ ਕਿਸ 'ਗੱਲ' ਬਾਰੇ? ਇਸ ਨਾਟਕ ਰਾਹੀਂ ਨਾਟਕਕਾਰ ਕਿਹੋ ਜੇਹੇ ਨਾਟ-ਸੰਸਾਰ ਦੀ ਸਿਰਜਣਾ ਕਰਦਾ ਹੈ ਤੇ ਕਿਉਂ?

ਇਕ ਸਤਰ ਵਿਚ ਇਸ ਨਾਟਕ ਦਾ ਕੇਂਦਰੀ ਨੁਕਤਾ ਪੰਜਾਬੀ ਔਰਤ ਦੀ ਸ੍ਵੈ-ਪਛਾਣ ਬਾਰੇ, ਉਸ ਦੀ ਫ਼ੈਸਲੇ ਲੈਣ ਦੀ ਆਜ਼ਾਦੀ ਦੀ ਤਾਂਘ ਬਾਰੇ ਤੇ ਉਸ ਆਜ਼ਾਦੀ ਤੋਂ ਨਿਕਲਣ ਵਾਲੇ ਨਤੀਜਿਆਂ ਦੀ ਜ਼ਿੰਮੇਵਾਰੀ ਤੋਂ ਪੈਦਾ ਹੋਏ ਡਰਾਂ ਬਾਰੇ ਹੈ। ਉਹ ਆਜ਼ਾਦੀ ਚਾਹੁੰਦੀ ਹੈ ਪਰ ਆਜ਼ਾਦੀ ਦੀ ਜ਼ਿੰਮੇਵਾਰੀ ਤੋਂ ਪੈਦਾ ਹੋਏ ਝੰਜਟਾਂ/ਦੁੱਖਾਂ ਦੀ ਭਿਆਨਕਤਾ, ਉਸ ਦੇ ਰਾਹ ਵਿਚ ਖੜ੍ਹੀ ਦਿਸਦੀ ਹੈ ਜੋ ਉਸ ਦੇ ਸਮੁੱਚੇ ਜੀਵਨ ਲਈ ਖ਼ਤਰਨਾਕ ਹੋ ਸਕਦੀ ਹੈ।

ਇਹ ਨਾਟਕ ਆਪਣੇ ਕੇਂਦਰੀ ਕਿਰਦਾਰ ਡਾ. ਈਸ਼ਵਰ ਕੌਰ ਦੇ ਜੀਵਨ ਦੇ ਕੌੜਿਆਂ, ਮਿੱਠਿਆਂ ਤਜਰਬਿਆਂ, ਜਜ਼ਬਿਆਂ, ਅਪੂਰਤ ਸੁਪਨਿਆਂ ਤੇ ਇਛਾਵਾਂ, ਸੰਸੇ ਤੇ ਕਲਪਨਾਵਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਮਾਲੂਮ ਹੁੰਦਾ ਹੈ ਤੇ ਅਜੋਕੇ (ਆਧੁਨਿਕ?) ਪੰਜਾਬੀ ਸਮਾਜ ਵਿਚ ਇਕ 'ਕਾਮਯਾਬ' ਔਰਤ ਦੀ ਗੁੰਝਲਦਾਰ ਸਥਿਤੀ ਤੇ ਉਸ ਨਾਲ ਸੰਬੰਧਿਤ ਲੋਕਾਂ ਦੇ ਨੈਤਿਕ ਮਾਪਦੰਡਾਂ ਨੂੰ ਸੰਬੋਧਿਤ ਹੁੰਦਾ ਹੈ।

ਲੇਖਕ ਇਸ ਨਾਟਕ ਵਿਚ ਔਰਤ-ਮਰਦ ਦੇ ਜਟਿਲ ਰਿਸ਼ਤਿਆਂ ਦੇ ਟਕਰਾਅ ਨੂੰ, ਔਰਤਾਂ ਉੱਪਰ ਹਰ ਰੋਜ਼ ਹੋ ਰਹੇ ਅੱਤਿਆਚਾਰਾਂ ਨੂੰ ਤੇ ਪਾਬੰਦੀਆਂ ਨੂੰ ਆਪਣਾ ਵਿਸ਼ਾ ਨਹੀਂ ਬਣਾਉਂਦਾ ਕਿਉਂਕਿ ਇਨ੍ਹਾਂ ਸਾਰਿਆਂ ਮਸਲਿਆਂ ਬਾਰੇ ਸਾਨੂੰ, ਅਗਾਂਹਵਧੂ ਸੋਚ ਵਾਲੇ ਮਰਦ ਤੇ ਔਰਤਾਂ ਦੇ ਦ੍ਰਿਸ਼ਟੀਕੋਣਾਂ ਦਾ ਪਹਿਲਾਂ ਹੀ ਪਤਾ ਹੈ ਤੇ ਇਨ੍ਹਾਂ ਵਿਸ਼ਿਆਂ ਨੂੰ ਲੈ ਕੇ ਚਲੰਤ ਪੱਧਰ ਦੀ ਸਿਆਸਤ ਤੇ ਸਿਆਸਤਦਾਨਾਂ ਦੇ ਦੋਗਲੇ ਵਿਵਹਾਰ ਤੋਂ ਵੀ ਅਸੀਂ ਭਲੀਭਾਂਤ ਵਾਕਫ਼ ਹਾਂ। ਤਾਂ ਫਿਰ ਨਾਟਕਕਾਰ ਅਨੁਸਾਰ, ਔਰਤ ਦੀ ਸਥਿਤੀ ਬਾਰੇ ਹੋਰ ਵਿਚਾਰਯੋਗ ਮਸਲਾ ਕਿਹੜਾ ਹੈ ਜੋ ਸਾਨੂੰ ਡੂੰਘੀ ਸਮਾਜੀ ਸਿਆਸਤ ਦਾ ਭਰਵਾਂ ਅਹਿਸਾਸ ਕਰਵਾ ਸਕੇ? ਆਰਥਿਕ-ਸਭਿਆਚਾਰਕ ਪੱਖ ਤੋਂ ਇਹ ਕਿਹੜਾ ਨੈਤਿਕ 'ਮੋੜ' ਹੈ ਜਿਸ ਵੱਲ ਸਰਮਾਏਦਾਰੀ ਰਿਸ਼ਤਿਆਂ ਦੀ ਪਕੜ ਵਿਚ, ਸਮੁੱਚਾ ਪੰਜਾਬੀ ਸਮਾਜ ਵਧ ਰਿਹਾ ਹੈ? ਪਹਿਲੀ ਜਾਂ ਦੂਜੀ ਪੀੜ੍ਹੀ ਦੀਆਂ ਕਈ ਔਰਤਾਂ, ਇਸ 'ਮੋੜ' 'ਤੇ ਖੜ੍ਹੀਆਂ ਹਨ ਤੇ ਕਈ ਪੜ੍ਹ ਲਿਖ ਕੇ ਨੌਕਰੀਆਂ ਪ੍ਰਾਪਤ ਕਰਕੇ, ਅਗਲੇ ਦਹਾਕਿਆਂ ਵਿਚ ਉਸੇ 'ਮੋੜ' 'ਤੇ ਪਹੁੰਚਣਗੀਆਂ।

ਲੇਖਕ ਅਨੁਸਾਰ ਸਾਨੂੰ ਇਸ 'ਮੋੜ' ਦੀਆਂ ਅੰਦਰੂਨੀ ਗੁੰਝਲਾਂ ਦਾ ਤਦ ਹੀ ਪਤਾ ਲੱਗ ਸਕਦਾ ਹੈ ਜੇਕਰ ਅਸੀਂ ਅੱਜ ਦੇ ਪੰਜਾਬੀ ਸਮਾਜ ਵਿਚ ਇਕ ਵਿਕਟਮ/ਅਬਲਾ ਔਰਤ ਦੀ ਸਥਿਤੀ ਨਹੀਂ ਸਗੋਂ ਇਕ ਸਬਲਾ ਔਰਤ ਦੀ ਸਮਾਜਕ ਸਥਿਤੀ ਦੇ ਤਣਾਵਾਂ ਨੂੰ ਸਮਝਣ ਦੀ ਕੋਸ਼ਿਸ਼ ਕਰੀਏ। ਆਖ਼ਰ ਇਸ ਪੜਾਅ 'ਤੇ ਪਹੁੰਚਣਾ ਪੰਜਾਬੀ ਔਰਤ ਲਈ ਇਕ ਬਹੁਤ ਵੱਡੀ ਇਤਿਹਾਸਕ ਪ੍ਰਾਪਤੀ ਹੈ ਤੇ ਇਸ ਨੂੰ ਘਟਾ ਕੇ ਨਹੀਂ ਵੇਖਣਾ ਚਾਹੀਦਾ ਪਰ ਇਸ ਪ੍ਰਾਪਤੀ ਤੇ 'ਕਾਮਯਾਬੀ' ਦੇ ਨਾਲ-ਨਾਲ, ਕਈ ਹੋਰ ਸਮਾਜਕ ਸਮੱਸਿਆਵਾਂ ਵੀ ਆਪਣੀਆਂ 'ਲਕਸ਼ਮਣ ਰੇਖਾਵਾਂ' ਖਿੱਚਣ ਲੱਗਦੀਆਂ ਹਨ।

ਅੱਜ ਹਰ ਪੜ੍ਹੀ ਲਿਖੀ ਪੰਜਾਬੀ ਔਰਤ ਲਈ 'ਪ੍ਰੋਫ਼ੈਸ਼ਨਲ ਕਾਮਯਾਬੀ' ਹਾਸਿਲ ਕਰਨਾ, ਇਕ ਵੱਡਾ ਉਦੇਸ਼ ਬਣ ਗਿਆ ਹੈ। ਇਸ ਨਾਟਕ ਦੀ ਕੇਂਦਰੀ ਪਾਤਰ ਡਾ. ਈਸ਼ਵਰ ਪੰਜਾਬੀ ਮੱਧ ਸ਼੍ਰੇਣੀ ਦੇ ਪਤਵੰਤੇ ਘਰ ਦੀ ਉਹ ਔਰਤ ਹੈ, ਜਿਸ ਨੇ

ਕਾਮਯਾਬੀ ਦਾ ਰੁਤਬਾ ਹਾਸਿਲ ਕਰਕੇ ਦੂਸਰਿਆਂ ਲਈ ਇਕ ਮਿਸਾਲ ਕਾਇਮ ਕੀਤੀ ਹੈ ਪਰ ਇਸ ਕਾਮਯਾਬੀ ਦੇ ਨਾਲ-ਨਾਲ ਉਸ ਨੂੰ ਆਪਣੇ ਜੀਵਨ ਵਿਚ ਕੋਈ ਘਾਟ ਮਹਿਸੂਸ ਹੋ ਰਹੀ ਹੈ; ਉਹ ਘਾਟ ਜਿਸ ਨੇ ਉਸ ਦੇ ਘਰੇਲੂ ਜੀਵਨ ਵਿਚ ਕੁੜੱਤਣ ਪੈਦਾ ਕਰ ਰੱਖੀ ਹੈ ਜੋ ਬਾਹਰੋਂ ਵੇਖਣ ਵਾਲਿਆਂ ਨੂੰ ਨਹੀਂ ਦਿਸਦੀ। ਉਸ ਨੂੰ ਇੰਝ ਕਿਉਂ ਲੱਗਦਾ ਹੈ ਕਿ ਉਹ ਜੀਵਨ ਜੀਏ ਬਿਨਾਂ ਹੀ ਸਮੇਂ ਦੀ ਸੁਰੰਗ ਵਿਚ ਦੀ ਚੱਲਦੀ ਜਾ ਰਹੀ ਹੈ? ਆਪਣੀ ਸ੍ਵੈ-ਪਛਾਣ ਦੀ ਸੋਝੀ ਦਾ ਮਸਲਾ, ਉਸ ਲਈ ਅਜੇ ਦੂਰ ਦੀ ਗੱਲ ਬਣ ਗਿਆ ਹੈ। ਲੇਖਕ ਨੇ ਇਸ ਆਜ਼ਾਦੀ 'ਤੇ ਕੇਂਦ੍ਰਿਤ ਸ੍ਵੈ-ਪਛਾਣ ਦਾ ਮਸਲਾ ਆਉਣ ਵਾਲੀ, ਅਗਲੀ ਪੀੜ੍ਹੀ ਦੀ ਪ੍ਰਤੀਨਿਧਤਾ ਕਰਦੇ ਕਿਰਦਾਰ 'ਚੰਦਾ' ਰਾਹੀਂ ਉਠਾਇਆ ਹੈ।

ਭਾਵੇਂ ਬਹੁਤ ਕੁਝ ਬਦਲ ਗਿਆ ਹੈ ਤਾਂ ਵੀ ਸ਼ਾਦੀ ਦੀ ਰਸਮ ਨੂੰ ਪੰਜਾਬੀ ਸਮਾਜ ਵਿਚ ਜੋ ਰੁਤਬਾ ਹਾਸਿਲ ਹੈ, ਹੋਰ ਕੋਈ ਵੀ ਰੁਤਬਾ ਉਸ ਦੇ ਬਰਾਬਰ ਦਾ ਨਹੀਂ। ਪੰਜਾਬੀ ਮੱਧ-ਸ਼੍ਰੇਣੀ ਲਈ ਪੜ੍ਹਨਾ-ਲਿਖਣਾ, ਜ਼ਿੰਦਗੀ ਵਿਚ ਅਗਾਂਹ ਵਧਣਾ, ਸੁਹਣਾ ਲੱਗਣਾ, ਸੋਹਣੇ ਤੇ ਮਹਿੰਗੇ ਕੱਪੜੇ ਪਾਉਣਾ, ਚੰਗਾ ਖਾਣਾ ਪੀਣਾ, ਹੁਣ ਤਕ ਘੱਟੋ ਘੱਟ ਵੱਡੇ ਸ਼ਹਿਰਾਂ ਵਿਚ ਨੌਜਵਾਨ ਔਰਤਾਂ ਦਾ ਅਧਿਕਾਰ ਮੰਨ ਲਿਆ ਗਿਆ ਹੈ ਪਰ ਅਜੇ ਤਕ ਇਨ੍ਹਾਂ ਅਧਿਕਾਰਾਂ ਵਿਚ ਆਪਣੀ ਹੋਣੀ ਨਾਲ ਸੰਬੰਧਤ ਫ਼ੈਸਲੇ ਲੈਣ ਦੀ ਆਜ਼ਾਦੀ ਸ਼ਾਮਿਲ ਨਹੀਂ। ਹਾਂ! ਕਈ ਵੇਰ 'ਪੁੱਛ ਕੇ' 'ਆਜ਼ਾਦੀ' ਮਿਲ ਵੀ ਜਾਂਦੀ ਹੈ ਤੇ ਅਕਸਰ ਨਹੀਂ। ਇਸ ਨਾਟਕ ਦੇ ਤਿੰਨੇ ਮੁੱਖ ਕਿਰਦਾਰ ਦੋ ਭੈਣਾਂ ਈਸ਼ਵਰ ਤੇ ਸਿਮਰਨ ਅਤੇ ਸਿਮਰਨ ਦੀ ਧੀ ਚੰਦਾ ਅਜੇ ਤਕ ਆਧੁਨਿਕਤਾ ਤੇ ਪਰੰਪਰਾ ਦੇ ਪਾਸਾਰਾਂ ਵਿਚ ਉਲਝੀਆਂ ਹੋਈਆਂ ਹਨ। ਇਹ ਤਿੰਨੇ ਧੀਆਂ ਹਨ, ਭੈਣਾਂ ਹਨ ਪਰ ਇਨ੍ਹਾਂ ਤੋਂ ਬਿਨਾਂ ਵੀ ਕੀ ਉਹ ਕੁਝ ਹੋਰ ਵੀ ਹਨ? ਆਦਮੀਆਂ ਵਾਂਗ ਇਨਸਾਨ ਵੀ ਹਨ? ਇਹ ਸਵਾਲ ਚੰਦਾ ਦੇ ਕਿਰਦਾਰ ਲਈ ਸਭ ਤੋਂ ਮਹੱਤਵਪੂਰਨ ਸਵਾਲ ਹੈ। ਦੇਖਣ ਨੂੰ ਨਾਟਕ ਛੋਟੀ ਜਿਹੀ ਸਥਿਤੀਨੁਮਾ ਕਹਾਣੀ ਦੇ ਇਰਦ-ਗਿਰਦ ਉਸਰਦਾ ਹੈ, ਫੈਲਦਾ ਹੈ।

ਡਾ. ਈਸ਼ਵਰ ਤੇ ਡਾ. ਸਿਮਰਨ ਦੋਵੇਂ ਭੈਣਾਂ ਨੇ। ਡਾ. ਸਿਮਰਨ ਦੀ ਬੇਟੀ ਚੰਦਾ ਲਈ ਇਕ ਮੁੰਡਾ ਦੇਖਣ ਜਾਣਾ ਹੈ, ਜਿਸ ਨੂੰ ਵੇਖਣ ਪਿੱਛੇ ਮਕਸਦ ਇਹ ਹੈ ਕੀ ਇਹ ਲੜਕਾ ਚੰਦਾ ਨਾਲ ਸ਼ਾਦੀ ਲਈ ਸਹੀ ਹੈ ਜਾਂ ਨਹੀਂ। ਸਿਮਰਨ ਨੇ ਆਪਣੀ ਮਾਂ-ਪਿਉ ਦੀ ਮਰਜ਼ੀ ਦੇ ਖ਼ਿਲਾਫ਼ ਵਿਆਹ ਕੀਤਾ ਸੀ, ਉਹ ਅੱਧਵਾਟੇ ਟੁੱਟ ਗਿਆ। ਚੰਦਾ ਦੇ ਵਿਆਹ ਤੋਂ ਬਾਅਦ ਡਾ. ਸਿਮਰਨ ਉਸ ਦੇ ਬਾਪ ਨੂੰ ਬ੍ਰੀਲੀਐਂਟ ਫੋਟੋਗ੍ਰਾਫਰ ਸਮਝਦੀ ਸੀ ਤੇ ਹੁਣ ਵੀ। ਅਜੇ ਇਹ ਦੋਵੇਂ ਭੈਣਾਂ ਜਾਣ ਦੀ ਤਿਆਰੀ ਹੀ ਕਰ ਰਹੀਆਂ ਹੁੰਦੀਆਂ ਹਨ ਕਿ ਉਨ੍ਹਾਂ ਦੀ ਧੀ ਚੰਦਾ, ਜੋ ਡਾਕਟਰੀ ਦੀ ਪੋਸਟ-ਗਰੈਜੂਏਸ਼ਨ ਦੀ ਪੜ੍ਹਾਈ ਖ਼ਤਮ ਕਰਨ ਵਾਲੀ ਹੈ, ਆ ਜਾਂਦੀ ਹੈ। ਦੋਵੇਂ ਭੈਣਾਂ ਉਸ ਤੋਂ ਇਹ ਗੱਲ ਲੁਕਾਉਣ ਦੀ ਨਾਕਾਮਯਾਬ ਕੋਸ਼ਿਸ਼ ਕਰਦੀਆਂ ਹਨ। ਈਸ਼ਵਰ ਤੇ ਸਿਮਰਨ ਮੁੰਡੇ ਦੇ ਘਰ ਪਹੁੰਚਦੀਆਂ ਹਨ ਜਿਸ ਦਾ ਨਾਂ ਹਰਦੀਪ ਹੈ, ਜੋ ਅਮਰੀਕਾ ਵਿਚ ਕਿਸੇ ਵੱਡੀ ਕੰਪਨੀ ਵਿਚ ਵੱਡੇ ਅਹੁਦੇ 'ਤੇ ਕੰਮ ਕਰ ਰਿਹਾ ਹੈ। ਮੁੰਡੇ ਵੱਲੋਂ ਗੱਲਬਾਤ ਵਿਚ ਉਸ ਦੀ ਭੈਣ ਜਸਲੀਨ ਸ਼ਰੀਕ ਹੁੰਦੀ ਹੈ। ਗੱਲਾਂ ਗੱਲਾਂ ਵਿਚ ਇਹ ਫ਼ੈਸਲਾ ਹੁੰਦਾ ਹੈ ਕਿ ਮੁੰਡੇ ਨੂੰ, ਉਨ੍ਹਾਂ ਦੇ ਘਰ ਆ ਕੇ ਚੰਦਾ ਨਾਲ ਮਿਲ ਲੈਣਾ ਚਾਹੀਦਾ ਹੈ। ਹਰਦੀਪ ਓਦਾਂ ਤਾਂ ਇੰਜੀਨੀਅਰ ਹੈ ਪਰ ਉਸ ਨੂੰ ਤਸਵੀਰਾਂ ਖਿੱਚਣ ਦਾ ਸ਼ੌਕ ਹੈ। ਜਦ ਉਹ ਤੇ ਉਹਦੀ ਭੈਣ ਜਸਲੀਨ, ਈਸ਼ਵਰ ਤੇ ਸਿਮਰਨ ਦੇ ਘਰ ਚੰਦਾ ਨੂੰ ਵੇਖਣ ਆਉਂਦੇ ਹਨ ਤਾਂ ਉਨ੍ਹਾਂ ਦੀ ਆਪਸੀ ਗੱਲਬਾਤ ਫ਼ੋਟੋਗ੍ਰਾਫ਼ੀ ਦੇ ਆਲੇ-ਦੁਆਲੇ ਘੁੰਮਦੀ ਹੈ। ਸਪੱਸ਼ਟ ਹੋ ਜਾਂਦਾ ਹੈ ਕਿ ਚੰਦਾ ਲਈ ਇਹ ਗੱਲਬਾਤ ਕੋਈ ਬਹੁਤੀ ਖ਼ੁਸ਼ਗਵਾਰ ਨਹੀਂ। ਹੁਣ ਫ਼ੈਸਲੇ ਦੀ ਘੜੀ ਆ ਪੁੱਜੀ ਹੈ ਤੇ ਦੋਵੇਂ ਭੈਣਾਂ, ਚੰਦਾ ਨੂੰ ਇਹ ਸਪਸ਼ਟ ਤੌਰ 'ਤੇ ਦੱਸਣ ਲਈ ਜ਼ੋਰ ਪਾਉਂਦੀਆਂ ਹਨ ਕਿ ਮੁੰਡਾ ਉਸ ਨੂੰ ਪਸੰਦ ਹੈ ਕਿ ਨਹੀਂ। ਇਹ ਸਵਾਲ ਚੰਦਾ ਨੂੰ ਭੜਕਾ ਦਿੰਦਾ ਹੈ ਤੇ ਉਹ ਆਪਣੇ ਮਨ ਦੀ ਪੂਰੀ ਭੜਾਸ, ਆਪਣੀ ਮਾਂ ਤੇ ਮਾਸੀ ਉੱਪਰ ਕੱਢਣ ਲੱਗਦੀ ਹੈ ਪਰ ਭੈਣਾਂ ਨੂੰ ਇਸ ਗ਼ੁੱਸੇ ਦੇ ਬੰਬ ਫਟਣ ਦਾ ਕੋਈ ਕਾਰਨ ਖ਼ਾਸ ਨਜ਼ਰ ਨਹੀਂ ਆਉਂਦਾ। ਚੰਦਾ ਦਾ ਇਹ ਗ਼ੁੱਸਾ ਡਾ. ਈਸ਼ਵਰ ਨੂੰ ਵੀ ਤੈਸ਼ ਵਿਚ ਲੈ ਆਉਂਦਾ ਹੈ। ਅਚਾਨਕ ਉਸ ਨੂੰ ਚੰਦਾ ਇਕ ਅਕ੍ਰਿਤਘਣ ਜਵਾਨ ਔਰਤ ਨਜ਼ਰ ਆਉਣ ਲੱਗਦੀ ਹੈ। ਉਹ ਕਹਿੰਦੀ ਹੈ : "ਸਾਰੀ ਉਮਰ!...ਸਾਰੀ ਉਮਰ ਤਦਬੀਰਾਂ ਕਰਦੀ ਰਹੀ ਆਂ...ਪਈ ਇਹ ਕੁੜੀ ਚੰਗੀ ਬਣੇ...ਚੰਗੇ ਇਖ਼ਲਾਕ ਵਾਲੀ...ਚੰਗੀ ਮੱਤ ਵਾਲੀ...ਇਹਦੀ ਮਾਂ ਦਾ ਪਰਛਾਵਾਂ ਨਾ ਪਏ ਏਹਦੇ 'ਤੇ...ਪਿਉ ਦਾ ਪਰਛਾਵਾਂ ਨਾ ਪਏ! ਤੇ ਇਹ ਮੈਨੂੰ ਗੱਲਾਂ ਕਰਦੀ ਏ...ਪਟਰ ਪਟਰ ਜ਼ਬਾਨ ਚਲਾਉਂਦੀ ਏ ਮੇਰੇ ਸਾਮ੍ਹਣੇ! ਸਿਮਰਨ ਨੇ ਬੜੀ ਗ਼ਲਤੀ ਕੀਤੀ!...(ਸੰਗੀਤ ਦੀ ਕੱਲਮਕੱਲੀ ਧੁਨ ਤੇ ਇਹਦੇ ਨਾਲ ਹੀ ਉਹ ਇਕ ਦੋ ਕਦਮ ਚੱਲਦੀ ਮੰਚ 'ਤੇ ਸਾਹਮਣੇ ਹਿੱਸੇ ਵੱਲ ਆਉਂਦੀ ਹੈ) ਗੰਦਾ ਖ਼ੂਨ ਲੈ ਆਂਦਾ ਸਾਡੇ ਖ਼ਾਨਦਾਨ ਵਿਚ!...(ਸੰਗੀਤ ਦੀ ਕੱਲਮਕੱਲੀ ਧੁਨ)...ਤੇ ਹੁਣ ਖ਼ੂਨ ਆਪਣਾ ਰੰਗ ਦਿਖਾ ਰਿਹਾ ਏ!...(ਸੰਗੀਤ ਦੀ ਕੱਲਮਕੱਲੀ ਧੁਨ)...ਕੀ ਕਰਾਂ ਮੇਰੇ ਵਾਹਿਗੁਰੂ...ਮੈਂ ਕੀ ਕਰਾਂ? ਕਿਹੜਾ ਅੰਮ੍ਰਿਤ ਪਿਲਾਵਾਂ ਏਹਨੂੰ? ਕਿਹੜੀ ਘੁੱਟੀ ਦਵਾਂ ਪਈ ਇਹਦੀ ਸੋਚ ਸਿੱਧੇ ਰਾਹ 'ਤੇ ਆ ਜਾਏ? ਇਹ ਚੰਗੇ ਖ਼ਾਨਦਾਨ 'ਚ ਵਿਆਹੀ ਜਾਵੇ? ਮੇਰੀ ਉਮਰ ਭਰ ਦੀ ਮਿਹਨਤ ਨੂੰ ਫ਼ਲ ਪਵੇ? ਕੀ ਤਦਬੀਰ ਕਰਾਂ ਮੇਰੇ ਵਾਹਿਗੁਰੂ? ਤੇ ਇਹ ਮੁੰਡਾ...ਇਹ ਤੇ ਹੈ ਵੀ ਚੰਗਾ...ਬਿਲਕੁਲ ਜਸਬੀਰ ਵਰਗਾ। ਚੰਦਾ ਨੂੰ ਇਹਦੇ ਲਈ ਹਾਂ ਕਹਿ ਦੇਣੀ ਚਾਹੀਦੀ ਹੈ। ਕੀ ਕਰਾਂ ਮੈਂ...ਕੀ ਕਰਾਂ?"

ਈਸ਼ਵਰ ਨੂੰ ਆਪਣੇ ਅੰਦਰੋਂ ਇਹ ਬੋਲ ਸੁਣ ਕੇ ਅਚਾਨਕ ਹੈਰਾਨੀ ਹੁੰਦੀ ਹੈ ਕਿਉਂਕਿ ਉਹ ਆਮ ਤੌਰ 'ਤੇ ਚੰਦਾ ਨੂੰ ਧੀ ਕਹਿ ਕੇ ਬੁਲਾਉਂਦੀ ਰਹੀ ਹੈ। ਅਚਾਨਕ ਹੀ ਜਸਬੀਰ ਇਹ ਗ਼ੁੱਸੇ ਦੇ ਬਿਰਤਾਂਤ ਵਿਚ ਕਿਧਰੋਂ ਘੁਸ ਆਉਂਦਾ ਹੈ? ਜਸਬੀਰ, ਈਸ਼ਵਰ ਲਈ ਕੇਵਲ ਇਕ ਨਾਂ ਹੀ ਨਹੀਂ, ਇਕ ਵੱਖਰੇ ਜੀਵਨ ਤੇ ਮਨਚਾਹੇ ਜੀਵਨ ਦੀ ਯਾਦ ਵੀ ਹੈ ਜੋ ਉਹ ਜਿਉਣਾ ਚਾਹੁੰਦੀ ਸੀ, ਜਿਸ ਜੀਵਨ ਦੀ, ਉਸ ਦੇ ਮਨ ਵਿਚ ਰੀਝ ਸੀ ਪਰ ਅਜਿਹਾ ਹੋ ਨਾ ਸਕਿਆ। ਜਸਬੀਰ ਭਾਵੇਂ ਦੂਰ ਚਲਾ ਗਿਆ ਸੀ ਪਰ ਅਜੇ ਵੀ ਉਹ, ਉਸ ਦੇ ਮਨ ਵਿਚ ਬੈਠਾ ਹੈ। ਉਸ ਦੀਆਂ ਯਾਦਾਂ ਕਦੇ ਵੀ, ਈਸ਼ਵਰ ਨੂੰ ਆਪਣੇ ਕੋਲ ਬੁਲਾ ਲੈਣ ਦੀ ਸਮਰੱਥਾ ਰੱਖਦੀਆਂ ਹਨ। ਉਹ ਇਸ ਸਮਾਨੰਤਰ ਜੀਵਨ ਦਾ ਕੀ ਕਰੇ ਜੋ ਪਰਛਾਵੇਂ ਵਾਂਗ ਉਦ੍ਹੇ ਨਾਲ-ਨਾਲ ਚੱਲ ਰਿਹਾ ਹੈ? ਈਸ਼ਵਰ ਦੀ ਛੋਟੀ ਭੈਣ ਸਿਮਰਨ ਨੇ, ਬਿਨਾਂ ਸੋਚੇ ਸਮਝੇ ਇਕ ਮਾਮੂਲੀ ਜਿਹੇ ਫੋਟੋਗ੍ਰਾਫ਼ਰ ਨਾਲ ਪ੍ਰੇਮ ਵਿਆਹ ਕਰਕੇ ਸਿਰਫ਼ ਆਪਣੀ ਹੀ ਨਹੀਂ ਸਗੋਂ ਸਾਰੇ ਪਰਿਵਾਰ ਦੀ ਇੱਜ਼ਤ ਨੂੰ ਮਿੱਟੀ ਵਿਚ ਰੋਲ ਦਿੱਤਾ ਸੀ। ਉਨ੍ਹਾਂ ਦੇ ਡੈਡੀ ਤੇ ਮੰਮੀ ਇਹ ਸਦਮਾ ਨਾ ਸਹਾਰਦੇ ਹੋਏ ਬਿਮਾਰ ਹੋ ਕੇ ਚੱਲ ਵੱਸੇ ਸਨ। ਡਾ. ਈਸ਼ਵਰ ਯਾਦ ਕਰਦੀ ਹੈ, "...ਤੇ ਏਸ ਬਦਨਾਮੀ ਕਰਕੇ ਮੇਰਾ ਹੁੰਦਾ ਹੁੰਦਾ ਰਿਸ਼ਤਾ ਨਾ ਹੋਇਆ...ਡਾ. ਜਸਬੀਰ ਸਿੰਘ, ਡਾ. ਹਰਬੰਸ ਸਿੰਘ ਦੇ ਪੁੱਤਰ ਨਾਲ! ਹੁਣ ਉਹ ਕਿੱਡਾ ਵੱਡਾ ਫਿਜ਼ੀਸ਼ੀਅਨ ਏ ਅਮਰੀਕਾ ਵਿਚ!..." ਬਸ ਗੱਲ ਏਥੇ ਹੀ ਨਹੀਂ ਮੁੱਕਦੀ; ਜਸਬੀਰ, ਈਸ਼ਵਰ ਦੇ ਜਵਾਨੀ ਦੇ ਜਜ਼ਬਾਤਾਂ, ਵਲਵਲਿਆਂ, ਸੁਪਨੇ ਤੇ ਕਲਪਨਾਵਾਂ ਦਾ ਨਾਂ ਵੀ ਹੈ ਤੇ ਇਨ੍ਹਾਂ ਸਭ ਰੰਗਾਂ ਤੋਂ ਮਿਲ ਕੇ ਬਣੀ ਜਿਉਂਦੀ ਜਾਗਦੀ ਤਸਵੀਰ ਵੀ।

ਨਾਟਕਕਾਰ ਸਮੁੱਚੇ ਨਾਟਕ ਵਿਚ ਇਸ ਸਮਾਨੰਤਰ ਚੱਲਦੀ ਕਾਲਪਨਿਕ ਜ਼ਿੰਦਗੀ ਲਈ 'ਤਸਵੀਰ' ਨੂੰ ਇਕ ਮੈਟਾਫਰ ਵਜੋਂ ਵੀ ਵਰਤਦਾ ਹੈ। ਤਸਵੀਰ ਇਨਸਾਨ ਦੀ ਕਲਪਨਾ ਵਿਚ ਭਵਿੱਖ ਦਾ ਤਸੱਵੁਰ ਵੀ ਹੁੰਦਾ ਹੈ ਤੇ ਬੀਤ ਚੁੱਕੀਆਂ ਘਟਨਾਵਾਂ/ਅਹਿਸਾਸ ਦਾ ਅਕਸ ਵੀ। ਬਸ ਸਾਨੂੰ ਉਹ ਪਲ ਯਾਦ ਰਹਿੰਦੇ ਹਨ ਜੋ ਸਾਡੇ ਅਵਚੇਤਨ ਮਨ ਵਿਚ, ਕਿਧਰੇ ਨਾ ਕਿਧਰੇ ਤਸਵੀਰਾਂ ਵਾਂਗ ਫਰੇਮ ਹੋ ਕੇ ਲਟਕੇ ਰਹਿੰਦੇ ਹਨ। ਸ਼ਾਇਦ ਇਨਸਾਨ ਦੀ ਸੰਪੂਰਨ ਜੀਵਨ-ਯਾਤਰਾ ਤਸਵੀਰਾਂ ਦਾ ਇਕ ਮਿਊਜ਼ੀਅਮ ਹੀ ਹੁੰਦੀ ਹੈ। ਪਰ ਈਸ਼ਵਰ ਕੌਰ ਫ਼ੋਟੋਗ੍ਰਾਫਰ ਦੇ ਪੇਸ਼ੇ ਨੂੰ ਹੀ ਨਫ਼ਰਤ ਦੀ ਨਿਗਾਹ ਨਾਲ ਵੇਖਣ ਲੱਗ ਪਈ ਹੈ। ਪਹਿਲੀ ਵਾਰ ਹਰਦੀਪ ਨੂੰ ਮਿਲਣ ਤੋਂ ਬਾਅਦ ਉਹ ਕਹਿੰਦੀ ਹੈ, "ਮੈਨੂੰ ਤੇ ਇਹ ਕਿੱਤਾ ਹੀ ਪਸੰਦ ਨਹੀਂ! ਇਸ ਕਿੱਤੇ 'ਤੇ ਪਾਬੰਦੀ ਲੱਗਣੀ ਚਾਹੀਦੀ ਹੈ!... ਬੰਦੇ ਨੂੰ ਰੱਬ ਨੇ ਬਣਾਇਐ...ਉਹਨੂੰ ਉਦ੍ਹੇ ਵਰਗੀਆਂ ਤਸਵੀਰਾਂ ਖਿੱਚ-ਖਿੱਚ ਕੇ ਵਿਖਾਉਣਾ ਰੱਬ ਦੀ ਬਰਾਬਰੀ ਕਰਨੀ ਐ!...ਕੁਝ ਪਤਾ ਨਈਓਂ ਲੱਗਦਾ ਕਿਸੇ ਦੀ ਤਸਵੀਰ ਦੇਖ ਕੇ! ਓ ਮਾਈ ਗੱਾਡ!...ਹਾਏ ਓ ਮੇਰਿਆ ਰੱਬਾ!...ਮੈਂ ਕਿੰਨਾ ਥੱਕ ਗਈ ਹਾਂ!" ਤੇ ਫੇਰ ਦੂਸਰੇ ਹੀ ਪਲ, ਦੂਸਰੀ ਈਸ਼ਵਰ ਸਾਡੇ ਸਾਮ੍ਹਣੇ ਹੁੰਦੀ ਏ। ਤਲਖ਼ੀ ਗ਼ੁੱਸੇ ਤੇ ਤਪੀ ਹੋਈ ਹੋਣ ਦਾ ਅਹਿਸਾਸ ਇਕਦਮ ਗ਼ਾਇਬ ਹੋ ਜਾਂਦਾ ਹੈ ਤੇ ਫੇਰ ਉਹ ਇਕ ਤਸਵੀਰ ਵੱਲ ਪਰਤ ਜਾਂਦੀ ਹੈ ਤੇ ਯਾਦ ਕਰਦੀ ਹੈ, "ਜਿਸ ਵਿਚ ਮੈਂ ਤੇ ਸਿਮਰਨ 'ਕੱਠੀਆਂ ਬੈਠੀਆਂ ਸਾਂ...ਜਿਵੇਂ ਦੋ ਘੁੱਗੀਆਂ। ਗੁਲਾਬ ਦੇ ਬੂਟੇ ਕੋਲ ਮੇਰੀ ਫ਼ੋਟੋ...ਉਹਦਾ ਜਵਾਬ ਨਈਂ। ਸੱਚੀਂ! (ਵਕਫ਼ਾ) ਤੇ ਉਸ ਤਸਵੀਰ ਵਿਚ...ਸੋਹਣੀ ਕਿੰਨੀ ਲੱਗਦੀ ਆਂ ਮੈਂ! ਮੈਂ ਸਾਰੀਆਂ ਤਸਵੀਰਾਂ ਪਾੜ ਦਿੱਤੀਆਂ ਪਰ ਉਹ ਤਸਵੀਰ ਨਈਂ!...ਪਤਾ ਨਈਂ ਕਿਉਂ?...ਸ਼ਾਇਦ ਇਸ ਲਈ ਕਿ ਮਾਮਾ ਨੇ ਉਹ ਤਸਵੀਰ ਡਾ. ਜਸਬੀਰ ਨੂੰ ਭੇਜੀ ਸੀ!...(ਵਕਫ਼ਾ)...ਤੇ ਅੱਜ ਹਰਦੀਪ ਨੂੰ ਵੇਖਿਆ ਤਾਂ ਮੈਨੂੰ ਜਸਬੀਰ ਦੀ ਯਾਦ ਆ ਗਈ...ਕਿੰਨਾ ਸੋਹਣਾ ਸੀ ਜਸਬੀਰ! ਗੋਰਾ ਰੰਗ...ਚਿਹਰੇ 'ਤੇ ਐਨੀ ਲਾਲੀ, ਲੰਬਾ ਕੱਦ, ਚੌੜੀ ਹਿੱਕ...ਤੇ ਡੌਲੇ...ਕਮੀਜ਼ ਦੇ ਥੱਲਿਓਂ ਈ ਦਿਸਦੇ ਸਨ! ਹੀ ਵਾਜ਼ ਰੀਅਲੀ ਹੈਂਡਸਮ...ਕਿੰਨਾ ਸੋਹਣਾ ਸੀ! ਉਹ ਸ਼ਾਮ...ਕਿਵੇਂ ਭੁੱਲ ਸਕਦੀ ਆਂ ਮੈਂ? ਉਹ ਸ਼ਾਮ, ਜਿਵੇਂ ਤਸਵੀਰ ਬਣ ਕੇ ਮੇਰੇ ਜ਼ਿਹਨ 'ਚ ਲਟਕ ਰਹੀ ਹੋਵੇ!"

ਡਾ. ਈਸ਼ਵਰ ਇਕ ਕਾਮਯਾਬ ਡਾਕਟਰ ਹੈ। "ਡਿਊਟੀ ਦੀ ਪੱਕੀ, ਬੈਸਟ ਸਰਜਨ...ਤੇ ਗ਼ਰੀਬਾਂ ਦੀ ਮਸੀਹਾ।" ਸਮਾਜ ਵਿਚ ਵਡੱਤਣ ਤੇ ਇੱਜ਼ਤ ਕਮਾਉਣਾ ਕੋਈ ਆਸਾਨ ਕੰਮ ਨਹੀਂ। ਇਹ ਗੱਲ ਡਾ. ਈਸ਼ਵਰ ਨੂੰ ਖ਼ੂਬ ਸਮਝ ਆਉਂਦੀ ਹੈ। ਨਾਟਕ ਦੇ ਸ਼ੁਰੂ ਵਿਚ ਹੀ ਉਹ ਆਪਣੀ ਭੈਣ ਸਿਮਰਨ ਨੂੰ ਕਹਿੰਦੀ : "ਸਾਰੀਆਂ ਗੱਲਾਂ ਜੋ ਚੰਗੀਆਂ ਲੱਗਦੀਆਂ ਨੇ, ਸੋਹਣੀਆਂ ਲੱਗਦੀਆਂ ਨੇ, ਬਾਇੱਜ਼ਤ ਨਹੀਂ ਹੁੰਦੀਆਂ!" ਤੇ ਡਾਕਟਰ ਈਸ਼ਵਰ ਇਹ ਗੱਲ ਚੰਗੀ ਤਰ੍ਹਾਂ ਜਾਣਦੀ ਹੈ ਕਿ ਜਿਸ ਸਮਾਜ ਵਿਚ ਉਹ ਰਹਿ ਰਹੀ ਹੈ, ਉਸ ਵਿਚ 'ਇੱਜ਼ਤ' ਹੀ ਸਭ ਕੁਝ ਹੈ। ਬਸ ਇਹੀ ਇਕੋ ਗੱਲ ਹੈ, ਜਿਸ ਕਾਰਨ ਉਸ ਨੂੰ ਰਹਿ ਰਹਿ ਕੇ ਆਪਣੀ ਭੈਣ ਸਿਮਰਨ 'ਤੇ ਗ਼ੁੱਸਾ ਆਉਂਦਾ ਹੈ ਕਿ ਸਿਮਰਨ ਨੇ ਘਰਦਿਆਂ ਤੋਂ ਬਾਹਰ ਹੋ ਕੇ, ਇਕ ਮਾਮੂਲੀ ਆਦਮੀ ਫ਼ੋਟੋਗ੍ਰਾਫਰ ਨਾਲ ਵਿਆਹ ਕਰਾ ਕੇ, ਖ਼ਾਨਦਾਨ ਦੀ ਕਿੰਨੀ ਬਦਨਾਮੀ ਕਰਵਾਈ ਸੀ। ਈਸ਼ਵਰ ਕਹਿੰਦੀ ਹੈ, "ਕਿਥੇ ਡਾਕਟਰ ਤੇ ਕਿਥੇ ਫ਼ੋਟੋਗ੍ਰਾਫਰ! ਉਹ ਵੀ ਦੂਸਰੇ ਧਰਮ ਤੇ ਦੂਸਰੀ ਜਾਤ ਦਾ! ਕਿੰਨਾ ਰੋਏ ਪਿੱਟੇ ਸੀ ਮੰਮੀ?...ਕਿੰਨਾ ਗ਼ੁੱਸਾ ਹੋਏ ਸੀ ਡੈਡੀ?...ਤੇ ਇਹਦਾ ਇਕੋ ਨੰਨਾ...ਆਈ ਲਵ ਹਿਮ!...ਮੈਨੂੰ ਉਹਦੇ ਨਾਲ ਪਿਆਰ ਹੋ ਗਿਆ ਏ।"

ਪੰਜਾਬੀ ਧੀਆਂ ਲਈ ਪ੍ਰੇਮ ਵਿਆਹ ਜਾਂ ਅਰੇਂਜਡ ਮੈਰਿਜ? ਸਾਡਾ ਪੰਜਾਬੀ ਸਮਾਜ ਅਜੇ ਵੀ ਇਸ ਦੁਬਿਧਾ ਵਿਚ ਲਟਕਿਆ ਹੋਇਆ ਹੈ। ਪਰ ਧੀਆਂ ਆਪ ਕੀ ਚਾਹੁੰਦੀਆਂ ਹਨ? ਜਾਤ, ਧਰਮ ਤੇ ਸਟੇਟਸ ਦੇ ਪਾੜੇ ਲੰਘ ਕੇ, ਸਿਰਫ਼

ਇਨਸਾਨ ਦਾ ਇਨਸਾਨ ਨੂੰ ਚੰਗੇ ਲੱਗਣ ਕਾਰਨ ਹੋਇਆ ਵਿਆਹ, ਇਕ ਫਿਊਡਲ ਸਮਾਜ, ਜਿਸ ਦਾ ਸਾਰਾ ਦਾਰੋਮਦਾਰ ਇੱਜ਼ਤ ਤੇ ਸਟੇਟਸ ਉੱਪਰ ਟਿਕਿਆ ਹੁੰਦਾ ਏ...ਲਈ ਇਕ ਅਤਿ ਖ਼ਤਰਨਾਕ ਵਿਚਾਰਧਾਰਾ ਹੈ ਤੇ ਜ਼ਰੂਰੀ ਹੈ ਕਿ ਧੀਆਂ ਨੂੰ ਇਸ ਦੀ ਕਨਸੋਅ ਵੀ ਨਹੀਂ ਪੈਣੀ ਚਾਹੀਦੀ। ਮਨੁੱਖੀ ਅਧਿਕਾਰਾਂ ਤੇ ਮਨੁੱਖੀ ਆਜ਼ਾਦੀ ਦੀ ਗੱਲ ਬਹੁਤ ਚੰਗੀ ਗੱਲ ਹੈ ਤੇ ਸਾਡਾ ਸਿੱਖ ਧਰਮ ਵੀ ਕਹਿੰਦਾ ਹੈ ਕਿ ਮਨੁੱਖ ਦੀ ਮਨੁੱਖ ਨਾਲ ਬਰਾਬਰੀ ਹੋਣੀ ਚਾਹੀਦੀ ਹੈ ਪਰ ਕਾਨੂੰਨ ਦੀ ਬਰਾਬਰੀ ਦਾ ਘੇਰਾ, ਖ਼ੂਨ ਦੀ ਬਰਾਬਰੀ ਤਕ ਨਹੀਂ ਫੈਲਣ ਦਿੱਤਾ ਜਾ ਸਕਦਾ। ਇਸ ਨਾਲ ਤਾਂ ਸਾਰੇ ਸਮਾਜ ਵਿਚ ਅਨਾਰਕੀ (ਅਫ਼ਰਾ ਤਫ਼ਰੀ) ਫੈਲ ਜਾਵੇਗੀ, ਹੇਠਲੀ ਉੱਤੇ ਹੋ ਜਾਵੇਗੀ। ਜਿਸ ਸਮਾਜ ਦੇ ਇਹ ਸਾਰੇ ਹੱਦ ਬੰਨ੍ਹੇ ਢਹਿ ਜਾਣ, ਉਹ ਤਾਂ ਕੇਵਲ ਤਸਵੀਰਾਂ ਦਾ ਹੀ ਸਮਾਜ ਬਣ ਜਾਵੇਗਾ। ਬਸ ਡਾ. ਈਸ਼ਵਰ ਨੂੰ ਆਪਣੀ ਭੈਣ, ਡਾ. ਸਿਮਰਨ 'ਤੇ ਇਹੀ ਗ਼ੁੱਸਾ ਹੈ ਕਿ ਉਸ ਨੇ ਉਨ੍ਹਾਂ ਦੇ ਖ਼ਾਨਦਾਨ ਵਿਚ ਗੰਦਾ ਖ਼ੂਨ ਲੈ ਆਂਦਾ ਤੇ ਪ੍ਰੇਮ ਵਿਆਹ ਕਰਕੇ ਅਕਸਰ ਅਜਿਹਾ ਹੁੰਦਾ ਹੈ। ਅਲੱਗ-ਅਲੱਗ ਕਿਸਮਾਂ ਦੇ ਖ਼ੂਨ ਦਾ ਮਿਲਣਾ ਹੀ ਇਨਸਾਨੀ ਬਰਾਦਰੀ ਦੀ ਨੀਂਹ ਰੱਖ ਸਕਦਾ ਹੈ।

ਪਰ ਹੁਣ ਡਾ. ਚੰਦਾ ਦੇ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਦਿਆਂ ਹੀ ਡਾ. ਈਸ਼ਵਰ ਨੂੰ ਸੰਸੇ ਤੇ ਚਿੰਤਾਵਾਂ ਮੁੜ ਪਰਛਾਵੇਂ ਵਾਂਗ ਉਹਦੇ ਨਾਲ ਤੁਰਨ ਲੱਗੀਆਂ ਹਨ : "ਕੀ ਕਰਾਂ ਮੇਰੇ ਵਾਹਿਗੁਰੂ...ਮੈਂ ਕੀ ਕਰਾਂ? ਕਿਹੜਾ ਅੰਮ੍ਰਿਤ ਪਿਲਾਵਾਂ ਏਹਨੂੰ? ਕਿਹੜੀ ਘੁੱਟੀ ਦੇਵਾਂ ਪਈ ਇਹਦੀ ਸੋਚ ਸਿੱਧੀ ਰਾਹ 'ਤੇ ਆ ਜਾਏ? ਇਦ੍ਹਾ ਚੰਗੇ ਖ਼ਾਨਦਾਨ ਵਿਚ ਵਿਆਹ ਹੋ ਜਾਵੇ? ਤੇ ਇਹ ਮੁੰਡਾ ਤਾਂ ਹੈ ਵੀ ਬੜਾ ਚੰਗਾ...ਬਿਲਕੁਲ ਜਸਬੀਰ ਵਰਗਾ! ਚੰਦਾ ਨੂੰ ਇਹਦੇ ਲਈ 'ਹਾਂ' ਕਹਿ ਦੇਣੀ ਚਾਹੀਦੀ ਹੈ।" ਡਾ. ਈਸ਼ਵਰ ਆਪਣੇ ਸੁਪਨਿਆਂ-ਲਾਲਸਾਵਾਂ ਤੇ ਰੀਝਾਂ ਨੂੰ, ਹੁਣ ਚੰਦਾ ਰਾਹੀਂ ਜਿਉਣਾ ਚਾਹੁੰਦੀ ਹੈ ਪਰ ਚੰਦਾ ਤਾਂ ਆਪਣੀ ਕਿਸੇ ਹੋਰ ਦੁਨੀਆ ਵਿਚ ਵਿਚਰ ਰਹੀ ਹੈ।

ਇਸ ਨਾਟਕ ਵਿਚਲੇ ਅੰਤਰ-ਪੀੜ੍ਹੀ ਕਲੇਸ਼, ਵਿਰੋਧੀ ਸਮਾਜਿਕ ਕੀਮਤਾਂ ਦਾ ਆਪਸੀ ਟਕਰਾਅ ਤੇ ਉਸ ਤੋਂ ਪੈਦਾ ਹੋਣ ਵਾਲਾ, ਇਕ ਦੂਸਰੇ ਨੂੰ ਨਾ ਸਮਝ ਸਕਣ ਦਾ ਪਾੜਾ, ਚੰਦਾ ਦੇ ਕਿਰਦਾਰ ਰਾਹੀਂ ਸਾਮ੍ਹਣੇ ਆਉਂਦਾ ਹੈ। ਹਰ ਪੀੜ੍ਹੀ, ਆਪਣੇ ਤੋਂ ਪਹਿਲਾਂ ਵਾਲੀ ਪੀੜ੍ਹੀ ਨੂੰ ਬੀਤੇ ਜ਼ਮਾਨੇ ਦੀਆਂ ਕਦਰਾਂ ਨੂੰ ਚੰਬੜੀ ਹੋਈ ਲੱਗਦੀ ਹੈ ਤੇ ਬਹੁਤ ਵੇਰ ਉਹ ਚੰਬੜੀ ਵੀ ਹੁੰਦੀ ਹੈ। ਦੋਵੇਂ ਭੈਣਾਂ, ਈਸ਼ਵਰ ਤੇ ਸਿਮਰਨ ਦੀਆਂ ਨਜ਼ਰਾਂ ਵਿਚ ਚੰਦਾ "ਪੜ੍ਹੀ ਲਿਖੀ...ਡਾਕਟਰ, ਐੱਮ.ਡੀ. ਕਰ ਰਹੀ ਐ...ਤੇ ਫਿਰ ਸਾਡੀ ਸਾਰੀ ਜਾਇਦਾਦ ਦੀ ਵਾਰਿਸ...ਸਾਡੀ ਜਾਇਦਾਦ ਤੇ ਸਾਡੇ ਪਿਤਾ ਜੀ ਦੀ ਜਾਇਦਾਦ ਦੀ।" ਵੈਸੇ ਵੀ ਚੰਦਾ ਨੂੰ ਬੜੇ ਲਾਡ-ਪਿਆਰ ਨਾਲ ਪਾਲਿਆ ਗਿਆ ਹੈ ਤੇ ਈਸ਼ਵਰ ਅਨੁਸਾਰ ਏਸੇ ਲਾਡ ਪਿਆਰ ਨੇ ਚੰਦਾ ਨੂੰ ਵਿਗਾੜਿਆ ਹੈ। ਐਨੀ ਪੜ੍ਹੀ ਲਿਖੀ ਲੜਕੀ ਨੂੰ ਕਿਸੇ ਐਰੇ-ਗੈਰੇ ਨੱਥੂ ਖੈਰੇ ਨਾਲ ਪਿਆਰ ਵਿਚ ਫਸ ਕੇ ਸ਼ਾਦੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਏਸੇ ਕਰਕੇ 'ਮੁੰਡੇ' ਨੂੰ ਵੇਖਣ ਦਾ ਵਿਚਾਰ ਦੋਵੇਂ ਭੈਣਾਂ ਅੰਦਰ ਬੇਚੈਨੀ ਤੇ ਘਬਰਾਹਟ ਪੈਦਾ ਕਰ ਰਿਹਾ ਹੈ, ਖ਼ਾਸ ਕਰ ਸਿਮਰਨ ਦੇ ਮਨ ਅੰਦਰ ਕਿਉਂਕਿ ਉਸ ਦੇ ਮਨ ਅੰਦਰ ਸ਼ੱਕ ਪੈਦਾ ਹੋ ਰਿਹਾ ਹੈ : "ਜੋ ਫ਼ੈਸਲਾ ਅਸਾਂ ਕੀਤਾ ਏ...ਮੁੰਡੇ ਨੂੰ ਵੇਖਣ ਜਾਣ ਦਾ ਫ਼ੈਸਲਾ...ਕੀ ਉਹ ਸਹੀ ਏ?" ਪਰ ਕਿਉਂਕਿ ਜ਼ਿੰਦਗੀ ਵਿਚ ਉਹਦਾ ਆਪਣਾ ਪ੍ਰੇਮ-ਵਿਆਹ ਦਾ ਫ਼ੈਸਲਾ ਐਨਾ ਗ਼ਲਤ ਨਿਕਲਿਆ ਇਸ ਕਾਰਨ ਉਹ ਆਪਣੀ ਵੱਡੀ ਭੈਣ ਦੇ ਫ਼ੈਸਲਿਆਂ ਨੂੰ ਹੀ ਸਹੀ ਮੰਨਣ ਲੱਗ ਪਈ ਹੈ। ਕੋਈ ਵਕਤ ਸੀ ਜਦ ਉਹ ਆਪਣੇ ਪ੍ਰੇਮ ਵਿਆਹ ਦੇ ਫ਼ੈਸਲੇ ਤੇ ਹੀਰ ਵਾਂਗ ਐਨੀ ਡਟੀ ਹੋਈ ਸੀ ਕਿ ਉਸ ਨੇ ਖ਼ਾਨਦਾਨ ਦੀ ਇੱਜ਼ਤ ਦੀ ਵੀ ਪ੍ਰਵਾਹ ਨਹੀਂ ਸੀ ਕੀਤੀ ਪਰ ਸਾਲਾਂ ਬਾਅਦ, ਉਹ ਇਸ ਫ਼ੈਸਲੇ ਦੇ ਕਦੀ ਕਦੀ ਠੀਕ ਤੇ ਕਦੇ ਕਦੇ ਗ਼ਲਤ ਹੋਣ ਦੇ ਝੰਜਟੀ ਉਲਝਾਅ ਵਿਚ ਉਲਝ ਜਾਂਦੀ ਹੈ। ਮਾਂ-ਬਾਪ ਦੇ ਬੇਇੱਜ਼ਤੀ ਕਾਰਨ ਮਰ ਜਾਣ ਦਾ ਦੁੱਖ ਉਸ ਨੂੰ ਜ਼ਰੂਰ ਹੈ। ਇਹ ਉਹਦੀ ਦੁਖਦੀ ਰਗ਼ ਹੈ ਤੇ ਇਸ ਬਾਰੇ ਉਹ ਈਸ਼ਵਰ ਨਾਲ ਕਿਸੇ ਬਹਿਸ ਵਿਚ ਨਹੀਂ ਉਲਝਣਾ ਚਾਹੁੰਦੀ ਕਿਉਂਕਿ ਉਹ ਭੈਣ ਦੇ ਬਹੁਤ ਸਾਰੇ ਅਹਿਸਾਨਾਂ ਹੇਠ, ਦੱਬੀ ਹੋਈ ਹੈ। ਉਂਞ ਵੀ ਸਿਮਰਨ ਦੀ ਜ਼ਿੰਦਗੀ ਉਸ ਹਿੱਸੇ ਦੀਆਂ ਤਸਵੀਰਾਂ ਦਾ ਕਿਆਸ ਕਰ ਕੇ ਈਸ਼ਵਰ ਕੌਰ ਦਾ ਗ਼ੁੱਸਾ ਹੋਰ ਵਧਣ ਲੱਗਦਾ ਹੈ।

ਅਜੇ ਦੋਵੇਂ ਭੈਣਾਂ ਘਰੋਂ ਚੱਲਣ ਦੀ ਤਿਆਰੀ ਹੀ ਕਰ ਰਹੀਆਂ ਹੁੰਦੀਆਂ ਹਨ ਕਿ ਡਾਕਟਰ ਚੰਦਾ ਅਚਾਨਕ ਡਰਾਇੰਗ ਰੂਮ ਵਿਚ ਦਾਖ਼ਲ ਹੋ ਕੇ ਪੁੱਛ ਲੈਂਦੀ ਹੈ : "ਤੁਸੀਂ ਕਿੱਥੇ ਚੱਲੇ ਜੇ?...ਤਿਆਰ ਸ਼ਿਆਰ ਹੋ ਕੇ।" ਡਾ. ਈਸ਼ਵਰ ਗੱਲ ਨੂੰ ਮੋੜ ਦੇ ਕੇ ਕਿਸੇ ਹੋਰ ਪਾਸੇ ਲੈ ਜਾਣਾ ਚਾਹੁੰਦੀ ਹੈ ਪਰ ਚੰਦਾ ਨੂੰ ਗੱਲ ਦਾ ਪਤਾ ਲੱਗ ਹੀ ਜਾਂਦਾ ਹੈ, ਜਦੋਂ ਉਹਦੀ ਮਾਂ ਇਹ ਕਹਿੰਦੀ ਹੈ, "ਤੇਰੇ ਈ ਕੰਮ ਚੱਲੇ ਆਂ ਬੇਟਾ। ਤੇਰੇ ਲਈ ਲੜਕਾ ਵੇਖਣ ਜਾ ਰਹੇ ਆਂ।" "ਹਾਓ ਐਕਸਾਈਟਿੰਗ!" ਕਹਿ ਕੇ ਚੰਦਾ ਝੱਟ ਕਹਿ ਦਿੰਦੀ ਹੈ : "ਅਜੇ ਡਾ. ਚੰਦਾ ਸ਼ਾਦੀ ਨਹੀਂ ਕਰਵਾਉਣਾ ਚਾਹੁੰਦੀ...!" ਪਰ ਚੰਦਾ ਦੇ ਹਾਂ ਜਾਂ ਨਾਂਹ ਕਰਨ ਨਾਲ ਕੋਈ ਫ਼ਰਕ ਨਹੀਂ ਪੈਂਦਾ ਤੇ ਇਸ ਗੱਲ ਦਾ ਚੰਦਾ ਨੂੰ ਪਤਾ ਹੈ। ਡਾਂਟ-ਪਿਆਰ ਦੇ ਲਹਿਜ਼ੇ ਵਿਚ ਡਾ. ਈਸ਼ਵਰ ਇਕਦਮ ਬੋਲ ਪੈਂਦੀ ਹੈ : "ਚੰਦਾ ਚੁੱਪ! ਸਾਨੂੰ ਪਤਾ ਏ ਕਦੋਂ ਤੇਰੀ ਸ਼ਾਦੀ ਕਰਨੀ ਏ ਤੇ ਕਦੋਂ ਨਹੀਂ!" ਇਹ ਅਚਾਨਕ ਬੋਲੇ ਤੇ ਅਵਚੇਤਨ 'ਚੋਂ ਨਿਕਲੇ ਬੋਲਾਂ ਦਾ ਸੱਚ, ਬੋਲਣ ਵਾਲਿਆਂ ਨੂੰ ਤੇ ਪੰਜਾਬੀ ਸਮਾਜ ਦੇ ਨੈਤਿਕ ਮਾਪਦੰਡਾਂ ਨੂੰ ਬਿਲਕੁਲ ਸਪੱਸ਼ਟ ਕਰ ਦਿੰਦਾ ਹੈ। ਬਸ, ਇਹ ਨਾਰਮਲ ਆਮ ਸੱਚ ਲੱਗਦਾ ਫ਼ੈਸਲਾ ਹੀ ਇਸ ਨਾਟਕ ਦਾ ਕੇਂਦਰੀ ਨੁਕਤਾ ਹੈ ਜਿੱਥੇ ਸਮਾਜਕ, ਸਭਿਆਚਾਰਕ

ਕੀਮਤਾਂ ਤੇ ਇਕ ਵਿਅਕਤੀਗਤ ਜ਼ਿੰਦਗੀ ਦੇ ਸੱਚ, ਇਕ ਦੂਸਰੇ ਨਾਲ ਗੁੱਥਮ-ਗੁੱਥਾ ਹੁੰਦੇ ਹਨ। ਇਸ ਸਮਾਜ ਦੀਆਂ ਸਭਿਆਚਾਰਕ ਕੀਮਤਾਂ ਤੇ ਡਾ. ਈਸ਼ਵਰ ਦਾ ਕੱਲਮ-ਕੱਲੇ ਰਹਿ ਜਾਣ ਕੌੜਾ ਤਜਰਬਾ, ਚੰਦਾ ਨੂੰ ਬਿਨ-ਵਿਆਹੇ ਤਾਂ ਰਹਿਣ ਨਹੀਂ ਦੇਵੇਗਾ। ਪਰ ਸਵਾਲ ਉੱਠਦਾ ਹੈ; ਚੰਦਾ ਦਾ ਵਿਆਹ ਕਿਸ ਨਾਲ ਹੋਵੇਗਾ? ਇਸ ਗੱਲ ਦਾ ਅੰਤਿਮ ਫ਼ੈਸਲਾ ਕੌਣ ਕਰੇਗਾ ਤੇ ਕਿਨ੍ਹਾਂ ਕਾਰਨਾਂ ਕਰਕੇ ਤੇ ਇਹ ਕਾਰਨ ਹਮੇਸ਼ਾ ਸਮਾਜੀ ਪ੍ਰਚਲਿਤ ਕੀਮਤਾਂ ਵਿਚੋਂ ਜਨਮਦੇ ਹਨ? ਕੀ ਚੰਦਾ ਦੇ ਮਨ ਵਿਚ, ਇਸ ਸਵਾਲ ਦਾ ਆਪਣਾ ਕੋਈ ਜਵਾਬ ਹੈ ਵੀ ਜਾਂ ਨਹੀਂ? ਕੀ ਉਸ ਵਿਚ ਆਪਣੀ ਮਾਸੀ ਈਸ਼ਵਰ ਨੂੰ ਨਾਰਾਜ਼ ਕਰਕੇ ਆਪਣੀ ਮਾਂ ਵਾਂਗ, ਆਪਣੇ ਜ਼ਿੰਦਗੀ ਬਾਰੇ ਫ਼ੈਸਲਾ ਭਾਵੇਂ ਪਿੱਛੋਂ ਉਹ ਗ਼ਲਤ ਹੀ ਸਾਬਤ ਹੋਵੇ (ਕੀ ਗਾਰੰਟੀ ਹੈ ਕਿ ਈਸ਼ਵਰ ਦਾ ਲਿਆ ਫ਼ੈਸਲਾ ਗ਼ਲਤ ਨਹੀਂ ਹੋਵੇਗਾ) ਲੈਣ ਦੀ ਜੋਖ਼ਮਤਰੀ ਸਮਰੱਥਾ ਹੈ? ਸਿਰਫ਼ ਇਨ੍ਹਾਂ ਸਵਾਲਾਂ ਦੇ ਜਵਾਬ ਹੀ ਸਾਨੂੰ ਦੱਸਣਗੇ ਕਿ ਡਾ. ਚੰਦਾ ਕੌਣ ਹੈ? ਕੀ ਉਹ ਵਾਕਿਆ ਹੀ ਫਿਊਡਲ (ਜਗੀਰੂ) ਕਿਸਮ ਦੀਆਂ ਕੀਮਤਾਂ ਤੋਂ ਮੁਕਤੀ ਤਾਂਘਦੀ ਨਵੀਂ ਪੀੜ੍ਹੀ ਹੈ ਜਾਂ ਆਪਣੇ ਤੋਂ ਪਹਿਲੀ ਪੀੜ੍ਹੀ ਦੀ ਕਾਰਬਨ ਕਾਪੀ ਹੀ ਹੈ? ਪੰਜਾਬੀ ਸਮਾਜ ਬਾਹਰੀ ਆਧੁਨਿਕਤਾ ਦੀਆਂ ਸਾਰੀਆਂ ਹੱਦਾਂ ਟੱਪਣ ਨੂੰ ਤਿਆਰ-ਬਰ-ਤਿਆਰ ਹੈ ਪਰ ਅੰਦਰੂਨੀ ਆਧੁਨਿਕਤਾ, ਜਿਸ ਦੀ ਪਹਿਲੀ ਆਵਾਜ਼ ਇਸ ਖਿੱਤੇ ਵਿਚ ਗੁਰੂ ਨਾਨਕ ਦੀ ਸੀ, ਤੋਂ ਇਹ ਲਗਪਗ ਮੂੰਹ ਮੋੜ ਚੁੱਕਾ ਹੈ। ਇਹ ਐਵੇਂ ਗੁਰੂਆਂ ਨੂੰ ਮੱਥਾ ਟੇਕੀ ਜਾਂਦਾ ਹੈ ਪਰ ਉਨ੍ਹਾਂ ਦੀ ਗੱਲ ਮੰਨਣ ਲਈ ਤਿਆਰ ਨਹੀਂ। ਕੀ ਇਹ ਆਧੁਨਿਕਤਾ ਕੇਵਲ, ਖਪਤ ਆਧੁਨਿਕਤਾ ਹੀ ਹੈ? ਕੀ ਇਸ ਪੀੜ੍ਹੀ ਦਾ ਇਹੀ ਅਸੂਲ ਹੈ : ਜ਼ਿੰਦਗੀ ਦਾ ਰੁਖ ਉਧਰ ਨੂੰ ਮੋੜੋ, ਜਿਧਰ ਆਰਥਿਕ ਲਾਭ ਹੈ ਤੇ ਜੀਵਨ ਤਣਾਓ ਤੇ ਟਕਰਾਓ ਮੁਕਤ ਹੈ।

ਆਖ਼ਰਕਾਰ ਉਹ ਜਿਸ ਲੜਕੇ ਨੂੰ ਵੇਖਣ ਜਾ ਰਹੀਆਂ ਹਨ, ਉਸ ਕੋਲ ਉਹ ਸਭ ਕੁਝ ਹੈ ਜੋ ਪੰਜਾਬੀ ਮਾਂ-ਬਾਪ ਆਪਣੀਆਂ ਧੀਆਂ ਲਈ ਅੱਜ ਚਾਹੁੰਦੇ ਹਨ; ਜੋ ਹਰ ਪੰਜਾਬੀ ਲਈ ਕੇਵਲ ਸੁਪਨਾ ਹੀ ਨਹੀਂ, ਸਗੋਂ ਮੁੱਖ ਉਦੇਸ਼ ਬਣ ਗਿਆ ਹੈ। ਕਈ ਵੇਰ ਤਾਂ ਇਹ ਉਦੇਸ਼ ਭਿਆਨਕ ਰੂਪ ਧਾਰ ਲੈਂਦਾ ਹੈ। ਅਮਰੀਕਾ ਬੈਠੇ ਮੁੰਡੇ ਨਾਲ ਵਿਆਹ ਕਰ ਦੇ ਕਿੰਨੇ ਫ਼ਾਇਦੇ ਹਨ : "ਤਨਖ਼ਾਹ ਬਥੇਰੀ ਐ...ਚੰਦਾ ਵੀ ਅਮਰੀਕਾ ਚਲੀ ਜਾਵੇਗੀ...ਕੀ ਰੱਖਿਐ ਇਸ ਦੇਸ਼ ਵਿਚ? ਕੌੜੀਆਂ ਕੁਸੈਲੀਆਂ ਯਾਦਾਂ ਤੇ ਯਾਦਾਂ ਦੇ ਹਉਕੇ !...ਜਾਤਾਂ, ਧਰਮਾਂ ਦੇ ਝਗੜੇ ਤੇ ਪਾਬੰਦੀਆਂ।...ਤੇ ਰਿਸ਼ਤੇਦਾਰੀਆਂ !... ਰਿਸ਼ਤੇਦਾਰੀਆਂ ਤੇ ਰਿਸ਼ਤੇਦਾਰ? ਦੁਸ਼ਮਣਾਂ ਤੋਂ ਵੀ ਮਾੜੇ ਰਿਸ਼ਤੇਦਾਰ !...ਤੇ ਮੁੰਡਾ 'ਕੱਲਾ ਇੰਜਨੀਅਰ ਹੀ ਨਈ੍ਹੀਂ...ਫੋਟੋਗ੍ਰਾਫ਼ੀ ਦਾ ਸ਼ੌਕ ਵੀ ਰੱਖਦੈ...ਫ਼ੋਟੋ...ਤਸਵੀਰਾਂ !... ਤਸਵੀਰਾਂ ਤੇ ਖਿੱਚਦਾ ਸੀ ਵਰਿੰਦਰ। ਤਸਵੀਰਾਂ ਵਿਚ ਜਾਨ ਪਾ ਦਿੰਦਾ ਸੀ।"

ਹਰ ਤਸਵੀਰ, ਤਕਦੀਰ ਦੇ ਕਦਮ ਵਾਂਗ ਹੁੰਦੀ ਹੈ। ਉਸ ਨੂੰ ਫੇਰ ਮਿਟਾਇਆ ਨਹੀਂ ਜਾ ਸਕਦਾ। ਉਹ ਸਮੇਂ ਦੀ ਪੱਕੀ ਚਸ਼ਮਦੀਦ ਗਵਾਹ ਬਣ ਕੇ ਉਂਝ ਦੀ ਉਂਝ ਖੜ੍ਹੀ ਰਹਿੰਦੀ ਹੈ। ਵਕਤ/ਸਮਾਂ ਹੌਲ਼ੀ ਇਨਸਾਨ ਦੇ ਸਰੀਰ ਦੇ ਪੁਰਾਣੇ ਹੋਣ ਦੀ ਵੀ ਗਵਾਹੀ ਭਰਦਾ ਹੈ, ਤਸਵੀਰ ਬਣ ਕੇ। ਹਰ ਕੋਈ ਸੱਜਰਾ ਤੇ ਸੋਹਣਾ ਹੋਣਾ ਲੋਚਦਾ ਹੈ ਪਰ ਸਮਾਂ ਪਿਛਾਂਹ ਨਹੀਂ ਮੁੜਨ ਦਿੰਦਾ ਉਵੇਂ ਜਿਵੇਂ ਬਚਪਨ ਦੀ ਤਸਵੀਰ ਬੁਢਾਪੇ ਵਿਚ ਨਹੀਂ ਖਿੱਚੀ ਜਾ ਸਕਦੀ। ਯਾਦ ਵੀ ਇਕ ਤਸਵੀਰ ਹੀ ਹੁੰਦੀ ਹੈ ਜੋ ਬਾਰ ਬਾਰ ਦਿਲ ਦੇ ਬੂਹੇ ਦਸਤਕ ਦਿੰਦੀ ਰਹਿੰਦੀ ਹੈ।

ਘਰ ਆਉਣ ਤੇ ਵਿਆਹ ਦੀ ਦੁਬਿਧਾ ਹੋਰ ਜ਼ੋਰ ਪਕੜ ਲੈਂਦੀ ਹੈ। ਜਦ ਚੰਦਾ ਇਹ ਪੁੱਛਦੀ ਹੈ ਕਿ ਕੀ ਉਨ੍ਹਾਂ ਨੂੰ ਮੁੰਡਾ ਪਸੰਦ ਆ ਗਿਆ? ਤਾਂ ਸਿਮਰਨ ਕਹਿੰਦੀ ਹੈ "ਲੈ ਸਾਡੇ ਪਸੰਦ, ਨਾਪਸੰਦ ਦੀ ਕੀ ਐ...ਪਸੰਦ ਤਾਂ ਤੂੰ ਕਰਨਾ ਏ।" ਇਕ ਵਾਰ ਫਿਰ ਵਿਆਹ ਬਾਰੇ ਫ਼ੈਸਲਾ ਚੰਦਾ ਸਾਹਮਣੇ ਸਵਾਲੀਆ ਨਿਸ਼ਾਨ ਬਣ ਕੇ ਖੜ੍ਹੋ ਜਾਂਦਾ ਹੈ। ਕੀ ਉਸ ਦੇ ਮਨ ਵਿਚ ਆਪਣੇ ਕਿਸੇ ਜਾਣ-ਪਛਾਣ ਵਾਲੇ ਪ੍ਰਤੀ ਕੋਈ ਕਸ਼ਿਸ਼ ਨਹੀਂ? ਹੈ !...ਪਰ ਉਸੇ ਹੀ ਪਲ ਇਕ ਹੋਰ ਅਹਿਸਾਸ ਉਸ ਦੀ ਸੋਚ ਵਿਚ ਆਉਣ ਲੱਗਦਾ ਹੈ : "ਬਟ ਦੈਟ ਲਵ* ਡਿਸਟਰਾਇਡ ਆਵਰ ਹਾਊਸ !...ਇਹ ਗੱਲਾਂ ਨਾ ਸੋਚਾਂ...ਇਹ ਕਿਵੇਂ ਹੋ ਸਕਦਾ ਏ?"

ਜਦ ਕਿਸੇ ਮਨ ਵਿਚ ਦੋ ਵਿਰੋਧੀ ਕੀਮਤਾਂ ਦੀਆਂ ਤਾਕਤਾਂ, ਆਪਣਾ ਤਵਾਜ਼ਨ ਬਣਾ ਲੈਣ ਤਾਂ ਮਨ ਦੁਚਿੱਤੀ ਵਿਚ ਫਸ ਜਾਂਦਾ ਹੈ। ਦੁਚਿੱਤੀ ਵਿਚ ਫਸਿਆ ਮਨ ਕੋਈ ਵੀ ਫ਼ੈਸਲਾ ਲੈਣ ਤੋਂ ਅਸਮਰੱਥ ਰਹਿੰਦਾ ਹੈ। ਇਨਸਾਨ ਚਾਹੁੰਦਾ ਕੀ ਹੈ? "ਟੂ ਹੈਵ ਹਿਜ਼/ਹਰ ਕੇਕ ਐਂਡ ਈਟ ਇਟ ਟੂ"। ਇਹੋ ਜਿਹੀ ਸਥਿਤੀ ਵਿਚ ਫਸਿਆ ਇਨਸਾਨ, ਗੱਲ ਗੱਲ 'ਤੇ ਆਪਣੇ ਆਸ-ਪਾਸ ਦੇ ਪਿਆਰਿਆਂ ਨਾਲ, ਗ਼ੁੱਸੇ ਵਿਚ ਆ ਕੇ ਲੜਨ ਲਈ ਤਿਆਰ ਰਹਿੰਦਾ ਹੈ। ਫ਼ੈਸਲਾ ਕਰਨ ਦਾ ਹੱਕ ਨਾ ਆਪ ਲੈਂਦਾ ਹੈ, ਨਾ ਦੂਸਰਿਆਂ ਨੂੰ ਆਪਣੀ ਤਕਦੀਰ ਦਾ ਫ਼ੈਸਲਾ ਕਰਨ ਦਿੰਦਾ ਹੈ। ਪੰਜਾਬ ਵਿਚ ਸਰਮਾਏਦਾਰੀ ਸਦਾਚਾਰ ਤੇ ਖਪਤ ਦੀ ਮੰਡੀ ਨੇ ਇਨਸਾਨਾਂ ਨੂੰ ਖ਼ਾਸਕਰ ਨੌਜਵਾਨ ਔਰਤਾਂ ਨੂੰ, ਇਸ ਉੱਪਰ ਦੱਸੇ "ਤਵਾਜ਼ਨ ਬਿੰਦੂ" 'ਤੇ ਲਿਆ ਖੜ੍ਹਾ ਕੀਤਾ ਹੈ? ਕੀ ਸਮਾਜ ਦੀ ਗਤੀ ਪੰਜਾਬ ਵਿਚ ਇਸ ਨੋਕ (ਟਿਪਿੰਗ ਪੁਆਇੰਟ) 'ਤੇ ਅਟਕ ਗਈ ਹੈ? ਇਸ ਗੱਲ ਦਾ ਜਵਾਬ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਤਦ ਤਕ ਹਰ ਜਵਾਨ ਧੀ ਵਾਲਾ ਘਰ ਰੋਜ਼ਮੱਰਾ ਕਲੇਸ਼ ਤੇ ਦੁੱਖ ਦਾ ਅਖਾੜਾ ਬਣਿਆ ਰਹੇਗਾ।


भारत सरकार/GOVERNMENT OF INDIA
केन्द्रीय फिल्म प्रमाणन बोर्ड/CENTRAL BOARD OF FILM CERTIFICATION
यह प्रमाणपत्र केवल थिएटर में प्रदर्शित करने बाबत विधिमान्य है
THIS CERTIFICATE IS VALID FOR THEATRICAL RELEASE ONLY
भाग-I / Part-I

No. 0288

DIL/131/2012-CHE Feature

प्रमाणपत्र सं. Certificate No. DIL/2/40/2012-CHE तारीख Dated 17/10/2012 श्रेणी Category अव UA अभिभावक मार्गदर्शन वीडियो PARENTAL GUIDANCE VIDEO

फिल्म Film: VISHWAROOPAM - DIGITAL (HINDI)(TAMIL)(Colour) (Cinemascope) Duration 148:23 min:sec

निम्नलिखित परीक्षण समिति के सदस्यों द्वारा परीक्षण के पश्चात तथा उक्त परीक्षण समिति की सिफारिशों पर बोर्ड एतद्द्वारा यह प्रमाणि... पीछे संलग्न भाग –2 में उपदर्शित काट–छांट और उपान्तरों के अधीन फिल्म इस चेतावनी के पृष्ठांकन के साथ सार्वजनिक प्रदर्शन के लिए उपयुक्त है ... के किसी बालक को फिल्म देखने की अनुज्ञा दी जाए या नहीं, इस प्रश्न पर उस बालक के माता–पिता या संरक्षक द्वारा विचार किया जाना चाहिए।
After examination of the film by the members of the Examining Committee mentioned below and on the recommendations of the said Examining Committee, the Board hereby certifies that the film is fit for public exhibition with an endorsement of caution that the question as to whether any child below the age of 12 years may be allowed to see the film should be considered by the parents or guardian of such child, and also subject to excisions and modification listed in Part II of the reverse.

1. HASAN MOHAMED JINNAH
2. K.SATHIS KUMAR
3. REVATHI KRISHNA
4. T.SHANTHI
5. V. PACKIRISAMY ( E.O. )

यह और प्रमाणित किया जाता है कि उपरोक्त बोर्ड द्वारा अधिरोपित काट–छांट और उपान्तरों को वास्तव में कार्यान्वित किया गया है।
Further certified that the excisions and modifications imposed by the Board have actually been carried out.

आवेदक का नाम
Name of the Applicant M/S.RAAJKAMAL FILMS INTERNATIONAL,CHENNAI
निर्माता का नाम
Name of the Producer M/S.RAAJKAMAL FILMS INTERNATIONAL,INDIA

अध्यक्ष
For Chairman

V. Packirisamy
(V. PACKIRISAMY)
Regional Officer,
CBFC,CHENNAI



# ਸੈਂਸਰ ਬੋਰਡ ਦੇ ਤਰਕ ਤੇ ਵਿਤਰਕ

ਡਾ. ਜਤਿੰਦਰ ਸਿੰਘ

ਦੁਨੀਆ ਭਰ ਵਿਚ ਸਭ ਤੋਂ ਵੱਧ ਫ਼ਿਲਮਾਂ ਹਿੰਦੋਸਤਾਨ ਵਿਚ ਬਣਦੀਆਂ ਹਨ। ਇਹ ਫ਼ਿਲਮਾਂ ਕਈ ਜ਼ੁਬਾਨਾਂ, ਨਿਜ਼ਾਮਾਂ ਤੇ ਸਭਿਆਚਾਰਕ ਪਿਛੋਕੜਾਂ ਨਾਲ ਵਾਹ ਵਾਸਤਾ ਰੱਖਦੀਆਂ ਹਨ। ਫ਼ਿਲਮਾਂ ਦੇ ਨਿਰਮਾਣ ਵਜੋਂ ਇਥੋਂ ਦੇ ਲੋਕਾਂ ਦੇ ਹਿੱਤਾਂ ਤੇ ਭਾਵਨਾਵਾਂ ਦਾ ਧਿਆਨ ਰੱਖਿਆ ਜਾਂਦਾ ਹੈ ਤਾਂ ਜੋ ਇਥੋਂ ਦੇ ਲੋਕਾਂ ਦੀਆਂ ਭਾਵਨਾਵਾਂ ਤੇ ਸੁਤੰਤਰਤਾ ਨੂੰ ਠੇਸ ਨਾ ਪਹੁੰਚੇ। ਬਹੁ-ਭਾਸ਼ਾਈ, ਬਹੁ-ਸਭਿਆਚਾਰਕ ਤੇ ਬਹੁ-ਧਾਰਮਿਕ ਸੰਬੰਧ ਰੱਖਣ ਵਾਲੇ ਇਸ ਦੇਸ਼ ਲਈ ਸਭ ਵਸਨੀਕ ਇਕ ਸਮਾਨ ਹਨ ਜਿਸ ਦੀ ਗਵਾਹੀ ਹਿੰਦੋਸਤਾਨ ਦਾ ਸੰਵਿਧਾਨ ਭਰਦਾ ਹੈ। ਸੰਵਿਧਾਨ ਦਾ ਮੂਲ ਕਰਤੱਵ ਇਥੋਂ ਦੇ ਲੋਕਾਂ ਦੇ ਹਿੱਤਾਂ ਤੇ ਹੱਕਾਂ ਦੀ ਰਾਖੀ ਕਰਨਾ ਹੈ। ਫ਼ਿਲਮ/ਸਿਨੇਮਾ ਇਕ ਅਜਿਹੀ ਕਲਾ ਹੈ ਜੋ ਲੋਕਾਂ/ਦਰਸ਼ਕਾਂ ਨਾਲ ਸਿੱਧਾ ਤੇ ਡੂੰਘਾ ਸੰਬੰਧ ਜੋੜਦੀ ਹੈ ਤਾਂ ਜੋ ਧਾਰਮਿਕ ਤੇ ਸਮਾਜਿਕ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ ਜਾਂ ਕਿਸੇ ਕਿਸਮ ਦੀ ਗ਼ੈਰ ਸਮਾਜਕ ਗਤੀਵਿਧੀ ਦਾ ਕਾਰਨ ਫ਼ਿਲਮ ਨਾ ਬਣੇ। ਇਸ ਰੋਕ ਲਈ ਸੈਂਸਰ ਬੋਰਡ ਦਾ ਨਿਰਮਾਣ ਹੋਇਆ। ਹਿੰਦੀ ਸਿਨੇਮਾ ਦੀ ਕੋਈ ਵੀ ਫ਼ਿਲਮ ਸੈਂਸਰ ਬੋਰਡ ਦੀ ਮਨਜ਼ੂਰੀ ਤੋਂ ਬਗ਼ੈਰ ਦਰਸ਼ਕਾਂ ਦੇ ਸਾਹਮਣੇ ਨਹੀਂ ਆਉਂਦੀ। ਬੋਰਡ ਫ਼ਿਲਮਾਂ ਨੂੰ ਦੇਖ ਲੈਣ ਤੋਂ ਬਾਅਦ ਹੀ ਨਿਸ਼ਚਿਤ ਕਰਦਾ ਹੈ ਕਿ ਇਹ ਫ਼ਿਲਮ ਦਰਸ਼ਕਾਂ ਦੇ ਦੇਖਣਯੋਗ ਹੈ ਜਾਂ ਨਹੀਂ ਜਾਂ ਕੋਈ ਦ੍ਰਿਸ਼ ਇਤਰਾਜ਼ਯੋਗ ਨਾਂਹ ਹੋਣ ਤੇ ਜੋ ਸਮਾਜ ਦੇ ਕਿਸੇ ਵਰਗ ਦੀਆਂ ਭਾਵਨਾਵਾਂ, ਜਜ਼ਬਾਤਾਂ ਦਾ ਘਾਣ ਨਾ ਕਰਨ। ਇਹ ਬੋਰਡ ਦੇ ਅਧਿਕਾਰ ਖੇਤਰ ਵਿਚ ਹੈ ਕਿ ਫ਼ਿਲਮ ਰਿਲੀਜ਼ ਹੋਣ ਤੋਂ ਪਹਿਲਾਂ ਕਿਹੜਾ ਦ੍ਰਿਸ਼ ਫ਼ਿਲਮ ਵਿਚੋਂ ਕੱਢਣਾ ਹੈ ਜਾਂ ਰਿਲੀਜ਼ ਹੋਣ ਵੇਲੇ ਕਿਹੜਾ ਸਰਟੀਫ਼ਿਕੇਟ ਫ਼ਿਲਮ ਨੂੰ ਦਿੱਤਾ ਜਾਣਾ ਹੈ। ਜਿਵੇਂ ਕਿ A ਸਰਟੀਫ਼ਿਕੇਟ ਵਾਲੀ ਫ਼ਿਲਮ ਕੇਵਲ ਬਾਲਗ ਅਤੇ UA ਸਰਟੀਫ਼ਿਕੇਟ ਵਾਲੀ ਫ਼ਿਲਮ ਨਾਬਾਲਗ ਵੀ ਦੇਖ ਸਕਦੇ ਹਨ।

ਪਿਛਲੇ ਕੁਝ ਕੁ ਸਾਲਾਂ ਤੋਂ ਸੈਂਸਰ ਬੋਰਡ ਸੁਰਖੀਆਂ ਵਿਚ ਰਿਹਾ ਹੈ। ਕਾਰਨ ਕੋਈ ਵੀ ਹੋਵੇ, ਭਾਵੇਂ ਬੋਰਡ ਦੇ ਚੇਅਰਮੈਨ

ਦੀ ਨਿਯੁਕਤੀ ਨੂੰ ਲੈ ਕੇ ਜਾਂ ਫ਼ਿਲਮ ਦੀ ਰਿਲੀਜ਼ ਦੇ ਸੰਬੰਧ ਵਿਚ ਹੋਵੇ। ਹਿੰਦੋਸਤਾਨ ਵਰਗੇ ਵਿਭਿੰਨਤਾਵਾਂ ਵਾਲੇ ਦੇਸ਼ ਵਿਚ ਅਜਿਹੇ ਬੋਰਡ ਦੀ ਕਾਰਗੁਜ਼ਾਰੀ ਬੜੀ ਜ਼ਿੰਮੇਵਾਰੀ ਵਾਲੀ ਬਣ ਜਾਂਦੀ ਹੈ। ਬੋਰਡ ਨੂੰ ਫ਼ਿਲਮ ਪਾਸ ਕਰਨ ਸਮੇਂ ਬਹੁਤ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਸੁਚੇਤ ਰਹਿਣਾ ਪੈਂਦਾ ਹੈ। ਜਿਸ ਨਾਲ ਸਮਾਜ ਦੇ ਕਿਸੇ ਵਰਗ ਨੂੰ ਇਤਰਾਜ਼ ਵੀ ਨਾ ਹੋਵੇ ਅਤੇ ਕਲਾਕਾਰ ਤੇ ਫ਼ਿਲਮ ਨਿਰਦੇਸ਼ਕ ਦਾ ਮੂਲ ਮੰਤਵ ਵੀ ਪੂਰਾ ਹੋ ਜਾਵੇ ਜਿਸ ਕਰਕੇ ਉਸ ਨੇ ਫ਼ਿਲਮ ਦਾ ਨਿਰਮਾਣ ਕੀਤਾ। ਇਹ ਬੋਰਡ ਦਾ ਮੂਲ ਆਸ਼ਾ ਹੈ ਪਰ ਅਜਿਹੇ ਬੋਰਡ ਦੀ ਕਾਮਨਾ ਉਦੋਂ ਸੰਭਵ ਹੁੰਦੀ ਹੈ ਜਦੋਂ ਬੋਰਡ ਸਭ ਤਰ੍ਹਾਂ ਦੇ ਧਾਰਮਿਕ ਤੇ ਰਾਜਨੀਤਕ ਬੰਧਨਾਂ ਤੋਂ ਮੁਕਤ ਹੋ ਕੇ ਫ਼ੈਸਲੇ ਲਵੇ।

ਫ਼ਿਲਮਾਂ ਨੂੰ ਲੈ ਕੇ ਬੋਰਡ ਕਈ ਵਾਰ ਵਿਵਾਦਾਂ ਵਿਚ ਘਿਰ ਜਾਂਦਾ ਰਿਹਾ ਹੈ ਕਿਉਂਕਿ ਇਸ ਤਰ੍ਹਾਂ ਦੇ ਬੋਰਡ ਮੌਜੂਦਾ ਸਰਕਾਰਾਂ ਦੇ ਸਿੱਧੇ ਪ੍ਰਭਾਵ ਅਧੀਨ ਰਹਿੰਦੇ ਹਨ। ਸਰਕਾਰਾਂ ਆਪਣੇ ਚਹੇਤਿਆਂ ਨੂੰ ਚੇਅਰਮੈਨ ਤੇ ਮੈਂਬਰ ਨਿਯੁਕਤ ਕਰਦੀਆਂ ਹਨ। ਜਿਸ ਤਰ੍ਹਾਂ ਦੀ ਸਰਕਾਰ ਦੀ ਵਿਚਾਰਧਾਰਾ ਹੋਵੇਗੀ ਨਿਸ਼ਚਿਤ ਤੌਰ 'ਤੇ ਮੈਂਬਰ ਵੀ ਉਸ ਤੋਂ ਪ੍ਰਭਾਵਿਤ ਹੋਣਗੇ। ਜੇਕਰ ਦੇਖਿਆ ਜਾਵੇ ਤਾਂ ਹੁਣ ਤਕ ਬਾਲੀਵੁੱਡ ਵਿਚ ਬਣੀਆਂ ਉਹ ਕਿਹੜੀਆਂ ਫ਼ਿਲਮਾਂ ਹਨ ਜੋ ਬੋਰਡ ਦੀ ਸਿਫ਼ਾਰਸ਼ 'ਤੇ ਬੈਨ ਕੀਤੀਆਂ ਜਾਂ ਬੈਨ ਕਰਨ ਤੋਂ ਬਾਅਦ ਕੁਝ ਦ੍ਰਿਸ਼ਾਂ ਨੂੰ ਕੱਟ ਕੇ ਰਿਲੀਜ਼ ਹੋਣ ਦਿੱਤੀਆਂ ਹਨ। 1959 ਈ. ਵਿਚ 'ਨੀਲ ਅਕਸ ਨੀਚੇ' ਫ਼ਿਲਮ ਬੈਨ ਕੀਤੀ ਗਈ ਜੋ ਚੀਨੀ ਪਰਵਾਸੀ ਦੀਆਂ ਮੁਸ਼ਕਲਾਂ ਨੂੰ ਦਰਸਾਉਂਦੀ ਹੈ। 'ਗਰਮ ਹਵਾ' (1973) ਜੋ ਮੁਸਲਿਮ ਪਰਿਵਾਰ ਜੋ 1947 ਦੀ ਵੰਡ ਤੋਂ ਪੀੜਤ ਦੇ ਦੁਖਾਂਤ ਨੂੰ ਪੇਸ਼ ਕਰਦੀ ਹੈ। 'ਆਂਧੀ' (1975) ਫ਼ਿਲਮ ਐਮਰਜੈਂਸੀ ਵੇਲੇ ਇੰਦਰਾਂ ਗਾਂਧੀ ਦੇ ਜੀਵਨ 'ਤੇ ਆਧਾਰਿਤ ਸੀ ਜੋ ਜਨਤਾ ਪਾਰਟੀ ਦੀ ਸਰਕਾਰ ਬਣਨ ਉਪਰੰਤ ਰਿਲੀਜ਼ ਹੋਈ। 'ਕਾਮਸੂਤਰ' (1996) ਲਿੰਗਕਤਾ ਨਾਲ ਸੰਬੰਧਤ ਹੋਣ ਕਰਕੇ ਉਸ ਵਿਚੋਂ ਇਤਰਾਜ਼ਯੋਗ ਦ੍ਰਿਸ਼ ਕੱਟ ਕੇ ਰਿਲੀਜ਼ ਕੀਤੀ ਗਈ। 'ਫਾਇਰ' (1996) ਜੋ ਕੱਟੜਵਾਦੀ ਹਿੰਦੂਵਾਦੀ ਪਰੰਪਰਾਵਾਂ ਦੇ ਵਿਰੋਧ 'ਤੇ (ਹਮਜਿਨਸੀ ਸੰਬੰਧਾਂ) ਆਧਾਰਿਤ ਹੋਣ ਕਰਕੇ ਬੈਨ ਕਰ ਦਿੱਤੀ ਗਈ। 'ਦੀ ਪਿੰਕ ਮਿਰਰ' (2004) ਵੀ ਹਮ ਜਿਨਸੀ ਸੰਬੰਧਾਂ ਨੂੰ ਉਲੇਖ ਕਰਦੀ ਹੈ। 'ਬਲੈਕ ਫਰਾਈਡੇ' (2005) ਜੋ ਬੰਬਈ ਦੇ ਬੰਬ ਧਮਾਕਿਆਂ 'ਤੇ ਆਧਾਰਿਤ ਸੀ। 'ਅਮੂ' (2005) ਜੋ ਸਿੱਖ ਵਿਰੋਧੀ ਦੰਗਿਆਂ ਨਾਲ ਸੰਬੰਧਿਤ ਸੀ। 'ਵਾਟਰ' (2005) ਤੇ 'ਮੁਹੱਲਾ ਅੱਸੀ' (2016) ਵਰਗੀਆਂ ਫ਼ਿਲਮਾਂ ਨੂੰ ਬੋਰਡ ਵੱਲੋਂ ਬੈਨ ਕਰ ਦਿੱਤਾ ਗਿਆ।

ਜੇਕਰ ਪੰਜਾਬ ਦੇ ਸੰਦਰਭ ਵਿਚ ਵੇਖਣਾ ਹੋਵੇ ਤਾਂ ਪਿੱਛੇ ਜਿਹੇ ਰਿਲੀਜ਼ ਹੋਈ ਫ਼ਿਲਮ 'ਉੜਤਾ ਪੰਜਾਬ' ਕਾਫ਼ੀ ਚਰਚਿਤ ਰਹੀ ਹੈ। ਇਸ ਦਾ ਸੰਬੰਧ ਪੰਜਾਬੀ ਨੌਜਵਾਨਾਂ ਦੇ ਨਸ਼ਿਆਂ ਵਿਚ ਗ੍ਰਸਤ ਹੋਣ ਅਤੇ ਨਸ਼ੇ ਦੇ ਵਪਾਰ ਦੇ ਪਸਰਣ ਨੂੰ ਨਸ਼ਰ ਕਰਦੀ ਹੈ। ਇਸ ਫ਼ਿਲਮ ਕਰਕੇ ਵੀ ਸੈਂਸਰ ਬੋਰਡ ਕਾਫ਼ੀ ਚਰਚਾ ਵਿਚ ਰਿਹਾ। ਸੱਤਾਧਾਰੀ ਪਾਰਟੀ ਇਸ ਤਰ੍ਹਾਂ ਦੇ ਤੱਥਾਂ ਤੋਂ ਲੋਕਾਂ ਨੂੰ ਗੁੰਮਰਾਹ ਕਰਨਾ ਚਾਹੁੰਦੀ ਸੀ ਭਾਵੇਂ ਸਭ ਕੁਝ ਜੋ ਵਸਤੂ ਧਰਾਤਲ 'ਤੇ ਵਾਪਰ ਰਿਹਾ ਹੁੰਦਾ ਹੈ। ਕਲਾਕਾਰ ਤੇ ਸਾਹਿਤਕਾਰ ਗਾਲਪਨਿਕ/ਕਾਲਪਨਿਕ ਸਹਾਰੇ ਹੀ ਆਪਣੀ ਰਚਨਾ ਰਚਦਾ ਹੈ। ਦੂਸਰੀ ਫ਼ਿਲਮ 'ਨਾਨਕ ਸ਼ਾਹ ਫ਼ਕੀਰ' ਧਾਰਮਿਕ ਭਾਵਨਾਂ ਨੂੰ ਮੱਦੇਨਜ਼ਰ ਰੱਖਦਿਆਂ ਪੰਜਾਬ ਵਿਚ ਬੈਨ ਕਰ ਦਿੱਤੀ ਗਈ। ਕੁਝ ਹੋਰ ਵੀ ਫ਼ਿਲਮਾਂ ਜੋ ਖਾੜਕੂਵਾਦ 'ਤੇ ਸਮਾਜ ਵਿਰੋਧੀ ਹੋਣ ਕਰਕੇ ਸੈਂਸਰ ਬੋਰਡ ਵੱਲੋਂ ਪ੍ਰਵਾਨਗੀ ਨਾ ਲੈ ਸਕੀਆਂ।

ਹਿੰਦੋਸਤਾਨੀ ਨਿਜ਼ਾਮ ਦੀ ਕੱਟੜਨੀਤੀ ਹੋਣ ਕਰਕੇ ਇਥੇ ਕੱਟੜਪੰਥੀਆਂ ਦਾ ਹੀ ਬੋਲਬਾਲਾ ਰਿਹਾ ਹੈ। ਇਸੇ ਲਈ ਉਨ੍ਹਾਂ ਲੋਕਾਂ ਨੂੰ ਧਰਮ ਤੇ ਲਿੰਗਕ ਵਰਗੇ ਅਹਿਮ ਮੁੱਦਿਆਂ 'ਤੇ ਕਿਸੇ ਵੀ ਕਲਾ ਵੱਲੋਂ ਖੁੱਲ੍ਹ ਕੇ ਆਪਣੀ ਪੇਸ਼ਕਾਰੀ ਦੇਣੀ ਰਾਸ ਨਹੀਂ ਆਉਂਦੀ। ਉਹ ਪਰੰਪਰਾ 'ਤੇ ਸੰਸਕ੍ਰਿਤੀ ਦੀ ਆੜ ਵਿਚ ਲੋਕਾਂ ਨੂੰ ਅਗਾਂਹਵਧੂ ਸੋਚ ਦੇ ਹਾਣੀ ਨਹੀਂ ਹੋਣ ਦੇਣਾ ਚਾਹੁੰਦੇ। ਭਾਵੇਂ ਕਿ ਇਹ ਦੇਸ਼ ਧਰਮ ਨਿਰਪੇਖ ਹੈ। ਇਸ ਦੀ ਪਰੰਪਰਾ ਵਿਚ ਅਜੰਤਾ ਤੇ ਅਲੋਰਾ ਵਰਗੀਆਂ ਕਲਾ ਕ੍ਰਿਤਾਂ ਜਾਂ ਕਾਮਸੂਤਰ/ਕੋਕ ਸ਼ਾਸਤਰ ਵਰਗੇ ਗ੍ਰੰਥਾਂ ਦੀ ਹਾਜ਼ਰੀ ਲੱਗਦੀ ਰਹੀ ਹੈ। ਕੱਟੜਪੰਥੀਆਂ ਦੀ ਸੋਚ ਏਨੀ ਸੌੜੀ ਹੈ ਕਿ ਉਹ ਨੰਗੇਜ਼ ਤੇ ਨਗਨ ਵਰਗੇ ਸੰਕਲਪਾਂ ਦਾ ਨਿਖੇੜ ਨਹੀਂ ਕਰ ਪਾਉਂਦੇ। ਇਨ੍ਹਾਂ ਦੋਹਾਂ ਸੰਕਲਪਾਂ ਨੂੰ Erotic ਕਾਮੁਕਤਾ ਦੇ ਸੰਦਰਭ ਵਿਚ ਲੈ ਲੈਂਦੇ ਹਨ। ਬਾਲੀਵੁੱਡ ਵਿਚ ਜ਼ਿਆਦਾਤਰ ਉਨ੍ਹਾਂ ਫ਼ਿਲਮਾਂ ਦੇ ਦ੍ਰਿਸ਼ਾਂ ਨੂੰ ਕੱਟ ਲਾਇਆ ਜਾਂਦਾ ਹੈ ਜਿਸ ਵਿਚ ਨੰਗੇਜ਼ ਭਾਵ ਅਸ਼ਲੀਲਤਾ ਵਾਲੇ ਹੋਣ। ਇਹ ਫ਼ੈਸਲਾ ਬੋਰਡ ਲਈ ਮੁਸ਼ਕਿਲ ਹੋ ਨਿਬੜਦਾ ਹੈ ਕਿ ਕਿਹੜਾ ਦ੍ਰਿਸ਼ ਨਗਨ ਵਾਲਾ ਹੈ ਜਾਂ ਕਿਹੜਾ ਨੰਗੇਜ਼ ਵਾਲਾ। ਧਾਰਮਿਕ ਕੱਟੜਪੰਥੀ ਹਰੇਕ ਸੀਨ ਨੂੰ ਅਸ਼ਲੀਲਤਾ ਦੇ ਘੇਰੇ ਅੰਦਰ ਲੈ ਆਉਂਦੇ ਹਨ। ਬੋਰਡ ਵੀ ਦ੍ਰਿਸ਼ਾਂ ਭਾਵ ਸੀਨ ਉੱਤੇ ਬਹੁਤ ਧਿਆਨ ਦੇਂਦਾ ਹੈ ਪਰ ਫ਼ਿਲਮਾਂ ਦੀ ਭਾਸ਼ਾ, ਡਾਇਲਾਗ ਵੱਲ ਕੋਈ ਖ਼ਾਸ ਧਿਆਨ ਨਹੀਂ ਦਿੱਤਾ ਜਾਂਦਾ ਜੋ ਕਿ ਬਹੁਤ ਜ਼ਰੂਰੀ ਹੈ। ਭਾਸ਼ਾ ਨੇ ਸਮਾਜ ਵਿਚ ਚਿਰਜੀਵੀ ਰਹਿਣਾ ਹੁੰਦਾ ਹੈ। ਫ਼ਿਲਮ ਨਿਰਮਾਤਾ ਫ਼ਿਲਮਾਂ ਨੂੰ ਰੌਚਕ ਬਣਾਉਣ ਲਈ ਦੋ-ਅਰਥੀ ਡਾਇਲਾਗ ਾਂ ਵਰਤੋਂ ਕਰਦੇ ਹਨ ਜੋ ਕਿ ਸਮਾਜ ਲਈ ਬਹੁਤ ਘਾਤਕ ਸਿੱਧ ਹੁੰਦੇ ਹਨ। ਬੋਰਡ ਨੂੰ ਦ੍ਰਿਸ਼ਾਂ ਦੇ ਨਾਲ ਨਾਲ ਡਾਇਲਾਗ ਅਤੇ ਨਾਚ ਵੱਲ ਵੀ ਸੰਜੀਦਗੀ ਨਾਲ ਕੰਮ ਕਰਨ ਦੀ ਲੋੜ ਹੈ।

ਫ਼ਿਲਮਾਂ ਦੇ ਸੰਦਰਭ ਵਿਚ ਦੋ ਤਰ੍ਹਾਂ ਦੀਆਂ ਫ਼ਿਲਮਾਂ ਹੀ ਜ਼ਿਆਦਾ ਤੌਰ ’ਤੇ ਸੈਂਸਰ ਬੋਰਡ ਵੱਲੋਂ ਬੈਨ ਕੀਤੀਆਂ ਗਈਆਂ। ਧਾਰਮਿਕ ਤੇ ਜਿਨਸੀ ਸੰਬੰਧਾਂ ਵਾਲੀਆਂ। ਕੁਝ ਕੁ ਸਾਲ ਪਹਿਲਾਂ ਦੋ ਫ਼ਿਲਮਾਂ ਰਿਲੀਜ਼ ਹੋਈਆਂ ‘ਓ ਮਾਈ ਗੋਡ’ ਅਤੇ ‘ਪੀ ਕੇ’ ਜੋ ਧਰਮ ਤੇ ਆਸਥਾ ਦੇ ਨਾਂ ’ਤੇ ਜੋ ਲੁੱਟ ਖਸੁੱਟ ਹੁੰਦੀ ਹੈ, ਉਸ ਨੂੰ ਬਾਖ਼ੂਬੀ ਚਿਤਰਿਆ ਗਿਆ। ਇਨ੍ਹਾਂ ਫ਼ਿਲਮਾਂ ਨੂੰ ਵੀ ਸੈਂਸਰ ਬੋਰਡ ਦੀਆਂ ਬੰਦ ਖ਼ਿਆਲੀ ਸੋਚ ਦੇ ਦਾਇਰੇ ਵਿਚ ਗੁਜ਼ਰਨਾ ਪਿਆ। ਭਾਵੇਂ ਕਿ ਇਹ ਫ਼ਿਲਮਾਂ ਹਿੰਦੋਸਤਾਨੀਆਂ ਦੇ ਦਿਮਾਗ਼ ਤੋਂ ਧਾਰਮਿਕ ਕੱਟੜਤਾ ਤੇ ਅੰਧਵਿਸ਼ਵਾਸ ਦੇ ਜੰਗਾਲ ਨੂੰ ਉਤਾਰਨ ਵਿਚ ਸਹਾਇਕ ਹੋਈਆਂ। ਸੈਂਸਰ ਬੋਰਡ ਜ਼ਿਆਦਾਤਰ ਧਾਰਮਿਕ ਅਤੇ ਬੰਦੇ ਦੇ ਸਰੀਰਕ ਸੰਬੰਧਾਂ ਨੂੰ ਦ੍ਰਿਸ਼ਾਂ ਨੂੰ ਘੋਖਦਾ ਹੈ। ਇਹ ਸੈਂਸਰ ਬੋਰਡ ਦਾ ਇਤਿਹਾਸ ਰਿਹਾ ਹੈ।

‘ਲਿਪਸਟਿਕ ਅੰਡਰ ਮਾਈ ਬੁਰਕਾ’ ਅਜਿਹੀ ਫ਼ਿਲਮ ਹੈ ਜੋ ਧਰਮ ਵਰਗੇ ਸੰਵੇਦਨਸ਼ੀਲ ਅਤੇ ਸਰੀਰਕ ਸੰਬੰਧਾਂ ਦੇ ਸੁਮੇਲ ਵਾਲੀ ਹੈ ਜਿਸ ਦੇ ਸਿਰਲੇਖ ਤੋਂ ਹੀ ਅਜਿਹੇ ਵਿਸ਼ੇ ਦੀ ਭਿਣਕ ਪੈ ਜਾਂਦੀ ਹੈ। ਇਹ ਫ਼ਿਲਮ ਰਿਲੀਜ਼ ਹੋਣ ਤੋਂ ਪਹਿਲਾਂ ਕਾਫ਼ੀ ਸੁਰਖੀਆਂ ਵਿਚ ਰਹੀ ਹੈ ਅਤੇ ਸੈਂਸਰ ਬੋਰਡ ਦੀ ਸੂਈ ਦੇ ਨੱਕੇ ਵਿਚੋਂ ਲੰਘ ਕੇ ਦਰਸ਼ਕਾਂ ਦੇ ਸਾਹਮਣੇ ਆਈ।

ਇਹ ਫ਼ਿਲਮ ਭੋਪਾਲ ਸ਼ਹਿਰ ਦੀਆਂ ਉਨ੍ਹਾਂ ਚਾਰ ਔਰਤਾਂ ਦੇ ਜੀਵਨ ਨੂੰ ਬਿਆਨ ਕਰਦੀਆਂ ਹਨ ਜੋ ਆਪਣੀਆਂ ਇੱਛਾਵਾਂ, ਖ਼ਾਹਿਸ਼ਾਂ ਤੇ ਸੁਪਨਿਆਂ ਦਾ ਤਸਵੁਰ ਮਰਦ ਪ੍ਰਧਾਨ ਸਮਾਜ ਤੋਂ ਕਰਦੀਆਂ ਹਨ। ਇਨ੍ਹਾਂ ਔਰਤਾਂ ਦੇ ਰਾਹ ਵਿਚ ਧਰਮ, ਮਰਦ ਪ੍ਰਧਾਨ ਸਮਾਜ ਦੇ ਮੁੱਲ, ਰੂੜੀਵਾਦੀ ਸਭਿਆਚਾਰਕ ਪੈਂਤੜੇ ਰੋੜੇ ਬਣਦੇ ਹਨ। ਉਹ ਹਰੇਕ ਦਿਨ ਪਿਛਾਂਹ ਖਿੱਚੂ ਰਵਾਇਤਾਂ ਪਰੰਪਰਾਵਾਂ ਤੋਂ ਸਤਾਈਆਂ ਹੋਈਆਂ ਆਪਣੀ ਜ਼ਿੰਦਗੀ ਗੁੰਮਸ਼ੁਦਗੀ ਵਿਚ ਗੁਜ਼ਾਰਦੀਆਂ ਹਨ ਅਤੇ ਆਪਣੇ ਸੁਪਨਿਆਂ ਤੇ ਇੱਛਾਵਾਂ ਦੇ ਵਿਰੁੱਧ ਘੁਲਦੀਆਂ ਨਜ਼ਰ ਆਉਂਦੀਆਂ ਹਨ।

ਫ਼ਿਲਮ ਨਿਰਮਾਤਾ ਅਲਕ੍ਰਿਤਾ ਸ੍ਰੀਵਾਸਤਵ ਇਸ ਵਿਚ ਬਾਕੀ ਫ਼ਿਲਮਾਂ ਤੋਂ ਕੁਝ ਹਟ ਕੇ ਕਰ ਵਿਖਾਣ ਵਿਚ ਸਫ਼ਲ ਹੋਈ ਹੈ। ਉਹ ਸਾਡੇ ਨਿਜ਼ਾਮ ਦੀ ਤਸਵੀਰ ਨੂੰ ਪੇਸ਼ ਕਰਦੀ ਹੈ ਜਿਸ ਨੂੰ ਦੇਖਦਿਆਂ ਅਸੀਂ ਅਣਜਾਣ ਹਾਂ। ਇਹ ਫ਼ਿਲਮ ਭੋਪਾਲ ਸ਼ਹਿਰ ਦੀਆਂ ਉਨ੍ਹਾਂ ਚਾਰ ਔਰਤਾਂ ਦੀ ਦਾਸਤਾਂ ਬਿਆਨ ਕਰਦੀ ਹੈ ਜੋ ਪਰੰਪਰਕ ਸਮਾਜ ਦੀਆਂ ਪਿਛਾਂਹਖਿੱਚੂ ਮੁੱਲਾਂ ਤੋਂ ਤੰਗ ਹਨ। ਉਸ ਦੇ ਕਾਰਨ ਭਾਵੇਂ ਧਾਰਮਿਕ, ਸਮਾਜਕ ਜਾਂ ਫਿਰ ਰਾਜਨੀਤਕ ਹੋਣ। ਫ਼ਿਲਮਸਾਜ਼ ਨੇ ਚਾਰ ਔਰਤਾਂ ਵਿਚੋਂ ਦੋ ਹਿੰਦੂ ਤੇ ਦੋ ਮੁਸਲਮਾਨ ਧਰਮ ਨਾਲ ਸੰਬੰਧ ਰੱਖਣ ਵਾਲੀਆਂ ਔਰਤਾਂ ਦੇ ਕਿਰਦਾਰ ਨੂੰ ਦਰਸਾਇਆ ਹੈ। ਸਰੀਨ (ਕੋਨਿਕਾ) ਦਾ ਘਰਵਾਲਾ ਸਾਊਦੀ ਅਰਬ ਵਿਚ ਕੰਮ ਕਰਦਾ ਹੈ ਅਤੇ ਛੁੱਟੀ ਵਾਪਸ ਆਉਣ ’ਤੇ ਉਹ ਹਰ ਵਾਰ ਆਪਣੀ ਪਤਨੀ ਨੂੰ ਗਰਭਵਤੀ ਕਰ ਦੇਂਦਾ ਹੈ ਭਾਵੇਂ ਕਿ ਉਹ ਸੇਲ ਗਰਲ ਵਜੋਂ ਵੀ ਨੌਕਰੀ ਕਰਦੀ ਹੈ। ਸਰੀਨ ਦਾ ਘਰਵਾਲਾ ਉਸ ਦੀ ਮਰਜ਼ੀ ਦੇ ਵਿਰੁੱਧ ਵਾਰ ਵਾਰ ਬਿਨਾਂ ਗਰਭ ਨਿਰੋਧਕ (ਕੰਡੋਮ) ਤੋਂ ਬਿਨਾ ਉਸ ਨਾਲ ਸੈਕਸ ਕਰਦਾ ਹੈ ਅਤੇ ਉਹ ਬਾਰ-ਬਾਰ ਗਰਭਪਾਤ ਕਰਵਾਉਂਦੀ ਹੈ। ਜਿਸ ਨਾਲ ਉਸ ਦੀ ਸਿਹਤ ’ਤੇ ਵੀ ਬੁਰਾ ਅਸਰ ਪੈਂਦਾ ਹੈ। ਸਰੀਨ ਦਾ ਘਰਵਾਲਾ ਧਾਰਮਿਕ ਕੱਟੜਤਾ ਵਾਲਾ ਹੋਣ ਕਰਕੇ ਉਸ ਦੀ ਪਤਨੀ ਵੱਲੋਂ ਬਾਹਰ ਕੰਮ ਕਰਨਾ ਵੀ ਪਸੰਦ ਨਹੀਂ। ਦੂਸਰੀ ਕੁੜੀ ਰਹੀਨਾ ਦੀਆਂ ਕੁਝ ਆਪਣੀ ਤਰ੍ਹਾਂ ਦੀਆਂ ਖ਼ਾਹਿਸ਼ਾਂ ਤੇ ਚਾਹਤਾਂ ਹਨ। ਉਹ ਇਕ ਯੂਨੀਵਰਸਿਟੀ ਦੀ ਵਿਦਿਆਰਥਣ ਹੈ। ਘਰ ਦਾ ਮਾਹੌਲ ਧਾਰਮਕ ਕੱਟੜਤਾ ਵਾਲਾ ਹੋਣ ਕਰਕੇ ਉਹ ਬੁਰਕਾ ਪਹਿਨਦੀ ਹੈ ਪਰ ਉਸ ਦੀ ਚਾਹਤ ਪੈਂਟ ਪਾਉਣ ਦੀ ਹੈ। ਉਸ ਨੂੰ ਸੰਗੀਤ (ਪੋਪ/ਰੈਪ) ਪਸੰਦ ਹੈ। ਪਰ ਉਹ ਇਸ ਤਰ੍ਹਾਂ ਦੀਆਂ ਘੁਟਣ ਤੋਂ ਤੰਗ ਆ ਕੇ ਪਰੰਪਰਕ ਤੇ ਧਾਰਮਿਕ ਕੀਮਤਾਂ ਨੂੰ ਚੁਣੌਤੀ ਦੇਂਦੀ ਹੈ।

ਠੀਕ ਇਸੇ ਤਰ੍ਹਾਂ ਲੀਲਾ ਅਤੇ ਊਸ਼ਾ ਦੇ ਕਿਰਦਾਰ ਰੂੜੀਵਾਦੀ ਪਰੰਪਰਕ ਵਿਰੋਧ ਵਿਚ ਆਪਣੀਆਂ ਖ਼ਾਹਿਸ਼ਾਂ ਤੇ ਸੁਪਨਿਆਂ ਨੂੰ ਪੂਰਾ ਕਰਨਾ ਲੋੜਦੀਆਂ ਹਨ। ਇਹ ਦੋਵੇਂ ਹਿੰਦੂ ਧਰਮ ਨਾਲ ਸੰਬੰਧਤ ਹਨ। ਲੀਲਾ ਵਿਆਹ ਤੋਂ ਪਹਿਲਾਂ ਜਿਨਸੀ ਸੰਬੰਧਾਂ ਨੂੰ ਸਰੀਰਕ ਲੋੜ ਵਜੋਂ ਲੈਂਦੀ ਹੈ ਅਤੇ ਊਸ਼ਾ ਵੀ ਵਡੇਰੀ ਉਮਰ ਵਿਚ ਜਵਾਨ ਬੰਦੇ ਨਾਲ ਸੰਬੰਧ ਰੱਖਣਾ ਲੋਚਦੀ ਹੈ। ਭਾਵੇਂ ਕਿ ਇਹ ਦੋਵੇਂ ਤਰ੍ਹਾਂ ਦੀਆਂ ਇੱਛਾਵਾਂ ਦੀ ਪੂਰਤੀ ਲਈ ਸਮਾਜ ਆਗਿਆ ਨਹੀਂ ਦੇਂਦਾ ਪਰ ਬੰਦੇ ਦੇ ਮਨ ਵਿਚ ਅਜਿਹੀਆਂ ਖ਼ਾਹਿਸ਼ਾਂ ਤੇ ਸੁਪਨੇ ਪਨਪਦੇ ਹਨ। ਇਸ ਤਰ੍ਹਾਂ ਦੇ ਮੁੱਦਿਆਂ ਨੂੰ ਦਰਸ਼ਕਾਂ ਦੇ ਸਾਹਮਣੇ ਰੱਖਣ ਦੀ ਬਹੁਤ ਲੋੜ ਹੈ।

ਸੈਂਸਰ ਬੋਰਡ ਦੀ ਇਸ ਫ਼ਿਲਮ ਪ੍ਰਤੀ ਭੂਮਿਕਾ ਕੋਈ ਸਾਰਥਕ ਨਹੀਂ ਰਹੀ ਹੈ। ਬੋਰਡ ’ਤੇ ਕਾਬਜ਼ ਮੈਂਬਰ ਤੇ ਕਾਰਜਕਾਰੀਆਂ ਦੀ ਸੋਚ ਔਰਤ ਦੀ ਹੋਂਦ ਨੂੰ ਸਕਾਰਨ ਦੀ ਥਾਂ ਉਸ ਤੋਂ ਵਿੱਥ ਬਣਾਉਣ ਦੀ ਹੈ। ਫ਼ਿਲਮ ਦਾ ਮੁੱਦਾ ਇਕ ਬੜਾ ਸੰਵੇਦਨਸ਼ੀਲ ਹੈ। ਫ਼ਿਲਮ ਨੂੰ ਅਸ਼ਲੀਲਤਾ ਦੇ ਘੇਰੇ ਅੰਦਰ ਲੈ ਆਉਂਦਾ ਗਿਆ। ਜਦ ਕਿ ਅਸ਼ਲੀਲਤਾ ਦੀ ਥਾਂ ਫ਼ਿਲਮ ਬੰਦੇ ਦੀਆਂ ਲੋੜਾਂ, ਸੁਪਨਿਆਂ, ਖ਼ਾਹਿਸ਼ਾਂ, ਚਾਹਤਾਂ ਤੇ ਉਮੀਦਾਂ ’ਤੇ ਟਿਕੀ ਹੋਈ ਹੈ। ਧਾਰਮਿਕ ਸੁਤੰਤਰਤਾ ਜਾਂ ਧਾਰਮਿਕ ਭਾਵਨਾਵਾਂ ਦੀ ਆੜ ਵਿਚ ਅਸੀਂ ਉਨ੍ਹਾਂ ਸਾਰਿਆਂ ਮੁੱਦਿਆਂ ਤੋਂ ਬੇਮੁਖ ਹੋਈ ਜਾ ਰਹੇ ਹਾਂ ਜਿਨ੍ਹਾਂ ਬਾਰੇ ਸੰਵਾਦ ਰਚਾਉਣ ਮੌਜੂਦ ਸਮੇਂ ਦੀ ਸਭ ਤੋਂ ਵੱਡੀ ਲੋੜ ਬਣ ਗਈ ਹੈ।



*ਜਤਿੰਦਰ ਸਿੰਘ*

## ਪ੍ਰਤੀਕਰਮ

# ‘ਪੰਜਾਬ’ ਦੇ ਉਜਾੜੇ ਬਾਰੇ ਮੇਰੀ ਕਹਾਣੀ...

ਪ੍ਰੇਮ ਪ੍ਰਕਾਸ਼

ਤੁਹਾਡੇ ਪਰਚੇ ਵਿਚ ਵੱਡੇ ਤੇ ਨਵੇਕਲੇ ਸ਼ਾਇਰ ਤੇ ਓਸ ਤੋਂ ਵੀ ਵੱਡੇ ਨਸਰ ਨਿਗਾਰ ਅਮਰਜੀਤ ਚੰਦਨ ਨੇ ਲਿਖਿਆ ਏ ਕਿ “ਕਹਾਣੀ ਦੇ ਉਸਤਾਦ ਪ੍ਰੇਮ ਪ੍ਰਕਾਸ਼ ਕੋਲੋਂ ਅੱਖੀਂ ਡਿੱਠੇ ਦੀ ਕਹਾਣੀ ਨਹੀਂ ਬਣੀ। ਉਹ ਕੁਝ ਗੱਲਾਂ ਈ ਦੱਸ ਸਕਿਆ ਹੈ।”

ਇਹੋ ਗੱਲ ਮੈਂ ਆਪ ਵੀ 1982 ਦੇ ਏੜ ਗੇੜ ’ਚ ਕਹਿੰਦਾ ਹੁੰਦਾ ਸੀ। ...ਪਰ ਇਹ ਠੀਕ ਨਹੀਂ ਸੀ। ਉਹਨੂੰ ਠੀਕ ਇਕ ਬੁਲਗਾਰੀਅਨ ਬੀਬੀ, ਮੈਂ ਉਹਦਾ ਨਾਂ ਭੁੱਲ ਗਿਆ, ਨੇ ਕੀਤਾ ਸੀ। ਫੇਰ ਪਤਾ ਲੱਗਿਆ ਕਿ ਮੈਂ ਵੀ ਇਕ ਕਹਾਣੀ ਲਿਖੀ ਏ ‘ਬੇਵਤਨ’।

ਇਕ ਦਿਨ ਮੈਂ ਆਪਣੇ ਘਰੋਂ ਅੱਕ ਕੇ ਆਪਣੇ ਦੋਸਤ ਓਮ ਪ੍ਰਕਾਸ਼ ਪਨਾਹਗੀਰ ਦੇ ਘਰ ਜਾ ਬੈਠਾ ਸੀ। ਅਚਾਨਕ ਕਾਲੇ ਕਾਲੇ ਭੂਸਲੇ ਜਿਹੇ ਖੁਲ੍ਹੇ ਕੁੜਤੇ ਵਾਲੀ ਜਵਾਨ ਜਨਾਨੀ ਨੇ ਗੇਟ ਖੜਕਾਇਆ। ਦੋਸਤ ਨੇ ਜਾ ਕੇ ਪੁੱਛਿਆ ਤਾਂ ਉਹਨੇ ਦੱਸਿਆ ਕਿ ਮੈਂ ਪ੍ਰੇਮ ਪ੍ਰਕਾਸ਼ ਨੂੰ ਲੱਭਦੀ ਉਹਨਾਂ ਦੇ ਘਰੋਂ ਆਈ ਹਾਂ। ਮੈਂ ਭੱਜ ਕੇ ਬਾਹਰ ਹੋ ਕੇ ਮਿਲਿਆ। ਉਹ ਪੰਜਾਬੀ ਜ਼ਰਾ ਔਖਿਆਈ ਨਾਲ ਬੋਲ ਰਹੀ ਸੀ।

ਚਾਹ ਪੀਂਦਿਆਂ ਉਹਨੇ ਦੱਸਿਆ ਕਿ ਉਹ ਅੱਨਾ ਏ, ਪੋਲੈਂਡ ਤੋਂ। ਵਾਰਸਾ ਦੀ ਯੂਨੀਵਰਸਿਟੀ ’ਚ ਪੰਜਾਬੀ ਦੀ ਟੀਚਰ ਏ। ਹੁਣ ਉਹ ਪਾਕਿਸਤਾਨ ਵਿਚ ਕਈ ਮਹੀਨੇ ‘ਪੰਜਾਬ ਦੇ ਉਜਾੜੇ’ ਬਾਰੇ ਲਿਖੇ ਸਾਹਿਤ ਦੀ ਖੋਜ ਕਰਦੀ ਆਈ ਏ। ਉਹ ਮੇਰੀ ਕਹਾਣੀ ਲੈਣ ਆਈ ਏ। ਮੈਂ ਕਿਹਾ ਕਿ ਬੀਬੀ ਮੈਂ ‘ਉਜਾੜੇ’ ਨੂੰ ‘ਵੱਢ ਟੁੱਕ’ ਕਹਿੰਦਾ ਹਾਂ। ਮੇਰੇ ਇਲਾਕੇ ’ਚ ਉਹਨੂੰ ‘ਹੱਲੇ’ ਕਹਿੰਦੇ ਨੇ। ਮੈਂ ਓਸ ਸਮੇਂ ਬਹੁਤ ਕੁਝ ਦੇਖਿਆ ਤੇ ਸਮਝਿਆ ਏ। ਕੁਝ ਲਿਖਿਆ ਵੀ ਏ। ਪਰ ਮੈਂ ਕੋਈ ਕਹਾਣੀ ਤਾਂ ਨਹੀਂ ਲਿਖੀ।

ਉਹ ਹੱਸ ਪਈ। ਫੇਰ ਉਹਨੇ ਮੇਰੀ ਇਕ ਕਹਾਣੀ ਦਾ ਨਾਂ ਲਿਆ **‘ਬੇਵਤਨ’**। ਮੈਨੂੰ ਕੁਝ ਕੁਝ ਯਾਦ ਆਇਆ ਕਿ ਉਹ ਕਹਾਣੀ ਮੈਂ ਬਹੁਤ ਚਿਰ ਪਹਿਲਾਂ ‘ਬੜੇ ਪਿੰਡ’ ’ਚ ਰਹਿੰਦਿਆਂ ਲਿਖੀ ਸੀ। ਮੈਂ ਕਈ ਗੱਲਾਂ ਕਰ ਕੇ ਔਖਾ ਸੀ। ਸ਼ਾਮ ਨੂੰ ਮੈਂ ਪਿੰਡ ਦੇ ਸੂਏ ਦੀ ਪੁਲੀ ’ਤੇ ਜਾ ਕੇ ਬੈਠਾ ਰਹਿੰਦਾ ਸੀ। ...ਮੈਨੂੰ ਉਹਦੀਆਂ ਸਾਰੀਆਂ ਗੱਲਾਂ ਤੇ ਸੋਚਾਂ ਯਾਦ ਆ ਗਈਆਂ। ਓਸ ਬੀਬੀ ਨੇ ਮੈਨੂੰ ਇਕ ਸੂਚੀ ਵਿਖਾਈ, ਜੀਹਦੇ ਵਿਚ ਮੇਰੀ ਉਹ ਕਹਾਣੀ ਵੀ ਸ਼ਾਮਲ ਸੀ। ਉਹਨੇ ਏਸ ਗੱਲ ’ਤੇ ਹੈਰਾਨੀ ਜ਼ਾਹਰ ਕੀਤੀ ਕਿ ਪਾਕਿਸਤਾਨੀ ਸਾਹਿਤਕਾਰਾਂ ਨੇ ਬਹੁਤਾ ਅਜਿਹਾ ਸਾਹਿਤ ਨਹੀਂ ਲਿਖਿਆ।... ਅਸੀਂ ਏਸ ਵਿਸ਼ੇ ’ਤੇ ਬੜੀਆਂ ਗੰਭੀਰ ਗੱਲਾਂ ਕੀਤੀਆਂ। ਮੈਂ ਉਹਨੂੰ ਦੱਸਿਆ ਕਿ ਪਾਕਿਸਤਾਨ ਯੂ.ਪੀ., ਸੀ.ਪੀ. ਤੇ ਦਿੱਲੀ ਵਗੈਰਾ ਦੇ ਸ਼ਹਿਰੀ ਇਲਾਕਿਆਂ ਵਿਚ ‘ਮੁਸਲਿਮ ਲੀਗੀ’ ਵਰਕਰਾਂ ਦੀ ਮੰਗ ਸੀ। ਉਹ ਨਾਅਰੇ ਲਾਉਂਦੇ ਹੁੰਦੇ ਸੀ ‘ਤਲਵਾਰ ਸੇ ਲੇਂਗੇ ਪਾਕਿਸਤਾਨ’। ਪਰ ਉਹਨਾਂ ਸੂਬਿਆਂ ਦੇ ਕਸਬਿਆਂ, ਪਿੰਡਾਂ ਦੇ ਲੋਕਾਂ ਨੂੰ ਇਹਦਾ ਕੋਈ ਪਤਾ ਨਹੀਂ ਸੀ। ਪਰ ਬਹੁਤੀ ਮਾਰ ਉਹਨਾਂ ਨੂੰ ਈ ਪਈ। ਪੰਜਾਬ ’ਚ ਇਹ ਲਹਿਰ ਵੱਡੇ ਸ਼ਹਿਰਾਂ ਵਿਚ ਈ ਸੀ। ਨਾਅਰੇ ਆਮ ਵਰਕਰ ਲਾਉਂਦੇ ਸਨ। ਅਮੀਰ

ਲੋਕ ਤਾਂ ਸਭ ਤੋਂ ਪਹਿਲਾਂ ਭੱਜ ਗਏ ਸੀ। ਤੇ ਉਹਨਾਂ ਨੇ ਲਾਹੌਰ ਜਾ ਕੇ ਮਾਲ ਸਮਾਨ ਦੇ ਭਰੇ ਹੋਏ ਘਰਾਂ ਤੇ ਦੁਕਾਨਾਂ ਨੂੰ ਸਾਂਭ ਲਿਆ ਸੀ। ਉਹਨਾਂ ਨੂੰ ਤਾਂ ਬਹੁਤਿਆਂ ਨੂੰ ਕੁਝ ਪ੍ਰਾਪਤ ਹੋਇਆ ਸੀ। ਨਵਾਂ ਮੁਲਕ ਵੀ ਮਿਲ ਗਿਆ ਸੀ। ਮਾਰੇ ਗਏ ਸੀ ਗਰੀਬ ਤੇ ਅਣਪੜ੍ਹ ਲੋਕ। ਲੀਗੀ ਲੀਡਰਾਂ ਦੀ ਤਾਂ ਇਹ ਪ੍ਰਾਪਤੀ ਈ ਸੀ 'ਪਾਕਿਸਤਾਨ'। ਆਮ ਮੁਸਲਮਾਨ ਵੀ ਪਾਕਿਸਤਾਨ ਨੂੰ ਆਪਣੀ ਪ੍ਰਾਪਤੀ ਤੇ ਜਰੇ ਦੁੱਖਾਂ ਨੂੰ 'ਕੁਰਬਾਨੀ' ਕਹਿਦੇਂ ਸੀ।

ਇਹ ਤਾਂ ਮਿਸਟਰ ਜਿਨਾਹ ਨੂੰ ਵੀ ਨਹੀਂ ਸੀ ਪਤਾ ਕਿ ਪਾਕਿਸਤਾਨ ਕਿਹੋ ਜਿਹਾ ਹੋਵੇਗਾ? ਉਹ ਤਾਂ ਸਾਰੇ ਧਰਮਾਂ ਵਾਲਿਆਂ ਦਾ ਮੁਲਕ ਸਮਝਦਾ ਸੀ। ਉਹਨੇ ਪਾਕਿਸਤਾਨ ਦਾ ਕੌਮੀ ਤਰਾਨਾ ਜਗਨ ਨਾਥ ਆਜ਼ਾਦ ਤੋਂ ਲਿਖਵਾਇਆ ਸੀ। ਚੀਫ ਜਸਟਿਸ ਇਕ ਗੈਰ-ਮੁਸਲਮ ਬਣਾਇਆ ਤੇ ਤਿੰਨ ਵਜ਼ੀਰ ਹਿੰਦੂ ਬਣਾਏ। ਇਹ ਤਾਂ ਜਦ ਜਿਨਾਹ ਹੋਰੀਂ ਫੌਤ ਹੋ ਗਏ ਤੇ ਸਰਕਾਰ ਦੀ ਬਾਗ ਯੂ.ਪੀ. ਦੇ ਲੀਗੀਆਂ ਤੇ ਮੌਲਵੀਆਂ ਦੇ ਹੱਥ 'ਚ ਆਈ ਤਾਂ ਸਭ ਕੁਝ ਬਦਲ ਗਿਆ।

ਖੈਰ, ਮੈਂ ਇਹ ਕਹਾਣੀ 'ਬੇਵਤਨ' ਆਪਣੇ ਜੀਵਨ ਦੇ ਟੈਨਸ਼ਨ ਭਰੇ ਦਿਨਾਂ 'ਚ ਲਿਖੀ ਸੀ। ਜਿਹੜੀ ਓਸ ਬੀਬੀ ਨੇ ਸੁਤਿੰਦਰ ਸਿੰਘ ਨੂਰ ਦੀ ਸਹਾਇਤਾ ਨਾਲ ਕਿਸੇ ਕਿਤਾਬ 'ਚ ਛਪਵਾਈ ਵੀ ਸੀ। ਫੇਰ ਕਿਸੇ ਨੇ ਐਨ.ਬੀ.ਟੀ. ਲਈ 'ਦੇਸ਼ ਵੰਡ ਦੀਆਂ ਕਹਾਣੀਆਂ' ਵਿਚ ਛਪਵਾ ਲਈ। ਤੇ ਹੁਣ ਜੈਪੁਰ 'ਚ ਰਹਿੰਦੀ ਬਹੁਤ ਈ ਵਿਦਵਾਨ ਬੀਬੀ ਜਸਬੀਰ ਜੈਨ ਨੇ 'ਦੇਸ਼ ਵੰਡ' ਦੀਆਂ ਕਹਾਣੀਆਂ ਅੰਗਰੇਜ਼ੀ ਵਿਚ ਅਨੁਵਾਦ ਕਰਾ ਕੇ ਛਪਵਾਈਆਂ 'BRIDGE ACROSS THE RIVERS'। ਉਹਦੇ 'ਚ ਮੇਰੀ ਕਹਾਣੀ ਦਾ ਨਾਂ 'WITHOUT A HOMELAND' ਰੱਖਿਆ ਏ।

ਕਹਾਣੀ ਲਿਖਣ ਵੇਲ਼ੇ ਵੀ ਤੇ ਹੁਣ ਵੀ ਮੇਰੀ ਸੋਚ ਇਹੋ ਸੀ ਕਿ ਮੈਂ ਦੇਸ਼-ਪ੍ਰੇਮੀ ਨਹੀਂ ਹਾਂ। ਬਸ, ਓਨਾ ਕੁ ਈ ਹਾਂ, ਜਿੰਨ੍ਹ ਦੇਸ਼-ਧਰੋਹੀ ਹੋਣ ਦੀ ਸੀਮਾ ਦੇ ਕੋਲ ਕੋਲ ਹੋਵਾਂ। ਮਨੂੰ ਧਰਤੀ ਦੇ ਕਿਸੇ ਟੁਕੜੇ ਨਾਲ ਕੋਈ ਅਜਿਹਾ ਪਿਆਰ ਨਹੀਂ, ਜੀਹਨੂੰ ਲੋਕ 'ਧਰਤੀ ਮਾਤਾ' ਕਹਿੰਦੇ ਨੇ।

ਕੁਝ ਮਹੀਨੇ ਪਹਿਲਾਂ ਦਿੱਲੀ ਦੇ ਇਕ ਪ੍ਰਕਾਸ਼ਕ ਨੇ ਮੇਰੀ ਇਕ ਕਿਤਾਬ ਛਾਪੀ ਸੀ '**ਸਦੀਆਂ ਦਾ ਸੰਤਾਪ**'। ਮੈਂ ਜੀਹਦਾ ਨਾਂ '**ਅਸ਼ਵਸਥਾਮਾ ਦੇ ਮੱਥੇ ਦਾ ਜ਼ਖਮ**' ਰੱਖਿਆ ਸੀ। ਪਰ ਪ੍ਰਕਾਸ਼ਕ ਦੇ ਕਹਿਣ 'ਤੇ ਬਦਲ ਦਿੱਤਾ ਸੀ। ਉਹਦੇ ਵਿਚ ਮੇਰੀ ਉਹੀ ਕਹਾਣੀ 'ਬੇਵਤਨ', ਜਿਹੜੀ ਮੈਂ 1965 'ਚ ਲਿਖੀ ਸੀ, ਦੇ ਨਾਲ ਪੰਜਾਬ 'ਚ ਬੀਤੇ ਕਾਲੇ ਦਿਨਾਂ ਬਾਰੇ ਲਿਖੀਆਂ ਆਪਣੀਆਂ ਸੱਤ ਕਹਾਣੀਆਂ, ਡਾਇਰੀ ਦੇ ਵਰਕੇ ਤੇ ਅਮਰਜੀਤ ਚੰਦਨ ਨੂੰ ਲਿਖੀਆਂ ਚਿੱਠੀਆਂ ਪਾ ਦਿੱਤੀਆਂ ਨੇ। ਕਿਉਂਕਿ ਮੈਂ 1947 ਦੀ ਵੱਢ ਟੁੱਕ ਨੂੰ ਕੋਈ ਕੱਲੀ ਕਾਰੀ ਘਟਨਾ ਨਹੀਂ ਮੰਨਦਾ। ਮੇਰਾ ਵਿਸ਼ਵਾਸ ਏ ਕਿ ਇਹ ਕਤਲ ਅਤੇ ਉਜਾੜੇ ਮਾਨਵ ਸੰਸਕ੍ਰਿਤੀ, ਖਾਸ ਤੌਰ 'ਤੇ ਭਾਰਤੀ ਸੰਸਕ੍ਰਿਤੀ ਦਾ ਹਿੱਸਾ ਨੇ। ਮੈਂ ਜਿਹੜੇ ਦੇਸ਼ 'ਚ ਰਹਿੰਦਾ ਹਾਂ, ਇਹਦੇ ਵਿਚ ਪਤਾ ਨਹੀਂ ਕਿੰਨੀਆਂ ਨਸਲਾਂ ਦੇ ਲੋਕ ਕਿਥੋਂ ਕਿਥੋਂ ਆ ਕੇ ਵਸੇ ਨੇ। ਏਥੇ ਦੇ ਲੋਕ ਹੁਣ ਪਤਾ ਨਹੀਂ ਕਿਥੇ ਕਿਥੇ ਜਾ ਕੇ ਵਸ ਰਹੇ ਨੇ।

ਮੈਂ ਭਾਰਤੀ ਸੰਸਕ੍ਰਿਤੀ ਵਿਚ 'ਵੱਢ ਟੁੱਕ' ਨੂੰ 'ਮਹਾਭਾਰਤ' ਦੇ ਸਮੇਂ ਤੋਂ ਦੇਖਦਾ ਹਾਂ। ਜੀਹਦਾ ਸਿਰਫ ਇਕ ਪਾਤਰ 'ਅਸ਼ਵਸਥਾਮਾ' ਹੁਣ ਵੀ ਜਿਉਂਦਾ ਫਿਰਦਾ ਏ। ਉਹਨੂੰ ਅਮਰ ਹੋਣ ਦਾ ਵਰ ਪ੍ਰਾਪਤ ਸੀ। ਦਾਰਸ਼ਨਿਕ ਭਗਵਾਨ ਕ੍ਰਿਸ਼ਣ ਉਹਨੂੰ ਮਾਰ ਤਾਂ ਨਾ ਸਕੇ, ਪਰ ਆਪਣੇ ਤੀਰ ਨਾਲ ਉਹਦੇ ਮੱਥੇ ਵਿਚੋਂ 'ਮਣੀ' ਕੱਢ ਲਈ ਸੀ। ਅਸ਼ਵਸਥਾਮਾ ਹੁਣ ਵੀ ਉਰੇ ਪਰੇ ਫਿਰਦਾ ਏ। ਉਹਦੇ ਮੱਥੇ ਦਾ ਜ਼ਖਮ ਹਾਲੇ ਵੀ ਹਰਾ ਏ। ਤੇ ਉਹਦੇ ਹੱਥ ਵਿਚ ਇਕ ਠੂਠਾ ਏ। ਜੀਹਦੇ ਵਿਚ ਮਲ੍ਹਮ ਏ। ਉਹਨੂੰ ਜਦ ਵੀ ਜ਼ਖਮ 'ਚ ਚੀਸ ਪੈਂਦੀ ਏ ਤਾਂ ਮਲ੍ਹਮ ਦਾ ਟੇਪਾ ਉਹਦੇ ਉੱਤੇ ਲਾ ਲੈਂਦਾ ਏ।

ਇਹ ਇਕ ਆਦਿ ਕਾਲ ਦੀ ਚਲੰਤ ਕਥਾ ਏ, ਜਿਹੜੀ ਨਿਰੰਤਰ ਚੱਲਦੀ ਰਹਿੰਦੀ ਏ। ਏਸ ਬਿਰਤਾਂਤ ਨੂੰ ਮੈਂ ਆਪਣੀ ਢਾਈ ਪੰਨਿਆਂ ਦੀ ਕਹਾਣੀ 'ਕਾਨ੍ਹੀ' ਵਿਚ ਵਰਤਿਆ ਏ। ਜੀਹਨੂੰ ਲਿਖ ਕੇ ਮੈਂ ਨਿਰਾਸ਼ ਹੋ ਕੇ ਸੁੱਟ ਈ ਦਿੱਤਾ ਸੀ। ਪਰ ਸੁਰਜੀਤ ਹਾਂਸ ਨੇ ਉਹਨੂੰ ਸੁਣ ਕੇ ਕਿਹਾ ਸੀ, "ਇਹੀ ਤਾਂ ਇਕ ਕਹਾਣੀ ਐ, ਜਿਹੜੀ ਤੈਂ ਲਿਖੀ ਐ।"

ਉਹ ਜਦ ਦਾਰੂ ਬਹੁਤੀ ਪੀ ਕੇ ਸੱਚ ਬੋਲਦਾ ਏ ਤਾਂ ਮੈਨੂੰ 'ਢਾਈ ਕਹਾਣੀਆਂ ਦਾ ਕਹਾਣੀਕਾਰ' ਕਹਿੰਦਾ ਹੁੰਦਾ ਏ। ਜਿਨ੍ਹਾਂ ਵਿਚ ਇਕ ਪੂਰੀ ਕਹਾਣੀ 'ਕਾਨ੍ਹੀ' ਸ਼ਾਮਲ ਏ। ਮੈਂ ਉਹਤੋਂ ਡਰਦਾ ਮੰਨ ਲੈਂਦਾ ਹਾਂ।

-ਕੋਈ ਲੇਖਕ ਕਦ ਕਹਾਣੀ ਲਿਖਦਾ ਏ ਤੇ ਕਦ ਕੋਈ ਲਿਖਤ ਲੇਖ ਜਾਂ ਚਿੱਠੀ ਜਾਂ ਡਾਇਰੀ ਬਣ ਜਾਂਦੀ ਏ, ਇਹਦੇ ਬਾਰੇ ਉਹ ਆਪ ਵੀ ਫੈਸਲਾ ਮਿਥ ਕੇ ਨਹੀਂ ਕਰ ਸਕਦਾ। ਸ਼ਾਇਦ ਬਹੁਤ ਸਾਰੇ ਕਰ ਲੈਂਦੇ ਹੋਣ। ਇਹ ਉਹਨਾਂ ਦੀ ਪ੍ਰਤਿਭਾ ਹੋ ਸਕਦੀ ਏ। ਮੈਂ ਤਾਂ ਨਹੀਂ ਕਰ ਸਕਦਾ। ਮੈਂ ਤਾਂ ਇਹ ਕਹਿਣ ਲਈ ਵੀ ਬਦਨਾਮ ਹਾਂ ਕਿ "ਕਹਾਣੀ ਮੈਂ ਆਪ ਨਹੀਂ ਲਿਖਦਾ, ਇਹ ਮੈਥੋਂ ਲਿਖ ਹੋ ਜਾਂਦੀ ਏ। ਜਿਵੇਂ ਕੋਈ ਧੱਕੇ ਨਾਲ ਮੈਥੋਂ ਲਿਖਵਾ ਲੈਂਦਾ ਏ। ਬਹੁਤ ਸਾਰੇ ਲੇਖਕ ਮਿਥ ਕੇ ਹਰ ਸਾਲ ਇਕ ਨਾਵਲ ਲਿਖ ਲੈਂਦੇ ਨੇ। ਉਹ ਲਿਖ ਸਕਦੇ ਨੇ, ਪਰ ਮੈਂ ਨਹੀਂ ਲਿਖ ਸਕਦਾ। ਇਹ ਲਿਖਣਾ ਜਾਂ ਕੁਝ ਰਚਣਾ ਮੇਰੇ

ਵੱਸ ਦੀ ਗੱਲ ਤਾਂ ਨਹੀਂ। ਹੁਣ ਜਦ ਮੈਂ ਆਪਣੀਆਂ ਪੁਰਾਣੀਆਂ ਕਹਾਣੀਆਂ ਪੜ੍ਹਦਾ ਹਾਂ ਤਾਂ ਆਪਣੇ ਰਚੇ ਪਾਤਰਾਂ ਬਾਰੇ ਪੜ੍ਹਦਾ ਭਾਵੁਕ ਹੋ ਕੇ ਰੋ ਪੈਂਦਾ ਹਾਂ। ਫੇਰ ਸੋਚਦਾ ਹਾਂ ਕਿ ਇਹ ਕੀਹਣੇ ਰਚੀ ਸੀ ਕਹਾਣੀ? ਹੁਣ ਮੈਨੂੰ ਉਹ ਲੇਖਕ ਭੁੱਲ ਹੀ ਗਿਆ ਏ।

**ਕੁਝ ਦਲਜੀਤ ਮੋਖਾ ਬਾਰੇ** : ਜਲੰਧਰ ਦੇ ਹਰਦਿਆਲ ਨਗਰ 'ਚ ਦਲਜੀਤ ਮੋਖੇ ਦਾ ਛੋਟਾ ਜਿਹਾ ਪਿਆਰਾ ਘਰ ਪ੍ਰੇਮ ਸਿੰਘ ਚੱਠਾ ਦੇ ਬਹੁਤ ਵੱਡੇ ਘਰ ਦੇ ਸਾਹਮਣੇ ਸੀ। ਪ੍ਰੇਮ ਸਿੰਘ ਚੱਠਾ ਮੇਰੇ ਦੋਸਤ ਕਾਮਰੇਡ ਹਰਦਿਆਲ ਦਾ ਛੋਟਾ ਭਾਈ ਸੀ। ਏਸੇ ਕਰ ਕੇ ਉਹ ਸਾਰੇ ਭਾਈ ਮੇਰੇ ਦੋਸਤ ਸਨ। ਮੈਨੂੰ ਮੋਖੇ ਦਾ ਨਿੱਕਾ ਜਿਹਾ ਸਜਿਆ ਹੋਇਆ ਘਰ ਬਹੁਤ ਸੋਹਣਾ ਲੱਗਦਾ ਸੀ। ਉਥੇ ਬਹਿਣਾ ਚੰਗਾ ਲੱਗਦਾ ਸੀ। ਮੋਖੇ ਨੂੰ ਸਾਹਿਤ ਬਾਰੇ ਗੱਲਾਂ ਕਰਨ ਦੀ ਭੁੱਖ ਜਿਹੀ ਪਈ ਰਹਿੰਦੀ ਸੀ। ਉਹਨੂੰ ਰੋਕਣ ਲਈ ਮੈਂ ਗੱਲ ਬਦਲ ਦੇਂਦਾ ਸੀ। ਜਾਂ ਜੇ ਕਦੇ ਉਹਦੀ ਪਤਨੀ ਉਹਨੂੰ ਓਹਲੇ 'ਚ ਘੂਰ ਦੇਂਦੀ ਸੀ ਤਾਂ ਮੈਂ ਬਹੁਤ ਖੁਸ਼ ਹੁੰਦਾ ਸੀ। ਮੈਂ ਓਸ ਚੰਗੀ ਬੀਬੀ ਨੂੰ ਮਖ਼ੌਲ 'ਚ 'ਹੈਂਟਰ ਵਾਲੀ' ਕਹਿ ਕੇ ਮੋਖੇ ਨੂੰ ਡਰਾਉਂਦਾ ਹੁੰਦਾ ਸੀ।

ਮੋਖੇ ਨੂੰ ਸਭ ਤੋਂ ਵੱਡੀ ਖੁਸ਼ੀ ਉਦੋਂ ਹੁੰਦੀ ਸੀ, ਜਦ ਉਹ ਚਿਤਰਕਾਰ ਸੁਰਜੀਤ ਕੌਰ ਦੇ ਸਟੂਡਿਓ 'ਚ ਕਈ ਸਾਹਿਤਕਾਰਾਂ 'ਚ ਬਹਿ ਕੇ ਆਪਣੀ ਕਵਿਤਾ ਸੁਣਾਉਂਦਾ ਸੀ ਜਾਂ ਕਾਮਰੇਡ ਬਣ ਕੇ ਇਨਕਲਾਬ ਦੀਆਂ ਗੱਲ ਕਰਦਾ ਸੀ। ਓਸ ਥਾਂ 'ਤੇ ਜਲੰਧਰ ਤਾਂ ਕੀ ਪੰਜਾਬ ਦੇ ਸਾਰੇ ਕਲਾਕਾਰ ਆਉਂਦੇ ਰਹਿੰਦੇ ਸਨ। ਕਦੇ ਅੰਬਰੀਸ਼ ਆਉਂਦਾ ਤਾਂ ਜਸਵੰਤ ਦੀਦ ਉਹਨੂੰ ਲੈ ਕੇ ਆ ਜਾਂਦਾ। ਦੀਦ ਦਾ ਘਰ ਸੁਰਜੀਤ ਕੌਰ ਦੇ ਘਰ ਦੇ ਸਾਹਮਣੇ ਸੀ। ਮੈਂ ਤਾਂ ਆਓਣਾ ਈ ਹੁੰਦਾ ਸੀ। ਦੂਜੇ ਸ਼ਾਇਰਾਂ ਨੂੰ ਦਾਦ ਮਿਲਦੀ ਤਾਂ ਮੋਖਾ ਵੀ ਹੁਸ਼ਿਆਰੀ ਫੜ ਲੈਂਦਾ। ਅਸੀਂ ਉਹਨੂੰ ਵੀ ਕਿਸੇ ਗੱਲ 'ਤੇ ਦਾਦ ਦੇਂਦੇ, ਜਿਵੇਂ ਇਹ ਰਸਮ ਈ ਹੁੰਦੀ ਏ।

ਉਦੋਂ ਮੋਖਾ ਪੰਜਾਬ ਐਂਡ ਸਿੰਧ ਬੈਂਕ, ਓਵਰਸੀਜ਼ 'ਚ ਅਫਸਰ ਸੀ। ਉਹ ਬੈਂਕ ਬਾਬੂਆਂ ਤੋਂ ਤੰਗ ਸੀ। ਸਾਡੇ ਕੋਲ ਆ ਕੇ ਖਿੜਦਾ ਸੀ ਤਾਂ ਮੈਂ ਉਹਦੀਆ ਸਧਾਰਣ ਜਿਹੀਆਂ ਤੇ ਮਾਸੂਮ ਗੱਲਾਂ ਤੋਂ ਤੰਗ ਹੋ ਜਾਂਦਾ ਸੀ। ਫੇਰ ਵੀ ਮੁਸਕਰਾਂਉਂਦਾ ਸੀ। ਉਹ ਆਪਦੀ ਕਵਿਤਾ ਸੁਣਾਉਂਦਾ, ਅਸੀਂ ਜਰ ਲੈਂਦੇ। ਕੀ ਕਰਦੇ ਉਹ ਦੋਸਤ ਈ ਬਹੁਤ ਪਿਆਰਾ ਲੱਗਦਾ ਸੀ।

ਇਕ ਵਾਰ ਮੋਖੇ ਨੂੰ ਆਪਣੀ ਕਿਤਾਬ ਛਪਵਾਓਣ ਦਾ ਝੱਲ ਚੜ੍ਹ ਗਿਆ। ਉਹਨੇ ਸਾਨੂੰ ਕਹਿ ਕੇ ਸੁਨਣ ਦੀ ਦਾਅਵਤ ਦਿੱਤੀ। ਮੈਂ, ਸੁਰਜੀਤ ਕੌਰ ਤੇ ਜਸਵੰਤ ਦੀਦ ਆ ਬੈਠੇ। ਮੋਖਾ ਕਵਿਤਾਵਾਂ ਸੁਣਾਉਂਦਾ ਗਿਆ। ਅਸੀਂ ਚੁੱਪ। ਕਦੇ ਕੋਈ 'ਹਾਂ' ਜਾਂ 'ਠੀਕ' ਕਹਿ ਛੱਡਦਾ। ਜਦ ਉਹਦਾ ਮਸਾਲਾ ਮੁੱਕ ਗਿਆ ਤਾਂ ਉਹਨੇ ਬੜੇ ਜੋਸ਼ ਨਾਲ ਕਿਹਾ, "ਮੈਂ ਰਸਮੀ ਗੱਲਾਂ ਨਹੀਂ ਸੁਣਨੀਆਂ ਚਾਹੁੰਦਾ। ਚੰਗੀਆਂ ਲੱਗੀਆਂ ਤਾਂ ਦੱਸੋ ਕਿ ਕਿਉਂ ਲੱਗੀਆਂ। ਮਾੜੀਆਂ ਲੱਗੀਆਂ ਤਾਂ ਦੱਸੋ। ਮੈਂ ਤੁਹਾਡੀਆਂ ਸੱਚੀਆਂ ਰਾਵਾਂ ਸੁਣਨੀਆਂ ਚਾਹੁੰਦਾ ਹਾਂ।... ਨਹੀਂ ਤਾਂ ਦੱਸੋ ਕਿ ਇਹ ਕਵਿਤਾਵਾਂ ਹਨ ਜਾਂ ਨਹੀਂ?... ਮੈਂ ਤੁਹਾਡੀ ਇਮਾਨਦਾਰੀ ਦੇਖਣਾ ਚਾਹੁੰਦਾ ਹਾਂ।"

ਮੈਂ ਇਮਾਨਦਾਰੀ ਨਾਲ ਕਹਿ ਦਿੱਤਾ, "ਇਹ ਨਜ਼ਮਾਂ ਈ ਨਹੀਂ। ਐਵੇਂ ਗੱਲਾਂ ਨੇ, ਛੋਟੀਆਂ ਵੱਡੀਆਂ ਸਤਰਾਂ 'ਚ ਲਿਖੀਆਂ ਗਈਆਂ ਨੇ। ਨਜ਼ਮ ਦੇ ਵੀ ਕੁਝ ਤਕਾਜ਼ੇ ਹੁੰਦੇ ਨੇ। ਕੁਝ ਖ਼ੂਬੀਆ ...।"

"ਤਾਂ ਫੇਰ ਮੈਂ ਇਹਨਾਂ ਨੂੰ ਪਾੜ ਦਿਆਂ?"

"ਹਾਂ, ਪਾੜ ਦੇਣ ਵਾਲੀਆਂ ਈ ਨੇਂ ਇਹ।" ਸੁਰਜੀਤ ਕੌਰ ਨੇ ਕਿਹਾ ਸੀ।

ਉਹਨੇ ਇਕ ਵਾਰ ਫੇਰ ਪੁੱਛਿਆ ਤਾਂ ਦੀਦ ਨੇ ਵੀ ਪਾੜਨ ਦੀ ਸਲਾਹ ਦੇ ਦਿੱਤੀ।

ਫੇਰ ਉਹਨੇ ਸਾਨੂੰ ਕੋਈ ਨਜ਼ਮ ਨਾ ਸੁਣਾਈ। ਕੁਝ ਸਮੇਂ ਬਾਅਦ ਉਹ ਅਮਰੀਕਾ ਨੂੰ ਚਲਿਆ ਗਿਆ। ਅਸੀਂ ਗੱਲਾਂ ਕਰਦੇ ਕਿ ਯਾਰ ਆਪਾਂ ਕਿੰਨੀ ਬੇਰਹਿਮੀ ਨਾਲ ਉੱਠਦਾ ਸ਼ਾਇਰ ਮਾਰ ਦਿੱਤਾ। ਕਿਤੇ ਇਹ ਮਾੜਾ ਕੰਮ ਤਾਂ ਨਹੀਂ ਹੋਇਆ? ਫੇਰ ਹੱਸਦੇ ਕਿ ਚਲੋ, ਇਹਦੇ ਨਾਲ ਬਥੇਰੇ ਪਾਠਕਾਂ ਦਾ ਭਲਾ ਵੀ ਤਾਂ ਹੋਵੇਗਾ। ... ਫੇਰ ਮੋਖਾ ਵਲੈਤੋਂ ਮੁੜਿਆ ਤਾਂ ਪਤਾ ਲੱਗਾ ਕਿ ਉਹ ਹਾਲੇ ਕਵਿਤਾ ਲਿਖ ਰਿਹਾ ਏ। ਤਦ ਮੇਰੇ ਮਨ 'ਚੋਂ ਇਹ ਪਾਪ ਜਿਹੇ ਦਾ ਅਹਿਸਾਸ ਖਤਮ ਹੋਇਆ।

ਹੁਣ ਜਦ ਉਹ ਏਨਾ ਖੂਬਸੂਰਤ ਤੇ ਪਿਆਰਾ ਦੋਸਤ ਏਡੀ ਛੇਤੀ ਤੇ ਅਚਾਨਕ ਏਸ ਜਹਾਨੋਂ ਚਲਿਆ ਗਿਆ ਏ ਤਾਂ ਮੈਨੂੰਆਪਣੇ ਮਨ 'ਤੇ ਬੋਝ ਪੈ ਗਿਆ ਮਹਿਸੂਸ ਹੁੰਦਾ ਏ। ਮੈਨੂੰ ਯਾਦ ਆਉਂਦਾ ਏ ਕਿ ਉਹ ਕਿੰਨਾ ਪਿਆਰਾ, ਖੁਸ਼ ਰਹਿਣਾ ਤੇ ਦੋਸਤੀ ਪਾਲਣ ਵਾਲਾ ਸੀ। ਮੈਨੂੰ ਉਹਦੀ ਪਤਨੀ ਤੇ ਬੇਟੀਆਂ ਯਾਦ ਆਉਂਦੀਆਂ ਨੇ। ਸੋਚਦਾ ਹਾ ਕਿ ਪਤਾ ਨਹੀਂ ਉਹ ਕਿਹੜੇ ਰੰਗਾਂ 'ਚ ਹੋਣਗੀਆਂ!

## ਪ੍ਰਤੀਕਰਮ

# ਕਵਿਤਾ ਦੀ ਅਰਦਾਸ

## ਸੁਖਦੇਵ ਸਿੱਧੂ

ਕਨੇਡੇ ਵਸਦੇ ਰੋਡੇ ਬੰਧੂਆਂ –ਅਜਮੇਰੇ ਰੋਡੇ ਤੇ ਨਵਤੇਜ ਭਾਰਤੀ– ਦਾ ਪੰਜਾਬੀ ਸਾਹਿਤ ਚ ਨਾਂ ਹੈ। ਭਾਈਆਂ ਚੋਂ ਛੋਟਾ ਭਰਾ, ਅਜਮੇਰ ਕਿੱਤੇ ਵਜੋਂ ਇੰਜੀਨੀਅਰ ਹੈ। ਪੰਜਾਬੀ ਚ ਕਵਿਤਾ ਸਿਰਜਦਾ ਹੈ, ਵਾਰਤਕ ਤੇ ਨਾਟਕ ਵੀ। ਤਰਜ਼ਮੇ ਵੀ ਕਰਦਾ ਤੇ ਅੰਗਰੇਜ਼ੀ ਚ ਵੀ ਲਿਖਦਾ ਹੈ। ਵੱਡੇ ਨਾਮਣੇ ਵਾਲ਼ਾ ਲੇਖਾਰੀ ਹੈ। ਅਨੇਕਾਂ ਕਿਤਾਬਾਂ ਦੇ ਰਚੈਤਾ ਨੇ ਵੀਹ ਸਾਲ ਪਹਿਲਾਂ ਕਵਿਤਾ ਦੀ ਕਿਤਾਬ ਛਪਾਈ ਸੀ –ਸ਼ੁਭਚਿੰਤਨ। ਏਸੇ ਨਾਂ ਦੀ ਕਵਿਤਾ, ਕਿਤਾਬ ਦਾ ਧੁਰਾ ਹੈ। ਬਾਕੀ ਕਵਿਤਾਵਾਂ ਵੀ ਇਹਦੀਆਂ ਪੂਰਕ ਜਾਂ ਸਮ–ਅਰਥੀ ਹੀ ਜਾਣੋ। ਸਮੇਂ ਦਾ ਗੇੜ ਹੁੰਦਾ ਜਾਂ ਸਮੇਂ ਦਾ ਜ਼ੋਰ; ਕੁਝ ਕਿਰਤਾਂ ਨਿਆਰੀਆਂ ਹੁੰਦੀਆਂ ਹਨ ਤੇ ਕੁਝ ਜੱਗੋਂ ਬਾਹਰੀਆਂ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹ ਕਿਤਾਬ ਵੀ ਅਣਗੌਲ਼ੀ ਰਹਿ ਗਈ। ਵਜ੍ਹਾ ਵੱਲ ਤਾਂ ਕੀ ਹੁਣ ਜਾਣਾ ਹੋਇਆ! ਉਸ ਵੇਲੇ ਦੀ ਸਾੜ੍ਹਸਤੀ ਨੂੰ ਸੱਭ ਜੱਗ ਜਾਣਦਾ ਹੈ। ਇਹ ਕਵਿਤਾ ਸਰਬੱਤ ਦੇ ਭਲੇ ਹਿੱਤ ਕੀਤੀ ਅਰਦਾਸ ਹੈ। ਇਹਦਾ ਅਸਰ ਚਿਰਸਥਾਈ ਹੈ। ਦਿਲੋਂ ਭਲੇ ਦੀ ਚਾਹਨਾ ਦਾ ਅਸਰ ਲੰਮੇਰਾ ਹੀ ਹੁੰਦਾ ਹੈ। ਏਸੇ ਆਸ ਨਾਲ਼ ਅਜਮੇਰ ਸ਼ੁਭਚਿੰਤਨ ਨੂੰ 'ਆਇਆ ਕਿ ਆਇਆ' ਜਾਣਦਾ ਹੈ। ਅੰਦਰੋਂ ਭਲਾ ਚਾਹੁਣ ਵਾਲ਼ਾ ਹੋਰ ਕੁਝ ਕਰ ਹੀ ਨਹੀਂ ਸਕਦਾ ਹੁੰਦਾ।

ਪਿਆਰੇ ਸ਼ੁਭਚਿੰਤਨ / ਜੀ ਆਇਆਂ ਨੂੰ ਲੰਘ ਆਓ
ਧਰਮ ਕਰਮ ਤੋਂ ਦੀਵਾ ਬੁਝਿਆ / ਜਗਦੇ ਅੱਖਰ ਪਾਵੋ

ਇਹ ਸਮੁੱਚ ਦੀ ਸੁੱਖ ਸ਼ਾਂਤੀ ਲਈ ਕੀਤੀ ਅਰਦਾਸ ਦਾ ਸ੍ਰੀ ਗਣੇਸ਼ ਹੈ। ਚਿੰਤਾਗਿਰੀ ਕਰਦੀ ਕਿਸੇ ਸ਼ੁਭਚਿੰਤਕ ਦੀ ਅਰਜ ਬੇਨਤੀ ਹੈ। ਅਨੇਕਾਂ ਹੋਰਾਂ ਵਾਂਗ ਅਜਮੇਰ ਇਹ ਅਰਦਾਸ ਅੰਦਰੇ ਅੰਦਰ ਬਹੁਤ ਚਿਰਾਂ ਤੋਂ ਕਰਦਾ ਰਿਹਾ ਹੋਣਾ। ਪਿਛਲੇ 20 ਸਾਲ ਤੋਂ ਚੁਪ ਚਾਪ ਹੁੰਦੀ ਆ ਰਹੀ ਹੈ। ਅਜਮੇਰ ਨੇ ਹੁਣ ਦੁਬਾਰਾ ਇਹ ਕਿਤਾਬ ਛਪਾ ਕੇ ਪੰਜਾਬੀ ਪਿਆਰਿਆਂ ਅੱਗੇ ਪਰੋਸੀ ਹੈ। ਇਹ ਕਵਿਤਾ ਪਿਛਲੇ ਤੀਹ–ਪੈਂਤੀ ਵਰ੍ਹਿਆਂ ਦੀ ਨਬਜ਼ ਫੜੀ ਬੈਠੀ ਹੈ – ਜਦੋਂ ਬੰਦੇ ਦੀ ਜਾਨ ਦੀ ਓੜਕਾਂ ਦੀ ਬੇਕਦਰੀ ਹੋਈ ਸੀ। ਘੋਰ ਦੁਖਾਂਤ ਦੇ ਸਮੇਂ ਬਾਰੇ ਪੰਜਾਬੀ ਚ ਐਸੀਆਂ ਕਵਿਤਾਵਾਂ ਕਿੰਨੀਆਂ ਕੁ ਹਨ! ਇਹ ਕਵਿਤਾ ਐਸ ਗੱਲ ਦਾ ਸਬੂਤ ਵੀ ਹੈ, ਕਲਮ ਚੁੱਪ ਨਹੀਂ ਰਹਿੰਦੀ ਤੇ ਇਹਦਾ ਅਸਰ ਜ਼ੁਲਮ ਜ਼ਬਰ ਨਾਲ਼ੋਂ ਲੰਮੇਰਾ ਹੁੰਦਾ ਹੈ। ਇਹ ਸਰਬੱਤ ਪੰਜਾਬੀ ਲੋਕਾਈ ਦੇ ਭਲੇ ਹਿਤ ਕੀਤੀ ਅਰਦਾਸ ਹੈ। ਕੋਈ ਵਿਖਾਵਾ ਨਹੀਂ; ਕੋਈ ਜੁਗਤ ਜੁਗਾੜ ਨਹੀਂ। ਤਾਂ ਫਿਰ ਇਹ ਸਾਡੇ ਮੁਆਸ਼ਰੇ ਦਾ ਸ਼ੀਸ਼ਾ ਨਹੀਂ ਕਿ ਇਸ ਅਰਦਾਸ ਨੂੰ ਪੰਜਾਬੀ ਵਿਦਵਾਨ–ਅਲੋਚਕਾਂ ਨੇ ਵੀ ਅਣਗੌਲ਼ ਦਿੱਤਾ। ਕਿਓਂ? ਓਹੀ ਬਿਹਤਰ ਜਾਣਦੇ ਹੋਣਗੇ; ਓਹੀ ਦੱਸਣ। ਅਪਣੇ ਕਹਿੰਦੇ ਦਾਲ਼ ਚੋਂ ਦਾਣਾ ਪਰਖੀਦਾ ਹੈ; ਐਸੇ ਰੁਤਬੇ ਦੀ ਕਵਿਤਾ ਦੀ ਪੈਰਵੀ ਨਾ ਕਰਨਾ ਪੰਜਾਬੀਆਂ ਦੀ ਕਿਸ ਸਾਹਿਤਕ ਬਿਰਤੀ ਵੱਲ ਇਸ਼ਾਰੇ ਦਾ ਭੇਤ ਲੱਭਦਾ ਹੈ! ਜੇ ਇਹ ਮਿੱਥ ਕੇ ਨਾ ਵੀ ਹੋਇਆ ਹੋਵੇ, ਚੁੱਪ ਵੀ ਮੁਜ਼ਰਿਮਾਨਾ ਹੀ ਹੁੰਦੀ ਹੈ, ਕਿ ਨਹੀਂ! ਫਰਾਂਸ ਦਾ ਕਨੂੰਨ ਹੈ ਕਿ ਕਿਸੇ ਹਾਦਸੇ ਚ ਮਰਦਿਆਂ ਨੂੰ ਅਣਗੌਲ ਕੇ, ਅੱਖ ਵਲ਼ਾ ਕੇ ਲੰਘ ਜਾਣਾ, ਵੀ ਸਜ਼ਾ ਦਾ ਭਾਗੀ ਬਣਦਾ ਹੈ। ਅਜਮੇਰ ਵੀ ਅਵੇਸਲਾ ਹੋ ਗਿਆ ਹੋ ਸਕਦਾ ਹੈ ਕਿ ਇਸ ਨੇ 'ਢੋਲ ਵਜਾ ਵਜਾ' ਕੇ 'ਸ਼ੁਭਚਿੰਤਨ' ਦੀ ਗੱਲ ਨਾ ਧੁਮਾਈ ਹੋਵੇ। ਸਾਡੀ–ਤੁਹਾਡੀ ਵੀ ਤਾਂ ਕੋਈ ਜ਼ਿੰਮੇਵਾਰੀ ਹੈ!

ਜ਼ੋਰਾਵਰਾਂ ਦਾ ਸੱਤੀਂ ਵੀਹੀਂ ਓਂ ਹੀ ਸੌ ਹੁੰਦਾ ਹੈ ਤੇ ਜੇ ਸਮੇਂ ਧਾੜਵੀ ਹੋਣ ਫੇਰ ਕੀ ਹੋਊ! ਉਨ੍ਹਾਂ ਦੀ ਹਾਂ ਚ ਹੀ, ਹਾਂ ਹੁੰਦੀ ਹੈ; ਪਰ ਐਸਾ ਧੱਕਾ ਸਦਾ ਬਹਾਰ ਨਹੀਂ ਹੁੰਦਾ। ਫਿਰਕਿਆਂ ਦਾ ਫਾਸ਼ੀ ਝੁਕਾਅ ਵੀ ਬਾਹਰ ਨਿਕਲ਼ ਆਉਂਦਾ ਹੈ। ਜਦੋਂ ਆਪਸੀ ਪਿਆਰ ਦੀ ਅਣਹੋਂਦ ਲੱਗੇ, ਭਾਈਚਾਰਕ ਸਾਂਝ ਦੀ ਹੋਂਦ ਨੂੰ ਖ਼ਤਰਾ ਪੈਦਾ ਹੋ ਜਾਵੇ ਤਾਂ ਐਸੇ ਸਮਿਆਂ ਚ ਸ਼ਬਦ–ਕਿਰਤੀਆਂ, ਕਲਮ ਦੇ ਧਨੀਆਂ, ਚਿੰਤਕਾਂ ਦਾ ਜੀਆ ਘਾਤ ਹੋਇਆ; ਪਹਿਲਾਂ ਵੀ ਹੁੰਦਾ ਆਇਆ ਹੈ। ਉੱਤੋਂ ਸਰਕਾਰੀ ਦਮਨ। ਪਰ ਸਮੇਂ ਨੇ ਕਰਵਟ ਲੈ ਲੈਣੀ ਹੁੰਦੀ ਹੈ। ਸਾਡੇ ਲੋਕ ਵਿਰਸੇ ਚ ਵੀ ਦਿਨ ਬਦਲਣ ਦੇ ਇਸ਼ਾਰੇ ਹਨ। ਇਹ ਕਵਿਤਾ ਅਰਦਾਸ ਦੇ ਰੂਪ ਚ ਫਿਰਕੂ ਤੇ ਬਲਵੱਈ ਸਮਿਆਂ ਨੂੰ ਵੰਗਾਰ ਵੀ ਹੈ। ਕਿਸੇ ਸੰਭਾਵੀ ਖ਼ਤਰੇ ਤੋਂ ਡਰਕੇ ਤਾਂ ਬੰਦਾ ਘਰ ਨੂੰ ਭੱਜਦਾ ਹੈ। ਜਦੋਂ ਘਰ ਅੰਦਰ ਹੀ ਡਰ–ਸਹਿਮ ਦਾ ਆਲਮ ਹੋਵੇ ਤਾਂ ਮੱਕਿਓਂ ਪਰ੍ਹੇ ਕੀ ਹੋਣਾ ਹੈ! ਐਸੇ ਵੇਲ਼ੇ ਸ਼ਾਇਰ ਅਜਮੇਰ ਭਲੇ ਦੀ ਪ੍ਰਾਰਥਨਾ ਕਰਦਾ ਹੈ। ਅੰਦਰਲੇ ਮਨ ਦੀ ਬੇਗ਼ਾਨਗੀ ਦੇ ਆਲਮ ਤੋਂ ਪਰ੍ਹੇ ਕੀ ਹੋਣਾ?

ਹਰ ਅਸਥਾਨ ਓਪਰਾ ਹੋਇਆ / ਆਪਣੇ ਘਰ ਤੋਂ ਡਰੀਏ

ਆਪਣੇ ਘਰ ਤੋਂ ਡਰੀਏ / ਦਿਲ ਤੇ ਨੰਗੀ ਲੋਥ ਉਠਾਈ / ਚੁਪ-ਚੁਪੀਤੇ ਤੁਰੀਏ

ਇਸ ਸਹਿਮ ਦੀ ਹੱਦ ਉਦੋਂ ਹੁੰਦੀ ਹੈ ਜਦ ਇਨਸਾਨ ਨਾਲ਼ ਦੇ ਜਣੇ ਤੇ ਭਰੋਸਾ ਖੋਹ ਬਹਿੰਦਾ ਹੈ – ਸੱਜਣਾ ਬੇਲੀਆਂ ਤੋਂ ਤ੍ਰਹਿਣ ਲੱਗ ਪੈਂਦਾ ਹੈ। ਅਪਣੇ ਆਪ ਤੋਂ ਡਰਨ ਲੱਗ ਪਏ। ਸਕਿਆਂ-ਸੁੰਧਰਿਆਂ ਤੇ ਵੀ ਸ਼ੱਕ ਹੋ ਜਾਵੇ ਤਾਂ ਮਨ ਚ ਭੈਅ ਬਹਿਣ ਲੱਗਦਾ ਹੈ। ਇੱਜ਼ਤ ਮਾਣ ਖੁੱਸ ਜਾਣ ਦਾ ਡਰ ਵਸਿਆ ਰਹਿੰਦਾ ਹੈ। ਇਸ ਡਰ ਦੀ ਹੱਦ ਉਦੋਂ ਹੁੰਦੀ ਹੈ ਜਦ ਬੰਦਾ ਅਪਣੇ ਵਜੂਦ ਅੰਦਰ ਵੀ ਸੁਬ੍ਹਕ ਕੇ ਬਵ੍ਹੇ। ਅਪਣੇ ਪੁਰਖਿਆਂ ਦੀ ਪਲੀ ਪਲੀ ਕਰਕੇ ਜੋੜੀ, ਭਾਈਚਾਰਕ ਸਾਂਝ, ਭਰੋਸੇ ਤੇ ਮਾਣ ਸਤਿਕਾਰ ਨੂੰ ਸਮੇਂ ਨੇ ਕੁੱਪਿਆਂ ਨਾਲ਼ ਰੋੜ੍ਹਿਆ ਹੈ। ਪਰ ਕਵੀ ਮਨ ਦੀ ਮਨਸ਼ਾ ਤਾਂ ਭਲੇ ਦੀ ਹੋਣੀ ਹੁੰਦੀ ਹੈ। ਭਲਾ ਹੀ ਲੋੜਦਾ ਹੈ। ਏਸੇ ਕਰਕੇ ਅਜਮੇਰ ’ਕੱਲੇ ਚਿੰਤਨ ਦੀ ਨਹੀਂ ਸ਼ੁਭਚਿੰਤਨ ਦੀ ਆਸ ਦੀ ਜੋਤ ਜਗਾਉਂਦਾ ਚਲਿਆ ਜਾਂਦਾ ਹੈ। ਓਹ ਅਰਦਾਸ ਹੀ ਕੀ ਹੋਈ ਜੋ ਸਰਬੱਤ ਦੇ ਭਲੇ ਦੀ ਨਾ ਹੋਵੇ!

ਪਿਆਰੇ ਸ਼ੁਭਚਿੰਤਨ / ਜੀ ਆਇਆ ਨੀ ਲੰਘ ਆਵੋ

ਥਾਂ ਥਾਂ ਪੁਸ਼ਪ ਜਿਹੇ ਖਿੜ ਜਾਵਣ ਇਉਂ ਦੇਸ ਪੰਜਾਬ ਤੇ ਛਾਵੋ।

ਅਤੇ

ਪਸਲੀਆਂ ਦੇ ਵਲਗਣ ਅੰਦਰ ਬਹੁਤ ਘੁਟਣ ਹੈ / ਖੁੱਲ੍ਹ ਕੇ ਸਾਹ ਕਿੰਜ ਲਈਏ।

ਕਦੇ ਉਦਾਸੇ ਕਦੇ ਕ੍ਰੋਧੀ ਬੁੱਲੇ / ਨੈਣਾਂ ਪ੍ਰਾਣਾਂ ਵਿਚੋਂ ਬਾਹਰ ਆਉਂਦੇ

ਪਰਮ ਪਿਆਰੇ ਅਪਣੇ ਬਣ ਬਣ ਦਿਸਦੇ / ਰੱਸੀਆਂ ਦੇ ਸੱਪ ਬਣ ਬਣ ਤੁਰਦੇ

ਸਾਡੇ ਪੁਰਖਿਆਂ / ਪਲੀ ਪਲੀ ਵਿਸ਼ਵਾਸ ਜੋੜਿਆ

ਅਸੀਂ ਨਿਕਦਰਾ ਪਲਾਂ ਛਿਣਾਂ ਵਿਚ / ਉਲਟੇ ਘੜਿਆਂ ਵਾਂਗ ਰੋੜ੍ਹਿਆ।

ਐਸੇ ਹਿੱਕ-ਧੱਕੇ, ਸਾੜ੍ਹ ਸਤੀ ਤੇ ਮਾਰਧਾੜੀ ਸਮਿਆਂ ਦੇ ਸਹਿਮ ਦੇ ਸਮਿਆਂ ਚ ਇਹ ਕਵਿਤਾ ਭਲੇ ਦੀ ਇੱਛਾ-ਜਾਚਨਾ ਹੈ। ਸੱਭ ਤੋਂ ਸਹਿਜ ਵੇਲਾ ਉਹੀ ਹੈ ਜਦੋਂ ਆਲ਼ਾ- ਦੁਆਲ਼ਾ ਮਹਿਫ਼ੂਜ਼ ਹੁੰਦਾ ਹੈ; ਸੱਭ ਤੋਂ ਨੇੜਲਾ ਤੇ ਸੁਰੱਖਿਅਤ ਬੰਦੇ ਦਾ ਅੰਦਰ ਹੁੰਦਾ ਹੈ; ਕਵੀ ਅਜਮੇਰ ਇਹਨੂੰ ਪਸਲ਼ੀਆਂ ਦਾ ਅੰਦਰ ਕਹਿੰਦਾ ਹੈ। ਕਵਿਤਾ ਚ ਐਸੈ ਸਹਿਜ ਬਿੰਬ ਦੁਰਲਭ ਹਨ। ਜਦ ਏਥੇ ਵੀ ਬੰਦੇ ਨੂੰ ਘੁੱਟਣ ਮਹਿਸੂਸ ਹੋਣ ਲੱਗ ਪਏ; ਏਥੋਂ ਵੀ ਆਦਮੀ ਨੂੰ ਡਰ ਆਉਣਾ ਸ਼ੁਰੂ ਹੋ ਜਾਏ ਤਾਂ ਇਹ ਹੱਦ ਹੈ। ਅਪਣੇ ਕਹਿੰਦੇ ਆ: ਮੱਕਿਓਂ ਪਰ੍ਹੇ ਉਜਾੜ। ਐਸੇ ਵੇਲ਼ਿਆਂ ਚ ਅੰਤਰ ਮਨ ਦੀ ਜੋਤ ਜਗਾਉਣਾ ਜ਼ਰੂਰੀ ਹੋ ਜਾਂਦਾ:

ਹਰ ਅਸਥਾਨ ਓਪਰਾ ਹੋਇਆ

ਅਪਣੇ ਘਰ ਤੋਂ ਡਰੀਏ

ਦਿਲ ਤੇ ਨੰਗੀ ਲੋਥ ਉਠਾਈ

ਚੁੱਪ-ਚੁਪੀਤੇ ਤੁਰੀਏ

ਪੱਸਲੀਆਂ ਦੇ ਵੱਲਗਣ ਅੰਦਰ

ਬਹੁਤ ਘੁੱਟਣ ਹੈ

ਖੁਲ੍ਹ ਕੇ ਸਾਹ ਕਿੰਜ ਲਈਏ।

ਇਸ ਅਰਦਾਸ ਚ ਅਜਮੇਰ ਸਭਿਅਤਾ ਦੇ ਭਵਿੱਖ ਦਾ ਫਿਕਰ ਕਰਦਾ ਹੈ; ਗੁਰਾਂ ਦੇ ਆਦਰਸ਼ਾਂ ਵੱਲ ਨੂੰ ਪਿੱਠ ਹੋ ਜਾਣ ਦਾ ਸੰਸਾ ਕਰਦਾ ਹੈ। ਸਸਤੀ ਸ਼ੋਹਰਤ ਲਈ ਕੀਤੀਆਂ ਜੁਗਾੜਬੰਦੀਆਂ ਤੇ ਚੋਟ ਕਰਦਾ ਹੈ। ਪਰਮ ਧਰਮ ਤੋਂ ਉੱਖੜ ਗਏ ਮਨੁੱਖਾਂ ਦੇ ਆਰ ਲਾਉਂਦਾ ਹੈ; ਉਨ੍ਹਾਂ ਦੀ ਕਹਿਣੀ ਕਰਨੀ ਦਾ ਪਾਜ ਦਿਖਾਉਂਦਾ ਹੈ।

ਲੋਹਾ ਲੋਹੇ ਦੇ ਸੰਗ ਕੱਟਦਾ

ਨਫਰਤ ਨਫਰਤ ਨਾਲ ਨਾ ਕਟਦੀ

ਮੁਮਕਿਨ ਹੈ ਔਹ ਬੰਦਾ, ਏ ਕੇ 47 ਵਾਲਾ

ਤੇਰੀ ਕਵਿਤਾ ਸੁਣਨ ਖੁਣੋਂ ਹੀ

ਬਹੁਤ ਕ੍ਰੋਧੀ ਹੋਇਆ ਫਿਰਦਾ

ਖਬਰੇ ਘੂਰ ਕੇ ਦੱਸ ਰਿਹਾ ਹੈ
ਕਵੀਆਂ ਤੂੰ ਤਾਂ ਸਿੱਧੇ ਰਾਹ ਤੇ ਆ

ਏਸ ਪਿੱਠਭੂਮੀ ਚ ਅਜਮੇਰ ਦੀ ਕਿਤਾਬ ਦੀ ਉੱਮਤ ਹੈ। ਦੁਨੀਆਂ ਰੰਗ ਬਰੰਗੀ ਹੈ। ਕੁਝ ਲੋਕ ਜਗਤ ਤਮਾਸ਼ਾ ਸਿਰਫ਼ ਦੇਖਣ ਹੀ ਆਉਂਦੇ ਨੇ; ਵਿਰਲੇ ਕੁਝ ਨਾ ਕੁਝ ਹੀਲਾ ਕਰਨ ਵੀ ਆਉਂਦੇ ਨੇ। ਦੇਰ ਸਵੇਰ ਜੁਅਰੱਤ ਨਾਲ ਕੀਤੀ ਗੱਲ ਦਾਦ ਹੀ ਹਾਸਲ ਕਰਦੀ ਹੈ। ਐਸੀ ਉੱਚਪਾਏ ਦੀ ਕਵਿਤਾ ਪੰਜਾਬੀ ਸ਼ਾਇਰੀ ਦਾ ਹਾਸਿਲ ਹੈ। ਪੰਜਾਬੀ ਸਾਹਿਤ ਦੇ ਧੰਨ ਭਾਗ ਹਨ ਕਿ ਅਜਮੇਰ ਨੇ ਇਹ ਕਿਤਾਬ ਦੁਬਾਰਾ ਛਾਪ ਕੇ ਪੰਜਾਬੀ ਪਿਆਰਿਆਂ ਨੂੰ ਪੇਸ਼ ਕੀਤੀ ਹੈ।

ਪਿਆਰੇ ਸ਼ੁਭਚਿੰਤਨ / ਕੋਈ ਨਿਰਭੈ ਲਾਟ ਜਗਾਓ
ਸਹਿਜੇ ਸਹਿਜੇ ਟਿਕਦੀ ਜਾਂਦੀ / ਉਦਾਸੀਨਤਾ ਰੂਹਾਂ ਚੋਂ ਪਿਘਲਾਓ
ਪਿਆਰੇ ਸ਼ੁਭਚਿੰਤਨ / ਜੀ ਆਇਆਂ ਨੂੰ ਲੰਘ ਆਵੋ
ਥਾਂ ਥਾਂ ਪੁਸ਼ਪ ਜਿਹੇ ਖਿੜ ਜਾਵਣ / ਇਓਂ ਦੇਸ ਪੰਜਾਬ ਤੇ ਛਾਵੋ

## ਪ੍ਰਾਪਤ ਪੁਸਤਕਾਂ

